ਬੁਨਿਆਦਾਂ



ਨਰਿੰਦਰ ਸਿੰਘ ਕਪੂਰ

ਲੇਖਕ ਦੀਆਂ ਕੁਝ ਹੋਰ ਪੁਸਤਕਾਂ :

ਉਦਾਹਰਣ ਸੰਗ੍ਰਹਿ	:	ਖਿੜਕੀਆਂ
ਵਿਚਾਰ ਸੰਗ੍ਰਹਿ	:	ਕੱਲਿਆਂ ਦਾ ਕਾਫ਼ਲਾ
		ਮਾਲਾ ਮਣਕੇ
ਲੇਖ ਸੰਗ੍ਰਹਿ	:	ਦਰ-ਦਰਵਾਜ਼ੇ
		ਡੂੰਘੀਆਂ ਸਿਖਰਾਂ
		ਰਾਹ-ਰਸਤੇ
		ਅੰਤਰ-ਝਾਤ
		ਆਹਮੋ-ਸਾਹਮਣੇ
		ਬੂਹੇ-ਬਾਰੀਆਂ
		ਸੁਖ਼ਨ-ਸੁਨੇਹੇ
		ਵਿਆਖਿਆ-ਵਿਸ਼ਲੇਸ਼ਣ
		ਸੱਚੋ-ਸੱਚ
		ਤਰਕਵੇਦ
ਆਲੋਚਨਾ ਅਤੇ ਖੋਜ	:	ਪੰਜਾਬੀ ਪੱਤਰਕਾਰੀ ਦਾ ਵਿਕਾਸ
		ਮਾਰਟਿਨ ਲੂਥਰ ਕਿੰਗ
		ਪੰਜਾਬੀ ਕਵਿਤਾ ਵਿਚ ਰਾਸ਼ਟਰੀ ਏਕਤਾ ਦੀ ਭਾਵਨਾ
		ਗਿਆਨੀ ਦਿੱਤ ਸਿੰਘ-ਜੀਵਨ ਤੇ ਰਚਨਾ
ਅਨੁਵਾਦ	:	ਤੁਰਗਨੇਵ: ਪਿਉ ਪੁੱਤਰ
		ਜਵਾਹਰ ਲਾਲ ਨਹਿਰੂ: ਗਾਥਾ ਭਾਰਤ ਦੇਸ਼ ਦੀ
		ਜੱਸਾ ਸਿੰਘ ਆਹਲੂਵਾਲੀਆ
		ਭਾਈ ਵੀਰ ਸਿੰਘ: ਬਾਬਾ ਨੌਧ ਸਿੰਘ (ਅੰਗਰੇਜ਼ੀ ਵਿਚ)
		ਸਦੀਵੀ ਵਿਦਰੋਹੀ: ਭਗਤ ਸਿੰਘ

ਬੁਨਿਆਦਾਂ

ਨਰਿੰਦਰ ਸਿੰਘ ਕਪੂਰ

ਤਤਕਰਾ ਪੰਨਾ ੧ ਤੇ ਹੈ।

Prose/Punjabi Prose/Essays/Self Improvement

ISBN : 978-93-5068-904-2

ਬੁਨਿਆਦਾਂ

BUNIADAN

(A Collection of Essays)

by

Dr. Narinder Singh Kapoor
4245, Phase II, Urban Estate,
PATIALA-147 002 (India)
kapoorns@gmail.com
narindersinghkapoor.com

2014
Lokgeet Parkashan
S.C.O. 26-27, Sector 34 A, Chandigarh-160022
India
Ph. +91-172-5077427, 5077428
Printed & bound at Unistar Books Pvt. Ltd.
301, Industrial Area, Phase-9,
S.A.S. Nagar, Mohali-Chandigarh (India)
email : unistarbooks@gmail.com
website : www.unistarbooks.com

ਭੂਮਿਕਾ

ਅਸੀਂ ਪਰੰਪਰਾ ਅਤੇ ਪਰਿਵਰਤਨ, ਧਰਮ ਅਤੇ ਵਿਗਿਆਨ ਦੇ ਵਿਚਕਾਰ ਵਿਚਰ ਰਹੇ ਹਾਂ। ਸਾਡੇ ਪੈਮਾਨੇ ਅਤੇ ਤਰਜੀਹਾਂ, ਸਮੱਸਿਆਵਾਂ ਅਤੇ ਉਨ੍ਹਾਂ ਨੂੰ ਹੱਲ ਕਰਨ ਦੀਆਂ ਤਕਨੀਕਾਂ ਬਦਲ ਰਹੀਆਂ ਹਨ।

ਅਜੋਕੇ ਯੁੱਗ ਵਿਚ ਕਿਸੇ ਤਸਵੀਰ ਦੇ ਦੋ ਹੀ ਨਹੀਂ, ਅਨੇਕਾਂ ਪਾਸੇ ਹੁੰਦੇ ਹਨ।

ਹੁਣ ਹਰ ਕਿਸੇ ਨੂੰ ਇਕੋ ਵੇਲੇ, ਕਈ ਬੇੜੀਆਂ ਵਿਚ ਪੈਰ ਹੀ ਨਹੀਂ ਰਖਣੇ ਪੈ ਰਹੇ, ਸਗੋਂ ਇਕੋ ਵੇਲੇ ਕਈ ਦਿਸ਼ਾਵਾਂ ਵਿਚ ਚਲਣ ਦੀ ਲੋੜ ਵੀ ਪੈ ਰਹੀ ਹੈ, ਜਿਸ ਕਾਰਨ ਹਰ ਕਿਸੇ ਨੂੰ ਸਹਿਯੋਗ ਅਤੇ ਮੁਕਾਬਲੇ ਦੀਆਂ ਦੋਵੇਂ ਹਾਲਤਾਂ ਵਿਚ ਪੂਰੇ ਉਤਰਨ ਦੀ ਮਜਬੂਰੀ ਹੈ।

ਸਹਿਯੋਗੀ ਅਤੇ ਵਿਰੋਧੀ ਵਿਚਲਾ ਅੰਤਰ ਮਿਟ ਗਿਆ ਹੈ।ਹੁਣ ਕੋਈ ਕਿਸੇ ਦਾ ਪੱਕਾ ਸਹਿਯੋਗੀ ਜਾਂ ਪੱਕਾ ਵਿਰੋਧੀ ਨਹੀਂ। ਮੁਕਾਬਲਾ ਸਭ ਨਾਲ ਹੈ।

ਹੁਣ ਕੋਈ ਸਮੱਸਿਆ ਇਕਹਿਰੀ ਨਹੀਂ ਰਹੀ। ਜਦੋਂ ਤਕ ਸਮੱਸਿਆ ਦੇ ਇਤਿਹਾਸਕ, ਸਮਾਜਿਕ, ਰਾਜਨੀਤਕ, ਆਰਥਿਕ, ਭੂਗੋਲਿਕ ਪਿਛੋਕੜ ਨੂੰ ਨਾ ਫਰੋਲਿਆ ਜਾਵੇ ਅਤੇ ਉਸ ਨੂੰ ਵਿਆਪਕ ਸੰਦਰਭ ਵਿਚ ਨਾ ਵੇਖਿਆ ਜਾਵੇ, ਉਸ ਦੀ ਸਮਝ ਨਹੀਂ ਆਉਂਦੀ ਅਤੇ ਸਮਝ ਨਾ ਆਉਣ ਕਰਕੇ, ਉਹ ਹੱਲ ਨਹੀਂ ਹੁੰਦੀ ਅਤੇ ਕੁਝ ਚਿਰ ਮਗਰੋਂ ਉਹ ਸੰਕਟ ਬਣ ਜਾਂਦੀ ਹੈ।

ਸਾਡੇ ਸੋਚਣ ਅਤੇ ਮਹਿਸੂਸ ਕਰਨ ਦੇ ਢੰਗ ਤਰੀਕੇ ਬਦਲ ਗਏ ਹਨ।

ਆਲੇ-ਦੁਆਲੇ ਵਿਚ ਟੁੱਟ-ਭੱਜ ਵਾਪਰ ਰਹੀ ਹੈ।

-ਜੇ ਕੋਈ ਮਹਿਸੂਸ ਕਰਦਾ ਹੈ ਤਾਂ ਉਹ ਸੋਚਦਾ ਵੀ ਹੋਵੇਗਾ, ਜੇ ਸੋਚਦਾ ਹੈ ਤਾਂ ਉਸ ਦੀ ਕੋਈ ਰਾਇ ਵੀ ਹੋਵੇਗੀ, ਜੇ ਰਾਇ ਹੈ ਤਾਂ ਉਹ ਹਾਂ-ਪੱਖੀ ਜਾਂ ਨਾਂਹ-ਪੱਖੀ ਹੋਵੇਗੀ।ਇਵੇਂ ਆਪਣੇ ਦ੍ਰਿਸ਼ਟੀਕੋਣ ਅਤੇ ਸੋਚਣ ਦੇ ਆਧਾਰ 'ਤੇ ਅਸੀਂ ਸ਼ਕਤੀਸ਼ਾਲੀ ਜਾਂ ਕਮਜ਼ੋਰ ਹੁੰਦੇ ਹਾਂ।

ਜਿਹੜੇ ਸਾਡੇ ਨਾਲ ਸਹਿਮਤ ਹੁੰਦੇ ਹਨ, ਉਨ੍ਹਾਂ ਤੋਂ ਅਸੀਂ ਕੁਝ ਨਹੀਂ ਸਿਖਦੇ, ਸੋ ਜਿਨ੍ਹਾਂ ਨਾਲ ਮੁਕਾਬਲਾ ਹੈ, ਉਨ੍ਹਾਂ ਵਲ ਧਿਆਨ ਦੇਣ ਦੀ ਲੋੜ ਹੈ।

ਇਹ ਕਹਿਣਾ ਸਹੀ ਨਹੀਂ ਕਿ ਕੁਝ ਵਿਅਕਤੀ ਸ਼ਕਤੀਸ਼ਾਲੀ ਹੁੰਦੇ ਹਨ ਅਤੇ ਕੁਝ ਕਮਜ਼ੋਰ। ਗਿਆਨ-ਪ੍ਰਾਪਤੀ ਅਤੇ ਕਰਮ ਕਰਨ ਦੀ ਸਮਰੱਥਾ ਹਰ ਕਿਸੇ ਵਿਚ ਲਗਭਗ ਬਰਾਬਰ ਹੁੰਦੀ ਹੈ ਪਰ ਕੁਝ ਕਰਨ ਲਈ ਇੱਛਾ ਅਤੇ ਯਤਨ ਕਰਨ ਦੀ

ਹਿੰਮਤ, ਹਰ ਕਿਸੇ ਵਿਚ ਇਕੋ ਜਿਹੀ ਨਹੀਂ ਹੁੰਦੀ, ਇਸ ਕਰਕੇ ਹਰ ਕਿਸੇ ਦੀ ਸਫਲਤਾ-ਅਸਫਲਤਾ ਦੀ ਪੱਧਰ ਅਤੇ ਪਰਿਵਰਤਨ ਦੀ ਰਫ਼ਤਾਰ ਵੱਖਰੀ ਹੁੰਦੀ ਹੈ।

ਪਰਿਵਰਤਨ ਅਤੇ ਵਿਕਾਸ, ਹਮੇਸ਼ਾ ਤਰੱਦਦ ਅਤੇ ਗਿਆਨ ਨਾਲ ਵਾਪਰਦਾ ਹੈ। ਗਿਆਨ ਦੀ ਪ੍ਰਾਪਤੀ ਪਰਿਵਰਤਨ ਦੀ ਭਾਵਨਾ ਅਧੀਨ ਹੀ ਕੀਤੀ ਜਾਂਦੀ ਹੈ। ਨਵੇਂ ਗਿਆਨ ਦੀ ਪ੍ਰਾਪਤੀ ਲਈ ਅਤੇ ਆਧੁਨਿਕ ਯੁੱਗ ਵਿਚ ਵਿਕਾਸ ਕਰਨ ਵਾਸਤੇ, ਵੇਦਾਂ-ਗ੍ਰੰਥਾਂ ਤੋਂ ਬਾਹਰ ਆਉਣਾ ਪਵੇਗਾ, ਘਰੋਂ-ਪਿੰਡੋਂ ਬਹੁਤ ਦੂਰ ਜਾਣਾ ਪਵੇਗਾ ਅਤੇ ਨਵੀਆਂ ਸਮੱਸਿਆਵਾਂ ਉਤੇ ਨਵੇਂ ਫਾਰਮੂਲੇ ਲਾਗੂ ਕਰਨੇ ਪੈਣਗੇ।

ਨਿਤ ਬਦਲਦੀ ਤਕਨਾਲੋਜੀ ਦੇ ਅਜੋਕੇ ਸੰਸਾਰ ਵਿਚ, ਕੁਝ ਵੀ ਸਦੀਵੀ ਹੋਣ ਦਾ ਵਿਸ਼ਵਾਸ ਨਹੀਂ ਰਿਹਾ। ਜੋ ਵਿਵਸਥਾ ਅਜ ਹੈ, ਉਹ ਕਿਸੇ ਪਹਿਲੀ ਵਿਵਸਥਾ ਨੂੰ ਰੱਦ ਕਰਕੇ ਸਥਾਪਤ ਹੋਈ ਹੈ ਅਤੇ ਅਜ ਦੀ ਵਿਵਸਥਾ ਨੂੰ ਭਵਿਖ ਦੀ ਕਿਸੇ ਨਵੀਂ ਵਿਵਸਥਾ ਜਾਂ ਵਿਚਾਰਧਾਰਾ ਨੇ ਰੱਦ ਕਰ ਦੇਣਾ ਹੈ।

ਵਿਚਾਰ ਤੀਰਾਂ ਵਾਂਗ ਹੁੰਦੇ ਹਨ ਪਰ ਇਨ੍ਹਾਂ ਵਿਚ ਉਡਾਣ ਭਰਨ ਵਾਲੀ ਕਮਾਨ ਦੀ ਤਾਕਤ ਵੀ ਹੋਣੀ ਚਾਹੀਦੀ ਹੈ। ਅਨੁਭਵ, ਤਜਰਬਾ, ਜੱਦੋ-ਜਹਿਦ ਅਤੇ ਗਿਆਨ, ਕਮਾਨਾਂ ਦੇ ਨਾਂ ਹਨ। ਜਿਵੇਂ ਦਰੱਖਤਾਂ ਨੂੰ ਮਜ਼ਬੂਤ ਬਣਨ ਲਈ ਉਨ੍ਹਾਂ ਨੂੰ ਹਨੇਰੀਆਂ ਦਾ ਸਾਹਮਣਾ ਕਰਨਾ ਪੈਂਦਾ ਹੈ, ਉਵੇਂ ਹੀ ਪਰਿਵਰਤਨ ਲਿਆਉਣ ਵਾਲੇ ਕਰਮਸ਼ੀਲ ਮੋਹਰੀਆਂ ਲਈ ਭਾਂਤ-ਭਾਂਤ ਦੀਆਂ ਮੁਸ਼ਕਿਲਾਂ, ਮੁਸੀਬਤਾਂ, ਹਾਰਾਂ ਅਤੇ ਅਸਫਲਤਾਵਾਂ ਵਿਚੋਂ ਲੰਘਣਾ ਲਾਜ਼ਮੀ ਹੁੰਦਾ ਹੈ।

ਹਰ ਪੱਧਰ 'ਤੇ ਨਿਰੰਤਰ ਮੁਕਾਬਲੇ ਕਾਰਨ ਜ਼ਿੰਦਗੀ ਸੌਖੀ ਨਹੀਂ ਰਹੀ।

ਜਿਨ੍ਹਾਂ ਤੋਂ ਪ੍ਰਸੰਨਤਾ ਦੀ ਆਸ ਹੁੰਦੀ ਹੈ, ਉਹ ਪਰੇਸ਼ਾਨ ਕਰਨ ਲਗ ਪੈਂਦੇ ਹਨ।

ਇਕੱਲ ਅਤੇ ਵਿਜੋਗੇਪਣ ਦੀ ਹਾਲਤ ਦੌਰਾਨ, ਦਰਦ ਨਾਲ ਭਾਰੂ ਪਲਾਂ ਵਿਚ, ਚੰਗੇ ਦਿਨਾਂ ਲਈ ਆਸ-ਉਮੀਦ, ਮੁਫ਼ਤ ਨਹੀਂ ਮਿਲਦੀ।

ਤਿਆਰੀ ਨਾ ਕਰਨ ਅਤੇ ਤਿਆਰ ਨਾ ਹੋਣ ਕਰਕੇ, ਜ਼ਿੰਦਗੀ ਵਿਚ ਖਤਰੇ ਵੱਧ ਗਏ ਹਨ ਪਰ ਇਹ ਵੀ ਸੱਚ ਹੈ ਕਿ ਜੇ ਹਾਰਨ ਦਾ ਖਤਰਾ ਨਾ ਹੋਵੇ ਤਾਂ ਜਿੱਤ ਦੀ ਕਦਰ ਨਹੀਂ ਪੈਂਦੀ। ਹੁਣ ਜੀਵਨ ਦਾ ਉਦੇਸ਼ ਸ਼ਾਂਤੀ ਨਹੀਂ, ਸਫਲਤਾ ਹੈ।

ਨਿਰਸੰਦੇਹ ਜ਼ਿੰਦਗੀ ਦੀਆਂ ਸਾਰੀਆਂ ਸਮੱਸਿਆਵਾਂ ਹੱਲ ਹੋਣ ਵਾਲੀਆਂ ਨਹੀਂ ਹੁੰਦੀਆਂ ਕਿਉਂਕਿ ਕਈ ਗੰਢਾਂ ਖੁੱਲ੍ਹਦੀਆਂ ਹੀ ਨਹੀਂ ਪਰ ਜਿਨ੍ਹਾਂ ਸਮੱਸਿਆਵਾਂ ਵਿਚ ਦਿਲਚਸਪੀ ਲਈ ਜਾਵੇ, ਉਹ ਹੱਲ ਹੋਣ ਲਗ ਪੈਂਦੀਆਂ ਹਨ।

ਦਿਲਚਸਪੀ ਉਪਜਾਉਣ ਦਾ ਕਾਰਜ ਪੁਸਤਕਾਂ ਕਰਦੀਆਂ ਹਨ।

ਜਿਹੜੀ ਪੁਸਤਕ ਸਾਨੂੰ ਪ੍ਰਭਾਵਿਤ ਕਰਦੀ ਹੈ, ਉਹ ਸਾਨੂੰ ਬਦਲਦੀ ਵੀ ਹੈ।

ਹੱਥਲੀ ਪੁਸਤਕ ਇਸ ਉਦੇਸ਼ ਨਾਲ ਲਿਖੀ ਗਈ ਹੈ ਤਾਂ ਕਿ ਤੁਸੀਂ ਜਾਣ ਸਕੋ ਕਿ ਭਾਵੇਂ ਪਰਿਵਰਤਨ ਮੁਸ਼ਕਿਲ ਹੈ ਪਰ ਪਰਿਵਰਤਨ ਦੀ ਡਾਢੀ ਲੋੜ ਹੈ ਅਤੇ ਇਹ ਸਾਡੇ ਬਦਲਣ ਨਾਲ ਹੀ ਆਵੇਗਾ। ਇਹ ਪੁਸਤਕ ਕੁਝ ਅਜਿਹੇ ਬੁਨਿਆਦੀ ਵਿਸ਼ਿਆਂ 'ਤੇ ਲਿਖੇ ਲੇਖਾਂ ਦਾ ਸੰਗ੍ਰਹਿ ਹੈ, ਜਿਨ੍ਹਾਂ ਵਿਸ਼ਿਆਂ 'ਤੇ ਪੰਜਾਬੀ ਵਿਚ ਪਹਿਲੀ ਵਾਰ ਲਿਖਿਆ ਜਾ ਰਿਹਾ ਹੈ। ਜਦੋਂ ਲਿਖਣ ਦੀ ਦ੍ਰਿਸ਼ਟੀ ਨਾਲ ਮੈਂ ਇਨ੍ਹਾਂ ਵਿਸ਼ਿਆਂ ਵਿਚ

ਦਿਲਚਸਪੀ ਲਈ ਤਾਂ ਇਨ੍ਹਾਂ ਦੀ ਵੰਗਾਰ ਨੇ ਮੈਨੂੰ ਜਾਣਨ, ਖੋਜਣ ਅਤੇ ਸੋਚਣ ਦੇ ਰਾਹ ਪਾਇਆ। ਆਸ ਹੈ ਤੁਸੀਂ ਵੀ ਸੋਚਣ ਦਾ ਯਤਨ ਕਰੋਗੇ।

ਦਿਲ, ਯੁੱਗ, ਖਿੱਚ, ਹੱਥ, ਚੁੱਪ, ਸ਼ੀਸ਼ਾ, ਜ਼ਿਮੇਵਾਰੀ, ਝੂਠ, ਸ਼ਰਮ, ਘੋੜਾ, ਮੈਂ, ਲਾਲਚ, ਆਲੂ, ਗੁੱਸਾ, ਨੱਕ, ਪੈਸਾ, ਹਮਦਰਦੀ ਆਦਿ ਵਿਸ਼ੇ ਵੇਖਣ ਨੂੰ ਸਧਾਰਨ ਲਗਦੇ ਹਨ ਪਰ ਇਨ੍ਹਾਂ ਬਾਰੇ ਲਿਖਦਿਆਂ ਮਹਿਸੂਸ ਹੋਇਆ ਕਿ ਸੂਚਨਾ ਦੇ ਅਜੋਕੇ ਯੁੱਗ ਵਿੱਚ, ਫੈਲਦੇ ਗਿਆਨ ਕਾਰਨ ਕੁਝ ਵੀ ਸਧਾਰਨ ਨਹੀਂ ਰਿਹਾ ਕਿਉਂਕਿ ਗਿਆਨ ਦੇ ਹਰ ਖੇਤਰ ਵਿਚ ਡੂੰਘੀ ਪੁੱਣਛਾਣ ਹੋ ਰਹੀ ਹੈ।

ਇਨ੍ਹਾਂ ਲੇਖਾਂ ਰਾਹੀਂ ਪਾਠਕ ਦੀ ਤਿੰਨ ਪ੍ਰਕਾਰ ਦੀ ਜਗਿਆਸਾ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ ਗਿਆ ਹੈ: ਇਵੇਂ ਕਿਉਂ ਹੁੰਦਾ ਹੈ? ਇਹ ਕਿਵੇਂ ਹੁੰਦਾ ਹੈ? ਹੱਛਾ, ਇਵੇਂ ਵੀ ਹੁੰਦਾ ਹੈ? ਇਸ ਪੁਸਤਕ ਦਾ ਉਦੇਸ਼ ਜ਼ਿੰਦਗੀ ਨਾਲ ਜੁੜੇ ਵੱਖ-ਵੱਖ ਮਸਲਿਆਂ ਰਾਹੀਂ ਪਾਠਕ ਦੇ ਮਨ ਨੂੰ ਖੋਲ੍ਹਣਾ ਹੈ, ਸੋ ਇਹ ਖੁਲ੍ਹੇ ਮਨ ਨਾਲ, ਹੌਲੀ-ਹੌਲੀ ਪੜਨ ਵਾਲੀ, ਸੰਘਣੀ ਅਤੇ ਗੂੜੀ ਵਾਰਤਕ ਦੀ ਪੁਸਤਕ ਹੈ, ਜਿਸ ਵਿਚ ਨਿਮਾਣੀਆਂ ਗੱਲਾਂ ਨੂੰ ਵਿਸ਼ਾਲ ਅਤੇ ਡੂੰਘੀ ਦ੍ਰਿਸ਼ਟੀ ਨਾਲ ਸਮਝਣ ਦਾ ਉਪਰਾਲਾ ਕੀਤਾ ਗਿਆ ਹੈ ਤਾਂ ਕਿ ਜ਼ਿੰਦਗੀ 'ਤੇ ਸਾਡੀ ਪਕੜ ਪੀਡੀ ਹੋਵੇ ਅਤੇ ਸਾਡੀ ਸਫਲਤਾ ਦੀ ਸੰਭਾਵਨਾ ਜਾਗੇ।

ਜਿਉਣ ਦਾ ਬਹਾਨਾ ਹਰ ਕੋਈ ਲਭ ਲੈਂਦਾ ਹੈ, ਲੋੜ ਉਦੇਸ਼ ਲਭਣ ਦੀ ਹੈ।

ਆਸ ਹੈ ਕਿ ਜ਼ਿੰਦਗੀ ਦਾ ਉਦੇਸ਼ ਲਭਣ ਵਿਚ, ਇਹ ਪੁਸਤਕ ਸਹਿਯੋਗੀ ਸਿੱਧ ਹੋਵੇਗੀ। ਉਦੇਸ਼ ਲਭ ਜਾਵੇ ਤਾਂ ਚਲਣਾ ਸੌਖਾ ਹੋ ਜਾਂਦਾ ਹੈ। ਜੇ ਚਲਾਂਗੇ ਤਾਂ ਹੀ ਪਹੁੰਚਾਂਗੇ ਕਿਉਂਕਿ ਪਹੁੰਚਣਾ, ਚਲਣ ਦਾ ਹੀ ਦੂਜਾ ਸਿਰਾ ਹੁੰਦਾ ਹੈ।

ਤੁਹਾਡੇ ਨਾਲ ਚਲਣ ਅਤੇ ਤੁਹਾਡੇ ਨਿਸ਼ਾਨੇ 'ਤੇ ਪਹੁੰਚਣ ਦੀ ਤਾਂਘ ਨਾਲ, ਇਹ ਲੇਖ-ਸੰਗ੍ਰਹਿ ਤੁਹਾਨੂੰ ਭੇਟ ਕਰਨ ਦੀ ਮੌਜ ਮਾਣ ਰਿਹਾ ਹਾਂ।

ਨਰਿੰਦਰ ਸਿੰਘ ਕਪੂਰ
ਸਾਬਕਾ ਪ੍ਰੋਫ਼ੈਸਰ, ਜਰਨਲਿਜ਼ਮ ਵਿਭਾਗ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਉਨ੍ਹਾਂ ਦੇ ਨਾਂ, ਜਿਨ੍ਹਾਂ ਨਾਲ ਵਿਚਰਦਿਆਂ
ਇਸ ਪੁਸਤਕ ਦੇ ਵਿਸ਼ੇ ਸੁਝੇ।

ਤਤਕਰਾ

ਬੁਨਿਆਦਾਂ



ਨਰਿੰਦਰ ਸਿੰਘ ਕਪੂਰ

ਦਿਲ ਦਾ ਟੁੱਟਣਾ...

ਦਿਲ ਨੇ ਤਾਂ ਆਖ਼ਰ ਟੁੱਟਣਾ ਹੀ ਹੁੰਦਾ ਹੈ।

ਪਿਆਰ ਦੇ ਮੁਕੰਮਲ ਅਤੇ ਡੂੰਘੇ ਅਨੁਭਵ ਲਈ, ਦਿਲ ਦਾ ਟੁੱਟਣਾ ਲਾਜ਼ਮੀ ਹੈ। ਕਿਸੇ ਨਾਲ ਪਿਆਰ ਹੋਣ 'ਤੇ ਅਸੀਂ ਸੋਚਣਾ ਬੰਦ ਕਰ ਦਿੰਦੇ ਹਾਂ ਅਤੇ ਸਾਡਾ ਮਹਿਸੂਸਣਾ ਵੱਧ ਜਾਂਦਾ ਹੈ ਅਤੇ ਸੁਪਨੇ ਵੇਖਣ ਦੀ ਆਦਤ ਪੈ ਜਾਂਦੀ ਹੈ।

ਇਹ ਸਿਖਰਲੇ ਅਨੁਭਵ ਅਤੇ ਡੂੰਘੀ ਖ਼ੁਮਾਰੀ ਦਾ ਆਲਮ ਹੁੰਦਾ ਹੈ।

ਜਿਤਨਾ ਚਿਰ ਸੋਚਣਾ ਮਨਸੂਖ ਹੋਇਆ ਰਹਿੰਦਾ ਹੈ, ਪਿਆਰ ਚਲਦਾ ਰਹਿੰਦਾ ਹੈ।

ਸੋਚ, ਮੁੱਖ ਤੌਰ 'ਤੇ ਨਫ਼ੇ-ਨੁਕਸਾਨ ਲਈ ਹੁੰਦੀ ਹੈ। ਜਿਹੜੀ ਧਿਰ ਸੋਚਣਾ ਪਹਿਲਾਂ ਅਰੰਭ ਕਰਦੀ ਹੈ, ਉਹ ਜਜ਼ਬੇ ਠੰਡੇ ਹੋ ਜਾਣ ਕਾਰਨ, ਦੂਜੀ ਧਿਰ ਪ੍ਰਤੀ ਅਵੇਸਲੀ ਹੋ ਜਾਂਦੀ ਹੈ ਅਤੇ ਕਈ ਵਾਰੀ ਗੈਰ-ਹਾਜ਼ਰ ਹੀ ਹੋ ਜਾਂਦੀ ਹੈ।

ਇਸ ਹਾਲਤ ਵਿਚ ਦੂਜੀ ਧਿਰ ਦਾ ਦਿਲ ਟੁੱਟਦਾ ਹੈ।

ਦਿਲ ਦਾ ਟੁੱਟਣਾ ਭਾਵਕ ਵਿਕਾਸ ਦਾ ਇਕ ਮਹੱਤਵਪੂਰਨ ਪੜਾਓ ਹੁੰਦਾ ਹੈ।

ਦਿਲ ਦੇ ਟੁੱਟਣ ਨਾਲ ਹੀ ਮਨੁੱਖ ਕਵੀ, ਕਲਾਕਾਰ, ਸੰਗੀਤਕਾਰ ਬਣਦਾ ਹੈ।

ਦਿਲ ਦੇ ਟੁੱਟਣ ਉਪਰੰਤ ਹੀ ਪਤਾ ਲੱਗਦਾ ਹੈ ਕਿ ਪ੍ਰੇਮੀ ਦੀ ਧਾਤ ਕੀ ਹੈ: ਉਹ ਹੀਰਾ ਹੈ ਜਾਂ ਸੋਨਾ, ਚਾਂਦੀ ਹੈ ਜਾਂ ਪਿੱਤਲ।

ਸਫਲ ਪਿਆਰ ਵਿਚੋਂ ਕੁਝ ਨਹੀਂ ਉਪਜਦਾ, ਸਫਲ ਪਿਆਰ ਵਿਚੋਂ ਕੇਵਲ ਬੱਚੇ ਉਪਜਦੇ ਹਨ ਪਰੰਤੂ ਜੋ ਮੁੱਲਵਾਨ ਹੁੰਦਾ ਹੈ, ਉਹ ਅਸਫਲ ਪਿਆਰ ਵਿਚੋਂ ਅਤੇ ਅਕਸਰ ਦਿਲ ਟੁੱਟਣ ਉਪਰੰਤ ਉਪਜਦਾ ਹੈ। ਇਹ ਸੰਭਵ ਹੈ ਕਿ ਕਿਸੇ ਦਾ ਕਿਸੇ ਨਾਲ ਦਿਲ ਜੁੜ ਜਾਵੇ ਅਤੇ ਕਿਸੇ ਨੂੰ ਪਤਾ ਨਾ ਲੱਗੇ ਪਰ ਇਹ ਸੰਭਵ ਨਹੀਂ ਕਿ ਦਿਲ ਟੁੱਟ ਜਾਵੇ ਅਤੇ ਟੁੱਟਣ ਦੀ ਅਵਾਜ਼ ਨਾ ਆਵੇ।

ਦਿਲ ਟੁੱਟਣ 'ਤੇ ਹਰ ਕੋਈ ਆਪਣੇ-ਆਪ ਨੂੰ ਵਿਸ਼ੇਸ਼, ਮਹੱਤਵਪੂਰਨ ਅਤੇ ਘੋਰ ਉਦਾਸੀ ਦਾ ਮਾਹਿਰ ਸਮਝਣ ਲੱਗ ਪੈਂਦਾ ਹੈ।

ਅਸੀਂ ਟੁੱਟ-ਭੱਜ ਅਤੇ ਉੱਥਲ-ਪੁੱਥਲ ਦੇ ਜ਼ਮਾਨੇ ਵਿਚ ਰਹਿ ਰਹੇ ਹਾਂ।

ਕਈ ਦਿਲ ਤੋੜਦੇ ਹਨ, ਕਈਆਂ ਦਾ ਦਿਲ ਟੁੱਟਦਾ ਹੈ। ਇਸ ਅਨੁਭਵ ਲਈ ਤਾਂਘਦਾ ਕੋਈ ਨਹੀਂ ਪਰ ਇਹ ਵਾਪਰਦਾ ਲਗਭਗ ਹਰ ਕਿਸੇ ਨਾਲ ਹੈ।

ਵੇਖਿਆ ਗਿਆ ਹੈ ਕਿ ਜਿਸ ਦਾ ਪਹਿਲਾ ਪਿਆਰ-ਅਨੁਭਵ ਹੁੰਦਾ ਹੈ, ਅਕਸਰ ਉਸ ਦਾ ਹੀ ਦਿਲ ਟੁੱਟਦਾ ਹੈ। ਇਸ ਉਪਰੰਤ ਉਸ ਨੂੰ ਇਹ ਸਦਮਾ ਬਰਦਾਸ਼ਤ ਕਰਨ ਅਤੇ ਆਪਣੇ ਟੁੱਟੇ ਦਿਲ ਦੀ ਮਾਲਸ਼ ਕਰਕੇ ਉਸ ਨੂੰ ਠੀਕ ਕਰਨ ਦੀ ਜਾਚ ਆ ਜਾਂਦੀ ਹੈ।

ਕਈ ਵਾਰ ਦਿਲ ਨੂੰ ਮੋਚ ਆ ਜਾਂਦੀ ਹੈ, ਜਿਹੜੀ ਕੁਝ ਦਿਨਾਂ ਦੀ ਔਖ, ਮਾਯੂਸੀ, ਨਿਰਾਸਤਾ ਅਤੇ ਉਦਾਸੀ ਉਪਰੰਤ ਭੁੱਲ ਜਾਂਦੀ ਹੈ।

ਕਈਆਂ ਦਾ ਇਕੋ ਵੇਲੇ ਕਈਆਂ ਨਾਲ ਪਿਆਰ ਹੁੰਦਾ ਹੈ ਅਤੇ ਜਦੋਂ ਕੋਈ ਇਕ ਦਿਲ ਤੋੜਦਾ ਹੈ ਤਾਂ ਘਾਟਾ ਪੂਰਾ ਕਰਨ ਵਾਸਤੇ ਇਕ ਹੋਰ ਪਿਆਰ ਪਾ ਲਿਆ ਜਾਂਦਾ ਹੈ। ਕਿਸੇ ਨੇ ਕਿਹਾ: ਦਿੱਲੀ ਵਾਲਾ ਦਿਲ ਤੋੜ ਗਿਆ ਹੈ ਪਰ ਜਲੰਧਰ, ਮੋਗੇ ਅਤੇ ਚੰਡੀਗੜ੍ਹ ਵਾਲਾ ਅਜੇ ਠੀਕ ਚੱਲ ਰਿਹਾ ਹੈ।

ਜੋ ਮਰਜ਼ੀ ਕਹੋ, ਪਿਆਰ ਵਰਗਾ ਕੋਈ ਹੋਰ ਅਨੁਭਵ ਨਹੀਂ ਹੁੰਦਾ।

ਇਸ ਵਿਚ ਸਰੀਰਕ ਸਮਾਗਮ ਦੀ ਸੰਭਾਵਨਾ ਹੁੰਦੀ ਹੈ।

ਹੀਰ-ਰਾਂਝਾ, ਸੋਹਣੀ-ਮਹੀਂਵਾਲ ਆਦਿ ਪ੍ਰੇਮੀਆਂ ਦਾ ਵਿਲੱਖਣ ਪੱਖ ਇਹ ਸੀ ਕਿ ਇਹ ਦੋਹਾਂ ਦਾ ਪਹਿਲਾ ਪਿਆਰ-ਅਨੁਭਵ ਸੀ, ਇਸ ਕਰਕੇ ਦੋਹਾਂ ਦਾ ਇਕੋ ਵੇਲੇ ਦਿਲ ਟੁੱਟਿਆ ਸੀ ਅਤੇ ਉਹ ਦਿਲ ਟੁੱਟਣ ਕਾਰਨ ਹੀ ਪ੍ਰਸਿੱਧ ਹੋਏ ਸਨ।

ਅਜੋਕੇ ਸਮੇਂ ਵਿਚ ਅਕਸਰ ਇਕ ਧਿਰ ਤਜਰਬੇਕਾਰ ਹੁੰਦੀ ਹੈ, ਜਦੋਂ ਕਿ ਦੂਜੀ ਧਿਰ ਪਹਿਲੀ ਵਾਰ ਪਿਆਰ ਕਰ ਰਹੀ ਹੁੰਦੀ ਹੈ, ਸੋ ਅਕਸਰ ਤਜਰਬੇਕਾਰ ਧਿਰ, ਸੱਜਰੀ ਧਿਰ ਦਾ ਦਿਲ ਤੋੜਦੀ ਹੈ। ਜੇ ਦੋਵੇਂ ਧਿਰਾਂ ਦਾ ਇਹ ਦੂਜਾ ਜਾਂ ਤੀਜਾ ਪਿਆਰ ਹੋਵੇ ਤਾਂ ਇਸ ਰਿਸ਼ਤੇ ਦਾ ਸੁਭਾਓ ਨਜਾਇਜ਼ ਸੰਬੰਧਾਂ ਵਾਲਾ ਹੁੰਦਾ ਹੈ।

ਨਜਾਇਜ਼ ਰਿਸ਼ਤੇ ਵਿਚ ਦਿਲ ਨਹੀਂ ਟੁੱਟਦਾ, ਕਿਉਂਕਿ ਇਹ ਰਿਸ਼ਤਾ ਹੀ ਆਰਜ਼ੀ ਹੁੰਦਾ ਹੈ। ਇਹ ਪਿਆਰ ਦਾ ਰਿਸ਼ਤਾ ਨਹੀਂ ਹੁੰਦਾ, ਇਹ ਇਕ-ਦੂਜੇ ਦੀ ਭੁੱਖ ਅਤੇ ਲੋੜ ਪੂਰੀ ਕਰਨ ਵਾਲਾ ਰਿਸ਼ਤਾ ਹੁੰਦਾ ਹੈ।

ਨਜਾਇਜ਼ ਰਿਸ਼ਤੇ ਦੇ ਟੁੱਟਣ 'ਤੇ ਔਖ ਹੀ ਹੁੰਦੀ ਹੈ, ਜਿਵੇਂ ਮਕਾਨ ਬਦਲਣਾ ਪੈ ਗਿਆ ਹੋਵੇ ਜਾਂ ਜਿਵੇਂ ਟੈਲੀਫੋਨ ਨੰਬਰ ਬਦਲ ਗਿਆ ਹੋਵੇ।

ਪਿਆਰ ਦਾ ਰਿਸ਼ਤਾ ਆਸਾਂ, ਉਮੀਦਾਂ, ਵਾਇਦਿਆਂ, ਸੁਪਨਿਆਂ ਅਤੇ ਰਹੱਸਮਈ ਬੁਝਾਰਤਾਂ ਦਾ ਰਿਸ਼ਤਾ ਹੁੰਦਾ ਹੈ। ਇਸ ਰਿਸ਼ਤੇ ਵਿਚ ਪ੍ਰੇਮੀ ਸਮਝਦਾ ਹੈ ਕਿ ਉਸ ਦੀ ਪ੍ਰੇਮਿਕਾ, ਉਸ ਵਲੋਂ ਰੱਬ ਨੂੰ ਕੀਤੀਆਂ ਅਰਦਾਸਾਂ ਦਾ ਜਵਾਬ ਹੈ ਅਤੇ ਪ੍ਰੇਮਿਕਾ ਸਮਝਦੀ ਹੈ ਕਿ ਉਸ ਦੇ ਪ੍ਰੇਮੀ ਕੋਲ, ਉਸ ਦੀਆਂ ਸਾਰੀਆਂ ਸਮੱਸਿਆਵਾਂ ਦੇ ਹੱਲ ਹਨ।

ਪਿਆਰ ਵਿਚ, ਇਸਤਰੀ ਅਕਸਰ ਪੁਰਸ਼ ਨਾਲੋਂ, ਵਧੇਰੇ ਸੁਹਿਰਦ ਅਤੇ ਵੱਧ ਕੁਰਬਾਨੀਆਂ ਕਰਨ ਵਾਲੀ ਹੁੰਦੀ ਹੈ ਪਰ ਉਸ ਉੱਤੇ ਪਰਿਵਾਰਕ ਬੰਧਨ ਅਤੇ ਉਸ ਦੀਆਂ ਸਮਾਜਿਕ ਅਤੇ ਸਭਿਆਚਾਰਕ ਮਜਬੂਰੀਆਂ ਵਧੇਰੇ ਹੁੰਦੀਆਂ ਹਨ।

ਪਿਆਰ ਅਤੇ ਦਿਲ ਟੁੱਟਣ ਦਾ ਦੁੱਖ ਇਸਤਰੀ ਨੂੰ ਵਧੇਰੇ ਹੁੰਦਾ ਹੈ।

ਪਿਆਰ ਦੇ ਸੰਬੰਧ ਵਿਚ ਪੁਰਸ਼ਾਂ ਅਤੇ ਇਸਤਰੀਆਂ ਦੀਆਂ ਤਰਜੀਹਾਂ ਵੱਖਰੀਆਂ ਹੁੰਦੀਆਂ ਹਨ। ਪ੍ਰੇਮਿਕਾ ਦਾ ਰਕੀਬ ਨਾਲ ਵਿਆਹ ਅਸਹਿ ਘਟਨਾ ਹੁੰਦੀ ਹੈ, ਜਿਹੜੀ ਕਈ ਵਾਰੀ ਆਤਮਘਾਤ ਬਣ ਜਾਂਦੀ ਹੈ ਅਤੇ ਅਕਸਰ ਪ੍ਰੇਮੀ ਨੂੰ ਅਪਰਾਧੀ ਬਣਾ ਦਿੰਦੀ ਹੈ। ਪਿਆਰ ਵਿਚ ਜਦੋਂ ਇਕ ਧਿਰ, ਦੂਜੀ ਧਿਰ ਤੋਂ ਉਸ ਦੀ ਸਮਰੱਥਾ ਨਾਲੋਂ ਵਧੇਰੇ ਅਤੇ ਵਡੇਰੀਆਂ ਕੁਰਬਾਨੀਆਂ ਮੰਗਦੀ ਹੈ ਤਾਂ ਵਫ਼ਾਦਾਰੀ ਦਾ ਸੰਕਟ

ਉਪਜਦਾ ਹੈ ਜਾਂ ਪਿਆਰ ਵਿਚ ਇਕ ਪੜਾਓ 'ਤੇ ਇਸਤਰੀ ਆਪਣੇ ਪ੍ਰੇਮੀ ਨੂੰ ਇਕ ਸਵਾਲ ਪੁੱਛਦੀ ਹੈ, ਜਿਸ ਦੇ ਜਵਾਬ ਨਾਲ ਉਨ੍ਹਾਂ ਦੇ ਸਦਾ ਲਈ ਜੁੜਨ ਜਾਂ ਸੰਬੰਧਾਂ ਦੇ ਉਸੇ ਵੇਲੇ ਟੁੱਟਣ ਦਾ ਫੈਸਲਾ ਹੁੰਦਾ ਹੈ।

ਇਸ ਹਾਲਤ ਵਿਚ ਜੇ ਰਿਸ਼ਤਾ ਟੁੱਟ ਜਾਵੇ ਤਾਂ ਪੁਰਸ਼ ਅਕਸਰ ਕਹਿੰਦਾ ਹੈ: ਉਹ ਮੇਰੀਆਂ ਆਸਾਂ-ਉਮੀਦਾਂ 'ਤੇ ਪੂਰੀ ਨਹੀਂ ਉਤਰੀ ਪਰ ਕੀ ਉਹ ਆਪ ਉਸ ਦੀਆਂ ਆਸਾਂ 'ਤੇ ਪੂਰਾ ਉਤਰਿਆ ਹੁੰਦਾ ਹੈ?

ਪੁਰਸ਼, ਪ੍ਰੇਮਿਕਾ ਦੀ ਸਰੀਰਕ ਸੁੰਦਰਤਾ ਅਤੇ ਭਾਵਕ ਅਮੀਰੀ ਨੂੰ ਮਾਣਨ ਲਈ ਪਿਆਰ ਕਰਦਾ ਹੈ, ਜਦੋਂ ਕਿ ਇਸਤਰੀ ਅਣਜਾਣੇ, ਅਜਨਬੀ, ਅਣਕਿਆਸੇ, ਕਾਲਪਨਿਕ, ਅਦਭੁਤ ਅਨੁਭਵਾਂ ਦੇ ਰੋਮਾਂਸ, ਪਹਿਰਾਵਿਆਂ ਦੀ ਚਹਿਲ-ਪਹਿਲ ਅਤੇ ਸ਼ਾਬਦਿਕ ਅਤੇ ਭਾਵਕ ਚੋਹਲ-ਮੋਹਲ ਦੀ ਅਭਿਲਾਸ਼ੀ ਹੁੰਦੀ ਹੈ।

ਅਜੋਕੇ ਯੁੱਗ ਵਿਚ ਪੁਰਾਣੇ ਦੀ ਥਾਂ ਨਵਾਂ ਦਿਲ ਪੈ ਜਾਂਦਾ ਹੈ ਅਤੇ ਪੁਰਾਣੇ ਦਿਲ ਦੀ ਮੁਰੰਮਤ ਵੀ ਹੋ ਜਾਂਦੀ ਹੈ।

ਕੰਮ-ਚੋਰਾਂ, ਲਾਡਲਿਆਂ ਅਤੇ ਨਲਾਇਕਾਂ ਦਾ ਦਿਲ ਵਧੇਰੇ ਟੁੱਟਦਾ ਹੈ ਜਾਂ ਉਹ ਦਿਲ ਦਾ ਟੁੱਟਣਾ ਮਹਿਸੂਸ ਵਧੇਰੇ ਕਰਦੇ ਹਨ।

ਕਾਰਨ ਇਹ ਹੁੰਦਾ ਹੈ ਕਿ ਉਹ ਆਪਣਾ ਅਸਲੀ ਅਤੇ ਔਖਾ ਕੰਮ ਕਰਨ ਦੀ ਥਾਂ, ਕਿਸੇ ਨੂੰ ਪਿਆਰ ਕਰਨ ਅਤੇ ਹਰ ਵੇਲੇ ਉਦਾਸ ਵਿਖਾਈ ਦੇਣ ਦਾ ਸੌਖਾ ਕਾਰਜ ਕਰਨ ਲੱਗ ਪੈਂਦੇ ਹਨ ਅਤੇ ਜਦੋਂ ਪ੍ਰੇਮਿਕਾ ਵਲੋਂ ਤਿਆਗੇ ਜਾਣ ਕਾਰਨ, ਉਨ੍ਹਾਂ ਦਾ ਦਿਲ ਟੁੱਟਦਾ ਹੈ ਤਾਂ ਵੱਡੀ ਨਿਰਾਸਤਾ ਇਸ ਗੱਲ ਦੀ ਹੁੰਦੀ ਹੈ ਕਿ ਹੁਣ ਅਸਲੀ ਅਤੇ ਔਖਾ ਕੰਮ ਕਰਨਾ ਪਏਗਾ। ਇਸ ਹਾਲਤ ਵਿਚ ਪ੍ਰੇਮੀ ਕੇਲੇ ਤੋਂ ਕਰੇਲਾ ਅਤੇ ਖਜੂਰ ਤੋਂ ਛੁਹਾਰਾ ਬਣ ਜਾਂਦਾ ਹੈ।

ਇਕ-ਤਰਫ਼ਾ ਪਿਆਰ ਕਰਨ ਵਾਲੇ, ਆਪੇ ਸਿਰਜੀ ਅਤੇ ਐਲਾਨੀ ਪ੍ਰੇਮਿਕਾ ਦੇ ਵਿਆਹੇ ਜਾਣ 'ਤੇ ਬਹੁਤ ਅਧਿਕ ਵਿਰਲਾਪ ਕਰਦੇ ਹਨ।

ਜਿਨ੍ਹਾਂ ਦਾ ਨਵਾਂ-ਨਵਾਂ ਦਿਲ ਟੁੱਟਿਆ ਹੋਵੇ, ਉਹ ਉਦਾਸ ਹੋਣ ਅਤੇ ਮਾਯੂਸ ਦਿਸਣ ਵਿਚ ਮਾਹਿਰ ਹੋ ਜਾਂਦੇ ਹਨ ਅਤੇ ਉਨ੍ਹਾਂ ਨੂੰ ਵੇਖ ਕੇ ਸਹਿਜੇ ਹੀ ਵਿਸ਼ਵਾਸ ਹੋ ਜਾਂਦਾ ਹੈ ਕਿ ਪ੍ਰੇਮੀ ਦੇ ਦਿਲ ਦੀ ਚੌਗਾਠ ਵਿਚ ਕਾਣ ਪੈ ਗਈ ਹੈ ਅਤੇ ਉਸ ਦੀਆਂ ਅੱਖਾਂ ਦਾ ਕੋਨਾ ਸੋਕੇ ਵਿਚ ਵੀ ਚੋਂਦਾ ਰਹਿੰਦਾ ਹੈ।

ਦਿਲ ਟੁੱਟਣ ਦੀ ਪ੍ਰਕਿਰਿਆ ਨੂੰ ਸਮਝਣ ਲਈ ਜ਼ਰੂਰੀ ਹੈ ਕਿ ਜਾਣਿਆ ਜਾਵੇ ਕਿ ਟੁੱਟਣ ਵਾਲਾ ਪਿਆਰ ਪੈਂਦਾ ਕਿਵੇਂ ਅਤੇ ਕਿਨ੍ਹਾਂ ਨਾਲ ਹੈ ਅਤੇ ਦਿਲ ਕਦੋਂ, ਕਿੱਥੇ, ਕਿਤਨਾ ਅਤੇ ਕਿਵੇਂ ਟੁੱਟਦਾ ਹੈ।

ਪਿਆਰ ਕੇਵਲ ਮਨੁੱਖ ਕਰਦੇ ਹਨ, ਪਸ਼ੂ ਸੰਭੋਗ ਹੀ ਕਰਦੇ ਹਨ।

ਮਨੁੱਖ ਕਰਦੇ ਤਾਂ ਪਿਆਰ ਹਨ ਪਰ ਉਦੇਸ਼ ਸੰਭੋਗ ਹੀ ਹੁੰਦਾ ਹੈ।

ਜੀਵਨ ਦੇ ਪਹਿਲੇ ਸੱਤ ਸਾਲ ਤੱਕ ਬੱਚਾ ਸਵੈ-ਕੇਂਦਰਿਤ ਹੁੰਦਾ ਹੈ। ਲਗਭਗ ਚੌਦਾਂ ਸਾਲ ਤੱਕ ਲੜਕੇ, ਲੜਕਿਆਂ ਨਾਲ ਅਤੇ ਲੜਕੀਆਂ, ਲੜਕੀਆਂ ਨਾਲ

ਖੇਡਦੀਆਂ ਹਨ। ਇਸ ਉਪਰੰਤ ਲਗਭਗ ਇੱਕੀ ਸਾਲ ਦੀ ਉਮਰ ਤੱਕ ਲੜਕੇ, ਲੜਕੀਆਂ ਵਿਚ ਅਤੇ ਲੜਕੀਆਂ, ਲੜਕਿਆਂ ਵਿਚ ਦਿਲਚਸਪੀ ਲੈਣ ਲੱਗ ਪੈਂਦੀਆਂ ਹਨ। ਇਸ ਨੂੰ ਕਿਸ਼ੋਰ ਅਵਸਥਾ ਅਤੇ ਜਵਾਨੀ ਦਾ ਮੁੱਢਲਾ ਦੌਰ ਕਿਹਾ ਜਾ ਸਕਦਾ ਹੈ। ਕਿਸ਼ੋਰ ਅਵਸਥਾ ਦੌਰਾਨ ਸਰੀਰ ਵਿਚ ਤਬਦੀਲੀਆਂ ਵਾਪਰਦੀਆਂ ਹਨ, ਨਵੀਂ ਊਰਜਾ ਉਪਜਦੀ ਹੈ ਅਤੇ ਕਾਮ-ਇੱਛਾ ਦਾ ਜਨਮ ਹੁੰਦਾ ਹੈ।

ਇਸ ਅਵਸਥਾ ਵਿਚ ਲੜਕੀਆਂ ਅਤੇ ਲੜਕੇ ਮੂੰਹ-ਜ਼ੋਰ ਹੋ ਜਾਂਦੇ ਹਨ, ਮਾਪਿਆਂ ਵਲੋਂ ਉਨ੍ਹਾਂ ਨੂੰ ਬੱਚੇ ਸਮਝਣਾ, ਉਨ੍ਹਾਂ ਨੂੰ ਪ੍ਰਵਾਨ ਨਹੀਂ ਰਹਿੰਦਾ ਅਤੇ ਉਹ ਆਪਣੇ ਫੈਸਲੇ ਆਪ ਕਰਨੇ ਚਾਹੁੰਦੇ ਹਨ।

ਇਨ੍ਹਾਂ ਹਾਲਤਾਂ ਵਿਚ ਪਹਿਲਾ ਪਿਆਰ ਵਾਪਰਦਾ ਹੈ, ਜਿਹੜਾ ਅਕਸਰ ਨੇੜਲੀ ਰਿਸ਼ਤੇਦਾਰੀ ਵਿਚਲੇ ਮੁੰਡੇ-ਕੁੜੀਆਂ ਜਾਂ ਜਮਾਤੀਆਂ ਵਿਚਕਾਰ ਹੁੰਦਾ ਹੈ।

ਦੋਵੇਂ ਧਿਰਾਂ ਇਕ-ਦੂਜੇ ਦੇ ਸੰਸਾਰ ਵਿਚ ਝਾਕਣਾ ਚਾਹੁੰਦੀਆਂ ਹਨ ਕਿਉਂਕਿ ਦੋਹਾਂ ਨੂੰ ਨਵੇਂ ਸਵਾਦਾਂ ਦਾ ਪਤਾ ਲੱਗਦਾ ਹੈ।

ਕੁਦਰਤ ਦੀ ਦ੍ਰਿਸ਼ਟੀ ਤੋਂ ਇਸ ਉਮਰ ਵਿਚ ਪੁਰਸ਼ ਅਤੇ ਇਸਤਰੀ ਵਿਆਹ ਵਾਲੇ ਕਾਰਜ ਕਰਨ ਯੋਗ ਹੋ ਜਾਂਦੇ ਹਨ ਪਰ ਸਮਾਜਿਕ-ਆਰਥਿਕ ਕਾਰਨਾਂ ਕਰਕੇ ਇਨ੍ਹਾਂ ਦਾ ਹੋਰ ਲਗਭਗ ਅੱਠ-ਦੱਸ ਸਾਲ ਤੱਕ ਵਿਆਹ ਨਹੀਂ ਹੋਣਾ ਹੁੰਦਾ, ਸੋ ਇਹ ਅਰਸਾ ਪਿਆਰ ਦੇ ਅਰਧ-ਵਿਆਹੇ ਦੌਰ ਵਿਚੋਂ ਲੰਘਦਾ ਹੈ।

ਇਸ ਉਮਰ ਵਿਚ ਇਕ ਪਾਸੇ ਪੜ੍ਹਾਈ ਦੀ ਚਿੰਤਾ ਹੁੰਦੀ ਹੈ, ਦੂਜੇ ਪਾਸੇ ਕਾਮ ਦੇ ਜਜ਼ਬੇ ਦੀ ਸ਼ਿੱਦਤ ਪਰੇਸ਼ਾਨ ਕਰ ਰਹੀ ਹੁੰਦੀ ਹੈ।

ਵੀਹ ਕੁ ਸਾਲ ਦੀ ਉਮਰ ਤੱਕ ਪਿਆਰ-ਅਨੁਭਵ ਬੜਾ ਤੀਬਰ ਹੁੰਦਾ ਹੈ, ਜਿਹੜਾ ਦੋਹਾਂ ਦੇ ਪੈਰ ਉਖਾੜ ਦਿੰਦਾ ਹੈ।

ਵੀਹ-ਬਾਈ ਸਾਲ ਦੀ ਆਦਰਸ਼ਵਾਦੀ ਉਮਰ ਵਿਚ ਪੈਣ ਵਾਲੇ ਪਹਿਲੇ ਪਿਆਰ ਦਾ ਉਦੇਸ਼ ਵਧੇਰੇ ਕਰਕੇ ਵਿਆਹ ਕਰਨਾ ਹੁੰਦਾ ਹੈ।

ਅਜੋਕੇ ਸੰਸਾਰ ਵਿਚ ਸਭ ਪ੍ਰਕਾਰ ਦੀ ਖੁੱਲ੍ਹ, ਸੰਚਾਰ ਮਾਧਿਅਮਾਂ ਅਤੇ ਸਾਧਨਾਂ ਕਰਕੇ, ਬੱਚੇ ਜਲਦੀ ਜਵਾਨ ਹੋ ਜਾਂਦੇ ਹਨ ਅਤੇ ਪਹਿਲਾ ਪਿਆਰ ਅਕਸਰ ਸਕੂਲ ਵਿਚ ਹੀ ਪੈ ਜਾਂਦਾ ਹੈ ਅਤੇ ਦਿਲ ਟੁੱਟਣ ਦਾ ਅਹਿਸਾਸ ਵੀ ਜਲਦੀ ਹੀ ਹੋ ਜਾਂਦਾ ਹੈ। ਜਿਹੜੇ ਪਹਿਲੇ ਪਿਆਰ ਵਿਚ ਹੀ ਪਤੀ-ਪਤਨੀ ਬਣਨ ਦੀਆਂ ਸੌਂਹਾਂ ਖਾਣ ਲੱਗ ਪੈਂਦੇ ਹਨ, ਉਨ੍ਹਾਂ ਵਿਚ ਪ੍ਰੇਮੀ ਬਣਨ ਦੀਆਂ ਸੰਭਾਵਨਾਵਾਂ ਨਹੀਂ ਹੁੰਦੀਆਂ ਅਤੇ ਪਤੀ-ਪਤਨੀ ਬਣਨ ਦੀ ਸੂਝ-ਸਮਝ ਨਹੀਂ ਹੁੰਦੀ।

ਇਹ ਲੰਮਾ ਅਰਸਾ ਬਚਪਨ ਵਿਚ ਹੀ ਵਿਚਰਦੇ ਰਹਿੰਦੇ ਹਨ।

ਹੁਣ ਕਿਸੇ ਇਕ ਨਾਲ ਪਿਆਰ ਨਹੀਂ ਪੈਂਦਾ, ਇਕੋ ਵੇਲੇ ਜਾਂ ਅੱਗੇ-ਪਿੱਛੇ ਕਈਆਂ ਨਾਲ ਪਿਆਰ ਹੋਣ ਦੀਆਂ ਸੰਭਾਵਨਾਵਾਂ ਉਪਜ ਪਈਆਂ ਹਨ।

ਵੰਨ-ਸੁਵੰਨਤਾ ਅਜੋਕੇ ਯੁੱਗ ਦਾ ਵਿਸ਼ੇਸ਼ ਲੱਛਣ ਹੈ।

ਖੇਤੀਬਾੜੀ ਵਾਲੀ ਪੇਂਡੂ ਵਿਵਸਥਾ ਵਿਚ ਅਕਸਰ ਕਿਸੇ ਇਕ ਨਾਲ ਹੀ

ਪਿਆਰ ਪੈਂਦਾ ਸੀ, ਜਿਹੜਾ ਪੈਂਦਿਆਂ-ਪੈਂਦਿਆਂ ਹੀ ਪੈਂਦਾ ਸੀ ਅਤੇ ਵਿਆਹ ਦੀ ਇੱਛਾ ਤਾਂ ਹੁੰਦੀ ਸੀ ਪਰ ਸੰਭਾਵਨਾ ਉੱਕਾ ਹੀ ਨਹੀਂ ਸੀ ਹੁੰਦੀ। ਇਸ ਲਈ ਇਹ ਪਿਆਰ ਲੰਮਾ ਸਮਾਂ ਨਿਭਦਾ ਸੀ ਅਤੇ ਜੀਵਨ ਭਰ ਯਾਦ ਰਹਿੰਦਾ ਸੀ।

ਉਦੋਂ ਕਿਸੇ 'ਤੇ ਕਿਸੇ ਦਾ ਦਿਲ ਤੋੜਨ ਦਾ ਇਲਜ਼ਾਮ ਨਹੀਂ ਸੀ ਲੱਗਦਾ, ਦੋਵੇਂ ਆਪਣੀਆਂ ਆਪਣੀਆਂ ਮਜਬੂਰੀਆਂ ਅੱਗੇ ਹਾਰ ਜਾਂਦੇ ਸਨ।

ਹੁਣ ਜੀਵਨ ਵਿਚ ਹਰ ਕੋਈ ਔਸਤਨ ਚਾਰ-ਛੇ ਪਿਆਰ ਹੰਢਾਉਂਦਾ ਹੈ।

ਹੁਣ ਜਦੋਂ ਕਿਸੇ ਨਾਲ ਪਿਆਰ ਹੋ ਜਾਂਦਾ ਹੈ ਤਾਂ ਛੇ-ਅੱਠ ਮਹੀਨਿਆਂ ਵਿਚ ਹੀ ਕੋਈ ਤੀਜੀ ਧਿਰ ਉਪਜ ਪੈਂਦੀ ਹੈ ਅਤੇ ਇਸ ਤੀਜੀ ਧਿਰ ਦੇ ਉਭਰਨ ਕਾਰਨ ਰਿਸ਼ਤਾ ਆਹਮੋ-ਸਾਹਮਣੇ ਦਾ ਨਾ ਰਹਿ ਕੇ, ਤਿਕੋਣਾ ਹੋ ਜਾਂਦਾ ਹੈ।

ਸਾਡੀਆਂ ਫਿਲਮਾਂ ਵਿਚ ਦੋ ਇਸਤਰੀਆਂ, ਇਕ ਪੁਰਸ਼ ਨੂੰ ਜਾਂ ਦੋ ਪੁਰਸ਼ ਇਕ ਇਸਤਰੀ ਨੂੰ ਪਿਆਰ ਕਰਦੇ ਹਨ ਅਤੇ ਰਿਸ਼ਤਿਆਂ ਦੀ ਤਿਕੋਣ ਕਾਰਨ ਹੀ ਫਿਲਮ ਰੌਚਕ ਬਣਦੀ ਹੈ। ਰਿਸ਼ਤੇ ਦੇ ਤਿਕੋਣਾ ਬਣਨ ਉਪਰੰਤ, ਕੋਨ ਵਧਦੇ ਹੀ ਜਾਂਦੇ ਹਨ। ਰਿਸ਼ਤਿਆਂ ਦੀ ਤਿਕੋਣ ਵਿਚ, ਵਿਆਹ ਦੇ ਸੰਬੰਧ ਵਿਚ, ਇਸਤਰੀ ਆਪਣੇ ਦੋਹਾਂ ਪ੍ਰੇਮੀਆਂ ਅਤੇ ਪੁਰਸ਼ ਆਪਣੀਆਂ ਦੋਹਾਂ ਪ੍ਰੇਮਿਕਾਵਾਂ ਦੇ ਗੁਣਾਂ-ਲੱਛਣਾਂ ਦਾ ਤੁਲਨਾਤਮਕ ਵਿਸ਼ਲੇਸ਼ਣ ਕਰਕੇ ਅਕਸਰ ਇਕ ਨੂੰ ਰੱਦ ਅਤੇ ਦੂਜੀ ਨੂੰ ਪ੍ਰਵਾਨ ਕਰਦਾ ਹੈ। ਇਵੇਂ ਰੱਦ ਹੋਣ ਵਾਲੀ ਧਿਰ ਦਾ ਦਿਲ ਟੁੱਟਦਾ ਹੈ।

ਪ੍ਰੇਮੀ-ਪ੍ਰੇਮਿਕਾ ਕਿਹੋ ਜਿਹੇ ਵੀ ਹੋਣ, ਇਕ-ਦੂਜੇ ਨੂੰ ਤਿਆਗਣ ਦਾ ਕਾਰਜ ਉਦੋਂ ਹੀ ਸੰਭਵ ਹੁੰਦਾ ਹੈ, ਜਦੋਂ ਉਸ ਦਾ ਬਦਲ ਉਪਜਦਾ ਹੈ।

ਹੁਣ ਕਈ ਪੁਰਸ਼ਾਂ-ਇਸਤਰੀਆਂ ਵਿਚ ਤਿਕੋਣੇ ਹੀ ਨਹੀਂ, ਬਹੁਕੋਣੇ ਰਿਸ਼ਤੇ ਹੰਢਾਉਣ ਦੀ ਯੋਗਤਾ ਵੀ ਉਪਜ ਪਈ ਹੈ। ਉਪਰੋਕਤ ਸਥਿਤੀ ਕਾਰਨ ਹੁਣ ਪਿਆਰ ਤੇਜ਼ੀ ਨਾਲ ਪੈ ਰਹੇ ਹਨ ਅਤੇ ਪੂਰੀ ਰਫ਼ਤਾਰ ਨਾਲ ਟੁੱਟ ਰਹੇ ਹਨ।

ਜਿਹੜੇ ਆਪਣੇ ਕਰਤੱਵ ਨੂੰ ਯੋਗ ਮਹੱਤਵ ਦਿੰਦੇ ਹਨ, ਉਹ ਦਿਲ ਟੁੱਟਣ 'ਤੇ ਨਿਰੋਲ ਭਾਵਕਤਾ ਦੀ ਥਾਂ, ਕੁਝ-ਕੁਝ ਤਰਕ-ਸੰਗਤ ਢੰਗ ਨਾਲ ਸੋਚਣ ਕਾਰਨ, ਜਲਦੀ ਸੰਭਲ ਜਾਂਦੇ ਹਨ।

ਵੀਹ-ਬਾਈ ਸਾਲ ਦੀ ਉਮਰ ਵਿਚ ਪਿਆਰ ਦੀ ਥਾਂ, ਰੋਜ਼ਗਾਰ ਪਹਿਲੀ ਤਰਜੀਹ ਬਣਨ ਕਾਰਨ, ਦਿਲ ਟੁੱਟਣ ਦਾ ਸੋਗ ਘੱਟ ਜਾਂਦਾ ਹੈ।

ਭਾਰਤ ਵਿਚ ਪ੍ਰੇਮੀ ਦਿਲ ਟੁੱਟਣ 'ਤੇ, ਮਨੋਵਿਗਿਆਨਕ ਅਤੇ ਭਾਵਕ ਉਲਝਣਾਂ ਦੇ ਮਾਹਿਰਾਂ ਦੀ ਮਦਦ ਲੈਣ ਤੋਂ ਝਿਜਕਦੇ ਹਨ, ਕਾਰਨ ਇਹ ਹੈ ਕਿ ਮਾਹਿਰ ਉਹੀ ਹੁੰਦੇ ਹਨ, ਜਿਹੜੇ ਪਾਗਲਾਂ ਦਾ ਇਲਾਜ ਵੀ ਕਰਦੇ ਹਨ, ਸੋ ਪ੍ਰੇਮੀ ਪਾਗਲ ਕਹਾਏ ਜਾਣ ਤੋਂ ਡਰਦੇ ਹਨ। ਮਾਹਿਰਾਂ ਕੋਲ ਜਾਣ ਦੇ ਪੈਸੇ ਵੀ ਲੱਗਦੇ ਹਨ, ਜਿਹੜੇ ਬੇਰੋਜ਼ਗਾਰ ਪ੍ਰੇਮੀਆਂ ਕੋਲ ਹੁੰਦੇ ਨਹੀਂ। ਇਕ ਕਾਰਨ ਇਹ ਵੀ ਹੈ ਕਿ ਸਾਨੂੰ ਆਪਣੀ ਸਮੱਸਿਆ ਦੱਸਣੀ ਵੀ ਨਹੀਂ ਆਉਂਦੀ, ਅਸੀਂ ਅਸਲ ਗੱਲ ਨਹੀਂ ਦੱਸਦੇ, ਸੱਚ ਨਹੀਂ ਬੋਲਦੇ ਅਤੇ ਬੇਲੋੜੇ ਵੇਰਵੇ ਦੇਣ ਲੱਗ ਪੈਂਦੇ ਹਾਂ।

ਜਦੋਂ ਅਸੀਂ ਆਪਣੇ ਦਿਲ ਟੁੱਟਣ ਦੀ ਗੱਲ ਕਿਸੇ ਜਾਣੂ ਜਾਂ ਰਿਸ਼ਤੇਦਾਰ ਨਾਲ ਕਰਦੇ ਹਾਂ ਤਾਂ ਉਹ ਸਾਡਾ ਹੀ ਮੁਲਾਂਕਣ ਕਰਨ ਲੱਗ ਪੈਂਦਾ ਹੈ।

ਜਦੋਂ ਪਰਿਵਾਰ ਨੂੰ ਦੱਸਿਆ ਜਾਂਦਾ ਹੈ ਤਾਂ ਪਰਿਵਾਰ ਸਾਨੂੰ ਸੁਣਦਾ ਘੱਟ ਅਤੇ ਸਾਡੇ 'ਤੇ ਹੱਸਦਾ ਵਧੇਰੇ ਹੈ, ਜਿਵੇਂ ਕਹਿ ਰਿਹਾ ਹੋਵੇ: 'ਤੁਸੀਂ ਪਿਆਰ ਕਰਨ ਜੋਗੇ ਵੀ ਹੋ ਗਏ ਹੋ!' ਪਰੰਤੂ ਸਹੇਲੀਆਂ ਜਾਂ ਦੋਸਤ ਤੁਹਾਡੀ ਸਮੱਸਿਆ ਨੂੰ ਤੁਹਾਡੇ ਦ੍ਰਿਸ਼ਟੀਕੋਣ ਤੋਂ ਵੇਖਣ-ਸੁਣਨ-ਸਮਝਣ ਦਾ ਯਤਨ ਵੀ ਕਰਨਗੇ।

ਜਦੋਂ ਕਿਸੇ ਦਾ ਦਿਲ ਟੁੱਟਦਾ ਹੈ ਤਾਂ ਉਹ ਅਕਸਰ ਪੁੱਛਦਾ ਹੈ: ਇਸ ਅਸਹਿ ਸਦਮੇ ਵਿਚੋਂ ਬਾਹਰ ਕਿਵੇਂ ਆਇਆ ਜਾ ਸਕਦਾ ਹੈ? ਕੀ ਉਸ ਨੂੰ ਭੁੱਲਿਆ ਜਾ ਸਕਦਾ ਹੈ? ਕੀ ਕਿਸੇ ਹੋਰ ਨਾਲ ਸੱਚਾ ਪਿਆਰ ਹੋ ਸਕੇਗਾ? ਮੈਨੂੰ ਉਸ ਦੀ ਬਾਰ-ਬਾਰ ਯਾਦ ਕਿਉਂ ਆਉਂਦੀ ਹੈ? ਸੰਭਲਣ ਲਈ ਮੈਨੂੰ ਕੀ ਕਰਨਾ ਚਾਹੀਦਾ ਹੈ? ਇਨ੍ਹਾਂ ਪ੍ਰਸ਼ਨਾਂ ਦੇ ਉੱਤਰ ਹਨ: ਜੇ ਰੁਝੇਵੇਂ ਅਤੇ ਉਦੇਸ਼ ਹੋਣਗੇ ਤਾਂ ਸਦਮੇ ਵਿਚੋਂ ਜਲਦੀ ਬਾਹਰ ਆ ਜਾਵੋਗੇ। ਜਦੋਂ ਕਿਸੇ ਹੋਰ ਵਿਚ ਦਿਲਚਸਪੀ ਜਾਗੇਗੀ ਤਾਂ ਪਹਿਲੇ ਅਸਫਲ ਪਿਆਰ ਨੂੰ ਜ਼ਰੂਰ ਭੁੱਲ ਜਾਵੋਗੇ। ਭਾਵੇਂ ਨਵੀਂ ਦਿਲਚਸਪੀ ਇਕ-ਪਾਸੜ ਹੀ ਹੋਵੇ, ਇਹ ਜਾਗਦੀ ਹੈ ਅਤੇ ਇਹ ਜਾਗੇਗੀ, ਕਿਉਂਕਿ ਜੋ ਇਕ ਵਾਰੀ ਹੋਇਆ ਹੁੰਦਾ ਹੈ, ਉਹ ਦੁਬਾਰਾ ਵੀ ਵਾਪਰ ਸਕਦਾ ਹੈ ਅਤੇ ਵਾਪਰਦਾ ਹੈ।

ਇਹ ਵੀ ਹੋ ਸਕਦਾ ਹੈ ਕਿ ਤੁਹਾਡਾ ਦਿਲ ਇਕ ਵਾਰੀ ਹੋਰ ਟੁੱਟੇ ਪਰ ਇਸ ਨੂੰ ਬਰਦਾਸ਼ਤ ਕਰਨਾ ਮੁਸ਼ਕਿਲ ਨਹੀਂ ਹੋਵੇਗਾ।

ਇਸਤਰੀਆਂ ਨੂੰ ਨਵਾਂ ਪਿਆਰ ਪਾਉਣ ਵਿਚ ਉਤਨੀ ਮੁਸ਼ਕਿਲ ਨਹੀਂ ਹੁੰਦੀ, ਜਿਤਨੀ ਪੁਰਸ਼ਾਂ ਨੂੰ ਹੁੰਦੀ ਹੈ।

ਸਥਿਤੀ ਉਦੋਂ ਗੰਭੀਰ ਬਣ ਜਾਂਦੀ ਹੈ ਜੇ ਦੋਵੇਂ ਇਕ ਹੀ ਥਾਂ ਪੜ੍ਹਦੇ ਜਾਂ ਕੰਮ ਕਰਦੇ ਜਾਂ ਰਹਿੰਦੇ ਹੋਣ ਅਤੇ ਰੋਜ਼ ਸਾਹਮਣਾ ਹੁੰਦਾ ਹੋਵੇ। ਅਜਿਹੀ ਸਥਿਤੀ ਵਿਚ ਦਿਲ ਦਾ ਟੁੱਟਣਾ ਵਧੇਰੇ ਪੀੜਤ ਕਰਦਾ ਹੈ।

ਕੰਮਾਂ ਵਿਚ ਰੁਝੋ, ਪੁਸਤਕਾਂ ਪੜ੍ਹੋ, ਨਵੇਂ ਸ਼ੌਕ ਪਾਲੋ, ਪੁਰਾਣੇ ਗੀਤ ਸੁਣੋ, ਸੈਰ ਕਰੋ, ਰੌਣਕ ਵਾਲੀ ਥਾਂ ਜਾਓ, ਗੁਆਚਿਆ ਸੰਤੁਲਨ ਬਹਾਲ ਹੋ ਜਾਵੇਗਾ।

ਨਵੇਂ ਹੋਏ ਨੁਕਸਾਨ ਦਾ ਬਾਰ-ਬਾਰ ਖਿਆਲ ਆਉਣਾ ਸੁਭਾਵਕ ਹੁੰਦਾ ਹੈ।

ਭਾਵਕ ਨੁਕਸਾਨ, ਪਦਾਰਥਕ ਹਾਨੀਆਂ ਨਾਲੋਂ ਵਧੇਰੇ ਦੁਖਦਾਈ ਹੁੰਦੇ ਹਨ।

ਕੋਈ ਕਾਰਨ ਨਹੀਂ ਕਿ ਤੁਸੀਂ ਕਿਸੇ ਹੋਰ ਨੂੰ ਪਿਆਰ ਨਹੀਂ ਕਰ ਸਕੋਗੇ।

ਦੂਜੇ ਪਿਆਰ ਵਿਚ, ਪਹਿਲੇ ਪਿਆਰ ਦਾ ਤਜਰਬਾ ਕੰਮ ਆਵੇਗਾ।

ਜਿਸ ਨੇ ਦਿਲ ਤੋੜਿਆ ਹੈ, ਉਸ ਨੂੰ ਭੁੱਲਣ ਲਈ ਉਹ ਚੀਜ਼ਾਂ ਤਿਆਗ ਦਿਓ, ਜਿਨ੍ਹਾਂ ਤੋਂ ਉਸ ਦੀ ਯਾਦ ਆਉਂਦੀ ਹੈ। ਉਸ ਦੀਆਂ ਤਸਵੀਰਾਂ ਨਾ ਵੇਖੋ। ਅਜਿਹੀ ਸਥਿਤੀ ਵਿਚ ਇਕੱਲੇ ਨਾ ਵਿਚਰੋ ਅਤੇ ਕਿਸੇ ਨਾਲ ਰਲ ਕੇ ਕੁਝ ਕਰਨ ਦਾ ਬੀੜਾ ਚੁੱਕੋ। ਜੇ ਫਿਰ ਵੀ ਉਸ ਦੀ ਯਾਦ ਆਉਂਦੀ ਹੈ ਆਉਣ ਦਿਓ, ਜਿਵੇਂ ਇਹ ਯਾਦ ਆਪ-ਮੁਹਾਰੇ ਆਈ ਹੈ, ਉਵੇਂ ਹੀ ਆਪ-ਮੁਹਾਰੇ ਚਲੀ ਜਾਵੇਗੀ। ਯਾਦ ਹੀ ਆਈ ਹੈ, ਉਹ ਆਪ ਤਾਂ ਨਹੀਂ ਆਈ। ਇਹ ਵੀ ਯਾਦ ਰੱਖੋ ਕਿ ਨਿਰਮੋਹੀ ਪੰਛੀ ਉੱਡ

ਗਿਆ ਹੈ, ਅਸਮਾਨ ਖ਼ਾਲੀ ਹੈ, ਸੋ ਅਜ਼ਾਦੀ ਦਿਵਸ ਮਨਾਓ, ਦੋਸਤਾਂ, ਸਹੇਲੀਆਂ ਨਾਲ ਸਮਾਂ ਗੁਜ਼ਾਰੋ।

ਆਪਣੀਆਂ ਗਲਤੀਆਂ 'ਤੇ ਹੱਸੋ ਅਤੇ ਜੋ ਬਚ ਗਿਆ ਹੈ, ਉਸ ਦਾ ਮਾਣ ਕਰੋ।

ਸਾਬਕਾ ਪ੍ਰੇਮੀ ਜਾਂ ਪ੍ਰੇਮਿਕਾ ਨਾਲ ਕੋਈ ਸੰਪਰਕ ਨਹੀਂ ਰੱਖਣਾ ਚਾਹੀਦਾ, ਉਸ ਨੂੰ ਮਨਾਉਣ ਜਾਂ ਟੁੱਟੇ ਸੁਪਨੇ ਨੂੰ ਜੋੜਨ ਦਾ ਯਤਨ ਸਫਲ ਨਹੀਂ ਹੋਵੇਗਾ।

ਜੇ ਟੁੱਟਿਆ ਰਿਸ਼ਤਾ ਬਹਾਲ ਹੋ ਵੀ ਜਾਵੇ, ਉਸ ਵਿਚੋਂ ਤਸੱਲੀ ਨਹੀਂ ਮਿਲੇਗੀ।

ਜੇ ਕਿਸੇ ਸਦਮੇ ਦਾ ਲੋੜੀਂਦੀ ਮਾਤਰਾ ਅਤੇ ਮਿਆਦ ਤੱਕ ਸੋਗ ਮਨਾ ਲਿਆ ਜਾਵੇ ਤਾਂ ਸਦਮਾ, ਸਦਮਾ ਨਹੀਂ ਰਹਿੰਦਾ, ਅਨੁਭਵ ਅਤੇ ਤਜਰਬਾ ਬਣ ਜਾਂਦਾ ਹੈ, ਜਿਸ ਨਾਲ ਸਾਡੀ ਸ਼ਖ਼ਸੀਅਤ ਨਿਖਰਦੀ ਵੀ ਹੈ ਅਤੇ ਬਲਵਾਨ ਵੀ ਹੁੰਦੀ ਹੈ।

ਇਹੀ ਕਾਰਨ ਹੈ ਕਿ ਹਰ ਮਗਰਲਾ ਪਿਆਰ, ਪਹਿਲੇ ਨਾਲੋਂ ਵੱਧ ਦਿਲਚਸਪ, ਸੰਤੁਲਤ ਅਤੇ ਵਧੇਰੇ ਸੰਭਾਵਨਾਵਾਂ ਵਾਲਾ ਹੁੰਦਾ ਹੈ।

ਜਿਨ੍ਹਾਂ ਦਾ ਦਿਲ ਨਹੀਂ ਟੁੱਟਦਾ ਅਤੇ ਪ੍ਰੇਮ-ਵਿਆਹ ਹੋ ਜਾਂਦਾ ਹੈ, ਉਨ੍ਹਾਂ ਦੀ ਹਾਲਤ ਦਿਲ ਟੁੱਟਣ ਵਾਲਿਆਂ ਦੀ ਹਾਲਤ ਤੋਂ ਚੰਗੇਰੀ ਨਹੀਂ ਹੁੰਦੀ, ਕਿਉਂਕਿ ਜੇ ਪ੍ਰੇਮੀ ਅਤੇ ਪ੍ਰੇਮਿਕਾ ਨੂੰ ਇਕ ਦੂਜੇ ਨਾਲ ਪਤੀ-ਪਤਨੀ ਵਾਂਗ ਰਹਿਣਾ ਪੈਂਦਾ ਹੈ ਤਾਂ ਉਸ ਨੂੰ ਉਹ ਪ੍ਰੇਮਿਕਾ ਜਾਂ ਪ੍ਰੇਮੀ ਕੋਈ ਹੋਰ ਬੰਦਾ ਪ੍ਰਤੀਤ ਹੋਣ ਲੱਗ ਪੈਂਦਾ ਹੈ ਅਤੇ ਦੋਹਾਂ ਨੂੰ ਆਪਣੀ ਚੋਣ ਦਾ ਮਾਣ ਨਹੀਂ ਰਹਿੰਦਾ।

ਪਿਆਰ ਵਿਚ ਸਾਨੂੰ ਵਿਸ਼ੇਸ਼ ਵਿਅਕਤੀ ਵਾਲਾ ਤਰਜੀਹੀ ਵਿਹਾਰ ਮਿਲਦਾ ਹੈ, ਜਦੋਂ ਕਿ ਵਿਆਹ ਉਪਰੰਤ ਸਾਡੇ ਹਰੇਕ ਵਿਹਾਰ ਦੀ ਪੁੱਣਛਾਣ ਹੁੰਦੀ ਹੈ। ਜੇ ਪ੍ਰੇਮੀ-ਪ੍ਰੇਮਿਕਾ ਦਾ ਪੰਜ ਸਾਲ ਪਿਆਰ ਚੱਲਿਆ ਹੋਵੇ ਅਤੇ ਉਨ੍ਹਾਂ ਦਾ ਵਿਆਹ ਹੋ ਜਾਵੇ ਤਾਂ ਇਕ ਮਹੀਨੇ ਉਪਰੰਤ, ਉਨ੍ਹਾਂ ਦਾ ਵਿਆਹ ਇਕ ਮਹੀਨਾ ਪੁਰਾਣਾ ਨਹੀਂ ਹੁੰਦਾ, ਪੰਜ ਸਾਲ ਇਕ ਮਹੀਨਾ ਪੁਰਾਣਾ ਹੋ ਜਾਂਦਾ ਹੈ ਅਤੇ ਉਹ ਦੋਵੇਂ ਜਲਦੀ ਹੀ ਅਕੇਵੇਂ ਕਾਰਨ, ਇਕ-ਦੂਜੇ ਤੋਂ ਅਵੇਸਲੇ ਹੋਣ ਲੱਗ ਪੈਂਦੇ ਹਨ।

ਅਜੋਕੇ ਸੰਸਾਰ ਵਿਚ ਇਹ ਸੋਚ ਕੇ ਪਿਆਰ ਕਰੋ ਕਿ ਦਿਲ ਨੇ ਟੁੱਟਣਾ ਹੀ ਹੈ, ਸੋ ਲੋੜੀਂਦੀ ਤਿਆਰੀ ਕਰਕੇ ਰੱਖਣੀ ਚਾਹੀਦੀ ਹੈ ਪਰ ਨਵੀਂ ਗੱਲ ਇਹ ਹੈ ਕਿ ਹੁਣ ਟੁੱਟੇ ਦਿਲ ਨੂੰ ਵੀ ਪਲੱਸਤਰ ਲੱਗ ਜਾਂਦਾ ਹੈ।

ਕੋਈ ਐਲਾਨ ਕਰਕੇ ਕਿਸੇ ਦਾ ਦਿਲ ਨਹੀਂ ਤੋੜਦਾ।

ਦਿਲ ਟੁੱਟਣ ਉਪਰੰਤ ਆਪਣੇ ਆਪ ਨੂੰ ਚੰਗੀ ਕਿਸਮਤ ਵਾਲਾ ਸਮਝੋ ਕਿ ਤੁਹਾਨੂੰ ਕਿਸੇ ਨੇ ਪਿਆਰ ਕੀਤਾ ਸੀ ਅਤੇ ਉਸ ਨੇ ਤੁਹਾਨੂੰ ਤਿਆਗਣਯੋਗ ਵੀ ਸਮਝਿਆ ਹੈ ਅਤੇ ਤੁਹਾਡੇ ਉਤੇ ਹਮੇਸ਼ਾ ਵਾਸਤੇ ਕਬਜ਼ਾ ਨਹੀਂ ਕੀਤਾ।

+ + +

ਯੁੱਗ-ਬਦਲੀ

ਯੁੱਗ ਉਦੋਂ ਅਤੇ ਉੱਥੇ ਹੀ ਬਦਲਦੇ ਹਨ, ਜਿੱਥੇ ਯੁੱਗ ਨੂੰ ਬਦਲਣ ਵਾਲੀਆਂ ਪਰਿਸਥਿਤੀਆਂ ਪੈਦਾ ਹੁੰਦੀਆਂ ਹਨ ਅਤੇ ਬਦਲਣ ਵਾਲੇ ਸੋਚਵਾਨ ਅਤੇ ਸਿਧਾਂਤ ਵਾਲੇ ਗਿਆਨਵਾਨ ਅਤੇ ਹਿੰਮਤੀ ਵਿਅਕਤੀ ਜ਼ਿੰਮੇਵਾਰੀ ਚੁਕਦੇ ਹਨ।

ਹਿੰਮਤ ਅਤੇ ਗਿਆਨ ਦੀ ਹੋਂਦ-ਅਣਹੋਂਦ ਕਾਰਨ ਹੀ ਸੰਸਾਰ ਦੇ ਕੁਝ ਖੇਤਰ ਖ਼ੁਸ਼ਹਾਲ ਹਨ ਅਤੇ ਬਾਕੀ ਪੱਛੜੇ ਹੋਏ ਹਨ।

ਹਿੰਮਤ ਕਰਨ ਵਾਲੇ ਪਹਿਲਾਂ ਪਰਿਵਰਤਨ ਦਾ ਸੁਪਨਾ ਵੇਖਦੇ ਹਨ, ਫਿਰ ਢੁੱਕਵੇਂ ਸਾਧਨ ਜੁਟਾਉਂਦੇ ਹਨ ਅਤੇ ਆਪਣੀ ਵਿਉਂਤਬੰਦੀ ਅਤੇ ਮਿਹਨਤ ਨਾਲ ਆਪਣੇ ਸੁਪਨੇ ਨੂੰ ਯਥਾਰਥ ਕਰ ਵਿਖਾਉਂਦੇ ਹਨ।

ਆਧੁਨਿਕ ਦ੍ਰਿਸ਼ਟੀ ਤੋਂ ਯੂਨਾਨੀਆਂ ਅਤੇ ਰੋਮਨਾਂ ਨੇ ਢਾਈ ਹਜ਼ਾਰ ਸਾਲ ਪਹਿਲਾਂ ਸੁਚੇਤ ਰੂਪ ਵਿਚ ਆਪਣਾ ਯੁੱਗ ਬਦਲਿਆ ਸੀ। ਅਜੋਕਾ ਰੋਮ, ਸੰਸਾਰ ਦਾ ਪਹਿਲਾ ਸ਼ਹਿਰ ਸੀ। ਸੰਸਾਰ ਵਿਚ ਦੱਸ ਲੱਖ ਦੀ ਅਬਾਦੀ ਪਾਰ ਕਰਨ ਵਾਲਾ ਪਹਿਲਾ ਸ਼ਹਿਰ ਵੀ ਰੋਮ ਸੀ। ਯੂਨਾਨੀ ਪਹਿਲੇ ਸਨ, ਜਿਨ੍ਹਾਂ ਨੇ ਵਿਸ਼ਵ ਦੇ ਸੰਦਰਭ ਵਿਚ ਸੋਚਿਆ। ਸੁਕਰਾਤ ਪਹਿਲਾ ਯੂਨਾਨੀ ਸੀ, ਜਿਸ ਦੀ ਸੋਚ ਵਿਸ਼ਵ-ਵਿਆਪੀ ਸੀ। ਉਹ ਸੰਸਾਰ ਵਿਚ ਪ੍ਰਗਟਾਵੇ ਦੀ ਅਜ਼ਾਦੀ ਦਾ ਪਹਿਲਾ ਸ਼ਹੀਦ ਸੀ। ਸਿਕੰਦਰ ਵੀ ਪਹਿਲਾ ਯੂਨਾਨੀ ਸੀ, ਜਿਸ ਨੇ ਸੰਸਾਰ ਨੂੰ ਜਿੱਤਣ ਦਾ ਸੰਕਲਪ ਕੀਤਾ ਸੀ।

ਅਜੋਕੇ ਸਮੇਂ ਵਿਚ ਸੰਸਾਰ ਦੇ ਉਹੀ ਦੇਸ਼ ਖ਼ੁਸ਼ਹਾਲ ਹਨ, ਜਿਨ੍ਹਾਂ ਦਾ ਪਿਛੋਕੜ ਯੂਨਾਨੀ ਜਾਂ ਰੋਮਨੀ ਹੈ। ਯੂਨਾਨੀ ਗਿਆਨ ਅਤੇ ਰੋਮਨੀ ਪ੍ਰਬੰਧ ਵਾਲਾ ਅਜੋਕਾ ਈਸਾਈ ਜਗਤ ਖ਼ੁਸ਼ਹਾਲ ਹੈ, ਵਿਕਸਿਤ ਹੈ, ਤਕਨਾਲੋਜੀ ਦਾ ਸਿਰਜਕ ਅਤੇ ਵਰਤੋਂਕਾਰ ਹੈ, ਸਮੇਂ ਦਾ ਪਾਬੰਦ ਅਤੇ ਵਿਗਿਆਨਕ ਹੈ।

ਅਜੋਕੇ ਸੰਸਾਰ ਉੱਤੇ ਵਾਸਤਵ ਵਿਚ ਯੋਰਪ ਜਾਂ ਪੱਛਮ ਦਾ ਰਾਜ ਹੈ।

ਅਮਰੀਕਾ ਅਜੋਕੇ ਪੱਛਮ ਦਾ ਵਿਸਥਾਰ ਹੈ। ਬਾਕੀ ਦਾ ਸੰਸਾਰ ਪੱਛਮ ਦੇ ਪਾਏ ਪੂਰਨਿਆਂ 'ਤੇ ਚਲ ਕੇ ਹੀ ਵਿਕਾਸ ਕਰ ਕੇ ਆਧੁਨਿਕ ਬਣ ਰਿਹਾ ਹੈ।

ਹਰ ਹੀਲੇ ਪੱਛਮ ਦਾ ਵਿਰੋਧ ਕਰਨ ਵਾਲੇ ਭਾਂਤ-ਭਾਂਤ ਦੇ ਕੱਟੜਵਾਦੀ, ਮੱਧਕਾਲੀ ਸਮੱਸਿਆਵਾਂ ਅਤੇ ਧਾਰਮਿਕ ਅੰਧ-ਵਿਸ਼ਵਾਸਾਂ ਵਿਚ ਉਲਝੇ ਹੋਣ ਕਾਰਨ, ਆਪਣੇ ਆਪ ਲਈ ਬਿਪਤਾਵਾਂ ਹੀ ਉਪਜਾ ਰਹੇ ਹਨ।

ਪੱਛਮ ਨਾਲ ਮਤਭੇਦ ਹੋ ਸਕਦੇ ਹਨ ਪਰ ਪੱਛਮ ਦੇ ਵਿਗਿਆਨਕ ਯੋਗਦਾਨ ਨੂੰ ਅੱਖੋਂ-ਪਰੋਖੇ ਕਰਨਾ ਸੰਭਵ ਨਹੀਂ ਹੈ।

ਹਰ ਧਰਮ ਨੇ ਸੰਸਾਰ ਦੀ ਉਤਪਤੀ ਅਤੇ ਸਮਾਜ ਦੇ ਨਿਰਮਾਣ ਅਤੇ ਮਨੁੱਖ ਦੀ ਸਥਿਤੀ ਬਾਰੇ ਆਪਣੀ-ਆਪਣੀ ਕਿਸਮ ਦੀਆਂ ਧਾਰਣਾਵਾਂ ਉਸਾਰੀਆਂ ਹਨ।

ਯੁੱਗਾਂ ਦੇ ਬਦਲਣ ਬਾਰੇ ਕਾਰਲ ਮਾਰਕਸ ਨੇ ਬੜੀ ਗੰਭੀਰਤਾ ਨਾਲ ਅਤੇ ਬੜੇ ਵਿਸਥਾਰ ਨਾਲ ਅਧਿਐਨ ਕੀਤਾ ਹੈ, ਜਿਸ ਨੂੰ ਉਸ ਨੇ ਇਤਿਹਾਸਕ ਪਦਾਰਥਵਾਦ ਦਾ ਨਾਂ ਦਿੱਤਾ ਹੈ, ਜਿਸ ਨਾਲ ਸੋਚ ਦਾ ਇਕ ਨਵਾਂ ਯੁੱਗ ਸ਼ੁਰੂ ਹੋਇਆ ਹੈ ਪਰ ਇਸ ਸੋਚ ਅਤੇ ਸਿਧਾਂਤ ਦਾ ਵਿਰੋਧ ਵੀ ਹੋਇਆ ਹੈ।

ਯੁੱਗ-ਬਦਲੀ ਦੇ ਵਿਸ਼ੇ ਨੂੰ ਕਈ ਢੰਗਾਂ ਨਾਲ, ਵੱਖ-ਵੱਖ ਆਧਾਰਾਂ ਅਤੇ ਵਿਭਿੰਨ ਦ੍ਰਿਸ਼ਟੀਕੋਣਾਂ ਨਾਲ ਪੇਸ਼ ਕੀਤਾ ਜਾ ਸਕਦਾ ਹੈ।

ਯੁੱਗ-ਬਦਲੀ ਵਿਚ ਕੇਂਦਰੀ ਨੁਕਤਾ ਪਰਿਵਰਤਨ ਹੁੰਦਾ ਹੈ।

ਸਮੁੱਚੇ ਸੰਸਾਰ ਨੂੰ ਸੋਚ ਦੇ ਪੱਖੋਂ ਪਰਿਵਰਤਨ-ਪੱਖੀ ਅਤੇ ਪਰਿਵਰਤਨ-ਵਿਰੋਧੀ ਵੰਨਗੀਆਂ ਵਿਚ ਵੰਡਿਆ ਜਾ ਸਕਦਾ ਹੈ।

ਆਲਸੀ ਅਤੇ ਸੁਸਤ ਲੋਕ ਪਰਿਵਰਤਨ ਤੋਂ ਡਰਦੇ ਹਨ ਅਤੇ ਅਗਲੇ ਜਨਮ ਅਤੇ ਕਿਸਮਤ ਦਾ ਭਾਂਜਵਾਦੀ ਸੰਕਲਪ ਉਸਾਰ ਕੇ ਆਪਣੀ ਬੌਧਿਕ ਕੰਗਾਲੀ ਦਾ ਹੀ ਪ੍ਰਮਾਣ ਦਿੰਦੇ ਹਨ ਅਤੇ ਪਰੰਪਰਾ ਨੂੰ ਦ੍ਰਿੜ ਕਰਵਾਉਂਦੇ ਹਨ।

ਭਾਰਤ ਨੇ ਸਤਿਯੁੱਗ, ਤ੍ਰੇਤਾਯੁੱਗ, ਦੁਆਪਰ ਅਤੇ ਕਲਿਯੁੱਗ ਦਾ ਸੰਕਲਪ ਉਸਾਰ ਕੇ ਮਨੁੱਖ ਦੇ ਨਿਰੰਤਰ ਨਿਘਰਨ ਦਾ ਅੰਧ-ਵਿਸ਼ਵਾਸੀ ਫ਼ਲਸਫ਼ਾ ਉਸਾਰਿਆ ਹੈ।

ਭਾਰਤ ਮੁੱਖ ਤੌਰ ਤੇ ਪੁਰਾਤਨਵਾਦੀ ਹੈ, ਇਹ ਆਪਣੀ ਹਰ ਚੀਜ਼ ਨੂੰ ਪੁਰਾਤਨ ਸਿੱਧ ਕਰਕੇ, ਨਾ ਇਹ ਕਿਸੇ ਪ੍ਰਕਾਰ ਦਾ ਪਰਿਵਰਤਨ ਲਿਆਉਣ ਦਾ ਯਤਨ ਕਰਦਾ ਹੈ ਨਾ ਹੀ ਇਹ ਕਿਸੇ ਪਰਿਵਰਤਨ ਨੂੰ ਪ੍ਰਵਾਨ ਕਰਦਾ ਹੈ।

ਸਾਡੇ ਪਿੰਡ ਪੁਰਾਤਨ ਪਰੰਪਰਾ ਦੀਆਂ ਪਾਠਸ਼ਾਲਾਵਾਂ ਹਨ। ਇਨ੍ਹਾਂ ਵਿਚ ਜੀਵਨ ਮੱਧਕਾਲੀ ਸੰਕਲਪਾਂ ਵਾਲਾ ਹੈ, ਜਿਸ ਕਾਰਨ ਭਾਰਤ ਵਿਚ ਜਾਤ-ਪਾਤ ਨੂੰ ਖ਼ਤਮ ਕਰਨ ਦੇ ਹਰੇਕ ਉਪਰਾਲੇ ਨਾਲ ਜਾਤ-ਪਾਤ ਹੋਰ ਦ੍ਰਿੜ੍ਹ ਹੀ ਹੋਈ ਹੈ।

ਜਾਤ-ਪਾਤ ਭਾਰਤ ਦਾ ਹੀ ਲੱਛਣ ਨਹੀਂ ਹੈ। ਸੰਸਾਰ ਵਿਚ ਜਿਥੇ ਵੀ ਖੇਤੀਬਾੜੀ, ਉਪਜੀਵਕਾ ਦਾ ਮੁੱਖ ਸਾਧਨ ਹੈ, ਉੱਥੇ ਕਿਸੇ ਨਾ ਕਿਸੇ ਰੂਪ ਵਿਚ ਜਾਤ-ਪਾਤ ਹੈ ਪਰ ਭਾਰਤ ਵਿਚ ਇਸ ਦੀਆਂ ਜੜ੍ਹਾਂ ਬੜੀਆਂ ਡੂੰਘੀਆਂ ਹਨ, ਜਿਹੜੀਆਂ ਇਹ ਦਰਸਾਉਂਦੀਆਂ ਹਨ ਕਿ ਭਾਰਤ ਵਿਚ ਪਰਿਵਰਤਨ ਦੀ ਚਾਲ ਬੜੀ ਹੌਲੀ ਹੈ।

ਭਾਰਤ ਦੇ ਇਤਿਹਾਸ ਨੇ ਚਾਰ ਮੁੱਖ ਮੋੜ ਕੱਟੇ ਹਨ: ਆਰੀਆਂ ਦਾ ਆਗਮਨ, ਬੁੱਧ ਦਾ ਪ੍ਰਗਟ ਹੋਣਾ, ਇਸਲਾਮ ਦਾ ਪ੍ਰਵੇਸ਼ ਅਤੇ ਅੰਗਰੇਜ਼ਾਂ ਦਾ ਆਉਣਾ।

ਇਹ ਚਾਰ ਮੋੜ ਕੱਟਣ ਵਿਚ ਭਾਰਤ ਨੇ ਆਪ ਕੋਈ ਉੱਦਮ ਨਹੀਂ ਕੀਤਾ, ਉੱਦਮ, ਯਤਨ ਕਰਨ ਵਾਲਿਆਂ ਜਾਂ ਆਉਣ ਵਾਲਿਆਂ ਨੇ ਕੀਤਾ।

ਭਾਵੇਂ ਬੁੱਧ ਧਰਮ ਭਾਰਤ ਵਿਚ ਉਪਜਿਆ ਪਰ ਇਸ ਦੀ ਨੁਹਾਰ ਬਾਕੀ ਭਾਰਤੀ ਧਰਮਾਂ ਨਾਲ ਮੇਲ ਨਹੀਂ ਖਾਂਦੀ, ਜਿਸ ਕਾਰਨ ਬੁੱਧ ਧਰਮ ਦਾ ਪ੍ਰਭਾਵ ਭਾਰਤ ਵਿਚ ਘਟਿਆ ਹੈ ਅਤੇ ਇਹ ਵਿਦੇਸ਼ਾਂ ਵਿਚ ਫੈਲਿਆ ਹੈ। ਮੰਗੋਲ ਨਸਲ ਦੀਆਂ ਕੌਮਾਂ 'ਤੇ

ਬੁੱਧ ਧਰਮ ਦਾ ਵਿਸ਼ਾਲ ਪ੍ਰਭਾਵ ਹੈ। ਭਾਰਤ ਕੋਲ ਇਤਿਹਾਸ ਦਾ ਲਕੀਰੀ ਸੰਕਲਪ ਨਹੀਂ ਹੈ ਕਿਉਂਕਿ ਭਾਰਤ ਕੋਲ ਸਮੇਂ ਦੇ ਕਾਲ-ਚੱਕਰ ਦਾ ਸੰਕਲਪ ਹੈ। ਸਾਡਾ ਕੈਲੰਡਰ ਸੂਰਜ ਆਧਾਰਿਤ ਨਹੀਂ, ਚੰਦਰਮਾ ਆਧਾਰਿਤ ਹੈ। ਜਦੋਂ ਤੱਕ ਸਮੇਂ ਦਾ ਲਕੀਰੀ ਸੰਕਲਪ ਨਹੀਂ ਉਸਰਦਾ, ਇਤਿਹਾਸ ਨਹੀਂ ਉਪਜਦਾ। ਸੰਸਾਰ ਵਿਚ ਕੈਲੰਡਰ ਨੂੰ ਸਭ ਤੋਂ ਪਹਿਲਾਂ ਮਿਸਰੀਆਂ ਨੇ ਬਣਾਇਆ ਪਰ ਅਜੋਕਾ ਕੈਲੰਡਰ ਰੋਮਨ ਕੈਲੰਡਰ ਹੈ, ਜਿਹੜਾ ਯਹੂਦੀਆਂ-ਈਸਾਈਆਂ ਦਾ ਸਿਰਜਿਆ ਹੋਇਆ ਹੈ।

ਇਸ ਸਮੇਂ ਸੰਸਾਰ ਵਿਚ ਕੈਲੰਡਰ ਤਾਂ ਕਈ ਹਨ, ਜਿਵੇਂ ਹਿੰਦੂ ਬਿਕਰਮੀ ਕੈਲੰਡਰ, ਮੁਸਲਿਮ ਹਿਜਰੀ ਕੈਲੰਡਰ ਅਤੇ ਸਿੱਖ ਨਾਨਕਸ਼ਾਹੀ ਕੈਲੰਡਰ ਪਰ ਅਜੋਕੇ ਸੰਸਾਰ ਵਿਚ ਸਭ ਤੋਂ ਵੱਧ ਪ੍ਰਵਾਨਿਤ ਈਸਾਈ ਕੈਲੰਡਰ ਹੈ, ਜਿਸ ਅਨੁਸਾਰ ਈਸਾ ਸੰਸਾਰ ਦਾ ਪਹਿਲਾ ਇਤਿਹਾਸਕ ਵਿਅਕਤੀ ਮੰਨਿਆ ਜਾਂਦਾ ਹੈ ਅਤੇ ਸਮੇਂ ਦੀ ਗੱਲ, ਪੂਰਵ ਈਸਵੀ ਅਤੇ ਈਸਵੀ ਅਨੁਸਾਰ ਕੀਤੀ ਜਾਂਦੀ ਹੈ।

ਯੂਹਦੀਆਂ-ਈਸਾਈਆਂ ਦਾ ਕੈਲੰਡਰ ਵੇਖ ਕੇ ਹੀ ਅਜੋਕੇ ਸੰਸਾਰ ਦੇ ਸਾਰੇ ਧਰਮਾਂ-ਫਿਰਕਿਆਂ ਨੇ ਆਪਣੇ ਕੈਲੰਡਰ ਉਸਾਰੇ ਹਨ।

ਸਾਡੇ ਮੇਲੇ-ਤਿਉਹਾਰ ਅਜੇ ਵੀ ਚੰਦਰਮਾ ਨਾਲ ਜੁੜੇ ਹੋਏ ਹਨ, ਜਦੋਂ ਕਿ ਸੰਸਾਰ ਦਾ ਵਿਕਸਿਤ ਭਾਗ ਸੂਰਜ ਨਾਲ ਜੁੜਿਆ ਹੋਇਆ ਹੈ। ਚੰਦਰਮਾ ਨਾਲ ਜੁੜੇ ਹੋਣ ਕਾਰਨ ਹੀ ਭਾਰਤ ਅੱਜ ਵੀ ਅੰਧ-ਵਿਸ਼ਵਾਸੀ ਕੁੰਡਲੀਆਂ, ਮਹੂਰਤਾਂ, ਟੇਵਿਆਂ, ਜਨਮ-ਪੱਤਰੀਆਂ, ਸ਼ਰਾਧਾਂ, ਜੋਤਸ਼ੀਆਂ ਵਿਚ ਉਲਝਿਆ ਪਿਆ ਹੈ।

ਸਾਡੇ ਕੋਲ ਕਾਲ ਦਾ ਸੰਕਲਪ ਹੈ, ਯੁੱਗ ਦਾ ਸੰਕਲਪ ਨਹੀਂ।

ਭਾਰਤ ਕੋਲ ਦੇਵਤਿਆਂ ਦਾ ਸੰਕਲਪ ਸੀ, ਭਾਰਤ ਵਿਚ ਪਰਮਾਤਮਾ ਦਾ ਸੰਕਲਪ ਇਸਲਾਮ ਲੈ ਕੇ ਆਇਆ ਸੀ, ਜਿਸ ਨੇ ਇਹ ਸੰਕਲਪ ਯਹੂਦੀਆਂ-ਈਸਾਈਆਂ ਤੋਂ ਪ੍ਰਾਪਤ ਕੀਤਾ ਸੀ। ਯੂਨਾਨੀ-ਰੋਮਨ ਮਗਰੋਂ ਜਾ ਕੇ ਈਸਾਈ ਬਣੇ।

ਈਸਾਈ ਜਗਤ ਨੂੰ ਜੁਮੈਟਰੀ ਦੇ ਗਿਆਨ ਨੇ ਵਿਗਿਆਨਕ ਬਣਾਇਆ ਹੈ।

ਜੁਮੈਟਰੀ ਨਾਲ ਨਕਸ਼ੇ ਬਣਾਏ ਗਏ, ਜਿਨ੍ਹਾਂ ਨੂੰ ਵਰਤ ਕੇ ਪੱਛਮੀ ਦੇਸ਼ਾਂ ਨੇ ਸਮੁੰਦਰ ਰਾਹੀਂ ਆਪਣਾ ਪ੍ਰਭਾਵ ਸਾਰੇ ਸੰਸਾਰ ਵਿਚ ਫੈਲਾਇਆ ਹੈ।

ਇਤਿਹਾਸ ਲਿਖਿਆ ਜਾਣਾ ਉਦੋਂ ਸੰਭਵ ਹੁੰਦਾ ਹੈ, ਜਦੋਂ ਸੂਰਜੀ ਕੈਲੰਡਰ ਦੀ ਵਰਤੋਂ ਅਤੇ ਲਿਖਣ-ਕਲਾ ਦਾ ਵਿਕਾਸ ਹੁੰਦਾ ਹੈ। ਇਵੇਂ ਸੰਸਾਰ ਕੋਲ ਕੇਵਲ ਦਸ ਕੁ ਹਜ਼ਾਰ ਸਾਲ ਦਾ ਇਤਿਹਾਸ ਹੈ, ਇਸ ਤੋਂ ਪਹਿਲਾਂ ਦੇ ਸਭ ਅਨੁਮਾਨ ਹਨ।

ਇਨ੍ਹਾਂ ਅਨੁਮਾਨਾਂ ਦੇ ਆਧਾਰ 'ਤੇ ਸੰਸਾਰ ਵਿਚ ਤਿੰਨ ਮੁੱਖ ਯੁੱਗ ਮੰਨੇ ਗਏ ਹਨ: ਮਿਥਿਹਾਸਕ ਯੁੱਗ, ਧਾਰਮਿਕ ਯੁੱਗ ਅਤੇ ਵਿਗਿਆਨਕ ਯੁੱਗ। ਯੁੱਗ ਭਾਵੇਂ ਕਈ ਹੋਏ ਹਨ ਪਰ ਪਛਾਣਨਯੋਗ ਯੁੱਗ ਤਿੰਨ ਹੀ ਹਨ, ਜਿਨ੍ਹਾਂ ਨੂੰ ਉਪਜੀਵਕਾ ਦੇ ਪੱਖੋਂ ਸ਼ਿਕਾਰ ਯੁੱਗ, ਖੇਤੀ ਯੁੱਗ ਅਤੇ ਉਦਯੋਗਿਕ ਯੁੱਗ ਕਿਹਾ ਜਾ ਸਕਦਾ ਹੈ। ਇਹ ਯੁੱਗ ਤਿੰਨ ਕਿਉਂ ਹੋਏ ਹਨ, ਚਾਰ ਜਾਂ ਦੋ ਕਿਉਂ ਨਹੀਂ? ਇਸ ਦਾ ਉੱਤਰ ਇਹ ਹੈ ਕਿ ਇਨ੍ਹਾਂ ਤਿੰਨਾਂ ਯੁੱਗਾਂ ਵਿਚ ਮਨੁੱਖ ਦੇ ਮਨ ਵਿਚ ਉਪਜਣ ਵਾਲੇ ਹਰੇਕ ਪ੍ਰਸ਼ਨ ਦਾ

ਉੱਤਰ ਵੱਖਰੇ ਢੰਗ ਅਤੇ ਵੱਖਰੇ ਤਰਕ ਨਾਲ ਦਿੱਤਾ ਗਿਆ ਹੈ। ਜਿਵੇਂ ਸ਼ਿਕਾਰ ਯੁੱਗ ਵਿਚ ਭੂਚਾਲ ਦਾ ਕਾਰਨ ਧਰਤੀ ਦਾ ਇਕ ਬਲਦ ਦੇ ਸਿੰਗ 'ਤੇ ਟਿਕੇ ਹੋਣਾ ਅਤੇ ਥੱਕੇ ਹੋਏ ਬਲਦ ਵਲੋਂ ਸਿੰਗ ਬਦਲਣਾ ਦੱਸਿਆ ਗਿਆ। ਇਸੇ ਪ੍ਰਸ਼ਨ ਦਾ ਉੱਤਰ ਖੇਤੀ ਯੁੱਗ ਵਿਚ ਧਰਮ ਨਾਲ ਜੋੜ ਕੇ, ਧਰਤੀ ਦੇ ਬੇੜੇ ਦਾ ਪਾਪਾਂ ਨਾਲ ਭਰੇ ਹੋਣ ਕਰਕੇ, ਡੋਲਣਾ ਦੱਸਿਆ ਗਿਆ ਅਤੇ ਉਦਯੋਗਿਕ ਯੁਗ ਵਿਚ ਇਸ ਨੂੰ ਧਰਤੀ ਅੰਦਰਲੀਆਂ ਟੈਕਟੋਨਿਕ ਪਲੇਟਾਂ ਦਾ ਖਿਸਕਣਾ ਦੱਸਿਆ ਗਿਆ।

ਸਪੱਸ਼ਟ ਹੈ ਕਿ ਇਨ੍ਹਾਂ ਤਿੰਨਾਂ ਯੁਗਾਂ ਵਿਚ ਸੰਦ-ਪ੍ਰਬੰਧ ਦੇ ਵੱਖਰੇ ਹੋਣ ਕਾਰਨ, ਵਿਸ਼ਵ-ਦ੍ਰਿਸ਼ਟੀ ਅਤੇ ਜੀਵਨ-ਜਾਚ ਅਤੇ ਸਮਾਜਿਕ-ਬਣਤਰ ਵੱਖਰੀ ਸੀ। ਸ਼ਿਕਾਰ ਯੁੱਗ, ਪਸ਼ੂ-ਕੇਂਦਰਿਤ ਸੀ, ਖੇਤੀ ਯੁੱਗ ਧਰਮ ਜਾਂ ਰੱਬ-ਕੇਂਦਰਿਤ ਸੀ, ਜਦੋਂ ਕਿ ਉਦਯੋਗਿਕ ਯੁੱਗ ਵਿਗਿਆਨ ਅਤੇ ਮਨੁੱਖ-ਕੇਂਦਰਿਤ ਹੈ।

ਸਪੱਸ਼ਟ ਰੂਪ ਵਿਚ ਯੁੱਗ ਉਦੋਂ ਬਦਲਦਾ ਹੈ, ਜਦੋਂ ਮਨੁੱਖ ਊਰਜਾ ਦਾ ਕੋਈ ਨਵਾਂ ਵਿਆਪਕ ਸਰੋਤ ਲੱਭਦਾ ਹੈ। ਊਰਜਾ ਜਾਂ ਸ਼ਕਤੀ ਜੀਵਨ ਦੀ ਕੇਂਦਰੀ ਚੂਲ ਹੁੰਦੀ ਹੈ। ਮਨੁੱਖ ਨੂੰ ਹਰੇਕ ਕਾਰਜ ਲਈ ਊਰਜਾ ਦੀ ਲੋੜ ਪੈਂਦੀ ਹੈ। ਊਰਜਾ ਦੇ ਨਵੇਂ ਸਰੋਤ ਨਾਲ ਨਵਾਂ ਸੰਦ-ਪ੍ਰਬੰਧ, ਸਮਾਜਿਕ-ਪ੍ਰਣਾਲੀ, ਰਿਸ਼ਤਾ-ਨਾਤਾ ਪ੍ਰਬੰਧ, ਵਿਆਹ-ਪ੍ਰਣਾਲੀ, ਜਾਇਦਾਦੀ-ਆਧਾਰ, ਪਹਿਰਾਵਾ, ਆਹਾਰ, ਪਾਬੰਦੀਆਂ, ਮਨਾਹੀਆਂ, ਇਸਤਰੀ-ਪੁਰਸ਼ ਸੰਬੰਧ, ਕੰਮ-ਧੰਦੇ, ਰਸਮ-ਰਿਵਾਜ, ਰਸਮਾਂ-ਗੀਤਾਂ, ਵਿਸ਼ਵਾਸ ਆਦਿ ਹੋਂਦ ਵਿਚ ਆਉਂਦੇ ਹਨ। ਜਦੋਂ ਯੁੱਗ ਬਦਲਦਾ ਹੈ ਤਾਂ ਸਭ ਕੁਝ ਬਦਲਦਾ ਹੈ। ਬਦਲਾਓ ਲਈ ਮੁੱਖ ਲੋੜ ਊਰਜਾ ਦੇ ਨਵੇਂ ਸਰੋਤ ਦੀ ਹੁੰਦੀ ਹੈ।

ਸ਼ਿਕਾਰ ਯੁੱਗ ਵਿਚ ਮਨੁੱਖ ਕੋਲ ਕੇਵਲ ਆਪਣਾ ਸਰੀਰਕ ਬਲ ਸੀ, ਪੈਦਲ ਚੱਲਣ ਦੀ ਮਜਬੂਰੀ ਸੀ, ਸਾਰਾ ਜੀਵਨ ਪੰਜ-ਛੇ ਮੀਲ ਦੇ ਘੇਰੇ ਵਿਚ ਗੁਜ਼ਰਦਾ ਸੀ, ਗਿਆਨ ਸੀਮਤ ਸੀ, ਸੂਚਨਾ ਦਾ ਆਦਾਨ-ਪ੍ਰਦਾਨ ਮੌਖਿਕ ਸੀ।

ਖੇਤੀ ਯੁੱਗ ਵਿਚ ਮਨੁੱਖ ਨੇ ਪਸ਼ੂ ਬਲ ਵਰਤਣਾ ਅਰੰਭ ਕੀਤਾ, ਸਵਾਰੀ ਅਤੇ ਸਫਰ ਲਈ ਘੋੜਿਆਂ ਨੂੰ ਵਰਤਿਆ, ਅਨੁਭਵ-ਖੇਤਰ ਫੈਲਿਆ, ਲਿਪੀ ਦਾ ਵਿਕਾਸ ਕੀਤਾ। ਲਿਖਣ ਦੀ ਕਲਾ ਵਿਕਸਿਤ ਹੋਈ। ਸੂਚਨਾ ਦੇ ਮੌਖਿਕ ਸੰਚਾਰ ਦੇ ਨਾਲ-ਨਾਲ ਲਿਖਤੀ ਸੰਚਾਰ ਵੀ ਸੰਭਵ ਹੋਇਆ।

ਮਕਾਨਕੀ ਊਰਜਾ ਉਦਯੋਗਿਕ ਯੁੱਗ ਦੀ ਚੂਲ ਹੈ।

ਉਦਯੋਗਕ ਯੁਗ ਵਿਚ ਮਨੁੱਖ ਨੇ ਮਕਾਨਕੀ ਊਰਜਾ ਨਾਲ ਨਵਾਂ ਸੰਦ-ਪ੍ਰਬੰਧ ਸਿਰਜ ਕੇ, ਤੇਜ਼ ਚੱਲਣ ਵਾਲੇ ਵਾਹਣਾਂ ਦਾ ਨਿਰਮਾਣ ਕਰਕੇ, ਆਪਣੇ ਕਾਰਜਾਂ ਦੀ ਰਫ਼ਤਾਰ ਵਧਾ ਕੇ, ਆਪਣਾ ਅਨੁਭਵ-ਖੇਤਰ ਵਿਸ਼ਾਲ ਕੀਤਾ ਅਤੇ ਛਾਪੇਖਾਨੇ ਦੀ ਕਾਢ ਨਾਲ ਗਿਆਨ ਦਾ ਪ੍ਰਸਾਰ ਕੀਤਾ ਹੈ।

ਉਪਰੋਕਤ ਤੋਂ ਸਪੱਸ਼ਟ ਹੈ ਕਿ ਸ਼ਿਕਾਰ ਯੁੱਗ ਵਿਚ ਮਨੁੱਖ ਕੋਲ ਕੇਵਲ ਸਰੀਰਕ ਬਲ ਜਾਂ ਊਰਜਾ ਸੀ। ਖੇਤੀ ਯੁੱਗ ਵਿਚ ਉਸ ਨੇ ਸਰੀਰਕ ਬਲ ਦੇ ਨਾਲ ਪਸ਼ੂ ਬਲ ਵਰਤਣਾ ਸਿੱਖਿਆ ਅਤੇ ਉਦਯੋਗਿਕ ਯੁੱਗ ਵਿਚ ਸਰੀਰਕ ਬਲ ਅਤੇ ਪਸ਼ੂ ਬਲ ਦੇ

ਨਾਲ ਮਕਾਨਕੀ ਬਲ ਵਰਤਣ ਦੀ ਯੋਗਤਾ ਉਪਜਾਈ। ਬਾਕੀ ਜੋ ਕੁਝ ਵੀ ਵਾਪਰਿਆ ਹੈ, ਉਹ ਇਨ੍ਹਾਂ ਮੁੱਖ ਪਰਿਵਰਤਨਾਂ ਅਧੀਨ ਵਾਪਰਿਆ ਹੈ। ਹੁਣ ਅਸੀਂ ਚੌਥੇ ਯੁੱਗ ਵੱਲ ਵੱਧ ਰਹੇ ਹਾਂ, ਜਿਹੜਾ ਸੂਰਜੀ ਊਰਜਾ 'ਤੇ ਆਧਾਰਿਤ ਹੋਵੇਗਾ ਅਤੇ ਜਿਹੜਾ ਕੰਪਿਊਟਰ ਅਤੇ ਰੋਬੋਟ ਅਤੇ ਨੈਨੋ ਤਕਨਾਲੋਜੀ ਕੇਂਦਰਿਤ ਹੋਵੇਗਾ। ਇਸ ਯੁਗ ਨੂੰ ਤਕਨਾਲੋਜੀ ਦਾ ਯੁੱਗ ਕਿਹਾ ਜਾਵੇਗਾ।

ਸਪੱਸ਼ਟ ਹੈ ਕਿ ਜਦੋਂ ਤੱਕ ਕੋਈ ਸਮਾਜ ਸਰੀਰਕ ਬਲ ਹੀ ਵਰਤਦਾ ਹੈ, ਉਹ ਸ਼ਿਕਾਰ ਯੁੱਗ ਜਾਂ ਆਦਿਵਾਸੀ ਸਥਿਤੀ ਵਿਚ ਹੀ ਰਹਿੰਦਾ ਹੈ ਅਤੇ ਜਦੋਂ ਤੱਕ ਕੋਈ ਸਮਾਜ ਸਰੀਰਕ ਅਤੇ ਪਸ਼ੂ ਬਲ ਵਰਤਦਾ ਰਹਿੰਦਾ ਹੈ, ਉਹ ਖੇਤੀ ਯੁੱਗ ਵਿਚ ਹੀ ਵਿਚਰਦਾ ਰਹਿੰਦਾ ਹੈ। ਉਦਯੋਗਿਕ ਯੁੱਗ ਤੇਲ, ਭਾਫ਼ ਜਾਂ ਬਿਜਲੀ ਤੋਂ ਉਪਜਣ ਵਾਲੀ ਮਕਾਨਕੀ ਊਰਜਾ ਤੋਂ ਬਿਨਾਂ ਸੰਭਵ ਨਹੀਂ ਹੁੰਦਾ। ਅਗਲੇਰੇ ਯੁੱਗ ਲਈ ਅਮੁਕ ਊਰਜਾ ਦੀ ਲੋੜ ਪਏਗੀ, ਜਿਸ ਨੂੰ ਸੂਰਜ ਹੀ ਪੂਰੀ ਕਰ ਸਕੇਗਾ।

ਸ਼ਿਕਾਰ ਯੁੱਗ ਤੋਂ ਖੇਤੀ ਯੁੱਗ ਵਿਚ ਪ੍ਰਵੇਸ਼ ਕਰਨ ਲਈ ਮਨੁੱਖ ਨੂੰ ਊਰਜਾ ਦੇ ਨਵੇਂ ਸਰੋਤ ਦੀ ਲੋੜ ਸੀ, ਜਿਹੜੀ ਉਸ ਨੇ ਪਸ਼ੂਆਂ ਨੂੰ ਵਰਤ ਕੇ ਪੂਰੀ ਕੀਤੀ।

ਇਸ ਉਦੇਸ਼ ਦੀ ਪੂਰਤੀ ਲਈ ਮਨੁੱਖ ਨੇ ਆਪਣਾ ਗਿਆਨ ਵਰਤ ਕੇ, ਸਮੁੱਚੇ ਪਸ਼ੂ-ਜਗਤ ਨੂੰ ਲਾਭਕਾਰੀ ਅਤੇ ਹਾਨੀਕਾਰਕ ਵੰਨਗੀਆਂ ਵਿਚ ਵੰਡਿਆ ਅਤੇ ਪਾਲ ਕੇ ਲਾਭਕਾਰੀ ਪਸ਼ੂਆਂ ਦੀ ਗਿਣਤੀ ਵਧਾਈ ਅਤੇ ਹਾਨੀਕਾਰਕ ਜੀਵਾਂ ਨੂੰ ਮਾਰਨ ਦਾ ਉਪਰਾਲਾ ਸਿੱਖਿਆ।

ਅੱਜ ਤੋਂ ਇਕ ਸਦੀ ਪਹਿਲਾਂ ਤੱਕ ਸਮੁੱਚੀ ਖੇਤੀ ਵਿਵਸਥਾ ਪਸ਼ੂ ਬਲ 'ਤੇ ਨਿਰਭਰ ਸੀ। ਜਦੋਂ ਕੁਝ ਸੈਂਕੜੇ ਸਦੀਆਂ ਪਹਿਲਾਂ ਮਨੁੱਖ ਨੇ ਪਸ਼ੂ ਬਲ ਵਰਤਣ ਦੀ ਜਾਚ ਸਿੱਖੀ ਤਾਂ ਹੋਰ ਵੀ ਬੜਾ ਕੁਝ ਸੰਭਵ ਕਰ ਵਿਖਾਇਆ। ਉਸ ਨੇ ਧਰਤੀ ਹੇਠਲਾ ਪਾਣੀ ਲੱਭ ਕੇ ਖੂਹਾਂ ਰਾਹੀਂ ਪਿੰਡ ਵਸਾਏ। ਇਵੇਂ ਖੂਹ ਰਾਹੀਂ ਮਨੁੱਖ ਸਮੁੰਦਰ, ਦਰਿਆ, ਝੀਲ, ਝਰਨੇ ਆਦਿ ਤੋਂ ਦੂਰ ਵੀ ਰਹਿਣ ਦੇ ਯੋਗ ਹੋਇਆ।

ਅੱਗ ਬਾਲਣੀ ਸਿੱਖ ਕੇ ਮਨੁੱਖ ਨੇ ਘਰੇਲੂ ਜੀਵਨ ਦੀ ਨੀਂਹ ਰੱਖੀ।

ਇਸ ਤੋਂ ਪਹਿਲਾਂ ਮਨੁੱਖ ਜੰਗਲ ਨੂੰ ਲੱਗੀ ਅੱਗ ਵੇਖਦਾ ਤਾਂ ਸੀ ਪਰ ਉਸ ਨੂੰ ਅੱਗ ਬਾਲਣੀ ਨਹੀਂ ਸੀ ਆਉਂਦੀ। ਮਨੁੱਖ ਉਸੇ ਅੱਗ ਨੂੰ ਵਰਤ ਸਕਦਾ ਹੈ, ਜਿਹੜੀ ਉਸ ਦੇ ਕਾਬੂ ਵਿਚ ਹੋਵੇ। ਇਵੇਂ ਹੀ ਉਹੀ ਪਾਣੀ ਵਰਤਿਆ ਜਾ ਸਕਦਾ ਹੈ, ਜਿਹੜਾ ਮਨੁੱਖ ਦੇ ਕਾਬੂ ਵਿਚ ਹੋਵੇ। ਜੰਗਲ ਦੀ ਅੱਗ ਵਾਂਗ ਹੀ ਹੜ੍ਹ ਦੇ ਪਾਣੀ ਦਾ ਲਾਭ ਨਹੀਂ ਉਠਾਇਆ ਜਾ ਸਕਦਾ।

ਅੱਗ ਬਾਲਣ ਦੀ ਕਲਾ ਵਾਂਗ ਹੀ ਮਨੁੱਖ ਨੇ ਗਿਣਤੀ-ਮਿਣਤੀ ਕਰਨ ਦੀ ਯੋਗਤਾ ਉਪਜਾਈ ਹੈ ਅਤੇ ਆਲੇ-ਦੁਆਲੇ ਨੂੰ ਕਾਬੂ ਕਰਨਾ ਸਿੱਖਿਆ ਹੈ।

ਜੁਮੈਟਰੀ, ਮੈਥੇਮੈਟਿਕਸ ਅਤੇ ਕੰਪਾਸ ਇਸੇ ਕਲਾ ਦਾ ਵਿਗਿਆਨਕ ਰੂਪ ਹਨ, ਜਿਨ੍ਹਾਂ ਨਾਲ ਮਨੁੱਖ ਨੇ ਗਿਣਤੀਆਂ-ਮਿਣਤੀਆਂ ਰਾਹੀਂ ਨਵੀਆਂ ਧਰਤੀਆਂ ਅਤੇ ਨਵੇਂ ਗ੍ਰਹਿਆਂ ਨੂੰ ਲੱਭਿਆ ਹੈ।

ਖੇਤੀ ਯੁੱਗ ਦੀ ਵਿਵਸਥਾ ਨੂੰ ਪੱਕੇ ਪੈਰੀਂ ਕਰਨ ਵਾਸਤੇ ਸਮਾਜਿਕ ਪ੍ਰਬੰਧ ਲਈ ਜਾਤ-ਪਾਤ ਪ੍ਰਣਾਲੀ, ਜਾਇਦਾਦ ਦਾ ਸੰਕਲਪ, ਵਾਰਿਸ ਦੀ ਲੋੜ ਕਾਰਨ ਵਿਆਹ ਦੀ ਪ੍ਰਥਾ, ਵਿਆਹ ਨਾਲ ਸੰਬੰਧਤ ਰਸਮਾਂ-ਰੀਤਾਂ, ਇਸਤਰੀ-ਪੁਰਸ਼ ਦੇ ਸਭਿਆਚਾਰਕ ਅਤੇ ਆਰਥਿਕ ਕਾਰਜਾਂ-ਕੰਮਾਂ ਦੀ ਵੰਡ ਅਤੇ ਵਿਹਲੇ ਸਮੇਂ ਨੂੰ ਪੂਰਨ ਲਈ ਮੇਲਿਆਂ-ਤਿਉਹਾਰਾਂ ਦਾ ਨਿਰਮਾਣ ਹੋਇਆ ਹੈ।

ਖੇਤੀ ਯੁੱਗ ਵਿਚ ਕੁਝ ਸਿਆਣੇ ਲੋਕਾਂ ਨੇ ਆਲੇ-ਦੁਆਲੇ ਨੂੰ ਘੋਖਣਾ ਅਰੰਭ ਕੀਤਾ ਅਤੇ ਕੁਦਰਤ ਵਿਚ ਕਾਰਨ-ਕਾਰਜ ਵਿਚਲੇ ਸੰਬੰਧਾਂ ਨੂੰ ਜਾਣਿਆ।

ਕਾਰਨ-ਕਾਰਜ ਦਾ ਸੰਬੰਧ, ਸਮੁੱਚੇ ਵਿਗਿਆਨ ਦਾ ਆਧਾਰ ਹੈ।

ਮਨੁੱਖ ਨੇ ਲੱਕੜ ਨਾਲ ਅੱਗ ਬਾਲਣੀ ਅਰੰਭ ਕੀਤੀ, ਕਿਉਂਕਿ ਉਸ ਨੂੰ ਲੱਕੜ ਅਤੇ ਅੱਗ ਦੇ ਕਾਰਨ-ਕਾਰਜ ਸੰਬੰਧ ਦਾ ਪਤਾ ਲੱਗ ਗਿਆ ਸੀ।

ਪਸ਼ੂਆਂ ਅਤੇ ਪੰਛੀਆਂ ਨੂੰ ਇਸ ਸੰਬੰਧ ਦਾ ਪਤਾ ਨਾ ਹੋਣ ਕਰਕੇ, ਉਨ੍ਹਾਂ ਦਾ ਜੀਵਨ ਅੱਜ ਵੀ ਉਵੇਂ ਹੈ, ਜਿਵੇਂ ਹਜ਼ਾਰਾਂ-ਲੱਖਾਂ ਸਾਲ ਪਹਿਲੇ ਸੀ।

ਮਨੁੱਖ ਨੇ ਕੁਦਰਤ ਦੇ ਵਰਤਾਰਿਆਂ ਨੂੰ ਸਮਝ ਕੇ ਕੁਝ ਵਿਸ਼ਵ-ਵਿਆਪੀ ਨੇਮਾਂ ਦਾ ਪਤਾ ਲਾਇਆ ਹੈ। ਧਰਮ ਦੇ ਨੇਮ ਸਥਾਨਕ ਹੁੰਦੇ ਹਨ, ਜਿਵੇਂ ਤਿਬਤੀਆਂ ਦਾ ਸਵਰਗ ਨਿੱਘਾ ਹੈ ਅਤੇ ਮਾਰੂਥਲਾਂ ਦੇ ਵਸਨੀਕਾਂ ਦਾ ਸਵਰਗ ਠੰਡਾ ਹੈ ਪਰ ਵਿਗਿਆਨ ਦੇ ਨੇਮ ਸਭ ਥਾਂਈਂ ਇਕਸਾਰ ਲਾਗੂ ਹੁੰਦੇ ਹਨ।

ਧਰਮ ਨੇ ਪਰਮਾਤਮਾ ਦੀ ਹੋਂਦ ਸਥਾਪਤ ਕਰਨ ਲਈ ਧਾਰਮਿਕ ਗ੍ਰੰਥਾਂ ਵਿਚ ਦਰਜ ਕਥਨਾਂ ਅਤੇ ਕੁਦਰਤ ਦੇ ਪਸਾਰੇ ਨੂੰ ਆਧਾਰ ਬਣਾਇਆ ਹੈ, ਜਦੋਂ ਕਿ ਵਿਗਿਆਨ ਨੇ ਧਾਰਮਿਕ ਗ੍ਰੰਥਾਂ ਦਾ ਨਹੀਂ, ਕੁਦਰਤ ਦਾ ਸਿਲਸਿਲੇਵਾਰ ਅਧਿਐਨ ਕਰਕੇ ਵੱਖ-ਵੱਖ ਵਰਤਾਰਿਆਂ ਵਿਚਲੇ ਸਰਬਵਿਆਪੀ ਨੇਮ ਲੱਭ ਕੇ ਯੰਤਰਾਂ ਦਾ ਨਿਰਮਾਣ ਕੀਤਾ ਹੈ ਅਤੇ ਭਾਫ਼ ਨੂੰ ਵਰਤਣ ਦੀ ਜੁਗਤ ਕੱਢੀ ਹੈ ਅਤੇ ਇੰਜਣ ਦੀ ਸ਼ਕਤੀ ਅਤੇ ਬਿਜਲੀ ਨੂੰ ਵਰਤ ਕੇ ਉਦਯੋਗਿਕ ਯੁੱਗ ਦਾ ਅਰੰਭ ਕੀਤਾ ਹੈ।

ਉਨ੍ਹੀਵੀਂ ਸਦੀ ਦੇ ਅੱਧ ਤੱਕ ਸੰਸਾਰ ਵਿਚ ਅਮੀਰੀ-ਗਰੀਬੀ ਦਾ ਪਾੜਾ ਪ੍ਰਤੱਖ ਨਹੀਂ ਸੀ, ਇਹ ਪਾੜਾ ਉਦਯੋਗਿਕ ਯੁੱਗ ਅਤੇ ਪੂੰਜੀਵਾਦੀ ਵਿਵਸਥਾ ਨੇ ਉਘਾੜਿਆ ਹੈ। ਉਦਯੋਗਿਕ ਯੁੱਗ ਵਿਚ, ਕਾਰਖਾਨਿਆਂ ਵਾਲੇ, ਕਾਮਿਆਂ ਦੀ ਮਿਹਨਤ ਨੂੰ ਹਥਿਆਉਣ ਕਰਕੇ ਇਕੱਠੀ ਹੋਈ ਦੌਲਤ ਅਤੇ ਮੁਨਾਫ਼ੇ ਵਾਲੀ ਵਪਾਰਕ ਬਿਰਤੀ ਕਾਰਨ ਅਮੀਰ ਹੁੰਦੇ ਗਏ, ਜਦੋਂ ਕਿ ਖੇਤੀ ਕਰਨ ਵਾਲੇ ਪਹਿਲਾਂ ਵਾਂਗ ਹੀ ਉਵੇਂ ਹੀ ਰਹੇ ਪਰ ਕਾਰਖਾਨੇਦਾਰਾਂ ਦੀ ਤੁਲਨਾ ਵਿਚ ਖੇਤੀ ਕਰਨ ਵਾਲੇ ਗਰੀਬ ਵਿਖਾਈ ਦੇਣ ਲੱਗੇ।

ਫੈਕਟਰੀਆਂ ਦੁਆਲੇ ਕਸਬੇ ਵਸੇ, ਕਸਬੇ ਵੱਡੇ ਹੋ ਕੇ ਸ਼ਹਿਰ ਬਣ ਗਏ। ਨਵੇਂ ਵਿਗਿਆਨ ਹੋਂਦ ਵਿਚ ਆਏ, ਸਿੱਖਿਅਤ ਅਮਲੇ ਦੀ ਲੋੜ ਪੂਰੀ ਕਰਨ ਲਈ ਵਿਦਿਅਕ ਸੰਸਥਾਵਾਂ ਉਸਰੀਆਂ, ਜੀਵਨ ਦਾ ਸ਼ਹਿਰੀਕਰਣ ਹੋਇਆ, ਮੱਧ-ਸ਼੍ਰੇਣੀ ਉਭਰੀ, ਸਾਮੰਤਵਾਦੀ ਬਾਦਸ਼ਾਹੀਆਂ ਦਾ ਭੋਗ ਪਿਆ।

ਸੁਤੰਤਰਤਾ ਅੰਦੋਲਨਾਂ ਰਾਹੀਂ ਦੇਸ਼ ਅਜ਼ਾਦ ਹੋਏ, ਪਰਜਾਤੰਤਰ ਉਭਰਨ ਲੱਗੇ, ਨਵੇਂ ਫ਼ਲਸਫ਼ੇ ਜਨਮੇ, ਮੁਕਾਬਲੇ ਦੀ ਬਿਰਤੀ ਅਧੀਨ ਸਮਾਜਵਾਦ ਅਤੇ ਪੂੰਜੀਵਾਦ ਨੇ ਇਕ-ਦੂਜੇ ਨੂੰ ਚੁਣੌਤੀ ਦਿੱਤੀ।

ਇਵੇਂ ਊਰਜਾ ਦੇ ਮਕਾਨਕੀ ਸਰੋਤ ਨੇ ਜੀਵਨ ਦੀ ਰਫਤਾਰ ਤੇਜ਼ ਕੀਤੀ, ਸੁੱਖ-ਸਾਧਨ ਵਧਾਏ, ਨਵੇਂ ਰਿਸ਼ਤੇ ਉਸਾਰੇ ਅਤੇ ਜਾਤ ਦੀ ਥਾਂ ਜਮਾਤ, ਪਰਮਾਤਮਾ ਦੀ ਥਾਂ ਮਨੁੱਖ, ਪੋਥੀ ਦੀ ਥਾਂ ਪੁਸਤਕ, ਪਿੰਡ ਦੀ ਥਾਂ ਸ਼ਹਿਰ ਨੇ ਲਈ। ਨਵੀਂ ਜੀਵਨ-ਜਾਚ ਉਸਰੀ ਅਤੇ ਸਮਾਚਾਰ-ਪੱਤਰ, ਰੇਡੀਓ, ਸਿਨੇਮਾ, ਟੈਲੀਵਿਜ਼ਨ ਆਦਿ ਸੂਚਨਾ ਅਤੇ ਮਨੋਰੰਜਨ ਦੇ ਨਵੇਂ ਸਾਧਨ ਹੋਂਦ ਵਿਚ ਆਏ।

ਰੇਡੀਓ, ਸਿਨੇਮੇ ਅਤੇ ਟੈਲੀਵਿਜ਼ਨ ਨੇ ਇਸਤਰੀ ਨੂੰ ਉਭਾਰਿਆ ਹੈ ਅਤੇ ਇਸਤਰੀ ਨੇ ਇਨ੍ਹਾਂ ਮਨੋਰੰਜਨੀ ਸਾਧਨਾਂ ਨੂੰ ਹਰਮਨ ਪਿਆਰਾ ਬਣਾਇਆ ਹੈ। ਇਸਤਰੀ ਦੇ ਵਿਕਾਸ ਵਿਚ ਸਿੱਖਿਆ, ਬਿਜਲੀ ਅਤੇ ਗਰਭਰੋਕੂ ਵਿਧੀਆਂ ਨੇ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਇਹ ਸਾਰੇ ਉਦਯੋਗਿਕ ਯੁੱਗ ਦੀ ਦੇਣ ਹਨ।

ਸਪੱਸ਼ਟ ਹੈ ਕਿ ਸ਼ਿਕਾਰ ਯੁੱਗ ਦੇ ਵਾਸੀ ਜੰਗਲਾਂ ਦੇ ਵਾਸੀ ਸਨ। ਖੇਤੀਯੁੱਗ ਨੇ ਪਿੰਡ ਵਸਾਏ ਜਦੋਂ ਕਿ ਉਦਯੋਗਾਂ ਨੇ ਸ਼ਹਿਰ ਉਸਾਰੇ ਹਨ।

ਹੁਣ ਵੀ ਜੰਗਲਾਂ ਦੇ ਆਦਿਵਾਸੀ, ਖੇਤੀ ਯੁੱਗ ਦਾ ਲਾਭ ਨਹੀਂ ਉਠਾ ਸਕਦੇ ਅਤੇ ਪਿੰਡਾਂ ਵਿਚ ਰਹਿਣ ਵਾਲੇ ਲੋਕ ਉਦਯੋਗਿਕ ਯੁੱਗ ਦੇ ਉਸਾਰੇ ਮਹਾਨਗਰਾਂ ਦੀਆਂ ਸਾਰੀਆਂ ਸਹੂਲਤਾਂ ਅਤੇ ਸੰਭਾਵਨਾਵਾਂ ਨਹੀਂ ਹੰਢਾ ਸਕਦੇ।

ਇਸ ਵੇਲੇ ਸਾਰਾ ਸੰਸਾਰ ਵਿਕਸਿਤ ਦੇਸ਼ਾਂ ਵੱਲ ਅੱਡੀਆਂ ਚੁੱਕ ਕੇ ਵੇਖ ਰਿਹਾ ਹੈ ਅਤੇ ਸੰਸਾਰ ਦਾ ਹਰ ਦੇਸ਼ ਅਮਰੀਕਾ ਜਿਤਨੀ ਤਰੱਕੀ ਕਰਨੀ ਚਾਹੁੰਦਾ ਹੈ।

ਸਰੀਰਕ ਬਲ, ਪਸ਼ੂ ਬਲ ਅਤੇ ਮਕਾਨਕੀ ਬਲ ਤੋਂ ਅਗਲੇਰਾ ਪੜਾਓ, ਸੂਰਜੀ ਊਰਜਾ ਦਾ ਹੋਵੇਗਾ। ਇਹ ਚੌਥਾ, ਭਾਵ ਸੂਰਜੀ ਤਕਨਾਲੋਜੀ ਦਾ ਯੁੱਗ ਹੋਵੇਗਾ।

ਸੂਰਜੀ ਊਰਜਾ ਦੇ ਪਖੋਂ ਏਸ਼ੀਆਈ ਦੇਸ਼ਾਂ ਵਿਚ ਧੁੱਪ ਦੀ ਭਰਮਾਰ ਹੈ, ਇਸੇ ਲਈ ਅਜੋਕੀ ਸਦੀ ਨੂੰ, ਏਸ਼ੀਆਈ ਸਦੀ ਕਿਹਾ ਜਾ ਰਿਹਾ ਹੈ।

ਸੂਰਜੀ ਊਰਜਾ ਨਾਲ ਵਿਕਾਸ ਚੰਗੇਰਾ, ਸੁਖਾਵਾਂ ਅਤੇ ਪ੍ਰਦੂਸ਼ਣ-ਰਹਿਤ ਹੋਵੇਗਾ।

ਸੰਸਾਰ ਦੇ ਚੌਥੇ ਯੁੱਗ ਵਿਚ ਜੀਵਨ ਦੇ ਆਧਾਰ, ਤਰਜੀਹਾਂ, ਰਿਸ਼ਤੇ ਅਤੇ ਉਦੇਸ਼ ਵੱਖਰੇ ਹੋਣਗੇ। ਸਮੱਸਿਆਵਾਂ ਵੀ ਨਵੀਂ ਪ੍ਰਕਾਰ ਦੀਆਂ ਹੋਣਗੀਆਂ। ਸੰਦ-ਪ੍ਰਬੰਧ, ਕੰਮ-ਧੰਦੇ ਅਤੇ ਢੰਗ-ਤਰੀਕੇ ਬਦਲਣਗੇ। ਵਿਸ਼ਵ-ਪੱਧਰ 'ਤੇ ਪਰਿਵਰਤਨ ਦੀਆਂ ਇਹ ਨਿਸ਼ਾਨੀਆਂ ਆਲੇ-ਦੁਆਲੇ ਵਿਚ ਉਭਰਨ ਲੱਗ ਪਈਆਂ ਹਨ। ਅਜੋਕਾ ਸੰਸਾਰ ਇਕ ਨਵੇਂ ਯੁੱਗ ਦੀ ਦਹਿਲੀਜ਼ 'ਤੇ ਖਲੋਤਾ ਹੈ। ਜਿਹੜੇ ਤਿਆਰ ਹੋਣਗੇ, ਉਹ ਹੀ ਪ੍ਰਵੇਸ਼ ਕਰਨਗੇ, ਜਿਹੜੇ ਹਿੰਮਤ ਕਰਨਗੇ, ਉਹੀ ਲਾਭ ਉਠਾਉਣਗੇ।

+ + +

ਸੁੰਦਰਤਾ ਦੀ ਖਿੱਚ

ਜੋ ਸੁੰਦਰ ਹੈ, ਜਵਾਨ ਹੈ, ਨਵਾਂ, ਨਿਆਰਾ ਅਤੇ ਦਿਲਚਸਪ ਹੈ, ਉਹ ਧਿਆਨ ਖਿਚੇਗਾ, ਉਹ ਖਿੱਚ ਹੀ ਨਹੀਂ, ਧੂਹ ਵੀ ਪਾਏਗਾ।

ਖਿੱਚ ਕਈ ਕਾਰਨਾਂ ਅਤੇ ਕਈ ਢੰਗਾਂ ਨਾਲ ਪੈਂਦੀ ਹੈ। ਖਿੱਚ ਉੱਤੇ ਸਾਡਾ ਕੋਈ ਵੱਸ ਨਹੀਂ ਚੱਲਦਾ, ਸਾਨੂੰ ਇਸ ਦਾ ਕਾਰਨ ਵੀ ਸਮਝ ਨਹੀਂ ਆਉਂਦਾ ਪਰ ਜਦੋਂ ਇਹ ਪੈਂਦੀ ਹੈ ਤਾਂ ਅਸੀਂ ਆਪ-ਮੁਹਾਰੇ ਖਿੱਚੇ ਚਲੇ ਜਾਂਦੇ ਹਾਂ।

ਜੇ ਤੁਹਾਨੂੰ ਕਿਸੇ ਦੀ ਖਿੱਚ ਪੈਂਦੀ ਹੈ ਤਾਂ ਇਹ ਸਬੂਤ ਹੈ ਕਿ ਤੁਸੀਂ ਤੰਦਰੁਸਤ ਹੋ।

ਰੰਗਾਂ, ਆਕਾਰਾਂ, ਰੂਪਾਂ ਦੀ ਵੀ ਖਿੱਚ ਹੁੰਦੀ ਹੈ।

ਸੰਗੀਤ, ਨ੍ਰਿਤ, ਸਾਹਿਤ, ਚਿੱਤਰ ਅਤੇ ਦ੍ਰਿਸ਼ ਵੀ ਖਿੱਚ ਪਾਉਂਦੇ ਹਨ।

ਕੁਝ ਚੀਜ਼ਾਂ ਦਿਲਚਸਪ ਲੱਗਦੀਆਂ ਹਨ, ਕੁਝ ਧਿਆਨ ਮੰਗਦੀਆਂ ਹਨ, ਕੋਈ ਕੋਈ ਹੁੰਦੀ ਹੈ, ਜਿਹੜੀ ਖਿੱਚ ਵੀ ਪਾਉਂਦੀ ਹੈ।

ਖਿੱਚ ਕੋਈ ਹੋਵੇ, ਉਸ ਨਾਲ ਦਿਮਾਗ ਨਾਲੋਂ ਦਿਲ ਵਧੇਰੇ ਪ੍ਰਭਾਵਿਤ ਹੁੰਦਾ ਹੈ। ਕਈ ਖਿੱਚਾਂ ਆਰਜ਼ੀ ਹੁੰਦੀਆਂ ਹਨ ਪਰ ਕੁਝ ਬੜੀ ਦੂਰ ਤੱਕ ਨਿਭਦੀਆਂ ਹਨ।

ਖਿੱਚ ਵੀ ਚੰਦਰਮਾ ਵਾਂਗ ਘੱਟਦੀ-ਵੱਧਦੀ ਰਹਿੰਦੀ ਹੈ।

ਮਨੁੱਖ ਉਤਨਾ ਚਿਰ ਹੀ ਜਿਊਂਦਾ ਹੈ, ਜਿਤਨਾ ਚਿਰ ਉਸ ਨੂੰ ਕੋਈ ਨਾ ਕੋਈ ਖਿੱਚ ਪੈਂਦੀ ਰਹਿੰਦੀ ਹੈ। ਮਨੁੱਖ ਹਮੇਸ਼ਾ ਲਈ ਕਿਸੇ ਇਕ ਨੂੰ ਪਿਆਰ ਕਰਨ ਵਾਸਤੇ ਬਣਿਆ ਹੀ ਨਹੀਂ ਹੈ। ਉਸ ਨੂੰ ਨਵੇਂ ਅਨੁਭਵ ਪ੍ਰਾਪਤ ਹੁੰਦੇ ਰਹਿੰਦੇ ਹਨ ਅਤੇ ਸੱਜਰੀਆਂ ਖਿੱਚਾਂ ਉਸ ਨੂੰ ਅੱਕਣ-ਥੱਕਣ ਨਹੀਂ ਦਿੰਦੀਆਂ।

ਇਸ ਪੱਖੋਂ ਪਸ਼ੂ-ਪੰਛੀ ਵਧੇਰੇ ਆਧੁਨਿਕ ਹਨ, ਉਹ ਕੁਦਰਤ ਨਾਲ ਵਧੇਰੇ ਇਕ-ਸੁਰ ਹਨ। ਉਹ ਲੰਮੀਆਂ ਵਫ਼ਾਦਾਰੀਆਂ ਦੀਆਂ ਸੌਂਹਾਂ ਖਾਂਦੇ ਹੀ ਨਹੀਂ, ਸੋ ਉਨ੍ਹਾਂ ਉੱਤੇ ਬੇਵਫ਼ਾਈ ਦੀ ਤੋਹਮਤ ਵੀ ਨਹੀਂ ਲੱਗਦੀ। ਉਨ੍ਹਾਂ ਨੂੰ ਜਿਸ ਦੀ ਅਤੇ ਜਿਧਰੋਂ ਖਿੱਚ ਮਹਿਸੂਸ ਹੁੰਦੀ ਹੈ, ਉਧਰ ਨਿਕਲ ਜਾਂਦੇ ਹਨ।

ਮਨੁੱਖੀ ਨਸਲ ਵੀ ਭੋਜਨ, ਪੈਸੇ, ਪ੍ਰਸਿੱਧੀ, ਮਾਨਤਾ ਆਦਿ ਭਾਂਤ-ਭਾਂਤ ਦੀਆਂ ਖਿੱਚਾਂ ਹੰਢਾਉਂਦੀ ਹੈ ਪਰ ਸਭ ਤੋਂ ਵੱਧ ਵਿਆਪਕ, ਸਦੀਵੀ ਅਤੇ ਸ਼ਕਤੀਸ਼ਾਲੀ ਖਿੱਚ, ਇਸਤਰੀ-ਪੁਰਸ਼ ਵਿਚਕਾਰ ਹੁੰਦੀ ਹੈ।

ਇਸਤਰੀ-ਪੁਰਸ਼ ਦੀ ਮਾਨਸਿਕ ਅਤੇ ਸਰੀਰਕ ਬਣਤਰ ਹੀ ਅਜਿਹੀ ਹੈ ਕਿ ਇਹ ਇਕ-ਦੂਜੇ ਨੂੰ ਖਿੱਚ ਪਾਉਂਦੇ ਰਹਿੰਦੇ ਹਨ।

ਜਨਮ ਲੈਂਦਿਆਂ ਹੀ ਸੰਸਾਰ ਅਤੇ ਜੀਵਨ ਦੀ ਖਿੱਚ ਪੈਣ ਲੱਗ ਪੈਂਦੀ ਹੈ। ਹਰ

ਕੋਈ ਹਰੇਕ ਖਿੱਚ ਨੂੰ ਵੱਖਰੇ ਢੰਗ ਨਾਲ ਮਹਿਸੂਸ ਕਰਦਾ ਹੈ ਅਤੇ ਆਪਣੀ ਖਿੱਚ ਨੂੰ ਨਿਵੇਕਲੇ ਢੰਗ ਨਾਲ ਪੜ੍ਹਦਾ ਅਤੇ ਬਿਆਨ ਕਰਦਾ ਹੈ। ਕੋਈ ਦੂਜੇ ਨੂੰ ਨਾਵਲ ਵਾਂਗ ਪੜ੍ਹਦਾ ਹੈ, ਕੋਈ ਕਵਿਤਾ ਵਾਂਗ ਅਤੇ ਕੋਈ ਪ੍ਰਸ਼ਨ-ਪੱਤਰ ਵਾਂਗ।

ਸ਼ਕਤੀਸ਼ਾਲੀ ਖਿੱਚ ਦੁਵੱਲੀ ਹੁੰਦੀ ਹੈ। ਇਕ ਪਾਸੜ ਜਾਂ ਇਕਹਿਰੀ ਖਿੱਚ, ਖਿੱਚ ਨਹੀਂ ਹੁੰਦੀ, ਦਿਲਚਸਪੀ ਹੀ ਹੁੰਦੀ ਹੈ। ਦੁਵੱਲੀ ਖਿੱਚ ਵਿਚ ਦੋਹਾਂ ਧਿਰਾਂ ਨੂੰ ਲਾਗਤ ਨਾਲੋਂ ਪ੍ਰਾਪਤੀ ਵਧੇਰੇ ਹੋ ਰਹੀ ਪ੍ਰਤੀਤ ਹੁੰਦੀ ਹੈ। ਲੈਣ-ਦੇਣ ਭਾਵਕ ਹੋਣ ਕਰਕੇ ਦੋਵੇਂ ਨੇੜੇ ਆ ਜਾਂਦੇ ਹਨ ਅਤੇ ਜ਼ਿੰਦਗੀ ਨਾਲੋਂ ਵੀ ਲੰਮੇ ਵਾਅਦੇ ਕਰਦੇ ਹਨ।

ਪਰਸਪਰ ਖਿੱਚ ਇਤਨੀ ਸ਼ਕਤੀਸ਼ਾਲੀ ਹੁੰਦੀ ਹੈ ਕਿ ਲੰਮੇ ਵਾਅਦੇ ਹੀ ਢੁਕਵੇਂ ਪ੍ਰਤੀਤ ਹੁੰਦੇ ਹਨ ਪਰ ਬਹੁਤੀਆਂ ਖਿੱਚਾਂ ਦੀ ਉਮਰ ਲੰਮੀ ਨਹੀਂ ਹੁੰਦੀ।

ਇਸ ਸੰਸਾਰ ਵਿਚ ਕੋਈ ਵੀ ਅਜਿਹਾ ਨਹੀਂ, ਜਿਸ ਨੂੰ ਕਿਸੇ ਦੀ ਵੀ ਖਿੱਚ ਨਾ ਪਈ ਹੋਵੇ। ਕਈਆਂ ਨੂੰ ਇਕ ਖਿੱਚ ਪਹਿਲਾਂ ਹੀ ਪਈ ਹੁੰਦੀ ਹੈ ਅਤੇ ਕਿਸੇ ਹੋਰ ਵਲੋਂ, ਕਿਸੇ ਹੋਰ ਪਾਸਿਓਂ, ਕੋਈ ਹੋਰ ਖਿੱਚ ਪੈਣ ਲੱਗ ਜਾਂਦੀ ਹੈ।

ਇਕ ਲੜਕੀ ਹੈ ਤਾਂ ਪਰੀ ਸੀ ਪਰ ਪਿਆਰ ਦੀਆਂ ਖਿੱਚਾਂ ਮਾਣਨ ਲਈ ਉਹ ਧਰਤੀ 'ਤੇ ਉਤਰ ਆਈ ਸੀ।

ਉਹ ਕਹਿ ਰਹੀ ਸੀ: ਮੈਂ ਚਾਹੁੰਦੀ ਹਾਂ ਕੋਈ ਮੇਰਾ ਉਵੇਂ ਧਿਆਨ ਰੱਖੇ, ਉਵੇਂ ਵਿਹਾਰ ਕਰੇ, ਜਿਵੇਂ ਮੈਂ ਕਿਸੇ ਗੰਭੀਰ ਰੋਗ ਦੀ ਮਰੀਜ਼ ਹੋਵਾਂ।

ਕਿਸੇ ਦੇ ਪਿਆਰ ਵਿਚ ਖਿੱਚੀ, ਉਹ ਅਕਸਰ ਬਿਮਾਰ ਪੈ ਜਾਂਦੀ ਸੀ।

ਇਵੇਂ ਉਸ ਨੇ ਕਈਆਂ ਤੋਂ ਪਿਆਰ ਕਰਵਾਇਆ ਅਤੇ ਕੁਝ ਨੂੰ ਕੀਤਾ ਵੀ।

ਜਦੋਂ ਉਹ ਕਿਸੇ ਨੂੰ ਪਿਆਰ ਕਰਦੀ ਸੀ ਤਾਂ ਇਸ ਦੌਰਾਨ ਕੋਈ ਹੋਰ ਖਿੱਚ ਪਾਉਣ ਲੱਗ ਪੈਂਦਾ ਸੀ, ਜਿਸ ਤੋਂ ਉਸ ਨੂੰ ਵਧੇਰੇ ਲਾਡ-ਪਿਆਰ ਦੀ ਆਸ ਜਾਗ ਪੈਂਦੀ ਸੀ। ਅਜਿਹਾ ਵਾਪਰਨਾ ਉਸ ਨੂੰ ਬੜਾ ਸੁਭਾਵਕ ਲੱਗਦਾ ਸੀ।

ਇਸ ਸੰਸਾਰ ਵਿਚ ਅਨੇਕਾਂ ਹੋਰਾਂ ਨੂੰ ਖਿੱਚ ਪਾਉਣ ਅਤੇ ਖਿੱਚੇ ਜਾਣ ਲਈ ਹੀ ਆਉਂਦੇ ਹਨ। ਇਸਤਰੀ ਦਾ ਪੁਰਸ਼ ਨੂੰ ਖਿੱਚ ਪਾਉਣਾ ਲੋਹੇ ਅਤੇ ਚੁੰਬਕ, ਭੁੱਖ ਅਤੇ ਭੋਜਨ, ਪੂਰਨਮਾਸ਼ੀ ਅਤੇ ਸਮੁੰਦਰ ਦੀ ਖਿੱਚ ਵਾਂਗ ਹੁੰਦਾ ਹੈ। ਖਿੱਚ ਪਾਉਣ ਦੀ, ਇਸਤਰੀ ਵਿਚ ਪੁਰਸ਼ ਨਾਲੋਂ ਯੋਗਤਾ ਵਧੇਰੇ ਹੁੰਦੀ ਹੈ। ਕੋਈ ਕਹਿ ਰਿਹਾ ਸੀ: ਉਸ ਨੇ ਮੈਨੂੰ ਇਉਂ ਖਿੱਚਿਆ, ਜਿਵੇਂ ਨਿਊਟਨ ਸਾਹਮਣੇ, ਧਰਤੀ ਨੇ ਸੇਬ ਨੂੰ ਖਿੱਚਿਆ ਸੀ।

ਖਿੱਚ ਇਕ-ਦੂਜੇ ਨੂੰ ਵੇਖਣ ਨਾਲ ਸ਼ੁਰੂ ਹੁੰਦੀ ਹੈ।

ਜ਼ਰੂਰੀ ਨਹੀਂ ਕਿ ਚੰਗੇ ਹੀ ਚੰਗਿਆਂ ਵੱਲ ਖਿੱਚੇ ਜਾਣ। ਵਿਰੋਧ ਦੀ ਵੀ ਖਿੱਚ ਹੁੰਦੀ ਹੈ ਅਤੇ ਵਰਜਿਤ ਚੀਜ਼ਾਂ ਵਧੇਰੇ ਖਿੱਚ ਪਾਉਂਦੀਆਂ ਹਨ।

ਕਿਸੇ ਵਿਚ ਜੋ ਕੁਝ ਸਧਾਰਨ ਅਤੇ ਸਹੀ ਹੁੰਦਾ ਹੈ, ਉਹ ਖਿੱਚ ਨਹੀਂ ਪਾਉਂਦਾ, ਉਸ ਦਾ ਵਚਿੱਤਰ ਅਤੇ ਵਿਲੱਖਣ ਵਿਹਾਰ ਖਿੱਚ ਪਾਉਂਦਾ ਹੈ।

ਜੋ ਚੰਗਾ ਹੋਵੇਗਾ ਉਹ ਨਹੀਂ, ਜੋ ਦਿਲਚਸਪ ਹੋਵੇਗਾ, ਉਹ ਖਿੱਚ ਪਾਵੇਗਾ।

ਖਿੱਚ ਨੂੰ ਤਰਕਸੰਗਤ ਢੰਗ ਨਾਲ ਬਿਆਨ ਨਹੀਂ ਕੀਤਾ ਜਾ ਸਕਦਾ ਕਿਉਂਕਿ ਖਿੱਚ ਵਿਚ ਦਿਮਾਗ ਦਾ ਦਖ਼ਲ ਨਹੀਂ ਹੁੰਦਾ। ਦਿਮਾਗ ਦੀ ਦਿਲਚਸਪੀ ਨਫ਼ੇ-ਨੁਕਸਾਨ

ਅਤੇ ਮਾਪੀਆਂ, ਤੋਲੀਆਂ, ਗਿਣੀਆਂ ਜਾਣ ਵਾਲੀਆਂ ਚੀਜ਼ਾਂ ਵਿਚ ਹੁੰਦੀ ਹੈ।

ਭਾਵੇਂ ਕੁਝ, ਜੂਏ ਵਾਂਗ ਗਲਤ ਹੀ ਹੋਵੇ ਪਰ ਜੇ ਉਹ ਦਿਲਚਸਪ ਹੋਵੇਗਾ ਤਾਂ ਧਿਆਨ ਖਿੱਚੇਗਾ। ਜੋ ਹੋ ਰਿਹਾ ਹੁੰਦਾ ਹੈ, ਉਹ ਦਿਸ ਰਿਹਾ ਹੁੰਦਾ ਹੈ, ਜੋ ਹੋ ਸਕਦਾ ਹੁੰਦਾ ਹੈ, ਉਹ ਛੁਪਿਆ ਹੁੰਦਾ ਹੈ। ਜੋ ਦਿਸਦਾ ਨਹੀਂ, ਉਹ ਖਿੱਚ ਪਾਉਂਦਾ ਹੈ।

ਕੱਪੜਿਆਂ ਵਿਚ ਆਪਣੀ ਉਤਨੀ ਖਿੱਚ ਨਹੀਂ ਹੁੰਦੀ, ਜਿਤਨੀ ਕੱਪੜਿਆਂ ਅੰਦਰ ਛੁਪਾਏ ਅੰਗਾਂ ਕਾਰਨ ਹੁੰਦੀ ਹੈ। ਨੈਣ ਨਕਸ਼ ਵੀ ਤਾਂ ਹੀ ਖਿੱਚ ਪਾਉਂਦੇ ਹਨ, ਕਿਉਂਕਿ ਉਹ ਕੱਪੜਿਆਂ ਅੰਦਰਲੀ ਰੌਣਕ ਵੱਲ ਇਸ਼ਾਰਾ ਕਰਦੇ ਹਨ। ਇਸ ਰੌਣਕ ਕਾਰਨ ਇਸਤਰੀ-ਪੁਰਸ਼ ਵਿਚ ਇਕ-ਦੂਜੇ ਨੂੰ ਭਰਮਾਉਣ ਦੀ ਖੇਡ ਚੱਲਦੀ ਹੈ। ਝੂਠ ਬੋਲਣਾ, ਭਰਮਾਉਣ ਦੀ ਖੇਡ ਦਾ ਦਾਓ ਹੁੰਦਾ ਹੈ। ਜਦੋਂ ਸੱਚ ਬੋਲਣ ਨਾਲ ਕਿਸੇ ਨੂੰ ਭਰਮਾਉਣਾ ਸੰਭਵ ਨਾ ਹੋਵੇ ਤਾਂ ਭਰਮਾਉਣ ਲਈ ਝੂਠ ਵਰਤਿਆ ਜਾਂਦਾ ਹੈ।

ਖਿੱਚ ਪੈਣ ਉਪਰੰਤ ਦੋਵੇਂ ਸੋਚਦੇ ਹਨ ਕਿ ਸਾਡੀ ਕਿਸਮਤ ਬਦਲਣ ਵਾਲੀ ਹੈ।

ਦੋਹਾਂ ਨੂੰ ਲੱਗਦਾ ਹੈ ਕਿ ਪਿਆਰੇ ਨੂੰ ਪਹਿਚਾਨਣ ਵਾਲੀ ਨਜ਼ਰ ਲੱਭ ਪਈ ਹੈ ਅਤੇ ਇਹ ਵੀ ਪਤਾ ਲੱਗ ਗਿਆ ਹੈ ਕਿ ਇਸ ਨਜ਼ਰ ਨਾਲ ਵੇਖਣਾ ਕਿਸ ਨੂੰ ਹੈ।

ਖਿੱਚ ਪੈਣ 'ਤੇ ਸ਼ਬਦਾਂ ਦੇ ਨਾਲ-ਨਾਲ ਸੰਕੇਤਾਂ ਦੀ ਭਾਸ਼ਾ ਉਪਜਦੀ ਹੈ।

ਕੋਈ ਪੁੱਛੇ ਬਿਨਾਂ ਐਵੇਂ ਨਹੀਂ ਕਾਫ਼ੀ ਬਣਾਉਣ ਲੱਗ ਜਾਂਦੀ।

ਕੋਈ ਉਂਜ ਹੀ ਕਿਸੇ ਦੀ ਗੈਰ-ਹਾਜ਼ਰੀ ਦੇ ਦਿਨ ਨਹੀਂ ਗਿਣਨ ਲੱਗ ਪੈਂਦਾ।

ਖਿੱਚ ਪੈਣ 'ਤੇ ਹੌਕੇ ਲੈਣੇ ਆ ਜਾਂਦੇ ਹਨ, ਉਦਾਸ ਹੋਣਾ ਚੰਗਾ ਲੱਗਣ ਲੱਗ ਪੈਂਦਾ ਹੈ। ਦਿਲ ਕਰਦਾ ਹੈ ਜੇ ਕੋਈ ਮੇਰਾ ਦਿਲ ਤੋੜੇ ਤਾਂ ਕੇਵਲ ਉਹੀ ਤੋੜੇ, ਜਿਸ ਦੀ ਖਿੱਚ ਪੈਂਦੀ ਹੈ। ਦਿਲ ਕਰਦਾ ਹੈ ਉਹ ਨੇੜੇ-ਨੇੜੇ ਰਹੇ, ਉਹ ਆਵੇ ਪਰ ਜਾਵੇ ਨਾ।

ਖਿੱਚ ਦਾ ਆਧਾਰ ਨੇੜਤਾ ਹੁੰਦੀ ਹੈ। ਇਕ ਹੀ ਸਭਿਆਚਾਰ ਵਾਲੇ, ਇਕ ਹੀ ਜਮਾਤ ਵਿਚ ਪੜ੍ਹਨ ਵਾਲੇ, ਇਕ ਹੀ ਮੰਦਰ ਜਾਣ ਵਾਲੇ ਆਪਸ ਵਿਚ ਸੌਖਿਆਂ ਖਿੱਚੇ ਜਾਂਦੇ ਹਨ। ਨੇੜਤਾ ਨਾਲ ਸਾਂਝਾਂ ਵਧੇਰੇ ਦਿਸਦੀਆਂ ਹਨ, ਜਿਨ੍ਹਾਂ ਕਾਰਨ ਨਜ਼ਰਾਂ, ਸ਼ਬਦਾਂ ਅਤੇ ਗੁੱਝੇ ਇਸ਼ਾਰਿਆਂ ਦਾ ਵਟਾਂਦਰਾ ਸੌਖਾ ਅਤੇ ਸੁਖਾਲਾ ਹੋ ਜਾਂਦਾ ਹੈ।

ਇਹ ਸਾਡੇ ਆਪਣੇ ਉਸਾਰੇ ਰਿਸ਼ਤੇ ਹੁੰਦੇ ਹਨ, ਇਸ ਲਈ ਇਹ ਵਧੇਰੇ ਨਿੱਘੇ, ਰਮਣੀਕ, ਰੱਜਵੇਂ ਅਤੇ ਆਪਣੇ ਲੱਗਦੇ ਹਨ।

ਖਿੱਚ ਹਮੇਸ਼ਾਂ ਨਵੇਂ ਦੀ ਹੁੰਦੀ ਹੈ ਅਤੇ ਇਹ ਉਤਨਾ ਚਿਰ ਹੀ ਰਹਿੰਦੀ ਹੈ, ਜਿਤਨਾ ਚਿਰ ਖਿੱਚ ਪਾਉਣ ਵਾਲੇ ਨਵੇਂ ਰਹਿੰਦੇ ਹਨ। ਜਿਨ੍ਹਾਂ ਵਿਚ ਜਮਾਤਾਂ ਪਾਸ ਕਰਨ ਵਰਗਾ ਵਿਕਾਸ ਵਾਪਰਦਾ ਰਹੇ, ਉਨ੍ਹਾਂ ਦੀ ਖਿੱਚ ਬਰਕਰਾਰ ਰਹਿੰਦੀ ਹੈ।

ਅਮਰੀਕਾ ਸੰਸਾਰ ਭਰ ਦੇ ਜਵਾਨਾਂ ਨੂੰ ਖਿੱਚ ਪਾਉਂਦਾ ਹੈ। ਇਹ ਜਵਾਨ ਆਪਣੀਆਂ ਨਵੀਆਂ ਕਾਢਾਂ ਅਤੇ ਸੋਚਾਂ ਨਾਲ ਅਮਰੀਕਾ ਨੂੰ ਜਵਾਨ ਰੱਖਦੇ ਹਨ।

ਜਿਹੜਾ ਦੇਸ਼, ਵਿਚਾਰ ਜਾਂ ਵਿਅਕਤੀ ਕਿਸੇ ਨੂੰ ਚੰਗਾ ਨਹੀਂ ਲੱਗਦਾ, ਉਹ ਪ੍ਰਭਾਵਿਤ ਨਹੀਂ ਕਰਦਾ, ਖਿੱਚ ਨਹੀਂ ਪਾਉਂਦਾ।

ਖਿੱਚ ਵਿਚ ਸੋਹਜ ਅਤੇ ਸੁੰਦਰਤਾ ਦਾ ਯੋਗਦਾਨ ਹੁੰਦਾ ਹੈ। ਪਤੀ ਸੋਹਣਾ ਹੋਵੇ

ਚੰਗੀ ਗੱਲ ਹੈ ਪਰ ਪਤੀ ਨਾਲੋਂ ਪਤਨੀ ਦਾ ਸੋਹਣੀ ਹੋਣਾ ਜਾਂ ਸੋਹਣੀ ਲੱਗਣਾ ਜ਼ਰੂਰੀ ਹੈ। ਜੇ ਫਿਲਮ ਦਾ ਨਾਇਕ, ਫਿਲਮ ਦੇ ਖਲਨਾਇਕ ਨਾਲੋਂ ਅਤੇ ਰਾਮਲੀਲ੍ਹਾ ਦਾ ਰਾਮ, ਰਾਵਣ ਨਾਲੋਂ ਸੋਹਣਾ ਨਹੀਂ ਤਾਂ ਉਹ ਪ੍ਰਭਾਵਿਤ ਨਹੀਂ ਕਰੇਗਾ।

ਪੁਰਸ਼ ਨੂੰ ਇਸਤਰੀ ਦੀ ਸੂਰਤ, ਸਲੀਕਾ, ਸੋਹਜ ਅਤੇ ਸਰੀਰ ਖਿੱਚਦਾ ਹੈ, ਇਸਤਰੀ ਨੂੰ ਪੁਰਸ਼ ਦੀ ਸੁਰੱਖਿਆ, ਸਾਥ, ਅਕਲ ਅਤੇ ਰੁਤਬਾ ਖਿੱਚਦੇ ਹਨ।

ਇਸਤਰੀ ਦੇ ਨੈਣ-ਨਕਸ਼ ਪਹਿਲਾਂ ਧਿਆਨ ਖਿੱਚਦੇ ਹਨ, ਉਸਦੀ ਅਕਲ ਮਗਰੋਂ ਪ੍ਰਭਾਵਿਤ ਕਰਦੀ ਹੈ। ਇਸੇ ਕਾਰਨ ਪਹਿਲੀ ਮਿਲਣੀ ਸਮੇਂ ਇਸਤਰੀ ਆਪ ਚੁੱਪ ਰਹਿ ਕੇ, ਪੁਰਸ਼ ਨੂੰ ਨੈਣ-ਨਕਸ਼ ਵੇਖਣ ਦਾ ਅਵਸਰ ਦਿੰਦੀ ਹੈ।

ਪੁਰਸ਼ ਮਿਲਦਿਆਂ ਹੀ ਬੋਲਣ ਲੱਗ ਪੈਂਦਾ ਹੈ, ਇਸ ਲਈ ਉਸ ਦੇ ਬੋਲਣ ਤੋਂ ਉਸਦੀ ਅਕਲ ਦਾ ਅਨੁਮਾਨ ਪਹਿਲਾਂ ਲਾਇਆ ਜਾਂਦਾ ਹੈ, ਬਾਕੀ ਪੱਖ ਮਗਰੋਂ ਵੇਖੇ ਜਾਂਦੇ ਹਨ। ਪੁਰਸ਼ ਦੀ ਬਹਾਦਰੀ ਸਰੀਰਕ ਨਹੀਂ ਹੁੰਦੀ, ਉਸ ਦੇ ਇਰਾਦੇ ਵਿਚ ਹੁੰਦੀ ਹੈ। ਇਸਤਰੀ ਦੇ ਨੈਣ-ਨਕਸ਼ ਹੀ ਖਿੱਚ ਨਹੀਂ ਪਾਉਂਦੇ ਉਸ ਦੀ ਸੁੰਦਰ ਤੱਕਣੀ, ਉਸ ਦੀਆਂ ਮਨਮੋਹਕ ਅਦਾਵਾਂ ਅਤੇ ਸਲੀਕੇ ਵਾਲਾ ਵਿਹਾਰ ਵੀ ਖਿੱਚ ਪਾਉਂਦੇ ਹਨ। ਇਸੇ ਕਾਰਨ ਨੈਣ-ਨਕਸ਼ਾਂ ਦੇ ਪੱਖੋਂ ਕਈ ਸਧਾਰਨ ਇਸਤਰੀਆਂ ਵੀ ਸੋਹਜਮਈ ਆਦਤਾਂ ਅਤੇ ਮਿੱਠੀ ਬੋਲਬਾਣੀ ਕਾਰਨ ਬੜੀ ਖਿੱਚ ਪਾਉਂਦੀਆਂ ਹਨ।

ਕੰਵਾਰੇ ਜੀਵਨ ਦੀਆਂ ਖਿੱਚਾਂ ਹੋਰ ਹੁੰਦੀਆਂ ਹਨ, ਵਿਆਹੇ ਜੀਵਨ ਦੀਆਂ ਹੋਰ।

ਬਚਪਨ ਵਿਚ ਖਾਣ-ਪੀਣ ਵਾਲੀਆਂ ਚੀਜ਼ਾਂ ਵਿਚ ਦਿਲਚਸਪੀ ਹੁੰਦੀ ਹੈ, ਬੁਢਾਪੇ ਵਿਚ ਸੁਖ-ਸਾਧਨਾਂ ਦੀ ਖਿੱਚ ਹੁੰਦੀ ਹੈ।

ਰਿਸ਼ਤਾ ਕਰਨ ਵੇਲੇ, ਪੁਰਸ਼ ਨੂੰ ਚਾਹੀਦੀ ਪਤਨੀ ਹੁੰਦੀ ਹੈ ਪਰ ਲੜਕੀ ਸਾਬਤ ਕਰਨ ਲੱਗ ਪੈਂਦੀ ਹੈ ਕਿ ਉਹ ਬੜੀ ਦਿਲਚਸਪ ਪ੍ਰੇਮਿਕਾ ਸਾਬਤ ਹੋਵੇਗੀ।

ਇਵੇਂ ਹੀ ਲੜਕੀ ਨੂੰ ਭਾਲ, ਪਤੀ ਦੀ ਹੁੰਦੀ ਹੈ ਪਰ ਲੜਕਾ ਸਾਬਤ ਕਰਨ ਲੱਗ ਪੈਂਦਾ ਹੈ ਕਿ ਉਹ ਹਰ ਰੋਜ਼ ਇਕ ਹੀਰੋ ਨੂੰ ਮਿਲਿਆ ਕਰੇਗੀ।

ਵਿਆਹ ਉਪਰੰਤ ਪਤਨੀ ਚਾਹੁੰਦੀ ਹੈ ਕਿ ਪਤੀ ਉਸਨੂੰ ਰੁਤਬੇ ਅਤੇ ਸਮਾਜਿਕ-ਰਾਜਨੀਤਕ ਮਹੱਤਵ ਨਾਲ ਖਿੱਚ ਪਾਉਂਦਾ ਰਹੇ, ਪਤੀ ਚਾਹੁੰਦਾ ਹੈ ਕਿ ਉਸ ਦੀ ਪਤਨੀ ਅਸਮਾਨ ਤੋਂ ਥੱਲੇ ਉਤਰਿਆ ਚੰਨ ਲੱਗੇ।

ਹਰੇਕ ਸਮਾਜ ਵਿਚ ਅਕਸਰ ਚੰਗੇ, ਸੋਹਣੇ ਅਤੇ ਸੋਹਣੇ, ਚੰਗੇ ਸਮਝੇ ਜਾਂਦੇ ਹਨ। ਸਕੂਲ ਵਿਚ ਸੋਹਣੇ ਅਤੇ ਭੋਲੇ ਹੋਣ ਕਾਰਨ ਗੋਰੇ ਬੱਚਿਆਂ ਨੂੰ ਕਾਲਿਆਂ ਨਾਲੋਂ ਘੱਟ ਸਜ਼ਾ ਮਿਲਦੀ ਹੈ, ਜਦੋਂ ਕਿ ਕਾਲੇ ਬੱਚੇ ਲੜਾਕੇ ਅਤੇ ਗੰਦੇ ਸਮਝੇ ਜਾਂਦੇ ਹਨ। ਸੋਹਣੇ ਚਿਹਰੇ 'ਤੇ ਸਵੈ ਵਿਸ਼ਵਾਸ ਦੀ ਇਕ ਝਲਕ ਅਤੇ ਸਮਾਜਿਕ ਚਮਕ ਹੁੰਦੀ ਹੈ।

ਸੋਹਣੇ ਪਾਗਲ ਘੱਟ ਹੁੰਦੇ ਹਨ, ਬਿਮਾਰ ਘੱਟ ਪੈਂਦੇ ਹਨ। ਜੇ ਪੈ ਜਾਣ ਤਾਂ ਹੋਰਾਂ ਦੇ ਹਾਲ ਪੁੱਛਣ ਨਾਲ ਹੀ ਠੀਕ ਹੋ ਜਾਂਦੇ ਹਨ। ਸੋਹਣਿਆਂ ਦਾ ਨਖ਼ਰਾ ਹੁੰਦਾ ਹੈ। ਉਹ ਦਵਾਈ ਲੈਣ ਵਿਚ ਵੀ ਨਖ਼ਰਾ ਕਰਦੇ ਹਨ, ਜਿਵੇਂ ਬਿਮਾਰੀ 'ਤੇ ਅਹਿਸਾਨ ਕਰ ਰਹੇ ਹੋਣ। ਨਖ਼ਰੇਲੋ ਇਸਤਰੀ, ਨਖ਼ਰਿਆਂ ਦੀ ਖਿੱਚ ਨਾਲ ਹੀ ਪੁਰਸ਼ ਨੂੰ ਉਧਾਲ ਲੈਂਦੀ ਹੈ।

ਕਿਸੇ ਮੁਕਾਬਲੇ ਜਾਂ ਸਮਾਗਮ ਵਿਚ ਜੇ ਸੋਹਣੀ ਇਸਤਰੀ ਗਾਵੇ ਜਾਂ ਬੋਲੇ ਤਾਂ ਵਧੇਰੇ ਤਾੜੀਆਂ ਵੱਜਦੀਆਂ ਹਨ। ਇਹ ਸੁੰਦਰਤਾ ਦੀ ਰਿਆਇਤ ਹੁੰਦੀ ਹੈ।

ਕਿਸੇ ਨਾਲ ਪਹਿਲੀ ਅਤੇ ਸੰਖੇਪ ਮਿਲਣੀ ਵਿਚ ਅਕਸਰ ਸਰੀਰਕ ਪੱਖ ਹੀ ਵੇਖੇ ਜਾਂਦੇ ਹਨ, ਖਿੱਚ ਹੀ ਮਾਪੀ-ਤੋਲੀ ਜਾਂਦੀ ਹੈ। ਜੇ ਪਹਿਲੀ ਮਿਲਣੀ ਚੰਗੀ ਹੋਵੇ ਤਾਂ ਹੋਰ ਮਿਲਣੀਆਂ ਦੀ ਆਸ ਬੱਝ ਜਾਂਦੀ ਹੈ। ਖਿੱਚ ਕਾਰਨ, ਪੁਰਸ਼ ਇਸਤਰੀ ਨੂੰ ਝੱਟ ਪਿਆਰ ਕਰਨ ਲੱਗ ਪੈਂਦਾ ਹੈ ਅਤੇ ਖਿੱਚ ਮੁੱਕਣ ਦੇ ਬਾਵਜੂਦ ਉਹ ਇਸਤਰੀ ਨੂੰ ਤਿਆਗਦਾ ਹੌਲੀ-ਹੌਲੀ ਹੈ ਪਰ ਇਸਤਰੀ ਪਿਆਰ ਪਾਉਣ ਵੇਲੇ ਅਨੇਕਾਂ ਪੱਖਾਂ ਬਾਰੇ ਸੋਚਣ ਕਾਰਨ ਦੇਰ ਨਾਲ ਫੈਸਲਾ ਕਰਦੀ ਹੈ ਪਰ ਖਿੱਚ ਮੁੱਕਣ 'ਤੇ ਉਹ ਪੁਰਸ਼ ਨੂੰ ਤਿਆਗਦੀ ਇਕਦਮ ਹੈ ਅਤੇ ਆਪਣੇ ਸਾਰੇ ਬੂਹੇ-ਬਾਰੀਆਂ ਬੰਦ ਕਰ ਲੈਂਦੀ ਹੈ।

ਇਹ ਸਮਝਣਾ ਜ਼ਰੂਰੀ ਹੈ ਕਿ ਕਿਸੇ ਵਿਅਕਤੀ ਦਾ ਸਮੁੱਚ ਨਹੀਂ, ਉਸ ਦਾ ਕੋਈ ਇਕ ਪੱਖ ਵਿਸ਼ੇਸ਼ ਖਿੱਚ ਪਾਉਂਦਾ ਹੈ।

ਖਿੱਚ ਪਾਉਣ ਵਾਲੇ ਹਰੇਕ ਵਿਅਕਤੀ ਵਿਚ ਖਿੱਚ ਦਾ ਇਕ ਕੇਂਦਰ ਹੁੰਦਾ ਹੈ। ਕਿਸੇ ਦੀਆਂ ਅੱਖਾਂ ਖਿੱਚ ਪਾਉਂਦੀਆਂ ਹਨ, ਕਿਸੇ ਦੀਆਂ ਗੱਲ੍ਹਾਂ ਵਿਚਲੇ ਟੋਏ, ਕਿਸੇ ਦੀ ਮੁਸਕਰਾਹਟ, ਕਿਸੇ ਦੀ ਅਵਾਜ਼ ਅਤੇ ਕਿਸੇ ਦਾ ਵਿਹਾਰ। ਇਵੇਂ ਇਕ ਸੋਹਣੀ ਇਸਤਰੀ ਭਾਵੇਂ ਕਈਆਂ ਨੂੰ ਖਿੱਚ ਪਾਉਂਦੀ ਹੈ ਪਰ ਹਰ ਕਿਸੇ ਲਈ, ਉਸ ਦੀ ਮਾਨਸਿਕ ਬਣਤਰ ਅਨੁਸਾਰ, ਖਿੱਚ ਦਾ ਕੇਂਦਰ ਵੱਖਰਾ-ਵੱਖਰਾ ਹੁੰਦਾ ਹੈ।

ਪਿਆਰ ਪਰਸਪਰ ਪਸੰਦ ਦਾ ਖੇਤਰ ਹੈ। ਮੁੱਢ ਵਿਚ ਗੁਣ ਵਧੇਰੇ ਸ਼ਕਤੀਸ਼ਾਲੀ ਪ੍ਰਤੀਤ ਹੋਣ ਕਾਰਨ, ਨੁਕਸ ਭਾਵੇਂ ਦਿਸਦੇ ਤਾਂ ਹਨ ਪਰ ਇਨ੍ਹਾਂ ਵੱਲ ਧਿਆਨ ਨਹੀਂ ਦਿੱਤਾ ਜਾਂਦਾ। ਨਜਾਇਜ਼ ਰਿਸ਼ਤੇ ਦੀ ਖਿੱਚ ਉਦੋਂ ਘੱਟਣ ਲੱਗਦੀ ਹੈ, ਜਦੋਂ ਤਸੱਲੀ ਨਾਲੋਂ ਪਰੇਸ਼ਾਨੀ ਵੱਧ ਜਾਂਦੀ ਹੈ। ਨਜਾਇਜ਼ ਰਿਸ਼ਤਿਆਂ ਵਿਚ ਪਰੇਸ਼ਾਨੀਆਂ ਅਤੇ ਮੁਸ਼ਕਿਲਾਂ ਸਹਿਣ ਦਾ ਧੀਰਜ ਨਹੀਂ ਹੁੰਦਾ। ਪੱਕੇ ਪਰਿਵਾਰਕ ਰਿਸ਼ਤਿਆਂ ਵਿਚ ਪਰੇਸ਼ਾਨੀਆਂ, ਮੁਸ਼ਕਿਲਾਂ ਅਤੇ ਸੰਕਟਾਂ ਨੂੰ ਝੱਲਣ ਦੀ ਬਹੁਤ ਸ਼ਕਤੀ ਹੁੰਦੀ ਹੈ।

ਪਤੀ-ਪਤਨੀ ਵਿਚਕਾਰ ਲਗਭਗ ਸਾਰੀਆਂ ਸਮੱਸਿਆਵਾਂ ਪਰਸਪਰ ਦਿਲਚਸਪੀ ਦੇ ਘੱਟਣ ਅਤੇ ਸਰੀਰਕ ਖਿੱਚ ਦੀ ਘਾਟ ਕਾਰਨ ਉਪਜਦੀਆਂ ਹਨ।

ਖਿੱਚਾਂ ਕਈ ਪ੍ਰਕਾਰ ਦੀਆਂ ਹੁੰਦੀਆਂ ਹਨ, ਜਿਵੇਂ ਭੋਜਨ ਦੀ ਖਿੱਚ, ਕਾਮ ਦੀ ਖਿੱਚ, ਧਨ-ਜਾਇਦਾਦ ਅਤੇ ਮਾਨਤਾ ਦੀ ਖਿੱਚ, ਅਹੁਦੇ-ਰੁਤਬੇ ਅਤੇ ਹਕੂਮਤ ਦੀ ਖਿੱਚ, ਧਨ ਕਮਾਉਣ ਦੀ ਖਿੱਚ, ਪੈਸਾ ਖਰਚਣ ਦੀ ਖਿੱਚ ਆਦਿ।

ਜਦੋਂ ਭੁੱਖਾਂ-ਖਿੱਚਾਂ ਬੇਮੁਹਾਰ ਹੋ ਜਾਣ ਤਾਂ ਪਹਿਲਾਂ ਇਹ ਲਾਲਚ ਅਤੇ ਮਗਰੋਂ ਅਮੁੱਕ ਲਾਲਸਾ ਬਣ ਕੇ ਮਨੁੱਖ ਨੂੰ ਹਾਸੋਹੀਣਾ, ਮਾਨਸਿਕ ਰੋਗੀ ਅਤੇ ਪਾਗਲ ਵੀ ਕਰ ਦਿੰਦੀਆਂ ਹਨ। ਇਕ ਪਾਗਲ ਵਿਅਕਤੀ ਅਬਾਦੀ ਤੋਂ ਬਾਹਰ ਇਕੱਲਾ ਰਹਿੰਦਾ ਸੀ। ਉਹ ਰਾਤ ਨੂੰ ਸ਼ਹਿਰ ਦੀਆਂ ਗਲੀਆਂ ਵਿਚ ਰੋਸ਼ਨੀ ਵਾਲੇ ਘਰਾਂ ਦੀਆਂ ਖਿੜਕੀਆਂ ਵਿਚ ਝਾਕਦਾ ਰਹਿੰਦਾ ਸੀ। ਕਲਪਨਾ ਨਾਲ ਜਿਤਨਾ ਸੋਚਿਆ ਜਾ ਸਕਦਾ ਸੀ, ਉਹ ਉਸ ਤੋਂ ਵੱਧ ਸੋਚਣ ਕਾਰਨ ਪਰੇਸ਼ਾਨ ਰਹਿੰਦਾ ਸੀ।

ਕਾਲਜ-ਯੂਨੀਵਰਸਿਟੀਆਂ ਖਿੱਚ ਪਾਉਣ ਵਾਲੀ ਸੁੰਦਰਤਾ ਅਤੇ ਜਵਾਨੀ ਦੀਆਂ ਝੀਲਾਂ ਹੁੰਦੀਆਂ ਹਨ, ਜਿੱਥੇ ਕੁੜੀਆਂ ਦੇ ਖੰਭ ਅਤੇ ਮੁੰਡਿਆਂ ਦੀ ਟੌਅਰ ਨਿਕਲ ਆਉਂਦੀ ਹੈ। ਜਦੋਂ ਲੜਕੀਆਂ ਦੇ ਹੋਸਟਲ ਬੰਦ ਹੋ ਜਾਂਦੇ ਹਨ ਤਾਂ ਲੜਕੇ ਆਪਣੇ ਹੋਸਟਲਾਂ ਵੱਲ ਨਹੀਂ ਮੁੜਦੇ, ਉਹ ਲੜਕੀਆਂ ਦੇ ਹੋਸਟਲਾਂ ਦੇ ਨੇੜੇ ਕਲਪਨਾ ਦੀਆਂ ਧੂਣੀਆਂ ਦੁਆਲੇ ਬਹਿ ਕੇ ਮਾਲਾ ਫੇਰਦੇ ਹਨ ਅਤੇ ਚੁੱਪ ਬਹਿਕੇ ਕਵਾਲੀਆਂ ਗਾਉਂਦੇ ਹਨ। ਲੜਕੀਆਂ ਹੋਸਟਲਾਂ ਦੇ ਅੰਦਰ, ਮਨ ਹੀ ਮਨ ਚੂੜਾ ਪਹਿਨ ਕੇ, ਮੈਰਿਜ ਪੈਲਸਾਂ ਦੀ ਰੌਣਕ ਵਿਚ ਘੁੰਮਦੀਆਂ ਹਨ।

ਅਜਿਹੀ ਰੌਣਕ ਦੇ ਇਹ ਦਿਨ ਜਲਦੀ ਮੁੱਕ ਜਾਂਦੇ ਹਨ।

ਜਵਾਨੀ ਵਿਚ ਆਸ-ਉਮੀਦ ਦੀ, ਸੋਹਣੇ-ਸੁਹਾਵਣੇ ਭਵਿੱਖ ਦੀ ਖਿੱਚ ਹੁੰਦੀ ਹੈ। ਹਰ ਕੋਈ ਸੋਹਣੇ ਸਾਥ ਪ੍ਰਤੀ ਆਸਵੰਦ ਹੁੰਦਾ ਹੈ। ਜੋੜੀਆਂ ਬਣਨ ਦਾ ਕਾਰਜ ਅਤੇ ਉਪਰਾਲਾ ਨਿਰੰਤਰ ਜਾਰੀ ਰਹਿੰਦਾ ਹੈ। ਆਸ ਹੁੰਦੀ ਹੈ ਕਿ ਜੋ ਚੰਗਾ ਅਤੇ ਸੋਹਣਾ ਹੋਰਾਂ ਨਾਲ ਵਾਪਰ ਰਿਹਾ ਹੈ, ਉਹ ਸਾਡੇ ਨਾਲ ਵੀ ਵਾਪਰੇਗਾ। ਇਸ ਆਸ-ਉਮੀਦ ਨਾਲ ਸਾਡਾ ਵਿਹਾਰ ਪ੍ਰਭਾਵਿਤ ਹੁੰਦਾ ਹੈ। ਇਕ ਵਿਆਹ ਦੇ ਸਮਾਗਮ ਵਿਚ ਕੁਝ ਪੁਰਸ਼ਾਂ ਨੇ ਕਿਸੇ ਹੋਰ ਪੁਰਸ਼ ਨੂੰ ਘੇਰਿਆ ਹੋਇਆ ਸੀ ਅਤੇ ਉਹ ਉਸ ਨੂੰ ਕਿਸੇ ਇਸਤਰੀ ਦੇ ਨੇੜੇ ਹੋਣ ਕਾਰਨ, ਈਰਖਾ ਵੱਸ ਪਰੇਸ਼ਾਨ ਕਰ ਰਹੇ ਸਨ। ਉਸ ਵੇਲੇ ਜਿਸ ਇਸਤਰੀ ਦੀਆਂ ਗੱਲਾਂ ਹੋ ਰਹੀਆਂ ਸਨ, ਉਹ ਆਈ ਅਤੇ ਘਿਰੇ ਹੋਏ ਪੁਰਸ਼ ਨੂੰ ਕਹਿਣ ਲੱਗੀ: ਮੈਂ ਤੁਹਾਨੂੰ ਬੜੀ ਦੇਰ ਤੋਂ ਲੱਭ ਰਹੀ ਹਾਂ, ਵਿਹਲੇ ਹੋ ਕੇ ਮੇਰੇ ਕੋਲ ਆਉਣਾ, ਜ਼ਰੂਰੀ ਕੰਮ ਹੈ, ਕਿਧਰੇ ਜਾਣਾ ਹੈ। ਇਸ ਉਪਰੰਤ ਘੇਰਨ ਵਾਲਿਆਂ ਦਾ ਵਿਹਾਰ ਹੀ ਬਦਲ ਗਿਆ ਅਤੇ ਉਹ ਸਾਰੇ ਆਸਵੰਦ ਦਿਉਰ ਬਣ ਗਏ।

ਜੇ ਕੋਈ ਪੁੱਛੇ ਕਿ ਖਿੱਚ ਪੈਂਦੀ ਕਿਵੇਂ ਹੈ ਅਤੇ ਕਦੋਂ ਪੈਂਦੀ ਹੈ ਤਾਂ ਉੱਤਰ ਹੈ: ਜਿਵੇਂ ਮੀਂਹ ਪੈਂਦਾ ਹੈ, ਜਦੋਂ ਅਤੇ ਜਿਵੇਂ ਫੁੱਲ ਖਿੜਦੇ ਹਨ। ਖਿੱਚ ਦਾ ਸੰਬੰਧ ਦਿਲ ਨਾਲ ਹੈ। ਇਹ ਅੱਖਾਂ ਰਾਹੀਂ ਦਿਲ ਵਿਚ ਪਹੁੰਚਦੀ ਹੈ ਅਤੇ ਇਸ ਵਿਚ ਅਕਲ ਨਾਲ ਕਿਧਰੇ ਵਾਸਤਾ ਨਹੀਂ ਪੈਂਦਾ। ਸੋ ਇਹ ਦਿਮਾਗ ਜਾਂ ਅਕਲ ਨਾਲ ਸਮਝੀ-ਸਮਝਾਈ ਨਹੀਂ ਜਾ ਸਕਦੀ। ਖਿੱਚ ਦਾ ਸੁਭਾਓ ਬੁਝਾਰਤ ਵਾਲਾ ਹੁੰਦਾ ਹੈ। ਸੁਗੰਧੀਆਂ ਦੀ ਵਰਤੋਂ, ਹਾਰ-ਸ਼ਿੰਗਾਰ ਅਤੇ ਫੈਸ਼ਨ ਦਾ ਉਦੇਸ਼ ਖਿੱਚ ਨੂੰ ਵਧਾਉਣਾ ਹੁੰਦਾ ਹੈ।

ਕਿਸੇ ਕਿਸੇ ਇਸਤਰੀ ਵਿਚ ਇਤਨੀ ਖਿੱਚ ਹੁੰਦੀ ਹੈ ਕਿ ਉਹ ਆਲੇ-ਦੁਆਲੇ ਦੀ ਰੌਣਕ, ਚਰਚਾ, ਉਡੀਕ ਅਤੇ ਧੜਕਣ ਬਣ ਜਾਂਦੀ ਹੈ।

ਖਿੱਚ ਪਾਉਣ ਦੀ ਯੋਗਤਾ ਨਾਲ ਸਮਾਜ ਵਿਚ ਪ੍ਰਵਾਨਗੀ ਸੌਖਿਆਂ ਮਿਲ ਜਾਂਦੀ ਹੈ। ਇਸਤਰੀ ਦੀ ਜਾਤ ਉਸ ਦੀ ਖਿੱਚ ਹੁੰਦੀ ਹੈ।

ਹੁਸਨ ਦੇ ਬਜ਼ਾਰ ਵਿਚ, ਫਿਲਮਾਂ ਅਤੇ ਕਲਾ ਦੇ ਖੇਤਰਾਂ ਵਿਚ, ਬੋਲਬਾਲਾ ਖਿੱਚ ਪਾਉਣ ਵਾਲਿਆਂ ਦਾ ਹੀ ਹੁੰਦਾ ਹੈ।

ਖਿੱਚ ਪਾਉਣ ਵਾਲੀਆਂ ਇਸਤਰੀਆਂ ਸਮਾਜ ਵਿਚ ਤਲਾਕ-ਦਰ ਵਧਾ ਦਿੰਦੀਆਂ ਹਨ। ਉਨ੍ਹਾਂ ਦੀ ਖਿੱਚ ਨਾਲ ਕਈ ਘਰ ਉਜੜਦੇ ਹਨ।

ਜੇ ਕੋਈ ਇਸਤਰੀ ਕਿਸੇ ਪੁਰਸ਼ ਵੱਲ ਖਿੱਚੀ ਜਾਵੇ ਤਾਂ ਉਹ ਕਹਿੰਦੀ ਨਹੀਂ ਕਿ ਮੈਂ ਤੈਨੂੰ ਚਾਹੁੰਦੀ ਹਾਂ। ਉਹ ਚਾਹੁੰਦੀ ਹੈ ਕਿ ਪੁਰਸ਼ ਇਤਨਾ ਸਿਆਣਾ ਜ਼ਰੂਰ ਹੋਵੇ ਕਿ ਉਹ ਆਪੇ ਸਮਝ ਜਾਵੇ।

ਖਿੱਚ ਪੈਣ ਨਾਲ ਇਕ ਧਿਰ ਦੀ ਨੀਂਦਰ ਉੱਡ ਜਾਂਦੀ ਹੈ, ਦੂਜੀ ਧਿਰ ਨੂੰ ਸੁਪਨੇ ਹੀ ਉਸ ਦੇ ਆਉਂਦੇ ਹਨ। ਦੋਹਾਂ ਵਿਚ ਸੰਗੀਤ ਦੀਆਂ ਸੱਤੇ ਸੁਰਾਂ ਆਪ-ਮੁਹਾਰੇ ਗੂੰਜਣ ਲੱਗ ਪੈਂਦੀਆਂ ਹਨ ਪਰ ਕੁਝ ਚਿਰ ਮਗਰੋਂ ਕੋਈ ਹੋਰ, ਜਿਵੇਂ ਪ੍ਰੇਮਿਕਾ ਦੀ ਸਹੇਲੀ ਜਾਂ ਪ੍ਰੇਮੀ ਦਾ ਦੋਸਤ ਆਦਿ ਵਧੇਰੇ ਖਿੱਚ-ਭਰਪੂਰ ਲੱਗਣ ਲੱਗ ਜਾਂਦਾ ਹੈ। ਇਕ ਵਾਰੀ ਚਾਲ੍ਹੀ ਮੰਗੇਤਰ ਲੜਕੇ-ਲੜਕੀਆਂ ਦਾ ਇਕ ਥਾਂ ਇਕੱਠ ਕੀਤਾ ਗਿਆ। ਇਕੋ ਜਿਹੀ ਉਮਰ ਅਤੇ ਇਕੋ ਜਿਹੀ ਮਾਨਸਿਕ ਅਵਸਥਾ ਕਾਰਨ, ਉਹ ਝੱਟ ਘੁਲ-ਮਿਲ ਗਏ ਪਰ ਕੁਝ ਹੀ ਦਿਨਾਂ ਵਿਚ, ਬਾਰ੍ਹਾਂ ਮੰਗਣੀਆਂ ਇਸ ਕਰਕੇ ਟੁੱਟ ਗਈਆਂ ਕਿਉਂਕਿ ਉਨ੍ਹਾਂ ਨੂੰ ਇਕੱਠ ਵਿਚ ਨਵੀਂ ਖਿੱਚ ਪੈ ਗਈ ਸੀ।

ਖਿੱਚ ਵਾਲੇ ਗੁਪਤ ਰਿਸ਼ਤੇ 'ਤੇ ਸਮਾਜ ਦੇ ਕੋਈ ਬੰਧਨ ਲਾਗੂ ਨਹੀਂ ਹੁੰਦੇ।

ਪਿਆਰ ਸਮਾਜਿਕ ਰੀਤਾਂ, ਪਰੰਪਰਾਵਾਂ, ਬੰਧਨਾਂ ਅਤੇ ਮਰਿਯਾਦਾ ਦੀ ਉਲੰਘਣਾ ਕਰਕੇ ਹੀ ਕੀਤਾ ਜਾ ਸਕਦਾ ਹੈ।

ਕਿਸੇ ਨੂੰ ਅਪਨਾਉਣਾ ਜਾਂ ਤਿਆਗਣਾ ਹਰ ਕਿਸੇ ਦਾ ਨਿਜੀ ਮਸਲਾ ਹੁੰਦਾ ਹੈ।

ਕਿਸੇ ਨਾਲ ਪਿਆਰ ਦੀਆਂ ਗੱਲਾਂ ਥੋੜ੍ਹਾ ਅਰਸਾ ਹੀ ਕੀਤੀਆਂ ਜਾ ਸਕਦੀਆਂ ਹਨ, ਫਿਰ ਹੋਰ ਕਿਧਰੋਂ ਖਿੱਚ ਪੈਣ ਲੱਗ ਪੈਂਦੀ ਹੈ ਅਤੇ ਆਪਣਿਆਂ ਦੇ ਨੁਕਸ ਅਤੇ ਅਜਨਬੀਆਂ ਦੇ ਗੁਣ ਚਮਕਣ ਲੱਗ ਪੈਂਦੇ ਹਨ। ਸ਼ਕਲਾਂ-ਸੂਰਤਾਂ ਦੋਹਾਂ ਦੀਆਂ ਉਹੀ ਰਹਿੰਦੀਆਂ ਹਨ ਪਰ ਉਨ੍ਹਾਂ ਵਿਚ ਵਾਪਰਿਆ ਪਰਿਵਰਤਨ ਉਨ੍ਹਾਂ ਦੀ ਗੱਲਬਾਤ ਤੋਂ ਪਤਾ ਲੱਗਦਾ ਹੈ ਕਿਉਂਕਿ ਗੱਲਬਾਤ ਬਹਿਸ ਬਣਨ ਕਾਰਨ, ਟੁੱਟਣ ਲੱਗ ਪੈਂਦੀ ਹੈ।

ਖਿੱਚ ਮੁੱਕ ਜਾਵੇ ਤਾਂ ਦੋਵੇਂ ਕੈਦੀਆਂ ਦੀ ਮੁਲਾਕਾਤ ਵਾਂਗ ਮਿਲਦੇ ਹਨ।

ਕੋਈ ਰਿਸ਼ਤਾ ਮੁੱਕਣ ਤੋਂ ਪਹਿਲਾਂ, ਗੱਲਬਾਤ ਮੁੱਕਦੀ ਹੈ।

ਖਿੱਚ ਰਾਹੀਂ ਪਤਾ ਲੱਗਦਾ ਹੈ ਕਿ ਸਾਡਾ ਆਪਣੇ ਦਿਲ ਉੱਤੇ ਅਤੇ ਆਪਣੇ ਆਪ ਉੱਤੇ ਕੋਈ ਅਧਿਕਾਰ ਨਹੀਂ ਹੈ। ਦਿਲ ਦਾ ਦਿਮਾਗ ਨਹੀਂ ਹੁੰਦਾ, ਇਸ ਨੂੰ ਜਿਧਰੋਂ ਖਿੱਚ ਪੈਂਦੀ ਹੈ, ਉਧਰ ਝੁੱਕ ਜਾਂਦਾ ਹੈ।

ਖਿੱਚ ਦਾ ਵਿਰੋਧ ਕਰਨਾ ਅਕਸਰ ਸੰਭਵ ਨਹੀਂ ਹੁੰਦਾ ਕਿਉਂਕਿ ਖਿੱਚ ਦਾ ਹਮਲਾ ਬੜਾ ਜ਼ੋਰਦਾਰ ਅਤੇ ਅਚਾਨਕ ਹੁੰਦਾ ਹੈ।

ਪਿਆਰ ਨਾਲ ਰੱਜਣਾ ਮਨੁੱਖ ਦੇ ਸੁਭਾਓ ਵਿਚ ਨਹੀਂ ਹੈ, ਇਸ ਲਈ ਜੀਵਨ ਭਰ ਭਾਂਤ-ਭਾਂਤ ਦੀਆਂ ਭੁੱਖਾਂ ਦਾ ਉਪਜਣਾ ਅਤੇ ਖਿੱਚਾਂ ਦਾ ਪੈਣਾ ਸੁਭਾਵਕ ਹੈ।

+ + +

ਔਖਾ ਕੰਮ, ਸੌਖਾ ਕੰਮ

ਕੰਮ, ਕੰਮ ਹੁੰਦਾ ਹੈ, ਉਸ ਦਾ ਔਖਾ-ਸੌਖਾ ਹੋਣਾ, ਉਸ ਨੂੰ ਕਰਨ ਵਾਲੇ ਦੀ ਲੋੜ, ਦਿਲਚਸਪੀ ਅਤੇ ਤਿਆਰੀ 'ਤੇ ਨਿਰਭਰ ਕਰਦਾ ਹੈ।

ਸਫਲ ਵਿਅਕਤੀ ਔਖਾ ਕੰਮ ਪਹਿਲਾਂ ਕਰਦੇ ਹਨ।

ਅਸਫਲ ਵਿਅਕਤੀ ਔਖਾ ਕੰਮ ਕਰਦੇ ਹੀ ਨਹੀਂ। ਸੌਖਾ ਕੰਮ ਹਰ ਕੋਈ ਕਰ ਸਕਦਾ ਹੈ, ਔਖਾ ਕੰਮ ਕਰਨ ਵਾਲੇ ਨੂੰ ਮਾਹਿਰ ਕਿਹਾ ਜਾਂਦਾ ਹੈ।

ਸਾਰੇ ਮਹੱਤਵਪੂਰਨ ਕੰਮ ਔਖੇ ਹੁੰਦੇ ਹਨ, ਔਖੇ ਕੰਮਾਂ ਦਾ ਹੀ ਮਹੱਤਵ ਹੁੰਦਾ ਹੈ, ਇਨ੍ਹਾਂ ਦਾ ਹੀ ਮੁੱਲ ਪੈਂਦਾ ਹੈ ਅਤੇ ਕਦਰ ਹੁੰਦੀ ਹੈ।

ਹਰ ਨਵਾਂ ਕੰਮ ਜਾਂ ਪਹਿਲੀ ਵਾਰੀ ਕੀਤਾ ਜਾਣ ਵਾਲਾ ਹਰੇਕ ਕੰਮ, ਔਖਾ ਅਤੇ ਮੁਸ਼ਕਿਲ ਹੁੰਦਾ ਹੈ। ਔਖੇ ਕੰਮ ਨੂੰ ਕਰਨ ਲਈ ਸੋਚਣਾ ਵਧੇਰੇ ਪੈਂਦਾ ਹੈ, ਮੁਸ਼ਕਿਲ ਕੰਮ ਨੂੰ ਵਕਤ ਵਧੇਰੇ ਲੱਗਦਾ ਹੈ। ਜਦੋਂ ਕੋਈ ਕੰਮ ਤਿੰਨ ਵਾਰ ਕਰ ਲਿਆ ਜਾਵੇ ਤਾਂ ਸਾਰੀਆਂ ਮੁਸ਼ਕਿਲਾਂ ਵਿਚੋਂ ਲੰਘਣ ਕਾਰਨ, ਉਹ ਸੌਖਾ ਹੋ ਜਾਂਦਾ ਹੈ।

ਸੌਖੇ ਕੰਮ ਕਰਨ ਵਾਲੇ ਨੂੰ ਔਖਾ ਕੰਮ ਦਿਓ, ਉਹ ਉਸ ਨੂੰ ਸਮਝਣ ਜਾਂ ਕਰਨ ਦਾ ਯਤਨ ਨਹੀਂ ਕਰੇਗਾ, ਬਹਾਨੇ ਲਾਵੇਗਾ, ਮੁਲਤਵੀ ਕਰੇਗਾ ਅਤੇ ਗੈਰ-ਹਾਜ਼ਰ ਹੋ ਜਾਵੇਗਾ। ਮਾਹਿਰ ਬਹਾਨੇ ਨਹੀਂ ਲਾਉਂਦੇ। ਉਹ ਥੋੜ੍ਹੇ ਚਿਰ ਵਿਚ ਵਧੇਰੇ ਕੰਮ ਕਰਕੇ ਖੁਸ਼ਹਾਲ ਹੋ ਜਾਂਦੇ ਹਨ। ਕੰਮ ਹਮੇਸ਼ਾ ਵਧੇਰੇ ਹੁੰਦੇ ਹਨ, ਉਨ੍ਹਾਂ ਨੂੰ ਕਰਨ ਲਈ ਸਮਾਂ ਹਰ ਵਾਰੀ ਘੱਟ ਹੁੰਦਾ ਹੈ। ਸਫਲ ਵਿਅਕਤੀ ਮਹੱਤਵਪੂਰਨ ਕੰਮ ਨੂੰ ਮਹੱਤਵ ਦਿੰਦੇ ਹਨ। ਦੂਜੇ ਸੌਖੇ ਕੰਮ ਕਰਦਿਆਂ ਹੀ ਸਮਾਂ ਲੰਘਾ ਦਿੰਦੇ ਹਨ, ਕਈ ਸੌਖੇ ਕੰਮਾਂ ਨੂੰ ਵੀ ਬੜੇ ਔਖੇ ਬਣਾ ਲੈਂਦੇ ਹਨ।

ਤੁਸੀਂ ਆਪ ਮਹੱਤਵਪੂਰਨ ਕੰਮਾਂ ਦੀ ਸੂਚੀ ਬਣਾਓ, ਜਿਹੜੇ ਕੰਮ ਸਭ ਤੋਂ ਵੱਧ ਮਹੱਤਵਪੂਰਨ ਹੋਣਗੇ, ਉਹ ਔਖੇ ਹੋਣਗੇ।

ਕਿਸੇ ਔਖੇ ਕੋਰਸ ਵਿਚ ਦਾਖਲਾ ਲਓਗੇ, ਜ਼ਿੰਦਗੀ ਸੌਖੀ ਹੋ ਜਾਵੇਗੀ।

ਸੌਖੇ ਕੋਰਸ ਕਰੋਗੇ, ਬੇਰੋਜ਼ਗਾਰਾਂ ਦੀ ਭੀੜ ਵਿਚ ਗਵਾਚ ਜਾਓਗੇ।

ਜਿਹੜੇ ਪੜ੍ਹਾਈ ਛੱਡ ਦਿੰਦੇ ਹਨ, ਉਨ੍ਹਾਂ ਦੀ ਜ਼ਿੰਦਗੀ ਰੁਕੀ ਹੋਈ ਹੁੰਦੀ ਹੈ। ਉਨ੍ਹਾਂ ਨੇ ਪੜ੍ਹਾਈ ਦੀ ਔਖ ਹੀ ਵੇਖੀ ਹੁੰਦੀ ਹੈ, ਨਿਕਲਣ ਵਾਲੇ ਚੰਗੇ ਨਤੀਜੇ ਉਨ੍ਹਾਂ ਨੂੰ ਦਿਸਦੇ ਹੀ ਨਹੀਂ। ਪੜ੍ਹਾਈ ਅਧੂਰੀ ਛੱਡਣ ਵਾਲੇ ਬਾਕੀ ਜ਼ਿੰਦਗੀ ਵਿਚ ਵੀ ਕੋਈ ਕੰਮ ਪੂਰਾ ਨਹੀਂ ਕਰਦੇ। ਕੰਮ ਅਧੂਰਾ ਛੱਡਣ ਵਾਲੇ ਨੌਕਰ ਹੀ ਰਹਿੰਦੇ ਹਨ, ਕੰਮ ਪੂਰਾ ਕਰਨ ਵਾਲੇ ਕੰਪਨੀਆਂ ਅਤੇ ਕਾਰਖਾਨਿਆਂ ਦੇ ਮਾਲਕ ਬਣ ਜਾਂਦੇ ਹਨ।

ਮਾਪੇ, ਪਰਿਵਾਰ ਅਤੇ ਸਮਾਜ ਸਾਨੂੰ ਮਿਹਨਤ ਕਰਨ ਲਈ ਅਵਸਰ ਹੀ ਦੇ ਸਕਦੇ ਹਨ, ਔਖੇ-ਸੌਖੇ ਅਤੇ ਸਫਲ-ਅਸਫਲ ਅਸੀਂ ਆਪ ਹੋਣਾ ਹੁੰਦਾ ਹੈ।

ਕੁਝ ਵੀ ਅਜਿਹਾ ਨਹੀਂ ਜਿਹੜਾ ਯਤਨ ਕਰਕੇ ਸਿੱਖਿਆ ਨਹੀਂ ਜਾ ਸਕਦਾ ਜਾਂ ਜਿਸ ਦਾ ਅਭਿਆਸ ਕਰਨ ਨਾਲ ਮਾਹਿਰ ਨਹੀਂ ਬਣਿਆ ਜਾ ਸਕਦਾ। ਮੁੱਢ ਵਿਚ ਸਭ ਕੁਝ ਔਖਾ ਹੁੰਦਾ ਹੈ ਪਰ ਅਭਿਆਸ ਨਾਲ, ਆਪ-ਮੁਹਾਰੇ ਤਬਲਾ ਵਜਾਉਣ ਵਾਂਗ ਅਤੇ ਹੱਥ ਛੱਡ ਕੇ ਸਾਈਕਲ ਚਲਾਉਣ ਵਾਂਗ, ਸਭ ਕੁਝ ਸੌਖਾ ਹੋ ਜਾਂਦਾ ਹੈ।

ਖੇਤਰ ਕੋਈ ਹੋਵੇ, ਕੁਝ ਕਰਨ ਤੋਂ ਪਹਿਲਾਂ ਵੇਖਣਾ ਪੈਂਦਾ ਹੈ ਕਿ ਕੰਮ ਕੀ ਹੈ, ਸੰਦ-ਸਾਧਨ ਕਿਹੜੇ ਹਨ, ਸਮਾਂ ਕਿਤਨਾ ਹੈ ਅਤੇ ਰੁਕਾਵਟਾਂ ਕੀ-ਕੀ ਹਨ।

ਸਹੀ ਫੈਸਲਾ ਤਾਂ ਹੀ ਸੰਭਵ ਹੋਵੇਗਾ ਜੇ ਜ਼ਿਮੇਵਾਰੀ ਚੁੱਕੋਗੇ ਅਤੇ ਜੇ ਸੋਚ ਸਪੱਸ਼ਟ ਹੋਵੇਗੀ। ਸਪੱਸ਼ਟ ਸੋਚ ਔਖੇ ਕਾਰਜ ਕਰਨ ਨਾਲ ਉਪਜਦੀ ਹੈ, ਕਿਉਂਕਿ ਔਖੇ ਕੰਮਾਂ ਵਿਚ ਗਲਤੀਆਂ ਵਧੇਰੇ ਹੁੰਦੀਆਂ ਹਨ, ਜਿਹੜੀਆਂ ਸਬਕ ਬਣ ਜਾਂਦੀਆਂ ਹਨ। ਔਖੇ ਕੰਮਾਂ ਵਿਚ ਸਿੱਖਣ ਅਤੇ ਪ੍ਰਯੋਗ ਕਰਨ ਵਾਲਾ ਬਹੁਤ ਕੁਝ ਹੁੰਦਾ ਹੈ।

ਸੌਖੇ ਕੰਮਾਂ ਵਿਚ ਦੁਹਰਾਓ ਹੀ ਹੁੰਦਾ ਹੈ। ਇਕ ਹੀ ਕੰਮ, ਇਕ ਹੀ ਢੰਗ ਨਾਲ, ਬਾਰ-ਬਾਰ ਕਰਨ ਨਾਲ ਤਜਰਬਾ ਨਹੀਂ ਵਧਦਾ, ਸੋਚ ਖੁੰਢੀ ਹੁੰਦੀ ਹੈ।

ਪੜ੍ਹਾਈ-ਸਿਖਲਾਈ ਦਾ ਉਦੇਸ਼ ਵਿਦਿਆਰਥੀਆਂ ਨੂੰ ਔਖੇ ਅਤੇ ਨਵੇਂ ਕੰਮ ਕਰਨ ਦੇ ਯੋਗ ਬਣਾਉਣਾ ਹੁੰਦਾ ਹੈ। ਪੜ੍ਹਾਈ ਸਾਡੇ ਵਿਚ ਕਿਸੇ ਸਮੱਸਿਆ ਦੇ ਸਾਰੇ ਪੱਖ ਵਿਚਾਰ ਕੇ ਫੈਸਲਾ ਕਰਨ ਦੀ ਯੋਗਤਾ ਉਪਜਾਉਂਦੀ ਹੈ ਅਤੇ ਵਿਉਂਤ ਬਣਾਉਣ ਦਾ ਹੁਨਰ ਸਿਖਾਉਂਦੀ ਹੈ, ਜਿਨ੍ਹਾਂ ਕਰਕੇ ਅਸੀਂ ਦੁਚਿੱਤੀਆਂ ਅਤੇ ਸੰਸਿਆਂ ਤੋਂ ਮੁਕਤ ਹੋ ਕੇ, ਇਕਾਗਰ-ਮਨ ਅਤੇ ਸਵੈ-ਵਿਸ਼ਵਾਸ ਨਾਲ, ਔਖੇ ਕੰਮਾਂ ਨੂੰ ਹੱਥ ਪਾਉਂਦੇ ਹਾਂ ਅਤੇ ਲਾਭਕਾਰੀ ਨਤੀਜੇ ਸਿਰਜਦੇ ਹਾਂ। ਜਿਨ੍ਹਾਂ ਦਾ ਮਨ ਇਕਾਗਰ ਨਹੀਂ ਹੁੰਦਾ, ਉਹ ਕਦੀ ਇਹ ਕਰਨ ਲੱਗ ਜਾਂਦੇ ਹਨ ਅਤੇ ਕਦੀ ਉਹ ਕਰਨ ਲੱਗ ਪੈਂਦੇ ਹਨ ਅਤੇ ਇਵੇਂ ਆਪਣੀ ਸਾਰੀ ਊਰਜਾ ਅਤੇ ਸਮਾਂ ਵਿਅਰਥ ਗੁਆ ਦਿੰਦੇ ਹਨ।

ਹਰ ਕਿਸੇ ਦਾ ਸਰੀਰ ਉਤਨੀ ਸ਼ਕਤੀ ਹੀ ਉਪਜਾਉਂਦਾ ਹੈ, ਜਿਤਨੀ ਸ਼ਕਤੀ ਹੱਥ ਵਿੱਚ ਲਏ ਕੰਮ ਨੂੰ ਕਰਨ ਲਈ ਵਰਤਣ ਦੀ ਲੋੜ ਪੈਂਦੀ ਹੈ।

ਸਪੱਸ਼ਟ ਸੋਚ ਵਾਲੇ ਵਿਅਕਤੀ ਆਪਣੇ ਫੈਸਲਿਆਂ ਨੂੰ ਲਿਖ ਲੈਂਦੇ ਹਨ।

ਲਿਖਤੀ ਫੈਸਲਿਆਂ, ਉਦੇਸ਼ਾਂ ਅਤੇ ਨਿਸ਼ਾਨਿਆਂ ਦੀ ਤਾਕਤ ਵਧੇਰੇ ਹੁੰਦੀ ਹੈ।

ਇਹ ਫੈਸਲੇ ਵਿਉਂਤਾਂ ਦਾ ਆਧਾਰ ਅਤੇ ਕਾਰਜਾਂ ਲਈ ਪ੍ਰੇਰਨਾ ਬਣਦੇ ਹਨ।

ਜੇ ਵਿਉਂਤ ਵਿਗਿਆਨਕ ਹੋਵੇ ਤਾਂ ਸਫਲਤਾ ਹੀ ਮਿਲਦੀ ਹੈ।

ਦਿਨਾਂ-ਮਹੀਨਿਆਂ-ਸਾਲਾਂ ਦੇ ਨਿਸ਼ਾਨੇ ਅਤੇ ਟਾਈਮ-ਟੇਬਲ ਮਿੱਥਣ ਨਾਲ ਭਵਿੱਖ ਸਾਡੀ ਪਕੜ ਵਿਚ ਆ ਜਾਂਦਾ ਹੈ। ਆਪਣੇ ਨਿਸ਼ਾਨੇ ਮਿੱਥਣ ਨਾਲ ਅਸੀਂ ਉਨ੍ਹਾਂ ਨੂੰ ਪੂਰਾ ਕਰਨ ਦੇ ਪੱਖੋਂ ਸਪੱਸ਼ਟ ਹੋ ਜਾਂਦੇ ਹਾਂ।

ਵਿਉਂਤਬੰਦੀ ਲਈ ਥੋੜ੍ਹਾ ਜਿਹਾ ਸਮਾਂ ਹੀ ਲੱਗਦਾ ਹੈ ਪਰ ਇਸ ਨਾਲ ਬਹੁਤ ਵਕਤ, ਖਰਚ ਅਤੇ ਊਰਜਾ ਬਚਦੀ ਹੈ। ਵਿਉਂਤ ਤੋਂ ਬਿਨਾਂ ਨਾ ਕੰਮ ਅਰੰਭ ਹੁੰਦੇ

ਹਨ, ਨਾ ਹੀ ਮੁੱਕਦੇ ਹਨ। ਵਿਉਂਤ ਅਨੁਸਾਰ ਕੰਮ ਨਿਪਟਣ ਅਤੇ ਨਿਪਟਾਉਣ ਨਾਲ ਸਾਡੀ ਸਮਰੱਥਾ, ਆਤਮ-ਵਿਸ਼ਵਾਸ ਅਤੇ ਸਵੈ-ਕਾਬੂ ਵੱਧ ਜਾਂਦੇ ਹਨ।

ਜੀਵਨ ਵਿਚ ਲਗਭਗ ਵੀਹ ਪ੍ਰਤੀਸ਼ਤ ਕੰਮ ਹੀ ਮਹੱਤਵਪੂਰਨ ਹੁੰਦੇ ਹਨ ਪਰ ਇਹ ਅੱਸੀ ਪ੍ਰਤੀਸ਼ਤ ਨਤੀਜੇ ਸਿਰਜਦੇ ਅਤੇ ਲਾਭ ਉਪਜਾਉਂਦੇ ਹਨ।

ਕਈ ਵਿਅਕਤੀ ਦਿਨ ਭਰ ਰੁਝੇ ਰਹਿੰਦੇ ਹਨ ਪਰ ਪ੍ਰਾਪਤੀ ਕੋਈ ਨਹੀਂ ਹੁੰਦੀ, ਕਿਉਂਕਿ ਉਨ੍ਹਾਂ ਨੇ ਕੰਮ ਵਿਉਂਤਿਆਂ ਨਹੀਂ ਹੁੰਦਾ, ਜਿਸ ਕਾਰਨ ਚੱਪੂਆਂ ਤੋਂ ਬਿਨਾਂ ਬੇੜੀ ਵਾਂਗ ਉਹ ਜਿਥੇ ਹੁੰਦੇ ਹਨ, ਉੱਥੇ ਹੀ ਘੁੰਮਦੇ ਰਹਿੰਦੇ ਹਨ।

ਕਿਸੇ ਕੰਮ ਦਾ ਸਭ ਤੋਂ ਮੁੱਲਵਾਨ ਭਾਗ ਔਖਾ ਹੀ ਹੁੰਦਾ ਹੈ।

ਦਿਲ ਜਾਂ ਦਿਮਾਗ ਦਾ ਓਪਰੇਸ਼ਨ ਕਰਨਾ ਬੜਾ ਔਖਾ ਹੁੰਦਾ ਹੈ ਪਰ ਇਸ ਦੇ ਸਿੱਟੇ ਅਤੇ ਮਾਇਕ ਇਨਾਮ ਬੜੇ ਮਹੱਤਵਪੂਰਨ ਹੁੰਦੇ ਹਨ।

ਕਈ ਥਾਂਵਾਂ ਅਤੇ ਵਿਸ਼ੇਸ਼ ਕਰਕੇ ਪਿੰਡਾਂ ਦੇ ਵਿਦਿਆਰਥੀ ਮਹੱਤਵਪੂਰਨ ਵਿਸ਼ਿਆਂ ਨੂੰ ਪਹਿਲਾਂ ਹੀ ਔਖੇ ਐਲਾਨ ਕੇ ਸੌਖੇ ਵਿਸ਼ੇ ਚੁਣ ਲੈਂਦੇ ਹਨ। ਇਹ ਲੜਨ ਤੋਂ ਪਹਿਲਾਂ ਹੀ ਹਾਰ ਮੰਨਣ ਵਾਲੀ ਗੱਲ ਹੁੰਦੀ ਹੈ। ਡਿਗਰੀ ਮਿਲ ਜਾਂਦੀ ਹੈ ਪਰ ਸੌਖੇ ਵਿਸ਼ਿਆਂ ਵਾਲੀ ਹੋਣ ਕਰਕੇ, ਅਜਿਹੀ ਡਿਗਰੀ ਦਾ ਕੋਈ ਮੁੱਲ ਨਹੀਂ ਪੈਂਦਾ।

ਨਿੱਕੇ ਅਤੇ ਸੌਖੇ ਕੰਮਾਂ ਨੂੰ ਪਹਿਲਾਂ ਕਰਨ ਦਾ ਹਰ ਕਿਸੇ ਨੂੰ ਲਾਲਚ ਹੁੰਦਾ ਹੈ ਪਰ ਇਵੇਂ ਵੱਡੇ ਅਤੇ ਔਖੇ ਕੰਮਾਂ ਨੂੰ ਟਾਲਣ ਦੀ ਆਦਤ ਪੈ ਜਾਂਦੀ ਹੈ ਅਤੇ ਹੌਲੀ-ਹੌਲੀ ਔਖੇ ਕੰਮਾਂ ਤੋਂ ਡਰ ਲੱਗਣ ਲੱਗ ਪੈਂਦਾ ਹੈ।

ਸਮੇਂ ਨੇ ਗੁਜ਼ਰ ਹੀ ਜਾਣਾ ਹੁੰਦਾ ਹੈ, ਵਿਹਲਿਆਂ ਵੀ ਅਤੇ ਕੰਮ ਕਰਦਿਆਂ ਵੀ।

ਸਾਰੇ ਕੰਮਾਂ ਵਾਸਤੇ ਕਿਸੇ ਨੂੰ ਵੀ ਵਕਤ ਨਹੀਂ ਮਿਲਦਾ ਪਰ ਜੋ ਕੰਮ ਜ਼ਰੂਰੀ ਹੁੰਦਾ ਹੈ, ਉਸ ਲਈ ਵਕਤ ਦੀ ਕਦੇ ਘਾਟ ਨਹੀਂ ਆਉਂਦੀ।

ਵਿਹਲਿਆਂ ਕੋਲ ਕੁਝ ਵੀ ਮਹੱਤਵਪੂਰਨ ਕਰਨ ਲਈ ਸਮਾਂ ਹੀ ਨਹੀਂ ਹੁੰਦਾ ਪਰ ਰੁੱਝਿਆਂ ਕੋਲ ਮਹੱਤਵਪੂਰਨ ਕੰਮਾਂ ਲਈ ਹੀ ਸਮਾਂ ਹੁੰਦਾ ਹੈ ਅਤੇ ਉਹ ਜੋ ਕਰਦੇ ਹਨ ਉਹ ਮਹੱਤਵਪੂਰਨ ਹੋ ਜਾਂਦਾ ਹੈ।

ਔਖੇ ਕੰਮਾਂ ਦੇ ਨਤੀਜੇ ਹੁੰਦੇ ਸੁਖਾਵੇਂ ਹਨ ਪਰ ਨਿਕਲਦੇ ਦੇਰ ਨਾਲ ਹਨ, ਜਦੋਂ ਕਿ ਸਧਾਰਨ ਅਤੇ ਸੌਖੇ ਕੰਮਾਂ ਦੇ ਨਤੀਜੇ ਨਿਕਲਦੇ ਹੀ ਨਹੀਂ, ਕੇਵਲ ਨਿਰਾਸ਼ ਕਰਨ ਵਾਲੇ ਸਿੱਟੇ ਹੀ ਉਪਜਦੇ ਹਨ।

ਜਿਨ੍ਹਾਂ ਨੂੰ ਕੰਮ ਕਰਨ ਦੀ ਆਦਤ ਨਹੀਂ ਹੁੰਦੀ, ਉਨ੍ਹਾਂ ਕੋਲ ਕਰਨ ਵਾਲਾ ਢੇਰ ਕੰਮ ਇਕੱਠਾ ਹੋਇਆ ਹੁੰਦਾ ਹੈ। ਜਦੋਂ ਕੰਮ ਦਾ ਬੋਝ ਬਹੁਤ ਹੋਵੇਗਾ ਤਾਂ ਗਲਤੀਆਂ ਸੁਭਾਵਕ ਹੀ ਵਧੇਰੇ ਹੋਣਗੀਆਂ ਅਤੇ ਕਈ ਕੰਮ ਦੁਬਾਰਾ ਕਰਨੇ ਪੈਣਗੇ ਅਤੇ ਬਹੁਤੇ ਕੰਮ ਅਧੂਰੇ ਰਹਿ ਜਾਣਗੇ। ਇਸੇ ਲਈ ਕਿਹਾ ਜਾਂਦਾ ਹੈ ਕਿ ਜ਼ਰੂਰੀ ਕੰਮ ਪਹਿਲਾਂ ਕਰੋ ਅਤੇ ਗ਼ੈਰ-ਜ਼ਰੂਰੀ ਕੰਮ ਕਦੇ ਨਾ ਕਰੋ।

ਖੇਤਰ ਕੋਈ ਹੋਵੇ ਅਧੂਰੇ ਕੰਮ, ਅਗਲੇਰੇ ਕੰਮਾਂ ਵਿਚ ਰੁਕਾਵਟ ਪਾਉਂਦੇ ਹਨ।

ਨੀਵੀਂ ਕਾਰਗੁਜ਼ਾਰੀ ਅਤੇ ਅਧੂਰੇ ਕੰਮਾਂ ਨਾਲ, ਟਾਲ-ਮਟੋਲ ਦੀ ਆਦਤ ਪੈਦਾ

ਹੁੰਦੀ ਹੈ, ਇਹੀ ਕਾਰਨ ਹੈ ਕਿ ਨਿਕੰਮੇ ਕਰਮਚਾਰੀ ਵਧੇਰੇ ਛੁੱਟੀਆਂ ਲੈਂਦੇ ਹਨ ਅਤੇ ਅਧੂਰੇ ਕੰਮਾਂ ਦੀ ਚਿੰਤਾ ਕਾਰਨ ਉਹ ਵਧੇਰੇ ਬਿਮਾਰ ਪੈਂਦੇ ਹਨ।

ਸਫਲ ਵਿਅਕਤੀਆਂ ਦੀ ਸੋਚ ਭਵਿੱਖਮੁਖੀ ਹੁੰਦੀ ਹੈ। ਉਹ ਸਵੇਰੇ ਉੱਠਦੇ ਹਨ, ਉਹ ਹੋਰਾਂ ਦੇ ਜਾਗਣ ਤੋਂ ਪਹਿਲਾਂ ਦੋ ਘੰਟੇ ਵਿਚ ਇਤਨਾ ਕੰਮ ਕਰ ਲੈਂਦੇ ਹਨ, ਜਿਹੜਾ ਦਿਨ ਦੌਰਾਨ ਛੇ ਘੰਟਿਆਂ ਵਿਚ ਵੀ ਕਰਨਾ ਸੰਭਵ ਨਹੀਂ ਹੁੰਦਾ।

ਹਰ ਕਿਸੇ ਦੇ ਜੀਵਨ ਵਿਚ ਤਿੰਨ ਪੱਖ ਮਹੱਤਵਪੂਰਨ ਹੁੰਦੇ ਹਨ: ਜੀਵਨ ਦੀਆਂ ਸੁੱਖ-ਸਹੂਲਤਾਂ ਲਈ ਆਰਥਿਕ ਸਾਧਨ ਜੁਟਾਣੇ, ਪਰਿਵਾਰਕ ਜੀਵਨ ਨੂੰ ਸੁਖਾਲਾ ਬਣਾਉਣਾ ਅਤੇ ਸਿਹਤ ਪੱਖੋਂ ਤੰਦਰੁਸਤ ਰਹਿਣਾ।

ਕੰਮ ਵਾਲੀ ਥਾਂ 'ਤੇ ਆਰਥਿਕ ਸਾਧਨ ਜੁਟਾਉਣ ਲਈ ਅਸੀਂ ਆਪਣੇ ਸਮੇਂ ਦਾ ਵੱਧ ਤੋਂ ਵੱਧ ਮੁੱਲ ਪੁਆਉਂਦੇ ਹਾਂ। ਪਰਿਵਾਰ ਨਾਲ ਗੁਜ਼ਾਰੇ ਵਕਤ ਨਾਲ ਸਾਡੇ ਵਿਚ ਪਰਿਵਾਰ ਲਈ ਸੁਖ-ਸਾਧਨ ਉਪਜਾਉਣ ਲਈ ਉਤਸ਼ਾਹ ਜਾਗਦਾ ਹੈ, ਜਿਸ ਨਾਲ ਕੰਮ ਕਰਨ ਦੀ ਸਾਡੀ ਸ਼ਕਤੀ ਵੱਧਦੀ ਹੈ। ਛੁੱਟੀਆਂ ਇਸੇ ਉਦੇਸ਼ ਅਧੀਨ ਹੁੰਦੀਆਂ ਹਨ ਤਾਂ ਕਿ ਇਹ ਸਮਾਂ ਪਰਿਵਾਰ ਨਾਲ ਬਿਤਾਇਆ ਜਾਵੇ।

ਮਨੋਰੰਜਨ ਅਤੇ ਹੱਸਣਾ-ਖੇਡਣਾ ਜ਼ਰੂਰੀ ਹੁੰਦਾ ਹੈ, ਜਸ਼ਨ ਮਨਾਉਣਾ ਚਾਹੀਦਾ ਹੈ ਪਰ ਕੰਮ ਮੁਕਾਉਣ ਮਗਰੋਂ ਅਤੇ ਕੁਝ ਪ੍ਰਾਪਤ ਕਰਨ ਉਪਰੰਤ।

ਸਫਲ ਵਿਅਕਤੀ ਕੰਮ ਅਤੇ ਪਰਿਵਾਰ ਵਿਚ ਸੰਤੁਲਨ ਉਸਾਰਦੇ ਹਨ।

ਚੰਗੀ ਸਿਹਤ ਨਾਲ ਆਪਣੀ ਕਾਰਗੁਜ਼ਾਰੀ ਸੁਧਾਰਨ ਦੀ ਪ੍ਰੇਰਨਾ ਮਿਲਦੀ ਹੈ।

ਕੰਮ ਵਾਲੀ ਥਾਂ ਸੁਖਾਵੀਂ ਹੋਣੀ ਚਾਹੀਦੀ ਹੈ ਤਾਂ ਕਿ ਕੰਮ ਕਰਨਾ ਚੰਗਾ ਲੱਗੇ।

ਘਰ ਵਿਚ ਸੁੱਖ ਅਤੇ ਸਹੂਲਤਾਂ ਹੋਣੀਆਂ ਚਾਹੀਦੀਆਂ ਹਨ ਅਤੇ ਘਰ ਅਜਿਹਾ ਹੋਣਾ ਚਾਹੀਦਾ ਹੈ ਕਿ ਬਾਹਰੋਂ ਮੁੜਨ 'ਤੇ ਘਰ ਅੰਦਰ ਰਹਿਣਾ ਚੰਗਾ ਲੱਗੇ ਅਤੇ ਪੌਸ਼ਟਿਕ ਖੁਰਾਕ ਨਾਲ ਸਿਹਤ ਠੀਕ ਰਹੇ।

ਜਿਸ ਕੰਮ ਵਿਚ ਕਿਸੇ ਦੀ ਕਾਰਗੁਜ਼ਾਰੀ ਚੰਗੀ ਹੁੰਦੀ ਹੈ ਅਤੇ ਆਮਦਨ ਵਾਜਬ ਹੁੰਦੀ ਹੈ, ਉਸ ਨੂੰ ਕਰਨ ਲਈ ਕਹਿਣਾ ਨਹੀਂ ਪੈਂਦਾ। ਅਜਿਹੇ ਵਿਅਕਤੀ ਨਿਗਰਾਨੀ ਤੋਂ ਬਿਨਾਂ ਕੰਮ ਕਰਦੇ ਹਨ ਅਤੇ ਪ੍ਰਯੋਗ ਕਰਨ ਦੀ ਮੌਜ ਮਾਣਦੇ ਹਨ।

ਨਿਕੰਮਿਆਂ ਦੀ ਟਾਲ-ਮਟੋਲ ਆਤਮ-ਵਿਸ਼ਵਾਸ ਦੀ ਘਾਟ ਵਿਚੋਂ ਉਪਜਦੀ ਹੈ।

ਗਿਆਨ ਅਤੇ ਯੋਗਤਾਵਾਂ, ਵਿਧੀਆਂ ਅਤੇ ਤਕਨੀਕਾਂ ਵੀ ਚੀਜ਼ਾਂ-ਵਸਤਾਂ ਵਾਂਗ ਬਹੀਆਂ ਅਤੇ ਪੁਰਾਣੀਆਂ ਹੋ ਜਾਂਦੀਆਂ ਹਨ। ਇਨ੍ਹਾਂ ਨੂੰ ਨਵਿਆਉਣ ਅਤੇ ਸਮੇਂ ਦੇ ਹਾਣੀ ਬਣਾਉਣ ਲਈ ਨਿਰੰਤਰ ਯਤਨ ਕਰਨਾ ਪੈਂਦਾ ਹੈ।

ਜਿਹੜਾ ਆਪਣੇ ਖੇਤਰ ਵਿਚ ਪਹਿਲੇ ਨਾਲੋਂ ਚੰਗੇਰਾ ਬਣਨਾ ਬੰਦ ਕਰ ਦਿੰਦਾ ਹੈ, ਉਹ ਮਾੜਾ ਬਣਨ ਲੱਗ ਪੈਂਦਾ ਹੈ। ਜਿਹੜਾ ਹੋਰਾਂ ਤੋਂ ਅੱਗੇ ਰਹਿਣਾ ਬੰਦ ਕਰ ਦਿੰਦਾ ਹੈ, ਉਹ ਪੱਛੜਨ ਲੱਗ ਪੈਂਦਾ ਹੈ।

ਕੰਮ ਵਾਲੀ ਥਾਂ 'ਤੇ ਚੁਗਲੀਆਂ ਕਰਨ ਅਤੇ ਗੱਪਾਂ ਮਾਰਨ ਅਤੇ ਹੋਰਾਂ ਦੀਆਂ ਲੱਤਾਂ ਖਿੱਚਣ ਵਿਚ ਲਾਇਆ ਸਮਾਂ ਕੰਮਾਂ ਵਿਚੋਂ ਚੋਰੀ ਕੀਤਾ ਗਿਆ ਹੁੰਦਾ ਹੈ।

ਅਜਿਹੇ ਵਿਅਕਤੀਆਂ ਤੋਂ ਜ਼ਿੰਦਗੀ ਵਿਚ ਗੋਲ ਕਰਨ ਵਾਲੀਆਂ ਕਿੱਕਾਂ ਨਹੀਂ ਵੱਜਦੀਆਂ। ਇਹ ਦੌੜਦੇ ਬਹੁਤ ਹਨ ਪਰ ਪਹੁੰਚਦੇ ਕਿਧਰੇ ਨਹੀਂ।

ਇਹ ਸਮਝਣਾ ਬੜਾ ਜ਼ਰੂਰੀ ਹੈ ਕਿ ਜ਼ਿੰਦਗੀ ਨੂੰ ਬਦਲਣ ਅਤੇ ਮਹੱਤਵ ਪ੍ਰਦਾਨ ਕਰਨ ਵਾਲੇ ਕੰਮ ਝੱਟਪੱਟ ਹੋਣ ਵਾਲੇ ਨਹੀਂ ਹੁੰਦੇ। ਇਹ ਸੌਖੇ ਬਿਲਕੁਲ ਨਹੀਂ ਹੁੰਦੇ।

ਸਫਲ ਵਿਅਕਤੀ ਇਨ੍ਹਾਂ ਕੰਮਾਂ ਨੂੰ ਅਰੰਭ ਵਿਚ ਕਰਦੇ ਹਨ ਅਤੇ ਕਰਨਾ ਜਾਰੀ ਰੱਖਦੇ ਹਨ, ਜਦੋਂ ਕਿ ਅਸਫਲ ਵਿਅਕਤੀ ਸ਼ੁਰੂ ਹੀ ਨਹੀਂ ਕਰਦੇ ਜਾਂ ਉਹ ਇਨ੍ਹਾਂ ਕੰਮਾਂ ਨੂੰ ਉਦੋਂ ਕਰਦੇ ਹਨ, ਜਦੋਂ ਬਾਕੀਆਂ ਨੇ ਕਰ ਲਏ ਹੁੰਦੇ ਹਨ।

ਹਾਰਿਆਂ ਅਤੇ ਪੱਛੜਿਆਂ ਨੂੰ ਕੋਈ ਨਹੀਂ ਸੁਣਦਾ। ਇਹੀ ਕਾਰਨ ਹੈ ਕਿ ਸੌਖੇ ਕੰਮ ਕਰਨ ਵਾਲਿਆਂ ਦਾ ਕੋਈ ਨਾਂ-ਥਾਂ ਨਹੀਂ ਹੁੰਦਾ। ਜੇ ਕਿਸੇ ਪ੍ਰਸਿੱਧ ਡਾਕਟਰ ਦਾ ਪੁੱਤਰ ਡਾਕਟਰ ਬਣਦਾ ਹੈ ਤਾਂ ਅਜਿਹਾ ਪੁੱਤਰ, ਪ੍ਰਸਿੱਧ ਡਾਕਟਰ ਨਹੀਂ ਬਣੇਗਾ, ਕਿਉਂਕਿ ਉਸ ਨੇ ਆਪਣਾ ਸੁੱਖ-ਘੇਰਾ ਨਹੀਂ ਤਿਆਗਿਆ। ਹਰ ਕਦਮ 'ਤੇ ਮਦਦ ਲਈ ਪਿਤਾ ਹਾਜ਼ਰ ਹੋਣ ਕਰਕੇ, ਉਸ ਨੇ ਆਪਣੀਆਂ ਸਮੱਸਿਆਵਾਂ ਆਪ ਹੱਲ ਕਰਨ ਦੀ ਔਖ ਨਹੀਂ ਹੰਢਾਈ। ਪੈਸੇ ਕਮਾਉਣ ਲਈ ਇਹ ਰਾਹ ਠੀਕ ਹੈ ਪਰ ਨਾਂ-ਥਾਂ ਕਮਾਉਣ ਲਈ ਪੁੱਤਰ ਨੂੰ ਵੱਖਰਾ ਖੇਤਰ ਚੁਣਨਾ ਪਏਗਾ।

ਨਾਂ ਤਾਂ ਹੀ ਬਣੇਗਾ ਜੇ ਲੋੜ ਨਾਲੋਂ ਵਧੀਕ ਯੋਗਤਾ ਪ੍ਰਾਪਤ ਕੀਤੀ ਹੋਵੇ ਅਤੇ ਲੋੜ ਨਾਲੋਂ ਵੱਧ ਕੰਮ ਕੀਤਾ ਹੋਵੇ ਅਤੇ ਕੰਮ ਕਰਨ ਦੇ ਨਵੇਂ ਢੰਗ ਲੱਭੇ ਹੋਣ।

ਔਖਾ ਕੰਮ ਚੰਗਾ ਹੁੰਦਾ ਹੈ ਅਤੇ ਚੰਗੀ ਚੀਜ਼ ਵਾਂਗ, ਔਖੇ ਕੰਮ ਦੀ ਲਾਗਤ ਵਧੇਰੇ ਹੋਵੇਗੀ ਪਰ ਨਤੀਜੇ ਸਾਰੀ ਥਕਾਵਟ ਲਾਹ ਦੇਣਗੇ।

ਅਸੀਂ ਉਨ੍ਹਾਂ ਅਧਿਆਪਕਾਂ ਨੂੰ ਹੀ ਯਾਦ ਕਰਦੇ ਹਾਂ, ਜਿਨ੍ਹਾਂ ਨੇ ਸਿਲੇਬਸ ਤੋਂ ਬਹੁਤ ਕੁਝ ਵੱਖਰਾ ਅਤੇ ਬਾਹਰਲਾ ਦੱਸਿਆ ਹੋਵੇ ਅਤੇ ਸਾਡਾ ਆਪਣੇ ਆਪ ਵਿਚ ਵਿਸ਼ਵਾਸ ਅਤੇ ਜੀਵਨ ਵਿਚ ਸਫਲ ਹੋਣ ਦਾ ਉਤਸ਼ਾਹ ਉਪਜਾਇਆ ਹੋਵੇ।

ਸਫਲ ਫਿਲਮੀ ਅਦਾਕਾਰ ਵੱਡੇ, ਪ੍ਰਸਿੱਧ ਅਤੇ ਯਾਦਗਾਰੀ ਅਦਾਕਾਰਾਂ ਦੀਆਂ ਫਿਲਮਾਂ ਵੇਖਦੇ ਹਨ ਅਤੇ ਅਦਾਕਾਰੀ ਦੀਆਂ ਨਵੀਆਂ ਜੁਗਤਾਂ ਲੱਭਦੇ ਹਨ।

ਜਿਹੜੇ ਵਾਰ-ਵਾਰ ਆਪਣੀਆਂ ਫਿਲਮਾਂ ਹੀ ਵੇਖਦੇ ਹਨ, ਉਹ ਵੱਡੇ ਅਦਾਕਾਰ ਨਹੀਂ ਬਣਦੇ ਅਤੇ ਉਨ੍ਹਾਂ ਨੂੰ ਵੱਡੀਆਂ ਫਿਲਮਾਂ ਵਿਚ ਅਵਸਰ ਨਹੀਂ ਮਿਲਦੇ।

ਨਿਰਧਾਰਤ ਕੰਮ ਉਪਜੀਵਕਾ ਲਈ ਹੁੰਦਾ ਹੈ, ਵਾਧੂ ਕੰਮ ਮਾਹਿਰ ਅਤੇ ਪਤਵੰਤੇ ਬਣਨ ਲਈ ਕੀਤਾ ਜਾਂਦਾ ਹੈ। ਕਿਸੇ ਪਰਿਵਾਰ ਦੀ ਜੀਵਨ-ਪ੍ਰਣਾਲੀ ਵਿਚ ਬੁਨਿਆਦੀ ਤਬਦੀਲੀ ਲਿਆਉਣ ਅਤੇ ਕਿਸੇ ਖੇਤਰ ਵਿਚ ਸਿਖਰ 'ਤੇ ਪਹੁੰਚਣ ਵਿਚ ਲਗਭਗ ਚਾਰ ਦਹਾਕੇ ਲੱਗਦੇ ਹਨ।

ਇਕ ਵਿਅਕਤੀ ਆਪਣੀ ਸੰਖੇਪ ਜੀਵਨੀ ਸੁਣਾਉਂਦਿਆਂ ਕਹਿ ਰਿਹਾ ਸੀ: ਮੈਨੂੰ ਅਰਬਪਤੀ ਬਣਨ ਵਿਚ ਚਾਲ਼ੀ ਸਾਲ ਮਿਹਨਤ ਕਰਨੀ ਪਈ ਹੈ ਪਰ ਦੂਜਾ ਅਰਬ ਕਮਾਉਣ ਵਿਚ ਕੇਵਲ ਦਸ ਸਾਲ ਹੋਰ ਲੱਗੇ ਹਨ।

ਮਾਹਿਰ ਵਿਅਕਤੀਆਂ ਅਤੇ ਵਿਸ਼ੇਸ਼ ਕਰਕੇ ਅਧਿਆਪਕਾਂ ਵਿਚ ਔਖੇ ਕੰਮਾਂ ਨੂੰ

ਸੌਖੇ ਅਤੇ ਮੁਸ਼ਕਿਲ ਪ੍ਰਸ਼ਨਾਂ ਨੂੰ ਆਸਾਨ ਬਣਾਉਣ ਦਾ ਹੁਨਰ ਹੁੰਦਾ ਹੈ। ਸਕੂਲ ਦੇ ਅੰਤਲੇ ਵਰ੍ਹੇ ਦਾ ਇਕ ਵਿਦਿਆਰਥੀ, ਜੂਨੀਅਰ ਪੱਧਰ 'ਤੇ ਸ਼ਤਰੰਜ ਦਾ ਰਾਸ਼ਟਰੀ ਚੈਂਪੀਅਨ ਸੀ ਪਰ ਗਣਿਤ ਵਿਚੋਂ ਦੋ ਵਾਰ ਫੇਲ੍ਹ ਹੋਣ ਕਾਰਨ, ਉਸ ਦਾ ਵਿਕਾਸ ਰੁਕਿਆ ਹੋਇਆ ਸੀ। ਕਿਸੇ ਦੇ ਦੱਸਣ 'ਤੇ ਉਹ ਗਣਿਤ ਦੇ ਇਕ ਪ੍ਰਸਿੱਧ ਪ੍ਰੋਫੈਸਰ ਨੂੰ ਆਪਣੀ ਸਮੱਸਿਆ ਦੱਸਣ ਗਿਆ। ਸਕੂਲ ਦਾ ਵਿਦਿਆਰਥੀ ਹੋਣ ਕਾਰਨ, ਪ੍ਰੋਫੈਸਰ ਨੇ ਪਹਿਲਾਂ ਤਾਂ ਉਸ ਨਾਲ ਗੱਲ ਕਰਨ ਤੋਂ ਹੀ ਇਨਕਾਰ ਕਰ ਦਿੱਤਾ। ਉਹ ਪ੍ਰੋਫੈਸਰ ਆਪ ਯੂਨੀਵਰਸਿਟੀ ਦੇ ਸ਼ਤਰੰਜ ਕਲੱਬ ਦਾ ਪ੍ਰਧਾਨ ਸੀ। ਉਸ ਨੂੰ ਜਾਣ ਕੇ ਹੈਰਾਨੀ ਹੋਈ ਕਿ ਸ਼ਤਰੰਜ ਦਾ ਮਾਹਿਰ ਵਿਦਿਆਰਥੀ ਗਣਿਤ ਵਿਚੋਂ ਫੇਲ੍ਹ ਕਿਉਂ ਹੁੰਦਾ ਹੈ? ਪ੍ਰੋਫੈਸਰ ਨੇ ਉਸ ਵਿਦਿਆਰਥੀ ਨਾਲ ਸ਼ਾਮ ਨੂੰ ਆਪਣੇ ਘਰ ਸ਼ਤਰੰਜ ਦੀ ਇਕ ਬਾਜ਼ੀ ਲਾਈ, ਜਿਹੜੀ ਵਿਦਿਆਰਥੀ ਨੇ ਜਿੱਤ ਲਈ। ਦੂਜੀ ਬਾਜ਼ੀ ਵਿਚ ਵੀ ਵਿਦਿਆਰਥੀ ਨੇ ਪ੍ਰੋਫੈਸਰ ਨੂੰ ਮਾਤ ਦੇ ਦਿੱਤੀ। ਪ੍ਰੋਫੈਸਰ ਨੇ ਵਿਦਿਆਰਥੀ ਨੂੰ ਗਣਿਤ ਦੀ ਪੁਸਤਕ ਅਤੇ ਉਸ ਵਿਚੋਂ ਕੁਝ ਪ੍ਰਸ਼ਨ ਹੱਲ ਕਰਕੇ ਲਿਆਉਣ ਲਈ ਅਗਲੇ ਦਿਨ ਬੁਲਾਇਆ। ਸਿਲੇਬਸ ਅਤੇ ਵਿਦਿਆਰਥੀ ਦੀ ਕਾਰਗੁਜ਼ਾਰੀ ਵੇਖ ਕੇ ਪ੍ਰੋਫੈਸਰ ਸਮਝ ਗਿਆ ਕਿ ਸਿਲੇਬਸ ਵਿਚਲੇ ਦਸ ਭਾਗਾਂ ਵਿਚੋਂ ਚਾਰ ਭਾਗ ਉਸ ਦੀ ਰੁਕਾਵਟ ਬਣੇ ਹੋਏ ਸਨ। ਪ੍ਰੋਫੈਸਰ ਨੇ ਪ੍ਰੀਖਿਆ ਵਿਚ ਰਹਿੰਦੇ ਕੇਵਲ ਤਿੰਨ ਮਹੀਨਿਆਂ ਨੂੰ ਧਿਆਨ ਵਿਚ ਰੱਖ ਕੇ ਬਾਕੀ ਛੇ ਭਾਗਾਂ ਵਿਚਲੇ ਹਰੇਕ ਪ੍ਰਸ਼ਨ ਨੂੰ ਉਸ ਵਿਦਿਆਰਥੀ ਤੋਂ ਵੀਹ-ਵੀਹ ਤੋਂ ਵੱਧ ਵਾਰੀ ਹੱਲ ਕਰਵਾਇਆ ਅਤੇ ਪ੍ਰੀਖਿਆ ਵਿਚ ਸੱਠ ਨੰਬਰਾਂ ਦੇ ਕੀਤੇ ਪੇਪਰ ਵਿਚੋਂ, ਉਸ ਵਿਦਿਆਰਥੀ ਦੇ ਉਨਾਹਠ ਨੰਬਰ ਆਏ ਅਤੇ ਇਵੇਂ ਉਸ ਚੈਂਪੀਅਨ ਦਾ ਗੁਆਚਿਆ ਸਵੈਮਾਣ ਮੁੜ ਆਇਆ।

ਸਫਲ ਵਿਅਕਤੀਆਂ ਨੂੰ ਕੰਮ ਕਰਦਿਆਂ ਵੇਖਣ ਅਤੇ ਉਨ੍ਹਾਂ ਦੀ ਕਾਰਜ-ਵਿਧੀ ਅਪਨਾਉਣ ਨਾਲ ਸਾਡੀ ਆਪਣੀ ਕਾਰਗੁਜ਼ਾਰੀ ਸੁਧਰਦੀ ਹੈ।

ਕਿਸੇ ਨੇ ਵੱਡੇ ਸੰਗੀਤਕਾਰ ਦੀ ਸਫਲਤਾ ਦਾ ਜਦੋਂ ਭੇਤ ਪੁੱਛਿਆ, ਤਾਂ ਉਸ ਨੇ ਕਿਹਾ: ਅਭਿਆਸ, ਹਰ ਰੋਜ਼ ਅਭਿਆਸ, ਉਸਤਾਦ ਦੀ ਹਾਜ਼ਰੀ ਵਿਚ ਅਭਿਆਸ, ਸਵੇਰੇ ਉੱਠ ਕੇ ਅਭਿਆਸ।

ਮੁੱਕੇਬਾਜ਼ੀ ਦੇ ਵਿਸ਼ਵ ਚੈਂਪੀਅਨ ਮੁਹੰਮਦ ਅਲੀ ਨੂੰ ਮੁੱਕੇਬਾਜ਼ੀ ਦਾ ਅਭਿਆਸ ਕਰਨਾ ਚੰਗਾ ਨਹੀਂ ਸੀ ਲੱਗਦਾ, ਉਸ ਦੀ ਮਾਂ ਕਿਹਾ ਕਰਦੀ ਸੀ: ਜੇ ਸਾਰੀ ਜ਼ਿੰਦਗੀ ਚੈਂਪੀਅਨ ਅਖਵਾਉਣ ਦਾ ਆਨੰਦ ਮਾਣਨਾ ਹੈ ਤਾਂ ਅਭਿਆਸ ਦੀ ਔਖ ਬਰਦਾਸ਼ਤ ਕਰ, ਖਿੜੇ ਮੱਥੇ ਔਖ ਬਰਦਾਸ਼ਤ ਕੀਤੀ ਅਤੇ ਉਹ ਵਿਸ਼ਵ ਚੈਂਪੀਅਨ ਬਣਿਆ।

ਸੋਚੋ, ਤੁਸੀਂ ਜਿਥੇ ਹੋ ਉੱਥੇ ਕਿਵੇਂ ਪਹੁੰਚੇ ਹੋ? ਜਿਹੜੇ ਉਚੇਰੀਆਂ ਪਦਵੀਆਂ 'ਤੇ ਹਨ, ਉਹ ਉੱਥੇ ਕਿਵੇਂ ਪਹੁੰਚੇ ਹਨ? ਕਿਹੜੀ ਗੱਲ ਉਤਸ਼ਾਹ ਦਿੰਦੀ ਹੈ, ਕਿਹੜੀ ਰਸਤਾ ਰੋਕਦੀ ਹੈ? ਤੁਹਾਡੀਆਂ ਅੰਦਰਲੀਆਂ ਸ਼ਕਤੀਆਂ ਕੀ ਹਨ, ਤੁਹਾਡੀਆਂ ਬਾਹਰਲੀਆਂ ਰੁਕਾਵਟਾਂ ਕੀ ਹਨ? ਰੁਕਾਵਟਾਂ ਬਾਰੇ ਧੀਰਜ ਨਾਲ ਸੋਚੋ, ਹੋਰਾਂ ਨਾਲ ਸਲਾਹ ਕਰੋ, ਹੱਲ ਨਿਕਲ ਆਵੇਗਾ।

ਇਕ ਵਾਰੀ ਇਕ ਤੰਗ ਪਹਾੜੀ ਰਸਤੇ 'ਤੇ ਇਕ ਕਾਰ ਪੰਚਰ ਹੋ ਗਈ। ਮਾਲਕ ਨੇ ਕਾਰ ਇਕ ਪਾਸੇ ਖੜ੍ਹੀ ਕਰਕੇ, ਪਹੀਆ ਖੋਲ੍ਹਿਆ। ਡਿੱਕੀ ਵਿਚੋਂ ਜਦੋਂ ਦੂਜਾ ਪਹੀਆ ਕੱਢਿਆ ਤਾਂ ਉਹ ਉੱਛਲ ਕੇ ਉਸ ਦੇ ਹੱਥਾਂ ਵਿਚੋਂ ਨਿਕਲ ਗਿਆ। ਪਹੀਆ ਤਾਂ ਉਸ ਨੇ ਝੱਪਟ ਕੇ ਫੜ ਲਿਆ ਪਰ ਖੋਲ੍ਹ ਕੇ ਰੱਖੇ ਨੱਟ-ਬੋਲਟ ਥੱਲ੍ਹੇ ਰੁੜ੍ਹ ਗਏ। ਮਾਲਕ ਪਰੇਸ਼ਾਨ ਸੀ, ਨੇੜਿਓਂ ਕੋਈ ਮਦਦ ਸੰਭਵ ਨਹੀਂ ਸੀ। ਉਥੋਂ ਲੰਘਦੇ ਇਕ ਇੰਜੀਨੀਅਰ ਨੇ ਉਸ ਦੀ ਨੱਟ-ਬੋਲਟ ਰੁੜ੍ਹ ਜਾਣ ਦੀ ਸਮੱਸਿਆ ਸੁਣੀ ਤਾਂ ਕਿਹਾ: ਕਾਰ ਨੂੰ ਲੱਗੇ ਹੋਏ ਤਿੰਨ ਪਹੀਆਂ ਦਾ ਇਕ-ਇਕ ਨੱਟ-ਬੋਲਟ ਖੋਲ੍ਹ ਕੇ ਚੌਥੇ ਪਹੀਏ ਨੂੰ ਲਾ ਲਓ, ਕਾਰ ਚੱਲ ਪਏਗੀ।

ਮਾਰੂਥਲਾਂ ਵਿਚ ਦਿਸ਼ਾਵਾਂ ਨਹੀਂ ਹੁੰਦੀਆਂ। ਲਗਭਗ ਪੰਜਾਹ ਸਾਲ ਪਹਿਲਾਂ ਤੱਕ ਸਹਾਰਾ ਮਾਰੂਥਲ ਵਿਚ ਹਰ ਸਾਲ ਦੋ ਹਜ਼ਾਰ ਯਾਤਰੀ ਰਸਤਾ ਗੁਆਚਣ ਨਾਲ ਮਰ ਜਾਂਦੇ ਸਨ। ਇਕ ਤੇਲ ਕੰਪਨੀ ਦੇ ਕਰਮਚਾਰੀ ਨੇ ਹਰ ਇਕ ਮੀਲ ਦੇ ਫਾਸਲੇ 'ਤੇ ਤੇਲ ਦੇ ਵੱਡੇ ਖਾਲ਼ੀ ਡਰੰਮ ਰੱਖਣ ਦਾ ਸੁਝਾਓ ਦਿੱਤਾ। ਮੁਸਾਫਰਾਂ ਨੇ ਦੋ ਡਰੰਮ ਹੀ ਵੇਖਣੇ ਹੁੰਦੇ ਸਨ, ਪਿਛਲਾ ਅਤੇ ਅਗਲਾ। ਗੁਆਚਣ ਤੋਂ ਬਚਣ ਵਾਸਤੇ ਇਤਨਾ ਕੁ ਸੰਕੇਤ ਕਾਫੀ ਸੀ। ਇਵੇਂ ਇਕ ਵੱਡੀ ਸਮੱਸਿਆ ਸੌਖਿਆਂ ਹੀ ਹੱਲ ਹੋ ਗਈ ਸੀ।

ਸੋਚਣ ਦੀ ਲੋੜ ਹੈ ਕਿ ਕੁਝ ਲੋਕਾਂ ਦੀ ਜ਼ਿੰਦਗੀ ਕਿਉਂ ਸੌਖੀ ਹੁੰਦੀ ਹੈ ਅਤੇ ਕੁਝ ਲੋਕਾਂ ਦਾ ਜੀਵਨ ਕਿਉਂ ਔਖਾ ਹੁੰਦਾ ਹੈ?

ਜਿਤਨਾ ਵਧੇਰੇ ਸਿੱਖੋਗੇ, ਉਤਨੇ ਵੱਧ ਮਾਹਿਰ ਹੋਵੋਗੇ, ਉਤਨਾ ਆਤਮ-ਵਿਸ਼ਵਾਸ ਵਧੇਰੇ ਹੋਵੇਗਾ। ਜਿਤਨੀ ਆਮਦਨ ਵਧੇਗੀ, ਉਤਨਾ ਜੀਵਨ ਸੌਖਾ ਹੋਵੇਗਾ। ਜੇ ਕਿਸੇ ਕੰਮ ਨੂੰ ਸਹੀ ਢੰਗ ਨਾਲ ਕੀਤਾ ਜਾਵੇ ਤਾਂ ਥਕਾਵਟ ਨਹੀਂ ਹੁੰਦੀ, ਜੇ ਕੰਮ ਨਿਸ਼ਾਨਾ ਮਿੱਥ ਕੇ ਕੀਤਾ ਜਾਵੇ ਤਾਂ ਸਫਲਤਾ ਹੀ ਮਿਲਦੀ ਹੈ। ਸਪੱਸ਼ਟ ਹੈ ਕਿ ਹਰ ਖੇਤਰ ਵਿਚ ਮੁਕਾਬਲਾ ਸਖ਼ਤ ਹੈ। ਸਾਹੋ-ਸਾਹ ਦੌੜਨ ਦੀ ਲੋੜ ਨਹੀਂ ਪਰ ਰੁਕਣਾ ਮਨ੍ਹਾ ਹੈ।

ਇਕ ਪਰਿਵਾਰ ਦਾ ਅਖੀਰਲਾ ਬੱਚਾ ਬੜਾ ਕਮਜ਼ੋਰ ਸੀ। ਉਸ ਨੇ ਨਿਜੀ ਅਨੁਭਵ ਤੋਂ ਜਾਣ ਲਿਆ ਸੀ ਕਿ ਦੌੜਨ ਨਾਲ ਕਮਜ਼ੋਰੀ ਦੂਰ ਹੁੰਦੀ ਹੈ। ਉਹ ਦੌੜਾਂ ਲਾਉਂਦਾ ਸੀ ਪਰ ਹਰ ਦੌੜ ਵਿਚ ਉਹ ਅਖੀਰਲਾ ਦੌੜਾਕ ਹੁੰਦਾ ਸੀ। ਸਾਰੇ ਉਸ ਦਾ ਮਖੌਲ ਉਡਾਉਂਦੇ ਸਨ ਅਤੇ ਦੌੜਨ ਤੋਂ ਰੋਕਦੇ ਸਨ। ਉਹ ਉਤਸ਼ਾਹ ਨਾਲ ਕਿਹਾ ਕਰਦਾ ਸੀ: ਇਕ ਵਾਰੀ ਅਵਲ ਆਉਣਾ ਹੈ, ਅਵਲ ਆ ਕੇ ਤੁਹਾਡੇ ਚਾਹੇ ਅਨੁਸਾਰ, ਦੌੜਨਾ ਬੰਦ ਕਰ ਦੇਵਾਂਗਾ। ਯਤਨ ਕਰਦਾ-ਕਰਦਾ ਉਹ ਇਕ ਦੌੜ ਵਿਚ ਅਵਲ ਆ ਗਿਆ। ਇਸ ਉਪਰੰਤ ਉਹ ਹਰ ਵਾਰੀ ਅਵਲ ਆਉਣ ਲੱਗ ਪਿਆ।

ਧੀਰਜ ਨਾਲ ਸੋਚਣ ਨਾਲ ਸਮੱਸਿਆਵਾਂ ਹੱਲ ਕਰਨ ਦੇ ਢੰਗ ਸੁਝਦੇ ਹਨ। ਕੁਝ ਸਾਲ ਪਹਿਲਾਂ ਵਿਸ਼ਵ ਫੁਟਬਾਲ ਕੱਪ ਦੇ ਮੁਕਾਬਲਿਆਂ ਵਿਚ ਅਕਸਰ ਦੋਵੇਂ ਟੀਮਾਂ ਦੀ ਭਾਸ਼ਾ ਅਤੇ ਰੈਫਰੀਆਂ ਦੀ ਭਾਸ਼ਾ, ਵੱਖਰੀ-ਵੱਖਰੀ ਹੁੰਦੀ ਸੀ ਅਤੇ ਇਕ-ਦੂਜੇ ਦੀ ਭਾਸ਼ਾ ਸਮਝ ਨਾ ਆਉਣ ਕਾਰਨ ਮੈਚਾਂ ਵਿਚ ਵਿਘਨ ਪੈਂਦਾ ਸੀ ਅਤੇ ਰੈਫਰੀ ਵਲੋਂ

ਕਿਸੇ ਖਿਡਾਰੀ ਨੂੰ ਵਾਰਨਿੰਗ ਦੇਣ ਅਤੇ ਖੇਡ ਵਿਚੋਂ ਬਾਹਰ ਕੱਢਣ ਦੇ ਫੈਸਲਿਆਂ ਨੂੰ ਸਮਝਣ ਵਿਚ ਅਸਮਰਥ ਹੋਣ ਕਾਰਨ, ਝਗੜਾ ਹੋ ਜਾਂਦਾ ਸੀ।

ਇਸ ਸਮੱਸਿਆ ਦਾ ਕੋਈ ਸੰਤੋਖਜਨਕ ਹੱਲ ਨਹੀਂ ਲੱਭ ਰਿਹਾ ਸੀ।

ਇਕ ਵਾਰੀ ਇਕ ਰੈਫਰੀ ਟ੍ਰੈਫਿਕ ਦੀ ਲਾਲ ਬੱਤੀ 'ਤੇ ਰੁਕਿਆ ਹੋਇਆ ਸੀ। ਉਸ ਨੂੰ ਖਿਆਲ ਆਇਆ ਕਿ ਟ੍ਰੈਫਿਕ ਦੀਆਂ ਪੀਲੀ ਅਤੇ ਲਾਲ ਬੱਤੀਆਂ ਦੇ ਰੰਗਾਂ ਵਾਲੇ ਕਾਰਡਾਂ ਨਾਲ ਫੁੱਟਬਾਲ ਦੇ ਮੈਚਾਂ ਵਿਚ ਰੈਫਰੀ ਦੇ ਫੈਸਲਿਆਂ ਸੰਬੰਧੀ ਭੁਲੇਖੇ ਪੈਣ ਦੀ ਸਮੱਸਿਆ ਹੱਲ ਕੀਤੀ ਜਾ ਸਕਦੀ ਹੈ। ਇਵੇਂ ਖੇਡਣ ਵਿਚ ਗਲਤੀ ਕਰਨ ਵਾਲਿਆਂ ਨੂੰ ਦਿਖਾਏ ਜਾਣ ਵਾਲੇ ਕਾਰਡ ਲਈ ਪੀਲਾ ਅਤੇ ਲਾਲ ਰੰਗ ਅਪਨਾਉਣ ਨਾਲ ਇਹ ਸਮੱਸਿਆ ਹੱਲ ਹੋ ਗਈ।

ਔਖੇ ਕੰਮਾਂ ਵੱਲ ਧਿਆਨ ਦੇਣ ਨਾਲ ਨਵੇਂ ਅਤੇ ਸਰਲ ਹੱਲ ਸੁਝਦੇ ਹਨ। ਜਪਾਨ ਦੀ ਸਾਬਣ ਬਣਾਉਣ ਵਾਲੀ ਇਕ ਕੰਪਨੀ ਦੇ ਕਈ ਗਾਹਕਾਂ ਨੇ ਸ਼ਿਕਾਇਤ ਕੀਤੀ ਕਿ ਕਈ ਵਾਰ ਸਾਬਣ ਦੀਆਂ ਖਰੀਦੀਆਂ ਗਈਆਂ ਡੱਬੀਆਂ ਵਿਚ ਸਾਬਣ ਨਹੀਂ ਹੁੰਦਾ। ਪ੍ਰਸਿੱਧ ਕੰਪਨੀ ਲਈ ਇਹ ਬੜੀ ਬੇਇਜ਼ਤੀ ਵਾਲੀ ਗੱਲ ਸੀ। ਇਹ ਵਾਪਰਨ ਤੋਂ ਰੋਕਣ ਵਾਸਤੇ ਕਈ ਹੱਲ ਸੁਝਾਏ ਗਏ ਪਰ ਉਹ ਸਾਰੇ ਬੜੇ ਮਹਿੰਗੇ ਸਨ।

ਇਕ ਵਰਕਰ ਨੇ ਸੁਝਾਓ ਦਿੱਤਾ ਕਿ ਇਹ ਸਮੱਸਿਆ ਬੜੀ ਸੌਖਿਆਂ ਹੱਲ ਕੀਤੀ ਜਾ ਸਕਦੀ ਹੈ। ਉਸ ਨੇ ਕਿਹਾ ਜਦੋਂ ਸਾਬਣ ਡੱਬੀ ਵਿਚ ਭਰਨ ਉਪਰੰਤ, ਡੱਬੀ ਬੈਲਟ 'ਤੇ ਚਲਦੀ ਹੈ ਤਾਂ ਉੱਥੇ ਇਕ ਵੱਡਾ ਅਤੇ ਸ਼ਕਤੀਸ਼ਾਲੀ ਪੱਖਾ ਚਲਾਇਆ ਜਾਵੇ, ਜਿਸ ਦੀ ਤੇਜ਼ ਹਵਾ ਖਾਲੀ ਡੱਬੀਆਂ ਨੂੰ ਉਡਾ ਦੇਵੇਗੀ, ਇਵੇਂ ਕੋਈ ਖਾਲੀ ਡੱਬੀ ਅੱਗੇ ਨਹੀਂ ਜਾਵੇਗੀ।

ਵਿਗਿਆਨੀਆਂ ਦੀਆਂ ਪ੍ਰਾਪਤੀਆਂ, ਕਾਢਾਂ ਅਤੇ ਘਾੜਤਾਂ ਨੇ ਔਖੇ ਕੰਮ ਸੌਖੇ ਕਰ ਦਿੱਤੇ ਹਨ। ਪਹਾੜ 'ਤੇ ਚੜ੍ਹਨ ਵਾਂਗ ਔਖੇ ਕੰਮ ਕਰਨ ਵਾਲੇ ਆਪਣੀਆਂ ਮੁਸ਼ਕਿਲਾਂ ਆਪ ਹੱਲ ਕਰਦੇ ਹਨ। ਮਾਊਂਟ ਐਵਰੈਸਟ ਨੂੰ ਫਤਹਿ ਕਰਨਾ ਮਨੁੱਖ ਦੇ ਸਿਦਕ, ਸਿਰੜ ਅਤੇ ਹੌਸਲੇ ਦਾ ਸਬੂਤ ਹੈ।

ਜਿਹੜੇ ਸਿਖਰ ਤੇ ਪਹੁੰਚਣ ਵਿਚ ਸਫਲ ਹੋਏ, ਉਹ ਤਿਆਰੀ ਕਰਕੇ ਗਏ ਸਨ।

ਆਪਣੀਆਂ ਮੁਸ਼ਕਿਲਾਂ ਹੋਰਾਂ ਨੂੰ ਦੱਸੋਗੇ ਤਾਂ ਬਹੁਤੇ ਪ੍ਰਵਾਹ ਹੀ ਨਹੀਂ ਕਰਨਗੇ, ਬਾਕੀ ਤੁਹਾਡੀਆਂ ਮੁਸ਼ਕਿਲਾਂ 'ਤੇ ਪ੍ਰਸੰਨ ਹੋਣਗੇ।

ਔਖੇ ਸਬਕ ਅਤੇ ਔਖੇ ਹੋ ਕੇ ਸਿੱਖੇ ਸਬਕ, ਔਖੇ ਸਮਿਆਂ ਵਿਚ ਕੰਮ ਆਉਂਦੇ ਹਨ।

ਅਜੋਕੇ ਯੁਗ ਵਿਚ ਜਾਣਕਾਰੀ ਅਤੇ ਤਕਨਾਲੋਜੀ ਦਾ ਮੀਂਹ ਵਸ ਰਿਹਾ ਹੈ, ਅਵਸਰ ਵਾਜਾਂ ਮਾਰ ਰਹੇ ਹਨ। ਤੁਸੀਂ ਔਖੇ ਕੰਮ ਕਰਨ ਦਾ ਬੀੜਾ ਚੁੱਕੋ, ਸੰਸਾਰ ਤੁਹਾਡੀ ਜ਼ਿੰਦਗੀ ਨੂੰ ਸੌਖਾ ਬਣਾਉਣ ਦਾ ਵਾਅਦਾ ਨਿਭਾਵੇਗਾ।

+ + +

ਚਿੱਤਰਕਾਰੀ

ਸਭ ਤੋਂ ਵੱਡੀ ਚਿੱਤਰਕਾਰ ਕੁਦਰਤ ਹੈ।

ਧਰਤੀ ਅਤੇ ਅਸਮਾਨ 'ਤੇ ਚਿੱਤਰ ਬਣਦੇ-ਮਿਟਦੇ ਰਹਿੰਦੇ ਹਨ।

ਚੰਗਾ ਚਿੱਤਰ ਉਹ ਹੁੰਦਾ ਹੈ, ਜਿਹੜਾ ਸਵੇਰੇ ਉੱਠ ਕੇ ਵੇਖਣਾ ਚੰਗਾ ਲੱਗੇ।

ਮਨੁੱਖ ਦੀ ਕਲਪਨਾ ਵਿਚ ਸਾਰੇ ਰੰਗ ਹੁੰਦੇ ਹਨ, ਜਿਨ੍ਹਾਂ ਨਾਲ ਮਨੁੱਖ ਭਾਂਤ-ਭਾਂਤ ਦੇ ਚਿੱਤਰ ਸਿਰਜਦਾ ਅਤੇ ਵੇਖਦਾ ਰਹਿੰਦਾ ਹੈ।

ਵਿਗਿਆਨ ਕੋਲ ਮਨ ਨੂੰ ਸਮਝਣ ਦੀ ਵਿਧੀ ਨਹੀਂ ਹੈ ਪਰ ਕਲਾ ਕੋਲ ਹੈ।

ਕਲਾ ਮਨੁੱਖੀ ਆਤਮਾ ਨੂੰ ਸਵੱਛ ਰੱਖਦੀ ਹੈ। ਇਹ ਜੀਵਨ ਵਿਚ ਸੁੰਦਰਤਾ ਸਿਰਜਦੀ, ਸੋਹਜ ਉਪਜਾਉਂਦੀ ਹੋਈ ਜ਼ਿੰਦਗੀ ਨੂੰ ਥੱਕਣ ਨਹੀਂ ਦਿੰਦੀ।

ਕਲਾ ਦੀ ਅਮੀਰੀ, ਸੋਹਣੀਆਂ, ਖੁਸ਼ਹਾਲ, ਬਹਾਦਰ ਅਤੇ ਅਜ਼ਾਦ ਕੌਮਾਂ ਵਿਚ ਹੁੰਦੀ ਹੈ ਅਤੇ ਇਹ ਅਮੀਰੀ ਆਰਥਿਕ ਸਫਲਤਾ ਮਗਰੋਂ ਸੰਭਵ ਹੁੰਦੀ ਹੈ।

ਸੋਹਣੇ ਚਿੱਤਰ ਨਜ਼ਰਾਂ ਨੂੰ ਸੁੱਖ ਦਿੰਦੇ ਹਨ। ਬਾਹਰਲੀਆਂ ਚੀਜ਼ਾਂ ਨਾਲ ਜਦੋਂ ਅੰਦਰਲੀ ਨਜ਼ਰ ਰਲ ਜਾਂਦੀ ਹੈ ਤਾਂ ਉਨ੍ਹਾਂ ਦਾ ਰੂਪ-ਆਕਾਰ ਬਦਲ ਜਾਂਦਾ ਹੈ।

ਚਿੱਤਰਕਲਾ ਇਕ ਸੂਖਮ ਕਲਾ ਹੈ। ਸੰਗੀਤ, ਗੀਤ, ਨ੍ਰਿਤ, ਚਿੱਤਰਕਾਰੀ ਅਤੇ ਮੂਰਤੀ-ਕਲਾ ਆਦਿ ਸਾਰੀਆਂ ਸੂਖਮ ਕਲਾਵਾਂ ਮਨੁੱਖ ਅੰਦਰ ਝਾਕਣ ਅਤੇ ਮਨੁੱਖੀ ਮਨ ਦੀਆਂ ਵੱਖ-ਵੱਖ ਅਵਸਥਾਵਾਂ ਨੂੰ ਪ੍ਰਗਟਾਉਣ ਦੇ ਉਪਰਾਲੇ ਹਨ।

ਸੰਸਾਰ, ਸਮਾਜ ਅਤੇ ਜੀਵਨ ਵਿਚ ਸੁੰਦਰਤਾ ਨੂੰ ਸਿਰਜਣਾ ਮੁਸ਼ਕਿਲ ਬੜਾ ਹੈ, ਕੋਹਝੇਪਣ ਨੂੰ ਤਾਂ ਹਰ ਥਾਂ, ਹਰ ਕੋਈ ਉਪਜਾ ਹੀ ਰਿਹਾ ਹੈ।

ਚਿੱਤਰਕਾਰੀ ਵਿਚ ਵੇਖਿਆ ਨਹੀਂ, ਵਿਖਾਇਆ ਗਿਆ ਮੁਲਵਾਨ ਹੁੰਦਾ ਹੈ।

ਜੋ ਸ਼ਬਦਾਂ ਜਾਂ ਧੁਨਾਂ ਵਿਚ ਨਹੀਂ ਕਿਹਾ ਜਾ ਸਕਦਾ, ਉਸੇ ਦਾ ਚਿੱਤਰ ਬਣਾਉਣ ਦੀ ਲੋੜ ਪੈਂਦੀ ਹੈ।

ਚਿੱਤਰ, ਦ੍ਰਿਸ਼ ਦਾ ਸੰਗੀਤ ਹੁੰਦਾ ਹੈ, ਇਸ ਵਿਚ ਚੁੱਪ ਦੇ ਰੰਗ ਹੁੰਦੇ ਹਨ।

ਜਦੋਂ ਚਿੱਤਰ ਮੁਕੰਮਲ ਹੋ ਜਾਂਦਾ ਹੈ ਤਾਂ ਹੀ ਇਸ ਦਾ ਵਿਸ਼ਾ ਸਪੱਸ਼ਟ ਹੁੰਦਾ ਹੈ।

ਇਸੇ ਕਰਕੇ ਕਹਿੰਦੇ ਹਨ ਕਿ ਚਿੱਤਰ, ਚਿਤਰਿਆ ਨਹੀਂ ਜਾਂਦਾ, ਭਵਨ-ਨਿਰਮਾਣ ਵਾਂਗ, ਉਸਾਰਿਆ ਜਾਂਦਾ ਹੈ।

ਕੋਈ ਵੀ ਚਿੱਤਰ, ਚਿੱਤਰਨ ਤੋਂ ਪਹਿਲਾਂ, ਚਿੱਤਰਕਾਰ ਆਪਣੇ ਆਪ ਨੂੰ ਇਕਾਗਰ, ਆਪਣੇ ਮਨ ਨੂੰ ਸ਼ਾਂਤ, ਆਪਣੀ ਕਲਪਨਾ ਨੂੰ ਬਲਵਾਨ ਅਤੇ ਆਪਣੇ ਭਾਵਾਂ ਨੂੰ ਇਕ-ਸੁਰ ਕਰਦਾ ਹੈ।

ਕਈ ਵਾਰੀ ਚਿੱਤਰਕਾਰ ਦੀ ਮਾਨਸਿਕ ਅਵਸਥਾ ਉਦਾਸ ਹੁੰਦੀ ਹੈ ਪ੍ਰੰਤੂ ਉਸਾਰੀ ਅਧੀਨ ਚਿੱਤਰ ਸ਼ੋਖ ਅਤੇ ਖੁਸ਼ਹਾਲ ਹੁੰਦਾ ਹੈ, ਸੋ ਜਦੋਂ ਤੱਕ ਚਿੱਤਰਕਾਰ ਅਤੇ ਚਿੱਤਰ ਦੋਵੇਂ ਇਕਸੁਰ ਨਾ ਹੋਣ, ਬੁਰਸ਼ ਹਿਲਦਾ ਨਹੀਂ, ਚਿੱਤਰ ਜਾਗਦਾ ਨਹੀਂ।

ਬੁਰਸ਼ ਨੂੰ ਫੜਨ ਦਾ, ਰਾਗ ਛੇੜਨ ਵਾਂਗ, ਇਕ ਸਲੀਕਾ ਹੁੰਦਾ ਹੈ।

ਸਧਾਰਨ ਵਿਅਕਤੀ ਆਲੇ-ਦੁਆਲੇ ਨੂੰ ਵੇਖਦਾ ਹੀ ਹੈ, ਚਿੱਤਰਕਾਰ ਨਿਹਾਰਦਾ ਵੀ ਹੈ। ਮਹੱਤਵਪੂਰਨ ਇਹ ਨਹੀਂ ਕਿ ਚਿੱਤਰਕਾਰ ਕੀ ਵੇਖਦਾ ਹੈ, ਵੇਖਣ ਵਾਲੀ ਵਸਤ ਕੀ ਹੈ? ਮਹੱਤਵਪੂਰਨ ਇਹ ਹੈ ਕਿ ਉਸ ਵਸਤ ਵਿਚ ਵੇਖਣ ਵਾਲਾ ਕੀ ਹੈ ਅਤੇ ਵਿਖਾਉਣਯੋਗ ਕੀ ਹੈ, ਉਸ ਦੇ ਵੇਖਣ-ਵਿਖਾਉਣ ਵਿਚ ਨਿਆਰਾਪਣ ਕੀ ਹੈ? ਵੇਖਣ ਵਾਲਾ ਕੌਣ ਹੈ, ਵੇਖਣ ਦਾ ਢੰਗ ਕੀ ਹੈ?

ਉਦਾਹਰਣ ਵਜੋਂ ਚਿੱਤਰ ਵਿਚ ਇਕ ਪੱਥਰ ਦੇ ਆਲੇ-ਦੁਆਲੇ ਘਾਹ ਵਿਖਾਇਆ ਗਿਆ ਹੈ। ਚਿੱਤਰਕਾਰ ਲਈ ਘਾਹ ਛਿਨਭੰਗਰਤਾ ਅਤੇ ਪੱਥਰ ਸਦੀਵਤਾ ਦਾ, ਘਾਹ ਨਿਮਰਤਾ ਅਤੇ ਪੱਥਰ ਕਠੋਰਤਾ ਦਾ ਪ੍ਰਤੀਕ ਹੈ।

ਚਿੱਤਰਕਾਰ ਵਲੋਂ ਘਾਹ ਅਤੇ ਪੱਥਰ ਨੂੰ ਚਿੱਤਰਨਾ ਦੱਸੇਗਾ ਕਿ ਉਸ ਨੇ ਘਾਹ ਨੂੰ ਕਿਹੜਾ ਮਾਣ ਅਤੇ ਪੱਥਰ ਨੂੰ ਕੀ ਸਤਿਕਾਰ ਦਿੱਤਾ ਹੈ।

ਹਰ ਚਿੱਤਰ ਦੀ ਇਕ ਜਨਮ-ਪੱਤਰੀ ਹੁੰਦੀ ਹੈ, ਕਈ ਚਿੱਤਰ ਸੱਤ-ਮਾਹੇ ਅਤੇ ਕਈ ਚਿੱਤਰ ਮੰਗਲੀਕ ਹੁੰਦੇ ਹਨ। ਕਈ ਚਿੱਤਰ ਅਧੂਰੇ ਹੀ ਮਰ ਜਾਂਦੇ ਹਨ।

ਹਰੇਕ ਚਿੱਤਰ ਦਾ ਵੱਖਰਾ ਚਰਿੱਤਰ ਅਤੇ ਪ੍ਰਭਾਵ ਹੁੰਦਾ ਹੈ।

ਘਰ ਵਿਚ ਇਕ ਹੀ ਚਿੱਤਰ ਵੱਖ-ਵੱਖ ਥਾਂਵਾਂ 'ਤੇ ਵੱਖਰਾ ਪ੍ਰਭਾਵ ਪਾਉਂਦਾ ਹੈ।

ਕਿਸੇ ਥਾਂ 'ਤੇ ਚਿੱਤਰ ਘਰ ਦਾ ਜੀਅ ਲੱਗੇਗਾ ਪਰ ਕਿਸੇ ਹੋਰ ਥਾਂ 'ਤੇ ਲੱਗੇਗਾ ਕਿ ਚਿੱਤਰ ਦਾ ਅਪਮਾਨ ਕੀਤਾ ਗਿਆ ਹੈ।

ਚਿੱਤਰਕਲਾ, ਰਾਜਿਆਂ-ਬਾਦਸ਼ਾਹਾਂ ਦੀ ਸਰਪ੍ਰਸਤੀ ਮਾਣਦੀ ਰਹੀ ਹੈ।

ਸ਼ਾਹੀ ਘਰਾਣਿਆਂ ਵਿਚ ਰਾਜਕੁਮਾਰਾਂ-ਰਾਜਕੁਮਾਰੀਆਂ ਅਤੇ ਰਾਣੀਆਂ ਨੂੰ ਨੱਚਣ-ਗਾਉਣ ਦੀ ਆਗਿਆ ਨਹੀਂ ਸੀ ਪਰ ਚਿੱਤਰ ਬਣਾਉਣ ਦੀ ਸੀ।

ਹਰੇਕ ਚਿੱਤਰਕਾਰ ਦਾ ਆਪਣਾ ਜੀਵਨ-ਫ਼ਲਸਫ਼ਾ ਅਤੇ ਵਿਸ਼ਵ-ਦ੍ਰਿਸ਼ਟੀ ਹੁੰਦੀ ਹੈ। ਇਹ ਪੱਖ ਉਸ ਦੇ ਚਿੱਤਰਾਂ ਵਿਚ ਸੂਤਰ ਵਾਂਗ ਵਿਦਮਾਨ ਹੁੰਦੇ ਹਨ।

ਹਰ ਚਿੱਤਰਕਾਰ ਦੀ ਇਕ ਤਕਨੀਕ ਹੁੰਦੀ ਹੈ, ਜਿਹੜੀ ਉਸ ਦੇ ਚਿੱਤਰਾਂ ਵਿਚ ਸਹਿਜ ਰੂਪ ਵਿਚ ਪਈ ਹੁੰਦੀ ਹੈ, ਜਿਹੜੀ ਉਸ ਦੀ ਪਛਾਣ ਬਣਦੀ ਹੈ।

ਜੇ ਚਿੱਤਰ 'ਤੇ ਤਕਨੀਕ ਭਾਰੂ ਹੋ ਜਾਵੇ ਤਾਂ ਚਿੱਤਰ ਸੁਭਾਵਕ ਨਹੀਂ ਲੱਗਦਾ।

ਇਕਾਗਰਤਾ ਦੀ ਸ਼ਿੱਦਤ ਨਾਲ ਬੰਦੇ ਅੰਦਰਲੇ ਸਾਰੇ ਰੰਗ ਜਾਗ ਪੈਂਦੇ ਹਨ ਅਤੇ ਅੰਦਰਲੀਆਂ ਅੱਖਾਂ ਖੁੱਲ੍ਹ ਜਾਂਦੀਆਂ ਹਨ।

ਕਲਾਕਾਰ ਦੀ ਕਲਾ, ਇਸ ਯੋਗਤਾ ਵਿਚ ਹੁੰਦੀ ਹੈ ਕਿ ਉਹ ਚਿੱਤਰ ਦੇ ਵੱਖਰੇ-ਵੱਖਰੇ ਅੰਗਾਂ ਵਿਚੋਂ ਸਮੁੱਚ ਨੂੰ ਉਸਾਰੇ। ਇਹ ਕਾਰਜ ਸੌਖਾ ਨਹੀਂ ਹੁੰਦਾ। ਇਸੇ ਕਰਕੇ ਚਿੱਤਰਕਾਰਾਂ ਦੇ ਬਹੁਤੇ ਚਿੱਤਰ ਲੰਮਾ ਅਰਸਾ ਅਧੂਰੇ ਪਏ ਰਹਿੰਦੇ ਹਨ, ਜਿਹੜੇ ਅਧੂਰੇ ਹੋਣ ਕਾਰਨ, ਚਿੱਤਰਕਾਰ ਨੂੰ ਸੌਣ ਨਹੀਂ ਦਿੰਦੇ।

ਚਿੱਤਰਕਾਰ ਜਦੋਂ ਕਿਸੇ ਇਸਤਰੀ ਨੂੰ ਸਾਹਮਣੇ ਬੈਠਾ ਕੇ ਚਿੱਤਰ ਬਣਾਉਂਦਾ ਹੈ ਤਾਂ ਉਹ ਆਪਣੇ ਚਿੱਤਰ ਵਿਚਲੀ ਔਰਤ ਨੂੰ ਇਸ਼ਕ ਕਰਨ ਲੱਗ ਜਾਂਦਾ ਹੈ। ਅਕਸਰ ਇਸ਼ਕ, ਚਿੱਤਰ ਨੂੰ ਪੂਰਾ ਹੀ ਨਹੀਂ ਹੋਣ ਦਿੰਦਾ, ਜੇ ਚਿੱਤਰ ਪੂਰਾ ਹੋ ਜਾਏ ਤਾਂ ਇਸ਼ਕ ਘਬਰਾ ਜਾਂਦਾ ਹੈ।

ਜਦੋਂ ਚਿੱਤਰਕਾਰ ਅਤੇ ਉਸ ਦੀ ਕਲਾ ਦੋ ਵੱਖ-ਵੱਖ ਰਫ਼ਤਾਰਾਂ ਅਤੇ ਦਿਸ਼ਾਵਾਂ ਵਿਚ ਚਲਦੀ ਹੈ ਤਾਂ ਚਿੱਤਰਕਾਰ ਪਰੇਸ਼ਾਨ ਹੁੰਦਾ ਹੈ।

ਕਈ ਵਾਰੀ ਕਿਸੇ ਵਿਸ਼ੇ ਨੂੰ ਚਿੱਤਰਦਿਆਂ ਕਲਾਕਾਰ ਵਿਚੋਂ ਸਾਰੀ ਊਰਜਾ ਹੀ ਮੁੱਕ ਜਾਂਦੀ ਹੈ ਅਤੇ ਉਹ ਆਪਣੇ ਆਪ ਨੂੰ ਨਿਪੁੰਸਕ ਮਹਿਸੂਸ ਕਰਦਾ ਹੈ।

ਕਾਮ ਨੂੰ ਕੁੱਚਲਣ ਵਾਲਾ ਸੰਤ ਜਾਂ ਸਨਿਆਸੀ ਤਾਂ ਹੋ ਸਕਦਾ ਹੈ ਪਰ ਕਲਾਕਾਰ ਨਹੀਂ ਹੋ ਸਕਦਾ। ਕਲਾਕਾਰ ਦੀ ਕਲਾ ਨੂੰ ਉਭਾਰਦੀ ਹੀ ਕਾਮ ਦੀ ਸ਼ਕਤੀ ਹੈ।

ਜਿਤਨਾ ਕੋਈ ਕਲਾਕਾਰ ਵਧੇਰੇ ਸਿਰਜਣਾਤਮਕ ਹੋਵੇਗਾ, ਉਤਨਾ ਹੀ ਉਹ ਵਧੇਰੇ ਕਾਮੀ ਹੋਵੇਗਾ ਅਤੇ ਵੱਧ ਇਸਤਰੀਆਂ ਦੇ ਸੰਪਰਕ ਵਿਚ ਆਵੇਗਾ।

ਅਜੋਕੇ ਕਲਾਕਾਰਾਂ ਦੇ ਮਾਨਸਿਕ ਅੰਤਰ-ਵਿਰੋਧਾਂ ਨੂੰ ਸਮਝਣਾ ਸੁਖਾਲਾ ਨਹੀਂ, ਇਸੇ ਕਰਕੇ ਅਜੋਕੀ ਚਿੱਤਰਕਾਰੀ ਗੁੰਝਲਦਾਰ ਹੈ।

ਇਕ ਚਿੱਤਰ ਵਿਚ, ਖਾਣ ਲਈ ਇਕ ਮੇਜ਼ ਦੁਆਲੇ ਬੈਠੇ ਲੋਕਾਂ ਦੀਆਂ ਸ਼ਕਲਾਂ ਮਨੁੱਖਾਂ ਵਾਲੀਆਂ ਸਨ ਪਰ ਕੰਧ ਉੱਤੇ ਪੈਣ ਵਾਲੇ ਉਨ੍ਹਾਂ ਦੇ ਪ੍ਰਛਾਵੇਂ ਪਸ਼ੂਆਂ ਵਾਲੇ ਸਨ।

ਇਕ ਚਿੱਤਰਕਾਰ ਨੇ ਸਮੇਂ ਦਾ ਚਿੱਤਰ ਬਣਾਇਆ ਸੀ, ਜਿਸ ਵਿਚ ਯੂਨਾਨੀ ਥੰਮ੍ਹਾਂ ਰਾਹੀਂ, ਯੂਨਾਨੀ ਸੱਭਿਅਤਾ ਅਤੇ ਕਲਾ ਦੀ ਸਿਖਰ ਦੇ ਨਾਲ ਇਹ ਵੀ ਦਰਸਾਇਆ ਸੀ ਕਿ ਸਭ ਕੁਝ ਡਿੱਗ ਚੁੱਕਿਆ ਸੀ।

ਇਕ ਚਿੱਤਰ ਵਿਚ ਇਕ ਵਿਅਕਤੀ ਇਸ ਕਰਕੇ ਡਰ ਰਿਹਾ ਸੀ ਕਿਉਂਕਿ ਉਸ ਕੋਲ ਆਪਣੀ ਰੱਖਿਆ ਲਈ ਬੜਾ ਸ਼ਕਤੀਸ਼ਾਲੀ ਹਥਿਆਰ ਸੀ।

ਚਿੱਤਰਕਾਰੀ, ਜ਼ਿੰਦਗੀ ਵਿਚ ਮਨੁੱਖ ਦੀਆਂ ਹਾਰਾਂ-ਜਿੱਤਾਂ ਨੂੰ ਪੇਸ਼ ਕਰਦੀ ਹੈ। ਇਕ ਚਿੱਤਰ ਵਿਚ ਮਨੁੱਖ ਨੂੰ ਗੁੰਮ ਹੋਈ ਵਸਤ ਬਣਾ ਕੇ ਵਿਖਾਇਆ ਗਿਆ ਸੀ।

ਭਾਂਤ-ਭਾਂਤ ਦੀਆਂ ਸਮੱਸਿਆਵਾਂ ਵਿਚ ਘਿਰੇ ਅਜੋਕੇ ਮਨੁੱਖ ਜਾਂ ਅਜੋਕੇ ਚਿੱਤਰਕਾਰ ਨੂੰ ਸਮਝਣਾ ਸੁਖਾਲਾ ਨਹੀਂ, ਇਸੇ ਲਈ ਅਜੋਕੀ ਚਿੱਤਰਕਾਰੀ ਨੂੰ ਸਮਝਣਾ ਆਮ ਆਦਮੀ ਦੇ ਵੱਸ ਦੀ ਗੱਲ ਨਹੀਂ ਰਹੀ।

ਇਹੀ ਕਾਰਨ ਹੈ ਕਿ ਇਹ ਕਲਾ ਲੋਕਾਂ ਤੋਂ ਦੂਰ ਹੁੰਦੀ ਜਾ ਰਹੀ ਹੈ।

ਇਕ ਚਿੱਤਰ ਵਿਚ, ਬੁੱਧ ਬੰਦ ਅੱਖਾਂ ਨਾਲ ਸੰਸਾਰ ਨੂੰ ਵੇਖ ਰਿਹਾ ਸੀ।

ਇਕ ਅਸਮਾਨ, ਪੰਛੀਆਂ ਦੀ ਪਰਵਾਜ਼ ਨੂੰ ਉਡੀਕ ਰਿਹਾ ਸੀ।

ਜੋ ਸਪੱਸ਼ਟ ਹੁੰਦਾ ਹੈ, ਉਹ ਚਿੱਤਰਕਾਰ ਨੂੰ ਪ੍ਰਵਾਨ ਨਹੀਂ ਹੁੰਦਾ।

ਚਿੱਤਰਾਂ ਦੇ ਨਾਂ ਬੜੇ ਦਿਲਚਸਪ ਹੁੰਦੇ ਹਨ, ਬੁਝਾਰਤਾਂ ਵਰਗੇ।

ਇਕ ਅਮਰੀਕਨ ਚਿੱਤਰਕਾਰ ਆਪਣੇ ਇਕ ਚਿੱਤਰ 'ਤੇ ਵੀਹ ਸਾਲ ਕੰਮ ਕਰਦਾ ਰਿਹਾ। ਉਸ ਨੇ ਚਿੱਤਰ ਨੂੰ 'ਸੰਸਾਰ ਯਾਤਰਾ' ਦਾ ਨਾਂ ਦਿੱਤਾ।

ਸਾਜ਼ ਦੀ ਇਕ ਤਾਰ ਵਾਲੇ ਚਿੱਤਰ ਨੂੰ ਨਾਂ ਦਿੱਤਾ ਗਿਆ ਸੀ: ਔਰਤ।

ਚਿੱਤਰ ਵਿਚ ਔਰਤ ਦੇ ਨੈਣ-ਨਕਸ਼ ਬਣਾਉਣੇ ਬੜੇ ਸੌਖੇ ਹੁੰਦੇ ਹਨ ਪਰ ਚਿੱਤਰੇ ਹੋਏ ਮੱਥੇ ਵਿਚ ਸੋਚ ਭਰਨ ਵਿਚ ਕਈ ਸਾਲ ਲੱਗ ਜਾਂਦੇ ਹਨ।

ਹਰ ਚਿੱਤਰਕਾਰ ਦੇ ਕੁਝ ਨਿਜੀ ਰੰਗ ਹੁੰਦੇ ਹਨ ਅਤੇ ਕੋਈ ਇਕ ਲਾਡਲਾ ਰੰਗ ਵੀ ਹੁੰਦਾ ਹੈ। ਜਿਨ੍ਹਾਂ ਰੰਗਾਂ ਨਾਲ ਚਿੱਤਰਕਾਰ ਸਹਿਜ ਹੋ ਜਾਂਦਾ ਹੈ, ਉਹ ਰੰਗ ਉਸ ਦੀ ਨਿਜੀ ਪਛਾਣ ਹੋ ਨਿਬੜਦੇ ਹਨ। ਕਿਧਰੇ-ਕਿਧਰੇ ਕਲਾਕਾਰ ਦੀ ਕਲਪਨਾ ਅਤੇ ਉਸ ਦੇ ਰੰਗ ਟਕਰਾਉਂਦੇ ਵੀ ਹਨ, ਇਹ ਟਕਰਾਓ ਚਿੱਤਰਕਾਰ ਨੂੰ ਪਰੇਸ਼ਾਨ ਕਰਦੇ ਰਹਿੰਦੇ ਹਨ ਕਿਉਂਕਿ ਕਿਆਸਿਆ ਹੋਇਆ ਸੰਤੁਲਨ ਅਤੇ ਗਹਿਰਾਈ ਨਹੀਂ ਉਪਜਦੀ।

ਚਿੱਤਰਕਾਰੀ ਵਿਚ ਰੰਗਾਂ ਨੂੰ ਵਰਤਣ ਦੀ ਉਵੇਂ ਹੀ ਖੁੱਲ੍ਹ ਹੁੰਦੀ ਹੈ, ਜਿਵੇਂ ਕਵਿਤਾ ਵਿਚ ਸ਼ਬਦਾਂ ਨੂੰ ਵਰਤਣ ਦੀ। ਚਿੱਤਰਕਾਰੀ ਰੰਗਾਂ ਅਤੇ ਪ੍ਰਤੀਕਾਂ ਦੀ ਕਲਾ ਹੈ। ਹਲਕੇ ਰੰਗ ਮਨਮੋਹਕ ਅਤੇ ਠੰਡੇ ਹੁੰਦੇ ਹਨ ਜਦੋਂ ਕਿ ਗੂੜ੍ਹੇ ਰੰਗ, ਡੂੰਘੇ ਅਤੇ ਸ਼ਿੱਦਤ ਭਰੇ ਹੁੰਦੇ ਹਨ। ਇਸ ਖੇਤਰ ਵਿਚ ਰੰਗਾਂ ਦੀ ਬੋਲੀ ਅਤੇ ਡਰਾਇੰਗ ਦੀ ਕਲਾ ਸਿਖਣ ਦੀ ਲੋੜ ਪੈਂਦੀ ਹੈ। ਚਿੱਤਰਕਾਰੀ ਦੀ ਸਾਹਿਤ ਦੇ ਮੁਕਾਬਲੇ, ਸੰਗੀਤ ਨਾਲ ਨੇੜਤਾ ਵਧੇਰੇ ਹੈ। ਰੰਗਾਂ ਵਿਚ ਵੀ ਸੁਰ ਅਤੇ ਲੈਅ ਹੁੰਦੀ ਹੈ।

ਅਕਸਰ ਚਿੱਤਰਕਾਰ ਚਿੱਤਰਾਂ ਦੀ ਲੜੀ ਚਿੱਤਰਦੇ ਹਨ। ਹਰ ਚਿੱਤਰ ਨਵੇਂ ਚਿੱਤਰ ਲਈ ਪ੍ਰੇਰਨਾ ਬਣ ਜਾਂਦਾ ਹੈ। ਵੱਖ-ਵੱਖ ਵਿਸ਼ਿਆਂ ਨੂੰ ਚਿੱਤਰਨ ਕਾਰਨ ਹਰ ਚਿੱਤਰਕਾਰ ਦੀ ਚਿੱਤਰਕਲਾ ਦੀ ਵੰਨਗੀ ਦਾ ਪਤਾ ਲੱਗਦਾ ਹੈ। ਇਕ ਚਿੱਤਰਕਾਰ ਗੂੜ੍ਹੇ ਰੰਗਾਂ ਵਾਲੇ ਕੇਵਲ ਘੋੜੇ ਚਿਤਰਦਾ ਸੀ, ਇਕ ਚਿੱਤਰਕਾਰ ਕੂਲੇ ਰੰਗਾਂ ਵਾਲੇ ਕੇਵਲ ਇਸਤਰੀ-ਚਿਹਰੇ ਚਿਤਰਦਾ ਸੀ।

ਕੂਲੇ ਅਤੇ ਪੱਧਰੇ ਰੰਗ ਸਥਿਰਤਾ ਅਤੇ ਟਿਕਾਓ ਦਾ ਪ੍ਰਭਾਵ ਸਿਰਜਦੇ ਹਨ, ਜਦੋਂ ਕਿ ਹਰਕਤ ਜਾਂ ਰਫ਼ਤਾਰ ਵਿਖਾਉਣ ਲਈ ਵੱਖਰੇ ਰੰਗ ਵਰਤੇ ਜਾਂਦੇ ਹਨ।

ਚਿੱਤਰਕਾਰ, ਚਿੱਤਰ ਵਿਚ ਫੁੱਲ ਨਹੀਂ ਉਗਾਉਂਦਾ, ਉਹ ਰੰਗ ਲਾਉਂਦਾ ਹੈ।

ਹਵਾ ਵਿਚ ਝੂਮਦਾ ਅਤੇ ਹਨੇਰੀ ਨਾਲ ਜੂਝਦਾ ਦਰਖ਼ਤ ਵੀ ਰੰਗਾਂ ਨਾਲ ਉਸਾਰਿਆ ਜਾਂਦਾ ਹੈ। ਚਿੱਤਰਕਾਰ ਸੋਚਦਾ ਹੀ ਰੰਗਾਂ ਨਾਲ ਹੈ।

ਰੰਗ ਚਿੱਤਰਕਾਰ ਦਾ ਪਰਿਵਾਰ ਹੁੰਦੇ ਹਨ। ਇਕ ਵਾਰੀ ਚਿੱਤਰਕਾਰ ਦੀ ਪ੍ਰੇਮਿਕਾ ਨੇ ਉਸ ਨੂੰ ਅਵਾਜ਼ ਮਾਰੀ ਅਤੇ ਉਹ ਸੱਭੇ ਰੰਗ ਛੱਡ ਕੇ ਪਹੁੰਚਿਆ। ਇਕ ਚਿੱਤਰਕਾਰ ਬਿਮਾਰ ਪੈ ਗਿਆ। ਡਾਕਟਰ ਨੇ ਕਿਹਾ: ਇਸ ਨੂੰ ਰੰਗ ਸੁੰਘਾਓ।

ਚਿੱਤਰ ਵਿਚਲੀ ਰੌਸ਼ਨੀ ਰੰਗਾਂ ਨੂੰ ਚਰਿੱਤਰ ਪ੍ਰਦਾਨ ਕਰਦੀ ਹੈ।

ਜਦੋਂ ਤੱਕ ਚਿੱਤਰ, ਚਿੱਤਰਕਾਰ ਸਾਹਮਣੇ ਰਹਿੰਦਾ ਹੈ, ਉਹ ਉਸ ਵਿਚ ਨਿਰੰਤਰ ਤਬਦੀਲੀਆਂ ਕਰਦਾ ਰਹਿੰਦਾ ਹੈ।

ਟੀਸ਼ਅਨ ਨੇ ਇਕ ਚਿੱਤਰ ਸੱਤ ਸਾਲ ਵਿਚ ਪੂਰਾ ਕੀਤਾ। ਲਿਓਨਾਰਦੋ, ਮੋਨਾਲੀਜ਼ਾ ਦੇ ਚਿੱਤਰ ਵਿਚ ਪੰਦਰ੍ਹਾਂ ਸਾਲ ਤਬਦੀਲੀਆਂ ਕਰਦਾ ਰਿਹਾ। ਇਹ ਚਿੱਤਰ, ਚਿੱਤਰਨ ਤੋਂ ਪਹਿਲਾਂ ਉਸ ਨੇ ਸਰੀਰਕ-ਵਿਗਿਆਨ ਦਾ ਗਿਆਨ ਪ੍ਰਾਪਤ ਕਰਨ ਲਈ, ਤੀਹ ਮੁਰਦਾ ਸਰੀਰਾਂ ਦੀ ਚੀਰ-ਫਾੜ ਕੀਤੀ ਸੀ।

ਪ੍ਰਸਿੱਧ ਚਿੱਤਰਕਾਰ ਸੋਭਾ ਸਿੰਘ ਨੂੰ ਇਕ ਗੁਰੂ ਸਾਹਿਬ ਦਾ ਚਿੱਤਰ ਪੂਰਾ ਕਰਨ ਵਿਚ ਸੱਤ-ਅੱਠ ਸਾਲ ਲੱਗੇ ਸਨ।

ਹਰੇਕ ਚਿੱਤਰਕਾਰ ਨੂੰ ਆਪਣੀ ਨਿਵੇਕਲੀ ਸ਼ੈਲੀ ਉਸਾਰਨ ਵਿਚ ਦਹਾਕੇ ਲੱਗ ਜਾਂਦੇ ਹਨ। ਸੋਭਾ ਸਿੰਘ ਦੇ ਸਿੱਖ ਗੁਰੂਆਂ ਦੇ ਚਿੱਤਰ ਅਤੇ ਰਾਜਾ ਰਵੀ ਵਰਮਾ ਦੇ ਹਿੰਦੂ ਦੇਵੀ-ਦੇਵਤਿਆਂ ਦੇ ਚਿੱਤਰ, ਉਨ੍ਹਾਂ ਦੀ ਪਛਾਣ ਬਣੇ ਹਨ।

ਅੰਮ੍ਰਿਤਾ ਸ਼ੇਰਗਿਲ ਸਾਡੀ ਅੰਤਰ-ਰਾਸ਼ਟਰੀ ਪ੍ਰਸਿੱਧੀ ਵਾਲੀ ਚਿੱਤਰਕਾਰਾ ਹੈ।

ਰੇਡੀਓ, ਸਿਨੇਮੇ ਅਤੇ ਟੈਲੀਵਿਜ਼ਨ ਨੇ ਗੀਤ, ਸੰਗੀਤ ਅਤੇ ਨ੍ਰਿਤ ਨੂੰ ਆਮ ਵਿਅਕਤੀ ਦੀ ਪਹੁੰਚ ਵਿਚ ਲੈ ਆਂਦਾ ਹੈ, ਜਦੋਂ ਕਿ ਚਿੱਤਰਕਾਰੀ ਅਤੇ ਮੂਰਤੀਕਲਾ ਸਮਾਜ ਦੇ ਅਮੀਰ ਅਤੇ ਉੱਚ ਵਰਗ ਦੇ ਲੋਕਾਂ ਤੱਕ ਸੀਮਤ ਹਨ।

ਚਿੱਤਰਕਾਰੀ ਬੜੀ ਮਹਿੰਗੀ ਕਲਾ ਹੈ। ਇਸ ਖੇਤਰ ਵਿਚ ਕੁਝ ਨਿਵੇਕਲਾ ਕਰ ਵਿਖਾਉਣ ਵਿਚ ਲਗਭਗ ਚਾਲ੍ਹੀ ਸਾਲ ਲੱਗ ਜਾਂਦੇ ਹਨ।

ਕਲਾਕਾਰ ਉਹ ਕੁਝ ਪੇਸ਼ ਕਰਦਾ ਹੈ ਜੋ ਪੇਸ਼ ਕਰਨ ਦਾ ਉਸ ਦਾ ਦਿਲ ਕਰਦਾ ਹੈ।

ਕਲਾ ਕੋਈ ਹੋਵੇ, ਸੁਤੰਤਰ ਹੋਣਾ ਕਲਾਕਾਰ ਦੀ ਪਹਿਲੀ ਅਤੇ ਲਾਜ਼ਮੀ ਸ਼ਰਤ ਹੁੰਦੀ ਹੈ। ਸਵੈਮਾਣ ਕਲਾਕਾਰ ਦਾ ਮੀਰੀ ਲੱਛਣ ਹੁੰਦਾ ਹੈ।

ਇਕ ਇਸਤਰੀ ਨੇ ਇਕ ਪ੍ਰਸਿੱਧ ਚਿੱਤਰਕਾਰ ਨੂੰ ਵੱਡੀ ਅਦਾਇਗੀ ਦਾ ਵਾਅਦਾ ਕਰਕੇ, ਆਪਣੇ ਗੁਜ਼ਰ ਗਏ ਪਤੀ ਦਾ ਚਿੱਤਰ ਬਣਾਉਣ ਲਈ ਕਿਹਾ। ਚਿੱਤਰਕਾਰ ਨੇ ਲਗਾਤਾਰ ਕਾਰਜ ਕਰਕੇ ਇਕ ਮਹੀਨੇ ਵਿਚ ਜਦੋਂ ਚਿੱਤਰ ਬਣਾ ਦਿੱਤਾ ਤਾਂ ਉਸ ਇਸਤਰੀ ਨੇ ਵਾਅਦੇ ਵਾਲੀ ਰਾਸ਼ੀ ਅਦਾ ਕਰਨ ਵਿਚ ਇਹ ਕਹਿ ਕੇ ਝਿਜਕ ਵਿਖਾਈ ਕਿ ਚਿੱਤਰਕਾਰ ਨੇ ਕੇਵਲ ਇਕ ਮਹੀਨਾ ਕੰਮ ਕੀਤਾ ਸੀ। ਚਿੱਤਰਕਾਰ ਨੇ ਸਵੈਮਾਣ ਨਾਲ ਕਿਹਾ: ਇਸ ਇਕ ਮਹੀਨੇ ਪਿੱਛੇ ਪੰਜਾਹ ਸਾਲ ਦੀ ਤਿਆਰੀ ਸੀ ਅਤੇ ਇਹ ਕਹਿੰਦਿਆਂ ਚਿੱਤਰਕਾਰ ਨੇ ਉਸ ਇਸਤਰੀ ਦੇ ਪਤੀ ਦੇ ਬਣਾਏ ਚਿੱਤਰ ਉੱਤੇ ਕਾਲਾ ਰੰਗ ਫੇਰ ਦਿੱਤਾ ਅਤੇ ਕਿਹਾ: ਇਹ ਮੇਰੇ ਵਲੋਂ ਮੁਫ਼ਤ ਭੇਟਾ ਹੈ।

ਕਲਾਕਾਰ ਅਕਸਰ ਇਕੱਲੇ ਅਤੇ ਇਕਾਂਤਵਾਸੀ ਹੁੰਦੇ ਹਨ।

ਉਨ੍ਹਾਂ ਦੇ ਵੱਖਰੇ, ਅਨੋਖੇ ਅਤੇ ਨਿਆਰੇ ਹੋਣ ਬਾਰੇ ਅਨੇਕਾਂ ਦਿਲਚਸਪ ਕਹਾਣੀਆਂ ਪ੍ਰਚਲਤ ਹੋ ਜਾਂਦੀਆਂ ਹਨ। ਇਕ ਚਿੱਤਰਕਾਰ ਆਪਣੇ ਚਿੱਤਰਾਂ 'ਤੇ ਦਸਤਖ਼ਤ ਨਹੀਂ ਸੀ ਕਰਦਾ ਕਿਉਂਕਿ ਉਸ ਦਾ ਤਰਕ ਸੀ ਕਿ ਰੱਬ ਨੇ ਕਿਤਨੇ ਸੂਰਜ, ਚੰਨ, ਧਰਤੀਆਂ, ਜੰਗਲ, ਦਰਿਆ ਸਿਰਜੇ ਹਨ ਪਰ ਕਿਧਰੇ ਦਸਤਖ਼ਤ ਨਹੀਂ ਕੀਤੇ, ਚਿੱਤਰਕਾਰ ਦਾ ਬਣਾਇਆ ਚਿੱਤਰ ਹੀ ਉਸ ਦੇ ਦਸਤਖ਼ਤ ਹਨ।

ਸਲਵਾਡੋਰ ਡਾਲੀ ਹਰ ਰੋਜ਼, ਆਪਣੀ ਮਰ ਰਹੀ ਪਤਨੀ ਦਾ ਨਵਾਂ ਚਿੱਤਰ ਬਣਾਉਂਦਾ ਸੀ। ਇਨ੍ਹਾਂ ਚਿੱਤਰਾਂ ਕਾਰਨ ਉਹ ਵਿਸ਼ਵ ਵਿਚ ਪ੍ਰਸਿੱਧ ਹੋਇਆ।

ਇਕ ਮਛੇਰਨ ਨੇ ਸਮੁੰਦਰ ਕੰਢੇ ਬੈਠੇ ਵਿਸ਼ਵ-ਪ੍ਰਸਿੱਧੀ ਵਾਲੇ ਚਿੱਤਰਕਾਰ ਵੈਨਗਾਗ ਨੂੰ ਸੂਰਜ ਦਾ ਚਿੱਤਰ ਬਣਾਉਂਦਿਆਂ ਵੇਖ ਕੇ ਕਿਹਾ: ਭਾਈ ਇਥੇ ਹੀ ਬੈਠਾ ਰਹੀਂ, ਮੈਂ ਆਪਣੇ ਮਰਦ ਨੂੰ ਬੁਲਾ ਲਿਆਵਾਂ, ਉਹ ਵੀ ਤੇਰਾ ਇਹ ਸੂਰਜ ਵੇਖ ਲਵੇ, ਜਿਹੋ ਜਿਹਾ ਅਸੀਂ ਪਹਿਲਾਂ ਕਦੇ ਨਹੀਂ ਵੇਖਿਆ।

ਇਕ ਚਿੱਤਰਕਾਰਾ ਫੁੱਲਾਂ ਦੇ ਆਪਣੇ ਇਕ ਚਿੱਤਰ ਨੂੰ ਵੇਚਣਾ ਨਹੀਂ ਚਾਹੁੰਦੀ ਸੀ। ਜਦੋਂ ਕੋਈ ਉਸ ਨਾਲ ਉਹ ਚਿੱਤਰ ਖਰੀਦਣ ਦੀ ਗੱਲ ਕਰਦਾ ਸੀ ਤਾਂ ਉਹ ਇਤਨਾ ਮੁੱਲ ਮੰਗ ਲੈਂਦੀ ਸੀ ਕਿ ਕੋਈ ਖਰੀਦਣ ਲਈ ਤਿਆਰ ਨਹੀਂ ਸੀ ਹੁੰਦਾ। ਇਕ ਵਾਰੀ ਉਸ ਨੇ ਵੀਹ ਲੱਖ ਡਾਲਰ ਕੀਮਤ ਮੰਗੀ, ਜਿਹੜੀ ਪੁੱਛਣ ਵਾਲਾ ਅਦਾ ਕਰਕੇ, ਚਿੱਤਰ ਲੈ ਗਿਆ। ਇਸ ਸਫਲਤਾ ਨਾਲ ਉਸ ਦਾ ਰੰਗ ਪੀਲਾ ਪੈ ਗਿਆ ਅਤੇ ਉਹ ਇਤਨੀ ਉੱਖੜ ਗਈ ਕਿ ਮਗਰੋਂ ਉਸ ਤੋਂ ਕੋਈ ਚਿੱਤਰ ਬਣਿਆ ਹੀ ਨਾ।

ਇਕ ਚਿੱਤਰਕਾਰ ਦਾ ਇਕ ਵਿਸ਼ੇਸ਼ ਚਿੱਤਰ ਜਦੋਂ ਕੋਈ ਖਰੀਦਣਾ ਚਾਹੁੰਦਾ ਸੀ ਤਾਂ ਉਹ ਪੁੱਛਦਾ ਸੀ: ਕਿਉਂ ਖਰੀਦਣਾ ਚਾਹੁੰਦੇ ਹੋ ? ਉਹ ਚਿੱਤਰਕਾਰ ਕਿਹਾ ਕਰਦਾ ਸੀ: ਜੇ ਮੈਨੂੰ ਤੁਹਾਡਾ ਉੱਤਰ ਜਚਿਆ ਤਾਂ ਹੀ ਵੇਚਾਂਗਾ।

ਲਿਓਨਾਰਦੋ ਨੇ ਮੋਨਾਲੀਜ਼ਾ ਦਾ ਚਿੱਤਰ ਇਹ ਕਹਿ ਕੇ ਕਦੇ ਨਾ ਵੇਚਿਆ ਕਿ ਇਹ ਅਜੇ ਅਧੂਰਾ ਹੈ। ਇਹ ਅਜੋਕੇ ਸੰਸਾਰ ਦਾ ਸਭ ਤੋਂ ਕੀਮਤੀ ਚਿੱਤਰ ਹੈ।

ਇਕ ਵਿਅਕਤੀ ਇਕ ਲੜਕੀ ਦਾ ਚਿੱਤਰ ਵੇਖਿਆ ਕਰਦਾ ਸੀ, ਜਿਸ ਦੀ ਮਾਂ ਮਰ ਗਈ ਸੀ, ਜਿਸ ਕਾਰਨ ਲੜਕੀ ਦੀ ਅੱਖ ਵਿਚ ਇਕ ਹੰਝੂ ਸੀ। ਇਹ ਹੰਝੂ ਉਹ ਵੇਖਦਾ ਰਹਿੰਦਾ ਸੀ ਅਤੇ ਸੋਚਦਾ ਰਹਿੰਦਾ ਸੀ ਕਿ ਇਹ ਬੇਵਸੀ ਦਾ ਹੰਝੂ ਸੀ ਜਾਂ ਦਰਦ ਦਾ ਹੰਝੂ ਸੀ, ਇਹ ਨਿਆਸਰੇਪਣ ਦਾ ਹੰਝੂ ਸੀ ਜਾਂ ਵਿਛੋੜੇ ਦੇ ਦੁੱਖ ਦਾ ਹੰਝੂ ਸੀ, ਇਹ ਸੰਕਟ ਦਾ ਸੰਕੇਤ ਸੀ ਜਾਂ ਪਏ ਘਾਟੇ 'ਤੇ ਵਿਰਲਾਪ ਸੀ ਜਾਂ ਇਹ ਆਉਣ ਵਾਲੀਆਂ ਮੁਸ਼ਕਿਲਾਂ ਅਤੇ ਮੁਸੀਬਤਾਂ ਦਾ ਹੰਝੂ ਸੀ।

ਇਸ ਹੰਝੂ ਨੇ ਉਸ ਵਿਅਕਤੀ ਨੂੰ ਸੋਭਾ ਸਿੰਘ ਚਿੱਤਰਕਾਰ ਬਣਾ ਦਿੱਤਾ ਸੀ।

ਪਿਕਾਸੋ ਦੀ ਮਾਂ ਉਸ ਨੂੰ ਪ੍ਰੇਰਨ ਲਈ ਅਕਸਰ ਕਿਹਾ ਕਰਦੀ ਸੀ: ਜੇ ਤੂੰ ਪਾਦਰੀ ਬਣਿਆ ਤਾਂ ਪੋਪ ਬਣ ਜਾਵੇਂਗਾ, ਜੇ ਫੌਜ ਵਿਚ ਗਿਆ ਤਾਂ ਜਰਨੈਲ ਹੋ ਜਾਵੇਂਗਾ ਪਰ ਉਹ ਵਿਸ਼ਵ-ਪੱਧਰ ਦਾ ਚਿੱਤਰਕਾਰ ਬਣਿਆ ਅਤੇ ਪਿਕਾਸੋ ਹੋ ਨਿਬੜਿਆ ਅਤੇ ਚਿੱਤਰਕਾਰੀ ਜਗਤ ਵਿਚ ਸਭ ਪਾਸੇ ਪਿਕਾਸੋ-ਪਿਕਾਸੋ ਹੋ ਗਈ।

ਪਿਕਾਸੋ ਦੀ ਵਿਸ਼ੇਸ਼ਤਾ ਇਹ ਸੀ ਕਿ ਉਹ ਟੁੱਟ-ਭੱਜ ਨੂੰ ਪੇਸ਼ ਕਰਦਾ ਸੀ।

ਵਿਸ਼ਵ-ਪ੍ਰਸਿੱਧ ਚਿੱਤਰਕਾਰ ਟਰਨਰ ਨੇ ਸਮੁੰਦਰੀ ਤੂਫ਼ਾਨ ਦਾ ਇਕ ਚਿੱਤਰ ਬਣਾਇਆ ਸੀ। ਇਸ ਉਦੇਸ਼ ਲਈ ਉਹ ਸਮੁੰਦਰੀ ਤੂਫ਼ਾਨਾਂ ਵਾਲੇ ਦੇਸ਼ ਹਾਲੈਂਡ ਗਿਆ ਅਤੇ ਉੱਥੇ ਉਹ ਮਲਾਹਾਂ ਵਿਚ ਰਿਹਾ। ਉਹ ਤੂਫ਼ਾਨ ਨੂੰ, ਤੂਫ਼ਾਨ ਵਿਚ ਘਿਰ ਕੇ ਵੇਖਣਾ ਚਾਹੁੰਦਾ ਸੀ। ਉਸ ਨੇ ਇਕ ਮਲਾਹ ਨੂੰ ਕਿਹਾ ਕਿ ਉਹ ਉਸ ਨੂੰ ਆਪਣੀ ਤਿੰਨ-ਮੰਜ਼ਲੀ ਵੱਡੀ ਬੇੜੀ ਦੇ ਸਿਖਰਲੇ ਥੰਮਲ੍ਹੇ ਨਾਲ ਬੰਨ੍ਹ ਦੇਵੇ।

ਸਮੁੰਦਰ ਵਿਚ ਤੂਫ਼ਾਨ ਬਣ ਰਿਹਾ ਸੀ, ਜ਼ੋਰ ਫੜ ਰਿਹਾ ਸੀ।

ਜਦੋਂ ਤੂਫ਼ਾਨ ਪੂਰੀ ਤਾਕਤ ਨਾਲ ਝੁੱਲਿਆ ਤਾਂ ਉਸ ਨੇ ਟਰਨਰ ਦੇ ਪਾਸੇ ਭੰਨ ਦਿੱਤੇ, ਉਹ ਬਾਰ-ਬਾਰ ਥੰਮਲ੍ਹੇ ਨਾਲ ਟਕਰਾਇਆ।

ਉਸ ਨੂੰ ਤੂਫ਼ਾਨ, ਤਲਵਾਰ ਵਾਂਗ ਕੱਟ ਰਿਹਾ ਸੀ, ਕੋੜੇ ਮਾਰ ਰਿਹਾ ਸੀ, ਹਾਥੀ ਵਾਂਗ ਬਾਰ ਬਾਰ ਪਟਕ ਰਿਹਾ ਸੀ। ਤੂਫ਼ਾਨ ਟਰਨਰ ਦੇ ਅੰਦਰ ਪਹੁੰਚ ਗਿਆ ਸੀ।

ਟਰਨਰ ਨੇ ਨਾ ਕੇਵਲ ਤੂਫ਼ਾਨ ਦੀ ਤੂਫ਼ਾਨੀਅਤ ਨੂੰ ਵੇਖਿਆ, ਸਗੋਂ ਉਸ ਦੀ ਅਣਕਿਆਸੀ ਮਾਰ ਵੀ ਖਾਧੀ।

ਵਾਪਸ ਆ ਕੇ ਉਸਨੇ ਜੋ ਵੇਖਿਆ, ਹੰਢਾਇਆ, ਝੱਲਿਆ, ਮਹਿਸੂਸਿਆ, ਉਹ ਚਿੱਤਰ ਦਿੱਤਾ ਅਤੇ ਇਹ ਵਿਸ਼ਵ-ਪੱਧਰ ਦਾ ਚਿੱਤਰ ਬਣਿਆ।

ਚਿੱਤਰਕਾਰੀ ਦੀ ਇਕ ਕਲਾਸ ਵਿਚ ਛੋਟੇ ਬੱਚਿਆਂ ਨੂੰ ਰੱਬ ਦਾ ਚਿੱਤਰ ਬਣਾਉਣ ਲਈ ਕਿਹਾ ਗਿਆ। ਬੱਚਿਆਂ ਨੇ ਭਾਂਤ-ਭਾਂਤ ਦੇ ਆਕਾਰਾਂ, ਸ਼ਕਲਾਂ, ਰੂਪਾਂ ਵਾਲੇ ਚਿੱਤਰ ਬਣਾਏ। ਜਿਸ ਨੂੰ ਇਨਾਮ ਮਿਲਿਆ, ਉਸ ਲੜਕੀ ਨੇ ਇਕ ਜੰਗਲ ਦਾ, ਦਰੱਖ਼ਤਾਂ, ਫੁੱਲਾਂ, ਬੂਟਿਆਂ ਦਾ ਚਿੱਤਰ ਬਣਾ ਕੇ ਥੱਲੇ ਲਿਖਿਆ: ਰੱਬ ਇੱਥੇ ਰਹਿੰਦਾ ਹੈ।

ਇਕ ਰਾਜਾ ਸੀ ਪਰ ਕਾਣਾ ਅਤੇ ਲੰਗੜਾ ਸੀ। ਉਸ ਨੂੰ ਆਪਣਾ ਕੋਈ ਚਿੱਤਰ ਪਸੰਦ ਨਹੀਂ ਸੀ ਆਉਂਦਾ। ਉਸ ਨੇ ਐਲਾਨ ਕੀਤਾ ਕਿ ਜਿਹੜਾ ਉਸ ਦਾ, ਉਸ ਨੂੰ ਪਸੰਦ ਆਉਣ ਵਾਲਾ ਚਿੱਤਰ ਬਣਾਵੇਗਾ, ਉਸ ਨੂੰ ਮੂੰਹ-ਮੰਗਿਆ ਇਨਾਮ ਮਿਲੇਗਾ। ਵੱਡੇ-ਵੱਡੇ ਚਿੱਤਰਕਾਰ ਆਏ ਪਰ ਕੋਈ ਵੀ ਉਸ ਦੇ ਕਾਣੇਪਣ ਅਤੇ ਲੰਗੜੇਪਣ ਨੂੰ ਲੁਕਾ ਨਾ ਸਕਿਆ। ਚਿੱਤਰਕਾਰੀ ਦੇ ਇਕ ਅਧਿਆਪਕ ਨੇ ਚਿੱਤਰ ਬਣਾਇਆ, ਜਿਸ ਵਿਚ ਰਾਜੇ ਨੂੰ ਬੰਦੂਕ ਨਾਲ, ਸ਼ੇਰ ਨੂੰ ਨਿਸ਼ਾਨਾ ਬਣਾਉਂਦਿਆਂ ਵਿਖਾਇਆ ਅਤੇ ਉਸ ਦੀ ਨੁਕਸਦਾਰ ਅੱਖ ਨਿਸ਼ਾਨਾ ਲਾਉਣ ਕਾਰਨ ਬੰਦ ਸੀ ਅਤੇ ਉਸ ਦੇ ਇੱਕ ਲੱਤ ਤੋਂ ਝੁਕੇ ਹੋਣ ਕਾਰਨ, ਉਸ ਦਾ ਲੰਗੜਾਪਣ ਗਾਇਬ ਸੀ। ਰਾਜੇ ਨੂੰ ਚਿੱਤਰ ਪਸੰਦ ਆ ਗਿਆ। ਅਧਿਆਪਕ ਤੋਂ ਪੁੱਛਿਆ ਗਿਆ ਕਿ ਕੀ ਇਨਾਮ ਦਿੱਤਾ ਜਾਵੇ ਤਾਂ ਆਪਣੇ ਲਈ ਕੁਝ ਮੰਗਣ ਦੀ ਬਜਾਇ, ਅਧਿਆਪਕ ਨੇ ਕਿਹਾ: ਮੇਰੇ ਸਕੂਲ ਨੂੰ ਚਿੱਤਰਕਾਰੀ ਲਈ ਸਾਰੀਆਂ ਸਹੂਲਤਾਂ ਦਿੱਤੀਆਂ ਜਾਣ।

ਇਕ ਵਾਰੀ ਵਿਸ਼ਵ-ਪ੍ਰਸਿੱਧ ਚਿੱਤਰਕਾਰ ਪਿਕਾਸੋ ਨੇ ਆਪਣੀ ਜਾਣੂ ਇਕ ਇਸਤਰੀ ਨੂੰ, ਉਸ ਦਾ ਚਿਹਰਾ ਚਿੱਤਰ ਕੇ ਤੋਹਫ਼ੇ ਵਜੋਂ ਦੇਣ ਦਾ ਵਾਅਦਾ ਕੀਤਾ ਸੀ। ਉਸ ਨੂੰ ਸਾਹਮਣੇ ਬੈਠਾ ਕੇ, ਪਿਕਾਸੋ ਨੇ ਅੱਸੀ ਵਾਰ ਉਸ ਦਾ ਚਿਹਰਾ ਚਿੱਤਰਨ ਦਾ ਯਤਨ ਕੀਤਾ ਪਰ ਹਰ ਵਾਰੀ ਉਹ ਆਪਣੇ ਬਣਾਏ ਚਿੱਤਰ ਨੂੰ ਮੇਟਦਾ ਰਿਹਾ। ਇਕ ਵਾਰੀ ਸਪੇਨ ਦੇ ਇਕ ਹੋਟਲ ਵਿਚ, ਉਸ ਨੇ ਅਚਾਨਕ ਦੋ ਘੰਟਿਆਂ ਵਿਚ ਹੀ ਆਪਣੀ ਕਲਪਨਾ ਨਾਲ, ਉਸ ਜਾਣੂ ਇਸਤਰੀ ਦਾ ਚਿਹਰਾ ਚਿੱਤਰ ਦਿੱਤਾ।

ਜਦੋਂ ਉਸ ਇਸਤਰੀ ਦੇ ਜਾਣੂਆਂ ਨੇ ਵੇਖਿਆ ਤਾਂ ਕਿਹਾ: ਇਸ ਚਿੱਤਰ ਵਾਲਾ ਚਿਹਰਾ ਇਸਤਰੀ ਦੇ ਚਿਹਰੇ ਨਾਲ ਮੇਲ ਨਹੀਂ ਖਾਂਦਾ। ਸੁਣ ਕੇ ਪਿਕਾਸੋ ਨੇ ਕਿਹਾ: ਦੋ ਤਿੰਨ-ਸਾਲਾਂ ਵਿਚ ਮੇਲ ਖਾਣ ਲੱਗ ਪਏਗਾ।

ਪਿਕਾਸੋ ਦੇ ਬਣਾਏ ਆਪਣੇ ਚਿਹਰੇ ਨੂੰ ਵੇਖ-ਵੇਖ ਕੇ, ਉਸ ਇਸਤਰੀ ਦਾ ਚਿਹਰਾ, ਚਿੱਤਰ ਵਿਚਲੇ ਚਿਹਰੇ ਅਨੁਸਾਰ ਬਦਲ ਗਿਆ ਸੀ ਅਤੇ ਚਿੱਤਰ, ਚਿਹਰੇ ਅਨੁਸਾਰ ਨਹੀਂ; ਚਿਹਰਾ, ਚਿੱਤਰ ਅਨੁਸਾਰ ਦਿੱਸਣ ਲੱਗ ਪਿਆ ਸੀ।

ਜਿਨ੍ਹਾਂ ਨੂੰ ਚਿੱਤਰਕਾਰੀ ਦੀ ਸਮਝ ਨਹੀਂ ਹੁੰਦੀ, ਉਹ ਬੜੀਆਂ ਹਾਸੋਹੀਣੀਆਂ ਗੱਲਾਂ ਕਰਦੇ ਹਨ। ਜਿਨ੍ਹਾਂ ਵਿਚ ਸੋਹਜ ਨਹੀਂ, ਕਲਾ ਉਨ੍ਹਾਂ ਦਾ ਖੇਤਰ ਨਹੀਂ ਹੁੰਦੀ।

ਇਕ ਚਿੱਤਰਕਾਰ ਨੇ ਆਪਣੇ ਡਾਕਟਰ ਮਹਿਮਾਨ ਨੂੰ, ਇਕ ਮਰ ਰਹੇ ਵਿਅਕਤੀ ਦਾ ਆਪਣਾ ਚਿੱਤਰ ਵਿਖਾਇਆ ਤਾਂ ਡਾਕਟਰ ਨੇ ਵੇਖ ਕੇ ਕਿਹਾ: ਮਲੇਰੀਆ।

ਖਾਲਸੇ ਦੀ ਤੀਜੀ ਸ਼ਤਾਬਦੀ ਦੇ ਅਵਸਰ 'ਤੇ ਪੰਜਾਬੀ ਸਭਿਆਚਾਰ ਅਤੇ ਸਿੱਖ ਇਤਿਹਾਸ ਤੋਂ ਅਣਜਾਣ ਇਕ ਵਿਦੇਸ਼ੀ ਚਿੱਤਰਕਾਰ ਨੂੰ ਸਿੱਖ ਯੋਧਿਆਂ ਦਾ ਚਿੱਤਰ ਬਣਾਉਣ ਲਈ ਦਿੱਤਾ ਗਿਆ ਪਰ ਉਸਨੇ ਯੋਧਿਆਂ ਦੇ ਸੱਜੇ ਹੱਥਾਂ ਵਿਚ ਢਾਲਾਂ ਅਤੇ ਖੱਬੇ ਹੱਥਾਂ ਵਿਚ ਤਲਵਾਰਾਂ ਫੜਾਈਆਂ ਹੋਈਆਂ ਸਨ। ਉਂਜ ਚਿੱਤਰਾਂ ਤੋਂ ਪਰਦਾ ਹਟਾਇਆ ਜਾਂਦਾ ਹੈ, ਇਸ ਚਿੱਤਰ 'ਤੇ ਪਰਦਾ ਚੜ੍ਹਾਇਆ ਗਿਆ ਸੀ।

ਕਿਸੇ ਨੇ ਆਪਣੇ ਚਿੱਤਰ ਦੇ ਕੋਲ ਖਲੋਤੇ ਇਕ ਪ੍ਰਸਿੱਧ ਚਿੱਤਰਕਾਰ ਨੂੰ ਪੁੱਛਿਆ, ਉਸ ਦੇ ਚਿੱਤਰ ਦੇ ਕੀ ਅਰਥ ਹਨ? ਉਸ ਨੇ ਕਿਹਾ: ਇਹ ਪ੍ਰਸ਼ਨ ਹੀ ਗਲਤ ਹੈ, ਚਿੱਤਰ ਅਰਥ ਨਹੀਂ ਪ੍ਰਗਟਾਉਂਦੇ, ਭਾਵ ਪ੍ਰਗਟਾਉਂਦੇ ਹਨ।

ਇਕ ਘਰ ਵਿਚ ਇਕ ਚਿੱਤਰ ਟੰਗਿਆ ਹੀ ਉਲਟਾ ਹੋਇਆ ਸੀ।

ਚਿੱਤਰ ਬਣਦਾ ਬੜਾ ਮੁਸ਼ਕਿਲ ਹੈ ਪਰ ਲੱਗਦਾ ਹੈ ਸਹਿਜੇ ਹੀ ਬਣ ਗਿਆ ਹੋਵੇਗਾ। ਮਾਈਕਲਐਂਜਲੋ ਵੈਟੀਕਨ ਵਿਚ ਪੋਪ ਵਲੋਂ ਉਸਾਰੇ ਜਾ ਰਹੇ ਚਰਚ ਦੀ ਛੱਤ ਚਿੱਤਰਦਿਆਂ, ਕੁੱਬਾ ਅਤੇ ਲਗਭਗ ਅੰਨ੍ਹਾ ਹੀ ਹੋ ਗਿਆ ਸੀ।

ਜਦੋਂ ਪੋਪ ਨੇ, ਮਾਈਕਲਐਂਜਲੋ ਨੂੰ ਰੋਮ ਵਿਚ ਸਿਸਟੀਨ ਚੈਪਲ ਦੀ ਛੱਤ ਚਿਤਰਨ ਦਾ ਕਾਰਜ ਦਿਤਾ ਤਾਂ ਮਾਈਕਲਐਂਜਲੋ ਨੇ ਸ਼ਰਤ ਲਾਈ ਸੀ ਕਿ ਜਦੋਂ ਤੱਕ ਕੰਮ ਮੁਕੰਮਲ ਨਹੀਂ ਹੁੰਦਾ, ਪੋਪ ਵੇਖਣ ਨਹੀਂ ਆਵੇਗਾ। ਇਕ ਵਾਰੀ ਪੋਪ ਵੇਖਣ ਲਈ ਆ ਗਿਆ, ਮਾਈਕਲਐਂਜਲੋ ਕੰਮ ਛੱਡ ਕੇ, ਰੋਮ ਵੀ ਛੱਡ ਗਿਆ।

ਆਖਰ ਪੋਪ ਨੇ ਗਲਤੀ ਮੰਨਦਿਆਂ ਕਿਹਾ ਸੀ: ਮਾਈਕਲਐਂਜਲੋ ਨੂੰ ਹੋਰ ਪੋਪ ਮਿਲ ਜਾਵੇਗਾ ਪਰ ਪੋਪ ਨੂੰ ਹੋਰ ਮਾਈਕਲਐਂਜਲੋ ਨਹੀਂ ਮਿਲੇਗਾ।

ਚਿੱਤਰ ਬਣਾਇਆ ਨੇੜੇ ਹੋ ਕੇ ਜਾਂਦਾ ਹੈ ਪਰ ਵੇਖਿਆ ਫਾਸਲੇ ਤੋਂ ਜਾਂਦਾ ਹੈ।

ਕਲਾਕਾਰਾਂ ਦੇ ਸਰੀਰਕ-ਮਾਨਸਿਕ ਤਣਾਓ, ਉਨ੍ਹਾਂ ਨੂੰ ਸੁਖਾਲਾ ਜੀਵਨ ਜਿਊਣ ਨਹੀਂ ਦਿੰਦੇ, ਜਿਸ ਕਾਰਨ ਚਿੱਤਰਕਾਰ ਅਕਸਰ ਚੁੱਪ-ਚੁੱਪ ਹੁੰਦੇ ਹਨ।

ਇਕਾਂਤ ਅਤੇ ਇਕੱਲ ਵਿਚ ਵਿਚਰਨ ਅਤੇ ਖਾਮੋਸ਼ੀ ਦੀ ਚਾਦਰ ਵਿਚ ਲਿਪਟੇ ਕਲਾਕਾਰ ਕੁਝ ਹੋਰ ਹੀ ਬਣ ਜਾਂਦੇ ਹਨ। ਇਹ ਬਹੁਤੇ ਮਿਲਾਪੜੇ ਨਹੀਂ ਹੁੰਦੇ, ਸੋ ਇਨ੍ਹਾਂ ਦੀਆਂ ਪਤਨੀਆਂ ਪਰੇਸ਼ਾਨ ਹੀ ਰਹਿੰਦੀਆਂ ਹਨ। ਹਰ ਚਿੱਤਰਕਾਰ ਦੀ ਪਤਨੀ ਵਿਆਹ ਤੋਂ ਪਹਿਲਾਂ ਸਮਝਦੀ ਹੈ, ਇਹ ਮੇਰੇ ਚਿੱਤਰ ਬਣਾਇਆ ਕਰੇਗਾ।

ਕਿਸੇ ਕਲਾਕਾਰ ਦੀ ਪ੍ਰੇਰਨਾ ਉਸਦੀ ਪਤਨੀ ਨਹੀਂ ਹੁੰਦੀ।

ਕੋਈ ਚਿੱਤਰਕਾਰ ਕਿਵੇਂ ਬਣਦਾ ਹੈ, ਇਸ ਦਾ ਕੋਈ ਫਾਰਮੂਲਾ ਨਹੀਂ ਹੈ।

ਬਹੁਤੇ ਕਲਾਕਾਰ ਬਣੇ ਬਣਾਏ ਸਾਂਚਿਆਂ ਵਿਚ ਢੱਲ ਜਾਂਦੇ ਹਨ। ਜਿਹੜੇ ਅਜ਼ਾਦ ਰਹਿੰਦੇ ਹਨ, ਉਹ ਹੀ ਕਲਾਕਾਰ ਅਖਵਾਉਂਦੇ ਹਨ ਅਤੇ ਉਹ ਆਪਣੀਆਂ ਸ਼ਰਤਾਂ 'ਤੇ ਜਿਊਂਦੇ ਅਤੇ ਆਪਣੀ ਮਰਜ਼ੀ ਨਾਲ ਕਾਰਜ ਕਰਦੇ ਹਨ।

ਭਾਰਤ ਵਿਚ ਚਿੱਤਰਕਲਾ ਦੇ ਵਿਕਸਿਤ ਨਾ ਹੋਣ ਦੇ ਕਾਰਨ ਪ੍ਰਤੱਖ ਹਨ।

ਅਸੀਂ ਸੰਸਾਰ ਤੋਂ ਬਹੁਤ ਪਿੱਛੇ ਹਾਂ, ਅਸੀਂ ਯੋਰਪ ਦੇ ਪਿਛਲੱਗ ਹਾਂ, ਇਸ ਲਈ ਮੌਲਿਕ ਨਹੀਂ ਹਾਂ। ਸਾਡੇ ਕੋਲ ਆਰਟ-ਗੈਲਰੀਆਂ ਨਹੀਂ, ਕਲਾ-ਆਲੋਚਕ ਨਹੀਂ; ਸਾਡੇ ਕੋਲ ਇਸ ਕਲਾ ਦੇ ਵਸੀਲੇ-ਸਾਧਨ ਵੀ ਨਹੀਂ।

ਚਿੱਤਰਕਲਾ ਹਰ ਕਿਸੇ ਲਈ ਨਹੀਂ ਹੁੰਦੀ, ਇਹ ਉਨ੍ਹਾਂ ਲਈ ਹੁੰਦੀ ਹੈ, ਜਿਨ੍ਹਾਂ ਦੀ ਇਸ ਕਲਾ ਵਿਚ ਦਿਲਚਸਪੀ ਹੁੰਦੀ ਹੈ।

ਫੋਟੋਗ੍ਰਾਫੀ ਨੇ ਵੀ ਚਿੱਤਰਕਲਾ ਨੂੰ ਕੁੱਚਲਿਆ ਹੈ।

ਚਿੱਤਰ ਸਾਲਾਂ-ਦਹਾਕਿਆਂ ਵਿਚ ਬਣਦਾ ਹੈ ਅਤੇ ਸਦੀਆਂ ਤੱਕ ਵੇਖਿਆ ਜਾਂਦਾ ਹੈ, ਫੋਟੋ ਸਕਿੰਟਾਂ ਵਿਚ ਖਿੱਚੀ ਜਾਂਦੀ ਹੈ ਅਤੇ ਘੰਟੇ ਵਿਚ ਪੁਰਾਣੀ ਹੋ ਜਾਂਦੀ ਹੈ।

ਪ੍ਰਸਿੱਧ ਚਿੱਤਰਕਾਰਾਂ ਦੇ ਚਿੱਤਰ ਲੱਖਾਂ-ਕਰੋੜਾਂ ਵਿਚ ਕਿਉਂ ਵਿਕਦੇ ਹਨ?

ਕਾਰਨ ਇਹ ਹੈ ਕਿ ਕਲਾਕਾਰ ਦੀ ਪਛਾਣ ਚਾਲ੍ਹੀ-ਪੰਜਾਹ ਸਾਲ ਦੀ ਮਿਹਨਤ ਉਪਰੰਤ ਸਥਾਪਤ ਹੁੰਦੀ ਹੈ ਅਤੇ ਉਸ ਨੇ ਲੰਮਾ ਅਰਸਾ ਤੰਗੀ, ਗਰੀਬੀ, ਗੁਮਨਾਮੀ ਅਤੇ ਪਰੇਸ਼ਾਨੀ ਵਿਚ ਗੁਜ਼ਾਰਿਆ ਹੁੰਦਾ ਹੈ ਕਿਉਂਕਿ ਲੋਕ ਕਲਾਕਾਰਾਂ ਨੂੰ ਵਿਹਲੇ ਅਤੇ ਸਿਰ-ਫਿਰੇ ਹੀ ਸਮਝਦੇ ਹਨ।

ਅਜੋਕੇ ਸਮਿਆਂ ਵਿਚ ਕਿਹਾ ਜਾਂਦਾ ਹੈ ਕਿ ਜਿਸ ਨੇ ਚਿੱਤਰਕਾਰ ਬਣਨਾ ਹੋਵੇ, ਉਸ ਨੂੰ ਰੋਟੀ ਦਾ ਕੋਈ ਹੋਰ ਪ੍ਰਬੰਧ ਕਰ ਲੈਣਾ ਚਾਹੀਦਾ ਹੈ।

ਜਦੋਂ ਪ੍ਰਸਿੱਧ ਕਲਾਕਾਰਾਂ ਦੇ ਚਿੱਤਰ ਵਿਕਦੇ ਹਨ ਤਾਂ ਉਦੋਂ ਦਹਾਕਿਆਂ ਦੀ ਕੀਤੀ ਮਿਹਨਤ ਦੀ ਇਕੱਠੀ ਹੋਈ ਉਜਰਤ ਅਦਾ ਹੋ ਰਹੀ ਹੁੰਦੀ ਹੈ।

ਵੈਨਗਾਗ ਨੇ ਆਪਣੇ ਜੀਵਨ ਵਿਚ ਦੋ ਹਜ਼ਾਰ ਚਿੱਤਰ ਬਣਾਏ ਪਰ ਉਸ ਦੇ ਜਿਉਂਦਿਆਂ ਕੇਵਲ ਇਕ ਚਿੱਤਰ ਵਿਕਿਆ ਅਤੇ ਉਹ ਗਰੀਬੀ ਵਿਚ ਹੀ ਮਰ ਗਿਆ।

ਅੱਜ ਉਸ ਦੇ ਚਿੱਤਰਾਂ ਦੀ ਕੀਮਤ ਕਰੋੜਾਂ-ਅਰਬਾਂ ਵਿਚ ਹੈ।

ਕਲਾਕਾਰ ਤੋਂ ਚਿੱਤਰ ਮਹਿੰਗਾ ਨਹੀਂ ਲਿਆ ਗਿਆ ਹੁੰਦਾ, ਇਸ ਨੂੰ ਮਹਿੰਗਾ ਕਰਨ ਦਾ ਕਾਰਜ ਕਲਾ-ਵਪਾਰੀ ਕਰਦੇ ਹਨ।

ਚਿੱਤਰਕਲਾ ਦਾ ਰਾਹ ਗੁੰਝਲਦਾਰ, ਲੰਮਾ ਅਤੇ ਔਖਾ ਹੈ ਕਿਉਂਕਿ ਇਹ ਕਠੋਰ ਮਨੁੱਖਾਂ ਨੂੰ ਕੋਮਲ ਬਣਾਉਣ ਦੀ ਕਲਾ ਹੈ।

+ + +

ਆਤਮ-ਵਿਸ਼ਵਾਸ ਵਾਲੀ ਮੈਂ

ਮਨੁੱਖ ਦੀ ਸਭ ਤੋਂ ਵੱਡੀ ਕਾਢ ਪਰਮਾਤਮਾ ਨਹੀਂ, ਉਸ ਦੀ ਮੈਂ ਹੈ।

ਇਹ ਮੈਂ ਮਨੁੱਖ ਦੇ ਸਾਰੇ ਯਤਨਾਂ ਦੀ ਪ੍ਰੇਰਨਾ-ਸਰੋਤ ਅਤੇ ਵਿਕਾਸ ਦਾ ਆਧਾਰ ਹੈ। ਮੈਂ ਨਾਲ ਹੀ ਪਰਿਵਾਰ, ਕਬੀਲੇ, ਸਮਾਜ, ਕੌਮਾਂ ਅਤੇ ਦੇਸ਼ ਬਣੇ ਹਨ।

ਸੰਸਾਰ ਵਿਚਲੇ ਸਾਰੇ ਵੱਖਰੇਵੇਂ ਮੈਂ ਕਾਰਨ ਹਨ। ਮੇਰੇ-ਤੇਰੇ ਨਾਲ ਲੈਣ-ਦੇਣ ਅਤੇ ਮੁਕਾਬਲੇ ਦੀ ਬਿਰਤੀ ਉਪਜੀ ਹੈ ਅਤੇ ਮੇਰੇ-ਤੁਹਾਡੇ ਮੋਢੇ, ਬਾਹਵਾਂ, ਹੱਥ ਆਦਿ ਤਾਕਤ ਦੇ ਪ੍ਰਤੀਕ ਬਣੇ ਹਨ। ਮੈਂ ਮੁਕਾਬਲੇ ਦਾ ਆਧਾਰ ਹੁੰਦੀ ਹੈ।

ਮੁਕਾਬਲੇ ਅਤੇ ਵਿਰੋਧ ਵਿਚੋਂ ਆਗੂ ਉਪਜਦੇ ਹਨ।

ਮਹਾਨਤਾ, ਮਹਾਨ ਆਗੂਆਂ ਦੀ ਮੈਂ ਦੀ ਉਡਾਣ ਹੁੰਦੀ ਹੈ।

ਸਮਾਜਿਕ ਆਪੇ ਨੂੰ ਮੈਂ ਕਹਿੰਦੇ ਹਨ। ਜੀਵਨ ਵਿਚ ਸਭ ਤੋਂ ਵੱਧ ਉਚਾਰਿਆ ਜਾਣ ਵਾਲਾ ਸ਼ਬਦ ਮੈਂ ਹੁੰਦਾ ਹੈ। ਜਿਸ ਨੂੰ ਮੈਂ, ਮੈਂ ਕਹਿੰਦਾ ਹਾਂ, ਉਸ ਨੂੰ ਦੂਜੇ ਤੂੰ ਕਹਿੰਦੇ ਹਨ। ਮੈਂ ਹੋਰਾਂ ਨਾਲੋਂ ਵੱਖਰਾ ਹਾਂ, ਹੋਰ, ਹੋਰ ਹਨ, ਮੈਂ, ਮੈਂ ਹਾਂ।

ਗੱਲਬਾਤ ਵਿਚ ਹਰ ਵਾਰੀ ਆਪਣਾ ਨਾਂ ਬੋਲਣਾ ਸੰਭਵ ਨਹੀਂ ਹੁੰਦਾ, ਸੋ ਆਪਣੇ ਨਾਂ ਦੀ ਥਾਂ ਅਸੀਂ ਮੈਂ ਬੋਲਦੇ ਹਾਂ। ਕਿਸੇ ਨੂੰ ਆਪਣੇ ਬਾਰੇ, ਮੈਂ ਬਾਰੇ ਭੁਲੇਖਾ ਨਹੀਂ ਹੁੰਦਾ, ਭੁਲੇਖਾ ਹਮੇਸ਼ਾ ਤੂੰ ਬਾਰੇ, ਦੂਜੇ ਬਾਰੇ ਹੁੰਦਾ ਹੈ।

ਜਦੋਂ ਮੈਨੂੰ ਭੁੱਖ ਲੱਗਦੀ ਹੈ, ਉਹ ਮੇਰੀ ਭੁੱਖ ਹੁੰਦੀ ਹੈ, ਜਦੋਂ ਪੀੜ ਹੁੰਦੀ ਹੈ, ਉਹ ਮੇਰੀ ਪੀੜ ਹੁੰਦੀ ਹੈ। ਮੈਂ ਜੋ ਮਹਿਸੂਸ ਕਰਦਾ ਹਾਂ, ਸੋਚਦਾ ਹਾਂ, ਉਸ ਨੂੰ ਪ੍ਰਗਟਾਉਣ ਲਈ ਮੈਂ ਵਰਤਿਆ ਜਾਂਦਾ ਹੈ। ਮੈਂ ਦੇ ਅਰਥ ਆਪਣੀ ਹੋਂਦ ਪ੍ਰਤੀ ਸੁਚੇਤ ਹੋਣਾ ਹੁੰਦੇ ਹਨ। ਇਸ ਸੋਝੀ ਅਤੇ ਚੇਤਨਾ ਤੋਂ ਬਿਨਾਂ ਜਿਊਣਾ ਸੰਭਵ ਨਹੀਂ ਹੁੰਦਾ।

ਮੈਂ ਕੋਈ ਬੁਝਾਰਤ ਨਹੀਂ, ਇਹ ਪ੍ਰਤੱਖ ਹੈ, ਦਿਸਦੀ ਹੈ, ਮਹੱਤਵਪੂਰਨ ਹੈ।

ਆਪਣੇ ਵਰਗਾ ਮੈਂ ਹੀ ਹਾਂ। ਇਹੀ ਮੇਰਾ ਨਿਆਰਾਪਣ ਹੈ। ਮੇਰੀ ਮੈਂ ਦੇ ਪਿੱਛੇ ਲੰਮਾ ਇਤਿਹਾਸ ਹੈ। ਮੈਨੂੰ ਲੱਖਾਂ ਸਾਲ ਸਾਰੇ ਸੰਸਾਰ ਨੇ ਉਡੀਕਿਆ ਹੈ। ਮੈਂ ਸੰਸਾਰ ਵਿਚ ਹੀ ਨਹੀਂ, ਬ੍ਰਹਿਮੰਡ ਵਿਚ ਵੀ ਹਾਂ। ਮੇਰੇ ਆਲੇ-ਦੁਆਲੇ ਬ੍ਰਹਿਮੰਡ ਹੈ। ਮਰਨ ਸਮੇਂ ਸਰੀਰ ਹੀ ਨਹੀਂ, ਸੰਸਾਰ ਅਤੇ ਬ੍ਰਹਿਮੰਡ ਵੀ ਤਿਆਗਣਾ ਪੈਂਦਾ ਹੈ।

ਜਿਸ ਕਿਸੇ ਨੂੰ ਮੈਂ ਆਪਣਾ ਕਹਿੰਦਾ ਹਾਂ, ਉਹ ਮੇਰੀ ਮੈਂ ਦਾ ਭਾਗ ਹੁੰਦਾ ਹੈ।

ਮੇਰਾ ਸਰੀਰ ਮੇਰੇ ਮਾਪਿਆਂ ਨੇ ਸਿਰਜਿਆ ਹੈ, ਜਿਹੜੇ ਕਰੋੜਾਂ ਸਾਲਾਂ ਵਿਚ ਵਿਕਸਤ ਹੋਈ ਮਾਨਵਜਾਤੀ ਦਾ ਅਜੋਕਾ ਰੂਪ ਹਨ।

ਮੇਰੀ ਚੇਤਨਾ ਅਰਬਾਂ ਸਾਲ ਦੀ ਕੁਦਰਤ ਨੇ ਸਿਰਜੀ ਹੈ।

ਆਪਣੀ ਮੈਂ ਦੇ ਵਿਸਥਾਰ ਲਈ ਹੀ ਮਨੁੱਖ ਪੜ੍ਹਾਈ ਕਰਦਾ ਹੈ, ਧਨ ਕਮਾਉਂਦਾ ਹੈ, ਪਰਿਵਾਰ ਉਸਾਰਦਾ ਹੈ, ਜਾਇਦਾਦ ਬਣਾਉਂਦਾ ਹੈ।

ਦਾਦਾ, ਪਿਤਾ, ਮਾਂ, ਪਤਨੀ, ਬੱਚੇ, ਦੋਸਤ ਸਾਰੇ ਮੇਰੀ ਮੈਂ ਵਿਚ ਅਤੇ ਮੈਂ ਸਾਰਿਆਂ ਦੀ ਮੈਂ ਵਿਚ, ਤਾਣੇ-ਪੇਟੇ ਵਾਂਗ ਕਾਰਜਸ਼ੀਲ ਹਾਂ।

ਮੇਰੀ ਪ੍ਰਸਿੱਧੀ, ਮੇਰੀ ਬਦਨਾਮੀ ਮੇਰੀ ਵੀ ਹੈ ਅਤੇ ਇਨ੍ਹਾਂ ਦੀ ਵੀ ਹੈ। ਇਨ੍ਹਾਂ ਅਨੁਸਾਰ ਹੀ ਮੇਰੀ ਮੈਂ ਫੈਲਦੀ-ਸੁੰਗੜਦੀ ਹੈ, ਉਦਾਸ-ਪ੍ਰਸੰਨ ਹੁੰਦੀ ਹੈ।

ਭਾਵੇਂ ਮੇਰੇ ਬੱਚਿਆਂ ਦੀ ਆਪਣੀ ਮੈਂ ਹੈ ਪਰ ਮੇਰੀ ਉਨ੍ਹਾਂ ਵਿਚ ਇਸ ਲਈ ਦਿਲਚਸਪੀ ਹੈ ਕਿਉਂਕਿ ਉਹ ਮੇਰੀ ਮੈਂ ਦਾ ਵਿਸਥਾਰ ਹਨ, ਜਿਵੇਂ ਇੱਟ, ਇੱਟ ਵੀ ਹੈ, ਇਮਾਰਤ ਦਾ ਭਾਗ ਵੀ ਹੈ। ਮੇਰੇ ਬੱਚੇ, ਬੱਚੇ ਵੀ ਹਨ, ਉਹ ਮੇਰੀ ਸੰਤਾਨ ਵੀ ਹਨ।

ਜੋ ਕੁਝ ਵੀ ਮੈਂ, ਮੈਨੂੰ ਅਤੇ ਮੇਰੇ ਨਾਲ ਸੰਬੰਧਤ ਹੈ, ਉਸ ਵਿਚ ਮੇਰੀ ਦਿਲਚਸਪੀ ਸੁਭਾਵਕ ਹੈ, ਉਸ ਪ੍ਰਤੀ ਮੇਰੀ ਜ਼ਿੰਮੇਵਾਰੀ ਪ੍ਰਤੱਖ ਹੈ।

ਅਸੀਂ ਜਨਮ ਲੈਂਦੇ ਹਾਂ, ਸਾਡੀ ਮੈਂ ਵੀ ਉਸੇ ਵੇਲੇ ਜਨਮਦੀ ਹੈ ਅਤੇ ਇਹ ਸਾਰਾ ਜੀਵਨ ਕਾਰਜਸ਼ੀਲ ਰਹਿੰਦੀ ਹੈ।

ਭਾਵੇਂ ਪਹਿਲੇ ਕੁਝ ਮਹੀਨੇ, ਬੱਚਾ ਮੈਂ ਸ਼ਬਦ ਨਹੀਂ ਵਰਤਦਾ ਪਰ ਉਹ ਮੈਂ ਦੇ ਸਪੱਸ਼ਟ ਪ੍ਰਮਾਣ ਦੇਣ ਲੱਗ ਪੈਂਦਾ ਹੈ। ਮਾਂ ਪੁੱਛਦੀ ਹੈ: ਤੇਰੀ ਅੱਖ ਕਿੱਥੇ ਹੈ ? ਉਹ ਅੱਖ ਮੀਟ ਕੇ ਦੱਸਦਾ ਹੈ। ਬੱਚਾ ਆਪਣੇ ਆਪ ਨੂੰ ਪਰਿਵਾਰ ਦੇ ਜੀਆਂ ਵਿਚ ਵੰਡ ਕੇ ਆਪਣੀ ਮੈਂ ਨੂੰ ਵਿਸਤਾਰਦਾ ਹੈ। ਬੋਲਣਾ ਸਿੱਖਣ ਉਪਰੰਤ ਉਸ ਲਈ ਜੋ ਮਹੱਤਵਪੂਰਨ ਹੁੰਦਾ ਹੈ, ਉਸ ਨੂੰ ਉਹ ਮੈਂ ਜਾਂ ਮੇਰੇ ਦੇ ਮੁਹਾਵਰੇ ਵਿਚ ਉਚਾਰਦਾ ਹੈ, ਜਿਵੇਂ: ਇਹ ਮੇਰਾ ਕਮਰਾ ਹੈ। ਇਹ ਮੇਰੀ ਕਿਤਾਬ ਹੈ, ਉਹ ਮੇਰਾ ਭਰਾ ਹੈ।

ਜਦੋਂ ਕਿਸੇ ਦਾ ਅਪਮਾਨ ਹੁੰਦਾ ਹੈ ਤਾਂ ਉਸ ਦੀ ਮੈਂ ਖਤਰੇ ਵਿਚ ਪੈ ਜਾਂਦੀ ਹੈ ਅਤੇ ਬਚਾਓ ਦੀ ਦ੍ਰਿਸ਼ਟੀ ਨਾਲ ਉਸਦੀ ਮੈਂ ਸਖ਼ਤ ਹੋ ਜਾਂਦੀ ਹੈ। ਖੇਡਾਂ, ਇਮਤਿਹਾਨਾਂ ਆਦਿ ਰਾਹੀਂ ਪਤਾ ਲੱਗਦਾ ਹੈ ਕਿ ਇਥੇ ਕੇਵਲ ਮੈਂ ਹੀ ਨਹੀਂ ਹਾਂ, ਹੋਰ ਵੀ ਹਨ।

ਇਸ ਸੋਝੀ ਕਾਰਨ ਮੈਂ ਜਾਣ ਜਾਂਦਾ ਹਾਂ ਕਿ ਜੇ ਮੈਂ ਕਿਸੇ ਦਾ ਅਪਮਾਨ ਕਰਾਂਗਾ ਤਾਂ ਮੇਰਾ ਵੀ ਅਪਮਾਨ ਹੋਵੇਗਾ। ਇਵੇਂ ਮੈਂ ਦੂਜਿਆਂ ਦਾ ਅਪਮਾਨ ਨਾ ਕਰਨ ਨਾਲ ਆਪਣੇ ਆਪ ਨੂੰ ਅਪਮਾਨ ਤੋਂ ਬਚਾਉਂਦਾ ਹਾਂ। ਇਹ ਸਮਾਜਿਕ ਵਿਹਾਰ ਦਾ ਪਹਿਲਾ ਨੇਮ ਹੁੰਦਾ ਹੈ।

ਹਰੇਕ ਲਈ ਉਸ ਦੀ ਮੈਂ ਮਹੱਤਵਪੂਰਨ ਹੁੰਦੀ ਹੈ। ਕਈਆਂ ਲਈ ਇਹ ਬਹੁਤ ਅਧਿਕ ਮਹੱਤਵਪੂਰਨ ਹੁੰਦੀ ਹੈ, ਕੁਝ ਲਈ ਇਹ ਨਿਮਰ ਅਤੇ ਸੰਜਮ ਵਾਲੀ ਹੁੰਦੀ ਹੈ। ਇਵੇਂ ਸੰਸਾਰ ਵਿਚ ਤਾਨਾਸ਼ਾਹ ਅਤੇ ਸੰਤ-ਪੁਰਸ਼ ਉਪਜਦੇ ਹਨ।

ਤੰਦਰੁਸਤ ਮੈਂ, ਸਵੈ-ਵਿਸ਼ਵਾਸ ਵਿਚੋਂ ਉਪਜਦੀ ਹੈ।

ਸਵੈ-ਵਿਸ਼ਵਾਸ ਤਾਂ ਹੀ ਉਪਜੇਗਾ ਜੇ ਸੰਕਟਾਂ ਦਾ ਸਾਹਮਣਾ ਕੀਤਾ ਹੋਵੇਗਾ।

ਹਰ ਧਰਮ ਨੇ ਅਤੇ ਵਿਸ਼ੇਸ਼ ਕਰਕੇ ਭਾਰਤੀ ਧਰਮਾਂ ਨੇ ਮੈਂ ਦਾ ਕੇਵਲ ਨਕਾਰਾਤਮਕ ਸੰਕਲਪ ਉਸਾਰਿਆ ਹੈ ਅਤੇ ਇਸ ਨੂੰ ਘੁਮੰਡ, ਹਉਮੈ ਅਤੇ ਹੰਕਾਰ ਦਸ ਕੇ ਨਿਰੰਤਰ

ਭੰਡਿਆ ਹੈ ਅਤੇ ਇਨ੍ਹਾਂ ਨੂੰ ਮੁਕਤੀ ਪ੍ਰਾਪਤੀ ਵਿਚ ਸਭ ਤੋਂ ਵੱਡੀ ਰੁਕਾਵਟ ਦੱਸਿਆ ਹੈ। ਧਰਮ ਨੇ ਤੂੰ ਹੀ ਤੂੰ ਕਹਿੰਦਿਆਂ, ਮੈਂ ਕੁੱਚਲ ਹੀ ਦਿੱਤੀ ਹੈ।

ਭਾਰਤੀ ਧਰਮਾਂ ਨੇ ਸੰਸਾਰ ਨਾਲ ਨਾਤਾ ਨਹੀਂ ਜੋੜਿਆ, ਮੌਤ ਅਤੇ ਮੁਕਤੀ ਨਾਲ ਸਾਂਝ ਪਾਈ ਹੈ, ਸੋ ਭਾਰਤ ਵਿਚ ਮੈਂ ਨੂੰ ਤਿਆਗਣ ਵਾਲੇ ਦੀ ਪੂਜਾ ਹੁੰਦੀ ਹੈ ਅਤੇ ਜਿਸ ਦਾ ਉਦੇਸ਼ ਜੀਵਨ ਦੀ ਥਾਂ ਮੌਤ ਅਤੇ ਮੁਕਤੀ ਹੈ, ਉਸ ਦੀ ਮਹਿਮਾ ਹੈ। ਮੁਕਤੀ ਦਾ ਉਦੇਸ਼ ਉਹ ਅੰਤਮ ਮੌਤ ਹੈ, ਜਿਸ ਮਗਰੋਂ ਜਨਮ ਨਹੀਂ ਹੁੰਦਾ।

ਭਾਰਤੀ ਧਰਮ ਸਮੁੱਚੇ ਰੂਪ ਵਿਚ ਸੰਸਾਰ ਅਤੇ ਜੀਵਨ ਨੂੰ ਨਕਾਰਦੇ ਹਨ।

ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਜੀਵਨ ਨੂੰ ਦੰਡ ਅਤੇ ਸੰਸਾਰ ਨੂੰ ਮਾਇਆ ਦਸ ਕੇ ਨਕਾਰਨ ਵਾਲਾ ਭਾਰਤ ਗਰੀਬ, ਕੰਗਾਲ ਅਤੇ ਗੁਲਾਮ ਕਿਉਂ ਰਿਹਾ ਹੈ।

ਧਰਮ, ਹਉਮੈ ਨੂੰ ਇਸ ਲਈ ਨਿੰਦਦਾ ਹੈ ਤਾਂ ਕਿ ਮਨੁੱਖ ਅਭਿਮਾਨੀ ਨਾ ਬਣੇ, ਆਪਣੇ ਆਪ ਨੂੰ ਮਹੱਤਵਪੂਰਨ ਨਾ ਸਮਝੇ, ਬੂੰਦ ਆਪਣੇ ਆਪ ਨੂੰ ਸਾਗਰ ਨਾ ਕਹੇ।

ਮਾਣ ਕਰਨ ਵਾਲੇ ਨੂੰ ਧਰਮ ਕਹਿੰਦਾ ਹੈ: ਕਿਸੇ ਚੀਜ਼ ਦਾ ਮਾਣ ਨਹੀਂ ਕਰਨਾ ਚਾਹੀਦਾ, ਇਸ ਨਾਲ ਹੰਕਾਰ ਉਪਜਦਾ ਹੈ। ਹੰਕਾਰਿਆ ਸੋ ਮਾਰਿਆ।

ਭਾਰਤੀ ਧਰਮ ਮਨੁੱਖ ਨੂੰ ਕਿਸੇ ਪ੍ਰਕਾਰ ਦੀ ਜੱਦੋ-ਜਹਿਦ ਜਾਂ ਯਤਨ ਕਰਨ ਦਾ ਉਤਸ਼ਾਹ ਨਹੀਂ ਦਿੰਦੇ। ਸਭ ਪੱਖੋਂ ਸੰਤੁਸ਼ਟ ਹੋਣ ਦਾ ਉਪਦੇਸ਼ ਦਿੰਦੇ ਹਨ।

ਇਸੇ ਕਾਰਨ ਸਾਡੀ ਕੋਈ ਕਾਢ ਕੱਢਣ, ਕਿਸੇ ਖੇਤਰ ਵਿਚ ਅਵਲ ਆਉਣ ਵਿਚ ਦਿਲਚਸਪੀ ਨਹੀਂ ਜਾਗੀ।

ਬਾਹਰਲੇ ਸਾਡੀ ਐਵਰੈਸਟ ਫਤਹਿ ਕਰਦੇ ਰਹੇ। ਜਦੋਂ ਕਿਸੇ ਧਾਰਮਿਕ ਬਿਰਤੀ ਵਾਲੇ ਭਾਰਤਵਾਸੀ ਨੂੰ ਕਿਸੇ ਹੋਰ ਦੇਸ਼ ਦੀਆਂ ਪ੍ਰਾਪਤੀਆਂ ਦੱਸੋਗੇ ਤਾਂ ਉਹ ਕਹੇਗਾ: ਕੀ ਫਰਕ ਪੈਂਦਾ ਹੈ? ਉਹ ਵੀ ਮਰ ਜਾਣਗੇ, ਅਸੀਂ ਵੀ ਮਰ ਜਾਣਾ ਹੈ।

ਕਦੀ ਕਿਸੇ ਨੇ ਸੋਚਿਆ ਹੀ ਨਹੀਂ ਕਿ ਸੰਸਾਰ ਨੂੰ ਮਿਥਿਆ ਅਤੇ ਮਾਇਆ ਦਸ ਕ ਅਸੀਂ ਪ੍ਰਾਪਤ ਕੀ ਕੀਤਾ ਹੈ ਅਤੇ ਹਉਮੈ ਨੂੰ ਮਾਰ ਕੇ ਅਸੀਂ ਪ੍ਰਾਪਤ ਕੀ ਕਰਨਾ ਹੈ?

ਕੀ ਹਉਮੈ ਮਰ ਗਈ ਹੈ? ਕੀ ਹਉਮੈ ਮਾਰੀ ਜਾ ਸਕਦੀ ਹੈ ?

ਪ੍ਰਾਪਤੀ, ਸਫਲਤਾ ਜਾਂ ਜਿੱਤ, ਅਮੀਰੀ ਜਾਂ ਖੁਸ਼ਹਾਲੀ ਕਦੀ ਵੀ ਸਾਡਾ ਉਦੇਸ਼ ਨਹੀਂ ਰਹੀ, ਸਾਡਾ ਉਦੇਸ਼ ਤਿਆਗ ਰਿਹਾ ਹੈ।

ਕੋਈ ਧਰਮ ਕੁਝ ਵੀ ਨਵਾਂ ਕਰਨ ਦਾ ਉਤਸ਼ਾਹ ਨਹੀਂ ਦਿੰਦਾ।

ਧਰਮ ਵਿਚ ਕੇਵਲ ਦੁਹਰਾਓ ਹੁੰਦਾ ਹੈ। ਦੁਹਰਾਓ ਨਾਲ ਬੁੱਧੀ ਖੁੰਢੀ ਹੁੰਦੀ ਹੈ।

ਖੁੰਢੀ ਬੁੱਧੀ ਕੇਵਲ ਪਰੰਪਰਾ ਪਾਲ ਸਕਦੀ ਹੈ।

ਅਸੀਂ ਜ਼ਿਮੇਵਾਰੀਆਂ ਪ੍ਰਤੀ ਪਿੱਠ ਕਰਕੇ, ਪਰਿਵਾਰ ਅਤੇ ਸਮਾਜ ਵਿਚੋਂ ਭੱਜ ਕੇ, ਸਨਿਆਸ ਲੈ ਕੇ, ਜੰਗਲਾਂ ਅਤੇ ਪਹਾੜਾਂ ਵਿਚ ਸਮਾਧੀਆਂ ਲਾਉਂਦੇ ਰਹੇ ਅਤੇ ਵਿਦੇਸ਼ੀ ਆ, ਆ ਕੇ ਸਾਡੇ 'ਤੇ ਕਾਬਜ਼ ਹੁੰਦੇ ਰਹੇ।

ਜਿਤਨੀ ਸੌਖ ਨਾਲ ਭਾਰਤ ਗੁਲਾਮ ਬਣਦਾ ਰਿਹਾ ਹੈ, ਕੋਈ ਦੇਸ਼ ਨਹੀਂ ਬਣਿਆ। ਹੋਰ ਤਾਂ ਹੋਰ, ਸਾਡੇ 'ਤੇ ਗੁਲਾਮ ਵੀ ਰਾਜ ਕਰਦੇ ਰਹੇ ਹਨ।

ਸਮਾਧੀਆਂ ਤਿਆਗਣ ਅਤੇ ਅੰਦੋਲਨ ਕਰਨ ਨਾਲ ਹੀ ਅਸੀਂ ਅਜ਼ਾਦ ਹੋਏ।

ਮੈਂ ਨੂੰ ਨਕਾਰਨ ਦਾ ਨਤੀਜਾ ਅਸੀਂ ਵੇਖ ਲਿਆ ਹੈ, ਹੁਣ ਮੈਂ ਨੂੰ ਉਸਾਰਨ ਅਤੇ ਉਭਾਰਨ ਦਾ ਯੁੱਗ ਹੈ। ਅਜੋਕੇ ਯੁੱਗ ਦੀਆਂ ਤਰਜੀਹਾਂ ਹੋਰ ਹਨ।

ਅਜੋਕੇ ਸੰਸਾਰ ਵਿਚ ਮੈਂ ਦੇ ਅਰਥ ਆਤਮ-ਵਿਸ਼ਵਾਸ ਤੋਂ ਹਨ।

ਆਤਮ-ਵਿਸ਼ਵਾਸ ਤੋਂ ਬਿਨਾਂ ਕੋਈ ਵਿਕਾਸ ਸੰਭਵ ਨਹੀਂ ਹੁੰਦਾ।

ਸਾਡੀ ਮਰ ਗਈ ਮੈਂ, ਸੌਖਿਆਂ ਨਹੀਂ ਉਸਰੇਗੀ।

ਭਾਰਤ ਆਤਮਾ-ਪੱਖੀ ਅਤੇ ਸਰੀਰ-ਵਿਰੋਧੀ ਰਿਹਾ ਹੈ। ਇਹ ਪਹਿਲ-ਦੂਜ ਬਦਲਣੀ ਪਵੇਗੀ। ਮੈਂ ਨੂੰ ਲੋਪ ਕਰਨਾ, ਨਿਮਰਤਾ ਨਹੀਂ, ਨੀਰਸਤਾ ਹੈ। ਇਸ ਨਾਲ ਮਨੁੱਖ ਜ਼ਿੰਮੇਵਾਰੀਆਂ ਤੋਂ ਭੱਜਦਾ, ਸੁਸਤ ਅਤੇ ਆਲਸੀ ਬਣਦਾ ਹੈ।

ਦੰਦ ਤਾਂ ਸਾਡੇ ਮਾਸ ਖਾਣ ਵਾਲੇ ਹਨ ਪਰ ਅਭਿਆਸ ਅਸੀਂ ਵਰਤ ਰੱਖਣ ਦਾ ਹੀ ਕੀਤਾ ਹੈ, ਜਿਸ ਕਾਰਨ ਭਾਰਤ ਦੀ ਬਹੁਤੀ ਵਸੋਂ ਬਿਮਾਰ ਅਤੇ ਭੁੱਖ ਦੀ ਸਤਾਈ ਲੱਗਦੀ ਹੈ। ਨਤੀਜਾ ਇਹ ਹੋਇਆ ਹੈ ਕਿ ਸਾਡੇ ਵਿਚ ਭਰਪੂਰ ਜੀਵਨ ਜਿਊਣ ਦੀ ਸਮਰੱਥਾ ਹੀ ਨਹੀਂ ਹੈ। ਇਸ ਨਾਲ ਸਾਡੀ ਮੈਂ ਕਮਜ਼ੋਰ ਹੋਈ ਹੈ।

ਸਾਡੀ ਬੋਲਬਾਣੀ ਵਿਚ ਦ੍ਰਿੜ੍ਹਤਾ ਅਤੇ ਰੋਅਬ ਨਹੀਂ ਹੈ।

ਹਉਮੈ ਦੇ ਦੋਸ਼ ਦੇ ਡਰ ਕਾਰਨ, ਅਸੀਂ ਮੈਂ ਉਚਾਰਨ ਤੋਂ ਝਿਜਕਦੇ ਹਾਂ।

ਜੇ ਕਿਸੇ ਨੂੰ 'ਮੈਂ' ਵਰਤੇ ਬਿਨਾਂ ਗੱਲਬਾਤ ਕਰਨ ਲਈ ਕਹੋ ਤਾਂ ਉਹ ਇਕ-ਦੋ ਵਾਕ ਹੀ ਬੋਲ ਸਕੇਗਾ।

ਆਲੇ-ਦੁਆਲੇ 'ਤੇ ਨਿਯੰਤਰਣ ਲਈ ਅਸੀਂ ਮੈਂ ਵਰਤਦੇ ਹਾਂ। ਵਸਤਾਂ ਨਾਲ ਸੰਬੰਧ ਦਰਸਾਉਣ ਲਈ ਮੇਰਾ-ਤੁਹਾਡਾ ਦੀ ਵਰਤੋਂ ਕੀਤੀ ਜਾਂਦੀ ਹੈ।

ਵਿਦੇਸ਼-ਯਾਤਰਾ ਤੋਂ ਮੁੜਨ ਵਾਲਾ ਜਾਂ ਕੁਝ ਨਵਾਂ ਕਰਨ ਵਾਲਾ ਵਿਅਕਤੀ ਮੈਂ ਵਾਲੇ ਵਾਕ ਵਧੇਰੇ ਬੋਲੇਗਾ ਕਿਉਂਕਿ ਉਸ ਕੋਲ ਨਿਵੇਕਲੇ ਵੇਰਵੇ ਵਧੇਰੇ ਹੁੰਦੇ ਹਨ।

ਗੱਲਬਾਤ ਚੱਲਦੀ ਰੱਖਣ ਵਾਸਤੇ ਮੈਂ-ਤੂੰ-ਉਹ ਦੀ ਵਰਤੋਂ ਕੀਤੀ ਜਾਂਦੀ ਹੈ।

ਪ੍ਰਸੰਸਾ ਦਾ ਉਦੇਸ਼ ਮੈਂ ਨੂੰ ਉਤਸ਼ਾਹ ਦੇਣਾ ਅਤੇ ਆਲੋਚਨਾ ਦਾ ਉਦੇਸ਼ ਮੈਂ ਵਿਚਲੇ ਨੁਕਸ ਦੂਰ ਕਰਨਾ ਹੁੰਦਾ ਹੈ।

ਪ੍ਰਸੰਸਾ ਦੀ ਭੁੱਖ ਮਨੁੱਖਾਂ ਵਿਚ ਹੀ ਨਹੀਂ, ਪਸ਼ੂਆਂ ਵਿਚ ਵੀ ਹੁੰਦੀ ਹੈ। ਪ੍ਰਸੰਸਾ ਵਿਚੋਂ ਅੱਗੇ ਰਹਿਣ ਦੀ ਹਿੰਮਤ ਜਾਗਦੀ ਹੈ। ਸਾਧਾਂ-ਸੰਤਾਂ ਵਿਚ ਵੀ ਸ਼ਰਧਾਲੂਆਂ ਦੀ ਗਿਣਤੀ ਵਧਾਉਣ ਦੇ ਪੱਖੋਂ ਮੁਕਾਬਲਾ ਹੁੰਦਾ ਹੈ।

ਜੇ ਪੁਸਤਕਾਂ ਉੱਤੇ ਲੇਖਕਾਂ ਦਾ ਨਾਂ ਛਾਪਣ ਦੀ ਮਨਾਹੀ ਹੋ ਜਾਵੇ ਤਾਂ ਪੁਸਤਕਾਂ ਲਿਖਣੀਆਂ ਬੰਦ ਹੋ ਜਾਣਗੀਆਂ, ਕਾਢਾਂ ਨਿਕਲਣੀਆਂ ਰੁੱਕ ਜਾਣਗੀਆਂ।

ਸਾਰੀ ਭਾਸ਼ਾ, ਸਾਰਾ ਗਿਆਨ ਆਪਣੀ ਮੈਂ ਦੇ ਪ੍ਰਗਟਾਵੇ ਲਈ ਵਰਤਿਆ ਜਾਂਦਾ ਹੈ। ਕਵਿਤਾ ਕਵੀ ਦੀ ਆਪਣੀ ਮੈਂ ਦੀ ਗੂੰਜ ਹੁੰਦੀ ਹੈ। ਸਾਹਿਤਕਾਰ, ਸਾਹਿਤ ਰਾਹੀਂ; ਚਿੱਤਰਕਾਰ ਚਿੱਤਰਾਂ ਰਾਹੀਂ, ਵਪਾਰੀ ਵਪਾਰ ਰਾਹੀਂ, ਇਸਤਰੀ ਆਪਣੀ ਸੰਤਾਨ ਰਾਹੀਂ, ਆਪਣੀ ਮੈਂ ਦਾ ਪ੍ਰਗਟਾਵਾ ਕਰਦੀ ਹੈ।

ਇਹ ਪ੍ਰਗਟਾਵਾ ਆਪਣੇ ਆਪ ਦੀ ਸੋਝੀ, ਦੂਜਿਆਂ ਵਲੋਂ ਮਾਨਤਾ ਅਤੇ ਆਪਣੇ ਕਾਰਜਾਂ ਦੇ ਮਹੱਤਵ ਵਿਚੋਂ ਉਪਜਦਾ ਹੈ।

ਜੇ ਆਲੇ-ਦੁਆਲੇ ਵਿਚ ਦੂਜਾ ਕੋਈ ਹੈ ਹੀ ਨਹੀਂ ਤਾਂ ਮੇਰੀ ਮੈਂ ਦਾ ਵੀ ਕੋਈ ਮੁੱਲ ਨਹੀਂ ਹੋਵੇਗਾ। ਮੈਂ ਦੂਜੇ ਦੇ ਸੰਦਰਭ ਵਿਚ ਹੀ ਮਹੱਤਵਪੂਰਨ ਹੁੰਦੀ ਹੈ।

ਜੇ ਕੋਈ ਆਪਣੀਆਂ ਹੀ ਗੱਲਾਂ ਕਰੀ ਜਾਵੇ ਤਾਂ ਉਸ ਵਿਚ, ਉਸ ਦੀ ਪ੍ਰੇਮਿਕਾ ਦੀ ਵੀ ਦਿਲਚਸਪੀ ਮੁੱਕ ਜਾਵੇਗੀ। ਸੰਚਾਰ ਤਾਂ ਹੀ ਵਾਪਰੇਗਾ ਜੇ ਅਸੀਂ ਹੋਰਾਂ ਦੀ ਮੈਂ ਨੂੰ ਸਵੀਕਾਰ ਕਰਾਂਗੇ ਅਤੇ ਉਨ੍ਹਾਂ ਦੀ ਮੈਂ ਨਾਲ ਸਾਡੀ ਮੈਂ ਇਕਸੁਰ ਹੋਵੇਗੀ, ਨਹੀਂ ਤਾਂ ਦੁਵੱਲੀ ਰਗੜ ਪੈਂਦੀ ਰਹੇਗੀ ਅਤੇ ਸੰਚਾਰ ਟੁੱਟ ਜਾਵੇਗਾ।

ਜਿਥੇ ਸੰਚਾਰ ਨਹੀਂ ਵਾਪਰਦਾ, ਉੱਥੇ ਕੁਝ ਨਹੀਂ ਵਾਪਰਦਾ, ਨਵੇਂ ਵਿਚਾਰ ਨਹੀਂ ਉਪਜਦੇ, ਬੌਧਿਕ ਅਤੇ ਆਰਥਿਕ ਵਿਕਾਸ ਸੰਭਵ ਨਹੀਂ ਹੁੰਦਾ।

ਵੱਖ-ਵੱਖ ਜਾਤਾਂ ਅਤੇ ਵਰਗਾਂ ਵਿਚ ਵੰਡੇ ਹੋਏ ਭਾਰਤ ਵਿਚ ਸੰਚਾਰ ਅਤੇ ਲੈਣ-ਦੇਣ ਦੀ ਅਣਹੋਂਦ ਕਾਰਨ, ਭਾਰਤ ਵਿਚ ਵਿਕਾਸ ਨਹੀਂ ਵਾਪਰਿਆ ਅਤੇ ਸੰਸਾਰ ਵਿਚ ਸਾਡਾ ਨਾਂ-ਥਾਂ ਨਹੀਂ ਉਸਰਿਆ।

ਸਾਡਾ ਨਾਂ, ਸਾਡੀ ਪਛਾਣ ਲਈ ਹੁੰਦਾ ਹੈ। ਘਰ ਜਾਂ ਫੋਨ ਨੰਬਰ ਅਤੇ ਸਾਡੇ ਨਾਂ ਦੀ ਤਖ਼ਤੀ ਆਦਿ, ਪਛਾਣਨ ਦੇ ਸਾਧਨ ਹੁੰਦੇ ਹਨ।

ਜੇ ਹੋਰ ਲੋਕ ਨਾ ਹੋਣ ਤਾਂ ਮਾਣ ਜਾਂ ਸ਼ਰਮ ਦਾ ਪ੍ਰਗਟਾਵਾ ਸੰਭਵ ਨਹੀਂ ਹੁੰਦਾ।

ਇਸ ਲਈ ਅਸੀਂ ਸੰਸਥਾਵਾਂ ਉਸਾਰਦੇ ਅਤੇ ਸਭਾਵਾਂ ਬਣਾਉਂਦੇ ਹਾਂ, ਜਿਸ ਰਾਹੀਂ ਸਾਡੀ ਮੈਂ ਦਾ ਪ੍ਰਭਾਵ ਵੱਧਦਾ-ਫੈਲਦਾ ਹੈ।

ਜੇ ਕਿਸੇ ਦੀ ਮੈਂ ਉਲਾਰ ਅਤੇ ਭਾਰੂ ਹੋ ਜਾਵੇ ਤਾਂ ਉਸ ਲਈ ਅਤੇ ਉਸ ਰਾਹੀਂ ਹੋਰਾਂ ਲਈ ਸਮਾਜਿਕ ਅਤੇ ਭਾਵਕ ਸਮੱਸਿਆਵਾਂ ਉਪਜਦੀਆਂ ਹਨ।

ਯੁੱਧ ਅਕਸਰ ਕਿਸੇ ਦੇਸ਼ ਦੀ ਮੈਂ ਭਾਰੂ ਹੋਣ ਕਰਕੇ ਹੁੰਦੇ ਹਨ। ਹਿਟਲਰ ਦੀ ਮੈਂ ਭਾਰੂ ਸੀ, ਜੇ ਇਹ ਸੰਤੁਲਨ ਵਿਚ ਹੁੰਦੀ ਤਾਂ ਇਸ ਵੇਲੇ ਜਰਮਨੀ ਵਿਸ਼ਵ-ਸ਼ਕਤੀ ਹੋਣਾ ਸੀ।

ਪਰਿਵਾਰ ਇਕ ਸਮਾਜਿਕ ਇਕਾਈ ਹੁੰਦਾ ਹੈ, ਜਿੱਥੇ ਹਰ ਕਿਸੇ ਦੀ ਮੈਂ ਅਤੇ ਆਤਮ-ਵਿਸ਼ਵਾਸ ਉਸਾਰਨ ਦੇ ਵਸੀਲੇ ਅਤੇ ਅਵਸਰ ਹੁੰਦੇ ਹਨ।

ਪਰਿਵਾਰ ਵਿਚ ਮੈਂ ਤਾਂ ਹੀ ਪ੍ਰਸੰਨ ਹੋਵਾਂਗਾ ਜੇ ਸਾਰੇ ਜੀਅ ਪ੍ਰਸੰਨ ਹੋਣਗੇ।

ਇਕ ਵਿਅਕਤੀ ਡਾਕਟਰ ਨੂੰ ਦਸ ਰਿਹਾ ਸੀ: ਮੈਂ ਠੀਕ ਹਾਂ, ਮੇਰੀ ਪਤਨੀ ਵੀ ਠੀਕ ਹੈ ਪਰ ਅਸੀਂ ਦੋਵੇਂ ਠੀਕ ਨਹੀਂ ਹਾਂ। ਸਪੱਸ਼ਟ ਹੈ ਕਿ ਇਕ ਮੈਂ ਦੂਜੀ ਮੈਂ ਨਾਲ ਟੱਕਰਾ ਰਹੀ ਹੈ। ਦੋਵੇਂ ਪਹਿਲਾਂ ਮੈਂ, ਪਹਿਲਾਂ ਮੈਂ ਦਾ ਰਾਗ ਅਲਾਪ ਰਹੇ ਹਨ।

ਦੋਵੇਂ ਚਾਹੁੰਦੇ ਹਨ ਕਿ ਪਹਿਲਾਂ ਮੇਰੀ ਤਸੱਲੀ ਹੋਣੀ ਚਾਹੀਦੀ ਹੈ।

ਸਮੱਸਿਆ ਮੈਂ ਦੀ ਹੀ ਨਹੀਂ, ਮੈਂ ਦੀ ਤਸੱਲੀ ਦੀ ਵੀ ਹੈ।

ਕੰਜੂਸ ਵਿਅਕਤੀ ਆਪਣੇ ਸਰਮਾਏ ਨਾਲ ਇਕ ਗੁੱਝੀ ਸੰਤੁਸ਼ਟਤਾ ਮਾਣਦਾ ਹੈ ਪਰ ਹਰੇਕ ਜੀਅ ਨੂੰ ਫ਼ਜ਼ੂਲ-ਖ਼ਰਚ ਕਹਿ ਕੇ ਭੰਡਦਾ ਵੀ ਹੈ। ਨਾਵਲਕਾਰ, ਚਿੱਤਰਕਾਰ, ਵਿਗਿਆਨੀ ਆਦਿ ਨਿਰਮਾਣ ਅਧੀਨ ਰਚਨਾ ਜਾਂ ਕਾਰਜ ਨੂੰ ਛੁਪਾ ਕੇ ਰੱਖਦੇ ਹਨ, ਇਵੇਂ ਕਰਨ ਨਾਲ ਉਨ੍ਹਾਂ ਦੀ ਮੈਂ ਕਾਰਜਸ਼ੀਲ ਅਤੇ ਤੰਦਰੁਸਤ ਰਹਿੰਦੀ ਹੈ।

ਕੁਝ ਕਰ ਵਿਖਾਉਣ ਨਾਲ ਮਿਲਣ ਵਾਲੀ ਮਾਨਤਾ ਅਤੇ ਪ੍ਰਸੰਸਾ ਨਾਲ ਉਨ੍ਹਾਂ ਦੀ ਮੈਂ ਪ੍ਰਫੁੱਲਤ ਹੁੰਦੀ ਹੈ। ਇਵੇਂ ਉਨ੍ਹਾਂ ਦਾ ਆਤਮ-ਵਿਸ਼ਵਾਸ ਵੱਧਦਾ ਹੈ।

ਆਤਮ-ਵਿਸ਼ਵਾਸ ਵਾਲੇ ਆਗੂ ਹੀ ਬਗਾਵਤ ਨੂੰ ਇਨਕਲਾਬ ਬਣਾ ਦਿੰਦੇ ਹਨ।

ਜਦੋਂ ਅਸੀਂ ਕੋਈ ਗਰੁੱਪ-ਫੋਟੋ ਵੇਖਦੇ ਹਾਂ ਤਾਂ ਸਭ ਤੋਂ ਪਹਿਲਾਂ ਆਪਣੀ ਫੋਟੋ ਇਸ ਲਈ ਵੇਖਦੇ ਹਾਂ ਕਿਉਂਕਿ ਅਸੀਂ ਸਭ ਤੋਂ ਵੱਧ ਮਹੱਤਵਪੂਰਨ ਆਪਣੇ ਆਪ ਨੂੰ ਗਿਣਦੇ ਹਾਂ। ਜਦੋਂ ਕੋਈ ਆਪਣੇ ਆਪ ਨੂੰ ਸ਼ੀਸ਼ੇ ਵਿਚ ਵੇਖਦਾ ਹੈ ਤਾਂ ਅਸਲ ਵਿਚ ਉਹ ਇਹ ਵੇਖਦਾ ਹੈ ਕਿ ਮੈਂ ਹੋਰਾਂ ਨੂੰ ਕਿਹੋ ਜਿਹਾ ਲੱਗਦਾ ਹਾਂ।

ਅਸੀਂ ਆਪਣੇ ਆਪ ਨੂੰ ਕਲਪਨਾ ਨਾਲ ਵੇਖਦੇ ਹਾਂ। ਮੈਂ ਤੋਂ ਬਿਨਾਂ ਕਲਪਨਾ ਮੇਰੀ ਕਲਪਨਾ ਨਹੀਂ ਬਣਦੀ। ਸ਼ਿੰਗਾਰ, ਚੱਜ-ਆਚਾਰ, ਆਦਤਾਂ, ਉਦੇਸ਼, ਦੋਸਤ-ਸਹੇਲੀਆਂ ਦੀ ਚੋਣ ਦਾ ਆਧਾਰ ਵੀ ਮੁੱਖ ਤੌਰ ਤੇ ਸਾਡੀ ਕਲਪਨਾ ਹੁੰਦੀ ਹੈ।

ਕਲਪਨਾ ਕੁਝ ਨਵਾਂ ਕਰਨ, ਕਰਕੇ ਵਿਖਾਉਣ ਰਾਹੀਂ, ਆਪਣਾ ਕੱਦ ਉੱਚਾ ਕਰਨ ਦਾ ਉਪਰਾਲਾ ਹੁੰਦੀ ਹੈ।

ਸੰਤੁਸ਼ਟ ਵਿਅਕਤੀਆਂ ਕੋਲ ਕਲਪਨਾ ਨਹੀਂ ਹੁੰਦੀ। ਜਿਵੇਂ ਰਾਜਿਆਂ ਕੋਲ ਭੁੱਖ ਨਹੀਂ ਹੁੰਦੀ, ਜਿਵੇਂ ਲਾਡਲਿਆਂ ਕੋਲ ਉਦੇਸ਼ ਨਹੀਂ ਹੁੰਦਾ।

ਸਾਡਾ ਬਹੁਤ ਸਾਰਾ ਸਮਾਂ ਅਤੇ ਸਰਮਾਇਆ ਆਪਣੀ ਮੈਂ ਨੂੰ ਸਥਾਪਤ ਕਰਨ ਅਤੇ ਦੂਜਿਆਂ ਨੂੰ ਪ੍ਰਭਾਵਿਤ ਕਰਨ ਵਿਚ ਖਰਚ ਹੁੰਦਾ ਹੈ।

ਸਾਡੇ ਘਰ ਦੀ ਬੈਠਕ ਸਾਡੀ ਸਮਾਜਿਕ ਮੈਂ ਦੀ ਨੁਮਾਇਸ਼ ਹੁੰਦੀ ਹੈ।

ਜਿਹੜੇ ਸਾਡਾ ਕੋਹਜ ਜਾਣਦੇ ਹਨ, ਉਹ ਸਾਨੂੰ ਕੋਹਜੇ ਲੱਗਦੇ ਹਨ, ਉਨ੍ਹਾਂ ਨੂੰ ਮਿਲਣ ਤੋਂ ਅਸੀਂ ਸੰਕੋਚ ਕਰਦੇ ਹਾਂ।

ਅਸੀਂ ਕਈਆਂ ਅੱਗੇ ਫੜ੍ਹਾਂ ਮਾਰਦੇ ਹਾਂ ਅਤੇ ਕਈਆਂ ਤੋਂ ਝੇਪਦੇ ਹਾਂ।

ਭਾਵੇਂ ਸਾਧਾਂ-ਸੰਤਾਂ ਦੀਆਂ ਤਰਜੀਹਾਂ ਉਚੇਰੀਆਂ ਸਮਝੀਆਂ ਜਾਂਦੀਆਂ ਹਨ ਪਰ ਉਨ੍ਹਾਂ ਦੀ ਮੈਂ ਲੋਪ ਨਹੀਂ ਹੁੰਦੀ। ਉਹ ਵੀ ਮਾਨਤਾ ਚਾਹੁੰਦੇ ਹਨ। ਉਹ ਗੱਲਾਂ ਮੁਕਤੀ ਦੀਆਂ ਕਰਦੇ ਹਨ ਪਰ ਲੰਮਾ ਅਰਸਾ ਰਹਿਣਾ ਸੰਸਾਰ ਵਿਚ ਚਾਹੁੰਦੇ ਹਨ।

ਇਨ੍ਹਾਂ ਸਾਧਾਂ-ਸੰਤਾਂ ਤੋਂ ਹੀਰ-ਰਾਂਝਾ, ਸੋਹਣੀ-ਮਹੀਂਵਾਲ ਆਦਿ ਵੱਡੇ ਸਨ, ਜਿਨ੍ਹਾਂ ਨੇ ਇਕ-ਦੂਜੇ ਨਾਲ ਆਪਣੀ ਮੈਂ ਵਟਾ ਲਈ ਸੀ।

ਮੈਂ, ਸਭ ਤੋਂ ਵੱਧ ਸ਼ਕਤੀਸ਼ਾਲੀ ਬਚਪਨ ਉਪਰੰਤ ਅਤੇ ਜਵਾਨੀ ਤੋਂ ਪਹਿਲਾਂ, ਕਿਸ਼ੋਰ-ਅਵਸਥਾ ਵਿਚ ਹੁੰਦੀ ਹੈ।

ਇਸ ਦੌਰ ਵਿਚ ਮਾਨਸਿਕ, ਭਾਵਕ, ਕਾਮੁਕ ਅਤੇ ਸਰੀਰਕ ਪਰਿਵਰਤਨ ਵਾਪਰਦੇ ਹਨ ਅਤੇ ਕਈ ਪ੍ਰਕਾਰ ਦੀ ਸ਼ਕਤੀ ਫੁੱਟਦੀ ਹੈ।

ਇਸ ਉਮਰ ਵਿਚ ਹਰ ਕੋਈ ਆਪਣੇ ਆਪ ਨੂੰ ਬ੍ਰਹਿਮੰਡ ਦਾ ਕੇਂਦਰ ਸਮਝਦਾ ਹੈ ਅਤੇ ਮਹਾਨ ਬਣਨ ਦਾ ਯਤਨ ਕਰਦਾ ਹੈ। ਇਸ ਉਮਰ ਵਿਚ ਲੜਕੇ-ਲੜਕੀਆਂ ਦੀ ਇਕ-ਦੂਜੇ ਵਿਚ ਦਿਲਚਸਪੀ ਜਾਗਦੀ ਹੈ ਅਤੇ ਉਹ ਕਲਪਨਾ ਦੇ ਮੰਡਲਾਂ ਵਿਚ ਉੱਡਦੇ ਹਨ। ਉਹ ਵੱਡੇ-ਵੱਡੇ ਆਦਰਸ਼ ਅਪਨਾਉਂਦੇ ਹਨ ਅਤੇ ਕੁਝ ਅਨੋਖਾ

ਕਰ ਵਿਖਾਉਣ ਦਾ ਸੰਕਲਪ ਕਰਦੇ ਹਨ। ਅਨੇਕਾਂ ਅਸਮਾਨ ਵਿਚ ਉੱਡਦੇ ਹਨ ਅਤੇ ਇਨ੍ਹਾਂ ਨੂੰ ਧਰਤੀ ਦਿਸਦੀ ਹੀ ਨਹੀਂ। ਇਹ ਵੱਡੀਆਂ-ਵੱਡੀਆਂ ਗੱਲਾਂ ਕਰਨ ਦੀ ਉਮਰ ਹੁੰਦੀ ਹੈ। ਇਕ ਵਾਰੀ ਬੋਲਣ ਦੇ ਅਭਿਆਸ ਲਈ ਇਸ ਉਮਰ ਦੇ ਮੇਰੇ ਵਿਦਿਆਰਥੀਆਂ ਨੇ, ਅਗਲੇ ਦਿਨ ਸਵੇਰੇ ਨੌਂ ਵਜੇ ਇਕੱਤਰ ਹੋ ਕੇ ਦੱਸਣਾ ਸੀ ਕਿ ਜੇ ਉਨ੍ਹਾਂ ਕੋਲ ਸ਼ਕਤੀ ਹੋਵੇ ਤਾਂ ਉਹ ਕੀ ਕਰਨਗੇ।

ਉਡੀਕਦਿਆਂ ਕਲਾਸ ਸਾਢੇ ਨੌਂ ਵਜੇ ਜੁੜੀ। ਇਕ ਨੇ ਕਿਹਾ: ਮੈਂ ਸੰਸਾਰ ਵਿਚੋਂ ਗਰੀਬੀ ਦੂਰ ਕਰ ਦਿਆਂਗਾ। ਲੜਕੀ ਨੇ ਕਿਹਾ: ਮੈਂ ਸਭ ਪ੍ਰਕਾਰ ਦੇ ਵਿਤਕਰੇ ਮਿਟਾ ਦਿਆਂਗੀ। ਕਿਸੇ ਨੇ ਕਿਹਾ: ਮੈਂ ਭਾਰਤ ਨੂੰ ਵਿਸ਼ਵ-ਸ਼ਕਤੀ ਬਣਾ ਦਿਆਂਗਾ। ਇਕ ਹੋਰ ਨੇ ਕਿਹਾ: ਮੈਂ ਭ੍ਰਿਸ਼ਟ ਆਗੂਆਂ ਨੂੰ ਫਾਂਸੀ ਲਾ ਦਿਆਂਗਾ।

ਜਦੋਂ ਸਾਰੇ ਆਪਣਾ-ਆਪਣਾ ਐਲਾਨ ਕਰ ਚੁੱਕੇ ਤਾਂ ਉਨ੍ਹਾਂ ਨੂੰ ਦੱਸਿਆ ਗਿਆ ਕਿ ਕਿਸ਼ੋਰ-ਅਵਸਥਾ ਕਾਰਨ ਤੁਸੀਂ ਸਾਰੇ ਯੁੱਗ-ਪੁਰਸ਼ ਬਣਨ ਦਾ ਯਤਨ ਕਰ ਰਹੇ ਸੀ, ਜਦੋਂ ਕਿ ਯਥਾਰਥ ਇਹ ਹੈ ਕਿ ਕਲਾਸ ਵਿਚ ਨੌਂ ਵਜੇ ਪਹੁੰਚਣ ਦਾ ਨਿੱਕਾ ਜਿਹਾ ਅਤੇ ਸੌਖਾ ਕੰਮ ਤੁਸੀਂ ਕਰ ਨਹੀਂ ਸਕੇ।

ਉਨ੍ਹਾਂ ਦੀ ਇਕ ਗੱਲ ਸਾਂਝੀ ਸੀ, ਉਹ ਸਾਰੇ ਪਰਿਵਰਤਨ ਚਾਹੁੰਦੇ ਸਨ। ਉਹ ਸਾਰੇ ਕਲਪਨਾ ਨਾਲ ਗੱਲਾਂ ਕਰ ਰਹੇ ਸਨ, ਉਹ ਆਪਣੇ ਆਪ ਨੂੰ ਮਹੱਤਵਪੂਰਨ ਸਮਝ ਰਹੇ ਸਨ। ਉਹ ਫੋਕੇ ਆਤਮ-ਵਿਸ਼ਵਾਸ ਨਾਲ ਵਿਚਰ ਰਹੇ ਸਨ।

ਪਰਿਵਰਤਨ ਜਦੋਂ ਵੀ ਵਾਪਰੇਗਾ, ਆਤਮ-ਵਿਸ਼ਵਾਸ ਨਾਲ ਹੀ ਵਾਪਰੇਗਾ। ਆਤਮ-ਵਿਸ਼ਵਾਸ ਵਿਚੋਂ ਹੀ ਨਿਸ਼ਾਨੇ ਅਤੇ ਉਦੇਸ਼ ਉਪਜਦੇ ਹਨ।

ਉਦੇਸ਼ਾਂ-ਨਿਸ਼ਾਨਿਆਂ ਤੋਂ ਬਿਨਾਂ ਮਨੁੱਖ ਵਿਕਾਸ ਨਹੀਂ ਕਰਦਾ।

ਆਤਮ-ਵਿਸ਼ਵਾਸ ਅਤੇ ਹੰਕਾਰ ਵਿਚ ਅੰਤਰ ਸਮਝਣ ਦੀ ਲੋੜ ਹੈ। ਯੋਗਤਾ ਅਤੇ ਵਿਉਂਤਬੰਦੀ ਆਤਮ-ਵਿਸ਼ਵਾਸ ਉਪਜਾਏਗੀ, ਜ਼ਿੱਦ ਅਤੇ ਔਨਿਆਂ ਹੰਕਾਰ ਉਪਜਾਉਂਦੇ ਹਨ। ਲਿੰਕਨ ਵਿਚ ਆਤਮ-ਵਿਸ਼ਵਾਸ ਸੀ, ਹਿਟਲਰ ਵਿਚ ਹੰਕਾਰ ਸੀ।

ਫਰਾਂਸ ਵਿਚ ਇਕ ਸਮਾਗਮ ਵਿਚੋਂ ਇਕ ਕਵੀ ਇਸ ਕਰਕੇ ਉੱਠ ਕੇ ਚਲਿਆ ਗਿਆ ਕਿਉਂਕਿ ਉਸ ਨੂੰ ਫਰਾਂਸ ਦਾ ਮਹਾਨ ਕਵੀ ਤਾਂ ਕਿਹਾ ਗਿਆ ਸੀ, ਪਰ ਸੰਸਾਰ ਦਾ ਮਹਾਨ ਕਵੀ ਨਹੀਂ ਕਿਹਾ ਗਿਆ ਸੀ। ਇਹ ਹੰਕਾਰ ਸੀ।

ਦੂਜੇ ਵਿਸ਼ਵ ਯੁੱਧ ਦੌਰਾਨ ਇਕ ਜਰਨੈਲ ਨੂੰ ਇਕ ਅਫਸਰ ਨੇ ਪੂਰਵਲੇ ਜਰਨੈਲਾਂ ਵਲੋਂ ਕੀਤੇ ਫੈਸਲਿਆਂ ਅਤੇ ਅਨੁਭਵਾਂ ਦੀ ਇਕ ਪੁਸਤਕ ਦਿੱਤੀ। ਜਦੋਂ ਜਰਨੈਲ ਨੂੰ ਪਤਾ ਲੱਗਾ ਕਿ ਛੇ ਪੁਸਤਕਾਂ ਲਿਆਂਦੀਆਂ ਗਈਆਂ ਸਨ ਤਾਂ ਉਸ ਨੇ ਕਿਹਾ ਕਿ ਸਾਰੀਆਂ ਪੁਸਤਕਾਂ ਲਿਆ ਕੇ ਮੇਰੇ ਸਾਹਮਣੇ ਸਾੜ ਦਿਓ। ਦ੍ਰਿੜ੍ਹਤਾ ਨਾਲ ਉਸ ਨੇ ਕਿਹਾ: ਆਪਣੇ ਫੈਸਲੇ ਮੈਂ ਆਪ ਕਰਾਂਗਾ ਅਤੇ ਉਨ੍ਹਾਂ ਲਈ ਮੈਂ ਆਪ ਜ਼ਿੰਮੇਵਾਰ ਹੋਵਾਂਗਾ। ਇਹ ਆਤਮ-ਵਿਸ਼ਵਾਸ ਸੀ।

ਵਿਸ਼ਵ-ਪ੍ਰਸਿੱਧ ਚਿੱਤਰਕਾਰ ਰੈਂਬਰਾਂ ਹਰ ਤਿੰਨ ਮਹੀਨਿਆਂ ਮਗਰੋਂ ਆਪਣਾ ਸਵੈ-ਚਿੱਤਰ ਬਣਾਉਂਦਾ ਸੀ। ਕੀ ਉਹ ਹਉਮੈਂਵਾਦੀ ਸੀ ? ਪ੍ਰਸਿੱਧ ਜੀਵ-ਵਿਗਿਆਨੀ

ਡਾਰਵਿਨ ਆਪਣੀ ਖੋਜ-ਪੁਸਤਕ ਵਿਚ ਮੈਂ ਦੀ ਬਹੁਤ ਅਧਿਕ ਵਰਤੋਂ ਕਰਦਾ ਹੈ। ਕੀ ਉਹ ਹੰਕਾਰੀ ਸੀ? ਇਹ ਦੋਵੇਂ ਹੰਕਾਰੀ ਨਹੀਂ, ਆਤਮ-ਵਿਸ਼ਵਾਸੀ ਸਨ। ਰੈਂਬਰਾਂ ਆਪਣੇ ਹਰ ਨਵੇਂ ਚਿੱਤਰ ਨਾਲ ਆਪਣੀ ਕਲਾ ਦਾ ਵਿਕਾਸ ਦਰਸਾਉਂਦਾ ਸੀ ਅਤੇ ਡਾਰਵਿਨ ਆਪਣੇ ਪ੍ਰਯੋਗਾਂ ਦੇ ਵੇਰਵੇ ਪੂਰੀ ਜ਼ਿਮੇਵਾਰੀ ਨਾਲ ਦਰਜ ਕਰਦਾ ਸੀ।

ਜਿਨ੍ਹਾਂ ਦੀ ਮੈਂ ਸ਼ਕਤੀਸ਼ਾਲੀ ਹੁੰਦੀ ਹੈ, ਉਨ੍ਹਾਂ ਨੂੰ ਕੋਲੰਬਸ ਵਾਂਗ ਭਾਰਤ ਭਾਵੇਂ ਨਾ ਲੱਭੇ, ਉਹ ਅਮਰੀਕਾ ਲੱਭ ਲੈਂਦੇ ਹਨ।

ਇਕ ਵਾਰੀ ਫੌਜੀ ਭਰਤੀ ਦੌਰਾਨ ਇਕ ਜਵਾਨ ਨੂੰ ਕਿਹਾ ਗਿਆ: ਜੇ ਤੇਰਾ ਕੱਦ ਤਿੰਨ ਇੰਚ ਹੋਰ ਹੋਵੇ ਤਾਂ ਤੂੰ ਅਫਸਰ ਭਰਤੀ ਹੋ ਸਕਦਾ ਹੈਂ। ਉਸਨੇ ਕੱਦ ਵਧਾਉਣ ਲਈ ਭਰਪੂਰ ਕਸਰਤ ਕੀਤੀ। ਕੱਦ ਤਾਂ ਨਾ ਵਧਿਆ, ਪਰ ਜੱਦੋ-ਜਹਿਦ ਕਾਰਨ ਉਸ ਦਾ ਆਤਮ-ਵਿਸ਼ਵਾਸ ਵੱਧ ਗਿਆ।

ਉਹ ਆਪਣੀਆਂ ਸ਼ਕਤੀਆਂ ਅਤੇ ਸੀਮਾਵਾਂ ਤੋਂ ਜਾਣੂ ਹੋ ਗਿਆ। ਉਸ ਲਈ ਫੌਜੀ ਅਫਸਰ ਬਣਨ ਦੀ ਥਾਂ ਹੋਰ ਉਦੇਸ਼ ਮਹੱਤਵਪੂਰਨ ਹੋ ਗਏ।

ਸਫਲ ਉਦਯੋਗਪਤੀ ਬਣ ਕੇ ਉਸਨੇ ਕਿਹਾ: ਮੇਰੀਆਂ ਸੀਮਾਵਾਂ ਦਾ ਗਿਆਨ ਹੀ ਮੇਰੀ ਸਫਲਤਾ ਦਾ ਕਾਰਨ ਬਣਿਆ ਹੈ ਅਤੇ ਮਿਹਨਤ ਨਾਲ ਉਸਰੇ ਆਤਮ-ਵਿਸ਼ਵਾਸ ਨਾਲ ਕੀਤੇ ਮੇਰੇ ਫੈਸਲੇ ਸਫਲ ਹੋਏ ਹਨ।

ਜਦੋਂ ਤੱਕ ਅਸੀਂ ਆਪਣੀਆਂ ਸੀਮਾਵਾਂ ਤੋਂ ਜਾਣੂ ਨਹੀਂ ਹੁੰਦੇ, ਅਸੀਂ ਸੰਭਾਵਨਾਵਾਂ ਤੋਂ ਵੀ ਜਾਣੂ ਨਹੀਂ ਹੋ ਸਕਦੇ। ਸਫਲਤਾ ਵੀ ਵਿਗਿਆਨ ਹੈ, ਵਿਗਿਆਨਕ ਢੰਗ ਨਾਲ ਕੰਮ ਕਰਨ ਨਾਲ ਹੀ ਸਫਲਤਾ ਮਿਲਦੀ ਹੈ।

ਜਿਨ੍ਹਾਂ ਵਿਚ ਆਤਮ-ਵਿਸ਼ਵਾਸ ਹੁੰਦਾ ਹੈ, ਉਹ ਇਤਿਹਾਸ ਸਿਰਜ ਦਿੰਦੇ ਹਨ, ਉਹ ਨਵਾਂ ਪੰਥ ਚਲਾ ਦਿੰਦੇ ਹਨ।

ਜਿਨ੍ਹਾਂ ਦੀ ਮੈਂ ਕਮਜ਼ੋਰ ਹੁੰਦੀ ਹੈ, ਉਹ ਆਤਮਘਾਤ ਕਰਦੇ ਹਨ।

ਹਾਰਿਆਂ ਦੀ ਕਿਸਮਤ ਹੁੰਦੀ ਹੈ, ਜੇਤੂਆਂ ਦੀ ਜਿੱਤ ਹੁੰਦੀ ਹੈ।

ਉਪਰਾਲੇ ਕੰਮ ਕਰਨ ਲਈ ਹੁੰਦੇ ਹਨ, ਕੰਮ ਟਾਲਣ ਲਈ ਬਹਾਨੇ ਹੁੰਦੇ ਹਨ।

ਸਾਡੇ ਤੁਰਨ ਅਤੇ ਖਲੋਣ ਦਾ ਢੰਗ ਸਾਡੇ ਵਿਚ ਆਤਮ-ਵਿਸ਼ਵਾਸ ਹੋਣ ਜਾਂ ਨਾ ਹੋਣ ਦੀ ਸੂਚਨਾ ਦੇ ਦਿੰਦਾ ਹੈ।

ਆਤਮ-ਵਿਸ਼ਵਾਸੀ ਵਿਅਕਤੀ ਡਰਦਾ ਨਹੀਂ, ਅੜਦਾ ਹੈ।

ਤਾਲਿਬਾਨਾਂ ਦੀਆਂ ਧਮਕੀਆਂ ਤੋਂ ਡਰ ਕੇ ਸੈਂਕੜੇ ਅਫਗਾਨਿਸਤਾਨੀ ਲੜਕੀਆਂ ਨੇ ਪੜ੍ਹਾਈ ਛੱਡ ਦਿੱਤੀ ਹੋਵੇਗੀ ਪਰ ਮਲਾਲਾ ਨੇ ਨਹੀਂ ਛੱਡੀ, ਕਿਉਂਕਿ ਉਸ ਵਿਚ ਆਤਮ-ਵਿਸ਼ਵਾਸ ਸੀ ਅਤੇ ਉਹ ਆਪਣੀ ਮੈਂ ਨੂੰ ਨਿਖਾਰਨਾ ਚਾਹੁੰਦੀ ਸੀ।

ਮੈਂ ਤੋਂ ਬਿਨਾਂ ਅਸੀਂ ਆਪਣੇ ਅਧਿਕਾਰਾਂ ਪ੍ਰਤੀ ਸੁਚੇਤ ਨਹੀਂ ਹੁੰਦੇ।

ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਸਾਡੇ ਦੇਸ਼ ਦੀ ਕਿਸੇ ਭਾਸ਼ਾ ਵਿਚ ਸੁਤੰਤਰਤਾ ਜਾਂ ਅਜ਼ਾਦੀ ਦੇ ਅਰਥਾਂ ਵਾਲਾ ਕੋਈ ਸ਼ਬਦ ਹੀ ਨਹੀਂ ਸੀ ਕਿਉਂਕਿ ਸਾਨੂੰ ਸੁਤੰਤਰਤਾ ਦੀ ਸੋਝੀ ਹੀ ਨਹੀਂ ਸੀ। ਸੁਤੰਤਰਤਾ ਦੇ ਸੰਕਲਪ ਦੀ ਸੋਝੀ ਸਾਨੂੰ ਅੰਗਰੇਜ਼ਾਂ ਦੀ ਲਾਗੂ

ਕੀਤੀ ਸਿੱਖਿਆ ਪ੍ਰਣਾਲੀ ਨਾਲ ਹੋਈ ਅਤੇ ਅਸੀਂ ਸਵਰਾਜ ਸ਼ਬਦ ਵਰਤਣਾ ਅਰੰਭ ਕੀਤਾ, ਜਿਸ ਦਾ ਅਰਥ ਸੀ ਆਪਣੇ ਭਵਿੱਖ ਦੇ ਫੈਸਲੇ ਅਸੀਂ ਆਪ ਕਰਾਂਗੇ।

ਅਜ਼ਾਦੀ ਦੀ ਸੋਝੀ ਸਾਡੇ ਫੌਜੀ ਜਵਾਨਾਂ ਨੂੰ ਪਹਿਲੇ ਵਿਸ਼ਵ ਯੁੱਧ ਦੌਰਾਨ ਵਿਦੇਸ਼ੀ ਮੋਰਚਿਆਂ 'ਤੇ ਲੜਦਿਆਂ ਹੋਈ ਅਤੇ ਇਸ ਅਜ਼ਾਦੀ ਲਈ ਆਤਮ-ਵਿਸ਼ਵਾਸੀ ਗਦਰੀ ਬਾਬਿਆਂ ਨੇ ਕੁਰਬਾਨੀਆਂ ਕੀਤੀਆਂ।

ਦੇਸ਼ ਭਰ ਵਿਚ ਅਜ਼ਾਦੀ ਦੀ ਚੇਤਨਾ ਭਗਤ ਸਿੰਘ ਨੇ ਜਗਾਈ ਅਤੇ ਅਸੀਂ ਆਪਣੇ ਦੇਸ਼ ਨੂੰ ਅਜ਼ਾਦ ਕਰਵਾਉਣ ਲਈ ਲੰਮੇ ਸੰਘਰਸ਼ ਦਾ ਬੀੜਾ ਚੁੱਕਿਆ।

ਆਤਮ-ਵਿਸ਼ਵਾਸ ਦੀ ਜਾਗ ਤਾਂ ਪਰਿਵਾਰ ਵਿਚ ਲੱਗਦੀ ਹੈ ਪਰ ਇਸ ਦੀ ਰੂਪ-ਰੇਖਾ ਅਕਸਰ ਸਕੂਲ ਵਿਚ ਨਿਖਰਦੀ ਹੈ।

ਉਂਜ ਇਹ ਕਿਧਰੇ ਵੀ ਉਸਰ ਸਕਦੀ ਹੈ ਪਰ ਸਕੂਲ ਵਿਚ ਇਹ ਸਹੀ ਢੰਗ ਨਾਲ ਉਸਰਦੀ ਹੈ, ਜਿੱਥੇ ਅਸੀਂ ਲੰਮਾ ਅਰਸਾ ਆਪਣੇ ਵਰਗਿਆਂ, ਆਪਣੇ ਤੋਂ ਵੱਡਿਆਂ ਅਤੇ ਛੋਟਿਆਂ ਦੇ ਸੰਪਰਕ ਵਿਚ ਆਉਂਦੇ ਹਾਂ ਅਤੇ ਆਪਣੀ ਮੈਂ ਪ੍ਰਤੀ ਸੁਚੇਤ ਹੁੰਦੇ ਹਾਂ ਅਤੇ ਹੋਰਾਂ ਦੀ ਹੋਂਦ ਨੂੰ ਪਸੰਦ ਅਤੇ ਨਾਪਸੰਦ ਕਰਦੇ ਹਾਂ।

ਇਹ ਨਿਖਰੇਗੀ ਤਾਂ ਜੇ ਸਕੂਲ ਵਿਚ ਪੜ੍ਹਾਈ ਅਤੇ ਖੇਡਾਂ ਵਿਚ, ਅਨੁਸ਼ਾਸਨ ਹੋਵੇਗਾ ਅਤੇ ਸਕੂਲ ਖੁੱਲ੍ਹਾ-ਡੁੱਲ੍ਹਾ ਹੋਵੇਗਾ।

ਅਜੋਕੇ ਸੰਸਾਰ ਵਿਚ ਅਨਪੜ੍ਹ ਵਿਅਕਤੀ ਲਈ ਕੋਈ ਥਾਂ ਨਹੀਂ।

ਮਨੁੱਖ ਦਾ ਬੁਨਿਆਦੀ ਚਰਿੱਤਰ, ਆਦਤਾਂ, ਚੱਜ-ਆਚਾਰ, ਜੀਵਨ-ਦ੍ਰਿਸ਼ਟੀਕੋਣ ਆਦਿ ਸਾਰੇ ਪੱਖ, ਅਠਾਰ੍ਹਾਂ ਸਾਲ ਦੀ ਉਮਰ ਤੱਕ ਉਸਰ ਜਾਂਦੇ ਹਨ।

ਜਿਸ ਵਿਅਕਤੀ ਨੂੰ ਸਮਾਂ, ਸਰਮਾਇਆ ਅਤੇ ਸਰੀਰਕ ਸ਼ਕਤੀ ਵਰਤਣ ਦੀ ਜਾਚ ਆ ਜਾਵੇ, ਉਸ ਵਿਚ ਆਤਮ-ਵਿਸ਼ਵਾਸ ਦਾ ਗੁਣ ਵੀ ਆ ਜਾਂਦਾ ਹੈ।

ਸਾਡੀ ਮੈਂ ਕਿਤਨੀ ਸ਼ਕਤੀਸ਼ਾਲੀ ਹੋਵੇਗੀ, ਇਹ ਸਾਡੇ ਦੇਸ਼ ਜਾਂ ਕੌਮ ਦੀ ਆਰਥਿਕ ਅਤੇ ਰਾਜਨੀਤਕ ਸ਼ਕਤੀ 'ਤੇ ਵੀ ਨਿਰਭਰ ਕਰਦਾ ਹੈ।

ਅਸੀਂ ਆਪਣੇ ਦੇਸ਼ ਨੂੰ ਭਾਰਤ-ਮਾਤਾ ਬਣਾ ਕੇ ਜਰਮਨੀ, ਇੰਗਲੈਂਡ, ਫਰਾਂਸ, ਅਮਰੀਕਾ, ਰੂਸ ਆਦਿ ਪਿਤਾ-ਦੇਸ਼ਾਂ ਵਾਲੇ ਸੰਸਾਰ ਵਿਚ, ਇਸ ਦੀ ਸਥਿਤੀ ਕਮਜ਼ੋਰ ਅਤੇ ਡਾਵਾਂ-ਡੋਲ ਕਰ ਦਿੱਤੀ ਹੈ।

ਅਸੀਂ ਪਿਤਾ ਵਾਲੇ ਕਰਤੱਵ ਮਾਤਾ ਨੂੰ ਪਾਲਣ ਲਈ ਦਿੱਤੇ ਹੋਏ ਹਨ।

ਭਾਰਤ-ਮਾਤਾ ਸਾਡੀ ਕੀ ਰੱਖਿਆ ਕਰੇਗੀ? ਮਾਤਾ ਨੂੰ ਤਾਂ ਆਪ ਰੱਖਿਆ ਦੀ ਲੋੜ ਹੁੰਦੀ ਹੈ। ਅੰਧ-ਵਿਸ਼ਵਾਸਾਂ ਦੇ ਲੜ ਲੱਗ ਕੇ ਅਸੀਂ ਆਪਣੀ ਜ਼ਿੰਮੇਵਾਰੀ ਆਪ ਚੁਕਣ ਵਾਲੇ ਆਤਮ-ਵਿਸ਼ਵਾਸੀ ਨਹੀਂ ਬਣ ਸਕਦੇ।

ਜੇ ਅਸੀਂ ਇਹੀ ਉਪਦੇਸ਼ ਦਿੰਦੇ ਰਹੇ ਕਿ ਅਮੀਰਾਂ ਨੂੰ ਗਰੀਬਾਂ ਦੀ ਮਦਦ ਕਰਨੀ ਚਾਹੀਦੀ ਹੈ ਤਾਂ ਇਸ ਢੰਗ ਨਾਲ ਗਰੀਬੀ ਕਦੇ ਨਹੀਂ ਮੁੱਕੇਗੀ।

ਗਰੀਬਾਂ ਨੂੰ ਅਮੀਰ ਆਪਣੇ ਯਤਨਾਂ ਨਾਲ ਬਣਨਾ ਪਏਗਾ।

ਸਾਡੇ ਦੇਸ਼ ਦੀਆਂ ਅਨੇਕਾਂ ਪਰੰਪਰਾਵਾਂ ਭਾਰਤ ਵਾਸੀਆਂ ਵਿਚ ਆਤਮ-ਵਿਸ਼ਵਾਸ ਉਪਜਣ ਨਹੀਂ ਦੇ ਰਹੀਆਂ।

ਕਰਮ-ਕਾਂਡ ਕੁਝ ਸੋਚਣ ਅਤੇ ਕਰਨ ਦੀ ਸਮਰੱਥਾ ਨਹੀਂ ਉਪਜਣ ਦਿੰਦਾ।

ਸਾਡੇ ਦੇਸ਼ ਵਿਚ ਕੋਈ-ਕੋਈ ਹੀ ਸੁਤੰਤਰ ਵਿਅਕਤੀ ਵਾਂਗ ਸੋਚਦਾ ਹੈ, ਮੁੱਖ ਰੂਪ ਵਿਚ ਅਸੀਂ ਸਾਰੇ ਵਿਸ਼ਾਲ ਭੀੜ ਦਾ ਭਾਗ ਹਾਂ।

ਜਦੋਂ ਮੈਂ ਆਪਣੀ ਚੂਲ ਤੋਂ ਹਿੱਲ ਜਾਵੇ ਤਾਂ ਇਹ ਜ਼ਿੱਦ ਅਤੇ ਆਕੜ ਬਣ ਜਾਂਦੀ ਹੈ। ਆਕੜ ਅਕਸਰ ਆਪਣੀ ਮੂਰਖਤਾ ਅਤੇ ਅਯੋਗਤਾ ਨੂੰ ਛੁਪਾਉਣ ਦਾ ਉਪਰਾਲਾ ਹੁੰਦੀ ਹੈ। ਅਣਖ ਅਤੇ ਦ੍ਰਿੜ੍ਹਤਾ ਵਾਲਾ ਸੁਭਾਉ ਵੀ ਆਕੜ ਅਤੇ ਜ਼ਿੱਦ ਵਾਲਾ ਹੁੰਦਾ ਹੈ ਪਰ ਸਥਿਤੀ ਨਿਰਣਾ ਕਰਦੀ ਹੈ ਕਿ ਇਹ ਅਣਖ ਹੈ ਕਿ ਜ਼ਿੱਦ, ਦ੍ਰਿੜ੍ਹਤਾ ਹੈ ਕਿ ਆਕੜ।

ਸਾਡੀ ਮੈਂ ਰੇਸ਼ਮ ਵਾਂਗੂ ਕੂਲੀ ਹੋਣੀ ਚਾਹੀਦੀ ਹੈ, ਤਿੱਖੀ ਅਤੇ ਚੁੱਭਵੀ ਨਹੀਂ। ਇਹ ਸੁਭਾਵਕ ਅਤੇ ਸਧਾਰਨ ਹੋਣੀ ਚਾਹੀਦੀ ਹੈ, ਵਿਸ਼ੇਸ਼ ਨਹੀਂ।

ਸਾਡਾ ਸੁਭਾਓ ਨਾਰੀਅਲ ਵਾਲਾ ਹੋਣਾ ਚਾਹੀਦਾ ਹੈ, ਬਾਹਰੋਂ ਪੀਡਾ ਅਤੇ ਮਜ਼ਬੂਤ, ਅੰਦਰੋਂ ਨਰਮ ਅਤੇ ਨਿਮਰ।

ਆਪਣੀ ਮੈਂ ਨੂੰ ਬੋਝਲ ਅਤੇ ਭਾਰੂ ਨਹੀਂ ਬਣਨ ਦੇਣਾ ਚਾਹੀਦਾ।

ਆਪਣਾ ਮਹੱਤਵ ਪਛਾਣੋ, ਆਪਣਾ ਮਹੱਤਵ ਆਪਣੇ ਕਾਰਜਾਂ ਨਾਲ ਸਥਾਪਤ ਕਰੋ। ਇਹ ਨਾ ਕਹੋ ਕਿ ਮੈਂ ਇਹ ਕੰਮ ਕਰਨ ਦਾ ਯਤਨ ਕਰਾਂਗਾ, ਸਗੋਂ ਦ੍ਰਿੜ੍ਹਤਾ ਨਾਲ ਕਹੋ ਕਿ ਹਾਂ, ਇਹ ਕੰਮ ਮੈਂ ਕਰਾਂਗਾ, ਮੈਂ ਹੀ ਕਰਾਂਗਾ।

ਆਪਣੇ ਬਾਰੇ ਹਰ ਵੇਲੇ ਸੁਚੇਤ ਰਹਿਣਾ, ਅਕਾਊ ਅਤੇ ਥਕਾਊ ਹੁੰਦਾ ਹੈ।

ਦਿਨ ਵਿਚ ਕੁਝ ਪਲ, ਆਪਣੀ ਮੈਂ ਨੂੰ ਭੁੱਲ ਕੇ ਆਪਣੀ ਮੌਜ ਵਿਚ ਵੀ ਜਿਊਣੇ ਚਾਹੀਦੇ ਹਨ।

ਪਤੀ-ਪਤਨੀ ਦੀ ਮੈਂ ਤੇਲ-ਪਾਣੀ ਵਾਂਗ ਵੱਖ-ਵੱਖ ਨਹੀਂ, ਦੁੱਧ-ਸ਼ੱਕਰ ਵਾਂਗ ਇਕ-ਮਿੱਕ ਹੋਣੀ ਚਾਹੀਦੀ ਹੈ।

ਕਦੇ-ਕਦੇ ਮਨੁੱਖ ਇਤਨਾ ਭੁਲੱਕੜ ਆਤਮ-ਵਿਸ਼ਵਾਸੀ ਹੋਣਾ ਚਾਹੀਦਾ ਹੈ ਕਿ ਉਹ ਆਪਣਾ ਨਾਂ ਵੀ ਭੁੱਲ ਜਾਵੇ, ਉਹ ਹਰ ਕਿਸੇ ਵਿਚ ਘੁਲ ਜਾਵੇ।

+ + +

ਮੰਗਣੇ ਦੀ ਮੁੰਦਰੀ

ਮੰਗਣੀ ਵਿਚ ਵਿਆਹ ਦਾ ਵਾਅਦਾ ਹੁੰਦਾ ਹੈ, ਜਿਸ ਵਿਚ ਇਕੱਲੇ ਤੋਂ ਇਕੱਠੇ ਹੋਣ ਦਾ ਸੁਪਨਾ, ਨਵੇਂ ਜੀਵਨ ਦੀ ਸ਼ੁਰੂਆਤ ਦਾ ਰੋਮਾਂਸ, ਨਵੀਂ ਜਾਤਰਾ 'ਤੇ ਰਲ ਕੇ ਨਿਕਲਣ ਦਾ ਅਹਿਸਾਸ ਅਤੇ ਇਕ-ਦੂਜੇ ਨੂੰ ਫਰੋਲਣ ਦੀ ਜਗਿਆਸਾ ਹੁੰਦੀ ਹੈ।

ਇਸ ਨਾਲ ਇਕ-ਦੂਜੇ ਬਾਰੇ ਸੋਚਣ ਦੀ ਮੌਜ ਮਾਣੀ ਜਾਂਦੀ ਹੈ ਅਤੇ ਇਕੋ ਵੇਲੇ ਸ਼ਰਮਾਉਣ, ਪ੍ਰਗਟਾਉਣ, ਵਿਖਾਉਣ ਅਤੇ ਲੁਕਾਉਣ ਦੀ ਇੱਛਾ ਜਾਗਦੀ ਹੈ।

ਮੰਗਣੀ ਦੀ ਰਸਮ ਉਪਰੰਤ ਦੋਹਾਂ ਵਿਚ ਇਕ-ਦੂਜੇ ਉੱਤੇ, ਅਧਿਕਾਰ ਵਾਲੀ ਨਿੱਘੀ ਦੋਸਤੀ ਦੇ ਸਾਰੇ ਲੱਛਣ ਪ੍ਰਗਟ ਹੁੰਦੇ ਹਨ।

ਮੰਗਣੀ ਨਾਲ ਦੋਹਾਂ ਦੇ ਸਾਰੇ ਸਰੀਰਕ ਸਵਾਦ ਜਾਗ ਪੈਂਦੇ ਹਨ। ਇਸ ਵੇਲੇ ਦੋਹਾਂ ਨੂੰ ਗੁਲਾਬ ਯਾਦ ਆਉਂਦਾ ਹੈ। ਇਹ ਘਟਨਾ ਜਵਾਨੀ ਵਿਚ ਵਾਪਰਦੀ ਹੈ। ਜਵਾਨੀ ਸੁਪਨਿਆਂ ਦਾ ਯੁੱਗ ਹੁੰਦਾ ਹੈ, ਇਹ ਦਿਖਾਵੇ ਦੀ ਉਮਰ ਹੁੰਦੀ ਹੈ, ਕਿਉਂਕਿ ਦਿਖਾਉਣ-ਵੇਖਣ ਵਾਲਾ ਹੁੰਦਾ ਬਹੁਤ ਕੁਝ ਹੈ। ਇੰਜ ਲੱਗਦਾ ਹੈ, ਜਿਸ ਦੀ ਉਡੀਕ ਸੀ, ਉਹ ਆ ਗਿਆ ਹੈ; ਜਿਸ ਦੀ ਤਲਾਸ਼ ਸੀ, ਉਹ ਲੱਭ ਪਈ ਹੈ।

ਗੂੜ੍ਹੇ ਰੰਗਾਂ ਵਾਲੀ ਇਹ ਸਥਿਤੀ ਦੋਹਾਂ ਵਿਚ ਸ਼ਿੱਦਤ ਅਤੇ ਉਤਸ਼ਾਹ ਭਰ ਦਿੰਦੀ ਹੈ ਅਤੇ ਇਹ ਜੀਵਨ ਦੀ ਅਨਮੋਲ ਅਤੇ ਯਾਦਗਾਰੀ ਘੜੀ ਬਣ ਜਾਂਦੀ ਹੈ। ਪੁਰਸ਼ ਸਮਝਦਾ ਹੈ, ਜਿਵੇਂ ਉਸ ਦੀ ਮੰਗੇਤਰ ਰੋਜ਼-ਗਾਰਡਨ ਹੈ। ਇਸਤਰੀ ਸਮਝਦੀ ਹੈ ਉਸ ਦਾ ਮੰਗੇਤਰ ਸੁਖਨਾ-ਝੀਲ ਹੈ। ਇੰਜ ਲੱਗਦਾ ਹੈ ਜਿਵੇਂ ਨਦੀ ਨੂੰ ਪਹਾੜ ਨਾਲ ਪਿਆਰ ਹੋ ਗਿਆ ਹੋਵੇ।

ਮੰਗੇਤਰ ਇਕ-ਦੂਜੇ ਨੂੰ ਵਿਸ਼ੇਸ਼ ਢੰਗ ਨਾਲ ਨਿਹਾਰਦੇ ਹਨ। ਇਹ ਵਿਸ਼ੇਸ਼ਤਾ ਹੀ ਨਵੇਂ ਰਿਸ਼ਤੇ ਦੀ ਖਿੱਚ ਅਤੇ ਪ੍ਰਸੰਨਤਾ ਦਾ ਸਰੋਤ ਬਣਦੀ ਹੈ।

ਇਸਤਰੀ ਅਤੇ ਪੁਰਸ਼ ਵਲੋਂ ਜੀਵਨ ਭਰ ਸਾਥ ਨਿਭਾਉਣ ਦੇ ਵਾਅਦੇ ਦਾ ਸਥੂਲ ਪ੍ਰਮਾਣ, ਮੰਗਣੇ ਦੀ ਰਸਮ ਹੁੰਦੀ ਹੈ ਅਤੇ ਮੰਗਣੇ ਦੀ ਮੁੰਦਰੀ ਇਸ ਵਾਅਦੇ ਦਾ ਸਬੂਤ ਹੁੰਦੀ ਹੈ ਕਿ ਹੁਣ ਸਾਡੇ ਸੁੱਖ-ਦੁੱਖ ਸਾਂਝੇ ਹਨ।

ਇਸ ਨੂੰ ਪਹਿਨਣ ਲਈ ਆਪਣਾ ਹੱਥ ਅੱਗੇ ਕਰਨ ਨਾਲ, ਇਸਤਰੀ ਆਪਣੀ ਜ਼ਿੰਦਗੀ ਦਾ ਸਭ ਤੋਂ ਵੱਡਾ ਫੈਸਲਾ ਕਰ ਰਹੀ ਹੁੰਦੀ ਹੈ।

ਇਸ ਮੁੰਦਰੀ ਨੂੰ ਪਹਿਨਣ ਉਪਰੰਤ ਕੇਵਲ ਮੁੰਦਰੀ ਹੀ ਉਸ ਦੀ ਹੁੰਦੀ ਹੈ, ਬਾਕੀ ਸਭ ਕੁਝ ਕਿਸੇ ਹੋਰ ਲਈ ਹੋ ਜਾਂਦਾ ਹੈ।

ਪਹਿਨੀ ਹੋਈ ਮੁੰਦਰੀ ਨੂੰ ਵੇਖ ਕੇ 'ਉਸ' ਦੀ ਕਲਪਨਾ ਜਾਗਦੀ ਹੈ, ਬੜੇ ਖਿਆਲ ਆਉਂਦੇ ਹਨ, ਬੜੀਆਂ ਗੱਲਾਂ ਅਹੁੜਦੀਆਂ ਹਨ, ਉਹ ਅਕਸਰ ਮੁੰਦਰੀ ਨਾਲ ਹੀ ਵਾਰਤਾਲਾਪ ਕਰਨ ਲੱਗ ਪੈਂਦੀ ਹੈ। ਇਹ ਵਾਰਤਾਰਾ ਇਕੋ ਵੇਲੇ ਸਭ ਕੁਝ ਗੁਆਚਣ ਅਤੇ ਗੁਆਚੇ ਨਾਲੋਂ, ਵਧੇਰੇ ਲੱਭ ਪੈਣ ਦਾ ਅਨੁਭਵ ਬਣ ਜਾਂਦਾ ਹੈ।

ਕਈਆਂ ਨੂੰ ਮੰਗਣੀ ਨਸੀਬ ਹੀ ਨਹੀਂ ਹੁੰਦੀ। ਕਈਆਂ ਨੂੰ ਮੁੰਦਰੀ ਪਹਿਨਾਉਣ ਵਾਲਾ ਹੀ ਨਹੀਂ ਮਿਲਦਾ, ਕਈਆਂ ਦੀ ਇਹ ਵਾਪਸ ਹੋ ਜਾਂਦੀ ਹੈ।

ਕਈਆਂ ਦੀ ਮੰਗਣੀ ਤਾਂ ਹੋ ਜਾਂਦੀ ਹੈ ਪਰ ਇਹ ਵਿਆਹ ਨਹੀਂ ਬਣਦੀ।

ਕਈਆਂ ਦੀ ਕਲਪਨਾ ਮੰਗਣੇ 'ਤੇ ਹੀ ਰੁਕੀ ਰਹਿੰਦੀ ਹੈ।

ਜੇ ਵਿਆਹ ਟੁੱਟ ਜਾਵੇ ਤਾਂ ਮੰਗਣੀ ਦੀ ਯਾਦ ਵੀ ਮਿਟ ਜਾਂਦੀ ਹੈ। ਮੰਗਣੀ ਉਪਰੰਤ, ਵਿਆਹ ਨੂੰ ਸੰਭਵ, ਸਫਲ, ਸੁਹਾਵਣਾ ਅਤੇ ਹੰਢਣਸਾਰ ਬਣਾਉਣ ਲਈ ਇਸਤਰੀ ਸਭ ਕੁਝ ਕਰਨ ਲਈ ਤਿਆਰ ਹੋ ਜਾਂਦੀ ਹੈ। ਮੰਗਣੀ ਦਾ ਮਹੱਤਵ ਇਸਤਰੀ ਲਈ ਵਧੇਰੇ ਹੁੰਦਾ ਹੈ, ਕਿਉਂਕਿ ਇਸ ਅਵਸਰ ਅਤੇ ਸਮਾਗਮ ਲਈ, ਉਸ ਨੇ ਕਈ ਵਾਰ ਸੋਚਿਆ ਅਤੇ ਕਈ ਸਾਲ ਉਡੀਕਿਆ ਹੁੰਦਾ ਹੈ।

ਪੁਰਸ਼ ਨਹੀਂ ਜਾਣ ਸਕਦਾ ਕਿ ਇਸਤਰੀ ਨੇ ਸੁਪਨਿਆਂ ਵਿਚ ਕੀ-ਕੀ ਸਾਂਭਿਆ ਹੁੰਦਾ ਹੈ। ਉਸ ਦੀ ਕਲਪਨਾ ਨੇ ਕਿਹੜੀਆਂ ਉਡਾਰੀਆਂ ਲਾਈਆਂ ਹੁੰਦੀਆਂ ਹਨ ਅਤੇ ਉਸ ਨੇ ਆਪਣੇ ਚੰਨ ਲਈ ਕਿਹੜੇ-ਕਿਹੜੇ ਤੋਹਫ਼ੇ ਤਿਆਰ ਕੀਤੇ ਹੁੰਦੇ ਹਨ।

ਇਵੇਂ ਮੰਗਣੀ ਇਕ ਨਾਜ਼ਕ ਮਸਲਾ ਹੈ ਕਿਉਂਕਿ ਕਿਸੇ ਨੇ ਸਾਰੇ ਸੰਸਾਰ ਵਿਚੋਂ ਸਾਡੀ ਚੋਣ ਕਰਨ ਦੀ ਸਿਆਣਪ ਕੀਤੀ ਹੁੰਦੀ ਹੈ।

ਇਸਤਰੀ-ਪੁਰਸ਼ ਦੋਵੇਂ ਵੱਖਰੇ ਹੁੰਦਿਆਂ ਆਪਣੇ ਆਪ ਨੂੰ ਨਹੀਂ ਸਮਝ ਸਕਦੇ। ਉਹ ਅਜਿਹਾ ਸਾਥ ਚਾਹੁੰਦੇ ਹਨ, ਜਿਹੜਾ ਉਨ੍ਹਾਂ ਨੂੰ ਸਮਝਣ ਦਾ ਸੁਹਿਰਦ ਉਪਰਾਲਾ ਕਰੇ। ਮੰਗਣੀ ਉਪਰੰਤ, ਇਸਤਰੀ ਪੁਰਸ਼ ਦੇ ਦਿਲ ਦੀ ਰਖਵਾਲੀ ਕਰਨ ਲੱਗ ਪੈਂਦੀ ਹੈ ਅਤੇ ਪੁਰਸ਼, ਇਸਤਰੀ ਲਈ ਸੁੱਖਾਂ ਦੇ ਵਸੀਲੇ ਜੁਟਾਉਣ ਲੱਗ ਪੈਂਦਾ ਹੈ।

ਇਸਤਰੀ, ਪੁਰਸ਼ ਨੂੰ ਆਪਣੇ ਦਿਲ ਦੇ ਖਜ਼ਾਨਿਆਂ ਦੀ ਸੂਹ ਦਿੰਦੀ ਹੈ ਅਤੇ ਲੁੱਟ-ਮਾਰ ਕਰਨ ਲਈ ਉਕਸਾਉਂਦੀ ਹੈ। ਦੋਵੇਂ ਆਪਣੀ ਜ਼ਿਮੇਵਾਰੀ, ਦੂਜੇ ਨੂੰ ਸੰਭਾਲ ਕੇ ਕਹਿੰਦੇ ਹਨ: ਬਸ, ਹੁਣ ਤੂੰ ਹੀ ਮੇਰਾ ਇਲਾਜ ਹੈਂ।

ਉਂਜ ਤਾਂ ਜਵਾਨੀ ਵਿਚ ਹਰ ਲੜਕੀ ਨੂੰ ਹਰ ਸਿਆਣੇ ਲੜਕੇ ਵਿਚੋਂ, ਆਪਣਾ ਹੋਣਹਾਰ ਜੀਵਨਸਾਥੀ ਦਿਸਦਾ ਹੈ ਅਤੇ ਹਰ ਜਵਾਨ ਨੂੰ, ਸੋਹਣੀ ਮੁਟਿਆਰ ਵਿਚੋਂ ਮਨਮੋਹਕ ਪਤਨੀ ਦਿਸਣ ਲੱਗ ਪੈਂਦੀ ਹੈ ਪਰ ਕਿਸੇ ਨੂੰ ਆਪਣੇ ਨਾਲ ਵਿਆਹ ਲਈ ਯੋਗ ਸਮਝਣਾ, ਸੌਖਾ ਕਾਰਜ ਨਹੀਂ ਹੁੰਦਾ।

ਲੜਕੇ ਦੀਆਂ ਅੱਖਾਂ ਨੂੰ ਜੱਚਣ ਵਾਲੀਆਂ ਕਈ ਲੜਕੀਆਂ ਮਿਲਦੀਆਂ ਹਨ ਪਰ ਪਤਨੀ ਤਾਂ ਦਿਲ ਨੂੰ ਛੂਹਣ ਵਾਲੀ ਨੇ ਹੀ ਬਣਨਾ ਹੁੰਦਾ ਹੈ।

ਲੜਕੀ ਨੂੰ ਲੜਕੇ ਤਾਂ ਸੈਂਕੜੇ ਦਿਸਦੇ ਹਨ ਪਰ ਉਹ ਕੋਈ ਨਹੀਂ ਦਿਸਦਾ, ਜਿਸ ਨੂੰ ਪਤੀ ਸਵੀਕਾਰਿਆ ਜਾ ਸਕੇ।

ਉਂਜ ਤਾਂ ਜਵਾਨਾਂ ਅਤੇ ਮੁਟਿਆਰਾਂ ਦੀ ਭਰਮਾਰ ਹੁੰਦੀ ਹੈ ਪਰ ਕੋਈ ਵੱਖਰੀ ਅਤੇ ਨਿਵੇਕਲੀ, ਕੋਈ ਉੱਚਾ ਅਤੇ ਲੰਮਾ ਨਜ਼ਰ ਨਹੀਂ ਆਉਂਦਾ।

ਇਕ ਕਾਰਨ ਇਹ ਹੁੰਦਾ ਹੈ ਕਿ ਵਿਆਹ ਲਈ ਚੋਣ ਕਰਨ ਵੇਲੇ ਅਸੀਂ ਵੱਖਰੇ ਪੈਮਾਨੇ ਵਰਤਦੇ ਹਾਂ। ਹਰ ਕਿਸੇ ਦੇ ਮਨ ਵਿਚ ਇਕ ਨਿਰਾਲੀ ਪਸੰਦ ਬੈਠੀ ਹੁੰਦੀ ਹੈ। ਕਿਸੇ ਅਜਿਹੇ ਦੀ ਉਡੀਕ ਹੁੰਦੀ ਹੈ, ਜਿਹੜਾ ਕਲਪਨਾ ਨਾਲ ਮੇਲ ਖਾਵੇ, ਜਿਹੜੀ ਜਜ਼ਬਿਆਂ ਨੂੰ ਲਾਂਬੂ ਲਾਵੇ।

ਜਿਹੜੀ ਆਪ ਚੰਨ ਲੱਗੇ ਜਾਂ ਜਿਸ ਵਰਗਾ ਚੰਨ ਲੱਗੇ।

ਵਿਆਹ ਲਈ ਚੋਣ ਦੇ ਆਧਾਰ ਹਰ ਕਿਸੇ ਦੇ ਵੱਖਰੇ ਹੁੰਦੇ ਹਨ।

ਇਕ ਸੁੰਦਰ ਅਤੇ ਯੋਗ ਧੀ ਲਈ ਵਰ ਦੀ ਚੋਣ ਕਰਨ ਵਾਸਤੇ, ਪਿਤਾ ਨੇ, ਜਿਨ੍ਹਾਂ ਦੇ ਰਿਸ਼ਤੇ ਆਏ ਸਨ, ਉਨ੍ਹਾਂ ਸਾਰਿਆਂ ਨੂੰ ਇਕ ਦਿਨ ਵਿਸ਼ੇਸ਼ ਸਮਾਗਮ 'ਤੇ ਆਪਣੇ ਘਰ ਬੁਲਾਇਆ। ਕੋਈ ਸੰਗੀਤਕਾਰ ਸੀ, ਕੋਈ ਕਾਰਖਾਨੇਦਾਰ ਸੀ, ਕੋਈ ਦੁਨੀਆਂ ਘੁੰਮਿਆ ਹੋਇਆ ਸੀ, ਕੋਈ ਚਿੱਤਰਕਾਰ ਸੀ, ਕੋਈ ਡਾਕਟਰ ਸੀ, ਕੋਈ ਵਕੀਲ ਸੀ, ਪਰ ਉਹ ਸਾਰੇ ਲੜਕੀ ਅੱਗੇ ਝੁੱਕ ਕੇ ਗੱਲ ਕਰਦੇ ਸਨ।

ਲੜਕੀ ਨੇ ਸਵੈਮਾਣ ਨਾਲ ਸਿੱਧੇ ਖਲੋਤੇ ਫੌਜੀ ਅਫਸਰ ਨੂੰ ਚੁਣਿਆ ਅਤੇ ਚੋਣ ਦਾ ਕਾਰਨ ਦਸਦਿਆਂ ਕਿਹਾ: ਮੈਨੂੰ ਝੁੱਕਣ ਵਾਲੇ ਪੁਰਸ਼ ਚੰਗੇ ਨਹੀਂ ਲੱਗਦੇ, ਮੈਂ ਚਾਹੁੰਦੀ ਹਾਂ ਮੇਰਾ ਪਤੀ ਅਜਿਹਾ ਹੋਵੇ, ਜਿਸ ਅੱਗੇ ਮੈਨੂੰ ਝੁਕਣਾ ਚੰਗਾ ਲੱਗੇ।

ਵਿਆਹ ਸੰਬੰਧੀ ਹਰ ਕਿਸੇ ਦੀ ਤਰਜੀਹ ਵੱਖਰੀ, ਵੱਖਰੇ ਤਰਕ ਵਾਲੀ ਹੁੰਦੀ ਹੈ। ਟਾਲਸਟਾਏ ਦੀ ਸੱਸ ਆਪਣੀ ਸਭ ਤੋਂ ਵੱਡੀ ਧੀ, ਉਸ ਨਾਲ ਵਿਆਹੁਣਾ ਚਾਹੁੰਦੀ ਸੀ ਪਰ ਟਾਲਸਟਾਏ ਨੇ ਸਭ ਤੋਂ ਛੋਟੀ ਧੀ ਨਾਲ ਵਿਆਹ ਕਰਵਾਇਆ।

ਇਕ ਵਾਰੀ ਤਿੰਨ ਭੈਣਾਂ ਵਿਚੋਂ ਸਭ ਤੋਂ ਛੋਟੀ ਦੀ ਮੰਗਣੀ ਹੋ ਗਈ। ਉਸ ਨੇ ਸੋਚਿਆ, ਬਾਕੀ ਦੋਵੇਂ ਰਹਿ ਜਾਣਗੀਆਂ, ਉਹ ਦੋਹਾਂ ਵਾਸਤੇ, ਕਈ ਮਹੀਨੇ ਆਪਣਾ ਵਿਆਹ ਮੁਲਤਵੀ ਕਰਕੇ, ਵਰ ਲੱਭਦੀ ਰਹੀ ਅਤੇ ਉਸ ਦੇ ਇਸ ਯਤਨ ਵਿਚ, ਉਸ ਦੀ ਆਪਣੀ ਮੰਗਣੀ ਵੀ ਟੁੱਟ ਗਈ।

ਮੰਗਣੇ ਵਰਗੀ ਰਸਮ ਅਤੇ ਮੁੰਦਰੀ ਪਹਿਨਣ ਦਾ ਰਿਵਾਜ ਪੁਰਾਤਨ ਯੁੱਗ ਵਿਚ ਮਿਸਰ, ਰੋਮ ਅਤੇ ਯੂਨਾਨ ਦੇ ਰਾਜ-ਘਰਾਣਿਆਂ ਵਿਚ ਅਰੰਭ ਹੋਇਆ ਸੀ।

ਭਾਰਤ ਵਿਚ ਰੋਕ ਜਾਂ ਠਾਕੇ ਆਦਿ ਦੀ ਰਸਮ ਤਾਂ ਸੀ ਪਰ ਮੰਗਣੀ ਦੀ ਰਸਮ ਅਤੇ ਮੁੰਦਰੀ ਪਹਿਨਣ-ਪਹਿਨਾਉਣ ਦਾ ਰਿਵਾਜ ਪੱਛਮ ਵਿਚੋਂ ਆਇਆ ਹੈ ਅਤੇ ਇਹ ਸ਼ਹਿਰਾਂ ਤੋਂ ਪਿੰਡਾਂ ਵੱਲ ਫੈਲਿਆ ਹੈ।

ਪਹਿਲਾਂ ਮੁੰਦਰੀ ਸਾਦੀ ਹੁੰਦੀ ਸੀ, ਚਾਂਦੀ ਜਾਂ ਤਾਂਬੇ ਦੀ। ਫਿਰ ਸੋਨੇ ਦੀ ਮੁੰਦਰੀ ਦਾ ਰਿਵਾਜ ਪਿਆ। ਅੱਜਕਲ੍ਹ ਹੀਰਿਆਂ ਵਾਲੀ ਮੁੰਦਰੀ ਦਾ ਰਿਵਾਜ ਹੈ।

ਵੱਖ-ਵੱਖ ਸਭਿਆਚਾਰਾਂ ਵਿਚ ਇਹ ਅਕਸਰ ਸੱਜੇ ਅਤੇ ਕਿਧਰੇ ਖੱਬੇ ਹੱਥ ਦੀ ਵਿਚਕਾਰਲੀ ਜਾਂ ਅਖੀਰਲੀ ਤੋਂ ਪਹਿਲੀ ਉਂਗਲ ਵਿਚ ਪਾਈ ਜਾਂਦੀ ਹੈ।

ਸਰਾਫ਼ਾਂ ਨੇ ਮਨਘੜਤ ਤਰਕ ਸਿਰਜਿਆ ਹੈ ਕਿ ਇਸ ਉਂਗਲ ਦਾ ਦਿਲ ਨਾਲ ਸਿੱਧਾ ਸੰਬੰਧ ਹੈ। ਸਰਾਫ਼ਾਂ ਵਲੋਂ ਹੀ ਇਸਤਰੀ-ਪੁਰਸ਼ ਦੋਹਾਂ ਵਲੋਂ ਇਕ-ਦੂਜੇ ਨੂੰ

ਮੁੰਦਰੀ ਪਹਿਨਾਉਣ ਦਾ ਰਿਵਾਜ ਪ੍ਰਚਲਿਤ ਕੀਤਾ ਗਿਆ ਹੈ।

ਮੰਗਣੇ ਦੀ ਮੁੰਦਰੀ ਪਾਉਂਦਾ ਪੁਰਸ਼ ਹੈ ਪਰ ਇਸ ਨੂੰ ਸਾਂਭਦੀ ਇਸਤਰੀ ਹੈ।

ਮੁੰਦਰੀ ਪਹਿਨਣ ਦਾ ਉਦੇਸ਼ ਇਹ ਹੁੰਦਾ ਹੈ ਕਿ ਜਿਸ ਇਸਤਰੀ ਨੇ ਮੁੰਦਰੀ ਪਹਿਨੀ ਹੋਵੇ, ਹੋਰ ਪੁਰਸ਼ ਉਸ ਨੂੰ ਵਿਆਹ ਦੀ ਪੇਸ਼ਕਸ਼ ਨਹੀਂ ਕਰਦੇ।

ਕਈ ਸਭਿਆਚਾਰਾਂ ਵਿਚ ਦੋ ਮੁੰਦਰੀਆਂ ਪਹਿਨਾਈਆਂ ਜਾਂਦੀਆਂ ਹਨ, ਆਮ ਦਿਨਾਂ ਲਈ ਤਾਂਬੇ ਦੀ ਅਤੇ ਵਿਸ਼ੇਸ਼ ਅਵਸਰਾਂ 'ਤੇ ਪਾਉਣ ਲਈ ਸੋਨੇ ਜਾਂ ਹੀਰੇ ਦੀ।

ਮੁੰਦਰੀ ਸਾਰਾ ਜੀਵਨ ਪਾਇਆ-ਸਾਂਭਿਆ ਜਾਣ ਵਾਲਾ ਇਕ ਮਾਤਰ ਗਹਿਣਾ ਹੁੰਦਾ ਹੈ, ਜਿਸ ਨੂੰ ਇਸਤਰੀ ਮਾਣ ਨਾਲ ਵਿਖਾਉਂਦੀ ਹੈ।

ਇਸਤਰੀ ਨੂੰ ਗਹਿਣੇ ਜੱਚਦੇ ਹਨ, ਜਦੋਂ ਕਿ ਛਾਪਾਂ-ਛੱਲਿਆਂ ਵਾਲਾ ਪੁਰਸ਼ ਜ਼ਨਾਨੜਾ ਸਮਝਿਆ ਜਾਂਦਾ ਹੈ। ਪਹਿਲਾਂ ਮੁੰਦਰੀ ਪਹਿਨਣ ਦੀ ਰਸਮ ਵਿਆਹ ਵੇਲੇ ਹੀ ਹੁੰਦੀ ਸੀ। ਤੇਰ੍ਹਵੀਂ-ਚੌਧਵੀਂ ਸਦੀ ਵਿਚ ਜਦੋਂ ਈਸਾਈ ਜਗਤ ਵਿਚ ਵਿਆਹ ਟੁੱਟਣ ਲੱਗੇ ਤਾਂ ਚਰਚ ਨੇ ਮੰਗਣੀ ਲਾਜ਼ਮੀ ਵੱਖਰੀ ਰਸਮ ਬਣਾ ਦਿੱਤੀ ਤਾਂ ਕਿ ਮੰਗਣੀ ਭਾਵੇਂ ਟੁੱਟ ਜਾਵੇ, ਵਿਆਹ ਨਹੀਂ ਟੁੱਟਣਾ ਚਾਹੀਦਾ।

ਅਜੋਕੇ ਸਮਿਆਂ ਵਿਚ ਵਿਆਹ ਸੰਬੰਧੀ ਕਈ ਪਰਿਵਰਤਨ ਵਾਪਰ ਰਹੇ ਹਨ। ਹੁਣ ਵਿਆਹ ਤੋਂ ਬਿਨਾਂ ਵੀ ਇਸਤਰੀ-ਪੁਰਸ਼ ਪਤੀ-ਪਤਨੀ ਵਜੋਂ ਰਲ ਕੇ ਰਹਿਣ ਲੱਗ ਪਏ ਹਨ। ਬ੍ਰਾਜ਼ੀਲ ਵਿਚ ਹੁਣ ਪਹਿਲਾਂ ਦੋ ਸਾਲ ਲਈ ਕੱਚਾ ਵਿਆਹ ਹੁੰਦਾ ਹੈ, ਜੇ ਇਹ ਚਲ ਜਾਵੇ ਤਾਂ ਵੀਹ ਸਾਲ ਦੀ ਮਿਆਦ ਵਾਲਾ ਪੱਕਾ ਵਿਆਹ ਹੁੰਦਾ ਹੈ। ਇਹ ਇਸ ਲਈ ਕੀਤਾ ਜਾਂਦਾ ਹੈ ਤਾਂ ਕਿ ਤਲਾਕ ਸੰਬੰਧੀ ਮੁਕੱਦਮੇਬਾਜ਼ੀ ਨਾ ਹੋਵੇ।

ਅਜੋਕੀ ਸਥਿਤੀ ਦੇ ਸੰਦਰਭ ਵਿਚ ਮੰਗਣੀ ਅਤੇ ਵਿਆਹ ਨੂੰ ਪਵਿੱਤਰ ਰਸਮਾਂ ਵਜੋਂ ਹੀ ਨਹੀਂ, ਇਨ੍ਹਾਂ ਨੂੰ ਵਿਹਾਰਕ ਪੱਖ ਤੋਂ ਵੀ ਵਿਚਾਰਨ ਦੀ ਲੋੜ ਹੈ। ਆਧੁਨਿਕ ਸਮਿਆਂ ਵਿਚ ਅਕਸਰ ਪਿਆਰ ਅੱਖਾਂ ਬੰਦ ਕਰਕੇ ਕੀਤਾ ਜਾਂਦਾ ਹੈ ਪਰ ਵਿਆਹ ਨਾਲ ਅੱਖਾਂ ਖੁੱਲ੍ਹ ਜਾਂਦੀਆਂ ਹਨ। ਮੰਗਣੀ ਕਰਵਾ ਕੇ ਆਪਣੇ ਆਪ ਨੂੰ ਸੰਪੂਰਨ ਸਮਝਣ ਵਾਲੇ ਇਸਤਰੀ ਅਤੇ ਪੁਰਸ਼ ਦੋਹਾਂ ਨੂੰ ਬੜੀ ਸ਼ਿੱਦਤ ਨਾਲ ਪਤਾ ਲੱਗਦਾ ਹੈ ਕਿ ਉਹ ਸੰਪੂਰਨ ਨਹੀਂ। ਸੰਪੂਰਨ ਹੋਣ ਦਾ ਅੱਧਾ ਭਰਮ ਤਾਂ ਮੰਗਣੀ ਉਪਰੰਤ ਅਤੇ ਵਿਆਹ ਤੋਂ ਪਹਿਲਾਂ ਦੂਰ ਹੋ ਜਾਂਦਾ ਹੈ, ਬਾਕੀ ਅੱਧਾ ਭਰਮ ਵਿਆਹ ਮਗਰੋਂ ਕੁਝ ਮਹੀਨਿਆਂ ਵਿਚ ਹੀ ਟੁੱਟ ਜਾਂਦਾ ਹੈ। ਦੋਵੇਂ ਮਹਿਸੂਸ ਕਰਦੇ ਹਨ ਕਿ ਇਹ ਉਹ ਨਹੀਂ, ਜੋ ਮੈਂ ਸਮਝਿਆ ਸੀ, ਇਹ ਉਵੇਂ ਨਹੀਂ, ਜਿਵੇਂ ਮੈਂ ਚਾਹਿਆ ਸੀ।

ਸੱਚ ਤਾਂ ਇਹ ਹੈ ਕਿ ਭਾਵਕ ਹੋਏ ਬਿਨਾਂ ਵਿਆਹ ਕਰਵਾਇਆ ਹੀ ਨਹੀਂ ਜਾ ਸਕਦਾ ਅਤੇ ਭਾਵਕ ਹੋ ਕੇ ਕੀਤੇ ਫੈਸਲੇ ਅਕਸਰ ਗਲਤ ਸਾਬਤ ਹੁੰਦੇ ਹਨ।

ਚਿੰਤਕ ਜਾਂ ਵਿਗਿਆਨੀ ਜਾਂ ਯਥਾਰਥਵਾਦੀ ਭਾਵਕ ਨਹੀਂ ਹੁੰਦੇ, ਉਨ੍ਹਾਂ ਨੂੰ ਹਰ ਗੱਲ ਦਾ ਵਿਸ਼ਲੇਸ਼ਣ ਕਰਨ ਅਤੇ ਹਰ ਗੱਲ ਵਿਚ ਕੰਘੀ ਫੇਰਨ ਦਾ ਰੋਗ ਹੁੰਦਾ ਹੈ। ਅਜਿਹੇ ਲੋਕ ਰੋਮਾਂਸ ਨੂੰ ਸਮਝ ਨਹੀਂ ਸਕਦੇ।

ਚਿੰਤਕ ਵੀ ਪ੍ਰੇਮੀ ਹੁੰਦੇ ਹਨ ਪਰ ਗਿਆਨ ਅਤੇ ਗ੍ਰੰਥ ਦੇ ਪ੍ਰੇਮੀ।

ਗਿਆਨ ਦਾ ਪ੍ਰੇਮੀ ਅਤੇ ਗਿਆਨਵਾਨ ਪ੍ਰੇਮੀ ਹੋਣਾ ਦੋ ਵੱਖਰੇ ਵਰਤਾਰੇ ਹਨ।

ਅਜਿਹੇ ਚਿੰਤਕਾਂ ਦੇ ਵਿਆਹ ਨਹੀਂ ਹੁੰਦੇ, ਜੇ ਹੋ ਜਾਣ ਤਾਂ ਚੱਲਦੇ ਨਹੀਂ। ਚਿੰਤਕ ਜਾਂ ਵਿਗਿਆਨੀ ਜਾਂ ਡਾਕਟਰ ਜਾਂ ਮਨੋਵਿਗਿਆਨੀ ਦੀ ਪਤਨੀ ਹੋਣਾ, ਸੌਖਾ ਕਾਰਜ ਨਹੀਂ ਕਿਉਂਕਿ ਪਤੀ ਨੂੰ ਹਰ ਗੱਲ ਤਰਕ ਨਾਲ ਪਰਖਣ ਦਾ ਰੋਗ ਹੁੰਦਾ ਹੈ।

ਚਿੰਤਕ ਅਤੇ ਵਿਗਿਆਨੀ ਨੂੰ ਪਤਾ ਹੀ ਨਹੀਂ ਹੁੰਦਾ ਕਿ ਕਿਹੜੀ ਕਿਤਾਬ ਚਾਨਣੇ ਵਿਚ ਪੜ੍ਹਨੀ ਹੁੰਦੀ ਹੈ ਅਤੇ ਕਿਹੜੀ ਹਨੇਰੇ ਵਿਚ।

ਠੰਡੇ ਚਿੰਤਕ ਕੁਝ ਅਜਿਹਾ ਕਹਿ ਜਾਂ ਕਰ ਬੈਠਦੇ ਹਨ ਕਿ ਮੰਗਣੀ ਟੁੱਟ ਜਾਂਦੀ ਹੈ।

ਚਿੰਤਕਾਂ ਦੀਆਂ ਅਜੀਬ ਆਦਤਾਂ ਕਾਰਨ ਕੋਈ ਇਸਤਰੀ, ਇਨ੍ਹਾਂ ਨੂੰ ਪਸੰਦ ਨਹੀਂ ਕਰਦੀ। ਇਕ ਲੰਮੇ ਕਦ ਵਾਲਾ ਚਿੰਤਕ, ਜੇਬ ਵਿਚ ਹਰ ਵੇਲੇ ਫੀਤਾ ਰੱਖਦਾ ਸੀ, ਜਿੱਥੇ ਮੰਗਣੇ-ਵਿਆਹ ਦੀ ਗੱਲ ਤੁਰਦੀ ਸੀ, ਉਹ ਲੜਕੀ ਨੂੰ ਫੀਤੇ ਨਾਲ ਨਾਪਣ ਲੱਗ ਪੈਂਦਾ ਸੀ ਅਤੇ ਮਾਪ ਕੇ ਨਾਂਹ ਕਹਿ ਦਿੰਦਾ ਸੀ ਜਾਂ ਨਾਂਹ ਹੋ ਜਾਂਦੀ ਸੀ।

ਪਿਆਰ ਵਿਸ਼ਲੇਸ਼ਣ ਦਾ ਵਿਸ਼ਾ ਨਹੀਂ, ਮਹਿਸੂਸਣ ਦਾ ਖੇਤਰ ਹੈ।

ਕੇਵਲ ਯੂਨਾਨੀ ਫ਼ਿਲਾਸਫ਼ਰਾਂ ਨੇ ਇਸ ਵਿਸ਼ੇ ਨੂੰ ਵਿਚਾਰਿਆ ਸੀ। ਪਿਆਰ ਨੂੰ ਪਿਆਰ ਦਾ ਨਾਂ ਵੀ ਯੂਨਾਨੀ ਫ਼ਿਲਾਸਫ਼ਰਾਂ ਨੇ ਦਿੱਤਾ ਸੀ ਪਰ ਉਨ੍ਹਾਂ ਦੀ ਦਿਲਚਸਪੀ ਕੁਝ ਕਰਨ-ਕਰਾਉਣ ਵਿਚ ਨਹੀਂ ਸੀ, ਕੇਵਲ ਸੋਚਣ-ਸਮਝਣ ਵਿਚ ਸੀ।

ਚਿੰਤਕ ਅਕਸਰ ਦੁਚਿੱਤੀ ਦਾ ਸ਼ਿਕਾਰ ਹੁੰਦੇ ਹਨ। ਉਹ ਇਕ ਤਰਕ ਉਸਾਰਦੇ ਹਨ ਤਾਂ ਵਿਰੋਧੀ ਤਰਕ ਵੀ ਨਾਲ ਹੀ ਉਸਰ ਪੈਂਦਾ ਹੈ।

ਇਕ ਫ਼ਿਲਾਸਫ਼ਰ ਨਾਲ ਇਕ ਇਸਤਰੀ ਨੇ ਮੰਗਣੀ ਕਰਵਾ ਲਈ, ਉਹ ਸੋਲ੍ਹਾਂ ਸਾਲ ਵਿਆਹ ਉਡੀਕਦੀ ਰਹੀ। ਨਿਰੰਤਰ ਸੋਚਦੇ ਰਹਿਣ ਅਤੇ ਵਿਆਹ ਦੇ ਗੁਣ-ਦੋਸ਼ ਵਿਚਾਰਦਿਆਂ ਵਿਆਹ ਨਾ ਹੋਇਆ ਪਰ ਉਹ ਫ਼ਿਲਾਸਫ਼ਰ ਆਪਣੀ ਜਾਇਦਾਦ ਦੀ, ਆਪਣੀ ਮੰਗੇਤਰ ਦੇ ਨਾਂ ਵਸੀਅਤ ਕਰ ਗਿਆ।

ਮੰਗਣੀ ਵਾਲੇ ਦਿਨ ਬੜੀ ਪ੍ਰਸੰਨਤਾ ਹੁੰਦੀ ਹੈ ਪਰ ਕਈ ਵਾਰੀ ਉਸੇ ਦਿਨ ਭਰਮ-ਨਵਿਰਤੀ ਵੀ ਅਰੰਭ ਹੋ ਜਾਂਦੀ ਹੈ।

ਇਹ ਅਜੋਕੇ ਜੀਵਨ ਦਾ ਯਥਾਰਥ ਹੈ ਕਿ ਮੰਗਣੀਆਂ ਟੁੱਟ ਰਹੀਆਂ ਹਨ। ਜੇ ਮੰਗਣੀ ਵਿਚ ਟੁੱਟਣ ਦੇ ਲੱਛਣ ਹੋਣ ਪਰ ਜੇ ਇਹ ਤੋੜੀ ਨਾ ਜਾਵੇ ਤਾਂ ਵਿਆਹ ਉਪਰੰਤ, ਇਹ ਤਲਾਕ ਬਣ ਜਾਂਦੀ ਹੈ। ਰਿਸ਼ਤਾ ਕੋਈ ਹੋਵੇ, ਅਰੰਭ ਵਿਚ ਇਹ ਸੁਭਾਵਕ ਹੁੰਦਾ ਹੈ ਪਰ ਮਗਰੋਂ ਇਹ ਬੋਝਲ ਹੋ ਜਾਂਦਾ ਹੈ ਅਤੇ ਪਛਤਾਵਾ ਬਣ ਜਾਂਦਾ ਹੈ।

ਪਛਤਾਵਾ ਦੋ ਪ੍ਰਕਾਰ ਦਾ ਹੁੰਦਾ ਹੈ, ਜੋ ਨਹੀਂ ਕਰਨਾ ਚਾਹੀਦਾ ਸੀ, ਉਹ ਕਰਨ ਦਾ ਅਤੇ ਜੋ ਕੀਤਾ ਜਾਣਾ ਚਾਹੀਦਾ ਸੀ, ਉਹ ਨਾ ਕਰਨ ਦਾ।

ਕਈ ਵਾਰੀ ਸੋਚਿਆ ਜਾਂਦਾ ਹੈ ਕਿ ਮੰਗਣੀ ਜਾਰੀ ਰੱਖੀ ਜਾਵੇ ਕਿ ਨਾ? ਤੋੜਨੀ ਮੁਸ਼ਕਿਲ ਲੱਗਦੀ ਹੈ, ਰੱਖਣੀ ਤਾਂ ਹੁੰਦੀ ਹੀ ਮੁਸ਼ਕਿਲ ਹੈ।

ਮੰਗਣੀ ਟੁੱਟਣ ਦੇ ਅਨੇਕਾਂ ਕਾਰਨ ਹੁੰਦੇ ਹਨ। ਸਮਾਜਿਕ-ਆਰਥਿਕ ਵਿੱਥ ਅਤੇ ਵੱਖਰੇਵਾਂ ਪਰੇਸ਼ਾਨ ਕਰਦੇ ਹਨ। ਲੜਕੀ ਦੇ ਬਰਾਬਰ ਜਾਂ ਵਧੇਰੇ ਪੜ੍ਹੀ ਲਿਖੀ ਹੋਣ

ਨਾਲ, ਲੜਕੇ ਵਿਚ ਹੀਣਤਾ ਉਪਜਦੀ ਹੈ। ਜੀਵ-ਵਿਗਿਆਨਕ ਪੱਖੋਂ ਅਠਾਰ੍ਹਾਂ ਸਾਲ ਦੀ ਲੜਕੀ ਇਕੀ-ਬਾਈ ਸਾਲ ਦੇ ਲੜਕੇ ਦੇ ਬਰਾਬਰ ਹੁੰਦੀ ਹੈ। ਮੰਗਣੀ ਸਮੇਂ ਜੇ ਦੋਹਾਂ ਦੀ ਉਮਰ ਬਰਾਬਰ ਹੋਵੇ ਤਾਂ ਲੜਕੀ, ਲੜਕੇ ਤੋਂ ਭਾਵਕ ਪੱਖੋਂ ਲਗਭਗ ਚਾਰ ਸਾਲ ਵੱਡੀ ਹੋਣ ਕਾਰਨ, ਲੜਕੇ ਨੂੰ ਘੇਰਨ ਅਤੇ ਕਾਬੂ ਕਰਨ ਲੱਗ ਪੈਂਦੀ ਹੈ।

ਕਈ ਵਾਰੀ ਵਿਆਹ ਦਾ ਫੈਸਲਾ ਕਾਹਲ ਵਿਚ ਕੀਤਾ ਗਿਆ ਹੁੰਦਾ ਹੈ।

ਇਕ ਲੜਕੀ ਨੇ ਗਿਆਰ੍ਹਾਂ ਰਿਸ਼ਤਿਆਂ ਨੂੰ ਨਾਂਹ ਕਹਿਣ ਉਪਰੰਤ, ਬਾਰ੍ਹਵੇਂ ਰਿਸ਼ਤੇ ਨੂੰ ਕੁਝ ਜਾਣੇ-ਪਰਖੇ ਬਿਨਾਂ ਹੀ ਹਾਂ ਕਰ ਦਿੱਤੀ ਅਤੇ ਮਗਰੋਂ ਪਛਤਾਉਂਦੀ ਰਹੀ।

ਕਈਆਂ ਦੀ ਕੇਵਲ ਉਮਰ ਵਿਆਹ ਵਾਲੀ ਹੁੰਦੀ ਹੈ, ਬਾਕੀ ਕੁਝ ਵੀ ਮੇਲ ਨਹੀਂ ਖਾਂਦਾ। ਮਾਂਵਾਂ ਦੇ ਲਾਡਲੇ ਹਾਸੋਹੀਣੀਆਂ ਹਰਕਤਾਂ ਕਰਦੇ ਹਨ।

ਇਕਲੌਤੀਆਂ ਧੀਆਂ ਦੇ ਮਾਪੇ ਵਿਆਹ ਉਪਰੰਤ, ਧੀ ਦੇ ਪਰਿਵਾਰ ਵਿਚ ਵਧੇਰੇ ਦਖ਼ਲ ਦਿੰਦੇ ਹਨ, ਜਿਸ ਕਾਰਨ ਸਮੱਸਿਆਵਾਂ ਉਪਜਦੀਆਂ ਹਨ।

ਜਿਸ ਨਾਲ ਚਿੜ੍ਹ ਹੋਵੇ, ਉਹ ਵਕਤ ਦੇ ਬੀਤਣ ਨਾਲ ਨਫ਼ਰਤ ਬਣ ਜਾਂਦੀ ਹੈ।

ਮੰਗਣੀ ਅਤੇ ਵਿਆਹ ਵਿਚਕਾਰ ਜੇ ਵਕਫ਼ਾ ਵਧੇਰੇ ਹੋਵੇ ਤਾਂ ਦੋਹਾਂ ਨੂੰ ਦੂਜੇ ਪਰਿਵਾਰ ਦੀ ਅਸਲੀਅਤ ਪਤਾ ਲੱਗਣ ਲੱਗ ਜਾਂਦੀ ਹੈ, ਜਿਹੜੀ ਅਕਸਰ ਚੰਗੀ ਨਹੀਂ ਹੁੰਦੀ। ਫਿਰ ਪ੍ਰਸ਼ਨ ਪੁੱਛੇ ਜਾਣ ਅਤੇ ਸਫਾਈਆਂ ਦੇਣ ਦਾ ਸਿਲਸਿਲਾ ਅਰੰਭ ਹੋ ਜਾਂਦਾ ਹੈ ਅਤੇ ਗੱਲਬਾਤ ਤੋਹਮਤਾਂ ਦਾ ਵਟਾਂਦਰਾ ਬਣ ਜਾਂਦੀ ਹੈ।

ਏਸ਼ੀਅਨ ਦੇਸ਼ਾਂ ਵਿਚ ਰਿਸ਼ਤੇਦਾਰਾਂ ਨੂੰ ਚੁੱਪ ਰਹਿਣ ਅਤੇ ਸੰਜਮ ਨਾਲ ਵਿਹਾਰ ਕਰਨ ਦੀ ਆਦਤ ਨਹੀਂ। ਸਾਡੇ ਵਿਚ ਅਜੀਬ ਢੰਗ ਨਾਲ ਖੁੱਲ੍ਹਾਂ ਲੈਣ ਦਾ ਰਿਵਾਜ ਹੈ, ਜਿਸ ਨਾਲ ਕੁਝ ਅਜਿਹਾ ਵਾਪਰ ਜਾਂਦਾ ਹੈ, ਜਿਸ ਦੇ ਦੂਜੀ ਧਿਰ ਵਲੋਂ ਮਨਮਰਜ਼ੀ ਦੇ ਅਰਥ ਕੱਢੇ ਜਾਂਦੇ ਹਨ। ਇਵੇਂ ਨਜ਼ਰ ਅਤੇ ਬੋਲਬਾਣੀ ਬਦਲ ਜਾਂਦੀ ਹੈ।

ਲੜਕੀ ਠੰਡੀ ਅਤੇ ਸਖ਼ਤ ਹੋ ਜਾਂਦੀ ਹੈ, ਲੜਕਾ ਚੁੱਪ ਅਤੇ ਦੂਰ ਹੋ ਜਾਂਦਾ ਹੈ।

ਇਕ ਡਾਕਟਰ ਲੜਕੀ ਦੀ ਜਦੋਂ ਮੰਗਣੀ ਹੋਈ ਤਾਂ ਲੜਕੀ ਵਾਲਿਆਂ ਨੇ ਲੜਕੇ ਵਾਲਿਆਂ ਨੂੰ ਕਿਹਾ ਕਿ ਵਿਆਹ ਵਿਚ ਅਸੀਂ ਕਾਰ ਦੇਵਾਂਗੇ। ਜਿਸ ਦੇ ਅਰਥ ਸਨ ਕਿ ਤੁਹਾਡੇ ਵਲੋਂ ਕੋਈ ਹੋਰ ਮੰਗ ਨਹੀਂ ਹੋਣੀ ਚਾਹੀਦੀ। ਵਿਆਹ ਚਾਰ ਮਹੀਨੇ ਮਗਰੋਂ ਹੋਣਾ ਸੀ। ਇਸ ਉਪਰੰਤ ਲੜਕੀ ਨਾਲ, ਲੜਕਾ ਕਾਰ ਬਾਰੇ ਹੀ ਗੱਲਾਂ ਕਰਦਾ ਸੀ। ਇਕ ਮਹੀਨੇ ਮਗਰੋਂ ਲੜਕੇ ਦੀ ਮਾਂ ਦਾ ਫੋਨ ਆਇਆ ਕਿ ਤੁਸੀਂ ਉਹ ਨਹੀਂ, ਇਹ ਕਾਰ ਖਰੀਦਣੀ, ਕੀਮਤ ਦਾ ਫ਼ਰਕ ਅਸੀਂ ਅਦਾ ਕਰ ਦੇਵਾਂਗੇ। ਇਸ ਕਾਰ ਦੀ ਕੀਮਤ ਦੁੱਗਣੀ ਸੀ। ਇਸ ਗੱਲ ਨਾਲ ਲੜਕੀ ਨੂੰ ਮੰਗਣੇ ਦੀ ਮੁੰਦਰੀ ਤੰਗ ਕਰਨ ਲੱਗ ਪਈ। ਇਕ ਮਹੀਨੇ ਮਗਰੋਂ ਲੜਕੇ ਦੇ ਪਿਤਾ ਦਾ ਫੋਨ ਆਇਆ ਕਿ ਤੁਸੀਂ ਮਾਰਕੀਟ ਵਿਚ ਇਹ ਨਵੀਂ ਆਈ ਕਾਰ ਖਰੀਦਣਾ, ਕੀਮਤ ਦਾ ਫਰਕ ਅਸੀਂ ਅਦਾ ਕਰ ਦੇਵਾਂਗੇ, ਜਿਸ ਦੀ ਕੀਮਤ ਤਿਗਣੀ ਸੀ। ਲੜਕੀ ਦੀ ਮੁੰਦਰੀ ਵਾਲੀ ਉਂਗਲ ਦਰਦ ਕਰਨ ਲੱਗ ਪਈ ਸੀ ਕਿਉਂਕਿ ਲੜਕੇ ਲਈ ਉਹ ਨਹੀਂ; ਮਿਲਣ ਵਾਲੀ ਕਾਰ ਵਧੇਰੇ ਮਹੱਤਵਪੂਰਨ ਸੀ।

ਲੜਕੀ ਨੂੰ ਲੜਕੇ ਦਾ ਇਹ ਵਿਹਾਰ ਪ੍ਰਵਾਨ ਨਹੀਂ ਸੀ। ਅਗਲੀ ਵਾਰ ਲੜਕਾ ਜਦੋਂ ਲੜਕੀ ਨੂੰ ਮਿਲਿਆ ਤਾਂ ਲੜਕੀ ਨੇ ਉਸ ਦੇ ਸਾਹਮਣੇ ਹੋ ਕੇ, ਮੰਗਣੇ ਦੀ

ਮੁੰਦਰੀ ਲਾਹ ਕੇ ਉਸ ਦੀ ਜੇਬ ਵਿਚ ਪਾ ਦਿੱਤੀ।

ਭਾਰਤ ਵਿਚ ਵਿਆਹ ਤੋਂ ਪਹਿਲਾਂ ਵਧੇਰੇ ਮੇਲ-ਮਿਲਾਪ, ਰਿਸ਼ਤੇ ਦੀ ਮਿਠਾਸ ਅਤੇ ਚਮਕ, ਖਿੱਚ ਅਤੇ ਰਹੱਸ ਨੂੰ ਘਟਾਉਂਦਾ ਹੈ।

ਵਿਆਹ ਤੋਂ ਪਹਿਲਾਂ ਮੰਗੇਤਰਾਂ ਵਿਚਕਾਰ ਸਰੀਰਕ ਸੰਬੰਧ ਇਕ-ਦੂਜੇ ਦਾ ਜਾਦੂ ਤੋੜ ਦਿੰਦੇ ਹਨ। ਜੇ ਦੀਵਾਲੀ ਤੋਂ ਪਹਿਲਾਂ ਦੀਵਾਲੀ ਮਨਾ ਲਈ ਜਾਵੇ ਤਾਂ ਦੀਵਾਲੀ ਦੀ ਰਾਤ ਵਿਚ ਰੌਣਕ ਅਤੇ ਨਿੱਘ ਨਹੀਂ ਰਹਿੰਦਾ।

ਮੰਗਣੀ ਕਿਸ ਨਾਲ ਕਰਾਉਣੀ ਚਾਹੀਦੀ ਹੈ? ਹੋਵੇਗੀ ਤਾਂ ਉਸੇ ਨਾਲ, ਜਿਸ ਨਾਲ ਹੋਵੇਗੀ ਪਰ ਵਿਚਾਰਨ ਦਾ ਕੋਈ ਹਰਜ ਨਹੀਂ।

ਇਹ ਜਾਣਨ ਦਾ ਕੋਈ ਢੰਗ ਨਹੀਂ ਕਿ ਕੌਣ ਕਿਸ ਲਈ ਬਣਿਆ ਹੈ।

ਇਕ ਮੰਗੇਤਰ ਕਿਸੇ ਦੀ ਸੀ, ਪਤਨੀ ਉਸ ਦੇ ਦੋਸਤ ਦੀ ਬਣ ਗਈ। ਇਕ ਨੇ ਮੁੰਦਰੀ ਕਿਸੇ ਹੋਰ ਦੀ ਪਾਈ ਹੋਈ ਸੀ ਅਤੇ ਵਿਆਹ ਕਿਸੇ ਹੋਰ ਨਾਲ ਕਰ ਰਹੀ ਸੀ।

ਕਈਆਂ ਨੂੰ ਵੇਖ ਕੇ ਅਸੀਂ ਆਪਣੀਆਂ ਘਾਟਾਂ ਬਾਰੇ ਹੀ ਸੁਚੇਤ ਹੁੰਦੇ ਹਾਂ।

ਮੰਗਣੀ ਉਸ ਨਾਲ ਕਰਾਉਣੀ ਚਾਹੀਦੀ ਹੈ, ਜਿਸ ਨੂੰ ਵੇਖ-ਮਿਲ ਕੇ ਸਾਨੂੰ ਆਪਣੇ ਗੁਣਾਂ ਅਤੇ ਆਦਤਾਂ 'ਤੇ ਮਾਣ ਹੋਵੇ।

ਜਿਸ ਤੋਂ ਡਰ ਲੱਗਦਾ ਹੋਵੇ, ਜਿਹੜੀ ਖਿੱਚ ਨਾ ਪਾਉਂਦੀ ਹੋਵੇ, ਜਿਸ ਦੀ ਬੋਲਬਾਣੀ ਭੈੜੀ ਹੋਵੇ, ਜਿਸ ਵਿਚ ਸਲੀਕਾ ਨਾ ਹੋਵੇ, ਜਿਸ ਨੂੰ ਕੋਈ ਸ਼ੌਕ ਨਾ ਹੋਵੇ, ਜਿਸ ਵਿਚ ਦਿਲਚਸਪੀ ਨਾ ਜਾਗੇ, ਜਿਹੜਾ ਦੂਜੇ ਦਾ ਮਹੱਤਵ ਨਾ ਪਛਾਣੇ, ਉਸ ਨਾਲ ਮੰਗਣੀ ਨਹੀਂ ਕਰਵਾਉਣੀ ਚਾਹੀਦੀ।

ਮੰਗਣੀ ਉੱਥੇ ਕਰਵਾਉਣੀ ਚਾਹੀਦੀ ਹੈ, ਜਿੱਥੇ ਸਾਡੀ ਔਸਤ, ਉਸਦੀ ਔਸਤ ਨਾਲ ਲਗਭਗ ਬਰਾਬਰ ਹੋਵੇ, ਜਿਸ ਦੀ ਹਾਜ਼ਰੀ ਵਿਚ ਸੁਰੱਖਿਆ ਦਾ ਅਹਿਸਾਸ ਹੋਵੇ, ਆਪਣਾ ਆਪ ਚੰਗਾ ਲੱਗੇ ਅਤੇ ਨੇੜੇ ਹੋਣ ਦੀ ਤਾਂਘ ਜਾਗੇ।

ਇਸਤਰੀ ਸਾਥ, ਸਮਰਪਣ ਅਤੇ ਸੇਵਾ; ਪੁਰਸ਼ ਸੁਰੱਖਿਆ, ਸਹਿਯੋਗ ਅਤੇ ਸਰਮਾਏ ਦਾ ਪ੍ਰਤੀਕ ਹੋਵੇ। ਸਾਂਝਾਂ ਚੰਗੀਆਂ ਲੱਗਣੀਆਂ ਚਾਹੀਦੀਆਂ ਹਨ ਪਰ ਵੱਖਰੇਵੇਂ ਭੈੜੇ ਨਹੀਂ ਲੱਗਣੇ ਚਾਹੀਦੇ।

ਮੰਗਣੀ ਦਾ ਟੁੱਟਣਾ ਅਜੋਕੇ ਯੁੱਗ ਦਾ ਯਥਾਰਥ ਹੈ, ਇਸ 'ਤੇ ਵਿਰਲਾਪ ਕਰਨ ਦੀ ਲੋੜ ਨਹੀਂ, ਸਮੁੱਚੀ ਸਥਿਤੀ ਦਾ ਮੁਲਾਂਕਣ ਕਰਨ ਦੀ ਲੋੜ ਹੈ।

ਮੰਗਣੀ ਦਾ ਟੁੱਟਣਾ, ਵਿਆਹ ਦੇ ਟੁੱਟਣ ਨਾਲੋਂ ਘੱਟ ਦੁਖਦਾਈ ਹੁੰਦਾ ਹੈ।

ਮੰਗਣੀਆਂ ਭਾਵੇਂ ਟੁੱਟ ਜਾਣ ਪਰ ਵਿਆਹ ਜ਼ਰੂਰ ਸਫਲ ਹੋਣਾ ਚਾਹੀਦਾ ਹੈ।

ਆਮ-ਸਧਾਰਨ ਲੋਕਾਂ ਦੇ ਜੀਵਨ ਵਿਚ ਸਭ ਤੋਂ ਵੱਡਾ, ਮਹੱਤਵਪੂਰਨ ਅਤੇ ਹੰਢਣਸਾਰ ਰਿਸ਼ਤਾ ਵਿਆਹ ਹੁੰਦਾ ਹੈ। ਸਫਲ ਵਿਆਹ ਉਹ ਹੁੰਦਾ ਹੈ, ਜਿੱਥੇ ਪਤੀ-ਪਤਨੀ ਦੋਵੇਂ ਇਕ ਹੀ ਸਿਰਹਾਣਾ ਵਰਤਣ ਅਤੇ ਦੋਹਾਂ ਨੂੰ ਇਕ ਹੀ ਸੁਪਨਾ ਆਵੇ।

+ + +

ਨੇਤਰਹੀਣਤਾ

ਕਾਲੀਆਂ ਐਨਕਾਂ, ਹੱਥ ਵਿਚ ਛੜੀ, ਹੌਲੀ-ਹੌਲੀ ਸਿੱਧਾ ਚੱਲਣ ਦਾ ਯਤਨ ਕਰਦਾ, ਇਕ ਵਿਅਕਤੀ ਤੁਹਾਡੇ ਕੋਲੋਂ, ਅਣਗੌਲਿਆ ਲੰਘ ਜਾਂਦਾ ਹੈ।

ਉਸ ਨੂੰ ਕੁਦਰਤ ਨੇ ਦ੍ਰਿਸ਼ਟੀ ਤੋਂ ਵਿਰਵਾ ਕੀਤਾ ਹੋਇਆ ਹੈ।

ਦ੍ਰਿਸ਼ਟੀ ਤੋਂ ਵਿਰਵੇ ਹੋਣ ਕਾਰਨ, ਉਸ ਦਾ ਸੰਸਾਰ ਹਨੇਰਾ ਅਤੇ ਛੋਟਾ ਹੈ।

ਉਸ ਕੋਲ ਜ਼ਿੰਦਗੀ ਤਾਂ ਹੈ ਪਰ ਇਤਨੀ ਨਹੀਂ ਕਿ ਉਹ ਮਾਣ ਸਕੇ।

ਉਸ ਕੋਲ ਜ਼ਿੰਦਗੀ ਜਿਊਣ ਜੋਗੀ ਨਹੀਂ ਹੁੰਦੀ, ਕੱਟਣ ਜੋਗੀ ਹੀ ਹੁੰਦੀ ਹੈ।

ਸੂਰਜ-ਚੰਦ ਦੇ ਉਸ ਲਈ ਕੋਈ ਅਰਥ ਨਹੀਂ, ਰੰਗਾਂ ਦਾ ਉਸ ਲਈ ਕੋਈ ਮਹੱਤਵ ਨਹੀਂ, ਕਿਸੇ ਚੀਜ਼ ਦਾ ਰੂਪ ਉਸ ਲਈ ਮਾਣਨਾ ਅਸੰਭਵ ਹੈ।

ਨੇਤਰਹੀਣ ਹੋਣ ਕਾਰਨ ਉਹ ਜ਼ਿੰਦਗੀ ਦਾ ਸੌਹਜ ਵੇਖ ਨਹੀਂ ਸਕਦਾ, ਪਹਾੜ ਉਸ ਨੂੰ ਖਿੱਚ ਨਹੀਂ ਪਾਉਂਦੇ, ਫੁੱਲ ਉਸ ਨੂੰ ਆਪਣੇ ਕੋਲ ਨਹੀਂ ਬੁਲਾਉਂਦੇ।

ਉਸ ਦਾ ਜੀਵਨ ਅਧੂਰਾ ਹੁੰਦਾ ਹੈ, ਉਸ ਕੋਲ ਕੁਝ ਵੀ ਪੂਰਾ ਨਹੀਂ ਹੁੰਦਾ।

ਉਸ ਦੀ ਬਹੁਤੀ ਜਾਣ-ਪਛਾਣ ਨਹੀਂ ਹੁੰਦੀ। ਬਹੁਤੇ ਲੋਕ ਉਸ ਦੇ ਸੰਪਰਕ ਵਿਚ ਨਹੀਂ ਆਉਂਦੇ। ਉਸ ਨੂੰ ਇਕੱਲਿਆਂ ਰਹਿਣ ਦੀ ਮਜਬੂਰੀ ਹੈ।

ਉਸ ਨੂੰ ਕਿਸੇ ਦੀ ਉਡੀਕ ਨਹੀਂ, ਕੋਈ ਉਸ ਨੂੰ ਉਡੀਕਦਾ ਨਹੀਂ।

ਕੋਈ ਉਸ ਨਾਲ ਲੰਮਾ ਰਿਸ਼ਤਾ ਨਹੀਂ ਗੰਢਦਾ ਕਿਉਂਕਿ ਉਸ ਵਿਚ ਕਿਸੇ ਦੇ ਕੰਮ ਆਉਣ ਦੀ ਸਮਰੱਥਾ ਨਹੀਂ। ਉਹ ਕਿਸੇ ਨੂੰ ਸਹਿਯੋਗ ਨਹੀਂ ਦੇ ਸਕਦਾ, ਸਗੋਂ ਉਸ ਨੂੰ ਤਾਂ ਆਪ ਹਰ ਕਿਸੇ ਦੀ ਮਦਦ ਦੀ ਲੋੜ ਪੈਂਦੀ ਹੈ। ਉਸ ਕੋਲ ਲੰਮੇ ਫ਼ਾਸਲਿਆਂ, ਦੁਰੇਡੀਆਂ ਥਾਂਵਾਂ ਦਾ ਸੰਕਲਪ ਨਹੀਂ ਹੁੰਦਾ।

ਉਸ ਦਾ ਸੰਸਾਰ ਛੋਟਾ ਅਤੇ ਦਿਸ਼ਾਹੀਣ ਹੁੰਦਾ ਹੈ। ਉਸ ਕੋਲ ਸਮੇਂ ਅਤੇ ਸਥਾਨ ਦੀ ਸੋਝੀ ਨਹੀਂ ਹੁੰਦੀ। ਉਹ ਸੋਟੀ ਨਾਲ ਰਾਹ ਲੱਭਦਾ ਹੈ, ਉਹ ਇਕ ਵਕਤ ਇਕ ਹੀ ਕਦਮ ਚੱਲਦਾ ਹੈ, ਉਹ ਛਾਲ ਨਹੀਂ ਮਾਰ ਸਕਦਾ।

ਨੇਤਰਹੀਣ ਵਿਅਕਤੀ ਦੀਆਂ ਮਜਬੂਰੀਆਂ ਦੀ ਸੂਚੀ ਬੜੀ ਲੰਮੀ ਹੁੰਦੀ ਹੈ।

ਨੇਤਰਹੀਣ ਵਿਅਕਤੀ ਦੇ ਚਿਹਰੇ 'ਤੇ ਬਹੁਤੇ ਭਾਵ ਨਹੀਂ ਹੁੰਦੇ।

ਉਸ ਦੇ ਪ੍ਰਤੀਕਰਮ ਸਿੱਧੇ ਅਤੇ ਸਰਲ ਹੁੰਦੇ ਹਨ। ਉਹ ਸ਼ਾਂਤ ਹੁੰਦਾ ਹੈ ਅਤੇ ਉਸ ਨਾਲ ਗੱਲਾਂ ਕਰਨ ਵਾਲਾ ਵੀ ਸ਼ਾਂਤ ਹੋ ਜਾਂਦਾ ਹੈ।

ਨਾ ਵੇਖ ਸਕਣ ਕਰਕੇ ਨੇਤਰਹੀਣ ਦੇ ਪ੍ਰਤੀਕਰਮਾਂ ਵਿਚ ਵੰਨ-ਸੁਵੰਨਤਾ ਨਹੀਂ ਹੁੰਦੀ। ਉਸ ਦੀ ਗੱਲਬਾਤ ਸੰਖੇਪ ਹੁੰਦੀ ਹੈ। ਉਸ ਵਿਚ ਵੇਰਵਿਆਂ ਵਿਚ ਜਾਣ ਅਤੇ

ਵਿਸ਼ਲੇਸ਼ਣ ਕਰਨ ਦੀ ਯੋਗਤਾ ਨਹੀਂ ਹੁੰਦੀ, ਉਹ ਬਹਿਸ ਨਹੀਂ ਕਰਦਾ।

ਉਸ ਦਾ ਚਿਹਰਾ ਹਰ ਵੇਲੇ ਕੁਝ ਗੁਆਚਣ ਦਾ ਸੋਗ ਅਤੇ ਕੁਝ ਲੱਭਣ ਦਾ ਯਤਨ ਕਰ ਰਿਹਾ ਪ੍ਰਤੀਤ ਹੁੰਦਾ ਹੈ, ਜਿਸ ਕਾਰਨ ਉਸ ਦੇ ਚਿਹਰੇ 'ਤੇ ਰੌਣਕ ਨਹੀਂ ਹੁੰਦੀ। ਅਜਿਹੇ ਵਿਅਕਤੀ ਨਾਲ ਗੱਲਾਂ ਕਰਦਿਆਂ ਇੰਜ ਲੱਗਦਾ ਹੈ ਜਿਵੇਂ ਚਾਨਣਾ, ਹਨੇਰੇ ਨਾਲ ਮੁਲਾਕਾਤ ਕਰ ਰਿਹਾ ਹੋਵੇ। ਇਹ ਗੱਲਬਾਤ ਅਕਸਰ ਬੋਝਲ ਹੋ ਜਾਂਦੀ ਹੈ। ਨੇਤਰਹੀਣ ਵਿਅਕਤੀ ਬੋਲਣ ਦੇ ਮੁਕਾਬਲੇ ਸੁਣਨ ਪ੍ਰਤੀ ਵਧੇਰੇ ਸੁਚੇਤ ਹੁੰਦਾ ਹੈ।

ਉਹ ਸੁਣਨ ਰਾਹੀਂ ਸਥਿਤੀ ਨੂੰ ਮਾਪਦਾ-ਤੋਲਦਾ, ਬੋਲਣ ਵਾਲੇ ਸੰਬੰਧੀ ਅਨੁਮਾਨ ਲਾਉਂਦਾ ਅਤੇ ਆਪਣੇ ਪ੍ਰਤੀਕਰਮ ਵਿਉਂਤਦਾ ਹੈ।

ਅਜਿਹੇ ਵਿਅਕਤੀ ਕੋਲ ਬਹੁਤਾ ਸਾਮਾਨ ਨਹੀਂ ਹੁੰਦਾ, ਕਿਉਂਕਿ ਉਸ ਕੋਲ ਸਾਮਾਨ ਨੂੰ ਸਾਂਭਣ, ਰੱਖਣ, ਚੁੱਕਣ ਆਦਿ ਦੀ ਯੋਗਤਾ ਨਹੀਂ ਹੁੰਦੀ।

ਉਹ ਸੰਖੇਪ ਅਤੇ ਸੰਜਮੀ ਜੀਵਨ ਜਿਊਂਦਾ ਹੈ।

ਚਾਹੁਣ ਦੇ ਬਾਵਜੂਦ ਕੋਈ ਉਸ ਦੀ ਨਿਰੰਤਰ ਮਦਦ ਨਹੀਂ ਕਰ ਸਕਦਾ।

ਅਜਿਹੇ ਵਿਅਕਤੀ ਦਾ ਸੰਸਾਰ ਨਾਲ ਸੰਪਰਕ ਸੀਮਤ ਹੁੰਦਾ ਹੈ।

ਸੰਸਾਰ ਨਾਲ ਮਨੁੱਖ ਦਾ ਸੰਪਰਕ ਅੱਖਾਂ, ਕੰਨਾਂ, ਨੱਕ, ਜ਼ਬਾਨ ਅਤੇ ਚਮੜੀ ਰਾਹੀਂ ਹੁੰਦਾ ਹੈ। ਸਾਡੇ ਸਰੀਰ ਦੇ ਇਹ ਸਾਰੇ ਦੁਆਰ ਸੰਸਾਰ ਵਲ ਖੁੱਲ੍ਹਦੇ ਹਨ।

ਆਲੇ-ਦੁਆਲੇ ਦੀ ਲਗਭਗ ਅੱਸੀ ਪ੍ਰਤੀਸ਼ਤ ਸੂਚਨਾ ਸਾਨੂੰ ਅੱਖਾਂ ਰਾਹੀਂ ਪ੍ਰਾਪਤ ਹੁੰਦੀ ਹੈ ਅਤੇ ਲਗਭਗ ਅਠਾਰ੍ਹਾਂ ਪ੍ਰਤੀਸ਼ਤ ਸੂਚਨਾ ਅਸੀਂ ਕੰਨਾਂ ਰਾਹੀਂ ਪ੍ਰਾਪਤ ਕਰਦੇ ਹਾਂ। ਅੱਖਾਂ ਰਾਹੀਂ ਸਾਨੂੰ ਕਿਸੇ ਚੀਜ਼ ਦੇ ਗੋਲ ਜਾਂ ਚੌਰਸ ਆਦਿ ਹੋਣ ਦਾ ਪਤਾ ਲੱਗਦਾ ਹੈ। ਕਿਸੇ ਚੀਜ਼ ਦੇ ਛੋਟੀ-ਵੱਡੀ ਹੋਣ, ਦੂਰ-ਨੇੜੇ ਹੋਣ, ਅੱਗੇ-ਪਿੱਛੇ, ਉੱਚੀ-ਨੀਵੀਂ ਹੋਣ ਆਦਿ ਦਾ ਪਤਾ ਵੀ ਅੱਖਾਂ ਰਾਹੀਂ ਲੱਗਦਾ ਹੈ। ਰੰਗ-ਰੂਪ ਦੀ ਅਤੇ ਸੁਹਜ ਦੀ ਸੋਝੀ ਵੀ ਅੱਖਾਂ ਤੋਂ ਪ੍ਰਾਪਤ ਹੁੰਦੀ ਹੈ।

ਕਿਸੇ ਵਸਤੂ ਦੇ ਲਾਭਕਾਰੀ ਜਾਂ ਹਾਨੀਕਾਰਕ, ਸੋਹਣੀ ਜਾਂ ਕੋਹਜੀ ਹੋਣ ਦਾ ਪਤਾ ਵੀ ਅੱਖਾਂ ਰਾਹੀਂ ਲੱਗਦਾ ਹੈ।

ਕਿਸੇ ਵਿਅਕਤੀ ਦੀਆਂ ਅੱਖਾਂ ਤੋਂ ਹੀ ਉਸ ਵਿਅਕਤੀ ਦੀ ਮਾਨਸਿਕ ਹਾਲਤ, ਬੌਧਿਕ ਪੱਧਰ, ਸਭਿਅਕ-ਅਸਭਿਅਕ ਹੋਣ ਦੀ ਸੂਚਨਾ ਮਿਲਦੀ ਹੈ।

ਦਿਮਾਗੀ ਪੱਖੋਂ ਊਣਾ ਵਿਅਕਤੀ ਸਿੱਧਾ ਵੇਖ ਨਹੀਂ ਸਕਦਾ, ਜਿਸ ਕਾਰਨ ਉਹ ਸਿੱਧਾ ਤੁਰ ਅਤੇ ਸਿੱਧਾ ਬੋਲ ਨਹੀਂ ਸਕਦਾ। ਉਸ ਕੋਲ ਸੇਧ ਨਹੀਂ ਹੁੰਦੀ।

ਬੌਧਿਕ ਵਿਕਾਸ ਨਾਲ ਅੱਖਾਂ ਦੀ ਚਮਕ ਅਤੇ ਹੱਥਾਂ ਦੀ ਸਮਰੱਥਾ ਵੱਧਦੀ ਹੈ।

ਸੰਸਾਰ ਵਿਚ ਸੁੰਦਰਤਾ ਦੇ ਪੈਮਾਨੇ ਨਿਰੰਤਰ ਬਦਲਦੇ ਰਹੇ ਹਨ ਪਰ ਅੱਖਾਂ ਦੀ ਚਮਕ ਹਮੇਸ਼ਾ ਹੀ ਸੁੰਦਰਤਾ ਦਾ ਬੁਨਿਆਦੀ ਅੰਗ ਰਹੀ ਹੈ।

ਜੇ ਕਿਸੇ ਨਾਲ ਅੱਖਾਂ ਨਾ ਮਿਲਣ ਤਾਂ ਸਾਨੂੰ ਉਸ ਨਾਲ ਮਿਲ ਕੇ ਵੀ, ਮਿਲਣ ਦੀ ਤਸੱਲੀ ਨਹੀਂ ਹੁੰਦੀ ਕਿਉਂਕਿ ਗੱਲਬਾਤ ਸੰਤੁਸ਼ਟ ਨਹੀਂ ਕਰਦੀ।

ਨੇਤਰਹੀਣ ਵਿਅਕਤੀ ਕੋਲ ਅੱਖਾਂ ਨਹੀਂ ਹੁੰਦੀਆਂ, ਸੋ ਉਹ ਆਪਣੇ ਕੰਨਾਂ ਨੂੰ ਵਧੇਰੇ ਵਰਤਦਾ ਹੈ। ਉਹ ਕੰਨਾਂ ਤੋਂ ਅੱਖਾਂ ਦਾ ਵੀ ਕੰਮ ਲੈਂਦਾ ਹੈ।

ਸੁਣਨਾ ਉਂਜ ਵੀ ਵੇਖਣ ਦੀ ਸਹਿਯੋਗੀ ਸ਼ਕਤੀ ਹੈ, ਜਿਵੇਂ ਸੁਣ ਕੇ ਦੱਸਿਆ ਜਾ ਸਕਦਾ ਹੈ ਕਿ ਸਾਡੇ ਪਿੱਛੇ ਟ੍ਰੈਕਟਰ ਆ ਰਿਹਾ ਹੈ ਜਾਂ ਟਰੱਕ ਆ ਰਿਹਾ ਹੈ।

ਨੇਤਰਹੀਣ ਕਿਸੇ ਬਾਰੇ ਅਨੁਮਾਨ ਉਸ ਦੀ ਅਵਾਜ਼ ਰਾਹੀਂ ਲਾਉਂਦਾ ਹੈ।

ਇਸੇ ਕਰਕੇ ਕਿਹਾ ਜਾਂਦਾ ਹੈ ਕਿ ਅਸਲ ਸੋਹਣਾ ਉਹ ਹੈ, ਜਿਹੜਾ ਅੰਨ੍ਹੇ ਨੂੰ ਵੀ ਸੋਹਣਾ ਲੱਗੇ। ਨੇਤਰਹੀਣ ਵਿਅਕਤੀ ਦੂਜੇ ਵਿਅਕਤੀ ਦੀ ਅਵਾਜ਼ ਰਾਹੀਂ, ਉਸ ਦੀ ਉਮਰ, ਸਰੀਰਕ ਡੀਲ-ਡੌਲ, ਕੱਦ-ਕਾਠ, ਬੌਧਿਕ ਪੱਧਰ, ਸਲੀਕਾ, ਚੱਜ-ਆਚਾਰ, ਚਲਾਕੀ, ਭੋਲਾਪਣ, ਨਿਮਰਤਾ, ਸੁਹਿਰਦਤਾ, ਭਾਵਨਾ, ਮਨੋਰਥ ਅਤੇ ਬੋਲਣ ਵਾਲੇ ਦੇ ਬੈਠੇ ਜਾਂ ਖਲੋਤੇ ਹੋਣ, ਦੂਰ ਜਾਂ ਨੇੜੇ ਹੋਣ ਬਾਰੇ ਜਾਣ ਸਕਦਾ ਹੈ।

ਆਪਣੀ ਛੜੀ ਨੂੰ ਜ਼ਮੀਨ ਨਾਲ ਟਕਰਾ ਕੇ ਉਹ, ਰੁਕਣ, ਸਾਵਧਾਨ ਹੋਣ ਜਾਂ ਚੱਲਦੇ ਰਹਿਣ ਦਾ ਨਿਰਣਾ ਕਰਦਾ ਹੈ।

ਨੇਤਰਹੀਣ ਜੇ ਸਭਿਅਕ ਲੋਕਾਂ ਵਿਚ ਰਹੇ ਤਾਂ ਉਸ ਵਿਚ ਵੱਖ-ਵੱਖ ਅਵਾਜ਼ਾਂ ਦੇ ਗੁਣ-ਲੱਛਣ, ਸੂਖਮਤਾ, ਮਧੁਰਤਾ ਆਦਿ ਦੀ ਸੋਝੀ ਜਾਗਦੀ ਹੈ।

ਨੇਤਰਹੀਣ ਵਿਅਕਤੀ ਦੀ ਦ੍ਰਿਸ਼ਟੀ ਤੋਂ ਅਵਾਜ਼ ਹਲਕੀ, ਭਾਰੀ, ਬਰੀਕ, ਮੋਟੀ, ਚੀਰਵੀਂ, ਸੁਰੀਲੀ, ਕਾਹਲੀ, ਟਿਕੀ ਹੋਈ, ਗੰਭੀਰ, ਹੋਛੀ, ਗੂੰਜਵੀਂ, ਬੈਠੀ ਹੋਈ, ਖੜਕਵੀਂ, ਚੀਕਵੀਂ, ਤੇਜ਼, ਰੁਕੀ ਹੋਈ, ਲਮਕਵੀਂ, ਡੂੰਘੀ, ਬੇਧਿਆਨੀ, ਥਥਲਾਉਂਦੀ, ਦੱਬਵੀਂ ਅਤੇ ਗਰਜਵੀਂ ਹੁੰਦੀ ਹੈ। ਕਿਸੇ ਨੂੰ ਪਛਾਣਨ ਲਈ ਅਵਾਜ਼, ਨੇਤਰਹੀਣ ਵਿਅਕਤੀ ਲਈ ਵਿਸ਼ੇਸ਼ ਕਰਕੇ ਅਤੇ ਸਧਾਰਨ ਵਿਅਕਤੀਆਂ ਲਈ ਆਮ ਕਰਕੇ ਭਰੋਸੇਮੰਦ ਸਾਧਨ ਹੁੰਦੀ ਹੈ।

ਅਵਾਜ਼ ਦੀ ਸੂਖਮ ਅਤੇ ਵਿਸ਼ਾਲ ਸੋਝੀ ਰੱਖਣ ਕਾਰਨ ਹੀ ਬਹੁਤੇ ਨੇਤਰਹੀਣ ਵਿਅਕਤੀ ਸੰਗੀਤ ਵਿਚ ਰੁਚੀ ਲੈਂਦੇ ਹਨ, ਜਿਸ ਰਾਹੀਂ ਉਹ ਆਪਣੇ ਜੀਵਨ ਨੂੰ ਸਾਰਥਕ ਕਰਦੇ ਹਨ ਅਤੇ ਸਮਾਜ ਲਈ ਲਾਭਕਾਰੀ ਸਾਬਤ ਹੁੰਦੇ ਹਨ।

ਨੇਤਰਹੀਣ ਹੋਣ ਦੀ ਸਥਿਤੀ ਵਿਚ, ਜੀਵਿਤ ਰਹਿਣ ਦੀ ਸਹੂਲਤ ਕੇਵਲ ਮਨੁੱਖੀ ਸਮਾਜ ਵਿਚ ਹੈ। ਜੇ ਸਮਾਜ ਸਹਿਯੋਗ ਨਾ ਦੇਵੇ ਤਾਂ ਨੇਤਰਹੀਣ ਵਿਅਕਤੀ ਜੀਵਿਤ ਨਹੀਂ ਰਹਿ ਸਕਦਾ। ਮਨੁੱਖਾਂ ਵਿਚ ਵੀ ਕੇਵਲ ਪੁਰਸ਼ ਇਸ ਮੁਸ਼ਕਿਲ ਨੂੰ ਬਰਦਾਸ਼ਤ ਕਰਦੇ ਹਨ। ਕਿਸੇ ਨੇਤਰਹੀਣ ਇਸਤਰੀ ਲਈ ਸਮੱਸਿਆਵਾਂ ਕਈ ਗੁਣਾਂ ਵੱਧ ਜਾਂਦੀਆਂ ਹਨ। ਨੇਤਰਹੀਣ ਧੀਆਂ ਅਕਸਰ ਮਾਪਿਆਂ ਦੀ ਕਰਤੱਵ, ਕੁਰਬਾਨੀ ਅਤੇ ਸੇਵਾ ਦੀ ਭਾਵਨਾ ਕਾਰਨ, ਉਨ੍ਹਾਂ ਦੀ ਦੇਖਭਾਲ ਅਧੀਨ ਜੀਵਿਤ ਰਹਿੰਦੀਆਂ ਹਨ ਪਰ ਇਨ੍ਹਾਂ ਦਾ ਜੀਵਨ ਬੜਾ ਸੀਮਤ ਹੁੰਦਾ ਹੈ।

ਘਰ ਦੇ ਅੰਦਰ ਨੇਤਰਹੀਣਾਂ ਨੂੰ ਵਿਚਰਨ ਵਿਚ ਮੁਸ਼ਕਿਲ ਨਹੀਂ ਆਉਂਦੀ।

ਪਰਿਵਾਰ ਵੀ ਇਨ੍ਹਾਂ ਉੱਤੇ ਬਹੁਤੀਆਂ ਜ਼ਿੰਮੇਵਾਰੀਆਂ ਨਹੀਂ ਪਾਉਂਦਾ।

ਕੁਦਰਤ ਵਿਚ ਉਹੀ ਜੀਵ-ਜੰਤੂ ਜਿਊਂਦੇ ਰਹਿ ਸਕਦੇ ਹਨ, ਜਿਹੜੇ ਪੂਰਨ ਭਾਂਤ ਤੰਦਰੁਸਤ ਹੋਣ, ਨਹੀਂ ਤਾਂ ਉਹ ਖਾਰਜ ਹੋ ਜਾਂਦੇ ਹਨ। ਇਹ ਕੇਵਲ ਮਨੁੱਖੀ ਨਸਲ ਵਿਚ ਸੰਭਵ ਹੈ ਕਿ ਬੌਧਿਕ ਅਤੇ ਸਰੀਰਕ ਪੱਖੋਂ ਅਪੰਗ ਵਿਅਕਤੀ ਵੀ

ਜੀਵਿਤ ਰਹਿੰਦੇ ਹਨ ਪਰ ਇਹ ਤਾਂ ਹੀ ਸੰਭਵ ਹੁੰਦਾ ਹੈ ਜੇ ਕੋਈ ਤੰਦਰੁਸਤ ਵਿਅਕਤੀ ਉਨ੍ਹਾਂ ਦੀ ਦੇਖਭਾਲ ਦੀ ਜ਼ਿਮੇਵਾਰੀ ਲਏ।

ਪਸ਼ੂਆਂ ਵਿਚ ਕੋਈ ਪਸ਼ੂ ਕਿਸੇ ਹੋਰ ਪਸ਼ੂ ਦੀ ਦੇਖ-ਭਾਲ ਨਹੀਂ ਕਰ ਸਕਦਾ, ਸੋ ਪਸ਼ੂਆਂ ਵਿਚ ਇਹ ਸੋਝੀ ਉਤਪੰਨ ਹੀ ਨਹੀਂ ਹੋਈ।

ਪਸ਼ੂ-ਪੰਛੀ ਵੀ ਨੇਤਰਹੀਣ ਹੋ ਜਾਂਦੇ ਹਨ ਪਰ ਉਹ ਪੂਰੀ ਤਰ੍ਹਾਂ ਨੇਤਰਹੀਣ ਹੋਣ ਤੋਂ ਪਹਿਲਾਂ ਹੀ ਮਰ ਜਾਂਦੇ ਹਨ।

ਨੇਤਰਹੀਣ ਵਿਅਕਤੀ ਸੀਮਤ ਆਲੇ-ਦੁਆਲੇ ਨਾਲ ਆਪਣੇ ਆਪ ਨੂੰ ਇਕ-ਸੁਰ ਕਰ ਲੈਂਦਾ ਹੈ। ਇਕ ਹੋਸਟਲ ਵਿਚ ਇਕ ਨੇਤਰਹੀਣ ਵਿਦਿਆਰਥਣ ਵੀ ਰਹਿੰਦੀ ਸੀ। ਉਹ ਨੇੜੇ-ਤੇੜੇ ਅਤੇ ਉੱਪਰ-ਥੱਲੇ ਆਪੇ ਆ ਜਾਂਦੀ ਸੀ ਅਤੇ ਆਪੇ ਜਾ ਸਕਦੀ ਸੀ। ਜੇ ਲੋੜ ਪੈਂਦੀ ਤਾਂ ਹੋਰ ਲੜਕੀਆਂ ਉਸ ਦੀ ਮਦਦ ਕਰਦੀਆਂ ਸਨ ਪਰ ਆਪਣੇ ਸਾਰੇ ਕਾਰਜ ਉਹ ਆਪ ਸਾਧ ਲੈਂਦੀ ਸੀ। ਇਕ ਰਾਤ ਇਕ ਸਮਾਗਮ ਵਿਚ ਬਿਜਲੀ ਚਲੀ ਗਈ, ਘੁੱਪ ਹਨੇਰਾ ਹੋ ਗਿਆ ਪਰ ਬਿਜਲੀ ਚਲੇ ਜਾਣ ਦਾ ਰੌਲਾ ਸੁਣ ਕੇ, ਉਸ ਨੇਤਰਹੀਣ ਲੜਕੀ ਨੇ ਬੜੇ ਵਿਸ਼ਵਾਸ ਨਾਲ ਕਿਹਾ: ਘਬਰਾਓ ਨਾ, ਮੇਰੇ ਪਿੱਛੇ-ਪਿੱਛੇ ਆ ਜਾਓ, ਮੈਂ ਤੁਹਾਨੂੰ ਪਹੁੰਚਾ ਦੇਵਾਂਗੀ।

ਕਈ ਜਮਾਂਦਰੂ ਨੇਤਰਹੀਣ ਹੁੰਦੇ ਹਨ, ਕੁਝ ਕਿਸੇ ਦੁਰਘਟਨਾ, ਬਿਮਾਰੀ, ਅਣਗਹਿਲੀ ਜਾਂ ਕਿਸੇ ਹੋਰ ਕਾਰਨ ਦ੍ਰਿਸ਼ਟੀ ਗੁਆ ਬੈਠਦੇ ਹਨ।

ਕਈਆਂ ਦੀ ਨੇਤਰਹੀਣਤਾ ਡੂੰਘੀ ਅਤੇ ਮਨੋਵਿਗਿਆਨਕ ਹੁੰਦੀ ਹੈ।

ਇਕ ਲੜਕੀ ਨੂੰ ਉਸ ਦੀ ਮਾਂ ਅੱਖਾਂ ਦੇ ਡਾਕਟਰ ਕੋਲ ਲੈ ਕੇ ਗਈ ਅਤੇ ਦੱਸਿਆ ਕਿ ਇਹ ਅੰਨ੍ਹੀ ਹੋ ਗਈ ਹੈ। ਜਾਂਚ ਕਰਕੇ ਡਾਕਟਰ ਨੇ ਕਿਹਾ: ਇਸ ਦੀਆਂ ਅੱਖਾਂ ਸਰੀਰਕ ਪੱਖੋਂ ਠੀਕ ਹਨ ਪਰ ਮਨੋਵਿਗਿਆਨਕ ਪੱਖੋਂ ਇਹ ਅੰਨ੍ਹੀ ਹੈ। ਦਸਦੀ ਹੈ, ਕਿਸੇ ਨਾਲ ਪਿਆਰ ਹੋ ਗਿਆ ਸੀ ਪਰ ਪਰਿਵਾਰ ਨੇ ਇਸ ਦਾ ਉਸ ਨਾਲ ਮਿਲਣਾ-ਗਿਲਣਾ ਬੰਦ ਕਰਕੇ, ਇਸ ਨੂੰ ਇਕ ਹਨੇਰੇ ਕਮਰੇ ਵਿਚ ਬੰਦ ਕਰ ਦਿੱਤਾ ਸੀ। ਇਹ ਕਹਿੰਦੀ ਹੈ ਕਿ ਇਸ ਨੂੰ ਆਪਣੇ ਪ੍ਰੇਮੀ ਤੋਂ ਸਿਵਾਏ ਕਿਸੇ ਹੋਰ ਨੂੰ ਵੇਖਣ ਦੀ ਇੱਛਾ ਹੀ ਨਹੀਂ ਹੈ। ਇਸ ਦੀਆਂ ਅੱਖਾਂ ਨੇ ਆਤਮਘਾਤ ਕਰ ਲਿਆ ਹੈ।

ਜਿਹੜੇ ਜਮਾਂਦਰੂ ਨੇਤਰਹੀਣ ਨਹੀਂ ਹੁੰਦੇ ਅਤੇ ਮਗਰੋਂ ਪੂਰੇ ਜਾਂ ਆਂਸ਼ਿਕ ਨੇਤਰਹੀਣ ਹੋ ਜਾਂਦੇ ਹਨ, ਉਹ ਨੇਤਰਹੀਣ ਹੋਣ ਤੋਂ ਪਹਿਲਾਂ ਵੇਖੀਆਂ ਇਮਾਰਤਾਂ, ਵਿਅਕਤੀਆਂ, ਘਟਨਾਵਾਂ ਆਦਿ ਦੇ ਹਵਾਲਿਆਂ ਨਾਲ ਗੱਲਾਂ ਕਰਦੇ ਹਨ।

ਇਨ੍ਹਾਂ ਕੋਲ ਲੋਕ-ਪ੍ਰਲੋਕ ਦੋਵੇਂ ਪ੍ਰਕਾਰ ਦਾ ਅਨੁਭਵ ਹੁੰਦਾ ਹੈ ਪਰ ਇਨ੍ਹਾਂ ਦਾ ਆਲੇ-ਦੁਆਲੇ 'ਤੇ ਨਿਯੰਤਰਣ ਨਹੀਂ ਹੁੰਦਾ ਅਤੇ ਇਨ੍ਹਾਂ ਨੂੰ ਤਾਲ-ਮੇਲ ਦੀ ਸਮੱਸਿਆ ਦਾ ਨਿਰੰਤਰ ਸਾਹਮਣਾ ਕਰਨਾ ਪੈਂਦਾ ਹੈ।

ਮੇਰੇ ਇਕ ਜਾਣੂ ਅਧਿਆਪਕ ਪੰਜ ਸਾਲ ਦੇ ਅਰਸੇ ਵਿਚ ਪੂਰੀ ਤਰ੍ਹਾਂ ਦ੍ਰਿਸ਼ਟੀ ਗੁਆ ਬੈਠੇ ਸਨ। ਉਨ੍ਹਾਂ ਨੂੰ ਭਾਂਤ-ਭਾਂਤ ਦੀਆਂ ਮੁਸ਼ਕਿਲਾਂ, ਪਰੇਸ਼ਾਨੀਆਂ ਅਤੇ ਅਪਮਾਨਾਂ ਦਾ ਸਾਹਮਣਾ ਕਰਨਾ ਪਿਆ ਸੀ। ਉਨ੍ਹਾਂ ਨੇ ਬਲੈਕ ਬੋਰਡ ਵਰਤਣਾ

ਤਿਆਗ ਦਿੱਤਾ ਸੀ, ਵਿਦਿਆਰਥੀਆਂ ਦੇ ਲਿਖੇ ਦੀ ਪਰਖ ਕਰਨੀ ਛੱਡ ਦਿੱਤੀ ਸੀ, ਉਨ੍ਹਾਂ ਦਾ ਆਪਣਾ ਪੜ੍ਹਨਾ-ਲਿਖਣਾ ਰਹਿ ਗਿਆ ਸੀ। ਕਲਾਸ ਵਿਚ ਆਪ ਪੜ੍ਹ ਨਾ ਸਕਣ ਕਾਰਨ ਉਹ ਕਿਸੇ ਵਿਦਿਆਰਥੀ ਨੂੰ ਪਾਠ ਪੜ੍ਹਨ ਲਈ ਕਹਿੰਦੇ ਸਨ। ਹਨੇਰਾ ਪੈ ਜਾਣ 'ਤੇ ਘਰ ਨਹੀਂ ਸੀ ਪਹੁੰਚ ਸਕਦੇ। ਸਕੂਲ ਦੇ ਕਿਸੇ ਕਾਰਜ ਵਿਚ ਸ਼ਾਮਲ ਨਹੀਂ ਸਨ ਹੋ ਸਕਦੇ। ਉਨ੍ਹਾਂ ਨੇ ਰਿਸ਼ਤੇਦਾਰੀ ਵਿਚ ਆਉਣਾ-ਜਾਣਾ ਬੰਦ ਕਰ ਦਿੱਤਾ ਸੀ। ਮੁਸ਼ਕਿਲ ਉਦੋਂ ਹੁੰਦੀ ਸੀ, ਜਦੋਂ ਕੋਈ ਉਨ੍ਹਾਂ ਦੀ ਹਾਲਤ ਤੋਂ ਅਣਜਾਣ, ਉਨ੍ਹਾਂ ਨੂੰ ਕੁਝ ਪੜ੍ਹਨ ਲਈ ਕਹਿੰਦਾ ਸੀ।

ਉਨ੍ਹਾਂ ਲਈ ਸਭ ਤੋਂ ਵੱਡੀ ਸਮੱਸਿਆ ਆਪਣੀ ਸਥਿਤੀ ਨੂੰ ਸਵੀਕਾਰਨ ਦੀ ਸੀ, ਜਿਸ ਕਾਰਨ ਉਨ੍ਹਾਂ ਦਾ ਨਾਂ ਧ੍ਰਿਤਰਾਸ਼ਟਰ ਰੱਖ ਦਿੱਤਾ ਗਿਆ ਸੀ।

ਭੈੜੀ ਗੱਲ ਇਹ ਸੀ ਕਿ ਜਿਸ ਇਲਾਕੇ ਵਿਚ ਉਹ ਰਹਿੰਦੇ ਸਨ, ਉੱਥੇ ਨੇਤਰਹੀਣਾਂ ਪ੍ਰਤੀ ਸਮਾਜ ਦਾ ਦ੍ਰਿਸ਼ਟੀਕੋਣ ਨਾ ਉਸਾਰੂ ਸੀ ਨਾ ਸਹਿਯੋਗੀ।

ਉਨ੍ਹਾਂ ਦੀ ਪੰਜ ਸਾਲ ਦੀ ਤਣਾਓਭਰੀ ਸਥਿਤੀ ਨੇ, ਉਨ੍ਹਾਂ ਦੀ ਉਮਰ ਵਿਚ ਵੀਹ ਸਾਲ ਜੋੜ ਦਿੱਤੇ ਸਨ। ਉਨ੍ਹਾਂ ਦੇ ਸਾਰੇ ਸੁਪਨੇ ਮਰ ਗਏ ਸਨ।

ਹਰੇਕ ਨੇਤਰਹੀਣ ਦੀ ਇਕ ਦੁਖਦਾਈ ਕਹਾਣੀ ਹੁੰਦੀ ਹੈ।

ਇਕ ਨੇਤਰਹੀਣ ਇਸਤਰੀ ਦਸ ਰਹੀ ਸੀ ਕਿ ਇਕ ਲੜਕੀ ਪਰਿਵਾਰ ਦੀ ਚੌਥੀ ਧੀ ਸੀ। ਚੇਚਕ ਨਾਲ ਉਸ ਦੀ ਨਜ਼ਰ ਜਾਂਦੀ ਰਹੀ ਸੀ। ਕੁਝ ਅਰਸਾ ਉਸ ਨੂੰ ਕੇਵਲ ਪਰਛਾਵੇਂ ਦਿਸਦੇ ਸਨ ਅਤੇ ਅੱਠ ਸਾਲ ਦੀ ਉਮਰ ਵਿਚ ਉਸ ਨੂੰ ਦਿਸਣਾ ਬੰਦ ਹੋ ਗਿਆ ਸੀ। ਉਸ ਦੇ ਗਰੀਬ ਮਾਪਿਆਂ ਕੋਲ ਇਲਾਜ ਕਰਵਾਉਣ ਦੇ ਸਾਧਨ ਨਹੀਂ ਸਨ। ਜਦੋਂ ਉਹ ਪੰਜ ਸਾਲ ਦੀ ਹੋਈ ਤਾਂ ਇਕ ਦਿਨ ਉਸ ਦੀ ਮਾਂ ਉਸ ਨੂੰ ਬਸ ਅੱਡੇ ਲੈ ਗਈ ਅਤੇ ਬਿਸਕੁਟਾਂ ਦਾ ਪੈਕਟ ਦੇ ਕੇ ਉਸ ਨੂੰ ਉੱਥੇ ਬੈਠਣ ਲਈ ਕਿਹਾ। ਉਸ ਨੂੰ ਬਿਸਕੁਟਾਂ ਦਾ ਪੂਰਾ ਪੈਕਟ ਪਹਿਲੀ ਵਾਰ ਮਿਲਿਆ ਸੀ। ਉਹ ਉੱਥੇ ਬੈਠੀ ਆਪਣੀ ਮਾਂ ਨੂੰ ਉਡੀਕਦੀ ਰਹੀ। ਸਵੇਰ ਤੋਂ ਸ਼ਾਮ ਪੈ ਗਈ ਸੀ। ਮਾਂ ਨੇ ਲਾਲ ਸਾੜ੍ਹੀ ਪਾਈ ਹੋਈ ਸੀ। ਉਹ ਹਰ ਲਾਲ ਕਪੜੇ ਦੇ ਝਾਵਲੇ ਵਿਚੋਂ ਮਾਂ ਲੱਭਦੀ ਰਹੀ। ਬਿਸਕੁਟਾਂ ਦਾ ਪੈਕਟ ਭੁੱਲ ਗਿਆ, ਭੁੱਖ-ਪਿਆਸ ਨਾਲ ਥੱਕ ਕੇ ਉਹ ਰੋਂਦੀ-ਰੋਂਦੀ ਸੌਂ ਗਈ। ਕੋਈ ਉਸ ਨੂੰ ਇਕ ਆਸ਼ਰਮ ਵਿਚ ਛੱਡ ਗਿਆ ਸੀ, ਉੱਥੇ ਵੀ ਉਹ ਮਾਂ ਨੂੰ ਉਡੀਕਦੀ ਰਹੀ। ਹਫਤੇ, ਮਹੀਨੇ, ਸਾਲ ਬੀਤ ਗਏ ਪਰ ਉਸ ਦੀ ਉਡੀਕ ਨਾ ਮੁੱਕੀ। ਉਹ ਲੜਕੀ ਹਨੇਰੀ ਦੁਨੀਆਂ ਵਿਚ ਇਕੱਲੀ ਸੀ।

ਉਸ ਇਸਤਰੀ ਨੇ ਦੱਸਿਆ: ਉਹ ਬਦਨਸੀਬ ਲੜਕੀ ਮੈਂ ਸਾਂ।

ਜਿਹੜੇ ਜਮਾਂਦਰੂ ਨੇਤਰਹੀਣ ਹੁੰਦੇ ਹਨ, ਭਾਵੇਂ ਉਹ ਕਿਸੇ ਦੀਆਂ ਅੱਖਾਂ ਮਿਲਣ ਉਪਰੰਤ ਵੇਖਣ ਲੱਗ ਪੈਂਦੇ ਹਨ ਪਰ ਉਨ੍ਹਾਂ ਨੂੰ ਅੱਖਾਂ ਕੁਦਰਤ ਵੱਲੋਂ ਜਨਮ ਸਮੇਂ ਹੀ ਨਾ ਮਿਲਣ ਕਾਰਨ ਚੀਜ਼ਾਂ ਨਾਲ ਤਾਲ-ਮੇਲ ਉਸਾਰਨ ਵਿਚ ਲੰਮਾ ਅਰਸਾ ਲੱਗਦਾ ਹੈ, ਕਿਉਂਕਿ ਉਹ ਬੜੀ ਦੇਰ ਮਗਰੋਂ ਸਭ ਕੁਝ ਪਹਿਲੀ ਵਾਰ ਵੇਖ ਰਹੇ ਹੁੰਦੇ ਹਨ। ਉਨ੍ਹਾਂ ਕੋਲ ਚੀਜ਼ਾਂ ਦਾ ਸੰਕਲਪ ਅਤੇ ਸ਼ਬਦਾਵਲੀ ਨਹੀਂ ਹੁੰਦੀ।

ਉਨ੍ਹਾਂ ਨਾਲ ਸਭ ਕੁਝ ਪਹਿਲੀ ਵਾਰ ਵਾਪਰ ਰਿਹਾ ਹੁੰਦਾ ਹੈ। ਉਹ ਮੁੱਢ ਵਿਚ

ਅੱਖਾਂ ਦੀ ਸਹੀ ਵਰਤੋਂ ਨਾ ਕਰ ਸਕਣ ਕਰਕੇ ਬੜੇ ਪਰੇਸ਼ਾਨ ਹੁੰਦੇ ਹਨ ਅਤੇ ਉਹ ਸੌਖੇ ਅਤੇ ਸੁਖੀ ਹੋਣ ਲਈ ਕਈ ਵਾਰੀ ਆਪਣੀਆਂ ਅੱਖਾਂ ਬੰਦ ਕਰ ਲੈਂਦੇ ਹਨ। ਉਹ ਮਿਲੀਆਂ ਅੱਖਾਂ ਦੀ ਦ੍ਰਿਸ਼ਟੀ ਦੇ ਬਾਵਜੂਦ, ਪੁਰਾਣੀ ਆਦਤ ਕਾਰਨ, ਵਸਤਾਂ ਨੂੰ ਛੂਹ ਕੇ ਪ੍ਰਗਟਾਉਂਦੇ ਹਨ। ਵੇਖ ਕੇ ਕੋਈ ਚੀਜ਼ ਤਾਂ ਹੀ ਪਛਾਣੀ ਜਾਂਦੀ ਹੈ, ਕਿਉਂਕਿ ਉਸ ਚੀਜ਼ ਦਾ ਅਕਸ ਸਾਡੀ ਚੇਤਨਾ ਵਿਚ ਪਹਿਲਾਂ ਹੀ ਹੁੰਦਾ ਹੈ। ਕਿਸੇ ਦੀਆਂ ਅੱਖਾਂ ਪ੍ਰਾਪਤ ਕਰਨ ਵਾਲਾ ਵਿਅਕਤੀ ਚੀਜ਼ਾਂ ਨੂੰ ਨਜ਼ਰਾਂ ਨਾਲ ਛੂੰਹਦਾ ਹੈ।

ਇਕ ਵਾਰੀ ਪੰਝੀ ਸਾਲ ਦਾ ਲੜਕਾ, ਗੱਡੀ ਵਿਚੋਂ ਬਾਹਰ ਵੇਖ ਕੇ ਆਪਣੇ ਪਿਤਾ ਨੂੰ ਬੱਚੇ ਵਾਂਗ ਕਹਿ ਰਿਹਾ ਸੀ: ਪਿਤਾ ਜੀ ਵੇਖੋ, ਮੀਂਹ ਪੈ ਰਿਹਾ ਹੈ, ਦਰੱਖ਼ਤ ਦੌੜਦੇ ਜਾ ਰਹੇ ਹਨ। ਉਹ ਸਾਰਾ ਸਫ਼ਰ ਬਾਹਰ ਹੀ ਵੇਖਦਾ ਰਿਹਾ ਸੀ। ਉਸ ਦੇ ਬਚਕਾਨਾ ਵਿਹਾਰ ਸੰਬੰਧੀ ਸਵਾਰੀਆਂ ਕੰਨੋ-ਕੰਨ ਗੱਲਾਂ ਕਰ ਰਹੀਆਂ ਸਨ।

ਇਕ ਨਵਾਂ ਵਿਆਹਿਆ ਜੋੜਾ ਬੈਠਾ ਸੀ, ਦੁਲਹਨ ਦੇ ਕੱਪੜਿਆਂ 'ਤੇ ਖੁਲ੍ਹੀ ਬਾਰੀ ਵਿਚੋਂ, ਮੀਂਹ ਦੀਆਂ ਕੁਝ ਕਣੀਆਂ ਪੈ ਗਈਆਂ ਸਨ। ਪਤੀ ਨੇ ਉਸ ਲੜਕੇ ਦੇ ਪਿਤਾ ਨੂੰ ਕਿਹਾ: ਬਾਰੀ ਬੰਦ ਕਿਉਂ ਨਹੀਂ ਕਰਦੇ, ਤੁਹਾਡਾ ਲੜਕਾ ਪਾਗਲ ਹੈ, ਇਸ ਨੂੰ ਕਿਸੇ ਪਾਗਲਖਾਨੇ ਦਾਖਲ ਕਰਵਾਓ।

ਪਿਤਾ ਪਹਿਲਾਂ ਝੇਪਿਆ ਪਰ ਫਿਰ ਹਿੰਮਤ ਕਰਕੇ ਬੋਲਿਆ: ਇਹ ਬਚਪਨ ਤੋਂ ਅੰਨ੍ਹਾ ਸੀ। ਦੁਰਘਟਨਾ ਵਿਚ ਕਿਸੇ ਰਿਸ਼ਤੇਦਾਰ ਦੀ ਮੌਤ ਕਾਰਨ, ਉਸ ਦੀਆਂ ਅੱਖਾਂ ਇਸ ਨੂੰ ਮਿਲੀਆਂ ਹਨ।ਅਸੀਂ ਹਸਪਤਾਲ ਤੋਂ ਆ ਰਹੇ ਹਾਂ।ਪਹਿਲਾਂ ਮੈਂ ਇਸ ਨੂੰ ਬੋਲ ਕੇ ਦੱਸਿਆ ਕਰਦਾ ਸਾਂ। ਇਹ ਸਭ ਕੁਝ ਅੱਜ ਪਹਿਲੀ ਵਾਰ ਵੇਖ ਰਿਹਾ ਹੈ, ਇਸ ਲਈ ਹੈਰਾਨ ਹੋ ਰਿਹਾ ਹੈ।ਅਸੀਂ ਤਾਂ ਵੇਖ ਕੇ ਵੀ ਨਹੀਂ ਵੇਖ ਰਹੇ।

ਕੋਈ ਸਮਾਂ ਸੀ ਜਦੋਂ ਨੇਤਰਹੀਣਤਾ ਨੂੰ ਸਰਾਪ ਅਤੇ ਪਿਛਲੇ ਜਨਮ ਦੇ ਕਰਮਾਂ ਦਾ ਫਲ ਸਮਝਿਆ ਜਾਂਦਾ ਸੀ ਅਤੇ ਨੇਤਰਹੀਣ ਵਿਅਕਤੀ ਦਾ ਜੀਵਨ ਬਾਲ-ਵਿਧਵਾ ਨਾਲੋਂ ਵੀ ਵਧੇਰੇ ਸਰਾਪਿਆ ਹੁੰਦਾ ਸੀ। ਉਹ ਕੇਵਲ ਮੰਗਤਾ ਹੀ ਬਣ ਸਕਦਾ ਸੀ। ਹੁਣ ਨੇਤਰਹੀਣਤਾ, ਵਿਕਲਾਂਗਤਾ ਦੀਆਂ ਅਨੇਕ ਕਿਸਮਾਂ ਵਿਚੋਂ ਇਕ ਹੈ ਅਤੇ ਇਸ ਦੇ ਇਲਾਜ ਦੀਆਂ ਸੰਭਾਵਨਾਵਾਂ ਉਜਾਗਰ ਹੋ ਰਹੀਆਂ ਹਨ।

ਚੰਗੀ ਗੱਲ ਇਹ ਹੈ ਕਿ ਹੁਣ ਵਿਕਲਾਂਗਾਂ ਪ੍ਰਤੀ ਸਮਾਜ ਦਾ ਦ੍ਰਿਸ਼ਟੀਕੋਣ ਬਦਲ ਰਿਹਾ ਹੈ। ਚੰਡੀਗੜ੍ਹ ਦੇ ਰੋਜ਼ ਗਾਰਡਨ ਵਿਚ ਇਕ ਅੰਨ੍ਹਾ ਮੰਗਤਾ ਕਿਹਾ ਕਰਦਾ ਸੀ: ਅੰਨ੍ਹਾ ਹਾਂ, ਦਾਨ ਦਿਓ, ਕੋਈ ਨਹੀਂ ਦੇ ਰਿਹਾ ਸੀ। ਕੁਝ ਅਰਸੇ ਮਗਰੋਂ ਉਸ ਨੇ ਆਪਣੇ ਅੱਗੇ ਰੱਖੀ ਇਕ ਤਖ਼ਤੀ ਤੇ ਲਿਖਵਾਇਆ ਹੋਇਆ ਸੀ: ਗੁਲਾਬ ਖਿੜੇ ਹੋਏ ਹਨ, ਤੁਸੀਂ ਭਾਗਾਂ ਵਾਲੇ ਹੋ, ਗੁਲਾਬ ਵੇਖ ਸਕਦੇ ਹੋ, ਮੈਂ ਵੇਖ ਨਹੀਂ ਸਕਦਾ। ਸਾਰੇ ਦਾਨ ਦੇ ਰਹੇ ਸਨ। ਹੁਣ ਨੇਤਰਹੀਣਾਂ ਦਾ ਜੀਵਨ, ਸਮਾਜ ਦੀ ਦਇਆ, ਕਰੁਣਾ ਅਤੇ ਤਰਸ ਉੱਤੇ ਨਿਰਭਰ ਨਹੀਂ ਕਰਦਾ।

ਹੁਣ ਨੇਤਰਹੀਣ ਵੀ ਸਮਾਜ ਵਿਚ ਯੋਗਦਾਨ ਪਾਉਣ ਲੱਗ ਪਏ ਹਨ ਅਤੇ ਇਨ੍ਹਾਂ ਦੀ ਮਦਦ ਕਰਨ ਵਾਲੇ ਵੀ ਅੱਗੇ ਆਉਣ ਲੱਗ ਪਏ ਹਨ। ਅੱਖਾਂ ਵਾਲਿਆਂ

ਅਤੇ ਉਨ੍ਹਾਂ ਦੇ ਵਿਹਾਰ ਨਾਲ ਅੱਕੀ-ਥੱਕੀ ਅਤੇ ਨਿਰਾਸ਼ ਇਕ ਪ੍ਰਸਿੱਧ ਸੰਗੀਤਕਾਰ ਇਸਤਰੀ ਨੇ ਆਪਣੀ ਮਰਜ਼ੀ ਨਾਲ ਜਾਣ-ਬੁੱਝ ਕੇ ਇਕ ਨੇਤਰਹੀਣ ਸੰਗੀਤਕਾਰ ਨਾਲ ਵਿਆਹ ਕਰਵਾਇਆ ਅਤੇ ਉਹ ਉਸ ਦੀ ਨਜ਼ਰ ਬਣੀ।

ਰੂਸ ਦੇ ਸਕੂਲਾਂ ਵਿਚ ਹਰ ਰੋਜ਼ ਇਕ ਵਿਦਿਆਰਥੀ ਦੀਆਂ ਅੱਖਾਂ ਬੰਨ੍ਹੀਆਂ ਜਾਂਦੀਆਂ ਹਨ ਤਾਂ ਕਿ ਵਿਦਿਆਰਥੀ ਨੇਤਰਹੀਣਤਾ ਦੀ ਸਮੱਸਿਆ ਸਮਝ ਸਕਣ।

ਹੁਣ ਅੰਨ੍ਹਿਆਂ ਦੇ ਪੜ੍ਹਨ ਵਾਲੀ ਲਿਪੀ, ਪੂਰੀ ਤਰ੍ਹਾਂ ਵਿਕਸਿਤ ਹੋ ਗਈ ਹੈ।

ਵੇਖਿਆ ਗਿਆ ਹੈ ਕਿ ਕੋਈ ਕਿਸੇ ਪੱਖੋਂ ਵਿਕਲਾਂਗ ਹੋਵੇ, ਉਹ ਵਧੇਰੇ ਸੰਵੇਦਨਸ਼ੀਲ ਹੁੰਦਾ ਹੈ। ਵਧੇਰੇ ਸੰਵੇਦਨਸ਼ੀਲ ਹੋਣ ਕਰਕੇ ਹੀ ਹੁਣ ਵਿਕਲਾਂਗ ਵੀ ਚਿੱਤਰਕਾਰ, ਨਾਵਲਕਾਰ, ਕਵੀ, ਸੰਗੀਤਕਾਰ ਅਤੇ ਚਿੰਤਕ ਬਣ ਰਹੇ ਹਨ।

ਪ੍ਰਸਿੱਧ ਅੰਗਰੇਜ਼ੀ ਕਵੀ ਮਿਲਟਨ ਅੰਨ੍ਹਾ ਸੀ।

ਤਾਰਿਆਂ ਸੰਬੰਧੀ ਜਗਤ-ਪ੍ਰਸਿੱਧ ਖੋਜ ਕਰਨ ਵਾਲੇ ਗੈਲੀਲੀਓ ਨੇ ਆਪਣੇ ਜੀਵਨ ਦੇ ਅੰਤਲੇ ਪੰਜ ਵਰ੍ਹੇ ਅੰਨ੍ਹੇਪਣ ਵਿਚ ਗੁਜ਼ਾਰੇ ਸਨ।

ਸਾਰੀ ਸਾਰੀ ਰਾਤ ਅਕਾਸ਼ ਵਿਚ ਵੇਖਦੇ ਰਹਿਣ ਵਾਲੇ ਅਤੇ ਬ੍ਰਹਿਮੰਡ ਬਾਰੇ ਗਿਆਨ ਦੀ ਰੋਸ਼ਨੀ ਖਿਲਾਰਨ ਅਤੇ ਵਿਸ਼ਵ-ਪ੍ਰਸਿੱਧੀ ਵਾਲੇ ਤਾਰਾ-ਵਿਗਿਆਨੀ ਲਈ ਇਹ ਬਹੁਤ ਵੱਡਾ ਕਸ਼ਟ ਸੀ।

ਨੇਤਰਹੀਣ ਵਿਅਕਤੀਆਂ ਪ੍ਰਤੀ ਸਮਾਜ ਆਪਣੇ ਦ੍ਰਿਸ਼ਟੀਕੋਣ ਨੂੰ ਉਸਾਰੂ ਬਣਾ ਕੇ, ਇਨ੍ਹਾਂ ਤੋਂ ਬੜੇ ਸੂਖਮ ਅਨੁਭਵ ਪ੍ਰਾਪਤ ਕਰ ਸਕਦਾ ਹੈ।

ਕਿਸੇ ਵਲੋਂ ਵਿਕਲਾਂਗ ਵਿਅਕਤੀ ਨਾਲ ਉਸਾਰਿਆ ਰਿਸ਼ਤਾ, ਦੋਹਾਂ ਵਾਸਤੇ ਜੀਵਨ ਦੀ ਅਦਭੁੱਤ ਤਸੱਲੀ, ਡੂੰਘੇ ਅਨੁਭਵ, ਸਨੇਹ ਅਤੇ ਸਦਭਾਵਨਾ ਦੀ ਦੌਲਤ ਨਾਲ ਮਾਲਾ-ਮਾਲ ਹੁੰਦਾ ਹੈ। ਇਹ ਰਿਸ਼ਤਾ ਕੋਈ ਦਲੇਰ ਅਤੇ ਵਿਸ਼ਾਲ ਦ੍ਰਿਸ਼ਟੀ ਵਾਲਾ ਵਿਅਕਤੀ ਹੀ ਉਸਾਰ ਸਕਦਾ ਹੈ ਪਰ ਜਿਹੜਾ ਵੀ ਉਸਾਰੇਗਾ ਉਹ ਇਕ ਚੰਗਾ ਇਨਸਾਨ ਬਣ ਜਾਵੇਗਾ।

ਜੇ ਨੇਤਰਹੀਣਾਂ ਪ੍ਰਤੀ ਸਮਾਜ ਆਪਣਾ ਰਵੱਈਆ ਬਦਲ ਲਵੇ ਤਾਂ ਨੇਤਰਹੀਣ ਵੀ ਸਭ ਕੁਝ ਵੇਖਣ ਲੱਗ ਪੈਣਗੇ।

+ + +

ਹੱਥ ਦਾ ਕਮਾਲ

ਸਫਲ ਵਿਅਕਤੀਆਂ ਨੂੰ ਹੱਥ ਅਰਾਮ ਨਾਲ ਬਹਿਣ ਨਹੀਂ ਦਿੰਦੇ।

ਸਮਾਜਿਕ ਮਨੁੱਖ, ਜੰਗਲ ਨੂੰ ਬਾਗ ਬਣਾਉਣ ਵਿਚ ਰੁੱਝਿਆ ਰਹਿੰਦਾ ਹੈ।

ਸੰਸਾਰ ਚਿੰਤਨ ਕਰਨ ਵਾਲਿਆਂ ਦਾ ਧੰਨਵਾਦੀ ਹੈ ਅਤੇ ਕਾਰਜ ਕਰਨ ਵਾਲਿਆਂ ਦਾ ਸ਼ੁਕਰ ਗੁਜ਼ਾਰ ਹੈ।

ਚਿੰਤਨ ਨੂੰ ਅਮਲ ਵਿਚ ਲਿਆਉਣ ਦਾ ਕਾਰਜ ਹੱਥ ਕਰਦੇ ਹਨ।

ਮਨੁੱਖੀ ਹੱਥ ਉਸਾਰੇ ਗਏ ਸਮੁੱਚੇ ਸੰਸਾਰ ਦੇ ਨਿਰਮਾਤਾ ਹਨ।

ਹੱਥ ਕਾਰਜਸ਼ੀਲ ਅਤੇ ਵੰਨ-ਸੁਵੰਨੀ ਵਰਤੋਂ ਵਾਲਾ ਹੰਢਣਸਾਰ ਸੰਦ ਹੈ।

ਸਾਰੇ ਸੰਦ ਹੱਥ ਦੀਆਂ ਵੱਖ-ਵੱਖ ਹਰਕਤਾਂ ਦੇ ਪ੍ਰਤੀਕ ਹਨ।

ਜੋ ਆਲੇ-ਦੁਆਲੇ ਵਿਚ ਉਸਰਿਆ ਦਿਸਦਾ ਹੈ, ਉਹ ਹੱਥਾਂ ਦੀ ਕਰਾਮਾਤ ਹੈ।

ਗੁੱਟ ਤੋਂ ਅਗਲੇ ਹਿੱਸੇ ਨੂੰ ਨਹੀਂ, ਮੋਢੇ ਤੋਂ ਅਗਲੇ ਹਿੱਸੇ ਨੂੰ ਹੱਥ ਕਹਿੰਦੇ ਹਨ।

ਹੱਥ ਸਰੀਰ ਦਾ ਲੀਵਰ ਹੈ। ਕੂਹਣੀ, ਬਾਂਹ, ਗੁੱਟ, ਤਲੀ, ਅੰਗੂਠਾ, ਉਂਗਲਾਂ ਆਦਿ ਹੱਥ ਦੇ ਵੱਖ-ਵੱਖ ਭਾਗ ਅਤੇ ਅੰਗ ਹਨ।

ਖੁੱਲ੍ਹੇ ਹੱਥ ਨੂੰ ਪੰਜਾ, ਬੰਦ ਹੱਥ ਨੂੰ ਮੁੱਠੀ, ਸਖ਼ਤ ਮੁੱਠੀ ਨੂੰ ਮੁੱਕਾ, ਤਣੇ ਹੋਏ ਮੁੱਕੇ ਨੂੰ ਘਸੁੰਨ ਅਤੇ ਉੱਠੇ ਹੋਏ ਮੁੱਕੇ ਨੂੰ ਬਗਾਵਤ ਕਹਿੰਦੇ ਹਨ।

ਹੱਥ ਦਾ ਪਿਛਲਾ ਗੁੱਟ, ਹੱਥ ਨੂੰ ਸਥਿਰ ਕਰਦਾ ਹੈ। ਬਾਂਹ, ਚੀਜ਼ਾਂ ਨੂੰ ਨੇੜੇ-ਪਰੇ ਕਰਦੀ ਹੈ, ਕੂਹਣੀ ਚੀਜ਼ਾਂ ਨੂੰ ਅੱਗੇ-ਪਿੱਛੇ ਕਰਨ ਲਈ ਅਤੇ ਮੋਢਾ, ਹੱਥ ਨੂੰ ਉੱਚਾ-ਨੀਵਾਂ ਕਰਨ ਵਿਚ ਸਹਾਈ ਹੁੰਦਾ ਹੈ।

ਸਮੁੱਚੇ ਹੱਥ ਦਾ ਭਾਂਤ-ਭਾਂਤ ਦਾ ਕਾਰਜ ਸਧਾਰਨ ਰੂਪ ਵਿਚ ਭਾਰ ਢੋਣ, ਅੱਗ ਬੁਝਾਉਣ ਅਤੇ ਕਿਸੇ ਇਮਾਰਤ ਦੇ ਨਿਰਮਾਣ-ਕਾਰਜ ਵਿਚ ਵੇਖਿਆ ਜਾ ਸਕਦਾ ਹੈ।

ਹੱਥ ਦੀਆਂ ਉਂਗਲਾਂ ਵਾਸਤਵ ਵਿਚ ਵੱਖ-ਵੱਖ ਨੰਬਰਾਂ ਵਾਲੀਆਂ ਚਾਬੀਆਂ ਹਨ, ਜਿਨ੍ਹਾਂ ਨਾਲ ਕੋਈ ਚੀਜ਼ ਰੱਖੀ, ਚੁੱਕੀ, ਕੱਸੀ ਜਾਂ ਖੋਲ੍ਹੀ ਜਾਂਦੀ ਹੈ।

ਹੱਥ ਸਰੀਰ ਦੀ ਵਰਕਸ਼ਾਪ ਹੈ, ਜਿਸ ਨਾਲ ਸਾਰੇ ਪ੍ਰਯੋਗ ਕੀਤੇ ਜਾਂਦੇ ਹਨ।

ਹੱਥ ਦਾ ਆਪਣਾ ਪਰਿਵਾਰ ਹੈ ਅਤੇ ਪਰਿਵਾਰ ਦੇ ਹਰ ਅੰਗ ਦੀਆਂ ਵੱਖਰੀਆਂ ਅਤੇ ਸਾਂਝੀਆਂ ਜ਼ਿਮੇਵਾਰੀਆਂ ਹਨ।

ਅੰਗੂਠਾ, ਹੱਥ ਦਾ ਰਾਜਾ ਹੈ। ਤਲੀ ਸਾਂਝਾ ਵਿਹੜਾ ਹੈ। ਉਂਗਲਾਂ ਰਾਣੀਆਂ ਹਨ। ਕੰਮ ਕਰਨ-ਨਿਪਟਾਉਣ ਦੀ ਜ਼ਿਮੇਵਾਰੀ ਅੰਗੂਠਾ ਨਿਭਾਉਂਦਾ ਹੈ ਪਰ ਵੇਰਵਿਆਂ ਦਾ ਧਿਆਨ ਉਂਗਲਾਂ ਰੱਖਦੀਆਂ ਹਨ।

ਉਂਗਲਾਂ ਪਹਿਲ ਕਰਦੀਆਂ ਹਨ, ਅੰਗੂਠਾ ਨਿਗਰਾਨੀ ਕਰਦਾ ਹੈ।

ਅੰਗੂਠੇ ਅਤੇ ਪਹਿਲੀ ਉਂਗਲ ਦਾ ਸਾਥ ਪਤੀ-ਪਤਨੀ ਵਾਲਾ ਹੁੰਦਾ ਹੈ।

ਹੱਥ ਦਾ ਮੋਹਰੀ ਅੰਗ ਅੰਗੂਠਾ ਜਿਤਨੇ ਕਾਰਜ ਕਰਦਾ ਹੈ, ਉਨ੍ਹਾਂ ਦੀ ਗਿਣਤੀ ਕਰਨੀ ਸੰਭਵ ਨਹੀਂ। ਅੰਗੂਠੇ ਤੋਂ ਬਿਨਾਂ ਕੋਈ ਢੱਕਣ ਨਹੀਂ ਖੁੱਲ੍ਹਦਾ, ਕੋਈ ਡਿੱਗੀ ਚੀਜ਼ ਚੁੱਕੀ ਨਹੀਂ ਜਾ ਸਕਦੀ, ਤਸਮੇ ਬੰਨ੍ਹੇ ਨਹੀਂ ਜਾ ਸਕਦੇ, ਬਟਨ ਬੰਦ ਨਹੀਂ ਹੁੰਦੇ, ਕੋਈ ਗੰਢ ਖੁੱਲ੍ਹਦੀ ਨਹੀਂ, ਕੁਝ ਸੀਤਾ ਨਹੀਂ ਜਾ ਸਕਦਾ, ਕੁਝ ਲਿਖਣਾ ਸੰਭਵ ਨਹੀਂ ਹੁੰਦਾ। ਅੰਗੂਠੇ ਤੋਂ ਬਿਨਾਂ ਕੁਝ ਵੀ ਕਰਨਾ ਸੰਭਵ ਨਹੀਂ ਹੁੰਦਾ।

ਅੰਗੂਠੇ ਦਾ ਵਿਕਾਸ ਮਨੁੱਖੀ ਦਿਮਾਗ ਦੇ ਵਿਕਾਸ ਵਾਂਗ ਅੱਜ ਵੀ ਜਾਰੀ ਹੈ।

ਪਹਿਲਾਂ ਦੋਵੇਂ ਹੱਥ, ਮਨੁੱਖ ਦੇ ਅਗਲੇ ਪੈਰ ਹੋਇਆ ਕਰਦੇ ਸਨ, ਦੋਵੇਂ ਬਾਹਵਾਂ ਮਨੁੱਖ ਦੀਆਂ ਅਗਲੀਆਂ ਲੱਤਾਂ ਸਨ।

ਪਿਛਲੇ ਲਗਭਗ ਦਸ ਲੱਖ ਸਾਲਾਂ ਦੌਰਾਨ ਹੱਥ ਦੀ ਪਹਿਲੀ ਉਂਗਲ, ਵਧੇਰੇ ਵਰਤੋਂ ਨਾਲ ਸਖ਼ਤ, ਮੋਟੀ, ਭਾਰੀ ਹੁੰਦੀ-ਹੁੰਦੀ ਅੰਗੂਠਾ ਬਣ ਗਈ ਹੈ।

ਹੁਣ ਅੰਗੂਠਾ ਬਾਕੀ ਉਂਗਲਾਂ ਨਾਲੋਂ ਦੂਰ ਲੱਗਦਾ ਹੈ ਪਰ ਇਹ ਦੂਰ ਹੈ ਨਹੀਂ, ਸਗੋਂ ਹੁਣ ਇਹ ਅਜਿਹੀ ਥਾਂ 'ਤੇ ਸਥਿਤ ਹੈ ਕਿ ਹਰ ਉਂਗਲ ਲਈ ਸਾਥ ਨਿਭਾਉਣ ਵਾਲਾ ਇਹ ਸਾਰੀਆਂ ਉਂਗਲਾਂ ਦਾ ਸਾਂਝਾ ਪਤੀ ਹੈ।

ਸਮੁੱਚਾ ਕਾਰਜ, ਅੰਗੂਠੇ ਦੀ ਮੁੱਖ ਜ਼ਿਮੇਵਾਰੀ ਹੈ ਪਰ ਇਹ ਕਈ ਹੋਰ ਪੱਖਾਂ ਤੋਂ ਵੀ ਲਾਭਕਾਰੀ ਹੈ, ਜਿਵੇਂ ਜਿਨ੍ਹਾਂ ਨੂੰ ਦਸਤਖ਼ਤ ਕਰਨੇ ਨਹੀਂ ਆਉਂਦੇ, ਉਹ ਅੰਗੂਠਾ ਲਾਉਂਦੇ ਹਨ। ਇਵੇਂ ਅੰਗੂਠਾ ਪਛਾਣ ਦਾ ਆਧਾਰ ਵੀ ਹੈ।

ਉੱਚਾ ਅੰਗੂਠਾ ਹੌਸਲੇ, ਸਿਦਕ ਅਤੇ ਸਿਰੜ ਦਾ ਪ੍ਰਤੀਕ ਹੈ।

ਪੁੱਠਾ ਅੰਗੂਠਾ ਹਾਰ ਦਰਸਾਉਂਦਾ ਹੈ। ਸਿੱਧਾ ਹਿਲਦਾ ਅੰਗੂਠਾ ਠੁੱਠ ਵਿਖਾਉਣ ਅਤੇ ਬੇਇੱਜ਼ਤੀ ਦਾ ਸੰਕੇਤ ਦਿੰਦਾ ਹੈ।

ਅੰਗੂਠਾ ਕਾਰੀਗਰਾਂ, ਸੰਗੀਤਕਾਰਾਂ, ਫੋਟੋਗ੍ਰਾਫਰਾਂ ਆਦਿ ਦਾ ਰੋਜ਼ਗਾਰ ਹੈ।

ਅੰਗੂਠੇ ਵਲੋਂ ਪਹਿਲੀ ਉਂਗਲ, ਰਾਣੀ ਉਂਗਲ ਅਖਵਾਉਂਦੀ ਹੈ, ਜਿਹੜੀ ਚਿਤਾਵਨੀ ਦੇਣ ਅਤੇ ਧਮਕਾਉਣ ਲਈ ਵਰਤੀ ਜਾਂਦੀ ਹੈ।

ਇਸਤਰੀ ਅਕਸਰ ਇਸ ਉਂਗਲ ਨਾਲ ਪੁਰਸ਼ 'ਤੇ ਤੋਹਮਤ ਲਾਉਂਦੀ ਹੈ।

ਅਧਿਆਪਕ, ਇਸ ਉਂਗਲ ਨੂੰ ਅਕਸਰ ਵਿਦਿਆਰਥੀਆਂ ਨੂੰ ਸਾਵਧਾਨ ਅਤੇ ਸੁਚੇਤ ਕਰਨ ਲਈ ਵਰਤਦੇ ਹਨ।

ਕਿਸੇ ਨਾਲ ਝਗੜੇ ਦੌਰਾਨ ਇਸ ਰਾਹੀਂ ਹੀ ਕਿਹਾ ਜਾਂਦਾ ਹੈ ਕਿ ਮੈਂ ਠੀਕ ਹਾਂ, ਤੂੰ ਗਲਤ ਹੈਂ। ਇਸ ਉਂਗਲ ਨੂੰ ਅੰਗੂਠੇ ਨਾਲ ਜੋੜ ਕੇ ਆਪਣੀ ਗੱਲ ਦਾ ਵਜ਼ਨ ਵਧਾਇਆ ਜਾਂਦਾ ਹੈ। ਅੰਗੂਠੇ ਨਾਲ ਪਹਿਲੀ ਉਂਗਲ ਦਾ ਗੋਲ ਚੱਕਰ ਬਣਾ ਕੇ ਕਿਸੇ ਨੂੰ ਉਸ ਦੀ ਚੰਗੀ ਕਾਰਗੁਜ਼ਾਰੀ ਦੀ ਦਾਦ ਦਿੱਤੀ ਜਾਂਦੀ ਹੈ।

ਪਹਿਲੀ ਉਂਗਲ ਨਾਲ ਰਲ ਕੇ ਅੰਗੂਠਾ ਚੂੰਢੀ ਵੱਢਦਾ ਹੈ, ਕੰਨ ਫੜਦਾ ਹੈ, ਗੱਲ੍ਹਾਂ ਘੁੱਟਦਾ ਹੈ, ਨੱਕ ਫੜ ਕੇ ਸਾਹ ਰੋਕਦਾ ਅਤੇ ਆਪਣੀ ਗੱਲ ਮਨਵਾਉਂਦਾ ਹੈ।

ਜੇ ਨਾਰ੍ਹਿਆਂ ਦੀ ਅਵਾਜ਼ ਰਾਹੀਂ ਦਸਣਾ ਸੰਭਵ ਨਾ ਹੋਵੇ ਤਾਂ ਦੋ ਉਂਗਲਾਂ ਖੋਲ੍ਹ ਕੇ ਵਿਕਟਰੀ ਜਾਂ ਜਿੱਤ ਦਰਸਾਈ ਜਾਂਦੀ ਹੈ।

ਗਭਲੀ ਉਂਗਲ ਸਾਰੀਆਂ ਸ਼ਰਾਰਤਾਂ ਵਿਚ ਸ਼ਾਮਲ ਹੁੰਦੀ ਹੈ। ਵਿਚਕਾਰ ਹੋਣ ਕਰਕੇ ਇਹ ਸੁਰੱਖਿਅਤ ਹੁੰਦੀ ਹੈ। ਇਹ ਸੱਜੇ-ਖੱਬੇ ਦੋਵੇਂ ਪਾਸੇ ਉਲਰਦੀ ਹੈ।

ਵੱਖ-ਵੱਖ ਸਭਿਆਚਾਰਾਂ ਵਿਚ ਮੰਗਣੇ ਦੀ ਮੁੰਦਰੀ ਲਈ ਵਿਸ਼ੇਸ਼ ਉਂਗਲ ਨਿਰਧਾਰਤ ਹੈ ਪਰ ਮੰਗਣੇ ਦੀ ਮੁੰਦਰੀ ਵਾਲੀ ਅਕਸਰ ਇਸ ਵਿਚਕਾਰਲੀ ਉਂਗਲ ਦੀ ਤਾਰ, ਸਿੱਧੀ ਦਿਲ ਨਾਲ ਜੁੜੀ ਮੰਨੀ ਜਾਂਦੀ ਹੈ।

ਸਭ ਤੋਂ ਛੋਟੀ ਉਂਗਲੀ, ਪਿੰਕੀ ਕਹਾਉਂਦੀ ਹੈ, ਜਿਹੜੀ ਛੋਟੀ ਅਤੇ ਅਖੀਰਲੀ ਹੋਣ ਕਰਕੇ ਪਿਆਰੀ ਅਤੇ ਦੁਲਾਰੀ ਸਮਝੀ ਜਾਂਦੀ ਹੈ।

ਹੱਥ ਦੀਆਂ ਉਂਗਲਾਂ ਨੇ ਹੀ ਗਿਣਤੀ ਦਾ ਨਿਰਮਾਣ ਕੀਤਾ ਹੈ।

ਯੂਨਾਨੀਆਂ ਕੋਲ ਪੰਜ ਤੱਕ ਦੀ ਗਿਣਤੀ ਸੀ, ਜਿਸ ਦਾ ਆਧਾਰ ਇਕ ਹੱਥ ਦੀਆਂ ਪੰਜ ਉਂਗਲਾਂ ਸਨ।

ਭਾਰਤ ਨੇ ਸਿਫ਼ਰ ਦੀ ਕਾਢ ਨਾਲ, ਦਸ ਤੱਕ ਗਿਣਤੀ ਦਾ ਰਿਵਾਜ ਪਾਇਆ, ਜਿਸ ਦਾ ਆਧਾਰ ਦੋਵੇਂ ਹੱਥਾਂ ਦੀਆਂ ਉਂਗਲਾਂ ਸਨ।

ਪੰਜ ਉਂਗਲਾਂ ਤੋਂ ਹੀ ਪੰਚਾਇਤ, ਪੰਜ ਪਿਆਰੇ, ਪੰਜ ਤਖ਼ਤ, ਪੰਚ-ਪ੍ਰਮੇਸ਼ਰ, ਪੰਜ ਮਹਾਂਦੀਪ ਆਦਿ ਦੇ ਸੰਕਲਪ ਉਪਜੇ ਹਨ।

ਵਿਦਾ ਹੋਣ ਵੇਲੇ ਹੱਥ ਉੱਚਾ ਕਰਕੇ ਹਿਲਾਇਆ ਜਾਂਦਾ ਹੈ।

ਮਿਲਣ ਵੇਲੇ ਹੱਥ ਮਿਲਾਇਆ ਜਾਂਦਾ ਹੈ, ਪਿਆਰ ਵਿਚ ਸਭ ਤੋਂ ਪਹਿਲਾਂ ਹੱਥ ਛੋਹਿਆ ਜਾਂਦਾ ਹੈ। ਕਿਸੇ ਸਾਜ਼ਿਸ਼ ਵਿਚ ਵਿਰੋਧੀ ਦਾ ਹੱਥ ਨਾਲ ਗਲਾ ਘੁਟਿਆ ਜਾਂਦਾ ਹੈ, ਗੁੱਸੇ ਵਿਚ ਹੱਥ ਨਾਲ ਹੀ ਥੱਪੜ ਮਾਰਿਆ ਜਾਂਦਾ ਹੈ।

ਹੱਥਾਂ ਨਾਲ ਜੁੜੇ ਹਰ ਭਾਸ਼ਾ ਵਿਚ ਸੈਂਕੜੇ ਅਖਾਣ-ਮੁਹਾਵਰੇ ਹਨ, ਜਿਵੇਂ ਰੰਗੇ ਹੱਥੀਂ ਫੜਨਾ, ਹੱਥ ਅੱਡਣਾ, ਹੱਥ ਚੁੱਕਣਾ, ਹੱਥਾਂ 'ਤੇ ਪਾਉਣਾ, ਹੱਥ ਖੋਲ੍ਹਣਾ, ਹੱਥ 'ਤੇ ਹੱਥ ਰੱਖ ਕੇ ਬਹਿਣਾ, ਤਾੜੀ ਦੋ ਹੱਥਾਂ ਨਾਲ ਵੱਜਦੀ ਹੈ ਆਦਿ।

ਹੱਥਾਂ ਦੇ ਸੰਕੇਤਾਂ ਨਾਲ ਅਸੀਂ ਕਈ ਸੂਚਨਾਵਾਂ ਦਾ ਸੰਚਾਰ ਕਰਦੇ ਹਾਂ।

ਕਾਰਜਾਂ ਤੋਂ ਮਗਰੋਂ ਹੱਥ ਦਾ ਵੱਡਮੁੱਲਾ ਯੋਗਦਾਨ ਸੰਚਾਰ ਅਤੇ ਭਾਸ਼ਾ ਦਾ ਨਿਰਮਾਣ ਕਰਨਾ ਰਿਹਾ ਹੈ। ਮਨੁੱਖ ਨੇ ਜ਼ਬਾਨ ਨਾਲ ਬੋਲਣ ਤੋਂ ਪਹਿਲਾਂ, ਹੱਥਾਂ ਨਾਲ ਸੰਚਾਰ ਕਰਨਾ ਅਰੰਭ ਕੀਤਾ ਸੀ। ਹੱਥ ਜੇਬ ਵਿਚ ਪਾ ਕੇ, ਜਾਂ ਲੁਕਾ ਕੇ ਬਹੁਤੀ ਗੱਲਬਾਤ ਨਹੀਂ ਕੀਤੀ ਜਾ ਸਕਦੀ। ਕਿਸੇ ਦੇ ਹੱਥ ਪਿੱਛੇ ਕਰਕੇ ਬੰਨ੍ਹ ਦਿਓ, ਉਹ ਥੱਥਲਾਉਣ ਅਤੇ ਥਿੜਕਣ ਲੱਗ ਪਏਗਾ। ਹੱਥਾਂ ਅਤੇ ਸਰੀਰ ਨਾਲ ਅਸੀਂ ਲਗਭਗ ਸੱਠ ਪ੍ਰਤੀਸ਼ਤ ਸੰਚਾਰ ਕਰਦੇ ਹਾਂ। ਜਦੋਂ ਅਸੀਂ ਬੋਲਦੇ ਹਾਂ, ਉਦੋਂ ਵੀ ਹੱਥਾਂ ਨੂੰ ਸੰਚਾਰ ਲਈ ਵਰਤਦੇ ਹਾਂ। ਹਰਕਤਾਂ ਦੀ ਭਾਸ਼ਾ ਸਾਰੇ ਸੰਸਾਰ ਵਿਚ ਬੋਲੀ-ਸਮਝੀ ਜਾਂਦੀ ਹੈ।

ਹੱਥ ਦੀਆਂ ਕਈ ਹਰਕਤਾਂ ਤੋਂ ਚਿੰਤਾ ਅਤੇ ਘਬਰਾਹਟ, ਕਈਆਂ ਤੋਂ ਖੁਸ਼ੀ ਅਤੇ ਸੰਤੁਸ਼ਟੀ ਅਤੇ ਕਈ ਵਾਰੀ ਸੰਸਾ ਅਤੇ ਦੁਚਿੱਤੀ ਪ੍ਰਗਟ ਹੁੰਦੀ ਹੈ।

ਜਿਹੜੇ ਅਧਿਆਪਕ ਬੋਲਣ ਨਾਲ, ਢੁੱਕਵੀਆਂ ਹਰਕਤਾਂ ਵੀ ਕਰਦੇ ਹਨ, ਉਨ੍ਹਾਂ ਦੀ ਗੱਲ ਵਿਦਿਆਰਥੀਆਂ ਨੂੰ ਵਧੇਰੇ ਵੀ ਅਤੇ ਸੌਖਿਆਂ ਵੀ, ਸਮਝ ਆਉਂਦੀ ਹੈ।

ਖਲੋ ਕੇ ਪੜ੍ਹਾਉਣ ਵਾਲਾ ਅਧਿਆਪਕ ਹੱਥਾਂ ਨਾਲ ਵਧੇਰੇ ਸੰਕੇਤ ਦਿੰਦਾ ਹੈ, ਵਧੇਰੇ ਪੜ੍ਹਾਉਂਦਾ ਹੈ, ਸਪੱਸ਼ਟ ਰੂਪ ਵਿਚ ਪੜ੍ਹਾਉਂਦਾ ਹੈ ਅਤੇ ਉਸ ਦਾ ਪੜ੍ਹਾਇਆ ਵਧੇਰੇ ਸਮਝ ਆਉਂਦਾ ਹੈ ਅਤੇ ਵਧੇਰੇ ਯਾਦ ਰਹਿੰਦਾ ਹੈ।

ਬੈਠ ਕੇ ਜਾਂ ਕੇਵਲ ਬੋਲ ਕੇ ਪੜ੍ਹਾਉਣ ਵਾਲੇ ਅਧਿਆਪਕ ਛੋਟੀ ਉਮਰ ਦੇ ਵਿਦਿਆਰਥੀਆਂ ਲਈ ਵੀ ਉਪਯੋਗੀ ਸਿੱਧ ਨਹੀਂ ਹੁੰਦੇ। ਛੋਟੇ ਬੱਚਿਆਂ ਲਈ ਭਾਸ਼ਣ ਨਹੀਂ, ਅਧਿਆਪਕ ਦਾ ਸਰੀਰਕ ਕਾਰਜ ਵਧੇਰੇ ਅਸਰਦਾਰ ਹੁੰਦਾ ਹੈ।

ਬੱਚੇ ਅਦਾਕਾਰੀ ਨੂੰ ਪਸੰਦ ਕਰਦੇ ਹਨ ਅਤੇ ਅਦਾਕਾਰੀ ਕਰਨੀ ਚਾਹੁੰਦੇ ਹਨ।

ਕੱਠਪੁਤਲੀਆਂ ਦੀ ਕਲਾ, ਹੱਥਾਂ ਦੀ ਕਲਾ ਹੈ। ਜਾਦੂ ਤਾਂ ਹੈ ਹੀ ਹੱਥ ਦੀ ਕਲਾ।

ਵਿਦਿਆਰਥੀ, ਅਧਿਆਪਕਾਂ ਦਾ ਪੜ੍ਹਾਇਆ ਹੀ ਨਹੀਂ, ਉਨ੍ਹਾਂ ਦੀ ਅਦਾਕਾਰੀ ਵੀ ਯਾਦ ਰੱਖਦੇ ਹਨ। ਵੱਖ-ਵੱਖ ਵਿਅਕਤੀਆਂ ਨੂੰ ਵੀ ਅਸੀਂ, ਉਨ੍ਹਾਂ ਦੀਆਂ ਹਰਕਤਾਂ ਅਤੇ ਹਾਵਾਂ-ਭਾਵਾਂ ਦੇ ਸੰਦਰਭ ਵਿਚ ਯਾਦ ਰੱਖਦੇ ਹਾਂ। ਪੁਰਸ਼ਾਂ ਦੇ ਮੁਕਾਬਲੇ, ਇਸਤਰੀਆਂ ਵਧੇਰੇ ਸੌਖ ਨਾਲ ਅਤੇ ਵਧੇਰੇ ਮਾਤਰਾ ਵਿਚ ਇਸ ਲਈ ਬੋਲਦੀਆਂ ਹਨ, ਕਿਉਂਕਿ ਉਹ ਬੋਲਦਿਆਂ ਹੱਥਾਂ ਨਾਲ ਸੰਕੇਤ ਵਧੇਰੇ ਕਰਦੀਆਂ ਹਨ।

ਹਰਕਤਾਂ ਵਧੇਰੇ ਕਰਨ ਕਰਕੇ ਇਸਤਰੀਆਂ ਲਈ ਬੋਲਣਾ ਸੌਖਾ ਹੁੰਦਾ ਹੈ। ਬੋਲਣਾ ਸੌਖਾ ਲੱਗਣ ਕਰਕੇ ਉਨ੍ਹਾਂ ਨੂੰ ਹਰਕਤਾਂ ਕਰਨੀਆਂ ਆਪੇ ਆ ਜਾਂਦੀਆਂ ਹਨ।

ਚੰਗੇ ਸਕੂਲ, ਵਿਦਿਆਰਥੀਆਂ ਦੇ ਦਿਮਾਗ ਅਤੇ ਹੱਥਾਂ ਵਿਚ ਸੁਖਾਵਾਂ ਤਾਲਮੇਲ ਉਸਾਰਦੇ ਹਨ। ਜਿਨ੍ਹਾਂ ਨੂੰ ਉਪਯੋਗੀ ਢੰਗ ਨਾਲ ਹੱਥ ਵਰਤਣੇ ਆ ਜਾਣ, ਉਨ੍ਹਾਂ ਨੂੰ ਦਿਮਾਗ ਵਰਤਣਾ ਆਪੇ ਆ ਜਾਂਦਾ ਹੈ।

ਸਿੱਖਿਆ ਪ੍ਰਦਾਨ ਕਰਨ ਦੀਆਂ ਅਨੇਕਾਂ ਵਿਧੀਆਂ ਹਨ। ਕਈ ਬੱਚੇ ਸੰਗੀਤ ਨਾਲ, ਕਈ ਪ੍ਰਯੋਗ ਨਾਲ, ਕਈ ਹੋਰਾਂ ਨੂੰ ਵੇਖਕੇ ਸਿੱਖਦੇ ਹਨ।

ਭਾਵੇਂ ਭਾਸ਼ਣੀ ਵਿਧੀ ਵਧੇਰੇ ਵਰਤੀ ਜਾਂਦੀ ਹੈ ਪਰ ਹੱਥਾਂ ਵਾਲੀ ਪ੍ਰਯੋਗੀ ਵਿਧੀ ਵਧੇਰੇ ਸਫ਼ਲ ਸਾਬਤ ਹੁੰਦੀ ਹੈ। ਜਿਹੜੇ ਵਿਦਿਆਰਥੀ ਪੜ੍ਹਦੇ-ਸੁਣਦੇ ਹਨ ਪਰ ਕਰਦੇ ਕੁਝ ਨਹੀਂ, ਉਨ੍ਹਾਂ ਕੋਲ ਸਿਧਾਂਤਕ ਗਿਆਨ ਤਾਂ ਹੁੰਦਾ ਹੈ ਪਰ ਕੁਝ ਕਰਨ ਦਾ ਉੱਦਮ ਨਹੀਂ ਹੁੰਦਾ। ਇਹ ਨੌਕਰੀ ਕਰਨ ਦੇ ਇੱਛੁਕ ਹੁੰਦੇ ਹਨ।

ਜਿਨ੍ਹਾਂ ਨੇ ਹੱਥਾਂ ਨਾਲ ਕਾਰਜ ਕੀਤਾ ਹੁੰਦਾ ਹੈ, ਉਹ ਆਪਣਾ ਕੰਮ ਅਰੰਭਣ, ਚਲਾਉਣ ਅਤੇ ਕਰਨ ਵਿਚ ਦਿਲਚਸਪੀ ਲੈਂਦੇ ਹਨ ਅਤੇ ਉਹ ਮਾਲਕਾਂ ਦੇ ਨੌਕਰ ਨਹੀਂ, ਨੌਕਰਾਂ ਦੇ ਮਾਲਕ ਬਣਦੇ ਹਨ।

ਕੰਮ ਕੋਈ ਹੋਵੇ, ਖੇਤਰ ਕੋਈ ਹੋਵੇ, ਉਸ ਵਿਚ ਹੱਥਾਂ ਦੀ ਭੂਮਿਕਾ ਮਹੱਤਵਪੂਰਨ ਹੁੰਦੀ ਹੈ। ਲੱਖਾਂ ਨੇਤਰਹੀਣਾਂ ਲਈ ਪ੍ਰੇਰਨਾ ਬਣੀ ਹੈਲਨ ਕੇਲਰ, ਅੰਨ੍ਹੀ ਅਤੇ ਬੋਲੀ ਸੀ। ਉਸ ਦੀ ਇਕ ਅਧਿਆਪਕਾ ਨੇ ਉਸ ਨੂੰ ਉਸ ਦੇ ਹੱਥਾਂ ਨਾਲ ਪੜ੍ਹਾਉਣ ਦੀ ਵਿਧੀ ਸਿਰਜੀ ਸੀ। ਜੇ ਅਧਿਆਪਕਾ ਨੇ ਹੈਲਨ ਨੂੰ ਦੱਸਣਾ ਹੁੰਦਾ ਸੀ ਕਿ ਪਾਣੀ ਕੀ ਹੁੰਦਾ

ਹੈ ਤਾਂ ਉਹ ਉਸਦਾ ਹੱਥ, ਵਗਦੇ ਨਲਕੇ ਥੱਲੇ ਰੱਖਦੀ ਸੀ। ਜੇ ਅੱਗ ਬਾਰੇ ਦੱਸਣਾ ਹੁੰਦਾ ਸੀ ਤਾਂ ਉਹ, ਉਸ ਦਾ ਹੱਥ ਅੰਗੀਠੀ ਨੇੜੇ ਲੈ ਜਾਂਦੀ ਸੀ, ਜੇ ਜ਼ਮੀਨ ਬਾਰੇ ਦੱਸਣਾ ਸੀ ਤਾਂ ਜ਼ਮੀਨ 'ਤੇ ਬੈਠਾ ਕੇ ਹੱਥ ਜ਼ਮੀਨ 'ਤੇ ਰੱਖਦੀ ਸੀ। ਇਵੇਂ ਹੱਥਾਂ ਦੀ ਵਰਤੋਂ ਨਾਲ, ਹੈਲਨ ਨਾ ਕੇਵਲ ਆਪ ਪੜ੍ਹੀ, ਉਸ ਨੇ ਕਈਆਂ ਨੂੰ ਪੜ੍ਹਾਇਆ ਵੀ।

ਜੇ ਕਿਸੇ ਦੀ ਯਾਦ-ਸ਼ਕਤੀ ਗਵਾਚ ਜਾਵੇ ਤਾਂ ਹੱਥਾਂ ਦੀ ਉਪਰੋਕਤ ਵਿਧੀ ਨਾਲ ਯਾਦ-ਸ਼ਕਤੀ ਮੁੜ ਜਗਾਈ ਜਾ ਸਕਦੀ ਹੈ।

ਹੱਥਾਂ ਨਾਲ ਪੜ੍ਹਾਉਣ ਅਤੇ ਗੁਆਚੀ ਯਾਦ ਸ਼ਕਤੀ ਮੁੜ ਬਹਾਲ ਕਰਨ ਵਾਲੀ ਇਹ ਵਿਧੀ, ਮੰਦ ਬੁੱਧੀ ਵਾਲੇ ਬੱਚਿਆਂ ਲਈ ਹੁਣ ਵਿਸ਼ਵ ਭਰ ਵਿਚ ਵਰਤੀ ਜਾਣ ਵਾਲੀ ਇਕ ਪ੍ਰਮਾਣਕ ਵਿਧੀ ਹੈ।

ਹੱਥਾਂ ਦਾ ਦੂਜਾ ਵੱਡਾ ਯੋਗਦਾਨ, ਮਨੁੱਖੀ ਦਿਮਾਗ ਦਾ ਵਿਕਾਸ ਕਰਨਾ ਰਿਹਾ ਹੈ। ਅਗਲੀਆਂ ਲੱਤਾਂ ਨੂੰ ਦੌੜਨ-ਤੁਰਨ ਤੋਂ ਮੁਕਤ ਕਰਵਾ ਕੇ, ਮਨੁੱਖ ਦਰੱਖਤਾਂ ਤੋਂ ਥੱਲੇ ਉਤਰਿਆ ਅਤੇ ਧਰਤੀ ਉਸਦੀ ਕਰਮਭੂਮੀ ਬਣੀ।

ਚਾਰ ਦੀ ਥਾਂ ਦੋ ਲੱਤਾਂ ਵਰਤਣ ਕਾਰਨ ਅਤੇ ਸਰੀਰ ਸਿੱਧਾ ਹੋਣ ਕਰਕੇ ਮਨੁੱਖ ਦਾ ਕੱਦ ਲੰਮਾ ਹੋ ਗਿਆ ਪਰ ਉਸ ਦੀ ਰਫ਼ਤਾਰ ਘੱਟ ਗਈ।

ਅਗਲੇ ਦੋ ਪੈਰ, ਹੱਥ ਬਣ ਗਏ ਅਤੇ ਮਨੁੱਖ ਨੇ ਸੰਦਾਂ ਦਾ ਨਿਰਮਾਣ ਕਰਨਾ ਸਿੱਖਿਆ। ਜਿਉਂ ਜਿਉਂ ਮਨੁੱਖ ਸੋਚਦਾ ਗਿਆ ਹੈ, ਤਿਉਂ ਤਿਉਂ ਉਹ ਹੱਥਾਂ ਲਈ ਨਵੇਂ-ਨਵੇਂ ਕਾਰਜ ਸਿਰਜਦਾ ਗਿਆ ਹੈ। ਜਿਉਂ ਜਿਉਂ ਹੱਥ ਵਧੇਰੇ ਅਤੇ ਨਵੇਂ ਕਾਰਜ ਕਰਦੇ ਗਏ ਹਨ, ਤਿਉਂ ਤਿਉਂ ਦਿਮਾਗ ਨੂੰ ਵਧੇਰੇ ਸੂਚਨਾ ਮਿਲਦੀ ਗਈ ਹੈ ਅਤੇ ਦਿਮਾਗ ਸਮੱਸਿਆਵਾਂ ਸੁਲਝਾਉਂਦਾ-ਸੁਲਝਾਉਂਦਾ ਵਿਕਾਸ ਕਰਦਾ ਗਿਆ ਹੈ।

ਦਿਮਾਗ ਦੇ ਹਰ ਨਿਰਣੇ 'ਤੇ ਅਮਲ ਕਰਨ ਦੀ ਜ਼ਿਮੇਵਾਰੀ ਹੱਥਾਂ ਦੀ ਹੈ।

ਇਵੇਂ ਦਿਮਾਗ ਅਤੇ ਹੱਥਾਂ ਵਿਚਕਾਰ ਤਾਲ-ਮੇਲ ਮਨੁੱਖੀ ਬੁੱਧੀ ਅਤੇ ਮਨੁੱਖੀ ਸਮਾਜ ਦੇ ਨਿਰਮਾਣ ਦਾ ਆਧਾਰ ਬਣਿਆ ਹੈ।

ਦਿਮਾਗ ਨਾਲ ਸੋਚਣ ਅਤੇ ਹੱਥਾਂ ਨਾਲ ਸੰਦ ਬਣਾਉਣ ਅਤੇ ਸੰਦ ਵਰਤਣ ਕਰਕੇ, ਮਨੁੱਖ ਆਪ ਸ਼ਿਕਾਰ ਬਣਨ ਤੋਂ ਹੀ ਨਾ ਬਚਿਆ, ਸਗੋਂ ਉਹ ਹੋਰ ਪਸ਼ੂਆਂ ਦਾ ਆਪ ਸ਼ਿਕਾਰ ਕਰਨ ਲਗ ਪਿਆ ਅਤੇ ਉਸ ਨੇ ਪਸ਼ੂ-ਬਲ ਵਰਤ ਕੇ ਆਪਣੇ ਜੀਵਨ ਨੂੰ ਸੁਰੱਖਿਅਤ ਹੀ ਨਾ ਕੀਤਾ, ਸਗੋਂ ਆਪਣੇ ਪਾਲਣ ਵਾਲੇ ਪਸ਼ੂਆਂ ਦੀ ਵਧੇਰੇ ਸ਼ਕਤੀਸ਼ਾਲੀ ਪਸ਼ੂਆਂ ਤੋਂ ਰੱਖਿਆ ਵੀ ਕੀਤੀ।

ਹੱਥਾਂ ਉੱਤੇ ਲਕੀਰਾਂ ਜਾਂ ਉਂਗਲਾਂ ਦੇ ਜੋੜ, ਹੱਥਾਂ ਦੀਆਂ ਹੱਡੀਆਂ ਉੱਤੇ ਚੜ੍ਹੇ, ਚਮੜੀ ਦੇ ਦਸਤਾਨੇ ਦੇ ਨਿਸ਼ਾਨ ਹਨ।

ਇਹ ਲਕੀਰਾਂ ਅਤੇ ਜੋੜ ਹੱਥ ਨੂੰ ਫੈਲਾਉਣ, ਸੁੰਗੇੜਨ, ਕੁਝ ਪਕੜਨ, ਚੁੱਕਣ ਆਦਿ ਦੇ ਪੱਖੋਂ ਹੱਥਾਂ ਦੀ ਕਾਰਗੁਜ਼ਾਰੀ ਵਧਾਉਣ ਲਈ ਹਨ।

ਜੋਤਸ਼ੀਆਂ ਨੇ ਹੱਥਾਂ ਦੀਆਂ ਲਕੀਰਾਂ ਦੇ ਮਨਘੜਤ ਅਰਥ ਕੱਢ ਕੇ, ਵਹਿਮੀ ਲੋਕਾਂ ਦੇ ਸਿਰ 'ਤੇ ਆਪਣਾ ਧੰਦਾ ਚਲਾਇਆ ਹੈ।

ਸੰਸਾਰ ਵਿਚ ਜੋ ਚੰਗਾ ਮਾੜਾ ਹੈ, ਉਹ ਹੱਥਾਂ ਦਾ ਸਿਰਜਿਆ ਹੋਇਆ ਹੈ।

ਤਾਜ-ਮਹੱਲ ਵੀ ਹੱਥਾਂ ਨੇ ਬਣਾਇਆ ਹੈ ਅਤੇ ਐਟਮਬੰਬ ਵੀ।

ਹੱਥ ਦੇ ਅਨੇਕਾਂ ਰੂਪ, ਕਾਰਜ ਅਤੇ ਪੱਖ ਹਨ।

ਲਗਭਗ ਸਾਰੀਆਂ ਕਲਾਵਾਂ ਹਸਤ-ਕਲਾਵਾਂ ਹਨ।

ਕੁਝ ਲਿਖਣ ਵੇਲੇ ਬੁੱਧੀ, ਅੱਖ ਅਤੇ ਹੱਥ ਵਿਚ ਤਾਲਮੇਲ ਜ਼ਰੂਰੀ ਹੁੰਦਾ ਹੈ। ਲਿਖਾਈ ਦਾ ਚੰਗਾ-ਮਾੜਾ ਹੋਣਾ, ਇਸ ਤਾਲ-ਮੇਲ 'ਤੇ ਨਿਰਭਰ ਕਰਦਾ ਹੈ।

ਮਨੁੱਖ ਸਭ ਜੀਵਾਂ ਤੋਂ ਸਿਆਣਾ ਹੈ ਕਿ ਨਹੀਂ, ਇਸ ਬਾਰੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ ਪਰ ਹੱਥਾਂ ਦੀ ਕਾਰਜ-ਕੁਸ਼ਲਤਾ ਵਿਚ ਮਨੁੱਖ ਸਭ ਜੀਵਾਂ ਤੋਂ ਉੱਚਾ, ਨਿਪੁੰਨ ਅਤੇ ਅੱਗੇ ਹੈ।

ਕਈ ਇਕੱਲੇ ਬਹਿ ਕੇ ਸੋਚਦਿਆਂ, ਟੈਲੀਫੋਨ 'ਤੇ ਬੋਲਦਿਆਂ ਜਾਂ ਸੰਗੀਤ ਸੁਣਦਿਆਂ ਵੀ ਹੱਥ ਨਾਲ ਹਰਕਤਾਂ ਕਰਦੇ ਹਨ।

ਅਸੀਂ ਹੱਥ ਦੀਆਂ ਹਰਕਤਾਂ ਪਹਿਲਾਂ ਕਰਦੇ ਹਾਂ, ਬੋਲਦੇ ਮਗਰੋਂ ਹਾਂ।

ਮਨੁੱਖ ਨੇ ਹਰਕਤਾਂ ਕਰਨੀਆਂ ਪਹਿਲਾਂ ਸਿੱਖੀਆਂ ਸਨ, ਬੋਲਨਾ ਮਗਰੋਂ ਸਿੱਖਿਆ ਸੀ। ਜਦੋਂ ਕਿਸੇ ਮਨੁੱਖ ਦੇ ਬੋਲੇ ਜਾ ਰਹੇ ਸ਼ਬਦਾਂ ਅਤੇ ਹਰਕਤਾਂ ਵਿਚ ਤਾਲ-ਮੇਲ ਨਾ ਹੋਵੇ ਤਾਂ ਹਾਸ-ਰਸ ਉਪਜਦਾ ਹੈ। ਹੱਥਾਂ ਦੀ ਆਪਣੀ ਸੋਚ ਹੁੰਦੀ ਹੈ ਅਤੇ ਆਪਣੀ ਜਾਦ-ਸ਼ਕਤੀ ਵੀ ਹੁੰਦੀ ਹੈ।

ਹਰ ਕੋਈ ਸੋਚਦਿਆਂ ਹੱਥਾਂ ਨੂੰ ਵੱਖਰੇ ਢੰਗ ਨਾਲ ਵਰਤਦਾ ਹੈ। ਕੋਈ ਸਿਰ ਖੁਰਕਦਾ ਹੈ, ਕੋਈ ਚੁਟਕੀ ਵਜਾਉਂਦਾ ਹੈ, ਕੋਈ ਨਹੁੰ ਟੁੱਕਦਾ ਹੈ।

ਸਮੱਸਿਆ ਭਾਵੇਂ ਇਕ ਹੀ ਹੋਵੇ, ਹਰ ਕੋਈ ਵੱਖਰੀਆਂ ਹਰਕਤਾਂ ਨਾਲ ਸੋਚਦਾ ਹੈ।

ਹੱਥਾਂ ਦੀ ਵਧੇਰੇ ਵਰਤੋਂ ਕਰਨ ਵਾਲੇ ਸੋਚਦੇ ਵੀ ਵਧੇਰੇ ਹਨ, ਉਹ ਜੁਗਾੜ ਲਾਉਣ ਅਤੇ ਸਮੱਸਿਆ ਨੂੰ ਸਮੇਂ ਸਿਰ ਸੁਲਝਾਉਣ ਵਿਚ ਵੀ ਮਾਹਿਰ ਹੁੰਦੇ ਹਨ।

ਫਿਲਪੀਨਸ ਵਿਚ ਇਕ ਸਿੰਚਾਈ ਯੋਜਨਾ ਨਿਰਮਾਣ ਅਧੀਨ ਸੀ, ਜਿਸ ਲਈ ਅਮਰੀਕਾ ਤੋਂ ਆਉਣ ਵਾਲੇ ਵੱਡੇ ਪੰਪ, ਦੂਜੇ ਵਿਸ਼ਵ ਯੁੱਧ ਕਾਰਨ ਆ ਨਹੀਂ ਸਨ ਰਹੇ ਪਰ ਇਕ ਇੰਜੀਨੀਅਰ ਨੇ ਪੁਰਾਣੇ ਟਰੱਕਾਂ ਦੇ ਇੰਜਣਾਂ ਨੂੰ ਵਰਤ ਕੇ, ਪੰਪਾਂ ਦਾ ਜੁਗਾੜ ਕਰਕੇ, ਸਮੱਸਿਆ ਹੱਲ ਕੀਤੀ ਅਤੇ ਕੰਮ ਜਾਰੀ ਰੱਖਿਆ।

ਦੇਸ਼ ਦੇ ਰਾਸ਼ਟਰਪਤੀ ਦੀ ਇਸ ਯੋਜਨਾ ਵਿਚ ਡੂੰਘੀ ਦਿਲਚਸਪੀ ਸੀ। ਰਾਸ਼ਟਰਪਤੀ ਨੇ ਇਸ ਘਾੜਤ ਲਈ ਇੰਜੀਨੀਅਰ ਦੀ ਪ੍ਰਸੰਸਾ ਕਰਨ ਦੇ ਉਦੇਸ਼ ਨਾਲ ਉਸ ਇੰਜੀਨੀਅਰ ਨੂੰ ਬੁਲਾ ਕੇ ਪੁੱਛਿਆ ਕਿ ਪੁਰਾਣੇ ਟਰੱਕਾਂ ਦੇ ਇੰਜਣਾਂ ਨੂੰ ਪੰਪਾਂ ਵਜੋਂ ਵਰਤਣ ਦੇ ਫੈਸਲੇ ਵਿਚ ਕੀ ਉਸਦਾ ਹੱਥ ਸੀ ?

ਇੰਜੀਨੀਅਰ ਨੇ ਸਮਝਿਆ ਕਿ ਸ਼ਾਇਦ ਰਾਸ਼ਟਰਪਤੀ ਨੂੰ ਨਕਾਰਾ ਹੋਏ ਟਰੱਕਾਂ ਦੇ ਇੰਜਣਾਂ ਨੂੰ ਪੰਪਾਂ ਵਜੋਂ ਵਰਤਣ ਦੀ ਉਸਦੀ ਕਾਰਵਾਈ ਚੰਗੀ ਨਹੀਂ ਲੱਗੀ ਪਰ ਉਸ ਨੇ ਸਵੈ-ਵਿਸ਼ਵਾਸ ਅਤੇ ਜ਼ਿਮੇਵਾਰੀ ਦੀ ਭਾਵਨਾ ਨਾਲ ਕਿਹਾ: ਜੀ ਹਾਂ, ਅਜਿਹਾ ਕਰਨ ਲਈ ਮੈਂ ਜ਼ਿਮੇਵਾਰ ਹਾਂ। ਸੁਣ ਕੇ ਰਾਸ਼ਟਰਪਤੀ ਨੇ ਕਿਹਾ: ਫਿਰ ਆਪਣਾ ਹੱਥ ਉੱਚਾ ਕਰੋ। ਜਦੋਂ ਤੌਖਲੇ ਅਤੇ ਦੁਚਿੱਤੀ ਵਿਚ ਇੰਜੀਨੀਅਰ ਨੇ ਹੱਥ

ਉੱਚਾ ਕੀਤਾ ਤਾਂ ਰਾਸ਼ਟਰਪਤੀ ਨੇ ਉਸ ਨੂੰ ਸਿੰਚਾਈ-ਮੰਤਰੀ ਵਜੋਂ ਸੌਂਹ ਚੁਕਾ ਦਿੱਤੀ।

ਪੁਲੀਸ ਨੇ ਜਦੋਂ ਕਿਸੇ ਫੜੇ ਮੁਜਰਿਮ ਨੂੰ ਕਾਬੂ ਕਰਨਾ ਹੁੰਦਾ ਹੈ ਤਾਂ ਸਭ ਤੋਂ ਪਹਿਲਾਂ ਹੱਥਕੜੀ ਨਾਲ ਉਸ ਦੇ ਹੱਥ ਬੰਨ੍ਹੇ ਜਾਂਦੇ ਹਨ।

ਕਿਸੇ ਗੰਭੀਰ ਅਪਰਾਧ ਦੇ ਦੋਸ਼ੀ ਨੂੰ ਦੌੜਨ ਤੋਂ ਅਤੇ ਉਸ ਵਲੋਂ ਹਮਲਾ ਕਰਨ ਤੋਂ ਰੋਕਣ ਲਈ, ਉਸ ਦੇ ਹੱਥ ਪਿੱਛੇ ਕਰਕੇ ਬੰਨ੍ਹੇ ਜਾਂਦੇ ਹਨ।

ਚੀਨ ਵਿਚ ਦੋਸ਼ੀ ਨੂੰ ਕਤਲ ਦੇ ਜੁਰਮ ਵਿਚ, ਲੰਮਾ ਅਰਸਾ ਜੇਲ੍ਹ ਵਿਚ ਬੰਦ ਰੱਖਣ ਦੀ ਥਾਂ, ਉਸ ਦਾ ਅੰਗੂਠਾ ਅਤੇ ਕਈ ਵਾਰੀ ਪਹਿਲੀ ਉਂਗਲ ਵੀ ਕੱਟ ਦਿੱਤੀ ਜਾਂਦੀ ਸੀ।

ਇਵੇਂ ਨਾ ਕੇਵਲ ਉਹ ਹਰ ਥਾਂ ਪਛਾਣਿਆ ਜਾਂਦਾ ਸੀ, ਉਹ ਅੰਗੂਠੇ ਬਿਨਾਂ ਹੱਥ ਦੇ ਨਕਾਰਾ ਹੋਣ ਕਾਰਨ ਸਾਰਾ ਜੀਵਨ ਹੀ ਮੰਗਤਾ ਬਣਿਆ ਰਹਿੰਦਾ ਸੀ।

ਮੁਸਲਿਮ ਦੇਸ਼ਾਂ ਵਿਚ ਦੋਸ਼ੀ ਦਾ ਹੱਥ ਹੀ ਕੱਟ ਦਿੱਤਾ ਜਾਂਦਾ ਰਿਹਾ ਹੈ।

ਆਮ ਕਰਕੇ ਕਿਹਾ ਜਾਂਦਾ ਹੈ ਕਿ ਤਾਜ ਬਣਾਉਣ ਵਾਲੇ ਕਾਰੀਗਰਾਂ ਦੇ ਹੱਥ ਕੱਟ ਦਿੱਤੇ ਗਏ ਸਨ ਤਾਂ ਕਿ ਉਹ ਦੁਬਾਰਾ ਅਜਿਹਾ ਨਿਰਮਾਣ ਨਾ ਕਰ ਸਕਣ ਪਰ ਇਹ ਕੇਵਲ ਕਹਾਣੀਆਂ ਹੀ ਹਨ।

ਕੁਝ ਕਾਰਜ ਅਸੀਂ ਕੇਵਲ ਸੱਜੇ ਹੱਥ ਨਾਲ ਕਰਦੇ ਹਾਂ, ਜਿਵੇਂ ਟੂਟੀ ਖੋਲ੍ਹਣੀ। ਕੁਝ ਕਾਰਜ ਦੋਵੇਂ ਹੱਥਾਂ ਨਾਲ ਕੀਤੇ ਜਾਂਦੇ ਹਨ, ਜਿਵੇਂ ਪਤੀਲਾ ਚੁੱਕਣਾ ਅਤੇ ਕੁਝ ਕਾਰਜ ਅਸੀਂ ਦੋਹਾਂ ਹੱਥਾਂ ਦੇ ਸਹਿਯੋਗ ਨਾਲ ਕਰਦੇ ਹਾਂ, ਜਿਵੇਂ ਮੂੰਹ ਧੋਣਾ।

ਖੱਬੇ ਦੇ ਮੁਕਾਬਲੇ ਸੱਜਾ ਹੱਥ, ਵੀਹ ਗੁਣਾਂ ਵਧੇਰੇ ਵਰਤਿਆ ਜਾਂਦਾ ਹੈ।

ਈਸਾਈ ਧਰਮ ਵਿਚ ਵਿਸ਼ਵਾਸ ਰੱਖਣ ਵਾਲੇ, ਸੱਜੇ ਹੱਥ ਨੂੰ ਪਰਮਾਤਮਾ ਦਾ ਹੱਥ ਅਤੇ ਖੱਬੇ ਹੱਥ ਨੂੰ ਸ਼ੈਤਾਨ ਦਾ ਹੱਥ ਦਸਦੇ ਹਨ।

ਸਮਾਜਿਕ ਪੱਖੋਂ ਸੱਜਾ ਹੱਥ ਆਪਣੇ ਕਾਰਜਾਂ ਲਈ ਅਤੇ ਖੱਬਾ ਹੱਥ ਦੂਜਿਆਂ ਦੇ ਕਾਰਜਾਂ ਲਈ ਦੱਸਿਆ ਗਿਆ ਹੈ।

ਕਿਹਾ ਜਾਂਦਾ ਹੈ ਕਿ ਸ਼ੈਤਾਨ ਖੱਬੂ ਸੀ, ਚੁੜੇਲਾਂ ਵੀ ਖੱਬੂ ਹੁੰਦੀਆਂ ਹਨ।

ਭੂਤ ਖੱਬੇ ਪਾਸਿਓਂ ਦਿਸਦੇ ਹਨ।

ਜੇ ਸੱਜੇ ਹੱਥ ਦੀ ਤਲੀ 'ਤੇ ਖਾਜ ਹੋਵੇ ਤਾਂ ਪੈਸਾ ਮਿਲਣ ਦੀ ਸੰਭਾਵਨਾ ਅਤੇ ਖੱਬੇ ਹੱਥ ਦੀ ਤਲੀ 'ਤੇ ਖਾਜ, ਨੁਕਸਾਨ ਹੋਣ ਦਾ ਸੰਕੇਤ ਮੰਨੀ ਜਾਂਦੀ ਹੈ।

ਬੱਚਾ ਆਪਣੀ ਗਰਦਨ ਨੂੰ ਸੱਜੇ-ਹੱਥ ਘੁੰਮਾਉਣੀ ਪਹਿਲਾਂ ਸਿਖਦਾ ਹੈ।

ਖੱਬੂ ਵਿਅਕਤੀ ਨੂੰ ਹੈਰਾਨੀ ਨਾਲ ਵੇਖਿਆ ਜਾਂਦਾ ਹੈ।

ਖੱਬੂਆਂ ਦੀ ਗਿਣਤੀ ਕਈ ਸਮਾਜਾਂ ਵਿਚ ਵੀਹ ਪ੍ਰਤੀਸ਼ਤ ਵੀ ਵੇਖੀ ਗਈ ਹੈ।

ਖੱਬੂਆਂ ਨੂੰ ਭੀੜ ਵਿਚ ਵਿਚਰਨ, ਸੰਗੀਤ ਅਪਨਾਉਣ, ਨੱਚਣ ਅਤੇ ਹਥਿਆਰ ਵਰਤਣ ਵਿਚ ਮੁਸ਼ਕਿਲ ਹੁੰਦੀ ਹੈ।

ਖੱਬੂ, ਸੱਜੂਆਂ ਨਾਲੋਂ, ਔਸਤਨ ਸੱਤ ਸਾਲ ਪਹਿਲਾਂ ਚਲਾਣਾ ਕਰਦੇ ਹਨ।

ਕਈ ਸਮਾਜਾਂ ਵਿਚ ਕਿਸੇ ਨਾਲ ਹੱਥ ਮਿਲਾਉਣ ਸਮੇਂ ਖੱਬਾ ਹੱਥ ਅੱਗੇ ਕਰਨਾ ਬੇਇਜ਼ਤੀ ਕਰਨ ਦਾ ਸੰਕੇਤ ਸਮਝਿਆ ਜਾਂਦਾ ਹੈ।

ਹਰੇਕ ਸਭਿਆਚਾਰ ਵਿਚ ਚੰਗੀਆਂ ਚੀਜ਼ਾਂ ਸੱਜੇ ਹੱਥ ਨਾਲ ਅਤੇ ਭੈੜੀਆਂ ਚੀਜ਼ਾਂ ਖੱਬੇ ਹੱਥ ਨਾਲ ਜੁੜੀਆਂ ਹੁੰਦੀਆਂ ਹਨ।

ਹੱਥਾਂ ਨੂੰ ਸਭ ਥਾਂਵਾਂ 'ਤੇ ਕੰਮ ਨਾਲ ਜੋੜਿਆ ਜਾਂਦਾ ਹੈ।

ਕਈਆਂ ਦੇ ਹੱਥਾਂ ਵਿਚ ਬਰਕਤ ਹੁੰਦੀ ਹੈ।

ਜਿਨ੍ਹਾਂ ਦੇ ਹੱਥਾਂ ਵਿਚ ਬਰਕਤ ਹੁੰਦੀ ਹੈ, ਉਹ ਸਭ ਖੇਤਰਾਂ ਵਿਚ ਸਫਲ ਹੁੰਦੇ ਹਨ।

ਜਦੋਂ ਤੱਕ ਕਿਸਾਨ ਆਪਣੇ ਹੱਥਾਂ ਨਾਲ ਖੇਤੀ ਕਰਦਾ ਹੈ, ਉਹ ਵਿਕਾਸ ਕਰਦਾ ਹੈ, ਹੋਰਾਂ 'ਤੇ ਨਿਰਭਰ ਕਰਨ ਨਾਲ ਉਹ ਨਿਘਰਦਾ ਹੈ।

ਇਸਤਰੀ ਦੇ ਹੱਥ, ਪੁਰਸ਼ ਦੇ ਹੱਥਾਂ ਨਾਲੋਂ ਛੋਟੇ ਹੁੰਦੇ ਹਨ, ਪਰ ਉਹ ਵਧੇਰੇ ਹਰਕਤ ਕਰ ਸਕਦੇ ਹਨ ਅਤੇ ਸੂਖਮ ਕੰਮ ਨਿਪਟਾਉਣ ਵਿਚ ਵਧੇਰੇ ਨਿਪੁੰਨ ਹੁੰਦੇ ਹਨ।

ਸਾਰਾ ਸੰਦ-ਪ੍ਰਬੰਧ, ਪੁਰਸ਼ ਦੀ ਸਰੀਰਕ ਡੀਲ-ਡੌਲ ਅਨੁਸਾਰ ਹੋਣ ਕਰਕੇ, ਤਕਨੀਕੀ ਖੇਤਰਾਂ ਵਿਚ ਇਸਤਰੀ, ਪੁਰਸ਼ ਦੇ ਬਰਾਬਰ ਨਹੀਂ ਪਰ ਹੁਣ ਵਿਸ਼ਵ-ਪੱਧਰ 'ਤੇ ਸੰਦ-ਪ੍ਰਬੰਧ, ਇਸਤਰੀ-ਪੁਰਸ਼ ਦੋਵਾਂ ਦੇ ਹੱਥਾਂ ਨਾਲ ਕਾਰਜ ਕਰਨ ਲਈ ਯੋਗ ਹੋਣ ਦੀ ਦ੍ਰਿਸ਼ਟੀ ਨਾਲ, ਪੁਨਰ-ਵਿਉਂਤਿਆ ਜਾ ਰਿਹਾ ਹੈ।

ਆਪਣੇ ਹੱਥਾਂ ਨੂੰ ਵੱਧ ਤੋਂ ਵੱਧ ਵਰਤਣ ਅਤੇ ਬੱਚਿਆਂ ਤੋਂ ਵਿਭਿੰਨ ਪ੍ਰਕਾਰ ਦੇ ਕਾਰਜ ਕਰਵਾਉਣ ਨਾਲ, ਨਾ ਕੇਵਲ ਵਿਅਕਤੀ ਅਤੇ ਪਰਿਵਾਰ ਦੀ ਸਿਹਤ ਠੀਕ ਰਹਿੰਦੀ ਹੈ, ਸਗੋਂ ਜੀਵਨ ਪ੍ਰਤੀ ਦ੍ਰਿਸ਼ਟੀਕੋਣ ਵੀ ਉਸਾਰੂ ਹੁੰਦਾ ਹੈ, ਬਿਰਤੀ ਵੀ ਸਹਿਯੋਗੀ ਹੁੰਦੀ ਹੈ ਅਤੇ ਅਜਿਹੇ ਲੋਕਾਂ ਨੂੰ ਸਭਨੀ ਥਾਂਈਂ ਸਫਲਤਾ ਮਿਲਦੀ ਹੈ।

+ + +

ਇਕ ਚੁੱਪ, ਹਜ਼ਾਰ ਸੁੱਖ

ਸਿਆਣਾ, ਸਾਥੀ ਅਤੇ ਸਹਿਯੋਗੀ ਵਿਅਕਤੀ ਉਹ ਹੁੰਦਾ ਹੈ ਜਿਸ ਦੇ ਕੰਨ ਖੁੱਲ੍ਹੇ ਹੋਣ ਅਤੇ ਮੂੰਹ ਬੰਦ ਹੋਵੇ ਪਰ ਹੁੰਦਾ ਅਕਸਰ ਉਲਟ ਹੈ।

ਸਰੀਰ ਦੇ ਸਭ ਤੋਂ ਵੱਧ ਮਹੱਤਵਪੂਰਨ ਅਤੇ ਕਾਰਜਸ਼ੀਲ ਅੰਗ, ਹੱਥ-ਪੈਰ ਨਹੀਂ ਹੁੰਦੇ, ਜ਼ਬਾਨ ਅਤੇ ਕੰਨ ਹੁੰਦੇ ਹਨ।

ਬੋਲਣ ਨਾਲੋਂ ਸੁਣਨਾ ਅਤੇ ਸੁਣਨ ਨਾਲੋਂ ਵੇਖਣਾ, ਵਧੇਰੇ ਲਾਭਕਾਰੀ ਹੁੰਦਾ ਹੈ। ਚੁੱਪ ਰਹਿਣਾ ਅਮੀਰੀ ਦਾ ਅਤੇ ਘੱਟ ਬੋਲਣਾ ਸਿਆਣਪ ਦਾ ਲੱਛਣ ਹੁੰਦਾ ਹੈ।

ਹਮਦਰਦੀ ਦਾ ਪ੍ਰਗਟਾਵਾ, ਬੋਲਣ ਦੀ ਥਾਂ ਚੁੱਪ ਬਹਿ ਕੇ, ਦੂਜੇ ਨੂੰ ਸੁਣ ਕੇ, ਵਧੇਰੇ ਅਸਰਦਾਰ ਢੰਗ ਨਾਲ ਕੀਤਾ ਜਾ ਸਕਦਾ ਹੈ।

ਬੋਲਣ ਵਾਲਾ ਅਕਸਰ ਬੋਲ-ਬੋਲ ਕੇ, ਆਪਣੇ-ਆਪ ਨੂੰ ਖਾਲੀ ਕਰੀ ਜਾਂਦਾ ਹੈ ਅਤੇ ਸੁਣਨ ਵਾਲੇ ਨੂੰ ਭਰੀ ਜਾਂਦਾ ਹੈ।

ਜੇ ਦੋਵੇਂ ਧਿਰਾਂ ਬੋਲੀ ਜਾਣ ਤਾਂ ਗੱਲਬਾਤ, ਬਹਿਸ ਅਤੇ ਬਹਿਸ, ਲੜਾਈ ਬਣ ਜਾਂਦੀ ਹੈ। ਵਧੇਰੇ ਬੋਲ ਕੇ ਅਸੀਂ ਅਕਸਰ ਤਾਣੀ ਉਲਝਾ ਲੈਂਦੇ ਹਾਂ।

ਅਕਲ ਤੋਂ ਬਿਨਾਂ ਚੁੱਪ ਰਹਿਣਾ ਸੰਭਵ ਨਹੀਂ ਹੁੰਦਾ।

ਚੁੱਪ ਰਹਿ ਕੇ ਹਰ ਸਮੱਸਿਆ ਸੰਬੰਧੀ ਸੋਚਣ ਲਈ ਵਧੇਰੇ ਸਮਾਂ ਮਿਲ ਜਾਂਦਾ ਹੈ।

ਬੋਲਦਿਆਂ ਅਸੀਂ ਸੋਚ ਨਹੀਂ ਸਕਦੇ।

ਕਈ ਬੋਲਦੇ ਹੀ ਇਸ ਲਈ ਹਨ ਤਾਂ ਕਿ ਉਨ੍ਹਾਂ ਨੂੰ ਸੋਚਣਾ ਨਾ ਪਏ।

ਲੋਕ ਚੁੱਪ ਤੋਂ ਡਰਦੇ ਹਨ, ਕਿਉਂਕਿ ਚੁੱਪ ਸੋਚਣ ਲਈ ਮਜਬੂਰ ਕਰਦੀ ਹੈ।

ਬਹੁਤਾ ਬੋਲਣ ਵਾਲੇ ਆਗੂ, ਵੱਡੇ ਆਗੂ ਨਹੀਂ ਬਣਦੇ।

ਸਮਾਜ ਵਿਚ ਬਹੁਤੇ ਝਗੜੇ, ਚੁੱਪ ਨਾ ਰਹਿ ਸਕਣ ਕਾਰਨ ਉਪਜਦੇ ਹਨ।

ਰਾਜਨੀਤੀ ਵਿਚ ਨਿਰੰਤਰ ਬਿਆਨਬਾਜ਼ੀ ਕਾਰਨ ਹੀ ਰਾਜਨੀਤੀ ਬਦਨਾਮ ਹੈ।

ਹਰ ਵੇਲੇ ਬੋਲਦੇ ਰਹਿਣ ਵਾਲੇ ਵਿਅਕਤੀ ਦਾ ਸਤਿਕਾਰ ਨਹੀਂ ਹੁੰਦਾ।

ਜੇ ਕਿਸੇ ਥਾਂ ਬੋਲਣ 'ਤੇ ਪਾਬੰਦੀ ਲੱਗ ਜਾਵੇ ਤਾਂ ਚੁੱਪ ਰਹਿਣਾ ਔਖਾ ਹੋਣ ਕਰਕੇ, ਸਮੁੱਚੀ ਸਥਿਤੀ ਤਣਾਓ ਵਾਲੀ ਹੋ ਜਾਵੇਗੀ।

ਚੁੱਪ ਉਹੀ ਚੰਗੀ ਲੱਗਦੀ ਹੈ, ਜਿਹੜੀ ਸਵੈ-ਇੱਛਾ ਨਾਲ ਹੋਵੇ।

ਬੋਲਣਾ ਤਣਾਓ ਨੂੰ ਦੂਰ ਕਰਦਾ ਹੈ ਪਰ ਬਹੁਤ ਬੋਲਣਾ ਤਣਾਓ ਉਪਜਾਉਂਦਾ ਹੈ।

ਚੁੱਪ ਕਰਨ ਦੇ ਅਰਥ ਹਨ, ਜੇ ਬੋਲਣ ਵਾਲਾ ਕੁਝ ਨਾ ਹੋਵੇ ਤਾਂ ਕੁੱਝ ਨਾ ਬੋਲਣਾ।

ਜਿੱਥੇ ਸਾਰੇ ਮਜਬੂਰਨ ਚੁੱਪ ਹੁੰਦੇ ਹਨ, ਉੱਥੇ ਸਾਰੇ ਇਕ-ਦੂਜੇ ਨੂੰ ਸ਼ੱਕ ਅਤੇ ਨਫ਼ਰਤ ਨਾਲ ਵੇਖਣਗੇ ਅਤੇ ਗਲਤ ਅਨੁਮਾਨ ਲਾਉਣਗੇ।

ਜੇ ਵਿਆਹ ਦੇ ਸਮਾਗਮ ਵਿਚ ਕਿਸੇ ਨੂੰ ਵੀ ਬੋਲਣ ਦੀ ਆਗਿਆ ਨਾ ਹੋਵੇ ਤਾਂ ਇਹ ਸਮਾਗਮ ਜਸ਼ਨ ਨਹੀਂ ਰਹੇਗਾ, ਸ਼ੋਕ-ਸਭਾ ਬਣ ਜਾਵੇਗਾ।

ਚੁੱਪ ਹੋਣ ਦਾ ਅਰਥ ਗੂੰਗੇ ਹੋਣਾ ਨਹੀਂ। ਬਿੱਲੀ ਚੁੱਪ ਹੁੰਦੀ ਹੈ, ਗੂੰਗੀ ਨਹੀਂ।

ਲੋੜ ਵੇਲੇ ਜ਼ਰੂਰ ਬੋਲਣਾ ਚਾਹੀਦਾ ਹੈ।

ਹਰ ਵੇਲੇ ਚੁੱਪ ਰਹਿਣਾ ਸਹੀ ਨੀਤੀ ਨਹੀਂ ਹੈ।

ਕਹਿੰਦੇ ਹਨ ਚੁੱਪ ਰਹਿਣ ਨਾਲ ਤਾਂ ਸੋਨਾ ਵੀ ਨਹੀਂ ਵਿਕਦਾ, ਠੀਕ ਅਤੇ ਢੁਕਵੇਂ ਢੰਗ ਨਾਲ ਬੋਲਣ ਨਾਲ ਮਿੱਟੀ ਵੀ ਵਿਕ ਜਾਂਦੀ ਹੈ।

ਚੁੱਪ ਰਹਿਣ ਮਗਰੋਂ ਬੋਲੇ ਗਏ ਸ਼ਬਦ, ਧਿਆਨ ਨਾਲ ਸੁਣੇ ਜਾਂਦੇ ਹਨ।

ਕਈਆਂ ਦੀ ਚੁੱਪ ਹਨੇਰੀ ਆਉਣ ਤੋਂ ਪਹਿਲਾਂ ਦੀ ਸ਼ਾਂਤੀ ਅਤੇ ਡੈਮ 'ਤੇ ਰੁਕੇ ਪਾਣੀ ਵਰਗੀ ਹੁੰਦੀ ਹੈ। ਇਹ ਬੋਲਦੇ ਨਹੀਂ, ਲਾਵੇ ਵਾਂਗ ਫੱਟਦੇ ਹਨ।

ਚੁੱਪ ਵਿਚ ਧੀਰਜ, ਸਹਿਣਸ਼ੀਲਤਾ, ਡੂੰਘਾਈ ਅਤੇ ਰਹੱਸ ਹੁੰਦਾ ਹੈ।

ਚੁੱਪ ਸਧਾਰਨ ਗੱਲਾਂ ਨੂੰ ਵੀ ਮਹੱਤਵਪੂਰਨ ਬਣਾ ਦਿੰਦੀ ਹੈ।

ਚੁੱਪ ਵਿਸ਼ਵ-ਵਿਆਪੀ ਭਾਸ਼ਾ ਹੈ, ਇਹ ਭਾਸ਼ਾ ਹਰ ਸਭਿਆਚਾਰ ਵਿਚ ਵਰਤੀ ਜਾਂਦੀ ਹੈ। ਚੁੱਪ ਦੇ ਅਨੇਕਾਂ ਰੂਪ ਹਨ। ਇਹ ਅਗਿਆਨਤਾ ਦੀ ਸੂਚਕ ਵੀ ਹੁੰਦੀ ਹੈ, ਵਿਰੋਧ ਦਾ ਪ੍ਰਗਟਾਵਾ ਵੀ। ਇਹ ਬੋਲਣ ਦੀ ਲੋੜ ਵੇਲੇ ਚੁੱਪ ਰਹਿਣ ਕਾਰਨ ਲਾਪ੍ਰਵਾਹੀ ਦਾ ਸੰਕੇਤ ਵੀ ਦਿੰਦੀ ਹੈ ਅਤੇ ਬੇਲੋੜਾ ਬੋਲਣ ਕਰਕੇ ਇਕਾਗਰਤਾ ਦੀ ਘਾਟ ਦੀ ਸੂਚਨਾ ਵੀ। ਇਹ ਸਹਿਮਤੀ ਵੀ ਪ੍ਰਗਟਾਉਂਦੀ ਹੈ ਅਤੇ ਨਫ਼ਰਤ ਦਾ ਐਲਾਨ ਵੀ ਕਰਦੀ ਹੈ। ਧਾਰਮਿਕ ਪੱਖੋਂ ਇਹ ਅੰਦਰ ਉਤਰਨ ਦਾ ਉਪਰਾਲਾ ਵੀ ਹੁੰਦੀ ਹੈ ਅਤੇ ਸਮਾਧੀ ਵਾਲੀ ਅਵਸਥਾ ਵੀ। ਮੋਨ-ਵਰਤ ਬਣ ਕੇ, ਇਹ ਅੰਦੋਲਨ ਦਾ ਹਥਿਆਰ ਵੀ ਬਣਦੀ ਹੈ ਅਤੇ ਕਿਸੇ ਤੋਂ ਆਪਣੀ ਮੰਗ ਮਨਵਾਉਣ ਦੀ ਜੁਗਤ ਵੀ। ਰਾਜਨੀਤੀ ਵਿਚ ਇਹ ਨੀਤੀ ਬਣ ਜਾਂਦੀ ਹੈ ਅਤੇ ਸਫ਼ਾਰਤੀ ਸੰਬੰਧਾਂ ਵਿਚ ਇਹ ਪ੍ਰਤੀਕਰਮ ਨੂੰ ਸੋਚਣ ਵਾਸਤੇ ਮੋਹਲਤ ਬਣ ਜਾਂਦੀ ਹੈ। ਇਹ ਜੁਰਮ ਦਾ ਇਕਬਾਲ ਵੀ ਹੁੰਦੀ ਹੈ ਅਤੇ ਮਜਬੂਰੀ-ਬੇਵਸੀ ਦਾ ਪ੍ਰਗਟਾਵਾ ਵੀ। ਇਹ ਪ੍ਰਵਾਨਗੀ ਦਾ ਆਧਾਰ ਵੀ ਹੁੰਦੀ ਹੈ ਅਤੇ ਬਦਸਲੂਕੀ ਵਿਰੁੱਧ ਸ਼ਕਤੀਸ਼ਾਲੀ ਢਾਲ ਵੀ।

ਅਲਮਾਰੀ ਵਿਚ ਕੱਪੜੇ ਚੁੱਪ ਕਰਕੇ ਲਟਕੇ ਰਹਿੰਦੇ ਹਨ। ਗੁਆਚੀ ਚੀਜ਼ ਚੁੱਪ ਕਰ ਜਾਂਦੀ ਹੈ। ਉਂਗਲਾਂ ਦੀ ਛੋਹ ਤੋਂ ਪਹਿਲਾਂ, ਸਾਜ਼ ਚੁੱਪ ਹੁੰਦੇ ਹਨ।

ਪੜ੍ਹੇ ਜਾਣ ਤੋਂ ਪਹਿਲਾਂ ਪੁਸਤਕਾਂ ਚੁੱਪ ਹੁੰਦੀਆਂ ਹਨ।

ਮਰਿਆ ਬੰਦਾ ਹਮੇਸ਼ਾ ਲਈ ਚੁੱਪ ਕਰ ਜਾਂਦਾ ਹੈ।

ਇਸਤਰੀ ਦੀ ਚੁੱਪ, ਵਿਛੋੜੇ ਦਾ ਵਿਰਲਾਪ ਅਤੇ ਰੁੱਸੇ ਹੋਣ ਦਾ ਸੰਕੇਤ ਅਤੇ ਮਨਾਏ ਜਾਣ ਦਾ ਤਰਲਾ ਹੁੰਦੀ ਹੈ। ਕਿਸੇ ਗੰਭੀਰ ਸਮੱਸਿਆ ਕਾਰਨ ਪੁਰਸ਼ ਅਕਸਰ ਚੁੱਪ ਹੋ ਜਾਂਦਾ ਹੈ। ਬੱਚੇ ਦੀ ਚੁੱਪ ਉਸ ਦੇ ਬੁਖ਼ਾਰ ਕਾਰਨ ਹੁੰਦੀ ਹੈ।

ਚੁੱਪ ਦੌਰਾਨ ਸੋਚਣ ਦਾ ਅਵਸਰ ਮਿਲਦਾ ਹੈ, ਘਟਨਾਵਾਂ ਪ੍ਰਤੀ ਢੁੱਕਵੇਂ ਪ੍ਰਤੀਕਰਮ ਸੋਹੇ ਜਾਂਦੇ ਹਨ ਅਤੇ ਸਮੱਸਿਆਵਾਂ ਦੇ ਹੱਲ ਸੁਝਦੇ ਹਨ।

ਜੇ ਸੁਣਨ ਵਾਲਾ ਚੁੱਪ ਰਹੇ ਅਤੇ ਕੁਝ ਨਾ ਪੁਛੇ ਤਾਂ ਬੋਲਣ ਵਾਲੇ ਦੇ ਦਿੱਤੇ ਵੇਰਵਿਆਂ ਦੇ ਆਧਾਰ 'ਤੇ, ਠੀਕ ਫੈਸਲਾ ਕਰਨਾ ਔਖਾ ਹੋ ਜਾਂਦਾ ਹੈ।

ਜਿਹੜੇ ਕੁਝ ਨਹੀਂ ਕਰਦੇ, ਉਹ ਵਧੇਰੇ ਬੋਲਦੇ ਹਨ। ਜਾਣੇ-ਪਛਾਣੇ ਕੰਨਾਂ ਨੂੰ ਹਰ ਵੇਲੇ ਕੁਝ ਕਹੀ ਜਾਣ ਨਾਲ ਕੰਨ ਦੁੱਖਣ ਲੱਗ ਜਾਂਦੇ ਹਨ। ਘੱਟ ਪਛਾਣ ਵਾਲੇ ਵਿਅਕਤੀ ਵਧੇਰੇ ਬੋਲਦੇ ਹਨ, ਜਦੋਂ ਕਿ ਚੁੱਪ ਸਾਡਾ ਸਵੈ-ਵਿਸ਼ਵਾਸ ਵਧਾਉਂਦੀ ਹੈ।

ਜੇ ਪਿਆਰ ਹੋਵੇ ਤਾਂ ਚੁੱਪ ਵਿਚੋਂ ਵੀ ਗੱਲਾਂ ਦੀ ਗੂੰਜ ਸੁਣਾਈ ਦਿੰਦੀ ਹੈ।

ਸੋਹਣੀ ਇਸਤਰੀ ਆਪਣਾ ਭਾਸ਼ਣ ਚੁੱਪ ਰਹਿ ਕੇ ਦਿੰਦੀ ਹੈ।

ਸ਼ੀਸ਼ਾ ਆਪਣਾ ਫੈਸਲਾ ਚੁੱਪ ਰਹਿ ਕੇ ਸੁਣਾਉਂਦਾ ਹੈ।

ਅਰਥਪੂਰਨ ਸ਼ਬਦ, ਸ਼ਬਦਾਂ ਦੇ ਚਿੱਤਰ ਵਾਂਗ ਹੁੰਦੇ ਹਨ, ਜਿਨ੍ਹਾਂ ਦੇ ਆਲੇ ਦੁਆਲੇ, ਖਾਲੀ ਥਾਂ ਦੀ ਚੁੱਪ ਦਾ ਚੋਖਟਾ ਹੁੰਦਾ ਹੈ।

ਕਵਿਤਾ ਦੀ ਪੁਸਤਕ ਦੇ ਪੰਨਿਆਂ 'ਤੇ ਸ਼ਬਦਾਂ ਦੇ ਆਲੇ ਦੁਆਲੇ, ਖਾਲੀ ਥਾਂ ਦੀ ਚੁੱਪ, ਕਾਵਿ-ਪੰਕਤੀਆਂ ਦੀ ਸਜਾਵਟ ਹੁੰਦੀ ਹੈ।

ਜਦੋਂ ਕਵੀ ਦੀ ਚੁੱਪ ਮੁਟਿਆਰ ਹੋ ਜਾਂਦੀ ਹੈ, ਉਹ ਕੋਈ ਗੀਤ ਸਿਰਜਦਾ ਹੈ।

ਕਵਿਤਾ ਤੁਰੰਤ ਦਾ ਪ੍ਰਤੀਕਰਮ ਹੁੰਦੀ ਹੈ, ਜਦੋਂ ਕਿ ਗੀਤ ਚੁੱਪ ਦੀ ਕੁੱਖ ਵਿਚ ਵਿਗਸਦਾ ਹੈ। ਕਲਾਕਾਰਾਂ, ਕਵੀਆਂ, ਸੰਗੀਤਕਾਰਾਂ, ਚਿੱਤਰਕਾਰਾਂ ਅਤੇ ਚਿੰਤਕਾਂ ਦਾ ਚੁੱਪ ਬਿਨਾਂ ਸਰਦਾ ਨਹੀਂ।

ਹਾਕਮ, ਫ਼ਿਲਾਸਫ਼ਰ, ਸੰਤ ਅਤੇ ਜੱਜ ਦੀ ਚੁੱਪ ਉਸ ਦੇ ਪ੍ਰਭਾਵ ਨੂੰ ਵਧਾਉਂਦੀ ਹੈ।

ਚੁੱਪ-ਰਹਿਣੇ ਬੰਦੇ ਸਭ ਥਾਂ ਪ੍ਰਵਾਨ ਹੁੰਦੇ ਹਨ।

ਚੁੱਪ ਰਹਿਣ ਵਾਲੇ ਪਤੀ ਨੂੰ, ਉਸ ਦੀ ਪਤਨੀ ਵਧੇਰੇ ਪਸੰਦ ਕਰਦੀ ਹੈ ਕਿਉਂਕਿ ਉਹ ਆਪ ਘੱਟ ਬੋਲਦਾ ਹੈ ਅਤੇ ਪਤਨੀ ਨੂੰ ਵਧੇਰੇ ਸੁਣਦਾ ਹੈ।

ਜੇ ਤੁਸੀਂ ਕੋਈ ਜ਼ਰੂਰੀ ਅਤੇ ਅਰਥਪੂਰਨ ਕੰਮ ਕਰਦੇ ਹੋ ਤਾਂ ਤੁਹਾਨੂੰ ਚੁੱਪ ਰਹਿਣ ਦੀ ਆਦਤ ਆਪੇ ਪੈ ਜਾਵੇਗੀ।

ਆਪਣੇ-ਆਪ ਨਾਲ ਗੱਲਾਂ ਚੁੱਪ ਰਹਿ ਕੇ ਹੀ ਕੀਤੀਆਂ ਜਾ ਸਕਦੀਆਂ ਹਨ।

ਜਗਿਆਸੂ ਸ਼ਿਸ਼ ਆਪ ਚੁੱਪ ਰਹਿ ਕੇ, ਗੁਰੂ ਦੀ ਆਗਿਆ ਮੰਨਦੇ ਹਨ ਅਤੇ ਆਪ ਵੀ ਪੂਜਣਯੋਗ ਹੋ ਨਿਬੜਦੇ ਹਨ।

ਚਿੰਤਕ ਚੁੱਪ ਰਹਿ ਕੇ ਆਪਣੀਆਂ ਸਮੱਸਿਆਵਾਂ ਹੱਲ ਕਰਦੇ ਹਨ।

ਸੰਤ ਤਿਲੋਪਾ ਸਹੀ ਅਰਥਾਂ ਵਿਚ ਬ੍ਰਹਮ-ਗਿਆਨੀ ਸਨ। ਇਕ ਵਾਰੀ ਇਕ ਹੰਕਾਰੀ ਵਿਅਕਤੀ ਉਨ੍ਹਾਂ ਕੋਲ ਆਇਆ ਅਤੇ ਆਪਣੇ ਪ੍ਰਸ਼ਨਾਂ ਦੇ ਉੱਤਰ ਮੰਗਣ ਲੱਗ ਪਿਆ। ਸੰਤ ਤਿਲੋਪਾ ਨੇ ਕਿਹਾ: ਪ੍ਰਸ਼ਨਾਂ ਦੇ ਉੱਤਰ ਮਿਲਣਗੇ ਪਰ ਕੀਮਤ ਅਦਾ ਕਰਨੀ ਪਏਗੀ। ਦੋ ਸਾਲ ਚੁੱਪ ਕਰਕੇ ਬੈਠਣਾ ਪਏਗਾ। ਕੁਝ ਹੋ ਜਾਵੇ, ਕੁਝ ਵਾਪਰ ਜਾਵੇ, ਕੁਝ ਦਿਸ ਜਾਵੇ, ਕੁਝ ਸੁਣ ਜਾਵੇ ਪਰ ਬੋਲਣਾ ਨਹੀਂ। ਉਹ ਵਿਅਕਤੀ

ਬੈਠਾ ਰਿਹਾ, ਦਿਨ ਭੁੱਲ ਗਿਆ, ਮਹੀਨਾ ਭੁੱਲ ਗਿਆ, ਉਸ ਨੂੰ ਆਪਣਾ ਨਾਂ ਵੀ ਭੁੱਲ ਗਿਆ, ਸਾਰੇ ਪ੍ਰਸ਼ਨ ਵੀ ਭੁੱਲ ਗਏ।

ਦੋ ਸਾਲ ਮਗਰੋਂ ਸੰਤ ਤਿਲੋਪਾ ਨੇ ਕਿਹਾ: ਹਾਂ ਪੁੱਛ ਆਪਣੇ ਪ੍ਰਸ਼ਨ। ਜਗਿਆਸੂ, ਸੰਤ ਦੇ ਕਦਮਾਂ 'ਤੇ ਝੁਕ ਗਿਆ ਅਤੇ ਕਿਹਾ: ਮੈਂ ਜਾਣ ਗਿਆ ਹਾਂ ਕਿ ਸਾਰੇ ਪ੍ਰਸ਼ਨਾਂ ਦੇ ਉੱਤਰ ਅੰਦਰਲੀ ਚੁੱਪ ਵਿਚ ਪਏ ਹਨ।

ਸ਼ਬਦਾਂ ਰਾਹੀਂ ਅਸੀਂ ਰਿਸ਼ਤਾ ਬੀਜਦੇ ਹਾਂ, ਚੁੱਪ ਰਾਹੀਂ ਸਿੰਜਦੇ ਹਾਂ।

ਚੁੱਪ ਆਪਣੇ ਆਪ ਦੀ ਪਹਿਚਾਣ ਕਰਾਉਂਦੀ ਹੈ, ਬੋਲਣ ਨਾਲ ਸੰਸਾਰ ਨਾਲ ਸਾਂਝ ਪੈਂਦੀ ਹੈ। ਚੁੱਪ ਸਾਨੂੰ ਆਪਣੇ ਆਪ ਨੂੰ ਸੋਧਣ ਅਤੇ ਆਪਣੇ ਵਿਚਾਰਾਂ ਨੂੰ ਤਰਤੀਬ ਦੇਣ ਦਾ ਅਵਸਰ ਦਿੰਦੀ ਹੈ।

ਜੋ ਕੁਝ ਬੋਲਣ-ਲਿਖਣ ਤੋਂ ਪਹਿਲਾਂ, ਉਸ ਨੂੰ ਇਕਾਂਤ ਵਿਚ ਸੋਚਿਆ ਅਤੇ ਵਿਉਂਤਿਆ ਗਿਆ ਹੋਵੇ ਤਾਂ ਉਸ ਦਾ ਪ੍ਰਭਾਵ ਵੱਧ ਜਾਂਦਾ ਹੈ।

ਸ਼ਮਸ਼ਾਨਘਾਟ ਦੀ ਇਕਾਂਤ ਵਿਚ ਕੁਝ ਨਹੀਂ ਸਿਰਜਿਆ ਜਾ ਸਕਦਾ, ਕਿਉਂਕਿ ਉੱਥੇ ਜ਼ਿੰਦਗੀ ਨਹੀਂ ਹੁੰਦੀ। ਸਿਰਜਣਾਤਮਕ ਚੁੱਪ ਵਿਚ ਬੰਦੇ ਭਾਵੇਂ ਨਾ ਹੋਣ ਪਰ ਜ਼ਿੰਦਗੀ ਜ਼ਰੂਰ ਹੋਣੀ ਚਾਹੀਦੀ ਹੈ।

ਫ਼ਿਲਾਸਫ਼ਰ ਅਕਸਰ ਚੁੱਪ ਹੀ ਰਹਿੰਦੇ ਹਨ। ਮਨੋਵਿਗਿਆਨੀ ਆਪ ਚੁੱਪ ਰਹਿ ਕੇ, ਪਰੇਸ਼ਾਨ ਵਿਅਕਤੀਆਂ ਨੂੰ ਸੁਣਦੇ ਹਨ। ਡਾਕਟਰ ਦੇ ਚੁੱਪ ਰਹਿ ਕੇ ਸੁਣਨ ਵਿਚ ਹੀ ਮਰੀਜ਼ ਦੇ ਰੋਗ ਦਾ ਇਲਾਜ ਹੁੰਦਾ ਹੈ।

ਧਾਰਮਿਕ ਸਥਾਨ 'ਤੇ ਚੁੱਪ ਰਹਿ ਕੇ ਕੀਤੇ ਕੰਮ ਨੂੰ ਸੇਵਾ ਕਿਹਾ ਜਾਂਦਾ ਹੈ।

ਯਾਤਰਾ ਦੌਰਾਨ ਚੁੱਪ ਰਹਿ ਕੇ ਚੱਲਣ, ਹੋਰਾਂ ਨੂੰ ਵੇਖਣ, ਨਿਹਾਰਨ, ਅੱਖਾਂ ਰਾਹੀਂ ਪਹਿਨਣ, ਕੰਨਾਂ ਰਾਹੀਂ ਅਪਨਾਉਣ, ਨੇੜੇ ਜਾਣ, ਕੋਲ ਬੁਲਾਉਣ ਆਦਿ ਰਾਹੀਂ ਯਾਦਗਾਰੀ ਅਨੁਭਵ ਪ੍ਰਾਪਤ ਹੁੰਦੇ ਹਨ। ਵਿਦਵਾਨਾਂ ਵਿਚ, ਚੁਪ ਰਹਿ ਕੇ ਬਹਿਣ ਵਾਲੇ ਅਨਪੜ੍ਹ ਵੀ, ਵਿਦਵਾਨ ਸਮਝੇ ਜਾਂਦੇ ਹਨ।

ਮੂਰਖ ਬੋਲੇ ਬਿਨਾਂ ਨਹੀਂ ਰਹਿ ਸਕਦਾ ਕਿਉਂਕਿ ਉਸ ਕੋਲ ਕਹਿਣ ਵਾਲਾ ਕੁਝ ਹੁੰਦਾ ਹੀ ਨਹੀਂ, ਸੋ ਸੁਣਨ ਵਾਲਿਆਂ ਦਾ ਉਸ ਪ੍ਰਤੀ ਭੁਲੇਖਾ ਦੂਰ ਹੋ ਜਾਂਦਾ ਹੈ।

ਪਤੀ-ਪਤਨੀ ਦੇ ਬੋਲ-ਬੁਲਾਰੇ ਵਿਚ ਜਿਹੜਾ ਚੁੱਪ ਕਰ ਜਾਂਦਾ ਹੈ, ਉਸ ਅੱਗੇ ਬੋਲਣ ਵਾਲਾ, ਮਗਰੋਂ ਸ਼ਰਮਸਾਰ ਹੁੰਦਾ ਰਹਿੰਦਾ ਹੈ।

ਆਪ ਚੁੱਪ ਰਹਿ ਕੇ ਹੋਰਾਂ ਨੂੰ ਗੱਲਾਂ ਕਰਦਿਆਂ ਸੁਣਨਾ, ਸਾਹਮਣੇ ਵਾਪਰ ਰਹੇ ਇਕ ਨਾਟਕ ਨੂੰ ਵੇਖਣ ਵਾਂਗ ਲੱਗਦਾ ਹੈ।

ਚੁੱਪ ਰਹਿਣਾ ਇਕ ਸ਼ਕਤੀਸ਼ਾਲੀ ਨੀਤੀ ਹੁੰਦੀ ਹੈ।

ਚੁੱਪ ਕਿਸੇ ਦਾ ਧਿਆਨ ਖਿੱਚਣ ਦਾ ਪਰਖਿਆ ਹੋਇਆ ਢੰਗ ਹੈ।

ਇਕ ਭਿਖਸ਼ੂ ਬੁੱਧ ਦੇ ਉਪਦੇਸ਼ਾਂ ਦਾ ਪ੍ਰਚਾਰ ਕਰਨ ਲਈ ਜਦੋਂ ਚੀਨ ਗਿਆ ਤਾਂ ਕਿਸੇ ਨੇ ਉਸ ਨੂੰ ਨਾ ਸੁਣਿਆ। ਉਹ ਸ਼ਹਿਰ ਦੇ ਵੱਡੇ ਚੌਕ ਵਿਚ ਕੰਧ ਵੱਲ ਮੂੰਹ ਕਰਕੇ, ਚੁੱਪ ਕਰਕੇ ਬਹਿ ਗਿਆ ਅਤੇ ਹਰ ਰੋਜ਼ ਬਹਿੰਦਾ ਰਿਹਾ। ਉਹ ਕਈ ਮਹੀਨੇ

ਬੈਠਦਾ ਰਿਹਾ। ਉਸ ਦੇ ਅਜਿਹੇ ਰਹੱਸਮਈ ਵਿਹਾਰ ਕਾਰਨ ਸਾਰੇ ਸ਼ਹਿਰ ਦੀ ਉਸ ਵਿਚ ਦਿਲਚਸਪੀ ਜਾਗ ਪਈ ਪਰ ਉਸ ਨੇ ਚੁੱਪ ਕਰਕੇ ਕੰਧ ਵੱਲ ਮੂੰਹ ਕਰਕੇ ਬੈਠਣਾ ਜਾਰੀ ਰੱਖਿਆ। ਉਸ ਨਾਲ ਭਾਂਤ-ਭਾਂਤ ਦੀਆਂ ਕਰਾਮਾਤੀ ਕਹਾਣੀਆਂ ਜੁੜ ਗਈਆਂ ਅਤੇ ਉਸ ਦੇ ਵਿਹਾਰ ਦੇ ਭਾਂਤ-ਭਾਂਤ ਦੇ ਅਰਥ ਕੱਢੇ ਜਾਣ ਲੱਗ ਪਏ। ਕਈਆਂ ਨੇ ਉਸ ਨੂੰ ਬੋਲਣ ਲਈ ਉਕਸਾਇਆ ਪਰ ਉਹ ਚੁੱਪ ਰਿਹਾ।

ਜਦੋਂ ਰਾਜੇ ਦੀ ਅਗਵਾਈ ਵਿਚ ਸ਼ਹਿਰ ਵਾਸੀਆਂ ਦੇ ਹਜੂਮ ਨੇ ਕੁਝ ਦੱਸਣ ਲਈ ਬੇਨਤੀ ਕੀਤੀ ਤਾਂ ਉਸ ਨੇ ਬੁੱਧ ਦਾ ਸੰਦੇਸ਼ ਦਿੱਤਾ, ਜਿਹੜਾ ਇਤਨੇ ਧਿਆਨ ਨਾਲ ਸੁਣਿਆ ਗਿਆ ਕਿ ਸਾਰਾ ਚੀਨ ਬੋਧੀ ਹੋ ਗਿਆ।

ਚੁੱਪ ਦੇ ਗਲਤ ਅਰਥ ਕੱਢਣੇ ਸੰਭਵ ਨਹੀਂ ਹੁੰਦੇ।

ਕਈਆਂ ਦੀ ਚੁੱਪ ਸੁਖਾਵੀਂ ਅਤੇ ਕੁਝ ਦੀ ਚੁੱਭਵੀਂ ਹੁੰਦੀ ਹੈ ਅਤੇ ਕਿਸੇ-ਕਿਸੇ ਦੀ ਚੁੱਪ, ਚੁੱਪ ਨਹੀਂ ਰਹਿਣ ਦਿੰਦੀ। ਬੋਲੇ ਸ਼ਬਦ ਸਾਡੇ ਵਿਹਾਰ ਨੂੰ ਨੰਗਾ ਕਰਦੇ ਹਨ, ਚੁੱਪ ਸਾਡੀਆਂ ਘਾਟਾਂ ਨੂੰ ਕੱਜਦੀ ਹੈ।

ਵਿਆਹ ਸਮੇਂ ਦੁਲਹਨ ਨੂੰ ਬੋਲਣ ਦੀ ਥਾਂ ਮੁਸਕਰਾਉਣਾ ਹੀ ਚਾਹੀਦਾ ਹੈ ਤਾਂ ਕਿ ਉਸ ਦੇ ਅੰਗਾਂ ਵਿਚਲੀ ਰੌਣਕ ਦਿੱਸੇ ਅਤੇ ਉਸਦੇ ਨੈਣ-ਨਕਸ਼ ਬੋਲਣ।

ਗਲਤ ਬੋਲੋਗੇ, ਬਹੁਤ ਕੁਝ ਸੁਣਨਾ ਪਏਗਾ; ਝੂਠ ਬੋਲੋਗੇ, ਕਈ ਝੂਠ ਬੋਲਣੇ ਪੈਣਗੇ; ਬਿਨਾਂ ਸੋਚੇ ਬੋਲੋਗੇ, ਝਗੜਾ ਹੋਵੇਗਾ ਕਿਉਂਕਿ ਕੱਚੇ ਅਤੇ ਬੇਲੋੜੇ ਵਾਕ ਬਦਹਜ਼ਮੀ ਉਪਜਾਉਂਦੇ ਹਨ।

ਇਸ ਪੱਖੋਂ ਔਰਤ, ਪੁਰਸ਼ ਨਾਲੋਂ ਸਿਆਣੀ ਹੈ।

ਉਸ 'ਤੇ ਅਕਸਰ ਵੱਧ ਬੋਲਣ ਦਾ ਦੋਸ਼ ਲੱਗਦਾ ਹੈ ਪਰ ਉਸ ਦੀ ਚੁੱਪ ਰਹਿਣ ਦੀ ਸਮਰੱਥਾ ਹੈਰਾਨ ਕਰਨ ਵਾਲੀ ਹੁੰਦੀ ਹੈ।

ਔਰਤ, ਅਜਨਬੀਆਂ ਵਿਚ ਨਾ ਬੋਲਦੀ ਹੈ, ਨਾ ਹੱਸਦੀ ਹੈ, ਨਾ ਸੌਂਦੀ ਹੈ।

ਕਈ ਬੋਲਦੇ ਹਨ ਅਤੇ ਸੁਣਨ ਵਾਲੇ ਬਾਹਵਾਂ ਛੂੰਗਣ ਲੱਗ ਪੈਂਦੇ ਹਨ, ਫਿਰ ਉਨ੍ਹਾਂ ਨੂੰ ਮੁਆਫ਼ੀਆਂ ਮੰਗਣੀਆਂ ਪੈਂਦੀਆਂ ਹਨ।

ਕੁਝ ਭੈੜਾ ਵਾਪਰ ਗਿਆ ਹੈ, ਚੁੱਪ ਹੋ ਜਾਓ।

ਕੋਈ ਗਲਤੀ ਹੋ ਗਈ ਹੈ, ਚੁੱਪ ਕਰ ਜਾਓ।

ਚੁੱਪ ਦੌਰਾਨ ਅੱਖਾਂ ਵਧੇਰੇ ਵੇਖਦੀਆਂ ਹਨ, ਕੰਨ ਵਧੇਰੇ ਸੁਣਦੇ ਹਨ, ਨੱਕ ਵਧੇਰੇ ਸੁੰਘਦਾ ਹੈ, ਆਲਾ-ਦੁਆਲਾ ਵਧੇਰੇ ਸਪੱਸ਼ਟ ਵਿਖਾਈ ਦਿੰਦਾ ਹੈ।

ਚੁੱਪ ਕਰਕੇ ਇਕੱਲਿਆਂ ਸੈਰ ਕਰੋਗੇ, ਤਾਕਤ ਵਧੇਗੀ। ਕਿਸੇ ਨਾਲ ਬੋਲਦਿਆਂ ਸੈਰ ਕਰੋਗੇ, ਥਕਾਵਟ ਹੋਵੇਗੀ ਅਤੇ ਮੂੰਹ ਦੁੱਖਣ ਲੱਗ ਜਾਵੇਗਾ।

ਜੇ ਆਪਣੇ ਸਹੀ-ਗਲਤ ਹੋਣ ਦੀ ਦੁਚਿੱਤੀ ਹੋਵੇ, ਚੁੱਪ ਰਹੋ, ਜਲਦੀ ਹੀ ਸਥਿਤੀ ਤੁਹਾਡੇ ਕਾਬੂ ਵਿਚ ਆ ਜਾਵੇਗੀ। ਚੁੱਪ ਰਹਿ ਕੇ ਬਰਦਾਸ਼ਤ ਕਰਨ ਨਾਲ ਦੁੱਖ ਜਲਦੀ ਮੁੱਕ ਜਾਂਦਾ ਹੈ। ਜੇ ਸੁੱਝੇ ਨਾ ਕਿ ਕੀ ਕਿਹਾ ਜਾਵੇ ਤਾਂ ਚੁੱਪ ਦੀ ਭਾਸ਼ਾ ਬੋਲੋ। ਦੋ ਦੋਸਤ ਦਹਾਕਿਆਂ ਮਗਰੋਂ ਮਿਲੇ ਸਨ। ਇਕ ਬੋਲਾ ਹੋ ਗਿਆ ਸੀ। ਉਨ੍ਹਾਂ ਨੇ

ਇਕ-ਦੂਜੇ ਦਾ ਹੱਥ ਫੜ ਕੇ ਚੁੱਪ ਬਹਿ ਕੇ ਬੜੀਆਂ ਗੱਲਾਂ ਕੀਤੀਆਂ।

ਬੋਲਣਾ ਤਾਂ ਹਰ ਕਿਸੇ ਨੂੰ ਆਉਂਦਾ ਹੀ ਹੈ, ਲੋੜ ਚੁੱਪ ਰਹਿਣਾ ਸਿੱਖਣ ਦੀ ਹੈ।

ਇਕ ਵਿਅਕਤੀ ਕਿਸੇ ਕੋਲ ਭਾਸ਼ਣ-ਕਲਾ ਸਿੱਖਣ ਗਿਆ। ਸਿਖਾਉਣ ਵਾਲੇ ਨੇ ਕਿਹਾ: ਕੁਝ ਬੋਲੋ। ਉਹ ਬੋਲਣ ਲੱਗਿਆ ਅਤੇ ਬੋਲੀ ਹੀ ਗਿਆ। ਉਸਤਾਦ ਨੇ ਕਿਹਾ: ਦੁੱਗਣੀ ਫੀਸ ਲੱਗੇਗੀ। ਦੁੱਗਣੀ ਕਿਉਂ? ਕਿਉਂਕਿ ਤੈਨੂੰ ਬੋਲਣਾ ਹੀ ਨਹੀਂ ਸਿਖਾਉਣਾ, ਚੁੱਪ ਕਰਨਾ ਵੀ ਸਿਖਾਉਣਾ ਪਏਗਾ।

ਚੁੱਪ ਰਹਿਣ ਵਾਲੇ ਵਿਅਕਤੀ ਘੱਟ ਸਮੱਸਿਆਵਾਂ ਉਪਜਾਉਂਦੇ ਹਨ।

ਉਹ ਆਪਣੀਆਂ ਸਮੱਸਿਆਵਾਂ ਹੀ ਹੱਲ ਨਹੀਂ ਕਰਦੇ, ਲੋਕਾਂ ਦੇ ਝਗੜੇ ਵੀ ਨਿਪਟਾਉਂਦੇ ਹਨ। ਝਗੜਿਆਂ ਨਾਲ ਜਿਤਨਾ ਵਾਹ ਜੱਜਾਂ ਦਾ ਪੈਂਦਾ ਹੈ, ਹੋਰ ਕਿਸੇ ਦਾ ਨਹੀਂ ਪੈਂਦਾ। ਜੱਜ, ਜੱਜ ਲੱਗਦਾ ਹੀ ਤਾਂ ਹੈ ਜੇ ਉਹ ਚੁੱਪ ਕਰਕੇ ਸੁਣੇ।

ਚੁੱਪ ਅਗਿਆਨਤਾ ਨਹੀਂ ਹੁੰਦੀ, ਜੋ ਕੁਝ ਕਿਹਾ-ਸੁਣਿਆ ਜਾ ਰਿਹਾ ਹੁੰਦਾ ਹੈ, ਉਸ ਨੂੰ ਸਮਝਣ ਦਾ ਉਪਰਾਲਾ ਅਤੇ ਅਸਲੀਅਤ ਨੂੰ ਜਾਣਨ ਦੀ ਕੋਸ਼ਿਸ਼ ਹੁੰਦੀ ਹੈ। ਚੁੱਪ ਰਹਿ ਕੇ, ਅਸੀਂ ਇਕ ਫਾਸਲੇ 'ਤੇ ਖਲੋ ਕੇ, ਸਮੱਸਿਆ ਅਤੇ ਸਥਿਤੀ ਨੂੰ ਸਮਝਣ ਦਾ ਯਤਨ ਕਰਦੇ ਹਾਂ।

ਕਿਸੇ ਚੀਜ਼, ਸਮੱਸਿਆ ਜਾਂ ਵਿਅਕਤੀ ਦੇ ਵਿਭਿੰਨ ਪੱਖਾਂ ਨੂੰ ਚੁੱਪ ਹੋਏ ਬਿਨਾਂ ਜਾਣਿਆ ਨਹੀਂ ਜਾ ਸਕਦਾ। ਇਵੇਂ ਚੁੱਪ ਵੇਖਣ-ਸੋਚਣ ਦਾ ਓਹਲਾ ਬਣ ਜਾਂਦੀ ਹੈ ਤਾਂ ਕਿ ਸੂਝ ਵਿਕਸਿਤ ਹੋਵੇ ਅਤੇ ਦ੍ਰਿਸ਼ਟੀ ਨਿਆਂਪੂਰਨ ਹੋਵੇ।

ਚੁੱਪ ਰਹਿਣ ਨਾਲ ਗੁੱਸਾ ਘੱਟਦਾ ਹੈ, ਸਹਿਣਸ਼ੀਲਤਾ ਵੱਧਦੀ ਹੈ, ਟਿਕਾਓ ਉਪਜਦਾ ਹੈ ਅਤੇ ਇਨ੍ਹਾਂ ਕਾਰਨਾਂ ਕਰਕੇ ਕਲਿਆਣਕਾਰੀ ਨਿਰਣੇ ਕਰਨ ਦੀ ਸੰਭਾਵਨਾ ਉਜਾਗਰ ਹੁੰਦੀ ਹੈ, ਜਿਸ ਨਾਲ ਸੰਸਿਆਂ ਤੋਂ ਉੱਚੇ ਉੱਠਣ ਅਤੇ ਸੁਤੰਤਰ ਹੋਣ ਦਾ ਅਨੁਭਵ ਪ੍ਰਾਪਤ ਹੁੰਦਾ ਹੈ।

ਇਵੇਂ ਚੁੱਪ ਸਾਡੀ ਬੁੱਧੀ ਨੂੰ ਤਿੱਖਾ ਅਤੇ ਅਨੁਭਵ ਨੂੰ ਡੂੰਘਾ ਕਰਦੀ ਹੈ। ਚੁੱਪ ਇਕ ਰਚਨਾਤਮਕ ਉਦਾਸੀਨਤਾ ਹੁੰਦੀ ਹੈ, ਜਿਹੜੀ ਡੂੰਘੀ ਸਮਝ ਵਿਚੋਂ ਉਪਜਦੀ ਹੈ।

ਚੁੱਪ ਹੋਏ ਬਿਨਾਂ ਅਰਦਾਸ ਨਹੀਂ ਅਰੰਭੀ ਜਾ ਸਕਦੀ, ਪ੍ਰੀਖਿਆ ਨਹੀਂ ਦਿੱਤੀ ਜਾ ਸਕਦੀ, ਕਿਸੇ ਦਾ ਦਿਲ ਨਹੀਂ ਜਿੱਤਿਆ ਜਾ ਸਕਦਾ।

ਜੋ ਮਹੱਤਵ ਨੀਂਦਰ ਦਾ ਸਰੀਰ ਲਈ ਹੁੰਦਾ ਹੈ ਅਤੇ ਅਰਾਮ ਦਾ ਥਕਾਵਟ ਲਈ ਹੁੰਦਾ ਹੈ, ਉਹੀ ਮਹੱਤਵ ਚੁੱਪ ਦਾ ਮਨ ਲਈ ਹੁੰਦਾ ਹੈ।

ਸੁਨਹਿਰੀ ਚੁੱਪ ਉਹ ਹੁੰਦੀ ਹੈ, ਜਿਹੜੀ ਆਪਣੀ ਮਰਜ਼ੀ ਨਾਲ ਅਪਨਾਈ ਹੋਵੇ, ਅਪਨਾ ਲਵੋਗੇ ਸ਼ਾਂਤ ਹੋ ਜਾਵੋਗੇ, ਬੋਲਣ ਦੀ ਲੋੜ ਹੀ ਨਹੀਂ ਪਏਗੀ।

ਗੱਡੀ ਦੇ ਡੱਬੇ ਵਿਚ ਯਾਤਰੀ ਚੁੱਪ ਬੈਠੇ ਸਨ, ਕੋਈ ਬੋਲ ਨਹੀਂ ਸੀ ਰਿਹਾ। ਇਕ ਨਵੀਂ ਚੜ੍ਹੀ ਸਵਾਰੀ ਨੇ ਪੁੱਛਿਆ: ਕੀ ਇੱਥੇ ਬੋਲਣਾ ਮਨ੍ਹਾ ਹੈ? ਮਨ੍ਹਾ ਨਹੀਂ ਪਰ ਇੱਥੇ ਨੇਮ ਹੈ ਕਿ ਕੋਈ ਉਦੋਂ ਹੀ ਬੋਲੇਗਾ, ਜਦੋਂ ਉਸ ਨੂੰ ਵਿਸ਼ਵਾਸ ਹੋ ਜਾਵੇ ਕਿ ਉਹ ਚੁੱਪ ਦੇ ਮੁਕਾਬਲੇ ਵਧੇਰੇ ਮੁੱਲਵਾਨ ਗੱਲ ਕਰੇਗਾ।

ਇਹ ਬੁਲਾਰਿਆਂ ਦੀ ਭੀੜ ਨਹੀਂ, ਇਹ ਸਰੋਤਿਆਂ ਦੀ ਸੰਗਤ ਹੈ।

ਸ਼ਬਦ ਨਾਟਕ ਰਚਦੇ ਹਨ, ਚੁੱਪ ਪ੍ਰਭਾਵ ਸਿਰਜਦੀ ਹੈ।

ਸ਼ਬਦਾਂ ਵਿਚ ਵਿਸਥਾਰ ਹੁੰਦਾ ਹੈ, ਚੁੱਪ ਵਿਚ ਡੂੰਘਾਈ ਹੁੰਦੀ ਹੈ।

ਚੁੱਪ ਅਹਿਸਾਸਾਂ ਦੀ ਭਾਸ਼ਾ ਹੈ। ਸੂਖਮ ਅਹਿਸਾਸਾਂ ਵਾਲੇ ਹੀ ਚੁੱਪ ਰਹਿ ਸਕਦੇ ਹਨ। ਡੂੰਘੇ ਅਨੁਭਵਾਂ ਨੂੰ ਮਹਿਸੂਸਣ, ਸੂਖਮ ਅਹਿਸਾਸਾਂ ਨੂੰ ਪ੍ਰਾਪਤ ਕਰਨ, ਅੰਦਰਲੀਆਂ ਪਉੜੀਆਂ ਉਤਰਨ, ਛੁਪੇ ਖਜ਼ਾਨੇ ਫਰੋਲਣ, ਕਲਪਨਾ ਦੀਆਂ ਉਡਾਰੀਆਂ ਲਾਉਣ ਅਤੇ ਮੁੱਲਵਾਨ ਨੂੰ ਪ੍ਰਾਪਤ ਕਰਨ ਦਾ ਕਾਰਜ ਚੁੱਪ ਤੋਂ ਬਿਨਾਂ ਸੰਭਵ ਨਹੀਂ ਹੁੰਦਾ।

ਮਨੁੱਖ ਰੋਣ ਤੋਂ ਪਹਿਲਾਂ ਚੁੱਪ ਹੋ ਜਾਂਦਾ ਹੈ ਅਤੇ ਰੋਣ ਉਪਰੰਤ ਸ਼ਾਂਤ ਹੋ ਜਾਂਦਾ ਹੈ।

ਜੇ ਰੋਣ ਨੂੰ ਕਦੇ ਮਨ ਕਰੇ ਤਾਂ ਇਕੱਲਿਆਂ ਬਹਿ ਜਾਵੋ ਅਤੇ ਚੁੱਪ ਕਰਕੇ ਰੋ ਲਵੋ, ਰੂਹ ਇਸ਼ਨਾਨ ਕਰਦੀ ਪ੍ਰਤੀਤ ਹੋਵੇਗੀ, ਚੁੱਪ ਵਿਚੋਂ ਸੁੱਖ ਮਿਲੇਗਾ।

ਔਰਤ ਰੋ ਕੇ ਆਪਣਾ ਮਨ ਹਲਕਾ ਕਰਦੀ ਹੈ ਅਤੇ ਰੋਣ ਉਪਰੰਤ ਉਸ ਦੇ ਨੈਣ-ਨਕਸ਼ ਵਧੇਰੇ ਸ਼ਾਂਤ ਅਤੇ ਕੂਲੇ ਹੋ ਜਾਂਦੇ ਹਨ।

ਚੁੱਪ ਰਹਿਣ ਦੀ ਲੋੜ ਇਸ ਲਈ ਵੀ ਹੈ ਕਿਉਂਕਿ ਜੀਵਨ ਵਿਚ ਸ਼ੋਰ ਵੱਧ ਰਿਹਾ ਹੈ ਅਤੇ ਸ਼ੋਰ-ਸ਼ਰਾਬੇ ਦੀ ਸਮੱਸਿਆ ਗੰਭੀਰ ਹੁੰਦੀ ਜਾ ਰਹੀ ਹੈ। ਹੁਣ ਹਰ ਚੀਜ਼ ਲਾਊਡ-ਸਪੀਕਰ ਬਣ ਗਈ ਹੈ। ਹੁਣ ਸਧਾਰਨ ਗੱਲਬਾਤ ਵੀ ਸ਼ੋਰੀਲੀ ਹੋ ਗਈ ਹੈ।

ਅਸੀਂ ਚੁੱਪ ਰਹਿਣ ਦਾ ਸਹੀ ਢੰਗ ਅਪਨਾਉਣ ਦੀ ਥਾਂ, ਹਰ ਵੇਲੇ ਬੋਲਦੇ ਰਹਿਣ ਦਾ ਸੌਖਾ ਅਤੇ ਗਲਤ ਢੰਗ ਅਪਨਾ ਲਿਆ ਹੈ।

ਸੋਚ ਕੋਈ ਨਹੀਂ ਰਿਹਾ, ਬੋਲ ਸਾਰੇ ਰਹੇ ਹਨ। ਇਸੇ ਕਰਕੇ ਸੁਣ ਵੀ ਕੋਈ ਨਹੀਂ ਰਿਹਾ। ਇਸੇ ਕਾਰਨ ਸਮਾਜ ਵਿਚ ਹਿੰਸਾ, ਜੁਰਮ ਅਤੇ ਤਲਾਕ ਵੱਧ ਰਹੇ ਹਨ, ਜਿਸ ਕਾਰਨ ਹਰ ਕੋਈ ਪਰੇਸ਼ਾਨ ਹੈ।

ਹੁਣ ਚੁੱਪ, ਅਨੰਤ-ਚੁੱਪ ਮਾਣਨ ਵਾਸਤੇ ਲੋਕਾਂ, ਸ਼ਹਿਰਾਂ ਅਤੇ ਘਰਾਂ ਤੋਂ ਦੂਰ ਪਹਾੜਾਂ ਦੀ ਗੋਦ ਵਿਚ ਜਾਣਾ ਪੈਂਦਾ ਹੈ।

ਇਕ ਵਾਰੀ, ਇਕ ਪੂਰਾ ਦਿਨ, ਕੇਵਲ ਇਕ ਦਿਨ, ਆਪਣੀ ਮਰਜ਼ੀ ਨਾਲ ਚੁੱਪ ਰਹਿ ਕੇ ਵੇਖਣਾ, ਕਦੇ ਨਾ ਭੁੱਲਣ ਵਾਲਾ ਸੁਖਦਾਈ ਅਨੁਭਵ ਪ੍ਰਾਪਤ ਹੋਵੇਗਾ, ਚੁੱਪ ਦਾ ਸੁੱਖ ਮਿਲੇਗਾ। ਆਪਣੇ ਭਰੇ ਹੋਣ ਦਾ ਅਹਿਸਾਸ ਹੋਵੇਗਾ, ਮਨ ਦੀ ਸ਼ਾਂਤੀ ਮਿਲੇਗੀ, ਚੁੱਪ ਰਹਿਣਾ ਚੰਗਾ-ਚੰਗਾ ਲੱਗਣ ਲੱਗ ਜਾਵੇਗਾ।

+ + +

ਸ਼ੀਸ਼ਾ ਸਾਹਿਬ

ਅਸੀਂ ਸ਼ੀਸ਼ਾ ਨਹੀਂ ਵੇਖਦੇ, ਅਸੀਂ ਆਪਣੇ-ਆਪ ਨੂੰ ਵੇਖਦੇ ਹਾਂ।

ਸ਼ੀਸ਼ੇ ਰਾਹੀਂ ਅਸੀਂ ਵੇਖਦੇ ਹਾਂ ਕਿ ਅਸੀਂ ਹੋਰਾਂ ਨੂੰ ਕਿਹੋ ਜਿਹੇ ਲੱਗਦੇ ਹਾਂ।

ਸ਼ੀਸ਼ਾ ਸਾਨੂੰ ਆਪਣੇ ਆਪ ਨੂੰ, ਸਾਹਮਣਿਓਂ ਵੇਖਣ ਦਾ ਅਵਸਰ ਦਿੰਦਾ ਹੈ।

ਸ਼ੀਸ਼ਾ ਸਾਡੇ ਨੈਣ-ਨਕਸ਼ ਹੀ ਨਹੀਂ ਵਿਖਾਉਂਦਾ, ਜੋ ਅਸੀਂ ਸੋਚਦੇ-ਕਰਦੇ ਰਹੇ ਹਾਂ, ਉਨ੍ਹਾਂ ਦੇ ਪ੍ਰਭਾਵ ਵੀ ਵਿਖਾਉਂਦਾ ਹੈ।

ਮਨੁੱਖ ਦੇ ਚੱਜ-ਆਚਾਰ ਵਿਚੋਂ ਉਸ ਦੀ ਰਹਿਣੀ-ਬਹਿਣੀ ਅਤੇ ਸਿੱਖਿਆ-ਸਿਖਲਾਈ ਦਾ ਅਕਸ ਝਲਕਦਾ ਹੈ।

ਇਕ ਸ਼ੀਸ਼ਾ ਸਾਡੇ ਅੰਦਰ ਹੁੰਦਾ ਹੈ, ਇਕ ਬਾਹਰ।

ਅੰਦਰਲਾ ਸ਼ੀਸ਼ਾ ਆਪਣੇ ਆਪ ਨੂੰ ਵੇਖਣ ਲਈ ਹੁੰਦਾ ਹੈ, ਬਾਹਰਲਾ ਆਪਣੇ ਆਪ ਨੂੰ ਵਿਖਾਉਣ ਲਈ ਵਰਤਿਆ ਜਾਂਦਾ ਹੈ।

ਅਸੀਂ ਕਿਸੇ ਨੂੰ ਮਿਲਣ ਤੋਂ ਪਹਿਲਾਂ ਸ਼ੀਸ਼ੇ ਰਾਹੀਂ ਆਪਣੇ ਆਪ ਨੂੰ ਮਿਲਦੇ ਹਾਂ।

ਅਸੀਂ ਹੀ ਸੰਸਾਰ ਨੂੰ ਨਹੀਂ ਵੇਖਦੇ-ਪਰਖਦੇ, ਸੰਸਾਰ ਵੀ ਸਾਨੂੰ ਤੋਲਦਾ-ਮਾਪਦਾ ਹੈ। ਜਿਵੇਂ ਸ਼ੀਸ਼ੇ ਵਿਚੋਂ ਸਾਡੀ ਸ਼ਕਲ ਵਿਖਾਈ ਦਿੰਦੀ ਹੈ, ਉਵੇਂ ਹੀ ਸਾਡੇ ਕਾਰਜਾਂ ਵਿਚੋਂ ਸਾਡਾ ਚੰਗਾ-ਮਾੜਾ ਚਰਿੱਤਰ ਪ੍ਰਗਟ ਹੁੰਦਾ ਹੈ। ਸ਼ੀਸ਼ੇ ਵਿਚ ਅਸੀਂ ਆਪਣੇ ਟੇਢੇ ਚਿਹਰੇ ਨੂੰ ਸਿੱਧਾ ਅਤੇ ਗੋਲ ਕਰਦੇ ਹਾਂ। ਸ਼ੀਸ਼ੇ ਵਿਚੋਂ ਅਕਸਰ ਸ਼ਕਲ ਹੀ ਵੇਖੀ ਜਾਂਦੀ ਹੈ ਕਿਉਂਕਿ ਪੁਰਸ਼ ਲਈ ਉਸ ਦੀ ਸ਼ਕਲ ਪਾਸਪੋਰਟ ਅਤੇ ਇਸਤਰੀ ਲਈ ਉਸ ਦੀ ਸ਼ਕਲ ਵੀਜ਼ਾ ਹੁੰਦੀ ਹੈ। ਮਨੁੱਖ ਆਪਣੇ ਸਾਰੇ ਅੰਗਾਂ ਵਿਚੋਂ ਸਭ ਤੋਂ ਵਧੇਰੇ ਧਿਆਨ ਆਪਣੀ ਸ਼ਕਲ ਵੱਲ ਦਿੰਦਾ ਹੈ ਅਤੇ ਇਸ ਦੀ ਨਿਰੰਤਰ ਲਿਪ-ਲਿਪਾਈ ਕਰਦਾ ਰਹਿੰਦਾ ਹੈ। ਸੋਹਣੇ ਅਤੇ ਕੋਹਝੇ ਦੋਵੇਂ ਸ਼ੀਸ਼ਾ ਵੇਖਦੇ ਹਨ, ਸੋਹਣੇ ਹੋਰ ਸੋਹਣੇ ਬਣਨ ਲਈ ਅਤੇ ਕੋਹਝੇ ਆਪਣਾ ਕੋਹਝਾਪਣ ਢਕਣ ਲਈ।

ਆਪਣੀ ਸ਼ਕਲ ਪੂਰੀ ਤਰ੍ਹਾਂ ਅਕਸਰ ਕਿਸੇ ਨੂੰ ਪਸੰਦ ਨਹੀਂ ਆਉਂਦੀ, ਸੋ ਮਨੁੱਖ ਆਪਣੀ ਸ਼ਕਲ ਵਿਚ ਲਗਾਤਾਰ ਫੇਰ-ਬਦਲ ਕਰਦਾ ਹੀ ਰਹਿੰਦਾ ਹੈ।

ਆਪਣੇ ਕੀਤੇ ਇਨ੍ਹਾਂ ਯਤਨਾਂ ਦੇ ਸਹੀ-ਗਲਤ ਹੋਣ ਦੀ ਜਾਣਕਾਰੀ ਅਸੀਂ ਸ਼ੀਸ਼ੇ ਰਾਹੀਂ ਪ੍ਰਾਪਤ ਕਰਦੇ ਹਾਂ।

ਮਨੁੱਖ ਆਪਣੀਆਂ ਅੱਖਾਂ ਨਾਲ ਆਪਣੀ ਸ਼ਕਲ ਨਹੀਂ ਵੇਖ ਸਕਦਾ ਪਰ ਹੋਰਾਂ ਦੀ ਵੇਖ ਸਕਦਾ ਹੈ, ਸੋ ਉਹ ਆਪਣੀ ਸ਼ਕਲ ਸ਼ੀਸ਼ੇ ਰਾਹੀਂ ਵੇਖਦਾ ਹੈ ਪਰ ਸ਼ੀਸ਼ੇ ਰਾਹੀਂ

ਆਪਣੇ-ਆਪ ਨੂੰ ਹਜ਼ਾਰਾਂ ਵਾਰ ਮਿਲਣ ਦੇ ਬਾਵਜੂਦ, ਆਪਣੇ ਲਈ ਮਨੁੱਖ ਓਪਰਾ ਹੀ ਰਹਿੰਦਾ ਹੈ, ਇਸ ਲਈ ਉਹ ਹਰ ਰੋਜ਼ ਆਪਣੀ ਸ਼ਕਲ ਇਸ ਵਿਸ਼ਵਾਸ ਨਾਲ ਵੇਖਦਾ ਹੈ ਕਿ ਅੱਜ ਮੈਂ, ਕਲ੍ਹ ਨਾਲੋਂ ਵਧੇਰੇ ਸੋਹਣਾ ਹੋ ਗਿਆ ਹੋਵਾਂਗਾ।

ਇਵੇਂ ਸ਼ੀਸ਼ਾ ਆਸ ਅਤੇ ਸੰਭਾਵਨਾ ਦਾ ਪ੍ਰਤੀਕ ਹੈ।

ਮਨੁੱਖ ਜਦੋਂ ਕੁਝ ਭੈੜਾ ਕਰਦਾ ਹੈ ਜਾਂ ਮੁਸ਼ਕਿਲ-ਮੁਸੀਬਤ ਵਿਚ ਹੁੰਦਾ ਹੈ ਤਾਂ ਉਹ ਸ਼ੀਸ਼ਾ ਨਹੀਂ ਵੇਖਦਾ, ਜੇ ਵੇਖੇ ਤਾਂ ਉਸ ਨੂੰ ਆਪਣੀ ਸੂਰਤ ਪਸੰਦ ਨਹੀਂ ਆਵੇਗੀ। ਹਰ ਰੋਜ਼ ਤਿਆਰ ਹੋ ਕੇ ਅਸੀਂ ਸ਼ੀਸ਼ੇ ਵਿਚ ਪ੍ਰਵਾਨਗੀ ਲਈ ਵੇਖਦੇ ਹਾਂ, ਜਦੋਂ ਤੱਕ ਸ਼ੀਸ਼ਾ ਪ੍ਰਵਾਨਗੀ ਨਹੀਂ ਦਿੰਦਾ, ਅਸੀਂ ਸ਼ੀਸ਼ੇ ਅੱਗੋਂ ਪਰ੍ਹੇ ਨਹੀਂ ਹੁੰਦੇ।

ਇਵੇਂ ਸ਼ੀਸ਼ਾ ਸਾਡੇ ਲਈ ਪ੍ਰਵਾਨਗੀ ਦੇਣ ਵਾਲਾ ਸਾਹਿਬ ਬਣ ਜਾਂਦਾ ਹੈ।

ਕਿਉਂਕਿ ਸ਼ੀਸ਼ਾ ਸਾਡੇ 'ਤੇ ਹੱਸ ਅਤੇ ਰੋ ਨਹੀਂ ਸਕਦਾ, ਸੋ ਸਾਨੂੰ ਆਪਣੇ ਬਾਰੇ ਆਪ ਹੀ ਅਨੁਮਾਨ ਲਾਉਣੇ ਪੈਂਦੇ ਹਨ। ਸ਼ੀਸ਼ੇ ਵਿਚ ਅਸੀਂ ਆਪਣਾ ਆਦਰਸ਼ ਰੂਪ ਵੇਖਣਾ ਚਾਹੁੰਦੇ ਹਾਂ। ਇਸੇ ਕਰਕੇ ਮਨੁੱਖ ਦੀ ਸ਼ੀਸ਼ੇ ਨਾਲ ਪੱਕੀ ਸਾਂਝ ਹੈ।

ਸ਼ੀਸ਼ੇ ਵਿਚੋਂ ਇਸਤਰੀ-ਪੁਰਸ਼ ਲੱਭਦੇ ਆਪਣੇ ਦੋਸ਼ ਹਨ, ਤਾਂ ਕਿ ਉਹ ਇਨ੍ਹਾਂ ਨੂੰ ਲੁਕਾ ਸਕਣ। ਜਦੋਂ ਦੋਸ਼ ਲੁਕਾ ਲਏ ਜਾਂਦੇ ਹਨ ਤਾਂ ਗੁਣ ਵਧੇਰੇ ਉਘੜ ਆਉਂਦੇ ਹਨ।

ਵਾਲ ਰੰਗਣ ਵਾਲੇ ਜਾਗ ਕੇ ਸਵੇਰੇ ਹੀ ਸ਼ੀਸ਼ੇ ਨੂੰ ਪੁੱਛਦੇ ਹਨ: ਮੈਂ ਕੌਣ ਹਾਂ ਅਤੇ ਕਿਤਨੀ ਉਮਰ ਦਾ ਲੱਗਦਾ ਹਾਂ ? ਇਸ ਅਨੁਸਾਰ ਉਹ ਉਸ ਦਿਨ ਲਈ ਆਪਣਾ ਵਿਹਾਰ ਨਿਰਧਾਰਤ ਕਰਦੇ ਹਨ। ਇਵੇਂ ਸ਼ੀਸ਼ੇ ਰਾਹੀਂ ਵਾਲ ਰੰਗਣ ਵਾਲੇ ਆਪਣੀ ਉਮਰ ਲੁਕਾਉਂਦੇ ਹਨ। ਇਸਤਰੀ ਉਮਰ ਲੁਕਾਉਣ ਦੇ ਨਾਲ-ਨਾਲ ਆਪਣੀ ਤਿਲਕਦੀ ਜਾਂਦੀ ਜਵਾਨੀ ਨੂੰ ਵੀ ਫੜਦੀ ਹੈ।

ਵਧੇਰੇ ਸ਼ੀਸ਼ਾ ਵੇਖਣ ਵਾਲਿਆਂ ਨੂੰ ਅਕਲ ਦੀ ਚਿੰਤਾ ਨਹੀਂ ਹੁੰਦੀ, ਉਮਰ ਦਾ ਫਿਕਰ ਹੁੰਦਾ ਹੈ। ਇਹ ਇਕ ਹੋਰ, ਅਖੀਰਲਾ ਪਿਆਰ ਕਰਨਾ ਚਾਹੁੰਦੇ ਹਨ।

ਮਨੁੱਖ ਸਭ ਤੋਂ ਵਧੇਰੇ ਖਰਚ ਜਵਾਨ ਸਮਝੇ ਜਾਣ, ਸੋਹਣੇ ਲੱਗਣ ਅਤੇ ਅਮੀਰ ਦਿਸਣ ਲਈ ਕਰਦਾ ਹੈ। ਜੀਵਨ ਵਿਚ ਸਭ ਤੋਂ ਦਿਲਚਸਪ ਵੀ ਅਤੇ ਹਾਸੋਹੀਣਾ ਵੀ ਪਿਆਰ-ਸੰਬੰਧ ਉਹ ਹੁੰਦਾ ਹੈ, ਜਿੱਥੇ ਇਸਤਰੀ-ਪੁਰਸ਼ ਦੋਹਾਂ ਨੇ ਵਾਲ ਰੰਗੇ ਹੋਣ ਕਿਉਂਕਿ ਇਹ ਸ਼ੀਸ਼ਿਆਂ ਦਾ ਸਿਰਜਿਆ ਪਿਆਰ ਹੁੰਦਾ ਹੈ।

ਇਵੇਂ ਸ਼ੀਸ਼ੇ ਵਿਚੋਂ ਮਨੁੱਖ ਨੂੰ ਦਿਸਦਾ ਆਪਣਾ ਅਤੀਤ ਹੈ, ਉਹ ਨਿਹਾਰਦਾ ਆਪਣਾ ਵਰਤਮਾਨ ਹੈ ਪਰ ਉਹ ਵੇਖਦਾ ਆਪਣਾ ਭਵਿੱਖ ਹੈ।

ਸ਼ੀਸ਼ਾ ਮਨੁੱਖ ਨੂੰ ਵਿਸ਼ਵਾਸ ਦਿੰਦਾ ਹੈ, ਧਰਵਾਸ ਦਿੰਦਾ ਹੈ, ਕਿਸੇ ਦੀ ਤਾਂਘ ਬਣਨ ਦੀ ਉਮੀਦ ਉਪਜਾਉਂਦਾ ਹੈ।

ਇਵੇਂ ਸ਼ੀਸ਼ੇ ਰਾਹੀਂ ਮਨੁੱਖ ਆਪਣੀ ਜਵਾਨੀ ਨੂੰ ਲਮਕਾਉਂਦਾ ਹੈ।

ਸ਼ੀਸ਼ਾ ਮਨੁੱਖ ਨੂੰ ਸਵੈ-ਵਿਸ਼ਵਾਸ ਦੇ ਕੇ ਉਸ ਦਾ ਵਿਹਾਰ ਬਦਲਦਾ ਹੈ। ਇਹ ਸਾਨੂੰ ਆਪਣੇ-ਆਪ ਬਾਰੇ ਸੁਚੇਤ ਕਰਦਾ ਹੈ। ਇਹ ਸਵੈ-ਪ੍ਰਸ਼ੰਸਾ ਦਾ ਸਾਧਨ ਵੀ ਹੈ।

ਸ਼ੀਸ਼ੇ ਨਾਲ ਲੜਦਾ ਕੋਈ ਨਹੀਂ, ਨਰਾਜ਼ ਕਈ ਹੁੰਦੇ ਹਨ।

ਸ਼ੀਸ਼ਾ ਸੋਚਦਾ ਨਹੀਂ, ਇਸ ਦੀ ਕੋਈ ਯਾਦ-ਸ਼ਕਤੀ ਨਹੀਂ ਹੁੰਦੀ।

ਭੈੜਾ ਬੰਦਾ ਵੀ ਸ਼ੀਸ਼ਾ ਇਸ ਆਸ ਨਾਲ ਹੀ ਵੇਖਦਾ ਹੈ ਕਿ ਉਸ ਨੂੰ ਸੰਤ ਦਾ ਚਿਹਰਾ ਦਿਸੇਗਾ, ਨੂਰਾਨੀ ਸੂਰਤ ਵਾਲਾ।

ਸੰਤ ਵੀ ਸ਼ੀਸ਼ਾ ਇਸ ਵਿਚਾਰ-ਆਸ ਨਾਲ ਵੇਖਦਾ ਹੈ ਕਿ ਮੈਂ ਜਲਦੀ ਹੀ ਰੂਹਾਨੀ ਚਿਹਰੇ ਵਾਲਾ ਗੁਰੂ ਦਿਸਣ ਲੱਗ ਜਾਵਾਂਗਾ।

ਸ਼ੀਸ਼ੇ ਸਾਹਮਣੇ ਜਦੋਂ ਸ਼ੇਰ ਸਿੰਘ ਸ਼ੇਰ ਗਰਜਦਾ ਹੈ ਤਾਂ ਸ਼ੀਸ਼ਾ ਸੁਣਦਾ ਹੀ ਹੈ, ਗਰਜਦਾ ਨਹੀਂ। ਸ਼ੇਰ ਚਲਾ ਜਾਂਦਾ ਹੈ, ਬੱਚਾ ਆ ਜਾਂਦਾ ਹੈ, ਸ਼ੀਸ਼ਾ ਸ਼ੇਰ ਨੂੰ ਭੁੱਲ ਜਾਂਦਾ ਹੈ। ਕਈ ਸ਼ੀਸ਼ੇ ਨਾਲ ਇਸ ਲਈ ਨਰਾਜ਼ ਹੁੰਦੇ ਹਨ ਕਿਉਂਕਿ ਉਹ ਸ਼ੀਸ਼ੇ ਵਿਚ ਆਪਣੇ-ਆਪ ਨੂੰ ਮੋਰ ਵੇਖਣਾ ਚਾਹੁੰਦੇ ਹਨ ਪਰ ਉਨ੍ਹਾਂ ਨੂੰ ਜਦੋਂ ਲੰਗੂਰ ਦਿਸਦਾ ਹੈ ਤਾਂ ਪਰੇਸ਼ਾਨ ਹੁੰਦੇ ਹਨ।

ਇਨ੍ਹਾਂ ਗੱਲਾਂ ਦੇ ਬਾਵਜੂਦ ਜਿਸ ਚੀਜ਼ ਤੋਂ ਮਨੁੱਖ ਸਾਰਾ ਜੀਵਨ ਨਹੀਂ ਅੱਕਦਾ, ਉਹ ਸ਼ੀਸ਼ਾ ਹੀ ਹੁੰਦਾ ਹੈ। ਇਵੇਂ ਸ਼ੀਸ਼ਾ ਸਾਰਾ ਜੀਵਨ ਸਾਡੇ ਨਾਲ ਨਿਭਦਾ ਹੈ।

ਸ਼ੀਸ਼ੇ ਵਿਚੋਂ ਵੇਖਣ ਦੀ ਰੀਝ ਨੇ ਹੀ ਫੋਟੋਗ੍ਰਾਫੀ ਨੂੰ ਪ੍ਰਫੁਲਤ ਕੀਤਾ ਹੈ।

ਫੋਟੋ ਰਾਹੀਂ ਅਸੀਂ ਸ਼ੀਸ਼ੇ ਤੋਂ ਬਿਨਾਂ ਵੀ ਆਪਣੇ-ਆਪ ਨੂੰ ਵੇਖ ਸਕਦੇ ਹਾਂ।

ਸ਼ੀਸ਼ਾ ਸੰਸਾਰ ਦੀਆਂ ਪੰਜਾਹ ਮਹਾਨਤਮ ਕਾਢਾਂ ਵਿਚ ਗਿਣਿਆ ਜਾਂਦਾ ਹੈ। ਪਹੀਆ, ਬੇੜੀ, ਸਾਈਕਲ, ਬਿਜਲੀ, ਰੇਡੀਓ, ਸਿਨੇਮਾ, ਕਾਰ, ਟੈਲੀਫੋਨ, ਸ਼ੀਸ਼ਾ ਆਦਿ ਅਜਿਹੀਆਂ ਕਾਢਾਂ ਹਨ, ਜਿਨ੍ਹਾਂ ਨੇ ਸੰਸਾਰ ਦੇ ਹਰੇਕ ਵਿਅਕਤੀ ਨੂੰ ਪ੍ਰਭਾਵਿਤ ਕੀਤਾ ਹੈ। ਸ਼ੀਸ਼ਾ ਸਾਡੀ ਨਿਤਾ-ਪ੍ਰਤੀ ਦੀ ਗੱਲਬਾਤ ਦਾ ਭਾਗ ਬਣ ਗਿਆ ਹੈ, ਜਿਵੇਂ ਅਸੀਂ ਕਹਿੰਦੇ ਹਾਂ ਕਿ ਵਿਸ਼ਵਾਸ ਸ਼ੀਸ਼ੇ ਵਾਂਗ ਹੁੰਦਾ ਹੈ, ਇਕ ਵਾਰੀ ਟੁੱਟ ਜਾਵੇ ਜੁੜਦਾ ਨਹੀਂ, ਜੁੜ ਜਾਵੇ ਤਾਂ ਵੀ ਟੁੱਟਣ ਦਾ ਨਿਸ਼ਾਨ ਨਹੀਂ ਜਾਂਦਾ। ਜਦੋਂ ਕੋਈ ਆਪਣੀ ਔਕਾਤ ਨਾਲੋਂ ਵਧੇਰੇ ਉੱਚੀ ਛਾਲ ਮਾਰਦਾ ਹੈ ਤਾਂ ਅਸੀਂ ਅਕਸਰ ਹੀ ਕਹਿੰਦੇ ਹਾਂ: ਸ਼ੀਸ਼ੇ ਵਿਚੋਂ ਆਪਣੀ ਸ਼ਕਲ ਵੇਖੀ ਹੈ?

ਬੱਚੇ ਦੀ ਜ਼ਿੰਦਗੀ ਵਿਚ ਸਭ ਤੋਂ ਪਹਿਲੀ ਅਦਭੁਤ ਚੀਜ਼ ਸ਼ੀਸ਼ਾ ਹੁੰਦੀ ਹੈ।

ਉਸ ਨੂੰ ਸ਼ੀਸ਼ੇ ਵਿਚਲਾ ਬੱਚਾ ਬੜਾ ਹੈਰਾਨ ਕਰਦਾ ਹੈ।

ਇਸ ਨੂੰ ਬੱਚੇ ਦੇ ਵਿਕਾਸ ਦਾ ਸ਼ੀਸ਼ਾ-ਪੜਾਓ ਕਹਿੰਦੇ ਹਨ।

ਕਿਸ਼ੋਰ ਅਵਸਥਾ ਵਿਚ ਲੜਕੇ-ਲੜਕੀਆਂ ਸ਼ੀਸ਼ੇ ਦੇ ਨੇੜੇ ਹੋ ਕੇ ਆਪਣੇ ਆਪ ਨੂੰ ਨਿਹਾਰਦੇ ਹਨ। ਜਵਾਨੀ ਵਿਚ ਪਿਆਰ ਪੈ ਜਾਣ ਕਾਰਨ, ਸ਼ੀਸ਼ਾ ਲੜਕੇ ਅਤੇ ਲੜਕੀ ਦੋਹਾਂ ਦਾ ਸਲਾਹਕਾਰ ਬਣ ਜਾਂਦਾ ਹੈ।

ਪੈਂਤੀ-ਚਾਲੀ ਸਾਲ ਦੀ ਉਮਰ ਦੌਰਾਨ ਅਸੀਂ ਸ਼ੀਸ਼ੇ ਦੀ ਮਦਦ ਨਾਲ ਆਪਣੇ ਚਿਹਰੇ ਦੀ ਮੁਰੰਮਤ ਕਰਨ ਲੱਗ ਪੈਂਦੇ ਹਾਂ। ਚਾਲੀ-ਪੰਜਾਹ ਦੌਰਾਨ ਸਾਡੀ ਸ਼ੀਸ਼ੇ ਨਾਲ ਵਿੱਥ ਪੈਦਾ ਹੋਣ ਲੱਗ ਜਾਂਦੀ ਹੈ ਕਿਉਂਕਿ ਨੇੜਿਓਂ ਨੁਕਸ ਹੀ ਦਿਸਦੇ ਹਨ, ਫਾਸਲਾ ਕੁਝ ਧਰਵਾਸ ਦਿੰਦਾ ਹੈ। ਜਦੋਂ ਸ਼ੀਸ਼ੇ ਵਿਚੋਂ ਮਨਚਾਹਿਆ ਚਿਹਰਾ ਨਾ ਦਿਸੇ ਅਤੇ

ਕੋਈ ਹੋਰ ਹੀ ਚਿਹਰਾ ਸਾਨੂੰ ਵੇਖਣ ਲੱਗ ਜਾਵੇ ਤਾਂ ਸ਼ੀਸ਼ਾ ਵੇਖਣ ਦਾ ਉਤਸ਼ਾਹ ਜਾਂਦਾ ਰਹਿੰਦਾ ਹੈ। ਪੰਜਾਹ-ਸੱਠ ਵਿਚਕਾਰ ਜ਼ਿੰਦਗੀ ਦੀ ਪੱਤਝੜ ਅਰੰਭ ਹੋ ਜਾਂਦੀ ਹੈ, ਸ਼ੀਸ਼ੇ ਨਾਲ ਫ਼ਾਸਲਾ ਹੋਰ ਵੱਧ ਜਾਂਦਾ ਹੈ।

ਇਸ ਉਪਰੰਤ ਸ਼ੀਸ਼ਾ ਬਹੁਤ ਪੁਰਾਣਾ ਲੱਗਣ ਲੱਗ ਜਾਂਦਾ ਹੈ।

ਖੰਡਰਾਂ ਦਾ ਮੁੜ ਮਹਿਲ ਬਣਨਾ ਸੰਭਵ ਨਹੀਂ ਲੱਗਦਾ।

ਇਕ ਉਮਰ ਆ ਜਾਂਦੀ ਹੈ, ਜਦੋਂ ਮਨੁੱਖ ਹਥਿਆਰ ਸੁੱਟ ਦਿੰਦਾ ਹੈ।

ਬਦਲੇ ਤਾਂ ਅਸੀਂ ਆਪ ਹੁੰਦੇ ਹਾਂ, ਕਹਿੰਦੇ ਹਾਂ ਜ਼ਮਾਨਾ ਹੀ ਬਦਲ ਗਿਆ ਹੈ।

ਸਰੀਰ ਵਿਚ ਲਚਕ ਨਹੀਂ ਰਹਿੰਦੀ, ਨਵੀਆਂ ਚੀਜ਼ਾਂ ਸਾਡੀ ਪੁਰਾਤਨਤਾ ਨੂੰ ਉਘਾੜਦੀਆਂ ਹਨ। ਸ਼ੀਸ਼ੇ ਸਮੇਤ ਸਾਰੀਆਂ ਚੀਜ਼ਾਂ ਵਿਚ ਸਾਡੀ ਦਿਲਚਸਪੀ ਮੁੱਕ ਜਾਂਦੀ ਹੈ। ਇਹ ਸਾਡਾ ਅਤੇ ਸ਼ੀਸ਼ੇ ਦੇ ਰਿਸ਼ਤੇ ਦਾ ਇਤਿਹਾਸ ਹੁੰਦਾ ਹੈ।

ਸ਼ੀਸ਼ੇ ਦਾ ਆਪਣਾ ਬੜਾ ਲੰਮਾ ਅਤੇ ਦਿਲਚਸਪ ਇਤਿਹਾਸ ਹੈ।

ਪਾਣੀ ਅਤੇ ਥਾਲੀ ਵਿਚੋਂ ਆਪਣੀ ਸ਼ਕਲ ਵੇਖਣ ਦਾ ਰਿਵਾਜ, ਪੰਜ ਹਜ਼ਾਰ ਸਾਲ ਤੋਂ ਵੀ ਵੱਧ ਪਹਿਲਾਂ, ਮਿਸਰੀ ਸਭਿਅਤਾ ਵਿਚ ਪਿਆ ਸੀ।

ਲਗਭਗ ਢਾਈ ਹਜ਼ਾਰ ਸਾਲ ਪਹਿਲਾਂ ਯੂਨਾਨੀ ਅਤੇ ਰੋਮਨ ਸਮਾਜਾਂ ਵਿਚ ਵਿਸ਼ਵਾਸ ਸੀ ਕਿ ਸ਼ੀਸ਼ੇ ਵਿਚੋਂ ਮਨੁੱਖ ਦੀ ਆਤਮਾ ਦਿਸਦੀ ਹੈ, ਸੋ ਸ਼ੀਸ਼ੇ ਦਾ ਟੁੱਟਣਾ ਜਾਂ ਤੋੜਨਾ ਬਦਸ਼ਗਨੀ ਸਮਝਿਆ ਜਾਂਦਾ ਸੀ, ਜਿਸਦੇ ਨਤੀਜੇ ਵਜੋਂ ਸੱਤ ਸਾਲ ਤੱਕ ਹੋਣ ਵਾਲੀਆਂ ਮੌਤਾਂ ਦਾ ਕਾਰਨ ਇਹ ਬਦਸ਼ਗਨੀ ਮੰਨਿਆ ਜਾਂਦਾ ਸੀ।

ਉਸ ਜ਼ਮਾਨੇ ਦੇ ਲੋਕ ਆਪਣੇ ਘਰ ਦੇ ਪਿਛਲੇ ਬਗੀਚੇ ਵਿਚ ਪਾਣੀ ਨਾਲ ਭਰਿਆ ਇਕ ਬਰਤਨ ਰੱਖਦੇ ਸਨ, ਜਿਸ ਵਿਚੋਂ ਸਾਰੇ ਆਪਣਾ ਚਿਹਰਾ ਵੇਖਦੇ ਸਨ।

ਅਜੋਕਾ ਸ਼ੀਸ਼ਾ ਸੋਲ੍ਹਵੀਂ ਸਦੀ ਦੌਰਾਨ ਇਟਲੀ ਦੇ ਸ਼ਹਿਰ ਵੀਨਸ ਵਿਚ, ਪ੍ਰੇਮਿਕਾ ਨੂੰ ਤੋਹਫ਼ੇ ਵਜੋਂ ਜਾਂ ਦੁਲਹਨ ਨੂੰ ਦਾਜ ਵਿਚ ਦਿੱਤਾ ਜਾਂਦਾ ਸੀ।

ਉਸ ਸਮੇਂ ਮਹਿਲਾਂ ਵਿਚ ਆਦਮ-ਕੱਦ ਸ਼ੀਸ਼ਿਆਂ ਦਾ ਰਿਵਾਜ ਪਿਆ।

ਪਿਛਲੀ ਸਦੀ ਤਕ ਸ਼ੀਸ਼ਾ ਅਮੀਰ ਘਰਾਂ ਦੀ ਸਜਾਵਟ ਹੁੰਦਾ ਸੀ।

ਇਟਲੀ ਤੋਂ ਸ਼ੀਸ਼ਾ ਪੈਰਿਸ ਪਹੁੰਚਿਆ, ਜਿੱਥੇ ਇਹ ਅਮੀਰ ਘਰਾਂ ਦੀ ਬੈਠਕ ਦਾ ਭਾਗ ਬਣਿਆ ਅਤੇ ਡਰੈਸਿੰਗ ਟੇਬਲ ਦਾ ਰਿਵਾਜ ਪਿਆ।

ਸ਼ੀਸ਼ੇ ਦਾ ਵਪਾਰਕ ਉਤਪਾਦਨ ਉਦਯੋਗਿਕ ਕਰਾਂਤੀ ਦੌਰਾਨ ਯੋਰਪ ਵਿਚ ਹੋਇਆ। ਅੱਜਕਲ੍ਹ ਇਹ ਕਈ ਰੰਗਾਂ, ਰੂਪਾਂ, ਕਿਸਮਾਂ ਦਾ ਬਣਦਾ ਹੈ।

ਹੁਣ ਉਹ ਸ਼ੀਸ਼ਾ ਵੀ ਬਣਦਾ ਹੈ, ਜਿਸ ਵਿਚੋਂ ਮਨੁੱਖ ਆਪਣੇ-ਆਪ ਨੂੰ ਸਭ ਕੋਣਾਂ ਤੋਂ ਵੇਖ ਸਕਦਾ ਹੈ।

ਸ਼ੀਸ਼ੇ ਨੇ ਮਨੁੱਖ ਦੇ ਇਤਿਹਾਸ ਵਾਂਗ ਮਿਥਿਹਾਸ ਵਿਚ ਵੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਜਦੋਂ ਨਾਰਸੀਸੱਸ ਨੇ ਆਪਣੇ ਅਕਸ ਨੂੰ ਪਾਣੀ ਵਿਚ ਵੇਖਿਆ ਤਾਂ ਉਸ ਨੂੰ ਆਪਣੇ-ਆਪ ਨਾਲ ਇਸ਼ਕ ਹੋ ਗਿਆ।

ਸਵੈ-ਪਿਆਰ ਦੀ ਇਸ ਰੁਚੀ ਨੂੰ, ਨਾਰਸੀ-ਰੁਚੀ ਕਹਿੰਦੇ ਹਨ।

ਸੁਲੇਮਾਨ ਬਾਦਸ਼ਾਹ, ਆਪਣੇ ਜ਼ਮਾਨੇ ਦੀ ਸਭ ਤੋਂ ਸੁੰਦਰ ਇਸਤਰੀ, ਸ਼ੀਬਾ ਨੂੰ ਮਹਾਰਾਣੀ ਬਣਾਉਣਾ ਚਾਹੁੰਦਾ ਸੀ, ਜਿਸ ਦੀਆਂ ਲੱਤਾਂ ਸੰਗਮਰਮਰ ਦੀਆਂ ਹੋਣ ਬਾਰੇ ਕਈ ਕਹਾਣੀਆਂ ਪ੍ਰਚਲਿਤ ਸਨ। ਅਸਲੀਅਤ ਜਾਣਨ ਲਈ ਸੁਲੇਮਾਨ ਨੇ ਉਸ ਦੇ ਸਤਿਕਾਰ ਵਿਚ ਪ੍ਰੀਤੀ ਭੋਜ ਕੀਤਾ ਅਤੇ ਮਹਿਲ ਅੰਦਰ ਜਿਸ ਰਸਤਿਉਂ ਸ਼ੀਬਾ ਨੇ ਆਉਣਾ ਸੀ, ਉੱਥੇ ਫਰਸ਼ 'ਤੇ ਪਾਣੀ ਦਾ ਪ੍ਰਭਾਵ ਦੇਣ ਵਾਲੇ ਸ਼ੀਸ਼ੇ ਲਵਾ ਦਿੱਤੇ। ਸ਼ੀਬਾ ਨੇ ਉਥੋਂ ਲੰਘਦਿਆਂ ਆਪਣੀਆਂ ਲੱਤਾਂ ਦਾ ਕੱਜਣ, ਗੋਡਿਆਂ ਤੱਕ ਉੱਚਾ ਕਰ ਲਿਆ, ਇਵੇਂ ਸੁਲੇਮਾਨ ਨੇ ਉਸ ਦੀਆਂ ਲੱਤਾਂ ਵੇਖੀਆਂ ਸਨ ਅਤੇ ਅਸਲੀਅਤ ਜਾਣਨ ਅਤੇ ਭਰਮ ਦੂਰ ਹੋਣ ਉਪਰੰਤ, ਸ਼ੀਬਾ ਨੂੰ ਸੁਲੇਮਾਨ ਨੇ ਆਪਣੀ ਮਹਾਰਾਣੀ ਬਣਾਇਆ ਸੀ।

ਹਾਥੀ ਨੂੰ ਬੇੜੀ ਰਾਹੀਂ ਤੋਲਣ ਦਾ ਢੰਗ ਦੱਸਣ ਵਾਲਾ ਪ੍ਰਸਿੱਧ ਯੂਨਾਨੀ ਵਿਗਿਆਨੀ ਆਰਕੀਮੀਡਸ, ਸੂਰਜ ਦੀਆਂ ਕਿਰਨਾਂ ਨੂੰ ਵੱਡੇ ਸ਼ੀਸ਼ਿਆਂ ਨਾਲ ਕੇਂਦਰਿਤ ਕਰਕੇ, ਸਮੁੰਦਰ ਵਿਚ ਖਲੋਤੇ ਦੁਸ਼ਮਣ ਦੇ ਜਹਾਜ਼ਾਂ ਨੂੰ ਅੱਗ ਲਾ ਦਿਆ ਕਰਦਾ ਸੀ, ਜਿਸ ਕਾਰਨ ਯੂਨਾਨੀ ਫੌਜਾਂ ਦੀ ਜਿੱਤ ਹੋ ਜਾਂਦੀ ਸੀ।

ਯੂਨਾਨੀ ਮਿਥਿਹਾਸ ਦੀ ਇਕ ਕਥਾ ਅਨੁਸਾਰ ਮੈਡੂਸਾ ਨਾਂ ਦੀ ਚੁੜੇਲ, ਇਤਨੀ ਡਰਾਉਣੀ ਅਤੇ ਕਰੂਪ ਸੀ ਕਿ ਉਸ ਨੂੰ ਸਿੱਧਿਆਂ ਦੇਖਣ ਵਾਲਾ ਵਿਅਕਤੀ ਪੱਥਰ ਦਾ ਬੁੱਤ ਬਣ ਜਾਂਦਾ ਸੀ। ਪਰਸੂਅਸ ਨਾਂ ਦੇ ਯੋਧੇ ਨੇ ਮੈਡੂਸਾ ਨੂੰ ਸਿੱਧਿਆਂ ਵੇਖਣ ਦੀ ਥਾਂ, ਸ਼ੀਸ਼ੇ ਵਿਚੋਂ ਵੇਖ ਕੇ, ਮੈਡੂਸਾ ਦਾ ਸਿਰ ਕੱਟ ਕੇ, ਯੂਨਾਨ ਦੇ ਲੋਕਾਂ ਨੂੰ, ਉਸ ਦੇ ਭਿਆਨਕ ਡਰ ਤੋਂ ਮੁਕਤ ਕਰਵਾਇਆ ਸੀ।

ਯਹੂਦੀ ਕਿਸੇ ਦੇ ਮਰਨ 'ਤੇ ਘਰ ਦੇ ਸ਼ੀਸ਼ਿਆਂ 'ਤੇ ਕਾਲਾ ਕੱਪੜਾ ਪਾ ਦਿੰਦੇ ਹਨ ਅਤੇ ਸੋਗ ਦੌਰਾਨ ਉਹ ਸ਼ੀਸ਼ਾ ਨਹੀਂ ਵੇਖਦੇ।

ਅਜੋਕੇ ਸੰਸਾਰ ਉੱਤੇ ਸ਼ੀਸ਼ੇ ਦਾ ਰਾਜ ਹੈ। ਇਹ ਸ਼ੀਸ਼ੇ ਦਾ ਯੁੱਗ ਹੈ।

ਸ਼ੀਸ਼ੇ ਨੇ ਸੰਸਾਰ ਵਿਚ ਪਖੰਡ, ਦਿਖਾਵੇ ਅਤੇ ਬਨਾਵਟ ਨੂੰ ਵਧਾਇਆ ਹੈ ਅਤੇ ਅਨੇਕਾਂ ਨੂੰ ਹਉਮੈ ਦਾ ਰੋਗ ਲਾਇਆ ਹੈ।

ਸ਼ੀਸ਼ੇ ਨੇ ਮਨੁੱਖ ਨੂੰ ਸਵਾਰਥੀ ਅਤੇ ਸਵੈ-ਕੇਂਦਰਿਤ ਕਰ ਦਿੱਤਾ ਹੈ।

ਜਿਨ੍ਹਾਂ ਦੀ ਸ਼ਕਲ ਵਿਗੜੀ ਹੁੰਦੀ ਹੈ, ਉਹ ਸ਼ੀਸ਼ੇ ਰਾਹੀਂ ਅਕਸਰ ਆਪਣਾ ਚਿਹਰਾ ਹੋਰ ਵਿਗਾੜ ਕੇ ਹਾਸੋ-ਹੀਣੇ ਬਣ ਜਾਂਦੇ ਹਨ।

ਜਿਉਂ-ਜਿਉਂ ਸ਼ੀਸ਼ਾ ਸਾਫ਼ ਅਤੇ ਸੋਹਣਾ ਹੁੰਦਾ ਗਿਆ ਹੈ, ਤਿਉਂ ਤਿਉਂ ਸੁੰਦਰਤਾ ਵਧੀ ਹੈ ਅਤੇ ਸੁੰਦਰ ਹੋਣ ਦੇ ਢੰਗ-ਤਰੀਕੇ ਵੀ ਵਧੇ ਹਨ। ਜਿਹੜਾ ਆਪਣੇ-ਆਪ ਨੂੰ ਪਸੰਦ ਨਹੀਂ ਕਰਦਾ, ਉਹ ਵੀ ਸ਼ੀਸ਼ੇ ਨੂੰ ਪਸੰਦ ਕਰਦਾ ਹੈ।

ਸ਼ੀਸ਼ੇ ਕਾਰਨ ਮਨੁੱਖ ਆਪਣੇ ਨੇੜੇ-ਨੇੜੇ ਰਹਿੰਦਾ ਹੈ ਅਤੇ ਉਸ ਵਿਚ ਕਿਸੇ ਨੂੰ ਪਿਆਰ ਕਰਨ ਦੀ ਤਾਂਘ ਵੱਧਦੀ ਹੈ। ਵਾਸਤਵ ਵਿਚ ਅਸੀਂ ਸਾਰੇ ਅਧੂਰੇ ਹਾਂ, ਇਸ ਲਈ ਸਾਨੂੰ ਸੰਪੂਰਨ ਹੋਣ ਦੀ ਧਰਵਾਸ ਦੇਣ ਵਾਲੇ ਪਿਆਰ ਦੀ ਲੋੜ ਪੈਂਦੀ ਹੈ।

ਪਿਆਰ-ਮਿਲਣੀ ਵਾਸਤੇ ਤਿਆਰ ਹੋਣ ਲਈ, ਸ਼ੀਸ਼ੇ ਦੀ ਲੋੜ ਪੈਂਦੀ ਹੈ।

ਜੇ ਮਨੁੱਖ ਸੰਪੂਰਨ ਹੁੰਦਾ ਤਾਂ ਉਸ ਨੂੰ ਪਿਆਰ ਦੀ ਲੋੜ ਨਹੀਂ ਸੀ ਪੈਣੀ, ਕਿਸੇ ਨੂੰ ਨਫ਼ਰਤ ਕਰਨ ਦੀ ਵੀ ਲੋੜ ਨਹੀਂ ਸੀ ਪੈਣੀ। ਉਸ ਨੂੰ ਕਿਸੇ ਰਿਸ਼ਤੇ ਦੀ ਵੀ ਲੋੜ ਨਹੀਂ ਸੀ ਉਪਜਣੀ ਅਤੇ ਸ਼ੀਸ਼ੇ ਵਿਚ ਵੇਖਣ ਦੀ ਵੀ ਲੋੜ ਨਹੀਂ ਸੀ ਹੋਣੀ।

ਸ਼ੀਸ਼ੇ ਦੀ ਵਰਤੋਂ ਸੰਭੋਗ ਦੀ ਉਤੇਜਨਾ ਵਧਾਉਣ ਲਈ ਵੀ ਕੀਤੀ ਜਾਂਦੀ ਹੈ।

ਵਪਾਰੀ, ਅਕਸਰ ਆਪਣੀ ਛੋਟੀ ਦੁਕਾਨ ਦੀ ਇਕ ਪੂਰੀ ਕੰਧ 'ਤੇ ਸ਼ੀਸ਼ਾ ਲਾ ਕੇ, ਦੁਕਾਨ ਦੇ ਵੱਡੀ ਹੋਣ ਦਾ ਪ੍ਰਭਾਵ ਸਿਰਜਦਾ ਹੈ।

ਵੱਡੇ ਅਤੇ ਮਹਿੰਗੇ ਹੋਟਲਾਂ ਵਿਚ ਵੱਡੇ-ਵੱਡੇ ਸ਼ੀਸ਼ਿਆਂ ਨਾਲ ਗਾਹਕਾਂ ਨੂੰ ਭਰਮਾਇਆ ਜਾਂਦਾ ਹੈ ਅਤੇ ਮਹੱਤਵਪੂਰਨ ਹੋਣ ਦਾ ਅਹਿਸਾਸ ਦਿੱਤਾ ਜਾਂਦਾ ਹੈ।

ਯੋਰਪ ਅਤੇ ਅਮਰੀਕਾ ਵਿਚ ਗੁਸਲਖਾਨਿਆਂ ਵਿਚ ਵੱਡੇ ਸ਼ੀਸ਼ਿਆਂ ਅਤੇ ਰੋਸ਼ਨੀਆਂ ਨਾਲ ਤਲਿਸਮੀ ਪ੍ਰਭਾਵ ਸਿਰਜਿਆ ਜਾਂਦਾ ਹੈ।

ਸਾਰੇ ਧਰਮ ਵੀ ਰੱਬ ਦੇ ਵੱਖ-ਵੱਖ ਸ਼ੀਸ਼ੇ ਪ੍ਰਤੀਤ ਹੁੰਦੇ ਹਨ।

ਹੁਣ ਰੋਗਾਂ ਦੇ ਇਲਾਜ ਵਿਚ ਵੀ ਸ਼ੀਸ਼ੇ ਦੀ ਵਰਤੋਂ ਹੁੰਦੀ ਹੈ। ਫਿਜ਼ੀਓਥਰੇਪੀ ਰਾਹੀਂ ਅਧਰੰਗ ਆਦਿ ਦੇ ਇਲਾਜ ਵਿਚ ਸ਼ੀਸ਼ਾ ਬੜਾ ਸਹਾਈ ਹੁੰਦਾ ਹੈ।

ਸ਼ੀਸ਼ਾ ਜੀਵਨ ਦੇ ਰੋਮਾਂਸ ਦਾ ਭਾਗ ਹੈ। ਇਹ ਸੋਹਣੇ ਲੱਗਣ, ਸ਼ਿੰਗਾਰ ਕਰਕੇ ਰੋਮਾਂਸ ਕਰਨ ਦੇ ਪੱਖੋਂ, ਸਵੈ-ਵਿਸ਼ਵਾਸ ਉਪਜਾਉਣ ਦਾ ਸਾਧਨ ਹੈ।

ਸ਼ੀਸ਼ਾ ਹਰ ਕਿਸੇ ਨੂੰ ਪ੍ਰਸੰਨ ਕਰਦਾ ਹੈ, ਕਿਉਂਕਿ ਅਸੀਂ ਅਕਸਰ ਸ਼ੀਸ਼ਾ ਵੇਖਦੇ ਹੀ ਉਦੋਂ ਹਾਂ, ਜਦੋਂ ਅਸੀਂ ਪ੍ਰਸੰਨ ਹੁੰਦੇ ਹਾਂ।

ਜੋ ਵੀ ਪਿਆਰ ਕਰੇਗਾ, ਉਹ ਸ਼ੀਸ਼ੇ ਨੂੰ ਆਪਣਾ ਹਮਰਾਜ਼ ਬਣਾਏਗਾ।

ਹਰ ਇਸਤਰੀ ਆਪਣੇ ਆਪ ਨੂੰ ਇਸ ਆਸ ਨਾਲ ਸ਼ੀਸ਼ੇ ਵਿਚੋਂ ਵੇਖਦੀ ਹੈ ਕਿ ਭਾਵੇਂ ਮੈਂ ਸਭ ਤੋਂ ਸੋਹਣੀ ਨਹੀਂ, ਪਰ ਮੈਂ ਸੋਹਣੀ ਜ਼ਰੂਰ ਹਾਂ। ਅਸੀਂ ਸਮਾਜ ਦੇ ਪੈਮਾਨਿਆਂ ਅਨੁਸਾਰ ਹੀ ਕਿਸੇ ਨੂੰ ਸੋਹਣਾ-ਕੋਹਝਾ ਐਲਾਨਦੇ ਹਾਂ। ਸ਼ੀਸ਼ਾ ਸਾਡੀ ਆਪਣੀ ਸ਼ਖ਼ਸੀਅਤ ਦਾ ਮੁਲਾਂਕਣ ਕਰਨ ਦਾ ਵੀ ਸਮਾਜਿਕ ਸੰਦ ਹੈ। ਲੋੜ ਪੈਣ 'ਤੇ ਸ਼ੀਸ਼ਾ ਵਿਸ਼ਲੇਸ਼ਣ ਵੀ ਕਰਦਾ ਹੈ ਅਤੇ ਚਾਹੁਣ 'ਤੇ ਸਲਾਹ ਵੀ ਦਿੰਦਾ ਹੈ।

ਸ਼ੀਸ਼ੇ ਦਾ ਇਕ ਗੁਣ ਇਹ ਵੀ ਹੈ ਕਿ ਅਸੀਂ ਜਿਤਨਾ ਚਿਰ ਚਾਹੀਏ, ਇਸਦਾ ਸਾਥ ਮਾਣ ਸਕਦੇ ਹਾਂ। ਇਹ ਅੱਕਦਾ-ਥੱਕਦਾ ਨਹੀਂ।

ਸ਼ੀਸ਼ਾ ਇਸਤਰੀ ਦਾ ਚਾਪਲੂਸ ਅਤੇ ਪੁਰਸ਼ ਦਾ ਪ੍ਰਸ਼ੰਸਕ ਹੁੰਦਾ ਹੈ।

ਇਹ ਕਰੂਪਤਾ ਅਤੇ ਕੋਹਝੇਪਣ ਦੇ ਇਲਾਜ ਦਾ ਯੰਤਰ ਹੈ, ਜਿਸ ਲਈ ਕਈ ਕੋਹਝਿਆਂ ਨੂੰ ਸ਼ੀਸ਼ੇ ਅੱਗੇ ਖਲੋ ਕੇ ਬੜੀ ਜੱਦੋ-ਜਹਿਦ ਕਰਨੀ ਪੈਂਦੀ ਹੈ।

ਨਿਰਸੰਦੇਹ ਪ੍ਰੇਮਿਕਾ ਨੂੰ, ਉਸ ਦੇ ਪ੍ਰੇਮੀ ਨਾਲੋਂ ਵੀ, ਸ਼ੀਸ਼ੇ ਨੇ ਵੱਧ ਵੇਖਿਆ, ਨਿਹਾਰਿਆ ਹੁੰਦਾ ਹੈ। ਕਹਿੰਦੇ ਹਨ ਅਸਲੀ ਸੁੰਦਰਤਾ ਉਹ ਹੁੰਦੀ ਹੈ, ਜਿਸ ਨੂੰ ਵੇਖ ਕੇ ਸ਼ੀਸ਼ੇ ਨੂੰ ਆਪਣੀ ਸਮਰੱਥਾ 'ਤੇ ਸ਼ਰਮ ਆਵੇ। ਕਿਸੇ-ਕਿਸੇ ਹੁਸੀਨ ਚਿਹਰੇ ਨੂੰ ਵੇਖ ਕੇ ਸ਼ੀਸ਼ਾ ਸ਼ੇਅਰ ਬੋਲਣ ਅਤੇ ਦਾਦ ਦੇਣ ਲੱਗ ਪੈਂਦਾ ਹੈ।

ਇਕ ਇਸਤਰੀ ਚਾਰ ਗੁਲਾਬ ਲੈ ਕੇ ਸ਼ੀਸ਼ੇ ਸਾਹਮਣੇ ਖਲੋਂਦੀ ਸੀ ਅਤੇ ਪੰਜ

ਗੁਲਾਬ ਵੇਖਦੀ ਸੀ। ਇਕ ਸੋਹਣੀ ਇਸਤਰੀ ਸ਼ੀਸ਼ੇ ਵਿਚ ਵੇਖ ਕੇ ਜਦੋਂ ਮੁਸਕਰਾਉਂਦੀ ਸੀ ਤਾਂ ਸ਼ੀਸ਼ਾ ਪਿਘਲ ਜਾਂਦਾ ਸੀ।

ਆਪਣੀ ਸੁੰਦਰਤਾ 'ਤੇ ਮਾਣ ਕਰਨ ਵਾਲੀਆਂ ਕਈ ਇਸਤਰੀਆਂ, ਆਪਣੇ ਸਾਰੇ ਵਸਤਰ ਉਤਾਰ ਕੇ, ਆਪਣੇ ਆਪ ਨੂੰ ਸ਼ੀਸ਼ੇ ਵਿਚ ਨਿਹਾਰਦੀਆਂ ਹਨ।

ਮਨੁੱਖ ਫੋਟੋ ਖਿਚਵਾਉਣ ਤੋਂ ਪਹਿਲਾਂ ਸ਼ੀਸ਼ੇ ਵਿਚ ਜਾਂ ਸ਼ੀਸ਼ਾ ਜ਼ਰੂਰ ਵੇਖਦਾ ਹੈ।

ਅਦਾਕਾਰਾਂ ਦਾ ਸ਼ੀਸ਼ਿਆਂ ਅਤੇ ਕੈਮਰਿਆਂ ਨਾਲ ਹੀ ਵਾਹ ਪੈਂਦਾ ਹੈ।

ਸਵੇਰੇ ਤਿਆਰ ਹੋ ਕੇ ਸ਼ੀਸ਼ਾ ਵੇਖੋ, ਫਿਰ ਸ਼ਾਮ ਨੂੰ ਵੇਖੋ। ਸਵੇਰ ਅਤੇ ਸ਼ਾਮ ਦਾ, ਬਨਾਵਟ ਅਤੇ ਅਸਲੀਅਤ ਦਾ ਅੰਤਰ ਸਪੱਸ਼ਟ ਨਜ਼ਰ ਆਵੇਗਾ।

ਸਵੇਰੇ ਅਸੀਂ ਬਾਗ ਹੁੰਦੇ ਹਾਂ, ਸ਼ਾਮ ਤੱਕ ਜੰਗਲ ਬਣ ਜਾਂਦੇ ਹਾਂ।

ਸ਼ੀਸ਼ੇ ਦੀ ਵਰਤੋਂ ਅਤੇ ਸ਼ੀਸ਼ੇ ਬਾਰੇ ਇਸਤਰੀਆਂ ਵਧੇਰੇ ਗੱਲਾਂ ਕਰਦੀਆਂ ਹਨ।

ਅਕਸਰ ਹਰ ਸੋਹਣੀ ਇਸਤਰੀ ਦੇ ਪਰਸ ਵਿਚ ਇਕ ਸ਼ੀਸ਼ਾ ਹੁੰਦਾ ਹੈ ਤਾਂ ਕਿ ਕਿਸੇ ਨੂੰ ਦਿਸਣ ਤੋਂ ਪਹਿਲਾਂ, ਉਹ ਆਪਣੇ ਆਪ ਨੂੰ ਵੇਖ ਲਵੇ।

ਇਕ ਇਸਤਰੀ ਦੱਸ ਰਹੀ ਸੀ: ਸ਼ੀਸ਼ੇ ਵਿਚ ਵੇਖਣ ਨਾਲ ਮੈਨੂੰ ਆਪਣੇ ਸੋਹਣੇ ਹੋਣ ਦਾ ਹੰਕਾਰ ਹੋ ਜਾਂਦਾ ਹੈ। ਉਸ ਦੀ ਜੇਠਾਣੀ ਨੇ ਕਿਹਾ: ਤੈਨੂੰ ਹੰਕਾਰ ਨਹੀਂ ਹੁੰਦਾ, ਗਲਤੀ ਲੱਗਦੀ ਹੈ। ਇਕ ਹੋਰ ਨੇ ਦੱਸਿਆ, ਜਦੋਂ ਮੇਰਾ ਪਤੀ ਕਹਿੰਦਾ ਹੈ: ਤੂੰ ਬਹੁਤ ਸੋਹਣੀ ਹੈਂ ਤਾਂ ਮੈਂ ਪਤੀ ਨੂੰ ਟੋਕਦੀ ਨਹੀਂ, ਆਪਣੇ ਆਪ ਨੂੰ ਸ਼ੀਸ਼ੇ ਵਿਚ ਵੇਖ ਕੇ ਸੋਚਦੀ ਹਾਂ, ਪਤੀ ਠੀਕ ਹੀ ਕਹਿੰਦਾ ਹੈ।

ਅਜੋਕਾ ਮਨੁੱਖ ਸ਼ੀਸ਼ਿਆਂ ਦੇ ਭਰਮ ਜਾਲ ਵਿਚ ਮਗਨ ਹੈ। ਆਪਣੇ ਗੁਣ ਵੇਖਣ ਲਈ ਮਨੁੱਖ ਸ਼ੀਸ਼ਾ ਵਰਤਦਾ ਹੈ, ਔਗੁਣ ਵੇਖਣ ਲਈ ਦੂਰਬੀਨ।

ਸ਼ੀਸ਼ੇ ਵਿਚ ਸੱਜਾ ਹੱਥ, ਖੱਬਾ ਹੋ ਜਾਂਦਾ ਹੈ, ਖੱਬਾ ਹੱਥ ਸੱਜਾ ਹੋ ਜਾਂਦਾ ਹੈ ਪਰ ਛੱਤ, ਫਰਸ਼ ਨਹੀਂ ਬਣਦਾ। ਜੇ ਸ਼ੀਸ਼ੇ ਦਾ ਭਰਮ ਵੇਖਣਾ ਹੋਵੇ ਤਾਂ ਸ਼ੀਸ਼ੇ ਸਾਹਮਣੇ ਇਕ ਘੜੀ ਰੱਖ ਕੇ ਵੇਖੋ, ਵਕਤ ਵੇਖਣਾ ਮੁਸ਼ਕਿਲ ਹੋ ਜਾਵੇਗਾ।

ਸ਼ੀਸ਼ੇ ਵਿਚ ਹਰ ਵਸਤ ਦਾ ਆਕਾਰ ਅੱਧਾ ਵਿਖਾਈ ਦਿੰਦਾ।

ਜੇ ਕਮਰੇ ਵਿਚ ਇਕ ਕੁਰਸੀ ਹੈ, ਜਿਹੜੀ ਸ਼ੀਸ਼ੇ ਵਿਚੋਂ ਵੀ ਦਿਸਦੀ ਹੈ ਤਾਂ ਇਸਦਾ ਅਰਥ ਇਹ ਨਹੀਂ ਕਿ ਕਮਰੇ ਵਿਚ ਦੋ ਕੁਰਸੀਆਂ ਹਨ।

ਬਦਲੇ ਹੋਏ ਸ਼ੀਸ਼ੇ ਵਿਚ ਵੇਖੋਗੇ, ਆਪਣੀ ਸ਼ਕਲ ਬਦਲੀ ਹੋਈ ਲੱਗੇਗੀ।

ਹਰ ਵਿਅਕਤੀ ਸ਼ੀਸ਼ੇ ਨੂੰ ਵੱਖਰੇ ਢੰਗ ਨਾਲ ਵਰਤਦਾ ਹੈ।

ਮਹਾਨ ਵਿਅਕਤੀ ਮਾਨਵਜਾਤੀ ਲਈ ਸ਼ੀਸ਼ਾ ਬਣਦੇ ਹਨ।

ਜੀਵਨ ਦੀ ਸਭ ਤੋਂ ਵੱਡੀ ਪ੍ਰਾਪਤੀ, ਕਿਸੇ ਲਈ ਸ਼ੀਸ਼ਾ ਬਣਨਾ ਹੁੰਦੀ ਹੈ।

+ + +

ਸਿਕੰਦਰ ਮਹਾਨ

ਮਹਾਨ ਵਿਅਕਤੀ ਜਨਮ ਨਹੀਂ ਲੈਂਦੇ, ਪ੍ਰਗਟ ਹੁੰਦੇ ਹਨ, ਤਾਂ ਕਿ ਸੰਸਾਰ ਉਨ੍ਹਾਂ ਨੂੰ ਵੇਖ ਲਏ, ਸਮਝ ਲਏ ਅਤੇ ਜਾਣ ਜਾਵੇ ਕਿ ਇਕ ਵਿਅਕਤੀ ਆਪਣੇ ਸੰਖੇਪ ਜੀਵਨ ਵਿਚ, ਕਿਤਨਾ ਕੁਝ ਨਵਾਂ ਅਤੇ ਨਿਆਰਾ ਸੰਭਵ ਕਰ ਵਿਖਾਉਂਦਾ ਹੈ।

ਸੰਸਾਰ ਵਿਚ ਸਿਕੰਦਰ ਪਹਿਲਾ ਵਿਅਕਤੀ ਸੀ, 'ਮਹਾਨ' ਜਿਸ ਦੇ ਨਾਂ ਦਾ ਭਾਗ ਬਣਿਆ ਹੈ। ਉਸ ਦਾ ਨਾਂ ਸਾਰੇ ਸੰਸਾਰ ਵਿਚ ਪ੍ਰਸਿੱਧ ਹੈ।

ਸਿਕੰਦਰ ਦੇ ਆਪਣੇ ਜ਼ਮਾਨੇ ਵਿਚ, ਜਿੱਤ ਦੇ ਅਰਥ ਸਿਕੰਦਰ ਹੋ ਗਏ ਸਨ ਅਤੇ ਜਿਹੜਾ ਵੀ ਜਿੱਤਦਾ ਸੀ, ਉਸ ਨੂੰ ਸਿਕੰਦਰ ਕਿਹਾ ਜਾਣ ਲੱਗ ਪੈਂਦਾ ਸੀ।

ਸਿਕੰਦਰ ਯੂਨਾਨ ਦੀ ਇਕ ਰਿਆਸਤ ਮਕਦੂਨੀਆ ਦੇ ਰਾਜੇ ਫਿਲਿਪ ਦਾ ਪੁੱਤਰ ਸੀ। ਉਹ ਬਾਰ੍ਹਾਂ ਸਾਲ ਦਾ ਸੀ, ਜਦੋਂ ਉਸ ਵਲੋਂ ਇਕ ਜੰਗਲੀ ਅਥਰਾ ਘੋੜਾ ਸਾਧਣ 'ਤੇ, ਪਿਤਾ ਨੇ ਕਿਹਾ ਸੀ, 'ਮੇਰਾ ਰਾਜ ਤੇਰੇ ਲਈ ਸੌੜਾ ਹੈ, ਤੂੰ ਆਪਣੇ ਮੇਚ ਦੀ ਸਲਤਨਤ ਲੱਭ।' ਸਿਕੰਦਰ ਤਿੰਨ ਸਾਲ ਅਰਸਤੂ ਦਾ ਵਿਦਿਆਰਥੀ ਰਿਹਾ। ਸਿਕੰਦਰ ਦਾ ਪਿਤਾ ਫਿਲਿਪ, ਸਿਕੰਦਰ ਦੀ ਭੈਣ ਦੇ ਵਿਆਹ ਦੇ ਜਲੂਸ ਵਿਚ, ਇਕ ਦਰਬਾਰੀ ਦੇ ਹੱਥੋਂ ਧੋਖੇ ਨਾਲ ਮਾਰਿਆ ਗਿਆ ਸੀ।

ਪਿਤਾ ਦੀ ਮੌਤ ਉਪਰੰਤ ਹੋਈ ਬਗਾਵਤ ਨੂੰ ਸਿਕੰਦਰ ਨੇ ਜਿਸ ਦਲੇਰੀ ਨਾਲ ਕੁਚਲਿਆ, ਉਸ ਨਾਲ ਉਸ ਦੀ ਬਹਾਦਰੀ ਦੇ ਰੰਗ ਪ੍ਰਗਟ ਹੋ ਗਏ ਸਨ। ਬਚਪਨ ਵਿਚ ਇਕ ਵਾਰੀ ਪ੍ਰਸਿੱਧ ਯੂਨਾਨੀ ਕਵੀ ਹੋਮਰ ਦੀ ਕਬਰ 'ਤੇ ਸਿਜਦਾ ਕਰਦਿਆਂ, ਸਿਕੰਦਰ ਨੇ ਸਾਰੇ ਸੰਸਾਰ ਨੂੰ ਫਤਹਿ ਕਰਨ ਦਾ ਸੁਪਨਾ ਵੇਖਿਆ ਸੀ।

ਲਗਭਗ ਢਾਈ ਹਜ਼ਾਰ ਸਾਲ ਪਹਿਲਾਂ, ਮਕਦੂਨੀਆ ਦਾ ਰਾਜ ਪ੍ਰਬੰਧ ਅਹਿਲਕਾਰਾਂ ਨੂੰ ਅਤੇ ਆਪਣੀ ਮਾਂ ਨੂੰ ਸੌਂਪ ਕੇ, ਉਨ੍ਹੀ ਸਾਲ ਦਾ ਸਿਕੰਦਰ, ਸੰਸਾਰ ਜਿੱਤਣ ਦੇ ਸੁਪਨੇ ਨੂੰ ਸੱਚ ਸਾਬਤ ਕਰਨ ਵਾਸਤੇ ਚੱਲਿਆ। ਉਹ ਤੇਰ੍ਹਾਂ ਸਾਲ, ਸੋਲ੍ਹਾਂ ਹਜ਼ਾਰ ਮੀਲ, ਮੁਹਿੰਮਾਂ, ਲੜਾਈਆਂ ਅਤੇ ਯੁੱਧ ਜਿੱਤਦਾ ਚਲਾ ਗਿਆ। ਉਹ ਜਿਸ ਇਲਾਕੇ ਨੂੰ ਨਿਹਾਰਦਾ ਸੀ, ਉਹ ਉਸਦਾ ਹੋ ਜਾਂਦਾ ਸੀ। ਉਸ ਵੇਲੇ ਦੇ ਬਾਦਸ਼ਾਹ ਹੱਦਾਂ-ਸਰਹੱਦਾਂ ਵੇਖਦੇ ਸਨ, ਸਿਕੰਦਰ ਅਸਮਾਨ ਅਤੇ ਦੁਮੇਲ ਵੇਖਦਾ ਸੀ।

ਉਸ ਦੀਆਂ ਜਿੱਤਾਂ ਇਤਨੀਆਂ ਵੱਡੀਆਂ ਸਨ ਕਿ ਉਨ੍ਹਾਂ ਨੂੰ ਚੇਤਨਾ ਵਿਚ ਵਸਾਉਣਾ ਮੁਸ਼ਕਿਲ ਪ੍ਰਤੀਤ ਹੁੰਦਾ ਹੈ। ਸਿਕੰਦਰ ਨੂੰ ਯੂਨਾਨੀ ਸਭਿਅਤਾ 'ਤੇ ਮਾਣ ਸੀ, ਜਿਸ ਦੀਆਂ ਪ੍ਰਾਪਤੀਆਂ ਦਾ ਲਾਭ ਸਾਰੇ ਸੰਸਾਰ ਨੂੰ ਪਹੁੰਚਾਉਣ ਲਈ, ਉਸ ਨੇ ਦੁਨੀਆਂ ਨੂੰ ਫਤਹਿ ਕਰਨ ਦਾ ਬੀੜਾ ਚੁੱਕਿਆ ਸੀ।

ਉਹ ਇਸ ਲਈ ਮਹਾਨ ਸੀ, ਕਿਉਂਕਿ ਉਸ ਨੇ ਸੰਸਾਰ ਨੂੰ ਫਤਹਿ ਕਰਨ ਦਾ ਪ੍ਰਣ ਕੀਤਾ ਸੀ। ਜਿਤਨਾ ਕਿਸੇ ਦਾ ਮਹਾਨ ਸੁਪਨਾ ਹੁੰਦਾ ਹੈ, ਉਤਨਾ ਹੀ ਮਹਾਨ ਉਹ ਸੁਪਨਾ ਵੇਖਣ ਵਾਲਾ ਬਣ ਜਾਂਦਾ ਹੈ। ਸਿਕੰਦਰ ਇਸ ਕਰਕੇ ਵੀ ਮਹਾਨ ਸੀ ਕਿਉਂਕਿ ਉਸ ਵਿਚ ਜਵਾਨੀ ਵਾਲੇ ਔਗੁਣ ਨਹੀਂ ਸਨ।

ਉਹ ਯੋਧਿਆਂ ਵਾਲੇ ਗੁਣਾਂ ਕਰਕੇ ਹਰਮਨ ਪਿਆਰਾ ਸੀ।

ਫ਼ੌਜ ਦੇ ਪ੍ਰਬੰਧ ਵਿਚ, ਕੋਈ ਉਸ ਦੇ ਬਰਾਬਰ ਨਹੀਂ ਸੀ। ਉਸ ਵਿਚ ਆਪਣੇ ਹਜ਼ਾਰਾਂ ਫ਼ੌਜੀ ਮਰਵਾ ਕੇ ਜਿੱਤੀਆਂ ਬਾਦਸ਼ਾਹੀਆਂ ਵਾਪਸ ਮੋੜਨ ਦੀ ਅਮੀਰੀ ਸੀ।

ਇਨਸਾਨ ਵਜੋਂ ਸਿਕੰਦਰ ਨਿਆਰਾ ਸੀ।

ਉਸ ਨੇ ਵਿਧਵਾ ਮਹਾਰਾਣੀਆਂ ਦਾ ਸਤਿਕਾਰ ਕੀਤਾ ਅਤੇ ਹਾਰੇ ਹੋਏ ਮਹਾਰਾਜਿਆਂ ਦੇ ਪਰਿਵਾਰਾਂ ਨੂੰ ਸੁਰੱਖਿਆ ਪ੍ਰਦਾਨ ਕੀਤੀ। ਯੁੱਧ ਦੇ ਮੈਦਾਨ ਵਿਚ ਕਿਸੇ ਵਿਚ ਉਸਦੇ ਸਾਹਮਣੇ ਹੋਣ ਦੀ ਯੋਗਤਾ ਨਹੀਂ ਸੀ। ਉਸ ਦੇ ਕਾਰਨਾਮੇ ਭਾਵੇਂ ਮਿੱਟ ਗਏ ਹਨ ਪਰ ਉਸ ਦਾ ਨਾਂ ਨਿਰੰਤਰ ਗੂੜ੍ਹਾ ਹੁੰਦਾ ਗਿਆ ਹੈ।

ਉਸ ਉੱਤੇ ਵਿਸ਼ਵ-ਪੱਧਰ ਤੋਂ ਘੱਟ ਦਾ ਕੋਈ ਪੈਮਾਨਾ ਲਾਗੂ ਨਹੀਂ ਹੁੰਦਾ।

ਸੰਸਾਰ ਵਿਚ ਇਸ ਵੇਲੇ ਇਕ ਕਰੋੜ ਨਾਲੋਂ ਵੱਧ ਲੋਕਾਂ ਦਾ ਨਾਂ ਸਿਕੰਦਰ ਹੈ।

ਸਿਕੰਦਰ ਦੇ ਹਰ ਬੋਲ ਦੇ ਡੂੰਘੇ ਅਰਥ ਸਨ।

ਉਸ ਦੀ ਹਰ ਹਰਕਤ ਵਿਚ ਜ਼ਿੰਦਗੀ-ਮੌਤ ਦਾ ਨਾਟਕ ਹੁੰਦਾ ਸੀ।

ਉਸ ਦੀਆਂ ਕਹੀਆਂ ਗੱਲਾਂ ਵਿਸ਼ਵ-ਚੇਤਨਾ ਦਾ ਭਾਗ ਬਣ ਗਈਆਂ ਹਨ।

ਉਸ ਨੇ ਕਿਹਾ ਸੀ: ਯੂਨਾਨ ਵਿਚ ਪ੍ਰਸਿੱਧ ਹੋਣ ਵਾਸਤੇ ਮੈਨੂੰ ਬੜੀਆਂ ਮੁਸੀਬਤਾਂ ਬਰਦਾਸ਼ਤ ਕਰਨੀਆਂ ਪਈਆਂ ਹਨ।

ਫ਼ੌਜ ਬਾਰੇ ਉਸ ਦਾ ਕਥਨ ਸੀ ਕਿ ਹਰੇਕ ਫੌਜੀ ਦੇ ਵਿਅਕਤੀਗਤ ਵਿਹਾਰ 'ਤੇ ਸਮੁੱਚੀ ਫ਼ੌਜ ਦੀ ਕਿਸਮਤ ਟਿਕੀ ਹੁੰਦੀ ਹੈ।

ਉਹ ਕਿਹਾ ਕਰਦਾ ਸੀ, ਜੇ ਅਸਮਾਨ ਵਿਚ ਦੋ ਸੂਰਜ ਨਹੀਂ ਹੋ ਸਕਦੇ, ਧਰਤੀ 'ਤੇ ਦੋ ਬਾਦਸ਼ਾਹ ਕਿਵੇਂ ਹੋ ਸਕਦੇ ਹਨ? ਉਸ ਦਾ ਵਿਚਾਰ ਸੀ, ਜੋ ਯਤਨ ਕਰਦਾ ਹੈ, ਉਸ ਲਈ ਕੁਝ ਵੀ ਅਸੰਭਵ ਨਹੀਂ ਹੁੰਦਾ।

ਉਹ ਆਪਣੇ ਪਿਤਾ ਦਾ ਜ਼ਿੰਦਗੀ ਦੇਣ ਲਈ ਧੰਨਵਾਦੀ ਸੀ। ਆਪਣੇ ਅਧਿਆਪਕ ਦਾ ਉਹ ਜ਼ਿੰਦਗੀ ਜਿਊਣੀ ਸਿਖਾਉਣ ਲਈ ਸ਼ੁਕਰਗੁਜ਼ਾਰ ਸੀ।

ਉਸ ਨੇ ਮੰਨਿਆ: ਮੈਂ ਧਰਤੀਆਂ ਜਿੱਤਦਾ ਰਿਹਾ, ਲੋੜ ਗਿਆਨ ਦਾ ਸੰਸਾਰ ਅਤੇ ਆਪਣੇ ਆਪ ਨੂੰ ਜਿੱਤਣ ਦੀ ਸੀ।

ਉਸ ਨੂੰ ਭੇਡਾਂ ਦੇ ਆਗੂਆਂ ਵਾਲੀ ਸ਼ੇਰਾਂ ਦੀ ਫੌਜ ਤੋਂ ਡਰ ਨਹੀਂ ਸੀ ਲੱਗਦਾ, ਸ਼ੇਰਾਂ ਦੀ ਅਗਵਾਈ ਵਾਲੀ, ਭੇਡਾਂ ਦੀ ਫੌਜ ਤੋਂ ਭੈਅ ਆਉਂਦਾ ਸੀ।

ਉਸ ਅਨੁਸਾਰ ਗਰਮੀ ਅਤੇ ਸਰਦੀ, ਭੁੱਖ ਅਤੇ ਪਿਆਸ, ਅਕੇਵਾਂ ਅਤੇ ਥਕਾਵਟ ਬਰਦਾਸ਼ਤ ਕਰਨ ਵਾਲੇ ਨੂੰ ਹਰਾਇਆ ਨਹੀਂ ਜਾ ਸਕਦਾ।

ਸਿਕੰਦਰ ਨਾਲ ਜੁੜੀਆਂ ਸੈਂਕੜੇ ਕਹਾਣੀਆਂ ਪ੍ਰਸਿੱਧ ਹਨ ਅਤੇ ਸੈਂਕੜੇ ਕਹਾਣੀਆਂ ਸਿਕੰਦਰ ਨਾਲ ਜੋੜ ਦਿੱਤੀਆਂ ਗਈਆਂ ਹਨ।

ਸਿਕੰਦਰ ਨੇ ਸਨਕਵਾਦ ਦੇ ਪਿਤਾ, ਡਾਇਓਨੀਸੀਅਸ ਕੋਲ ਜਾ ਕੇ ਕਿਹਾ ਸੀ: ਮੈਂ ਬਾਦਸ਼ਾਹ ਹਾਂ, ਕੁਝ ਮੰਗੋ। ਸਭ ਇੱਛਾਵਾਂ ਤੋਂ ਮੁਕਤ, ਕਿਸੇ ਦੀ ਪ੍ਰਵਾਹ ਨਾ ਕਰਨ ਵਾਲੇ, ਡਾਇਓਨੀਸੀਅਸ ਨੇ ਕਿਹਾ ਸੀ: ਪਰ੍ਹੇ ਹਟ, ਧੁੱਪ ਆਉਣ ਦੇ।

ਇਕ ਵਾਰੀ ਸਿਕੰਦਰ ਬਿਮਾਰ ਸੀ। ਹਕੀਮ ਨੇ ਜਦੋਂ ਦਵਾਈ ਦਿੱਤੀ ਤਾਂ ਕਿਸੇ ਨੇ ਉਸ ਨੂੰ ਇਕ ਪਰਚੀ ਫੜਾਈ, ਜਿਸ 'ਤੇ ਲਿਖਿਆ ਸੀ: ਦਵਾਈ ਵਿਚ ਜ਼ਹਿਰ ਹੈ। ਸਿਕੰਦਰ ਨੇ ਪਰਚੀ ਹਕੀਮ ਨੂੰ ਫੜਾ ਕੇ ਦਵਾਈ ਖਾ ਲਈ। ਹਕੀਮ ਨੇ ਪੁੱਛਿਆ: ਜਦੋਂ ਪਤਾ ਲੱਗ ਗਿਆ ਸੀ ਕਿ ਦਵਾਈ ਵਿਚ ਜ਼ਹਿਰ ਹੈ ਤਾਂ ਤੁਸੀਂ ਦਵਾਈ ਕਿਉਂ ਖਾਧੀ? ਸਿਕੰਦਰ ਨੇ ਕਿਹਾ: ਮੈਨੂੰ ਤੇਰੇ 'ਤੇ ਵਿਸ਼ਵਾਸ ਹੀ ਇਤਨਾ ਸੀ ਕਿ ਜੇ ਤੂੰ ਮੇਰੇ ਸਾਹਮਣੇ ਵੀ ਜ਼ਹਿਰ ਮਿਲਾਇਆ ਹੁੰਦਾ, ਮੈਂ ਤਾਂ ਵੀ ਖਾ ਲੈਣੀ ਸੀ।

ਇਕ ਰਾਜੇ ਦੇ ਲੜਾਈ ਵਿਚ ਮਾਰੇ ਜਾਣ ਉਪਰੰਤ, ਸਿਕੰਦਰ ਨੇ ਉਸ ਦੀ ਵਿਧਵਾ ਨਾਲ ਇਤਨਾ ਚੰਗਾ ਵਿਹਾਰ ਕੀਤਾ ਕਿ ਉਹ ਸਵੈ-ਇੱਛਾ ਨਾਲ, ਸਿਕੰਦਰ ਦੀ ਪਹਿਲੀ ਪਤਨੀ ਬਣੀ।

ਫ਼ਾਰਸ ਅਰਥਾਤ ਈਰਾਨ ਨੂੰ ਜਿੱਤਣ ਨਾਲ ਸਿਕੰਦਰ ਨੇ ਆਪਣੇ ਪਿਤਾ ਦਾ ਸੁਪਨਾ ਪੂਰਾ ਕੀਤਾ, ਉਸ ਦਾ ਆਪਣਾ ਸੁਪਨਾ ਏਸ਼ੀਆ ਨੂੰ ਜਿੱਤਣਾ ਸੀ।

ਡੇਰੀਅਸ ਨਾਂ ਦਾ ਬਾਦਸ਼ਾਹ ਵੀ ਸਿਕੰਦਰ ਨਾਲ ਪੋਰਸ ਵਾਂਗ ਲੜਿਆ ਸੀ।

ਡੇਰੀਅਸ ਨੇ ਸਿਕੰਦਰ ਨੂੰ ਏਸ਼ੀਆ, ਆਪਸ ਵਿਚ ਅੱਧਾ-ਅੱਧਾ ਵੰਡਣ ਦਾ ਸੁਝਾਓ ਦਿੱਤਾ। ਡੇਰੀਅਸ ਨੇ ਕਿਹਾ: ਜੇ ਮੈਂ ਸਿਕੰਦਰ ਹੁੰਦਾ ਤਾਂ ਇਹ ਵੰਡ ਮੰਨ ਜਾਂਦਾ। ਸਿਕੰਦਰ ਨੇ ਕਿਹਾ: ਜੇ ਮੈਂ ਡੇਰੀਅਸ ਹੁੰਦਾ ਤਾਂ ਮੈਂ ਵੀ ਮੰਨ ਜਾਂਦਾ ਪਰ ਮੈਂ ਕੀ ਕਰਾਂ, ਮੈਂ ਡੇਰੀਅਸ ਨਹੀਂ, ਮੈਂ ਸਿਕੰਦਰ ਹਾਂ।

ਇਕ ਵਾਰੀ ਸਿਕੰਦਰ ਨੇ ਸਭ ਕੁਝ ਵੰਡ ਦਿੱਤਾ। ਦੋਸਤ ਨੇ ਪੁੱਛਿਆ: ਆਪਣੇ ਲਈ ਕੀ ਰੱਖਿਆ ਹੈ ਤਾਂ ਸਿਕੰਦਰ ਨੇ ਕਿਹਾ ਸੀ: ਉਮੀਦ।

ਸਿਕੰਦਰ ਕੋਲ ਇਤਿਹਾਸਕ ਦ੍ਰਿਸ਼ਟੀ ਸੀ।

ਉਹ ਜਾਣਦਾ ਸੀ ਕਿ ਉਹ ਇਤਿਹਾਸ ਰੱਚ ਰਿਹਾ ਸੀ।

ਏਸ਼ੀਆ ਵਿਚ ਉਸ ਦਾ ਡੰਕਾ ਵੱਜਦਾ ਸੀ। ਉਸ ਨੇ ਸੰਸਾਰ ਵਿਚ ਪੈਂਤੀ ਨਵੇਂ ਸ਼ਹਿਰ ਵਸਾਏ ਅਤੇ ਹਰ ਖੇਤਰ 'ਤੇ ਆਪਣਾ ਪ੍ਰਭਾਵ ਛੱਡਿਆ।

ਸਿਕੰਦਰ ਨੂੰ ਕੱਪੜੇ ਸਜਾਉਣ ਦਾ ਸ਼ੌਕ ਸੀ। ਉਹ ਸੋਹਣੇ, ਨਵੇਂ ਅਤੇ ਮਜ਼ਬੂਤ ਹਥਿਆਰਾਂ ਦਾ ਮਤਵਾਲਾ ਸੀ। ਉਹ ਚੰਗੇ ਘੋੜਿਆਂ ਦਾ ਪਾਰਖੂ ਸੀ।

ਜੇਹਲਮ ਉਸ ਦੇ ਘੋੜੇ ਦਾ ਨਾਂ ਸੀ, ਜਿਸ ਦੇ ਮਰਨ 'ਤੇ ਸਿਕੰਦਰ ਨੇ ਭਾਰਤ ਦੇ ਇਕ ਦਰਿਆ ਦਾ ਨਾਂ ਜੇਹਲਮ ਰੱਖ ਦਿੱਤਾ ਸੀ।

ਜੇਹਲਮ, ਸਿਕੰਦਰ ਤੋਂ ਸਿਵਾਏ ਕਿਸੇ ਨੂੰ ਪ੍ਰਵਾਨ ਨਹੀਂ ਸੀ ਕਰਦਾ। ਜਦੋਂ ਸਿਕੰਦਰ ਸਵਾਰੀ ਕਰਦਾ ਸੀ ਤਾਂ ਜੇਹਲਮ ਅਤੇ ਸਿਕੰਦਰ ਇਕ ਹੋ ਜਾਂਦੇ ਸਨ।

ਉਸ ਦੇ ਦੋ ਪੱਕੇ ਦੋਸਤ ਸਨ। ਹੇਪਹੇਸਟੀਅਨ ਉਸ ਦੇ ਬਚਪਨ ਦਾ ਦੋਸਤ ਸੀ। ਦੂਜਾ ਦੋਸਤ ਕਰੇਟਰਸ ਸੀ। ਸਿਕੰਦਰ ਪਿਆਰ ਪਹਿਲੇ ਨੂੰ ਕਰਦਾ ਸੀ, ਸਤਿਕਾਰ ਵਧੇਰੇ ਦੂਜੇ ਦਾ ਕਰਦਾ ਸੀ। ਹੇਪਹੇਸਟੀਅਨ ਅਤੇ ਸਿਕੰਦਰ ਦਾ ਇਕ ਹੀ ਪਹਿਰਾਵਾ

ਹੁੰਦਾ ਸੀ। ਇਕ ਦੇ ਬੋਲ, ਦੂਜੇ ਦੇ ਬੋਲ ਸਮਝੇ ਜਾਂਦੇ ਸਨ।

ਕਰੇਟਰਸ ਸਿਕੰਦਰ-ਬਾਦਸ਼ਾਹ ਦਾ ਦੋਸਤ ਸੀ, ਹੇਫਹੇਸਟੀਅਨ ਸਿਕੰਦਰ ਦਾ ਦੋਸਤ ਸੀ। ਕਰੇਟਰਸ ਯੂਨਾਨੀ ਲਿਬਾਸ ਪਹਿਨਦਾ ਸੀ, ਸਿਕੰਦਰ ਲਈ ਉਹ ਯੂਨਾਨ ਦੀ ਪਛਾਣ ਅਤੇ ਅਵਾਜ਼ ਸੀ।

ਸਿਕੰਦਰ ਆਪਣੇ ਜੀਵਨ ਵਿਚ ਇਕ ਵੀ ਲੜਾਈ ਨਹੀਂ ਹਾਰਿਆ।

ਜ਼ਮਾਨੇ ਦਾ ਕੋਈ ਅਜਿਹਾ ਹਥਿਆਰ ਨਹੀਂ ਸੀ ਜਿਸ ਦੇ ਜ਼ਖ਼ਮ ਦਾ ਸਿਕੰਦਰ ਦੇ ਸਰੀਰ ਤੇ ਨਿਸ਼ਾਨ ਨਹੀਂ ਸੀ। ਉਸ ਕੋਲ ਦਸ ਹਜ਼ਾਰ ਘੋੜਸਵਾਰ ਫੌਜ ਸੀ। ਉਹ ਲੜਾਈ ਨੂੰ ਫੈਸਲਾਕੁੰਨ ਪੜਾਓ 'ਤੇ ਲਿਆ ਕੇ, ਇਸ ਘੋੜਸਵਾਰ ਫੌਜ ਨੂੰ ਯੁੱਧ ਦੇ ਮੈਦਾਨ ਵਿਚ ਉਤਾਰਦਾ ਸੀ ਅਤੇ ਲੜਾਈ ਦਾ ਫੈਸਲਾ ਹੋ ਜਾਂਦਾ ਸੀ। ਇਵੇਂ ਉਹ ਯੁੱਧ ਦੀਆਂ ਵਿਉਂਤਾਂ ਬਣਾਉਣ ਵਿਚ ਮਾਹਿਰ ਸੀ।

ਉਹ ਯੁੱਧ ਦੇ ਮੈਦਾਨ ਵਿਚ ਧੀਰਜ ਨਾਲ ਸੋਚ ਸਕਦਾ ਸੀ।

ਉਹ ਅਸੰਭਵ ਨੂੰ ਸੰਭਵ ਬਣਾਉਣ ਵਿਚ ਨਿਪੁੰਨ ਸੀ।

ਇਕ ਵਾਰੀ ਇਕ ਸਿੱਧੀ ਪਹਾੜੀ 'ਤੇ ਚੜ੍ਹਨ ਲਈ ਉਸ ਨੇ ਇਕ ਫੌਜੀ ਮੰਗਿਆ, ਤਿੰਨ ਸੌ ਤੋਂ ਵੱਧ ਫੌਜੀ ਅੱਗੇ ਆਏ, ਜਿਨ੍ਹਾਂ ਨੇ ਰਾਤੋ-ਰਾਤ ਪਹਾੜੀ 'ਤੇ ਚੜ੍ਹ ਕੇ ਸਿਕੰਦਰ ਦਾ ਜਦੋਂ ਝੰਡਾ ਲਹਿਰਾ ਦਿੱਤਾ ਤਾਂ ਅਫਵਾਹ ਫੈਲ ਗਈ ਕਿ ਸਿਕੰਦਰ ਕੋਲ ਉੱਡਣ ਵਾਲੀ ਪਰਾਂ ਵਾਲੀ ਫੌਜ ਵੀ ਸੀ। ਉਹ ਆਪਣੇ ਭਾਸ਼ਣ ਨਾਲ ਹੀ ਜਿੱਤ ਦੀ ਨੁਹਾਰ ਨਿਸਚਿਤ ਕਰ ਦਿਆ ਕਰਦਾ ਸੀ। ਉਸ ਦੇ ਹਮਲਾ ਕਰਨ ਤੋਂ ਪਹਿਲਾਂ ਹੀ, ਉਸ ਦੇ ਜਿੱਤਣ ਦੀਆਂ ਖ਼ਬਰਾਂ ਫੈਲ ਜਾਂਦੀਆਂ ਸਨ।

ਹੁਣ ਵੀ ਸੰਸਾਰ ਵਿਚ ਫੌਜਾਂ ਦੇ ਜਰਨੈਲ, ਉਸ ਦੀ ਯੁੱਧ-ਕਲਾ ਅਤੇ ਯੁੱਧ ਦੇ ਪੈਂਤੜਿਆਂ ਦਾ ਅਧਿਐਨ ਕਰਦੇ ਹਨ। ਉਹ ਜਰਨੈਲਾਂ ਦਾ ਜਰਨੈਲ ਸੀ।

ਪਹਿਲਾਂ ਸਿਕੰਦਰ ਜਿੱਤ ਲਈ ਤਾਂਘਦਾ ਸੀ, ਫਿਰ ਜਿੱਤਾਂ ਸਿਕੰਦਰ ਲਈ ਤਾਂਘਣ ਲੱਗ ਪਈਆਂ ਸਨ।

ਸਿਕੰਦਰ ਦਾ ਭੈਅ ਅਤੇ ਰੋਅਬ ਇਤਨਾ ਸੀ ਕਿ ਰਾਜੇ ਉਸ ਦੀ ਈਨ ਮੰਨਣ ਲਈ ਕਾਹਲੇ ਪੈ ਜਾਂਦੇ ਸਨ, ਕਿਉਂਕਿ ਜਿਸ-ਜਿਸ ਨੇ ਉਸ ਦੀ ਈਨ ਮੰਨੀ ਉਸ-ਉਸ ਨੂੰ ਉਸ ਨੇ ਰਾਜਾ ਥਾਪਿਆ। ਜਦੋਂ ਚੱਲਿਆ ਸੀ, ਯੂਨਾਨ ਦੇ ਸਿਰ ਤੇ ਕਰਜ਼ਾ ਸੀ, ਪੰਜਾਹ ਮਹੀਨਿਆਂ ਵਿਚ ਸੰਸਾਰ ਦੇ ਖਜ਼ਾਨੇ ਉਸ ਦੇ ਹੋਣ ਲਈ ਤਰਲੇ ਲੈ ਰਹੇ ਸਨ।

ਸੰਸਾਰ ਵਿਚ ਉਹ ਪਹਿਲਾ ਅਤੇ ਅੰਤਲਾ ਯੋਧਾ ਸੀ, ਜਿਸ ਨੇ ਸੰਸਾਰ ਨੂੰ ਜਿੱਤਣ ਦਾ ਸੁਪਨਾ ਵੇਖਿਆ ਅਤੇ ਸੁਪਨਾ ਪੂਰਾ ਕਰਨ ਦਾ ਉਪਰਾਲਾ ਵੀ ਕੀਤਾ। ਸਿਕੰਦਰ ਦੀ ਜਰਨੈਲੀ-ਯੋਗਤਾ ਦੇ ਕਿੱਸੇ ਸਾਰੇ ਜਗਤ ਵਿਚ ਪ੍ਰਸਿੱਧ ਹਨ। ਇਕ ਵਾਰੀ ਉਸ ਨੇ ਇਕ ਲੜਾਈ ਵਿਚ ਪਹਾੜੀ ਰਸਤੇ ਦੇ ਚਾਰ ਸੌ ਮੀਲ ਦਾ ਸਫ਼ਰ ਪੂਰੇ ਫੌਜੀ ਲਸ਼ਕਰ ਨਾਲ, ਗਿਆਰ੍ਹਾਂ ਦਿਨਾਂ ਵਿਚ ਪੂਰਾ ਕੀਤਾ।

ਉਸ ਦੀ ਫੌਜ ਥਕਾਵਟ, ਭੁੱਖ ਅਤੇ ਪਿਆਸ ਨਾਲ ਬੇਹਾਲ ਸੀ। ਵਾਪਸ ਮੁੜਨ ਦੀਆਂ ਗਲਾਂ ਹੋ ਰਹੀਆਂ ਸਨ। ਸਭ ਤੋਂ ਵੱਡੀ ਘਾਟ ਪਾਣੀ ਦੀ ਸੀ। ਕੁਝ ਸਿਪਾਹੀਆਂ ਨ ਦੂਰੋਂ, ਦਰਿਆ ਤੋਂ ਪਾਣੀ ਦੇ ਕੁਝ ਤੋੜੇ ਲਿਆਂਦੇ ਅਤੇ ਪਾਣੀ ਦਾ ਪਹਿਲਾ

ਪਿਆਲਾ ਸਿਕੰਦਰ ਨੂੰ ਦਿੱਤਾ। ਸਾਰੇ ਵੇਖ ਰਹੇ ਸਨ। ਸਿਕੰਦਰ ਨੇ ਆਪ ਪੀਣ ਦੀ ਬਜਾਇ ਕਿਹਾ: ਅਸੀਂ ਸਾਰੇ ਪਿਆਸੇ ਹਾਂ, ਪਹਿਲਾਂ ਮੇਰੇ ਸਾਥੀ ਪੀਣਗੇ, ਜਦੋਂ ਉਨ੍ਹਾਂ ਦੀ ਪਿਆਸ ਬੁੱਝ ਜਾਵੇਗੀ, ਮੇਰੀ ਆਪੇ ਬੁੱਝ ਜਾਵੇਗੀ। ਸਿਕੰਦਰ ਦੇ ਇਸ ਵਿਹਾਰ ਨੂੰ ਵੇਖ ਕੇ, ਵਾਪਸ ਮੁੜਨ ਦੀਆਂ ਗੱਲਾਂ ਕਰਨ ਵਾਲੇ ਸਿਪਾਹੀ, ਹੌਸਲੇ ਵਿਚ ਆ ਕੇ ਕਹਿਣ ਲੱਗੇ: ਤੇਰੇ ਜਿਹਾ ਆਗੂ ਹੋਵੇ, ਪਿਆਸ-ਭੁੱਖ ਕੁਝ ਵੀ ਨਹੀਂ। ਚੱਲ ਨਵੀਆਂ ਧਰਤੀਆਂ ਜਿੱਤੀਏ ਅਤੇ ਨਵਾਂ ਇਤਿਹਾਸ ਸਿਰਜੀਏ। ਅਸੀਂ ਸਾਰੀ ਦੁਨੀਆਂ ਜਿੱਤ ਕੇ ਤੇਰੇ ਕਦਮਾਂ ਵਿਚ ਵਿਛਾ ਦਿਆਂਗੇ।

ਭਾਰਤ ਵਿਚ, ਲੜਾਈ ਤੋਂ ਪਹਿਲਾਂ, ਸਿਕੰਦਰ ਨੇ ਪੋਰਸ ਨੂੰ ਸੁਨੇਹਾ ਭੇਜਿਆ ਕਿ ਮੈਨੂੰ ਆਪਣੇ ਰਾਜ ਦੀਆਂ ਹੱਦਾਂ 'ਤੇ ਆ ਕੇ ਮਿਲ, ਸਵਾਗਤ ਕਰ, ਈਨ ਮੰਨ ਅਤੇ ਨਜ਼ਰਾਨਾ ਭੇਟ ਕਰ। ਪੋਰਸ ਨੇ ਉੱਤਰ ਭੇਜਿਆ: ਮੈਂ ਮਿਲਾਂਗਾ ਜ਼ਰੂਰ ਪਰ ਯੁੱਧ ਦੇ ਮੈਦਾਨ ਵਿਚ, ਤਿਆਰ ਹੋ ਕੇ ਆਉਣਾ।

ਪੋਰਸ ਹਾਰ ਜ਼ਰੂਰ ਗਿਆ ਸੀ ਪਰ ਉਹ ਝੁਕਿਆ ਨਹੀਂ ਸੀ।

ਸਿਕੰਦਰ ਆਪ ਬਹਾਦਰ ਸੀ ਅਤੇ ਬਹਾਦਰਾਂ ਦਾ ਕਦਰਦਾਨ ਸੀ।

ਉਹ ਬਹਾਦਰ ਪੋਰਸ ਦੇ ਦੀਦਾਰ ਕਰਨੇ ਚਾਹੁੰਦਾ ਸੀ। ਉਸਨੇ ਕਈ ਸੁਨੇਹੇ ਭੇਜੇ ਪਰ ਪੋਰਸ ਨੇ ਕੋਈ ਪ੍ਰਵਾਹ ਨਾ ਕੀਤੀ। ਅੰਤ ਨੂੰ ਸੰਦੇਸ਼ ਭੇਜਿਆ: ਇਹ ਇਕ ਦੋਸਤ ਦਾ ਸੁਨੇਹਾ ਹੈ। ਪੋਰਸ, ਆਇਆ, ਦੋਵੇਂ ਜ਼ਖ਼ਮੀ ਸਨ। ਆਹਮੋ-ਸਾਹਮਣੇ ਖਲੋਤਿਆਂ, ਸਿਕੰਦਰ ਨੇ ਪੋਰਸ ਨੂੰ ਪੁੱਛਿਆ: ਕੀ ਸੋਚ ਕੇ ਮੇਰੇ ਵਿਰੁੱਧ ਡੱਟਿਆ ਸੀ ਤੂੰ? ਤੈਨੂੰ ਪਤਾ ਸੀ ਕਿ ਮੈਂ ਸ਼ਰਨ ਆਇਆਂ ਨੂੰ ਮੁਆਫ਼ ਕਰਨ ਲਈ ਪ੍ਰਸਿੱਧ ਹਾਂ।

ਪੋਰਸ ਨੇ ਕਿਹਾ: ਮੈਨੂੰ ਆਪਣੇ-ਆਪ 'ਤੇ, ਆਪਣੀ ਬਹਾਦਰੀ 'ਤੇ ਮਾਣ ਸੀ, ਮੈਂ ਸੋਚਿਆ ਕਰਦਾ ਸਾਂ ਕਿ ਮੈਂ ਸਭ ਤੋਂ ਵੱਧ ਬਹਾਦਰ ਹਾਂ। ਇਸ ਲੜਾਈ ਵਿਚ ਮੈਂ ਆਪਣੀ ਬਹਾਦਰੀ, ਤੇਰੀ ਬਹਾਦਰੀ ਨਾਲ ਮਾਪੀ ਹੈ। ਮੈਂ ਮੰਨਦਾ ਹਾਂ ਕਿ ਤੂੰ ਮੇਰੇ ਨਾਲੋਂ ਵੀ ਬਹਾਦਰ ਹੈਂ ਪਰ ਤੂੰ ਵੀ ਮੰਨ ਕਿ ਮੈਂ ਵੀ ਬਹਾਦਰ ਹਾਂ।

ਅੰਤ ਨੂੰ ਜਦੋਂ ਸਿਕੰਦਰ ਨੇ ਪੁੱਛਿਆ: ਤੇਰੇ ਨਾਲ ਕੀ ਸਲੂਕ ਕੀਤਾ ਜਾਵੇ ਤਾਂ ਪੋਰਸ ਨੇ ਮਾਣ ਨਾਲ ਕਿਹਾ ਸੀ: ਜੋ ਇਕ ਬਾਦਸ਼ਾਹ ਵੱਲੋਂ ਦੂਜੇ ਬਾਦਸ਼ਾਹ ਨਾਲ ਕੀਤਾ ਜਾਣਾ ਚਾਹੀਦਾ ਹੈ। ਇਹ ਸੁਣ ਕੇ ਸਿਕੰਦਰ ਪ੍ਰਸੰਨ ਹੋਇਆ ਸੀ। ਸਿਕੰਦਰ ਨੇ ਦੂਜਾ ਪ੍ਰਸ਼ਨ ਪੁੱਛਿਆ ਸੀ: ਦਸ, ਤੈਨੂੰ ਕੀ ਚਾਹੀਦਾ ਹੈ? ਪੋਰਸ ਨੇ ਕਿਹਾ: ਸਿਕੰਦਰ, ਤੇਰੇ ਪਹਿਲੇ ਸਵਾਲ ਦੇ ਜਵਾਬ ਵਿਚ, ਮੈਂ ਜੋ ਕਿਹਾ ਹੈ, ਉਸ ਵਿਚ ਸਭ ਵੇਰਵੇ ਸ਼ਾਮਿਲ ਹਨ। ਪਹਿਲੇ ਸਵਾਲ ਦੇ ਜਵਾਬ ਤੋਂ ਪ੍ਰਸੰਨ ਹੋ ਕੇ ਸਿਕੰਦਰ ਨੇ ਪੋਰਸ ਦੀ ਬਾਦਸ਼ਾਹੀ ਮੋੜ ਦਿੱਤੀ ਸੀ। ਦੂਜੇ ਪ੍ਰਸ਼ਨ ਦੇ ਉੱਤਰ ਵਿਚ ਪੋਰਸ ਦੇ ਬੋਲੇ ਸ਼ਬਦਾਂ ਤੋਂ ਨਿਹਾਲ ਹੋ ਕੇ ਸਿਕੰਦਰ ਨੇ ਪੋਰਸ ਦੀ ਬਾਦਸ਼ਾਹੀ ਵਿਚ ਹੋਰ ਇਲਾਕੇ ਜੋੜ ਕੇ, ਉਸ ਦੇ ਰਾਜ ਨੂੰ ਵਿਸ਼ਾਲ ਕਰ ਦਿੱਤਾ ਸੀ।

ਸਿਕੰਦਰ ਹੈ ਤਾਂ ਹਮਲਾਵਰ ਹੀ ਸੀ ਪਰ ਪੋਰਸ ਨਾਲ ਚੰਗਾ ਵਿਹਾਰ ਕਰਨ ਕਰਕੇ, ਉਸ ਨੇ ਭਾਰਤੀਆਂ ਦੇ ਦਿਲ ਜਿੱਤ ਲਏ ਸਨ।

ਸਿਕੰਦਰ ਨੇ ਕੇਵਲ ਭਾਰਤ ਦੇ ਪੋਰਸ ਨਾਲ ਹੀ ਚੰਗਾ ਸਲੂਕ ਨਹੀਂ ਸੀ ਕੀਤਾ,

ਉਸ ਨੇ ਹਰ ਬਾਦਸ਼ਾਹ ਨਾਲ ਚੰਗਾ ਸਲੂਕ ਕੀਤਾ ਸੀ, ਕਿਉਂਕਿ ਉਸ ਨੇ ਵਾਪਸ ਵੀ ਜਾਣਾ ਸੀ, ਇਸ ਲਈ ਉਹ ਆਪਣੀਆਂ ਜਿੱਤਾਂ ਨੂੰ ਸਦਭਾਵਨਾ ਦੇ ਰੰਗ ਵਿਚ ਰੰਗਦਾ ਚਲਾ ਗਿਆ।

ਇਹੀ ਕਾਰਨ ਹੈ ਕਿ ਵਿਸ਼ਵ ਭਰ ਵਿਚ, ਸਿਕੰਦਰ ਬਾਰੇ ਹਰੇਕ ਗੱਲ ਪ੍ਰਸ਼ੰਸਾਮਈ ਮੁਹਾਵਰੇ ਵਿਚ ਹੀ ਕੀਤੀ ਜਾਂਦੀ ਹੈ।

ਹਮਲਾਵਰ ਹੋਣ 'ਤੇ ਵੀ ਸਤਿਕਾਰ ਜਿੱਤਣਾ, ਕੇਵਲ ਸਿਕੰਦਰ ਜਾਣਦਾ ਸੀ।

ਸਿਕੰਦਰ ਨੇ ਸਾਬਤ ਕੀਤਾ ਸੀ ਕਿ ਯੁੱਧ ਜਿੱਤਣ ਤੋਂ ਬਿਨਾਂ ਬਾਦਸ਼ਾਹੀਆਂ ਨਹੀਂ ਉਸਰਦੀਆਂ ਅਤੇ ਬਾਦਸ਼ਾਹੀਆਂ ਤੋਂ ਬਿਨਾਂ ਸਭਿਅਤਾਵਾਂ ਦਾ ਪ੍ਰਭਾਵ ਨਹੀਂ ਪੈਂਦਾ।

ਸੁਤੰਤਰਤਾ ਉਪਰੰਤ ਭਾਰਤ ਦੇ ਰਾਸ਼ਟਰਪਤੀ ਡਾ. ਰਾਧਾ ਕ੍ਰਿਸ਼ਨਨ ਨੇ, ਯੂਨਾਨ ਦੇ ਬਾਦਸ਼ਾਹ ਦਾ, ਭਾਰਤ ਯਾਤਰਾ 'ਤੇ ਪਹੁੰਚਣ ਸਮੇਂ ਸਵਾਗਤ ਕਰਦਿਆਂ ਕਿਹਾ ਸੀ: ਸਾਡੇ, ਤੁਹਾਡੇ ਨਾਲ ਸੰਬੰਧ ਹਜ਼ਾਰਾਂ ਸਾਲ ਪੁਰਾਣੇ ਹਨ। ਤੁਸੀਂ ਯੂਨਾਨ ਦੇ ਪਹਿਲੇ ਬਾਦਸ਼ਾਹ ਹੋ, ਜਿਹੜੇ ਸਾਡੇ ਸੱਦੇ 'ਤੇ ਆਏ ਹੋ। ਤੁਹਾਡਾ ਸਿਕੰਦਰ, ਢਾਈ ਹਜ਼ਾਰ ਸਾਲ ਪਹਿਲਾਂ, ਬਿਨ ਬੁਲਾਏ ਹੀ ਆਇਆ ਸੀ।

ਸਿਕੰਦਰ ਨੇ ਸਾਰੇ ਸਮਝੌਤੇ ਪਾਲੇ, ਸਾਰੇ ਵਾਅਦੇ ਨਿਭਾਏ।

ਉਹ ਦੇਣ ਵਿਚ ਮਹਾਨ ਸੀ, ਮੁਆਫ਼ ਕਰਨ ਵਿਚ ਉਹ ਲਾਸਾਨੀ ਸੀ।

ਉਹ ਇਤਨਾ ਹਿੰਮਤੀ ਸੀ ਕਿ ਇਹ ਕਦੇ ਹੋਇਆ ਹੀ ਨਹੀਂ ਸੀ ਕਿ ਸਿਕੰਦਰ ਆਪ ਖਲੋਤਾ ਰਹੇ ਅਤੇ ਬਹਾਦਰੀ ਕੋਈ ਹੋਰ ਵਿਖਾ ਜਾਏ।

ਉਹ ਆਪਣੀ ਗਲਤੀ ਝੱਟ ਮੰਨ ਲੈਂਦਾ ਸੀ, ਗਲਤੀ ਤੋਂ ਸਬਕ ਸਿੱਖਦਾ ਸੀ, ਅਤੀਤ ਦੀ ਥਾਂ ਉਹ ਭਵਿੱਖ ਵੱਲ ਵੇਖਦਾ ਸੀ।

ਉਸ ਕੋਲ ਪਛਤਾਵਿਆਂ ਲਈ ਵਕਤ ਹੀ ਨਹੀਂ ਸੀ।

ਉਹ ਉਦੋਂ ਹੀ ਉਦਾਸ ਹੁੰਦਾ ਸੀ, ਜਦੋਂ ਯੁੱਧ ਦੇ ਮੈਦਾਨ ਵਿਚ ਉਸ ਦਾ ਕੋਈ ਬਹਾਦਰ ਜਰਨੈਲ ਜਾਂ ਨਮੂਨੇ ਦਾ ਸਿਪਾਹੀ ਵਿਛੜਦਾ ਸੀ।

ਉਸ ਵਿਚ ਮਹਾਨ ਵਿਅਕਤੀਆਂ ਵਾਲੇ ਸਧਾਰਨ ਦੋਸ਼ ਵੀ ਸਨ।

ਉਹ ਕਾਹਲਾ ਸੀ, ਤੈਸ਼ ਵਿਚ ਆ ਜਾਂਦਾ ਸੀ, ਚਾਪਲੂਸ ਉਸ ਨੂੰ ਭਰਮਾ ਲੈਂਦੇ ਸਨ। ਉਸ ਦੇ ਕਈ ਨੁਕਸ ਜੱਦੀ ਸਨ, ਕੁਝ ਜਵਾਨੀ ਨਾਲ ਸੰਬੰਧਤ ਸਨ।

ਸੰਸਾਰ ਦੇ ਬਾਦਸ਼ਾਹਾਂ ਵਿਚੋਂ ਸਭ ਤੋਂ ਘੱਟ ਦੋਸ਼, ਸਿਕੰਦਰ ਦੇ ਚਰਿੱਤਰ 'ਤੇ ਲੱਗਦੇ ਹਨ। ਉਹ ਕਿਹਾ ਕਰਦਾ ਸੀ ਕਿ ਬਾਦਸ਼ਾਹ ਵਿਚ ਵਸਤਰਾਂ ਅਤੇ ਗਹਿਣਿਆਂ ਦੀ ਨਹੀਂ, ਚਰਿੱਤਰ ਦੀ ਚਮਕ ਹੋਣੀ ਚਾਹੀਦੀ ਹੈ।

ਸਿਕੰਦਰ ਆਪਣੀ ਮਾਂ ਦਾ ਸਤਿਕਾਰ ਕਰਦਾ ਸੀ ਅਤੇ ਆਪਣੀਆਂ ਮੁਹਿੰਮਾਂ ਬਾਰੇ ਮਾਂ ਨੂੰ ਲਿਖਦਾ ਰਹਿੰਦਾ ਸੀ ਅਤੇ ਮਾਂ ਦੇ ਖ਼ਤ ਪ੍ਰਾਪਤ ਕਰਦਾ ਰਹਿੰਦਾ ਸੀ।

ਏਸ਼ੀਆ ਦੀ ਮੁਹਿੰਮ ਫ਼ਤਹਿ ਕਰਕੇ, ਉਹ ਮਾਂ ਨੂੰ ਮਿਲਣਾ ਚਾਹੁੰਦਾ ਸੀ ਪਰ ਉਸ ਦੀ ਇਹ ਖ਼ਾਹਿਸ਼ ਪੂਰੀ ਨਾ ਹੋਈ।

ਸਭ ਤੋਂ ਵੱਧ ਅਧੂਰੀਆਂ ਖ਼ਾਹਿਸ਼ਾਂ, ਬਾਦਸ਼ਾਹਾਂ ਦੀਆਂ ਹੁੰਦੀਆਂ ਹਨ।

ਖ਼ਾਹਿਸ਼ਾਂ ਬਾਦਸ਼ਾਹਾਂ ਨੂੰ ਖ਼ੂਬ ਭਟਕਾਉਂਦੀਆਂ ਹਨ। ਸਿਕੰਦਰ ਵੀ ਭਟਕਿਆ।

ਮਲੇਰੀਏ ਨਾਲ ਪੀੜਤ ਸਿਕੰਦਰ, ਪੂਰੇ ਹੋਸ਼-ਹਵਾਸ ਵਿਚ ਮਰਿਆ।

ਬੱਤੀ ਸਾਲ ਦੀ ਉਮਰ ਵਿਚ ਸਿਕੰਦਰ ਮਰ ਵੀ ਗਿਆ ਸੀ।

ਜਦੋਂ ਉਸ ਨੂੰ ਪਤਾ ਲੱਗ ਗਿਆ ਕਿ ਉਸ ਦੇ ਬਚਣ ਦੀ ਕੋਈ ਸੰਭਾਵਨਾ ਨਹੀਂ ਤਾਂ ਉਸ ਨੇ ਲਿਖ ਕੇ ਕਿਹਾ ਕਿ ਉਸ ਦੇ ਮਰਨ 'ਤੇ ਤਿੰਨ ਕੰਮ ਕੀਤੇ ਜਾਣ।

ਪਹਿਲਾ: ਮੇਰੀ ਅਰਥੀ ਮੇਰੇ ਹਕੀਮ ਚੁੱਕ ਕੇ ਲੈ ਕੇ ਜਾਣ ਤਾਂ ਕਿ ਸੰਸਾਰ ਜਾਣ ਜਾਵੇ ਕਿ ਮੌਤ ਤੋਂ ਕੋਈ ਨਹੀਂ ਬਚਿਆ, ਕੋਈ ਨਹੀਂ ਬਚਾ ਸਕਦਾ।

ਦੂਜਾ: ਕਬਰਸਤਾਨ ਤੱਕ ਦੇ ਰਸਤੇ ਉੱਤੇ, ਮੇਰੇ ਖਜ਼ਾਨਿਆਂ ਵਿਚ ਪਏ ਹੀਰੇ-ਮੋਤੀ, ਖਿਲਾਰੇ ਜਾਣ ਤਾਂ ਕਿ ਹਰ ਕੋਈ ਜਾਣ ਜਾਵੇ ਕਿ ਸਭ ਦੌਲਤਾਂ ਅਤੇ ਸਾਰੇ ਖਜ਼ਾਨੇ ਇਥੇ ਹੀ ਰਹਿ ਜਾਣਗੇ।

ਤੀਜਾ: ਮੇਰੀ ਅਰਥੀ ਵਿਚੋਂ ਮੇਰੇ ਹੱਥ ਬਾਹਰ ਕੱਢ ਕੇ ਰੱਖੇ ਜਾਣ ਤਾਂ ਕਿ ਮੈਂ ਸੰਸਾਰ ਨੂੰ ਦਸ ਸਕਾਂ ਕਿ ਜਿਸ ਨੇ ਦੁਨੀਆਂ ਜਿੱਤ ਲਈ ਸੀ, ਦੁਨੀਆਂ ਤੋਂ ਜਾਣ ਵੇਲੇ ਉਸ ਦੇ ਵੀ ਦੋਵੇਂ ਹੱਥ ਖ਼ਾਲੀ ਸਨ।

ਸਿਕੰਦਰ ਨੂੰ ਭਾਰਤ ਦੀ ਰੂਹਾਨੀਅਤ ਨੇ ਵੰਗਾਰਿਆ ਸੀ।

ਇਕ ਨਾਂਗੇ ਫਕੀਰ ਨੇ ਸਿਕੰਦਰ ਨੂੰ ਕਿਹਾ ਸੀ: ਤੂੰ ਸਾਡੇ ਵਾਂਗ ਹੀ ਇਕ ਸਧਾਰਨ ਬੰਦਾ ਹੈਂ ਪਰ ਤੂੰ ਘਰ-ਬਾਰ ਤਿਆਗ ਕੇ, ਦੂਰ-ਦੁਰਾਡੀਆਂ ਧਰਤੀਆਂ 'ਤੇ, ਆਪ ਦੁਖੀ ਹੋਣ ਅਤੇ ਹੋਰਾਂ ਨੂੰ ਦੁਖੀ ਕਰਨ ਆਇਆ ਹੈਂ।

ਆਪਣੇ ਜੀਵਨ ਦੇ ਅੰਤਲੇ ਦਿਨਾਂ ਵਿਚ, ਸਿਕੰਦਰ ਦਾਰਸ਼ਨਿਕ ਹੋ ਗਿਆ ਸੀ।

ਸਿਕੰਦਰ ਲਈ ਹਰੇਕ ਦਿਨ ਇਕ ਨਵੀਂ ਮੁਹਿਮ ਹੋਇਆ ਕਰਦਾ ਸੀ।

ਉਹ ਦਰਿਆ ਵਾਂਗ ਖੁੱਲ੍ਹਾ ਸੀ, ਪਹਾੜ ਵਾਂਗ ਵਿਸ਼ਾਲ, ਮੈਦਾਨ ਵਾਂਗ ਸਰਲ, ਅਸਮਾਨ ਵਾਂਗ ਉੱਚਾ ਅਤੇ ਸਮੁੰਦਰ ਵਾਂਗ ਭਰਿਆ ਹੋਇਆ ਸੀ।

ਉਸਦਾ ਸੁਪਨਾ ਇਕ ਵਿਸ਼ਵ-ਸਭਿਅਤਾ ਉਸਾਰਨ ਦਾ ਸੀ ਪਰ ਉਸ ਕੋਲ ਆਪਣੇ ਇਰਾਦਿਆਂ ਨੂੰ ਸਾਕਾਰ ਕਰਨ ਦੇ ਪੱਖੋਂ ਬਹੁਤਾ ਵਕਤ ਨਹੀਂ ਸੀ, ਕਿਉਂਕਿ ਜ਼ਿੰਦਗੀ ਨੇ ਵਫ਼ਾ ਨਹੀਂ ਸੀ ਕੀਤੀ। ਉਸ ਕੋਲ ਸਾਹ ਥੁੜ੍ਹ ਗਏ ਸਨ।

ਜਿਸ ਨੇ ਕਦੇ ਹਾਰ ਸ਼ਬਦ ਨਹੀਂ ਸੀ ਸੁਣਿਆ, ਉਸ ਨੂੰ ਮੌਤ ਨੇ ਜਿੱਤ ਲਿਆ ਸੀ।

ਉਹ ਅੱਜ ਵੀ ਪ੍ਰੇਰਣਾ ਦਾ ਸਰੋਤ ਹੈ, ਹਿੰਮਤ ਅਤੇ ਲਗਨ ਦਾ ਵਗਦਾ ਦਰਿਆ ਹੈ। ਉਹ ਹਾਰਿਆਂ ਦਾ ਹੌਸਲਾ ਹੈ। ਉਹ ਨਿਆਸਰਿਆਂ, ਨਿਪੱਤਿਆਂ ਅਤੇ ਪੱਛੜਿਆਂ ਲਈ ਜਿੱਤ ਦਾ ਪਰਚਮ ਹੈ। ਉਹ ਉਦੇਸ਼ਹੀਣਾਂ ਲਈ ਵੰਗਾਰ ਹੈ। ਉਹ ਵੱਡੇ ਅਤੇ ਉੱਚੇ ਸੁਪਨਿਆਂ ਦਾ ਅੰਬਾਰ ਹੈ। ਉਹ ਆਸ-ਉਮੀਦ ਦਾ ਚਾਨਣ-ਮੁਨਾਰਾ ਹੈ।

ਉਹ ਵਿਸ਼ਵ ਇਤਿਹਾਸ ਦਾ ਪਹਿਲਾ ਮਹਾਨ ਨਾਇਕ ਹੈ।

ਸੰਸਾਰ ਵਿਚ ਸਿਕੰਦਰ ਇਕ ਹੀ ਹੋਇਆ ਹੈ।

ਸੰਸਾਰ ਲਈ ਇਕ ਹੀ ਸਿਕੰਦਰ ਕਾਫੀ ਹੈ।

+ + +

ਜ਼ਿਮੇਵਾਰੀ ਅਤੇ ਲਾਪ੍ਰਵਾਹੀ

ਜੇ ਅਧਿਆਪਕ ਵਿਚ ਆਪ ਪੜ੍ਹਨ ਦਾ ਸ਼ੌਕ ਨਹੀਂ ਤਾਂ ਉਹ ਵਿਦਿਆਰਥੀਆਂ ਨੂੰ ਪੜ੍ਹਾਉਣ ਦੀ ਜ਼ਿਮੇਵਾਰੀ ਤੋਂ ਵੀ ਸੱਖਣਾ ਹੋਵੇਗਾ।

ਜੇ ਕਿਸੇ ਪਰਿਵਾਰ ਦਾ ਕੋਈ ਉਦੇਸ਼ ਨਹੀਂ ਤਾਂ ਅਜਿਹੇ ਪਰਿਵਾਰ ਦੇ ਜੀਆਂ ਦਾ ਲਾਪ੍ਰਵਾਹ ਹੋਣਾ ਲਾਜ਼ਮੀ ਹੈ। ਅਸੀਂ ਜੋ ਕਹਿੰਦੇ, ਕਰਦੇ, ਉਸਾਰਦੇ, ਵਿਗਾੜਦੇ ਹਾਂ, ਉਸ ਦੇ ਚੰਗੇ-ਮਾੜੇ ਸਿੱਟਿਆਂ ਲਈ ਅਸੀਂ ਜ਼ਿਮੇਵਾਰ ਹੁੰਦੇ ਹਾਂ।

ਖੇਤਰ ਕੋਈ ਹੋਵੇ, ਆਗੂ ਜਾਂ ਮੁਖੀ ਜਾਂ ਪ੍ਰਬੰਧਕ ਦਾ ਉਘੜਵਾਂ ਲੱਛਣ ਕਰਤੱਵ ਨੂੰ ਨਿਭਾਉਣਾ ਅਤੇ ਅਸਫਲਤਾ ਦੀ ਜ਼ਿਮੇਵਾਰੀ ਸਵੀਕਾਰਨਾ ਹੁੰਦਾ ਹੈ।

ਅਸੀਂ ਜਿਸ ਨੂੰ ਵੀ ਮਿਲਦੇ ਹਾਂ, ਕੁਝ ਪਲਾਂ ਵਿਚ ਹੀ ਸਪੱਸ਼ਟ ਹੋ ਜਾਂਦਾ ਹੈ ਕਿ ਉਹ ਜ਼ਿਮੇਵਾਰ ਅਤੇ ਭਰੋਸੇਯੋਗ ਹੈ ਕਿ ਨਹੀਂ, ਉਹ ਨੇੜੇ ਜਾਣ ਅਤੇ ਨੇੜੇ ਲਿਆਉਣ ਯੋਗ ਹੈ ਕਿ ਨਹੀਂ, ਉਸ ਨਾਲ ਡੂੰਘਾ ਅਤੇ ਹੰਢਣਸਾਰ ਰਿਸ਼ਤਾ ਸੰਭਵ ਹੈ ਕਿ ਨਹੀਂ।

ਜ਼ਿਮੇਵਾਰ ਵਿਅਕਤੀ ਨੂੰ ਹਰ ਕੋਈ ਪਸੰਦ ਕਰਦਾ ਹੈ, ਜ਼ਿਮੇਵਾਰੀ ਦੀ ਹਰ ਥਾਂ ਪ੍ਰਸੰਸਾ ਹੁੰਦੀ ਹੈ। ਜੀਵਨ ਵਿਚ ਜ਼ਿਮੇਵਾਰੀ ਇਕ ਆਧਾਰੀ ਪੱਖ ਹੈ, ਜਿਸ ਤੋਂ ਬਿਨਾਂ ਮਨੁੱਖ ਦਾ ਮਹੱਤਵ ਨਹੀਂ ਉਸਰਦਾ। ਇਸ ਕਾਰਨ ਜ਼ਿਮੇਵਾਰੀ ਦੀ ਪ੍ਰਸੰਸਾ ਹੋਵੇ ਨਾ ਹੋਵੇ, ਪਰ ਲਾਪ੍ਰਵਾਹੀ ਦੀ ਆਲੋਚਨਾ ਜ਼ਰੂਰ ਹੁੰਦੀ ਹੈ।

ਅਨੁਸ਼ਾਸਨ ਤੋਂ ਬਿਨਾਂ ਰਚਨਾਤਮਕ ਨਹੀਂ ਹੋਇਆ ਜਾ ਸਕਦਾ।

ਜ਼ਿਮੇਵਾਰੀ ਅਨੁਸ਼ਾਸਨ ਦਾ ਨਾਂ ਹੈ। ਯੋਰਪ ਨੇ ਸੰਸਾਰ 'ਤੇ ਰਾਜ ਕੀਤਾ ਹੈ। ਯੋਰਪੀਨ ਹਾਕਮਾਂ ਦੀ ਜ਼ਿਮੇਵਾਰੀ ਦੀ ਭਾਵਨਾ ਤੋਂ ਸਾਰਾ ਸੰਸਾਰ ਜਾਣੂ ਹੈ।

ਦੂਜੇ ਵਿਸ਼ਵ ਯੁੱਧ ਉਪਰੰਤ ਸੰਸਾਰ 'ਤੇ ਰਾਜ ਕਰਨ ਦੀ ਜ਼ਿਮੇਵਾਰੀ ਯੋਰਪ ਦੇ ਹੱਥੋਂ ਨਿਕਲ ਕੇ, ਅਮਰੀਕਾ ਕੋਲ ਹੈ।

ਅਜੋਕੇ ਸੰਸਾਰ ਵਿਚ ਅਮਰੀਕਾ ਇਹ ਜ਼ਿਮੇਵਾਰੀ, ਜ਼ਿਮੇਵਾਰੀ ਨਾਲ ਨਹੀਂ ਨਿਭਾ ਰਿਹਾ, ਸੋ ਅਮਰੀਕਾ ਦਾ ਵਿਰੋਧ ਹੋ ਰਿਹਾ ਹੈ।

ਦੂਰ-ਦ੍ਰਿਸ਼ਟੀ ਤੋਂ ਬਿਨਾਂ ਜ਼ਿਮੇਵਾਰੀ ਨਹੀਂ ਨਿਭਾਈ ਜਾ ਸਕਦੀ।

ਨੇੜ-ਦ੍ਰਿਸ਼ਟੀ ਨਾਲ ਕੇਵਲ ਅਧਿਕਾਰ ਦਿਸਦੇ ਹਨ।

ਜਿਨ੍ਹਾਂ ਵਿਚ ਜ਼ਿਮੇਵਾਰੀ ਹੁੰਦੀ ਹੈ, ਉਨ੍ਹਾਂ ਵਿਚ ਆਗੂ ਬਣਨ ਦੇ ਲੱਛਣ ਹੁੰਦੇ ਹਨ। ਜੇ ਨੌਕਰ ਵਿਚ ਜ਼ਿਮੇਵਾਰੀ ਦੀ ਭਾਵਨਾ ਹੋਵੇ ਤਾਂ ਉਹ ਜਲਦੀ ਹੀ ਮਾਲਕ ਬਣ ਜਾਂਦਾ ਹੈ। ਜ਼ਿਮੇਵਾਰੀ ਵਾਲਾ ਵਿਦਿਆਰਥੀ ਵਿਦਵਾਨ ਬਣ ਜਾਂਦਾ ਹੈ।

ਜਿਹੜੇ ਨਵੀਆਂ ਜ਼ਿਮੇਵਾਰੀਆਂ ਨਹੀਂ ਚੁੱਕਦੇ ਜਾਂ ਨਹੀਂ ਚੁੱਕ ਸਕਦੇ, ਉਹ ਅਤੀਤ ਦੀਆਂ ਪ੍ਰਾਪਤੀਆਂ ਅਤੇ ਸੁਨਹਿਰੀ ਯੁੱਗ ਦੇ ਗੁਣ ਗਾਉਣ ਕਾਰਨ, ਵਿਸ਼ਾਲ

ਸੰਭਾਵਨਾਵਾਂ ਵਾਲੇ ਨਵੇਂ ਅਵਸਰ ਗੁਆ ਦਿੰਦੇ ਹਨ।

ਜਿਹੜੇ ਵਿਅਕਤੀ ਛੋਟੀਆਂ ਗੱਲਾਂ ਬਾਰੇ ਝੂਠ ਬੋਲਦੇ ਜਾਂ ਬਹਾਨੇ ਲਾਉਂਦੇ ਹਨ, ਉਹ ਵੱਡੀਆਂ ਜ਼ਿੰਮੇਵਾਰੀਆਂ ਦੇ ਯੋਗ ਨਹੀਂ ਹੁੰਦੇ।

ਗੈਰ-ਜ਼ਿੰਮੇਵਾਰ ਜਾਂ ਲਾਪ੍ਰਵਾਹ ਵਿਅਕਤੀ ਦੀ ਲਾਪ੍ਰਵਾਹੀ, ਉਠਦਿਆਂ-ਬੈਠਦਿਆਂ, ਪਹੁੰਚਦਿਆਂ-ਜਾਂਦਿਆਂ, ਕਹਿੰਦਿਆਂ-ਸੁਣਦਿਆਂ ਆਪ-ਮੁਹਾਰੇ ਪ੍ਰਗਟ ਹੋ ਜਾਂਦੀ ਹੈ। ਇਹ ਜਿਸ ਸੰਸਥਾ ਜਾਂ ਅਹੁਦੇ 'ਤੇ ਲੱਗਦੇ ਹਨ, ਉਸ ਦਾ ਮਾਣ-ਸਤਿਕਾਰ ਘਟਾਉਂਦੇ ਹਨ।

ਅਦਾਰਾ ਕੋਈ ਹੋਵੇ, ਉੱਥੇ ਜ਼ਿੰਮੇਵਾਰ, ਲਾਪ੍ਰਵਾਹਾਂ ਨੂੰ; ਚੁਸਤ, ਆਲਸੀਆਂ ਨੂੰ; ਰੁਝੇ, ਨਿਕੰਮਿਆਂ ਨੂੰ; ਸਿਆਣੇ, ਮੂਰਖਾਂ ਨੂੰ ਪਸੰਦ ਨਹੀਂ ਕਰਦੇ। ਇਨ੍ਹਾਂ ਵਿਚ ਟਕਰਾਓ ਜਾਰੀ ਰਹਿੰਦਾ ਹੈ ਅਤੇ ਇਹ ਇਕ-ਦੂਜੇ ਲਈ ਪਰੇਸ਼ਾਨੀ ਬਣੇ ਰਹਿੰਦੇ ਹਨ।

ਲਾਪ੍ਰਵਾਹ ਵਿਅਕਤੀ ਕਦੇ ਕੋਈ ਕੰਮ ਵਕਤ ਸਿਰ ਜਾਂ ਪੂਰਾ ਨਹੀਂ ਕਰਦੇ।

ਇਹ ਨਾ ਚੰਗੇ ਪੁੱਤਰ, ਨਾ ਸੁਯੋਗ ਪਤੀ, ਨਾ ਜ਼ਿੰਮੇਵਾਰ ਪਿਤਾ, ਨਾ ਯਾਦਗਾਰੀ ਪ੍ਰੇਮੀ, ਨਾ ਭਰੋਸੇਯੋਗ ਦੋਸਤ, ਨਾ ਮਾਣਯੋਗ ਸਾਥੀ ਬਣਦੇ ਹਨ।

ਲਾਪ੍ਰਵਾਹੀ ਅਜੋਕੇ ਯੁਗ ਦੀ ਇਕ ਗੰਭੀਰ ਸਮੱਸਿਆ ਹੈ ਕਿਉਂਕਿ ਹਰ ਕੋਈ ਇਸ ਸਮੱਸਿਆ ਤੋਂ ਪਰੇਸ਼ਾਨ ਹੈ ਪਰ ਹਰ ਕਿਸੇ ਦੀ ਪਰੇਸ਼ਾਨੀ ਲਈ ਜ਼ਿੰਮੇਵਾਰ ਕੋਈ ਹੋਰ ਹੈ। ਅਜੋਕੇ ਸੰਸਾਰ ਵਿਚ ਕਿਸੇ ਦੇ ਪਰੇਸ਼ਾਨ ਜਾਂ ਪਾਗਲ ਹੋਣ ਦੀ ਇਕ ਹੀ ਸ਼ਰਤ ਹੈ ਕਿ ਉਹ ਜਿਉਂਦਾ ਹੋਣਾ ਚਾਹੀਦਾ ਹੈ।

ਨਿਰਸੰਦੇਹ ਹਰ ਕਿਸੇ ਨੂੰ ਹਰੇਕ ਸਮੱਸਿਆ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਪਰ ਹਰੇਕ ਦੀਆਂ ਇਤਨੀਆਂ ਕੁ ਸਮੱਸਿਆਵਾਂ ਜ਼ਰੂਰ ਹਨ ਕਿ ਉਹ ਸ਼ਾਮ ਨੂੰ ਹਾਰਿਆ ਹੋਇਆ ਮਹਿਸੂਸ ਕਰਦਾ ਹੈ। ਹਰ ਕੋਈ ਕਹਿ ਰਿਹਾ ਹੈ, ਕੇਵਲ ਮੈਂ ਸਹੀ ਹਾਂ ਅਤੇ ਬਾਕੀ ਸਾਰੇ ਗਲਤ ਹਨ। ਆਪ ਜ਼ਿੰਮੇਵਾਰੀ ਕੋਈ ਨਹੀਂ ਚੁੱਕ ਰਿਹਾ, ਸਾਰੇ ਹੋਰਾਂ ਨੂੰ ਲਾਪ੍ਰਵਾਹ ਸਾਬਤ ਕਰਨ ਦੀ ਜ਼ਿੱਦ ਕਰ ਰਹੇ ਹਨ।

ਜਿਸ ਦੇ ਪੈਰਾਂ ਨੂੰ ਚਿੱਕੜ ਲੱਗਿਆ ਹੋਵੇ, ਉਹ ਵੀ ਸ਼ਿਕਾਇਤ ਲਾ ਰਿਹਾ ਹੈ ਕਿ ਇਹ ਚਿੱਕੜ ਪਤਾ ਨਹੀਂ ਕਿਉਂ ਮੇਰੇ ਪਿੱਛੇ-ਪਿੱਛੇ ਆਈ ਜਾ ਰਿਹਾ ਹੈ।

ਪੁਰਸ਼ ਕਹਿ ਰਿਹਾ ਹੈ: ਮੇਰੀ ਪਤਨੀ ਬੜੀ ਲਾਪ੍ਰਵਾਹ ਹੈ। ਇਸਤਰੀ ਕਹਿ ਰਹੀ ਹੈ: ਮੇਰਾ ਪਤੀ ਕੁਝ ਕਮਾਉਂਦਾ ਹੀ ਨਹੀਂ। ਸੱਸ, ਗਵਾਂਢੀ, ਅਫ਼ਸਰ ਆਦਿ ਹਰ ਕਿਸੇ ਦੀ ਸਮੱਸਿਆ ਬਣੇ ਹੋਏ ਹਨ। ਕੋਈ ਮੰਨਦਾ ਹੀ ਨਹੀਂ ਕਿ ਮੈਂ ਵੀ ਕਿਸੇ ਦੀ ਸਮੱਸਿਆ ਹਾਂ। ਇਹ ਵੀ ਇਕ ਸਮੱਸਿਆ ਹੈ ਕਿ ਅਸੀਂ ਆਪਣੇ ਆਪ ਨੂੰ ਕਿਸੇ ਲਈ ਸਮੱਸਿਆ ਨਹੀਂ ਮੰਨਦੇ ਪਰ ਹਰ ਕਿਸੇ ਨੂੰ ਆਪਣੀ ਮੁਸ਼ਕਿਲ ਸਮਝਦੇ ਹਾਂ।

ਧੀ ਤੋਂ ਇਕ ਗਲਤੀ ਹੋ ਗਈ ਹੈ, ਹਰ ਕੋਈ ਸਾਰੇ ਪਰਿਵਾਰ ਨੂੰ ਕੋਸ ਰਿਹਾ ਹੈ। ਪੁੱਤਰ ਤੋਂ ਕੋਈ ਅਣਗਹਿਲੀ ਹੋ ਗਈ ਹੈ, ਸਾਕਿਆਂ ਨੇ ਸਰਬਸੰਮਤੀ ਨਾਲ ਫੈਸਲਾ ਦੇ ਦਿੱਤਾ ਹੈ ਕਿ ਇਸ ਦਾ ਪਿਓ ਵੀ ਅਜਿਹਾ ਹੀ ਸੀ। ਇਵੇਂ ਸੰਸਾਰ ਦਾ ਲਗਭਗ ਹਰੇਕ ਵਿਅਕਤੀ, ਹੋਰਾਂ ਨੂੰ ਨਿੰਦਣ-ਭੰਡਣ ਵਿਚ ਰੁਝਿਆ ਹੋਇਆ ਹੈ ਪਰ ਕੋਈ ਜ਼ਿੰਮੇਵਾਰੀ ਸਵੀਕਾਰਨ, ਆਪਣੀ ਗਲਤੀ ਮੰਨਣ ਲਈ ਤਿਆਰ ਨਹੀਂ।

ਆਪ ਜ਼ਿੰਮੇਵਾਰੀ ਚੁੱਕਣ ਤੋਂ ਬਿਨਾਂ ਸਾਡੀ ਪਛਾਣ ਨਹੀਂ ਬਣਦੀ। ਇਹੀ ਕਾਰਨ ਹੈ ਕਿ ਸਾਡੇ ਨਾਂ ਤਾਂ ਹਨ ਪਰ ਸਾਡੀ ਪਛਾਣ ਕੋਈ ਨਹੀਂ।

ਕਈ ਮਾਤਾ-ਪਿਤਾ, ਸੰਤਾਨ ਨੂੰ ਆਪ ਕੋਈ ਜ਼ਿੰਮੇਵਾਰੀ ਨਿਭਾਉਣ ਨਹੀਂ ਦਿੰਦੇ, ਅਜਿਹੀ ਸੰਤਾਨ ਬਚਪਨ ਵਿਚੋਂ ਹੀ ਬਾਹਰ ਨਹੀਂ ਨਿਕਲਦੀ।

ਕਈ ਮਾਂਵਾਂ, ਧੀਆਂ ਨੂੰ ਕੁਝ ਸਿੱਖਣ ਹੀ ਨਹੀਂ ਦਿੰਦੀਆਂ, ਜਿਹੜੀਆਂ ਸਧਾਰਨ ਜਿਹੀ ਮੁਸ਼ਕਿਲ ਵਿਚ ਲੜਖੜਾ ਜਾਂਦੀਆਂ ਹਨ।

ਪਰੇਸ਼ਾਨੀਆਂ, ਗੈਰ-ਜ਼ਿੰਮੇਵਾਰੀ ਵਿਚੋਂ ਉਪਜਦੀਆਂ ਹਨ।

ਜਿਹੜੇ ਸਵੇਰੇ ਜਾਗਦੇ ਹੀ ਦੇਰ ਨਾਲ ਹਨ, ਉਹ ਹਰ ਥਾਂ ਦੇਰ ਨਾਲ ਪਹੁੰਚਣਗੇ।

ਲਾਪ੍ਰਵਾਹੀ ਦੇ ਪ੍ਰਗਟਾਵੇ ਲਈ ਨਸ਼ੇ, ਇਕ-ਮਾਤਰ ਸਾਧਨ ਨਹੀਂ, ਆਤਮ-ਘਾਤ, ਹਾਦਸੇ, ਜੂਆ, ਅਪਰਾਧ, ਨਜਾਇਜ਼ ਰਿਸ਼ਤੇ, ਮੋਟਾਪਾ ਆਦਿ ਸਾਰੇ ਲਾਪ੍ਰਵਾਹੀ ਦੇ ਮਾਰਗ ਹਨ। ਵਿਹਲੜਪੁਣਾ ਲਾਪ੍ਰਵਾਹੀ ਉਪਜਾਉਂਦਾ ਹੈ, ਜਦੋਂ ਕਿ ਰੁਝੇ ਹੋਏ ਲੋਕ ਵਧੇਰੇ ਜ਼ਿੰਮੇਵਾਰ ਅਤੇ ਭਰੋਸੇਯੋਗ ਹੁੰਦੇ ਹਨ।

ਇਸਤਰੀਆਂ, ਪੁਰਸ਼ਾਂ ਨਾਲੋਂ ਵਧੇਰੇ ਜ਼ਿੰਮੇਵਾਰੀ ਚੁੱਕਦੀਆਂ ਹੀ ਨਹੀਂ, ਨਿਭਾਉਂਦੀਆਂ ਵੀ ਵਧੇਰੇ ਹਨ।

ਹਰ ਰਿਸ਼ਤੇ ਵਿਚ, ਇਸਤਰੀ ਵਧੇਰੇ ਜ਼ਿੰਮੇਵਾਰੀ ਨਾਲ ਵਿਚਰਦੀ ਹੈ।

ਜ਼ਿੰਮੇਵਾਰ ਪੁਰਸ਼, ਨਵੇਂ ਵਪਾਰ, ਨਵੀਆਂ ਕਾਢਾਂ, ਨਵੇਂ ਕਿੱਤੇ ਉਪਜਾਉਂਦੇ ਹਨ।

ਜ਼ਿੰਮੇਵਾਰ ਵਿਅਕਤੀ ਅਕਸਰ ਆਪਣੀ ਸਮਰੱਥਾ ਨਾਲੋਂ ਵਧੇਰੇ ਜ਼ਿੰਮੇਵਾਰੀ ਚੁੱਕਦੇ ਹਨ, ਜਿਸ ਕਾਰਨ ਪੁਰਸ਼ਾਂ ਨੂੰ ਵਧੇਰੇ ਸਮੱਸਿਆਵਾਂ, ਵਧੇਰੇ ਖ਼ਤਰਿਆਂ ਅਤੇ ਵਧੇਰੇ ਅਸਫਲਤਾਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਜ਼ਿੰਮੇਵਾਰੀ, ਵਿਅਕਤੀਗਤ ਹੁੰਦੀ ਹੈ, ਸਾਂਝੀ ਜ਼ਿੰਮੇਵਾਰੀ, ਜ਼ਿੰਮੇਵਾਰੀ ਤੋਂ ਬਚਣ ਦਾ ਬਹਾਨਾ ਹੁੰਦੀ ਹੈ, ਸੋ ਸਾਂਝੀ ਜ਼ਿੰਮੇਵਾਰੀ ਦੇ ਕੋਈ ਅਰਥ ਨਹੀਂ ਹੁੰਦੇ।

ਅਨੇਕਾਂ ਘਰਾਂ ਵਾਲੀ ਕਿਸੇ ਇਮਾਰਤ ਦੇ ਸਾਂਝੇ ਲਾਂਘੇ ਨੂੰ ਕੋਈ ਸਾਫ ਨਹੀਂ ਕਰਦਾ। ਸਾਂਝੀ ਜ਼ਿੰਮੇਵਾਰੀ ਕਾਰਨ ਹੀ ਭਾਈਵਾਲੀਆਂ ਸਫਲ ਨਹੀਂ ਹੁੰਦੀਆਂ।

ਸੜਕ 'ਤੇ ਜੇ ਕਿਸੇ ਨੂੰ ਦੌਰਾ ਪੈ ਜਾਵੇ ਤਾਂ ਕੋਈ ਨਹੀਂ ਰੁਕਦਾ, ਕਿਉਂਕਿ ਕਿਸੇ ਉੱਤੇ ਜ਼ਿੰਮੇਵਾਰ ਹੋਣ ਦਾ ਦਬਾਓ ਨਹੀਂ। ਜੇ ਬਿਜਲੀ ਚਲੀ ਗਈ ਹੈ ਤਾਂ ਹਰ ਕੋਈ ਸੋਚਦਾ ਹੈ, ਕਿਸੇ ਹੋਰ ਨੇ ਸ਼ਿਕਾਇਤ ਲਿਖਵਾ ਦਿੱਤੀ ਹੋਵੇਗੀ।

ਲਾਪ੍ਰਵਾਹ ਅਤੇ ਗੈਰ-ਜ਼ਿੰਮੇਵਾਰ ਵਿਅਕਤੀਆਂ ਨਾਲ ਕਿਵੇਂ ਨਜਿੱਠਿਆ ਜਾਵੇ ? ਇਹ ਅਜੋਕੇ ਸਾਰੇ ਵਿਸ਼ਵ ਦਾ ਵੱਡਾ ਮਸਲਾ ਹੈ।

ਸੰਸਾਰ ਵਿਚ ਲਗਭਗ ਦੱਸ ਪ੍ਰਤੀਸ਼ਤ ਲੋਕਾਂ ਨੂੰ ਲਾਪ੍ਰਵਾਹੀ ਦਾ ਰੋਗ ਹੈ। ਇਹ ਆਪਣੀ ਜ਼ਿੰਮੇਵਾਰੀ ਤੋਂ ਬੇਮੁਖ ਹਨ ਅਤੇ ਗੈਰ-ਜ਼ਿੰਮੇਵਾਰੀ ਵਾਲੇ ਖੇਤਰਾਂ ਵਿਚ ਸਰਗਰਮ ਹਨ। ਪੁਲੀਸ ਅਤੇ ਫੌਜ ਵਿਚ, ਸਕੂਲ ਅਤੇ ਕਾਲਜ ਵਿਚ, ਹਸਪਤਾਲ ਅਤੇ ਦਫਤਰ ਆਦਿ ਵਿਚ ਸਭਨੀ ਥਾਂਈਂ ਘੱਟੋ-ਘੱਟ ਲਗਭਗ ਦੱਸ ਪ੍ਰਤੀਸ਼ਤ, ਪੂਰਨ-ਭਾਂਤ ਨਿਕੰਮੇ, ਅਯੋਗ ਅਤੇ ਕੰਮਚੋਰ ਵਿਅਕਤੀ ਪ੍ਰਵੇਸ਼ ਕਰ ਜਾਂਦੇ ਹਨ। ਅਦਾਰਾ ਜਾਂ ਸੰਸਥਾ ਕੋਈ ਹੋਵੇ, ਇਹ ਸਹਿਜੇ ਹੀ ਦਿਸ ਜਾਣਗੇ। ਇਹ ਗੁੱਸਾ ਅਤੇ ਚਿੜ੍ਹ ਉਪਜਾਉਂਦੇ

ਹਨ। ਇਹ ਜ਼ਿਮੇਵਾਰੀ ਦੇ ਪੱਖੋਂ ਸੁਸਤ ਅਤੇ ਸਹੂਲਤਾਂ ਮਾਣਨ ਦੇ ਪੱਖੋਂ ਚੁਸਤ ਹੁੰਦੇ ਹਨ। ਇਸੇ ਲਈ ਕਹਿੰਦੇ ਹਨ ਕਿ ਕਿਸੇ ਜ਼ਿਮੇਵਾਰ ਅਹੁਦੇ 'ਤੇ ਕਿਸੇ ਨਿਕੰਮੇ ਅਤੇ ਲਾਪ੍ਰਵਾਹ ਵਿਅਕਤੀ ਦੇ ਲੱਗੇ ਹੋਣ ਜਿਹੀ, ਕੋਈ ਚਿੜ ਨਹੀਂ ਹੁੰਦੀ।

ਕਿਸੇ ਨੇ ਪੁੱਛਿਆ, ਜੇ ਇਨ੍ਹਾਂ ਦੱਸ ਪ੍ਰਤੀਸ਼ਤ ਨਿਕੰਮਿਆਂ ਨੂੰ ਹਟਾ ਦਿੱਤਾ ਜਾਵੇ, ਤਾਂ ਕੀ ਸਮੱਸਿਆ ਹੱਲ ਹੋ ਜਾਵੇਗੀ? ਨਹੀਂ, ਜਿਹੜੇ ਬਾਕੀ ਬਚਣਗੇ, ਉਨ੍ਹਾਂ ਵਿਚੋਂ ਦੱਸ ਪ੍ਰਤੀਸ਼ਤ ਨਿਕੰਮੇ ਹੋ ਨਿਬੜਨਗੇ ਕਿਉਂਕਿ ਇਹ ਦੱਸ ਪ੍ਰਤੀਸ਼ਤ ਬਾਕੀ ਨੱਬੇ ਪ੍ਰਤੀਸ਼ਤ ਲਈ ਸਮੱਸਿਆਵਾਂ ਉਪਜਾਉਂਦੇ ਹਨ।

ਵਿਹਾਰ ਦੇ ਪੱਖੋਂ ਗੰਭੀਰ ਜਾਂ ਲਾਪ੍ਰਵਾਹ ਹੋਣ, ਜ਼ਿਮੇਵਾਰ ਜਾਂ ਗੈਰ-ਜ਼ਿਮੇਵਾਰ ਹੋਣ, ਸੰਜਮੀ ਜਾਂ ਫ਼ਜ਼ੂਲ-ਖਰਚ ਹੋਣ ਦੀਆਂ ਬੁਨਿਆਦੀ ਆਦਤਾਂ ਅਠਾਰਾਂ-ਵੀਹ ਸਾਲ ਦੀ ਉਮਰ ਵਿਚ ਪੈ ਜਾਂਦੀਆਂ ਹਨ, ਜਿਨ੍ਹਾਂ ਦੇ ਬਦਲਣ ਦੀਆਂ ਸੰਭਾਵਨਾਵਾਂ ਬੜੀਆਂ ਘੱਟ ਹੁੰਦੀਆਂ ਹਨ। ਇਨ੍ਹਾਂ ਦੱਸ ਪ੍ਰਤੀਸ਼ਤ ਦੀ ਪ੍ਰਵਾਹ ਕਰਨ ਦੀ ਲੋੜ ਨਹੀਂ, ਪਰ ਇਨ੍ਹਾਂ ਨਾਲ ਮੋਰਚਾ ਲਾਉਣ ਦੀ ਵੀ ਲੋੜ ਨਹੀਂ।

ਸਥਿਤੀ ਕੋਈ ਹੋਵੇ, ਇਹ ਸਮੱਸਿਆਵਾਂ ਉਪਜਾਉਣਗੇ।

ਜ਼ਰੂਰੀ ਕੰਮਾਂ ਵਿਚ ਇਨ੍ਹਾਂ ਦੀ ਥਾਂ ਬਦਲਵੇਂ ਪ੍ਰਬੰਧ ਕਰ ਲੈਣੇ ਚਾਹੀਦੇ ਹਨ, ਕਿਉਂਕਿ ਇਹ ਮੌਕੇ 'ਤੇ ਧੋਖਾ ਦੇ ਕੇ ਸੰਕਟ ਉਪਜਾਉਣਗੇ।

ਇਨ੍ਹਾਂ ਨੂੰ ਵੱਡੀ ਜ਼ਿਮੇਵਾਰੀ ਵਾਲੇ ਖੇਤਰ ਤੋਂ ਬਾਹਰ ਹੀ ਰੱਖਣਾ ਪਏਗਾ।

ਇਨ੍ਹਾਂ ਦੀ ਰਾਇ ਭਾਵੇਂ ਸੁਣੋ-ਪੁੱਛੋ ਪਰ ਨਿਰਣਾ ਸਥਿਤੀ ਅਨੁਸਾਰ ਲੈਣਾ ਸਹੀ ਹੋਵੇਗਾ। ਇਨ੍ਹਾਂ ਦੇ ਗੈਰ-ਜ਼ਿਮੇਵਾਰ ਵਿਹਾਰ ਲਈ ਆਪਣੇ-ਆਪ ਨੂੰ ਤਿਆਰ ਰੱਖੋ।

ਲਾਪ੍ਰਵਾਹੀ ਸਭ ਥਾਂਵਾਂ 'ਤੇ ਹੈ, ਇਸੇ ਲਈ ਸਮੱਸਿਆਵਾਂ, ਹਿੰਸਾ, ਅਪਰਾਧਾਂ, ਹੜਤਾਲਾਂ, ਆਵਾਜਾਈ ਰੋਕਣ ਜਿਹੀਆਂ ਹਾਲਤਾਂ ਦਾ ਬੋਲਬਾਲਾ ਹੈ।

ਜ਼ਿਮੇਵਾਰ ਕਿਵੇਂ ਬਣਿਆ ਜਾਏ? ਇਸ ਸੰਬੰਧ ਵਿਚ ਇਹ ਸਮਝਣਾ ਜ਼ਰੂਰੀ ਹੈ ਕਿ ਵਾਸਤਵ ਵਿਚ ਬਹੁਤੇ ਲੋਕ ਸੁਤੰਤਰ ਨਹੀਂ ਹੋਣਾ ਚਾਹੁੰਦੇ, ਲਾਪ੍ਰਵਾਹ ਹੋਣਾ ਚਾਹੁੰਦੇ ਹਨ, ਜ਼ਿਮੇਵਾਰੀ ਤੋਂ ਬਿਨਾਂ ਅਧਿਕਾਰ ਮਾਣਨਾ ਚਾਹੁੰਦੇ ਹਨ।

ਜ਼ਿਮੇਵਾਰੀ ਆਪੇ ਨਹੀਂ ਉਪਜਦੀ, ਕਿਧਰੋਂ ਮਿਲਦੀ ਨਹੀਂ, ਇਹ ਸਾਡੀ ਆਪਣੀ ਚੋਣ ਹੁੰਦੀ ਹੈ। ਇਹ ਅੰਦਰੋਂ ਉਪਜਦੀ ਹੈ। ਇਸ ਨਾਲ ਜ਼ਿੰਦਗੀ ਨੂੰ ਅਰਥ ਮਿਲਦੇ ਹਨ, ਇਸ ਨਾਲ ਜਾਣ-ਪਛਾਣ ਵੱਧਦੀ ਹੈ ਅਤੇ ਮਹੱਤਵ ਉਸਰਦਾ ਹੈ।

ਜੇ ਤੁਹਾਨੂੰ ਹੋਰ ਜ਼ਿਮੇਵਾਰੀ ਨਹੀਂ ਮਿਲ ਰਹੀ ਜਾਂ ਨਹੀਂ ਦਿੱਤੀ ਜਾ ਰਹੀ ਤਾਂ ਸਪੱਸ਼ਟ ਹੈ ਕਿ ਤੁਸੀਂ ਵਰਤਮਾਨ ਜ਼ਿਮੇਵਾਰੀ ਨੂੰ ਚੰਗੀ ਤਰ੍ਹਾਂ ਨਿਭਾ ਨਹੀਂ ਰਹੇ।

ਇਹ ਨਿਕੰਮਿਆਂ ਅਤੇ ਕੰਮਚੋਰਾਂ ਦਾ ਹਾਸੋਹੀਣਾ ਤਰਕ ਹੈ ਕਿ ਜੇ ਮੈਨੂੰ ਕੋਈ ਵੱਡੀ ਜ਼ਿਮੇਵਾਰੀ ਮਿਲੇ ਤਾਂ ਮੈਂ ਕੁਝ ਕਰ ਕੇ ਵਿਖਾਵਾਂ।

ਜ਼ਿਮੇਵਾਰੀ ਦੀ ਮੁੱਢਲੀ ਜਾਣ-ਪਛਾਣ ਅਤੇ ਸਿਖਲਾਈ ਪਰਿਵਾਰ ਵਿਚੋਂ ਮਿਲਦੀ ਹੈ। ਮਾਪੇ ਆਪਣੇ ਵਿਹਾਰ ਨਾਲ, ਸੰਤਾਨ ਨੂੰ ਜ਼ਿਮੇਵਾਰ ਬਣਾਉਂਦੇ ਹਨ। ਸੰਤਾਨ ਦੇ ਵਿਹਾਰਕ ਵਿਗਾੜ ਦੀ ਅੰਤਲੀ ਜ਼ਿਮੇਵਾਰੀ ਮਾਪਿਆਂ ਦੀ ਹੀ ਹੁੰਦੀ ਹੈ।

ਜੇ ਮਾਪੇ ਸਧਾਰਨ ਸੂਝ-ਬੂਝ ਵਾਲੇ ਹਨ ਤਾਂ ਲਾਇਕ ਸੰਤਾਨ ਬਗਾਵਤ ਕਰੇਗੀ।

ਜੇ ਮਾਪੇ ਕੱਟੜ ਅਤੇ ਪਰੰਪਰਾਵਾਦੀ ਹਨ ਤਾਂ ਅਜਿਹੇ ਪਰਿਵਾਰ ਦਾ ਕਿਸੇ ਮਹਾਂਨਗਰ ਜਾਂ ਵੱਡੀ ਕਾਲੋਨੀ ਵਿਚ ਰਹਿਣਾ ਸੁਖਾਲਾ ਨਹੀਂ ਹੋਵੇਗਾ।

ਪਿਤਾ ਦੀ ਗੈਰ-ਹਾਜ਼ਰੀ ਵਿਚ ਪਲੇ ਬੱਚੇ ਦੀਆਂ ਸਮੱਸਿਆਵਾਂ, ਪਿਤਾ ਦੀ ਸਖ਼ਤੀ ਦੇ ਸ਼ਿਕਾਰ ਬੱਚੇ ਦੀਆਂ ਸਮੱਸਿਆਵਾਂ ਨਾਲੋਂ ਵੱਖਰੀਆਂ ਹੋਣਗੀਆਂ।

ਜਿਸ ਸਕੂਲ ਵਿਚ ਅਨੁਸ਼ਾਸਨ ਵਧੇਰੇ ਸਖਤ ਹੁੰਦਾ ਹੈ, ਉੱਥੇ ਨਵੇਂ ਵਿਚਾਰ ਪੈਦਾ ਨਹੀਂ ਹੁੰਦੇ ਅਤੇ ਨਵੀਆਂ ਸੋਚਾਂ ਵਾਲੇ ਆਗੂ ਨਹੀਂ ਉਪਜਦੇ, ਉੱਥੇ ਸਖ਼ਤੀ ਕਰਨ ਵਾਲੇ, ਵਿਰੋਧਤਾ ਕੁਚੱਲਣ ਵਾਲੇ ਵਿਅਕਤੀ ਹੀ ਉਪਜਦੇ ਹਨ।

ਜਿਸ ਪਰਿਵਾਰ ਵਿਚ ਇਕ ਹੀ ਬੱਚਾ ਹੁੰਦਾ ਹੈ, ਉੱਥੇ ਅਕਸਰ ਬੱਚੇ ਨੂੰ ਕੋਈ ਜ਼ਿੰਮੇਵਾਰੀ ਨਿਭਾਉਣ ਹੀ ਨਹੀਂ ਦਿੱਤੀ ਜਾਂਦੀ, ਉਸ ਲਾਡਲੇ ਦੀਆਂ ਸਾਰੀਆਂ ਸਮੱਸਿਆਵਾਂ ਮਾਪੇ ਹੀ ਹੱਲ ਕਰੀ ਜਾਂਦੇ ਹਨ।

ਗਮਲਿਆਂ ਵਿਚ ਬੂਟੇ ਹੀ ਲੱਗਦੇ ਹਨ, ਦਰੱਖ਼ਤ ਨਹੀਂ ਉਗਦੇ।

ਜ਼ਿੰਮੇਵਾਰ ਬਣਨ ਲਈ ਜ਼ਰੂਰੀ ਹੈ ਕਿ ਜਿਹੜੀ ਜ਼ਿੰਮੇਵਾਰੀ ਮਿਲੀ ਜਾਂ ਲਈ ਹੋਈ ਹੈ, ਉਹ ਪਹਿਲ ਦੇ ਆਧਾਰ 'ਤੇ ਸੁਹਿਰਦਤਾ ਨਾਲ ਨਿਭਾਈ ਜਾਵੇ।

ਵਿਦਿਆਰਥੀ ਦੀ ਜ਼ਿੰਮੇਵਾਰੀ ਪੜ੍ਹਾਈ ਕਰਨਾ ਹੈ, ਮਰੀਜ਼ ਦੀ ਜ਼ਿੰਮੇਵਾਰੀ ਦਵਾਈ ਲੈ ਕੇ, ਅਰਾਮ ਕਰਕੇ ਤੰਦਰੁਸਤ ਹੋਣਾ ਹੈ।

ਜਿਹੜੇ ਮਸਲੇ ਸਾਹਮਣੇ ਹਨ, ਪਹਿਲਾਂ ਉਹ ਨਜਿੱਠਣੇ ਪੈਣਗੇ, ਜਿਵੇਂ ਕਿਸੇ ਦੀ ਮੌਤ ਹੋ ਗਈ ਹੈ, ਕਿਸੇ ਨਾਲ ਦੁਰਘਟਨਾ ਵਾਪਰ ਗਈ ਹੈ, ਇਹ ਫੌਰੀ ਧਿਆਨ ਮੰਗਣ ਵਾਲੇ ਮਸਲੇ ਹਨ।

ਦਾਖਲਾ ਲੈਣਾ ਹੈ, ਫ਼ੀਸ ਭਰਵਾਉਣੀ ਹੈ, ਕਰਜ਼ੇ ਦੀ ਕਿਸ਼ਤ ਜਮ੍ਹਾ ਕਰਵਾਉਣੀ ਹੈ, ਇਹ ਕਿਸੇ ਤੋਂ ਕਰਵਾਉਣ ਵਾਲੇ ਨਹੀਂ, ਆਪ ਕਰਨ ਵਾਲੇ ਕੰਮ ਹਨ।

ਜਿਹੜੀ ਜ਼ਿੰਮੇਵਾਰੀ ਚੁੱਕੀ ਹੋਈ ਹੈ, ਉਸ ਨੂੰ ਪੂਰੀ ਕਰਨ ਵਿਚ ਮੁਸ਼ਕਿਲਾਂ ਆਉਣਗੀਆਂ, ਉਨ੍ਹਾਂ ਨਾਲ ਨਿਪਟਣ ਦੀ ਜ਼ਿੰਮੇਵਾਰੀ ਸਾਡੀ ਹੈ।

ਜੇ ਕੰਮ ਵੱਧ ਗਿਆ ਹੈ ਤਾਂ ਵੱਧ ਕੰਮ ਕਰਨ ਦੀ ਜ਼ਿੰਮੇਵਾਰੀ ਚੁੱਕਣੀ ਪਏਗੀ।

ਵੱਡੇ ਕਾਰਜਾਂ ਵਿਚ ਜ਼ਿੰਮੇਵਾਰੀ ਨਿਭਾਉਣ ਦਾ ਇਨਾਮ ਨਹੀਂ ਮਿਲੇਗਾ, ਜ਼ਿੰਮੇਵਾਰੀ ਨਾ ਨਿਭਾਉਣ ਦਾ ਦੰਡ ਮਿਲੇਗਾ।

ਹਰ ਜ਼ਿੰਮੇਵਾਰੀ ਵਿਚ, ਹਰੇਕ ਸਮੱਸਿਆ ਵਿਚ, ਕੁਝ ਅਜਿਹਾ ਹੁੰਦਾ ਹੈ, ਜਿਹੜਾ ਸਾਡੇ ਵੱਸ ਨਹੀਂ ਹੁੰਦਾ, ਇਸ ਸੰਬੰਧੀ ਹੀ ਅਸੀਂ ਬਹਾਨੇ ਬਣਾਉਂਦੇ ਹਾਂ।

ਬਹਾਨੇ ਦਾ ਅਰਥ ਹੈ, ਮੈਂ ਜ਼ਿੰਮੇਵਾਰੀ ਨਹੀਂ ਚੁੱਕ ਸਕਦਾ।

ਹਰ ਕੋਈ ਸ਼ੁਰੂ ਵਿਚ ਹੀ ਸਿਕੰਦਰ ਨਹੀਂ ਬਣ ਜਾਂਦਾ।

ਪਹਿਲਾਂ ਛੋਟੇ ਕੰਮਾਂ ਨੂੰ ਹੱਥ ਪਾਉਣ ਅਤੇ ਇਕ ਵੇਲੇ ਇਕ ਕੰਮ ਨਿਪਟਾਉਣ ਨਾਲ, ਹਿੰਮਤ ਅਤੇ ਸਮਰੱਥਾ ਦੋਵੇਂ ਵੱਧਦੀਆਂ ਹਨ।

ਜ਼ਿੰਮੇਵਾਰੀ ਚੁੱਕਦੇ ਜਾਵੋਗੇ, ਸਵੈ-ਵਿਸ਼ਵਾਸ ਵੱਧਦਾ ਜਾਵੇਗਾ।

ਇਕੋ ਵੇਲੇ ਸਭ ਕੁਝ ਕਰਨਾ ਸੰਭਵ ਨਹੀਂ ਹੁੰਦਾ ਪਰ ਜ਼ਰੂਰੀ ਕਾਰਜਾਂ ਨੂੰ ਕਰਨਾ ਸੰਭਵ ਹੁੰਦਾ ਹੈ। ਗਲਤੀਆਂ ਤੋਂ ਸਿੱਖਣ ਨਾਲ ਅਸੀਂ ਭਵਿੱਖ ਵਿਚ ਜ਼ਿਮੇਵਾਰੀ ਨੂੰ ਵਧੇਰੇ ਯੋਗਤਾ ਨਾਲ ਨਿਭਾਉਣ ਦੇ ਯੋਗ ਹੋ ਜਾਂਦੇ ਹਾਂ।

ਸਾਵਧਾਨੀ ਅਤੇ ਵਿਉਂਤਬੰਦੀ ਨਾਲ ਵਕਤ ਅਤੇ ਵਸੀਲੇ ਬਚਦੇ ਹਨ।

ਜੇ ਜ਼ਿਮੇਵਾਰ ਹੋ ਤਾਂ ਕੁਝ ਅਰੰਭਣ ਲਈ, ਕਿਸੇ ਨੂੰ ਉਡੀਕਣ ਦੀ ਲੋੜ ਨਹੀਂ। ਜ਼ਿਮੇਵਾਰ ਵਿਅਕਤੀ ਨਿਗਰਾਨੀ ਤੋਂ ਬਿਨਾਂ ਕੰਮ ਕਰ ਸਕਦਾ ਹੈ ਅਤੇ ਕਰਦਾ ਹੈ।

ਨਵੀਂ ਉਭਰੀ ਸਥਿਤੀ ਸੰਭਾਲਣ ਲਈ, ਪਹਿਲ ਕਰਨ ਨਾਲ ਸਾਡੀ ਸ਼ਕਤੀ ਵੱਧਦੀ ਹੈ, ਜਿਸ ਨਾਲ ਸਾਡੇ ਮੋਢੇ-ਗੋਡੇ ਮਜ਼ਬੂਤ ਹੁੰਦੇ ਹਨ।

ਜੇ ਮੋਢੇ ਮਜ਼ਬੂਤ ਹੋਣ ਤਾਂ ਜ਼ਿਮੇਵਾਰੀ ਵੀ ਮਨੋਰੰਜਨ ਬਣ ਜਾਂਦੀ ਹੈ।

ਦੋਸਤ, ਪਤੀ-ਪਤਨੀ, ਮੁਖੀ, ਪ੍ਰਬੰਧਕ, ਅਧਿਆਪਕ, ਡਾਕਟਰ ਆਦਿ ਰਿਸ਼ਤਿਆਂ-ਅਹੁਦਿਆਂ ਦੇ ਨਹੀਂ, ਜ਼ਿਮੇਵਾਰੀਆਂ ਦੇ ਨਾਂ ਹਨ।

ਸਾਡਾ ਅੱਜ, ਕਲ੍ਹ ਦੀ ਜ਼ਿਮੇਵਾਰੀ ਚੁੱਕਣ ਲਈ, ਤਿਆਰੀ ਵਾਸਤੇ ਹੈ।

ਮਹਾਨਤਾ ਅਤੇ ਪ੍ਰਸਿੱਧੀ ਦੀ ਕੀਮਤ ਵੱਡੀ ਜ਼ਿਮੇਵਾਰੀ ਹੁੰਦੀ ਹੈ।

ਪਰਜਾ ਜਿਤਨੀ ਜ਼ਿਮੇਵਾਰ ਹੁੰਦੀ ਹੈ, ਪਰਜਾਤੰਤਰ ਉਤਨਾ ਕੁ ਮਜ਼ਬੂਤ ਹੁੰਦਾ ਹੈ।

ਅਸੀਂ ਅਤੀਤ ਦੀਆਂ ਯਾਦਾਂ, ਬਰਸੀਆਂ, ਜੁਬਲੀਆਂ ਅਤੇ ਸ਼ਤਾਬਦੀਆਂ ਮਨਾਉਣ ਨਾਲ ਨਹੀਂ, ਭਵਿੱਖ ਦੀਆਂ ਵਿਉਂਤਾਂ ਬਣਾਉਣ ਅਤੇ ਇਨ੍ਹਾਂ ਨੂੰ ਪੂਰੇ ਕਰਨ ਦੀਆਂ ਜ਼ਿਮੇਵਾਰੀਆਂ ਨਾਲ ਸਿਆਣੇ ਅਤੇ ਮਜ਼ਬੂਤ ਹੋਵਾਂਗੇ।

ਆਪਣੇ ਆਪ ਨੂੰ ਅਤੇ ਆਪਣੇ ਸੰਸਾਰ ਨੂੰ ਬਦਲਣ ਦੀ ਜ਼ਿਮੇਵਾਰੀ ਸਾਡੀ ਹੈ।

ਅਧਿਆਪਕ, ਚੰਗਾ ਅਧਿਆਪਕ ਬਣ ਕੇ; ਡਾਕਟਰ ਮਾਹਿਰ ਡਾਕਟਰ ਬਣ ਕੇ; ਵਪਾਰੀ ਚੰਗਾ ਵਪਾਰੀ ਬਣ ਕੇ ਹੀ ਆਪਣੇ ਜੀਵਨ ਅਤੇ ਸਮਾਜ ਵਿਚ ਲਾਹੇਵੰਦਾ ਅਤੇ ਹੰਢਣਸਾਰ ਪਰਿਵਰਤਨ ਲਿਆ ਸਕਦੇ ਹਨ।

ਸਥਿਤੀ ਕੋਈ ਹੋਵੇ ਅਸੀਂ ਜ਼ਿਮੇਵਾਰੀ ਤੋਂ ਮੁਕਤ ਨਹੀਂ ਹੋ ਸਕਦੇ।

ਗੈਰ-ਜ਼ਿਮੇਵਾਰ ਪ੍ਰੇਮੀ ਦੀ ਪ੍ਰੇਮਿਕਾ, ਉਸ ਨੂੰ ਤਿਆਗ ਦਿੰਦੀ ਹੈ।

ਲਾਪ੍ਰਵਾਹ ਇਸਤਰੀ ਦਾ ਪਤੀ, ਨਜਾਇਜ਼ ਸੰਬੰਧ ਉਸਾਰ ਲੈਂਦਾ ਹੈ।

ਜ਼ਿਮੇਵਾਰੀ ਵਿਚੋਂ ਭਰੋਸਾ, ਵਫ਼ਾਦਾਰੀ ਅਤੇ ਸਵੈਮਾਣ ਦੇ ਗੁਣ ਉਪਜਦੇ ਹਨ।

ਬੱਚਿਆਂ ਦੇ ਪੈਰ ਜ਼ਮੀਨ 'ਤੇ ਰੱਖਣ ਲਈ, ਉਨ੍ਹਾਂ ਨੂੰ ਜ਼ਿਮੇਵਾਰੀਆਂ ਦਿਓ।

ਬੱਚਿਆਂ ਦੀ ਹਰ ਮੰਗ ਇਸ ਲਈ ਪੂਰੀ ਨਹੀਂ ਕਰਨੀ ਚਾਹੀਦੀ ਤਾਂ ਕਿ ਉਹ ਜਾਣ ਸਕਣ ਕਿ ਨਿਰਾਸਤਾ ਵੀ ਜ਼ਿੰਦਗੀ ਦਾ ਭਾਗ ਹੁੰਦੀ ਹੈ।

ਜੇ ਉਹ ਯਥਾਰਥ ਦੇ ਸਨਮੁਖ ਰਹਿਣਗੇ ਤਾਂ ਉਨ੍ਹਾਂ ਵਿਚ ਨਿਰਾਸਤਾ, ਅਸਫਲਤਾ ਆਦਿ ਨੂੰ ਬਰਦਾਸ਼ਤ ਕਰਨ, ਹਾਰ ਵਿਚ ਸਬੂਤੇ ਰਹਿਣ ਅਤੇ ਜਿੱਤ ਵਿਚ ਸੰਜਮ ਵਿਖਾਉਣ ਦੇ ਗੁਣ ਆਪ-ਮੁਹਾਰੇ ਉਪਜਣਗੇ।

ਸੰਸਾਰ ਵਿਚ ਸਤਿਕਾਰ ਉਨ੍ਹਾਂ ਨੂੰ ਹੀ ਮਿਲਦਾ ਹੈ, ਜਿਹੜੇ ਜ਼ਿਮੇਵਾਰੀ ਚੁੱਕਦੇ ਹਨ ਅਤੇ ਨਿਭਾਉਂਦੇ ਹਨ। ਗੁਰੂ ਤੇਗ ਬਹਾਦਰ ਨੇ ਆਪ ਅੱਗੇ ਹੋ ਕੇ ਜ਼ਿਮੇਵਾਰੀ ਨਿਭਾਈ ਸੀ। ਲਿੰਕਨ ਨੇ ਗੁਲਾਮੀ ਖ਼ਤਮ ਕਰਨ ਦਾ ਬੀੜਾ ਚੁੱਕਿਆ ਸੀ।

ਸਰਦਾਰ ਪਟੇਲ, ਇਕ ਵਾਰੀ ਜਦੋਂ ਇਕ ਅਦਾਲਤ ਵਿਚ ਇਕ ਮੁਕੱਦਮੇ ਵਿਚ ਬਹਿਸ ਕਰ ਰਹੇ ਸਨ, ਉਨ੍ਹਾਂ ਨੂੰ ਆਪਣੀ ਪਤਨੀ ਦੇ ਮਰਨ ਦੀ ਸੂਚਨਾ ਵਾਲੀ ਚਿੱਟ ਮਿਲੀ, ਪੜ੍ਹੀ ਪਰ ਬਹਿਸ ਮੁਕੰਮਲ ਕਰਨ ਦੀ ਜ਼ਿਮੇਵਾਰੀ ਨਿਭਾਈ।

ਯੂਨੀਵਰਸਿਟੀ ਵਿਚ ਗਿੱਧੇ ਦੇ ਸਿਖਰਲੇ ਮੁਕਾਬਲੇ ਵਾਲੇ ਦਿਨ ਇਕ ਟੀਮ ਦੀ ਕਪਤਾਨ ਦੀ ਮਾਂ ਮਰ ਗਈ ਪਰ ਇਸ ਦੇ ਬਾਵਜੂਦ, ਉਸ ਨੇ ਗਿੱਧਾ ਪਾਇਆ ਅਤੇ ਉਸ ਬਾਰੇ ਪ੍ਰਸਿੱਧ ਹੋ ਗਿਆ ਕਿ ਜਿਹੜੀ ਮਾਂ ਦੇ ਮਰਨ ਵਾਲੇ ਦਿਨ, ਗਿੱਧਾ ਪਾਉਣ ਦੀ ਜ਼ਿਮੇਵਾਰੀ ਨਿਭਾ ਸਕਦੀ ਹੈ, ਉਹ ਹਰ ਜ਼ਿਮੇਵਾਰੀ ਨਿਭਾ ਸਕਦੀ ਹੈ।

ਇਕ ਲੜਕੀ ਬਹੁਤ ਖਾਂਦੀ ਸੀ, ਕਿਉਂਕਿ ਕੋਈ ਜ਼ਿਮੇਵਾਰੀ ਅਤੇ ਉਦੇਸ਼ ਨਹੀਂ ਸੀ। ਉਹ ਮੋਟੀ ਹੋ ਗਈ ਅਤੇ ਮੋਟਾਪੇ ਕਾਰਨ ਕੋਹਝੀ ਹੋ ਗਈ। ਇਕ ਵਾਰੀ ਉਸ ਨੂੰ ਸੋਕੇ ਦੇ ਸ਼ਿਕਾਰ, ਭੋਜਨ ਦੀ ਥੁੜ ਵਾਲੇ, ਇਲਾਕੇ ਵਿਚ ਵਾਲੰਟੀਅਰ ਵਜੋਂ ਵਿਚਰਨਾ ਪਿਆ, ਜਿਥੇ ਉਸ ਨੇ ਹੋਰਾਂ ਨਾਲ ਰਲ ਕੇ ਤਿੰਨ ਮਹੀਨੇ, ਭੁੱਖੇ ਲੋਕਾਂ ਲਈ ਵੱਖ-ਵੱਖ ਸਾਧਨਾਂ ਅਤੇ ਸਰੋਤਾਂ ਤੋਂ ਭੋਜਨ ਇਕੱਤਰ ਕਰਨ ਦਾ ਕਾਰਜ ਕੀਤਾ।

ਪਹਿਲਾਂ ਉਹ ਸਵਾਰਥੀ ਸੀ, ਹੁਣ ਉਹ ਕਲਿਆਣਕਾਰੀ ਸੀ। ਅੱਜ, ਕੱਲ੍ਹ ਲਈ; ਕੱਲ੍ਹ, ਪਰਸੋਂ ਲਈ ਭੋਜਨ ਇਕੱਤਰ ਕਰਨ ਦੀ ਜ਼ਿਮੇਵਾਰੀ ਕਾਰਨ, ਉਸ ਕੋਲ ਖਾਣ-ਸੌਣ ਦੀ ਵਿਹਲ ਹੀ ਨਹੀਂ ਸੀ। ਪਹਿਲਾਂ ਉਹ ਭੁੱਖਿਆਂ ਵਾਂਗ ਖਾਂਦੀ ਸੀ, ਹੁਣ ਉਹ ਭੁੱਖਿਆਂ ਨੂੰ ਖੁਆਉਂਦੀ ਸੀ। ਇਨ੍ਹਾਂ ਰੁਝੇਵਿਆਂ ਅਤੇ ਯਤਨਾਂ ਵਜੋਂ, ਉਹ ਪਤਲੀ ਹੋ ਗਈ ਅਤੇ ਸਵੈ-ਵਿਸ਼ਵਾਸ ਕਾਰਨ ਸੋਹਣੀ ਹੋ ਗਈ।

ਪਤਲੀ, ਉਹ ਭੁੱਖੇ ਚਿਹਰੇ ਵੇਖ-ਵੇਖ ਕੇ ਆਪ ਘੱਟ ਖਾਣ ਕਾਰਨ ਹੋਈ, ਸੋਹਣੀ ਉਹ ਭੁੱਖਿਆਂ ਨੂੰ ਰਜਾਉਣ ਦੀ ਜ਼ਿਮੇਵਾਰੀ ਨਿਭਾਉਣ ਕਾਰਨ ਹੋਈ।

ਹਰ ਕੋਈ ਬਾਹਰਲੇ ਸੰਸਾਰ ਤੋਂ ਮਾਨਤਾ ਚਾਹੁੰਦਾ ਹੈ, ਜਿਹੜੀ ਮਿਲਦੀ ਅੰਦਰਲੀ ਸ਼ਕਤੀ ਅਤੇ ਕੁਰਬਾਨੀ ਅਤੇ ਜ਼ਿਮੇਵਾਰੀ ਦੀ ਭਾਵਨਾ ਦੇ ਅਨੁਪਾਤ ਵਿਚ ਹੈ।

ਜੇ ਆਗੂ, ਅਧਿਆਪਕ, ਪਿਤਾ ਜਾਂ ਪਤੀ ਵਿਚ ਜ਼ਿਮੇਵਾਰੀ ਦਾ ਗੁਣ ਨਹੀਂ ਤਾਂ ਹੋਰ ਕਿਸੇ ਗੁਣ ਦਾ ਕੋਈ ਅਰਥ ਨਹੀਂ ਹੋਵੇਗਾ।

ਜ਼ਿਮੇਵਾਰੀ ਸਾਨੂੰ ਹੀਣਤਾ ਅਤੇ ਢਾਹੂ-ਰੁਚੀਆਂ ਤੋਂ ਮੁਕਤ ਕਰਦੀ ਹੈ।

ਜ਼ਿੰਦਗੀ ਬੜੀ ਸੰਖੇਪ ਹੈ, ਲਾਪ੍ਰਵਾਹੀ ਨਾਲ ਇਹ ਸੁੰਗੜ ਜਾਂਦੀ ਹੈ।

ਅਸੀਂ ਹੋਰਾਂ ਦੇ ਲਾਏ ਬੂਟਿਆਂ ਦੀ ਛਾਂ ਮਾਣੀ ਹੈ, ਅਸੀਂ ਹੋਰਾਂ ਦੀਆਂ ਉਪਜਾਈਆਂ ਸਹੂਲਤਾਂ ਮਾਣੀਆਂ ਹਨ, ਅਸੀਂ ਹੋਰਾਂ ਦੀਆਂ ਕੁਰਬਾਨੀਆਂ ਨਾਲ ਅਜ਼ਾਦ ਹੋਏ ਹਾਂ। ਅੱਜ ਸਾਨੂੰ ਉਹ ਬੂਟੇ ਲਾਉਣ, ਉਹ ਕਾਰਜ ਕਰਨ ਦੀ ਜ਼ਿਮੇਵਾਰੀ ਨਿਭਾਉਣੀ ਚਾਹੀਦੀ ਹੈ, ਜਿਨ੍ਹਾਂ ਦੇ ਫਲ ਆਉਣ ਵਾਲੀਆਂ ਪੀੜ੍ਹੀਆਂ ਮਾਣਨਗੀਆਂ।

+ + +

ਝੂਠ ਦਾ ਸੱਚ

ਝਠ ਸੁਣਨਾ ਪਸੰਦ ਕੋਈ ਨਹੀਂ ਕਰਦਾ ਪਰ ਬੋਲਦੇ ਸਾਰੇ ਹਨ।

ਹਰ ਕਿਸੇ ਦਾ ਅਨੁਭਵ ਹੈ ਕਿ ਸਾਰੇ ਝੂਠ ਬੋਲਦੇ ਹਨ। ਇਹ ਵੀ ਕਿਹਾ ਜਾਂਦਾ ਹੈ ਕਿ ਚੰਗੇ ਉਦੇਸ਼ ਲਈ ਬੋਲਿਆ ਝੂਠ, ਝੂਠ ਨਹੀਂ ਹੁੰਦਾ।

ਸੱਚ ਬੋਲਦਿਆਂ ਵੀ ਅਸੀਂ ਸਾਰੇ ਤੱਥ ਉਜਾਗਰ ਨਹੀਂ ਕਰਦੇ।

ਸੱਚ ਸਵਰਗ ਵਾਂਗ ਅਕਾਊ ਅਤੇ ਨੀਰਸ ਹੁੰਦਾ ਹੈ, ਜਦੋਂ ਕਿ ਸੰਸਾਰ ਦੀਆਂ ਰੌਣਕਾਂ ਝੂਠ ਦੀਆਂ ਉਪਜਾਈਆਂ ਹੋਈਆਂ ਹਨ।

ਅਸਲ ਝੂਠ ਉਹ ਹੁੰਦਾ ਹੈ, ਜਿਹੜਾ ਬੋਲਣ ਵਾਲੇ ਨੂੰ ਵੀ ਸੱਚ ਪ੍ਰਤੀਤ ਹੋਵੇ।

ਜਾਣ-ਬੁੱਝ ਕੇ ਦਿੱਤੀ ਗਲਤ ਸੂਚਨਾ ਨੂੰ ਝੂਠ ਕਹਿੰਦੇ ਹਨ।

ਜੇ ਸਾਰੇ ਲੋਕ ਸੱਚ ਬੋਲਣ ਲੱਗ ਪੈਣ ਤਾਂ ਥਾਣਿਆਂ, ਅਦਾਲਤਾਂ, ਵਪਾਰ, ਰਾਜਨੀਤੀ ਅਤੇ ਧਰਮਾਂ ਦਾ ਭੋਗ ਪੈ ਜਾਵੇਗਾ।

ਇਕ ਝੂਠ ਬੋਲਦਾ ਹੈ, ਬਾਕੀ ਉਸ ਦੇ ਸਮਰਥਨ ਵਿਚ ਬਿਆਨ ਦਿੰਦੇ ਹਨ, ਵਿਰੋਧੀ ਧਿਰ ਰੌਲਾ ਪਾਉਂਦੀ ਹੈ, ਝੂਠ ਬੋਲਣ ਵਾਲਾ ਮਾਹਿਰਾਂ ਦੀਆਂ ਸੇਵਾਵਾਂ ਪ੍ਰਾਪਤ ਕਰਕੇ ਆਪਣੇ ਝੂਠ ਨੂੰ ਸੱਚ ਸਾਬਤ ਕਰਨ ਲੱਗ ਪੈਂਦਾ ਹੈ, ਇਵੇਂ ਸੱਚੇ-ਝੂਠਿਆਂ ਅਤੇ ਝੂਠੇ-ਸੱਚਿਆਂ, ਸਾਰਿਆਂ ਦਾ ਕਾਰੋਬਾਰ ਚੱਲਦਾ ਰਹਿੰਦਾ ਹੈ।

ਵਪਾਰ ਅਤੇ ਰਾਜਨੀਤੀ ਵਾਂਗ ਹੀ, ਧਰਮ ਅਤੇ ਪਿਆਰ ਦੇ ਖੇਤਰ ਵਿਚ ਵੀ ਝੂਠ ਨੂੰ ਸੱਚ ਬਣਾ ਕੇ ਪਰੋਸਿਆ ਜਾਂਦਾ ਹੈ।

ਨਿਰੋਲ ਝੂਠ ਜਾਂ ਸ਼ੁੱਧ ਸੱਚ ਸੰਭਵ ਨਹੀਂ ਹੁੰਦਾ।

ਕਈ ਸੱਚ ਵਿਚ ਝੂਠ ਮਿਲਾਉਂਦੇ ਹਨ, ਕਈ ਝੂਠ ਵਿਚ ਸੱਚ ਰਲਾਉਂਦੇ ਹਨ।

ਝੂਠ ਬੋਲਣ ਤੋਂ ਬਿਨਾਂ 'ਸੱਚਾ' ਪਿਆਰ ਕਰਨਾ ਸੰਭਵ ਨਹੀਂ ਹੁੰਦਾ।

ਜੇ ਪ੍ਰੇਮੀ-ਪ੍ਰੇਮਿਕਾ ਦੋਵੇਂ ਇਕ-ਦੂਜੇ ਬਾਰੇ ਸੱਚ ਬੋਲਣ ਤਾਂ ਉਨ੍ਹਾਂ ਦੇ ਪਤੀ-ਪਤਨੀ ਬਣਨ ਦੀ ਥਾਂ, ਇਕ ਦੂਜੇ ਦੇ ਜਾਨੀ ਦੁਸ਼ਮਣ ਬਣਨ ਦਾ ਤੌਖ਼ਲਾ ਸਾਕਾਰ ਹੋ ਜਾਵੇਗਾ, ਸੋ ਉਹ ਪ੍ਰੇਮੀ-ਪ੍ਰੇਮਿਕਾ ਬਣੇ ਰਹਿਣ ਵਾਸਤੇ ਝੂਠ ਬੋਲਦੇ ਹਨ।

ਬਹੁਤੇ ਲੋਕ ਵਿਸ਼ੇਸ਼ ਵਿਅਕਤੀਆਂ ਨਾਲ ਖਾਸ ਗੱਲਾਂ ਬਾਰੇ ਹੀ ਝੂਠ ਬੋਲਦੇ ਹਨ।

ਪਿਆਰ ਵਿਚ ਬੋਲੇ ਜਾਣ ਵਾਲੇ ਝੂਠ ਵਿਚ ਪ੍ਰਸੰਸਾ ਦੇ ਅੰਸ਼ ਹੁੰਦੇ ਹਨ, ਜਿਵੇਂ ਕਿਸੇ ਨੇ ਕਿਹਾ: ਮੈਂ ਤੈਨੂੰ ਹਰ ਰੋਜ਼ ਯਾਦ ਕਰਦੀ ਹਾਂ, ਇਹ ਪਹਿਰਾਵਾ ਤੈਨੂੰ ਬੜਾ ਜੱਚਦਾ ਹੈ, ਮੈਨੂੰ ਤੇਰੀ ਅਕਲ ਦੀਆਂ ਗੱਲਾਂ ਬੜੀਆਂ ਦਿਲਚਸਪ ਲੱਗਦੀਆਂ ਹਨ।

ਅਸੀਂ ਜਾਣੂਆਂ ਨਾਲ ਵਧੇਰੇ ਝੂਠ ਬੋਲਦੇ ਹਾਂ ਜਦੋਂ ਕਿ ਅਜਨਬੀਆਂ ਨਾਲ ਘੱਟ ਝੂਠ ਬੋਲਿਆ ਜਾਂਦਾ ਹੈ। ਕਿਸੇ ਨੂੰ ਪੁੱਛੋ: ਅੱਜ ਕੀ ਕੀਤਾ ਹੈ ?ਉਹ ਝੂਠ ਬੋਲੇਗਾ ਅਤੇ ਹਰ ਗੱਲ ਵਧਾ ਚੜ੍ਹਾ ਕੇ ਜਾਂ ਘਟਾ ਕੇ ਦੱਸੇਗਾ।

ਪਤੀ-ਪਤਨੀ, ਇਕ-ਦੂਜੇ ਬਾਰੇ 'ਸੱਚ' ਨੂੰ, ਤਲਾਕ ਦੇ ਮੁਕੱਦਮੇ ਦੌਰਾਨ ਹੀ ਬੋਲਦੇ ਹਨ ਅਤੇ ਬਾਕੀ ਦਾ ਜੀਵਨ ਉਹ ਝੂਠ ਬੋਲ-ਸੁਣ ਕੇ ਹੀ ਗੁਜ਼ਾਰ ਲੈਂਦੇ ਹਨ।

ਜੇ ਝੂਠ ਬੋਲਣ 'ਤੇ ਪਾਬੰਦੀ ਲੱਗ ਜਾਵੇ ਤਾਂ ਸਾਰੇ ਸਨਮਾਨ-ਸਮਾਰੋਹ ਅਤੇ ਭੋਗ ਵੇਲੇ ਦਿੱਤੀਆਂ ਜਾਣ ਵਾਲੀਆਂ ਸ਼ਰਧਾਂਜਲੀਆਂ ਬੰਦ ਹੋ ਜਾਣਗੀਆਂ।

ਸਾਰੀਆਂ ਸੌਂਹਾਂ, ਬਹਾਨੇ ਅਤੇ ਲਾਰੇ ਝੂਠੇ ਹੁੰਦੇ ਹਨ ਪਰ ਇਨ੍ਹਾਂ ਦੇ ਬੋਲਣ ਦਾ ਢੰਗ ਅਜਿਹਾ ਹੁੰਦਾ ਹੈ ਕਿ ਇਹ ਝੂਠ ਨੂੰ ਮੰਨਣਯੋਗ ਜ਼ਰੂਰ ਬਣਾ ਦਿੰਦੇ ਹਨ।

ਝੂਠ ਦਾ ਇਤਿਹਾਸ ਬਹੁਤ ਲੰਮਾ, ਗੁੰਝਲਦਾਰ ਅਤੇ ਦਿਲਚਸਪ ਹੈ।

ਜਿਤਨਾ ਚਿਰ ਮਨੁੱਖ ਦਾ ਪਸ਼ੂ-ਜਗਤ ਨਾਲ ਆਪਣੀ ਹੋਂਦ ਬਣਾਈ ਰੱਖਣ ਲਈ ਸੰਘਰਸ਼ ਚੱਲਦਾ ਰਿਹਾ ਸੀ, ਉਦੋਂ ਤੱਕ ਝੂਠ, ਧੋਖਾ, ਬੇਈਮਾਨੀ, ਫਰੇਬ, ਚਲਾਕੀ ਆਦਿ ਸਾਰੇ ਸਹਿਯੋਗੀ ਅਤੇ ਉਪਯੋਗੀ ਵਰਤਾਰੇ ਸਨ।

ਇਹ ਸੰਘਰਸ਼ ਲੱਖਾਂ ਸਾਲ ਚੱਲਿਆ ਹੈ ਅਤੇ ਝੂਠ, ਬੇਈਮਾਨੀ, ਧੋਖਾ ਆਦਿ ਲੱਛਣ, ਮਨੁੱਖੀ ਵਿਹਾਰ ਦਾ ਅੰਗ ਬਣ ਗਏ ਹਨ।

ਇਮਾਨਦਾਰੀ ਨਾਲ ਸ਼ਿਕਾਰ ਨਹੀਂ ਕੀਤਾ ਜਾ ਸਕਦਾ, ਸੁਹਿਰਦਤਾ ਨਾਲ ਯੁੱਧ ਨਹੀਂ ਲੜਿਆ ਜਾ ਸਕਦਾ, ਕੇਵਲ ਸੱਚ ਬੋਲਣ ਨਾਲ ਵਪਾਰ ਨਹੀਂ ਚੱਲਦਾ।

ਹੁਣ ਵੀ ਮੱਛੀਆਂ ਫੜਨ ਵੇਲੇ ਮਨੁੱਖ, ਕੁੰਡੀ ਨਾਲ ਆਟਾ ਲਾ ਕੇ, ਵਿਧੀ ਦੋਸਤੀ ਵਾਲੀ ਵਰਤਦਾ ਹੈ ਪਰ ਕਰਦਾ ਧੋਖਾ ਹੈ।

ਇਵੇਂ ਹੀ ਫੁੱਟਬਾਲ, ਹਾਕੀ ਆਦਿ ਖੇਡਾਂ ਆਪਣੇ ਵਿਰੋਧੀਆਂ ਨੂੰ ਚਕਮੇ ਦੇਣ ਅਤੇ ਚਲਾਕੀ ਕਰਨ ਦੀਆਂ ਖੇਡਾਂ ਹਨ।

ਯੁੱਧ ਦੌਰਾਨ ਝੂਠ ਦਾ ਬੋਲਬਾਲਾ ਹੁੰਦਾ ਹੈ ਅਤੇ ਝੂਠ ਨੂੰ ਇਕ ਸ਼ਕਤੀਸ਼ਾਲੀ ਹਥਿਆਰ ਵਾਂਗ ਵਰਤਿਆ ਜਾਂਦਾ ਹੈ।

ਜ ਕਿਸੇ ਝੂਠ ਨੂੰ ਨਿਰੰਤਰ ਦੁਹਰਾਇਆ ਜਾਵੇ ਤਾਂ ਉਹ ਸੱਚ ਸਮਝਿਆ ਜਾਂਦਾ ਹੈ।

ਮਨੁੱਖ ਵਲੋਂ ਧਰਮ ਅਤੇ ਰੱਬ ਨੂੰ ਇਵੇਂ ਹੀ ਸਿਰਜਿਆ ਗਿਆ ਹੈ।

ਰੱਬ ਦੇ ਹੋਣ ਦੀਆਂ ਇਤਨੀਆਂ ਝੂਠੀਆਂ ਗੱਲਾਂ ਕੀਤੀਆਂ ਗਈਆਂ ਹਨ ਕਿ ਰੱਬ ਨੂੰ ਨਾ ਮੰਨਣ ਵਾਲੇ ਨਾਸਤਕ ਕਹਿ ਕੇ ਭੰਡੇ ਜਾਂਦੇ ਹਨ।

ਹੁਣ ਜਦੋਂ ਮਨੁੱਖ ਘਰੋਂ ਨਿਕਲਦਾ ਹੈ ਤਾਂ ਰਸਤੇ ਵਿਚ ਭਾਂਤ-ਭਾਂਤ ਦੀਆਂ ਸ਼ਕਲਾਂ ਅਤੇ ਬਿਰਤੀਆਂ ਵਾਲੇ ਵਿਅਕਤੀ ਉਸ ਨੂੰ ਮਿਲਦੇ ਹਨ।

ਹਰੇਕ ਵਿਅਕਤੀ ਦੀ ਸ਼ਕਲ ਹੀ ਨਹੀਂ, ਉਸ ਦੀਆਂ ਆਦਤਾਂ, ਚਲਾਕੀਆਂ ਅਤੇ ਵਿਹਾਰ ਵੀ ਕਿਸੇ ਨਾ ਕਿਸੇ ਜਾਨਵਰ ਨਾਲ ਮਿਲਦਾ ਹੁੰਦਾ ਹੈ, ਇਸੇ ਕਰਕੇ ਜਦੋਂ ਅਸੀਂ ਕਿਸੇ ਨੂੰ ਨਿੰਦਣਾ ਹੁੰਦਾ ਹੈ ਤਾਂ ਕਿਸੇ ਪਸ਼ੂ ਦਾ ਹਵਾਲਾ ਦਿੰਦੇ ਹਾਂ।

ਹਰ ਰੋਜ਼, ਸਾਰਾ ਦਿਨ ਮਨੁੱਖ ਕਿਸੇ ਨਾਲ ਝੂਠ ਬੋਲ ਕੇ, ਕਿਸੇ ਨਾਲ ਚਲਾਕੀ

ਅਤੇ ਕਿਸੇ ਨਾਲ ਬੇਈਮਾਨੀ ਕਰਕੇ, ਕਿਸੇ ਨਾਲ ਝੂਠਾ ਵਾਅਦਾ ਕਰਕੇ ਜਾਂ ਕਿਸੇ ਨੂੰ ਲਾਰਾ ਲਾ ਕੇ ਆਪਣਾ ਜੀਵਨ-ਨਿਰਬਾਹ ਕਰਦਾ ਹੈ।

ਮਨੁੱਖ ਸੋਚਦਾ ਕੁਝ ਹੋਰ ਹੈ, ਕਰਦਾ ਕੁਝ ਹੋਰ ਹੈ, ਦਸਦਾ ਕੁਝ ਹੋਰ ਹੈ ਅਤੇ ਯਾਦ ਕੁਝ ਹੋਰ ਰੱਖਦਾ ਹੈ। ਪਤੀ-ਪਤਨੀ ਇਕ-ਦੂਜੇ ਤੋਂ ਵਫ਼ਾਦਾਰੀ ਭਾਲਦੇ ਹਨ ਪਰ ਅਕਸਰ ਆਪ ਦੋਵੇਂ ਕਿਸੇ ਨਾਲ ਨਜਾਇਜ਼ ਰਿਸ਼ਤਾ ਪਾਲਦੇ ਹਨ।

ਜੇ ਧਿਆਨ ਨਾਲ ਵੇਖਿਆ ਜਾਵੇ ਤਾਂ ਬਜ਼ਾਰ ਵਿਚ ਸਾਰੇ ਦੁਕਾਨਦਾਰਾਂ ਨੇ ਆਪਣੀ ਆਪਣੀ ਕਿਸਮ ਦੇ ਜਾਲ ਵਿਛਾਏ ਹੁੰਦੇ ਹਨ। ਚੀਜ਼ ਖਰੀਦਣ ਵੇਲੇ ਉਹ ਕੋਇਲ ਵਾਲੀ ਮਿੱਠੀ ਅਵਾਜ਼ ਵਿਚ ਬੋਲਣਗੇ, ਨੁਕਸਦਾਰ ਚੀਜ਼ ਵਾਪਸ ਕਰਨ ਜਾਓ, ਉਹ ਕਾਂ ਵਾਂਗ ਮੋਟੀ ਅਤੇ ਭਾਰੀ ਅਵਾਜ਼ ਵਿਚ ਬੋਲਦੇ ਹਨ।

ਅਦਾਲਤੀ ਮੁਕੱਦਮਿਆਂ ਤੋਂ ਪਤਾ ਲੱਗਦਾ ਹੈ ਕਿ ਸਮਾਜ ਵਿਚ ਝੂਠ-ਫਰੇਬ ਕਿਤਨਾ ਵਿਆਪਕ ਹੈ। ਇਸ ਵਿਆਪਕ ਝੂਠ ਅਤੇ ਬੇਈਮਾਨੀ ਕਾਰਨ ਹੀ ਅਜੋਕਾ ਮਨੁੱਖ ਪਰੇਸ਼ਾਨ, ਅਸੰਤੁਸ਼ਟ ਅਤੇ ਅਸ਼ਾਂਤ ਹੈ।

ਝੂਠ ਬੋਲਣ ਦੀ ਆਦਤ ਲਗਭਗ ਅੱਠ ਸਾਲ ਦੀ ਉਮਰ ਵਿਚ ਪੈਂਦੀ ਹੈ।

ਮਨੁੱਖੀ ਬੁੱਧੀ ਦੇ ਵਿਕਾਸ ਦੇ ਪੱਖੋਂ, ਝੂਠ ਬੋਲਣ ਦੇ ਲਾਭ ਵੀ ਹਨ।

ਝੂਠ ਬੋਲਣਾ ਬੱਚੇ ਦੇ ਵਿਕਾਸ ਦਾ ਇਕ ਮਹੱਤਵਪੂਰਨ ਪੜਾਓ ਵੀ ਹੁੰਦਾ ਹੈ।

ਝੂਠ ਬੋਲਣਾ ਮਾਨਸਿਕ ਅਤੇ ਸਰੀਰਕ ਵਿਕਾਸ ਲਈ ਜ਼ਰੂਰੀ ਹੈ, ਕਿਉਂਕਿ ਮਨੁੱਖ ਨੇ ਸੰਸਾਰ ਜਾਂ ਪਰਿਵਾਰ ਦੇ ਸੀਮਤ ਵਸੀਲਿਆਂ ਵਿਚੋਂ ਆਪਣਾ ਹਿੱਸਾ ਲੈਣਾ ਹੁੰਦਾ ਹੈ। ਇਹ ਹਿੱਸਾ ਮਿਲਦਾ ਨਹੀਂ, ਲੈਣ ਲਈ ਉਪਰਾਲੇ ਕਰਨੇ ਪੈਂਦੇ ਹਨ, ਝੂਠ ਬੋਲਣਾ ਵੀ ਆਪਣੇ ਹਿੱਤਾਂ ਦੀ ਰੱਖਿਆ ਦਾ ਇਕ ਉਪਰਾਲਾ ਹੁੰਦਾ ਹੈ।

ਅੱਠ ਸਾਲ ਦੀ ਉਮਰ ਤੋਂ ਪਹਿਲਾਂ ਬੱਚੇ ਨੂੰ ਅਸਲੀ-ਨਕਲੀ, ਆਪਣੀ-ਪਰਾਈ, ਚੰਗੀ-ਮਾੜੀ, ਸੱਚ-ਝੂਠ ਆਦਿ ਦੀ ਸੋਝੀ ਨਹੀਂ ਹੁੰਦੀ।

ਬੱਚੇ, ਝੂਠ ਬੋਲਣ ਦਾ ਅਮਲ ਮਾਂ ਤੋਂ ਸਿੱਖਣਾ, ਵਰਤਣਾ ਸ਼ੁਰੂ ਕਰਦੇ ਹਨ। ਜਦੋਂ ਬੱਚੇ ਮਾਂ ਨਾਲ ਝੂਠ ਬੋਲਣਾ ਸਿੱਖ ਜਾਂਦੇ ਹਨ ਤਾਂ ਉਹ ਆਪਣੇ ਸੰਗੀਆਂ-ਸਾਥੀਆਂ ਨਾਲ ਝੂਠ ਬੋਲਦੇ ਹਨ।

ਪਿਤਾ ਨਾਲ ਉਹ ਬਹੁਤ ਮਗਰੋਂ ਝੂਠ ਬੋਲਦੇ ਹਨ।

ਮਾਪਿਆਂ ਦਾ ਲਾਡ-ਪਿਆਰ, ਉਨ੍ਹਾਂ ਦੇ ਝੂਠ ਨੂੰ ਪ੍ਰਗਟ ਨਹੀਂ ਹੋਣ ਦਿੰਦਾ।

ਜਦੋਂ ਬੱਚੇ ਦੇ ਕਈ ਝੂਠ ਪਕੜੇ ਜਾਂਦੇ ਹਨ ਤਾਂ ਮਾਪਿਆਂ ਦਾ ਉਸ ਪ੍ਰਤੀ ਅਤੇ ਉਸ ਦਾ ਮਾਪਿਆਂ ਪ੍ਰਤੀ ਦ੍ਰਿਸ਼ਟੀਕੋਣ ਬਦਲਦਾ ਹੈ।

ਦੋਵੇਂ ਧਿਰਾਂ ਸਾਵਧਾਨ ਅਤੇ ਚੁਕੰਨੀਆਂ ਹੋ ਜਾਂਦੀਆਂ ਹਨ।

ਜਿਨ੍ਹਾਂ ਪਰਿਵਾਰਾਂ ਵਿਚ ਮਾਪੇ ਸਖ਼ਤ ਹੁੰਦੇ ਹਨ ਅਤੇ ਗਲਤੀਆਂ ਦੀ ਸਰੀਰਕ ਸਜ਼ਾ ਦਿੱਤੀ ਜਾਂਦੀ ਹੈ, ਉੱਥੇ ਬੱਚੇ ਸਜ਼ਾ ਤੋਂ ਬਚਣ ਲਈ, ਜਲਦੀ ਅਤੇ ਵਧੇਰੇ ਝੂਠ ਬੋਲਦੇ ਹਨ। ਬੱਚੇ ਕਈ ਉਦੇਸ਼ਾਂ ਅਧੀਨ ਝੂਠ ਬੋਲਦੇ ਹਨ। ਅਕਸਰ ਉਹ ਦੰਡ ਤੋਂ ਬਚਣ ਲਈ, ਅਧਿਆਪਕਾਂ ਜਾਂ ਮਾਪਿਆਂ ਦੇ ਡਰ ਕਾਰਨ ਆਪਣੀ ਕੋਈ ਗਲਤੀ

ਛੁਪਾਉਣ ਲਈ, ਕੀਤੇ ਨੁਕਸਾਨ ਤੋਂ ਮੁਕਰਨ ਲਈ ਜਾਂ ਕਿਸੇ ਮੁਸ਼ਕਿਲ ਵਿਚੋਂ ਨਿਕਲਣ ਲਈ ਝੂਠ ਬੋਲਦੇ ਹਨ।

ਬਹੁਤ ਛੋਟੇ ਬੱਚੇ, ਸੱਚ-ਝੂਠ ਦਾ ਅੰਤਰ ਨਹੀਂ ਜਾਣਦੇ ਹੁੰਦੇ, ਸੋ ਉਨ੍ਹਾਂ ਦਾ ਝੂਠ ਅਕਸਰ ਜਲਦੀ ਫੜਿਆ ਜਾਂਦਾ ਹੈ।

ਨਿੱਕੇ-ਨਿੱਕੇ ਝੂਠ ਬੋਲਣ ਦਾ ਅਮਲ ਬਾਰ੍ਹਾਂ-ਤੇਰ੍ਹਾਂ ਸਾਲ ਦੀ ਉਮਰ ਤੱਕ ਚੱਲਦਾ ਹੈ, ਜਿਸ ਉਪਰੰਤ ਲੜਕੇ-ਲੜਕੀਆਂ ਦੀ ਇਕ-ਦੂਜੇ ਵਿਚ ਦਿਲਚਸਪੀ ਵਧਦੀ ਹੈ ਅਤੇ ਨਵੇਂ ਨਵੇਂ ਫੁਰਨੇ ਫੁਰਨ ਕਰਕੇ ਝੂਠ ਬੋਲਣ ਦੀ ਲੋੜ, ਝੂਠ ਦੀ ਕਿਸਮ ਅਤੇ ਝੂਠ ਦੀ ਪੱਧਰ ਵੀ ਬਦਲ ਜਾਂਦੀ ਹੈ।

ਇਸ ਉਮਰ ਵਿਚ ਸਰੀਰਕ ਤਬਦੀਲੀਆਂ ਵਾਪਰਦੀਆਂ ਹਨ, ਕਲਪਨਾ ਜਾਗਦੀ ਹੈ ਅਤੇ ਸਭ ਕੁਝ ਅਜੀਬ ਲੱਗਦਾ ਹੈ।

ਲੜਕਾ ਆਪਣੇ ਬਾਰੇ ਝੂਠ ਬੋਲ ਕੇ, ਲੜਕੀ ਨੂੰ ਪ੍ਰਭਾਵਿਤ ਕਰਦਾ ਹੈ।

ਪੰਦਰ੍ਹਾਂ-ਸੋਲ੍ਹਾਂ ਸਾਲ ਦੀ ਉਮਰ ਵਿਚ ਕਿਸੇ ਗੱਲ ਨੂੰ ਵਧਾ-ਚੜ੍ਹਾ ਕੇ ਦੱਸਣ ਦਾ ਅਮਲ ਸ਼ੁਰੂ ਹੁੰਦਾ ਹੈ ਅਤੇ ਮਾਂਗਵੀਆਂ ਚੀਜ਼ਾਂ ਨੂੰ ਆਪਣੀਆਂ ਦੱਸਣ ਦਾ ਝੂਠ ਬੋਲਿਆ ਜਾਂਦਾ ਹੈ। ਇਸ ਉਮਰ ਵਿਚ ਨਿੱਕੀਆਂ-ਮੋਟੀਆਂ ਚੀਜ਼ਾਂ ਚੋਰੀ ਕਰਨ ਦੀ ਵੀ ਆਦਤ ਪੈਂਦੀ ਹੈ। ਸਭ ਤੋਂ ਵੱਡੀ ਤਬਦੀਲੀ ਇਹ ਵਾਪਰਦੀ ਹੈ ਕਿ ਬੱਚੇ ਚਲਾਕ ਹੋ ਜਾਂਦੇ ਹਨ ਪਰ ਮਾਪਿਆਂ ਅੱਗੇ ਉਹ ਭੋਲੇ ਹੋਣ ਦਾ ਨਾਟਕ ਰਚਦੇ ਹਨ।

ਇਸ ਉਮਰ ਵਿਚ ਅਲੰਕਾਰ ਵਰਤਣ ਦੀ ਵੀ ਆਦਤ ਪੈਂਦੀ ਹੈ, ਜਿਸ ਨਾਲ ਝੂਠ ਰਮਣੀਕ ਅਤੇ ਦਿਲਚਸਪ ਬਣ ਜਾਂਦਾ ਹੈ। ਬੱਚਿਆਂ ਦਾ ਮਾਪਿਆਂ ਨਾਲ ਝੂਠ ਬੋਲਣ ਦਾ ਅਮਲ ਜਟਿਲ ਹੋ ਜਾਂਦਾ ਹੈ। ਇਸ ਅਮਲ ਵਿਚ ਬੱਚੇ ਚਲਾਕੀ ਕਰਨੀ ਸਿੱਖਦੇ ਹਨ ਅਤੇ ਚਲਾਕੀ ਕਰਕੇ ਉਹ ਬੜੇ ਪ੍ਰਸੰਨ ਹੁੰਦੇ ਹਨ।

ਇਸ ਉਮਰ ਵਿਚ ਹੀ ਆਪਣੀਆਂ ਗੁਪਤ ਗੱਲਾਂ ਸਾਂਝੀਆਂ ਕਰਨ ਵਾਸਤੇ ਦੋਸਤਾਂ, ਸਹੇਲੀਆਂ ਨਾਲ ਗੱਲਾਂ ਕਰਨ ਦੀ ਆਦਤ ਪੈਂਦੀ ਹੈ ਅਤੇ ਪਿਆਰੇ ਨਾਲ, ਵਿਉਂਤ ਬਣਾ ਕੇ ਝੂਠ ਬੋਲਣ ਦਾ ਅਭਿਆਸ ਕੀਤਾ ਜਾਂਦਾ ਹੈ।

ਕਦੇ-ਕਦੇ ਹਰੇਕ ਵਿਅਕਤੀ ਝੂਠ ਬੋਲਦਾ ਹੈ, ਬੋਲਣਾ ਪੈਂਦਾ ਹੈ।

ਜਿਹੜਾ ਕਹਿੰਦਾ ਹੈ ਕਿ ਉਹ ਹਮੇਸ਼ਾ ਸੱਚ ਬੋਲਦਾ ਹੈ, ਉਹ ਅਜਿਹਾ ਕਹਿੰਦਿਆਂ, ਝੂਠ ਹੀ ਬੋਲ ਰਿਹਾ ਹੁੰਦਾ ਹੈ।

ਅਨੇਕਾਂ ਲੋਕ ਆਦਤਨ ਹੀ ਝੂਠ ਬੋਲਦੇ ਹਨ ਕਿਉਂਕਿ ਸੱਚ ਬੋਲਣ ਨਾਲ ਇਨ੍ਹਾਂ ਦਾ ਗੁਜ਼ਾਰਾ ਨਹੀਂ ਹੁੰਦਾ।

ਸੱਚ ਬੋਲਣ ਨਾਲ ਪਤੀ-ਪਤਨੀ ਵਾਲਾ ਰਿਸ਼ਤਾ ਹੀ ਚੱਲਦਾ ਹੈ, ਨਜਾਇਜ਼ ਰਿਸ਼ਤਾ ਸੱਚ ਨੂੰ ਛੁਪਾ ਕੇ ਜਾਂ ਝੂਠ ਨੂੰ ਸੱਚ ਬਣਾ ਕੇ ਬੋਲਣ ਨਾਲ ਹੀ ਚੱਲਦਾ ਹੈ।

ਹਰ ਥਾਂ ਹਰ ਕੋਈ ਆਪਣੇ ਆਪ ਨੂੰ ਵਿਸ਼ੇਸ਼ ਅਤੇ ਪਤਵੰਤਾ ਸਿੱਧ ਕਰਨਾ ਚਾਹੁੰਦਾ ਹੈ, ਜਦੋਂ ਕਿ ਹੁੰਦਾ ਹਰ ਕੋਈ ਸਧਾਰਨ ਹੀ ਹੈ, ਸੋ ਝੂਠ ਬੋਲਿਆ ਜਾਂਦਾ ਹੈ।

ਦੂਜਿਆਂ ਦੀ ਪ੍ਰਸ਼ੰਸਾ ਅਤੇ ਪ੍ਰਵਾਨਗੀ ਲੈਣ ਲਈ ਜਾਂ ਆਲੋਚਕਾਂ ਤੋਂ ਬਚਣ ਲਈ ਝੂਠ ਬੋਲਣਾ ਮਜਬੂਰੀ ਬਣ ਜਾਂਦਾ ਹੈ।

ਕਿਸੇ ਥਾਂ ਛੋਟੇ ਪਰਿਵਾਰ ਦੇ ਪੱਖ ਵਿਚ ਗੱਲਾਂ ਕੀਤੀਆਂ ਜਾ ਰਹੀਆਂ ਸਨ, ਇਕ ਇਸਤਰੀ ਦੇ ਬੱਚੇ ਚਾਰ ਸਨ ਪਰ ਉਸ ਨੇ ਦੋ ਹੀ ਦੱਸੇ, ਉਸ ਦੇ ਚਾਰ ਬੱਚਿਆਂ ਬਾਰੇ ਕਈਆਂ ਨੂੰ ਪਤਾ ਸੀ ਪਰ ਉਹ ਸਾਰੇ ਚੁੱਪ ਹੀ ਰਹੇ।

ਪੁਰਸ਼ ਅਕਸਰ ਵਿਉਂਤ ਬਣਾ ਕੇ ਝੂਠ ਬੋਲਦੇ ਹਨ ਜਦੋਂ ਕਿ ਇਸਤਰੀਆਂ ਦੀ ਸਮਾਜਿਕ ਅਤੇ ਆਰਥਿਕ ਸਥਿਤੀ ਹੀ ਅਜਿਹੀ ਹੁੰਦੀ ਹੈ ਕਿ ਉਨ੍ਹਾਂ ਨੂੰ ਪ੍ਰਵਾਨਗੀ ਪ੍ਰਾਪਤ ਕਰਨ ਲਈ ਅਕਸਰ ਝੂਠ ਬੋਲਣਾ ਪੈਂਦਾ ਹੈ।

ਪੁਰਸ਼ ਆਪਣੀ ਯੋਗਤਾ ਅਤੇ ਆਮਦਨ ਬਾਰੇ ਝੂਠ ਬੋਲਦੇ ਹਨ ਜਦੋਂ ਕਿ ਇਸਤਰੀਆਂ ਆਪਣੀ ਉਮਰ ਅਤੇ ਹੋਰਾਂ ਨਾਲ ਸੰਬੰਧਾਂ ਬਾਰੇ ਅਤੇ ਆਪਣੀਆਂ ਪਰਿਵਾਰਕ ਊਣਤਾਵਾਂ ਛੁਪਾਉਣ ਲਈ ਝੂਠ ਬੋਲਦੀਆਂ ਹਨ।

ਵਧੇਰੇ ਛਾਪਾਂ-ਛੱਲਿਆਂ ਵਾਲੇ ਪੁਰਸ਼ ਅਤੇ ਵਾਧੂ ਹਾਰ-ਸ਼ਿੰਗਾਰ ਕਰਨ ਵਾਲੀਆਂ ਇਸਤਰੀਆਂ ਵਧੇਰੇ ਝੂਠ ਬੋਲਦੀਆਂ ਹਨ।

ਪੁਰਸ਼ਾਂ ਨੂੰ ਝੂਠ ਬੋਲਣ ਦੀ ਲੋੜ ਵਧੇਰੇ ਪੈਂਦੀ ਹੈ, ਜਦੋਂ ਕਿ ਇਸਤਰੀਆਂ ਉਂਜ ਹੀ ਝੂਠ ਬੋਲਦੀਆਂ ਵੀ ਵਧੇਰੇ ਹਨ ਅਤੇ ਸੁਣਦੀਆਂ ਵੀ ਵਧੇਰੇ ਹਨ।

ਝੂਠ ਦੀਆਂ ਅਨੇਕਾਂ ਵੰਨਗੀਆਂ ਅਤੇ ਪਰਤਾਂ ਹੁੰਦੀਆਂ ਹਨ।

ਇਕ ਥਾਂ ਇਕ ਵਿਧਵਾ ਨੇ ਆਪਣੇ ਆਪ ਨੂੰ ਵਿਆਹੀ ਦੱਸਿਆ। ਇਕ ਕਿਰਾਏਦਾਰ ਨੇ ਆਪਣੇ ਆਪ ਨੂੰ ਮਾਲਕ-ਮਕਾਨ ਦੱਸਿਆ। ਇਕ ਨਿਰਧਨ ਨੇ ਦੱਸਿਆ ਕਿ ਉਸ ਨੂੰ ਕਿਰਾਏ ਦੀ ਆਮਦਨ ਹੈ। ਕਿਸੇ ਦੇ ਕਿਸੇ ਇਸਤਰੀ ਨਾਲ ਨਜਾਇਜ਼ ਸੰਬੰਧ ਸਨ, ਉਸ ਨੇ ਉਸ ਨੂੰ ਆਪਣੀ ਪਤਨੀ ਦੱਸਿਆ। ਇਕ ਦਸਵੀਂ ਫੇਲ੍ਹ ਸੀ, ਉਸ ਨੇ ਆਪਣੇ ਆਪ ਨੂੰ ਗ੍ਰੈਜੂਏਟ ਦੱਸਿਆ। ਇਕ ਨੇ ਆਪਣਾ ਨਾਂ ਹੀ ਗਲਤ ਲਿਖਵਾ ਦਿੱਤਾ। ਇਕ ਕਲਰਕ ਨੇ ਆਪਣੇ ਆਪ ਨੂੰ ਅਫ਼ਸਰ ਦਸਿਆ।

ਜਿਨ੍ਹਾਂ ਦੀ ਅਸੀਂ ਪ੍ਰਵਾਹ ਕਰਦੇ ਹਾਂ, ਉਨ੍ਹਾਂ ਅੱਗੇ ਹੀ ਝੂਠ ਬੋਲਦੇ ਹਾਂ।

ਕਈ ਵਾਰੀ ਝੂਠੀ ਹਮਦਰਦੀ ਵਿਖਾਉਣੀ ਜ਼ਰੂਰੀ ਹੋ ਜਾਂਦੀ ਹੈ।

ਕਈ ਵਾਰੀ ਡਾਕਟਰ ਆਪਣੇ ਮਰੀਜ਼ ਦਾ ਹੌਸਲਾ ਬਣਾਈ ਰੱਖਣ ਲਈ, ਉਸ ਦੇ ਰੋਗ ਦੀ ਅਸਲੀਅਤ ਬਾਰੇ ਝੂਠ ਬੋਲਦੇ ਹਨ।

ਜੁਆਰੀਏ, ਸ਼ਰਾਬੀ, ਠੇਕੇਦਾਰ, ਦਲਾਲ, ਵਿਚੋਲੇ, ਵਕੀਲ, ਟ੍ਰੈਵਲ-ਏਜੰਟ, ਆੜ੍ਹਤੀ, ਥਾਣੇਦਾਰ, ਵੇਸਵਾ, ਪਟਵਾਰੀ ਆਦਿ ਅਕਸਰ ਝੂਠ ਹੀ ਬੋਲਦੇ ਹਨ।

ਝੂਠ ਬੋਲਣ ਵਾਲੇ ਵਾਹੋਦਾਹੀ ਬੋਲਦੇ ਹਨ। ਜਦੋਂ ਕੋਈ ਝੂਠਾ, ਚਲਾਕ ਅਤੇ ਬੇਈਮਾਨ ਵਿਅਕਤੀ ਤੁਹਾਡੇ ਨਾਲ ਗੱਲਬਾਤ ਕਰੇਗਾ ਤਾਂ ਉਹ ਬਹਿ ਕੇ ਕਰੇਗਾ ਅਤੇ ਵਿਚਕਾਰ ਕੋਈ ਚੀਜ਼ ਰੱਖ ਲਵੇਗਾ, ਜਿਸ ਨੂੰ ਵੇਖਣ-ਛੇੜਨ ਦੇ ਬਹਾਨੇ ਉਹ ਤੁਹਾਡੇ ਨਾਲ ਅੱਖ ਨਹੀਂ ਮਿਲਾਏਗਾ ਤਾਂ ਕਿ ਉਸ ਦਾ ਝੂਠ ਪਕੜਿਆ ਨਾ ਜਾਵੇ।

ਜਿਹੜੇ ਬਿਨਾਂ ਲੋੜ ਝੂਠ ਬੋਲਦੇ ਹਨ, ਉਹ ਸਮੱਸਿਆਵਾਂ ਉਪਜਾਉਂਦੇ ਹਨ।

ਅਨੇਕਾਂ ਵਿਆਹ ਇਸ ਲਈ ਟੁੱਟਦੇ ਹਨ ਕਿਉਂਕਿ ਰਿਸ਼ਤੇ ਦੀ ਗੱਲਬਾਤ ਦੌਰਾਨ ਯੋਗਤਾ, ਆਮਦਨ ਜਾਂ ਕੁਝ ਲੈਣ-ਦੇਣ ਬਾਰੇ ਝੂਠ ਬੋਲਿਆ ਗਿਆ ਹੁੰਦਾ ਹੈ।

ਰਿਸ਼ਤਾ ਕਰਨ ਸਮੇਂ ਅਕਸਰ ਝੂਠ ਹੀ ਨਹੀਂ ਬੋਲਿਆ ਗਿਆ ਹੁੰਦਾ, ਦੂਜੀ ਧਿਰ ਨੂੰ ਬੁੱਧੂ ਬਣਾਉਣ ਦਾ ਯਤਨ ਵੀ ਕੀਤਾ ਗਿਆ ਹੁੰਦਾ ਹੈ।

ਕਈ ਜਿੱਥੇ ਝੂਠ ਬੋਲਣ ਦੀ ਕੋਈ ਲੋੜ ਨਹੀਂ ਹੁੰਦੀ, ਉੱਥੇ ਵੀ ਝੂਠ ਬੋਲਦੇ ਹਨ।

ਚਤੁਰ-ਚਲਾਕ ਅਤੇ ਝੂਠੇ ਵਿਅਕਤੀ ਧੀ-ਪੁੱਤਰ ਦੇ ਵਿਆਹ ਤੋਂ ਪਹਿਲਾਂ ਵੱਡੀ ਕੋਠੀ ਕਿਰਾਏ 'ਤੇ ਲੈ ਕੇ, ਉਸ ਨੂੰ ਆਪਣੀ ਦੱਸ ਕੇ ਰਿਸ਼ਤਾ ਕਰਦੇ ਹਨ, ਅਜਿਹਾ ਝੂਠ ਪ੍ਰਗਟ ਹੋਣ 'ਤੇ ਝਗੜਾ ਹੋਣਾ ਸੁਭਾਵਕ ਹੁੰਦਾ ਹੈ।

ਸੱਚ ਬੋਲਣ ਦਾ ਲਾਭ ਇਹ ਹੁੰਦਾ ਹੈ ਕਿ ਇਹ ਬੋਲ ਕੇ ਯਾਦ ਨਹੀਂ ਰੱਖਣਾ ਪੈਂਦਾ ਕਿ ਕੀ ਕਿਹਾ ਸੀ। ਜੇ ਕਿਸੇ ਵੱਲੋਂ ਪੁੱਛਣ 'ਤੇ ਤੁਸੀਂ ਆਪਣੀ ਸਹੀ ਆਮਦਨ ਜਾਂ ਯੋਗਤਾ ਜਾਂ ਉਮਰ ਜਾਂ ਜਾਇਦਾਦ ਜਾਂ ਪਰਿਵਾਰ ਬਾਰੇ ਕੁਝ ਦੱਸੋ ਤਾਂ ਯਾਦ ਨਹੀਂ ਰੱਖਣਾ ਪਏਗਾ ਕਿ ਕੀ ਯੋਗਤਾ ਜਾਂ ਆਮਦਨ ਦੱਸੀ ਸੀ ਪਰ ਝੂਠ ਬੋਲ ਕੇ ਯਾਦ ਰੱਖਣਾ ਪੈਂਦਾ ਹੈ ਕਿ ਕਿਸ ਨੂੰ ਕੀ ਦੱਸਿਆ ਸੀ।

ਕਈ ਇਤਨੇ ਝੂਠੇ ਹੁੰਦੇ ਹਨ ਕਿ ਆਪਣੇ ਜੀਵਿਤ ਪਿਤਾ ਨੂੰ ਸਵਰਗਵਾਸੀ ਦੱਸਦੇ ਹਨ ਅਤੇ ਬੱਚਿਆਂ ਦੇ ਬਾਪ ਹੋਣ ਦੇ ਬਾਵਜੂਦ ਆਪਣੇ ਆਪ ਨੂੰ ਅਣ-ਵਿਆਹਿਆ ਕਹਿੰਦੇ ਹਨ ਅਤੇ ਕਈ ਇਮਾਰਤਾਂ ਨੂੰ ਆਪਣੀ ਜਾਇਦਾਦ ਦਸਦੇ ਹਨ। ਉਨ੍ਹਾਂ ਦੇ ਲਗਭਗ ਹਰ ਝਗੜੇ ਦਾ ਕਾਰਨ ਕੋਈ ਨਾ ਕੋਈ ਝੂਠ ਹੁੰਦਾ ਹੈ।

ਜਿਵੇਂ ਹਰ ਕਿਸੇ ਵਿਚ ਸੱਚ ਬੋਲਣ ਦੀ ਹਿੰਮਤ ਨਹੀਂ ਹੁੰਦੀ, ਉਵੇਂ ਹੀ ਹਰ ਕਿਸੇ ਵਿਚ ਸੱਚ ਸੁਣਨ ਦੀ ਹਿੰਮਤ ਵੀ ਨਹੀਂ ਹੁੰਦੀ।

ਪਤੀ-ਪਤਨੀ ਦੋਹਾਂ ਨੂੰ ਵਿਆਹ ਤੋਂ ਪਹਿਲੇ ਸਮੇਂ ਦੌਰਾਨ ਇਕ-ਦੂਜੇ ਦੇ ਸੰਬੰਧਾਂ ਨੂੰ ਫਰੋਲਣ ਦਾ ਯਤਨ ਨਹੀਂ ਕਰਨਾ ਚਾਹੀਦਾ। ਪਤੀ ਅਕਸਰ ਵਿਆਹ ਤੋਂ ਪਹਿਲੇ ਦੇ ਆਪਣੇ ਹੋਰ ਇਸਤਰੀਆਂ ਨਾਲ ਸੰਬੰਧਾਂ ਦੀਆਂ ਡੀਂਗਾਂ ਮਾਰਦੇ ਹਨ ਪਰ ਪਤਨੀ ਦੇ ਅਜਿਹੇ ਵੇਰਵਿਆਂ ਨੂੰ ਸੁਣਨ ਦੀ ਉਨ੍ਹਾਂ ਵਿਚ ਸਮਰੱਥਾ ਨਹੀਂ ਹੁੰਦੀ।

ਮੇਰੀ ਇਕ ਵਿਦਿਆਰਥਣ ਨੇ ਮੈਨੂੰ ਪੁੱਛਿਆ ਸੀ, ਕਿ ਕਿਉਂਕਿ ਉਸਦੇ ਪਤੀ ਨੂੰ, ਉਸ ਦੀ ਪੜ੍ਹਾਈ ਦੌਰਾਨ ਆਪਣੇ ਜਮਾਤੀ ਨਾਲ ਸੰਬੰਧਾਂ ਦਾ ਪਤਾ ਤਾਂ ਲੱਗ ਹੀ ਜਾਵੇਗਾ, ਕੀ ਉਹ ਆਪ ਹੀ ਦਸ ਦੇਵੇ ? ਮੈਂ ਉਸ ਨੂੰ ਦੱਸਣ ਤੋਂ ਵਰਜਿਆ ਸੀ ਅਤੇ ਪੁੱਛਣ 'ਤੇ ਸੰਬੰਧਾਂ ਨੂੰ ਨਾ ਮੰਨਣ ਦਾ ਸੁਝਾਓ ਦਿੱਤਾ ਸੀ, ਕਿਉਂਕਿ ਮੈਂ ਜਾਣਦਾ ਸਾਂ ਕਿ ਜੇ ਉਸ ਨੇ ਸੱਚ ਬੋਲਿਆ, ਉਸਦਾ ਵਿਆਹ ਟੁੱਟ ਜਾਵੇਗਾ।

ਕਈ ਵਿਅਕਤੀ ਝੂਠ ਦੇ ਸਹਾਰੇ ਹੀ ਆਪਣਾ ਕਾਰੋਬਾਰ ਚਲਾਉਂਦੇ ਹਨ।

ਕਈ ਵਾਰੀ ਪਤਨੀ ਨੂੰ ਵੀ ਪਤਾ ਨਹੀਂ ਹੁੰਦਾ ਕਿ ਉਸ ਦਾ ਪਤੀ ਕੀ ਕਰਦਾ ਹੈ।

ਕਈ ਇਸਤਰੀਆਂ ਆਦਤਨ ਹੀ ਨਜਾਇਜ਼ ਸੰਬੰਧ ਉਸਾਰਦੀਆਂ ਹਨ। ਅਜਿਹੇ ਲੋਕ ਵਧੇਰੇ ਚਿੰਤਾ ਅਤੇ ਪਰੇਸ਼ਾਨੀ ਦਾ ਸ਼ਿਕਾਰ ਹੁੰਦੇ ਹਨ।

ਹੁਣ ਸਭ ਤੋਂ ਵੱਧ ਝੂਠ ਨਜਾਇਜ਼ ਕਾਮ-ਸੰਬੰਧਾਂ ਬਾਰੇ ਬੋਲੇ ਜਾਂਦੇ ਹਨ।

ਆਹਮੋ-ਸਾਹਮਣੇ ਕੀਤੀ ਗਲਬਾਤ ਵਿਚ ਘੱਟ ਝੂਠ ਬੋਲੇ ਜਾਂਦੇ ਹਨ।

ਟੈਲੀਫੋਨ ਨੇ ਹਰ ਕਿਸੇ ਲਈ ਝੂਠ ਬੋਲਣਾ ਸੌਖਾ ਕਰ ਦਿੱਤਾ ਹੈ।

ਸਰਕਾਰਾਂ ਪ੍ਰਚਾਰ ਸਾਧਨਾਂ ਨੂੰ ਝੂਠ ਬੋਲਣ ਲਈ ਵਰਤਦੀਆਂ ਹਨ। ਲੋਕ-ਸੰਪਰਕ ਮਹਿਕਮਾ ਝੂਠਾ ਪ੍ਰਚਾਰ ਕਰਨ ਲਈ ਹੁੰਦਾ ਹੈ। ਰਾਜਨੀਤੀ ਵਿਚ ਸਮੱਸਿਆਵਾਂ ਦੀ ਭਰਮਾਰ ਹੁੰਦੀ ਹੈ, ਸੋ ਅਕਸਰ ਝੂਠ ਬੋਲਿਆ ਜਾਂਦਾ ਹੈ।

ਜਦੋਂ ਮਨੋਵਿਗਿਆਨੀ ਨੂੰ ਰੋਗੀ ਦੇ ਵਿਹਾਰ ਦੀ ਕੋਈ ਗੱਲ ਸਮਝ ਨਹੀਂ ਆਉਂਦੀ ਤਾਂ ਉਹ ਵੀ ਕਹਿੰਦਾ ਹੈ: ਇਵੇਂ ਅਕਸਰ ਹੁੰਦਾ ਹੈ।

ਝੂਠ ਬੋਲਣਾ ਮਨੁੱਖ ਦੀਆਂ ਬੁਨਿਆਦੀ ਆਦਤਾਂ ਵਿਚੋਂ ਇਕ ਹੈ।

ਗੁੱਸੇ ਹੋਣਾ, ਲਾਲਚ ਕਰਨਾ, ਪਿਆਰ-ਨਫ਼ਰਤ ਕਰਨਾ, ਲੜਨਾ ਆਦਿ ਵੀ ਬੁਨਿਆਦੀ ਆਦਤਾਂ ਹਨ, ਸੋ ਝੂਠ ਕਦੇ ਵੀ ਪੂਰੀ ਤਰ੍ਹਾਂ ਲੋਪ ਨਹੀਂ ਹੋਵੇਗਾ।

ਇਹ ਇਕ ਵਿਆਪਕ ਪੱਧਰ ਦਾ ਵਿਹਾਰਕ ਵਿਗਾੜ ਹੈ, ਸੋ ਇਸ ਨੂੰ ਸੁਧਾਰਨ ਦੇ ਯਤਨ ਵੀ ਹਮੇਸ਼ਾ ਹੁੰਦੇ ਰਹਿਣਗੇ।

ਧਰਮ ਨੇ ਪਾਪ ਦੇ ਸੰਕਲਪ ਨਾਲ ਸੰਸਾਰ ਨੂੰ ਕੋਹਝਾ ਅਤੇ ਭੈੜਾ ਬਣਾ ਦਿੱਤਾ ਹੈ।

ਆਪਣੇ ਆਪ ਨੂੰ ਰੱਬ ਦੇ ਨੇੜੇ ਸਮਝਣ ਦੇ ਭਰਮ ਕਾਰਨ, ਧਾਰਮਿਕ ਲੋਕ ਵਧੇਰੇ ਝੂਠ ਬੋਲਦੇ ਹਨ, ਉਹ ਹੁੰਦੇ ਪਖੰਡੀ ਹਨ ਪਰ ਦਿਸਦੇ ਸਾਧ ਹਨ।

ਝੂਠ ਅਕਸਰ ਬੋਲਣ ਵਿਚ ਹੀ ਵਰਤਿਆ ਜਾਂਦਾ ਹੈ, ਝੂਠ ਲਿਖਣ ਵਾਸਤੇ ਵਕੀਲਾਂ ਅਤੇ ਸਾਹਿਤਕਾਰਾਂ ਦੀ ਲੋੜ ਪੈਂਦੀ ਹੈ।

ਜਿਨ੍ਹਾਂ ਨੂੰ ਬਚਪਨ ਵਿਚ ਖਾਣ-ਪੀਣ ਦੀ ਤੰਗੀ ਦਾ ਸਾਹਮਣਾ ਕਰਨਾ ਪਿਆ ਹੋਵੇ, ਜਾਂ ਜਿਨ੍ਹਾਂ ਵਿਚ ਗਰੀਬੀ, ਬੇਰੋਜ਼ਗਾਰੀ ਜਾਂ ਨੀਵੀਂ ਜਾਤ ਕਾਰਨ ਹੀਣਤਾ ਦੀ ਭਾਵਨਾ ਹੋਵੇ, ਉਹ ਝੂਠ ਬੋਲਣ ਲਈ ਵਧੇਰੇ ਮਜਬੂਰ ਹੁੰਦੇ ਹਨ।

ਹੁਣ ਵਿਦੇਸ਼ ਜਾਣ ਲਈ ਸਭ ਪ੍ਰਕਾਰ ਦੇ ਝੂਠ ਬੋਲੇ ਜਾਂਦੇ ਹਨ।

ਵਪਾਰਕ ਖਾਤਿਆਂ ਵਿਚ, ਟੈਕਸਾਂ ਤੋਂ ਬਚਣ ਲਈ, ਆਮਦਨ ਅਤੇ ਖਰਚਿਆਂ ਬਾਰੇ ਝੂਠ ਬੋਲਣਾ, ਇਕ ਵਿਸ਼ਵ-ਵਿਆਪੀ ਵਰਤਾਰਾ ਹੈ।

ਇਸਤਰੀਆਂ-ਪੁਰਸ਼ਾਂ ਵਿਚ ਨਜਾਇਜ਼ ਸੰਬੰਧਾਂ ਦੀਆਂ ਸੰਭਾਵਨਾਵਾਂ ਵੱਧਣ ਨਾਲ, ਝੂਠ ਦੀਆਂ ਨਵੀਆਂ ਵੰਨਗੀਆਂ ਉੱਭਰ ਰਹੀਆਂ ਹਨ।

ਉਧਾਰ ਲੈਣ ਵਾਲੇ ਬੜੇ ਸੁਹਾਵਣੇ ਝੂਠ ਬੋਲਦੇ ਹਨ।

ਆਮਦਨ ਤੋਂ ਵਧੇਰੇ ਖਰਚਣ ਵਾਲਿਆਂ ਨੂੰ ਕਈ ਝੂਠ ਬੋਲਣੇ ਪੈਂਦੇ ਹਨ।

ਕਿਸੇ ਵੇਲੇ ਝੂਠ ਬੋਲਣਾ, ਨਰਕ ਦਾ ਭਾਗੀ ਬਣਨਾ ਹੁੰਦਾ ਸੀ। ਪੁਰਾਣੇ ਵੇਲਿਆਂ ਵਿਚ ਝੂਠ ਬੋਲਣ ਨਾਲ ਰਿਸ਼ਤਾ ਟੁੱਟ ਜਾਂਦਾ ਸੀ, ਸੰਬੰਧ ਵਿਗੜ ਜਾਂਦੇ ਸਨ ਪਰ ਹੁਣ ਝੂਠ ਬੋਲਣ ਵਾਲੇ ਵੱਲੋਂ, ਪਛਤਾਵੇ ਦਾ ਪ੍ਰਗਟਾਵਾ ਕਰਨ 'ਤੇ, ਉਸ ਦਾ ਬੋਲਿਆ ਝੂਠ ਨਜ਼ਰ-ਅੰਦਾਜ਼ ਕਰ ਦਿੱਤਾ ਜਾਂਦਾ ਹੈ।

ਪੁਰਾਣੇ ਜ਼ਮਾਨੇ ਵਿਚ ਸਾਰੇ ਜੀਵਨ ਵਿਚ ਕੁਝ ਗਿਣਤੀ ਦੇ ਹੀ ਝੂਠ ਬੋਲੇ ਜਾਂਦੇ ਸਨ, ਜਦੋਂ ਕਿ ਹੁਣ ਹਰ ਰੋਜ਼ ਅਨੇਕਾਂ ਝੂਠ ਬੋਲੇ ਜਾਂਦੇ ਹਨ।

ਲੱਗਦਾ ਹੈ ਝੂਠ ਬੋਲਣਾ ਹੁਣ ਹਰਮਨ ਪਿਆਰਾ ਵਰਤਾਰਾ ਹੋ ਗਿਆ ਹੈ।

ਭਾਵੇਂ ਝੂਠ ਦੀਆਂ ਕਿਸਮਾਂ ਅਨੇਕਾਂ ਹਨ ਪਰ ਝੂਠੇ ਵਿਅਕਤੀ ਦੇ ਵਿਹਾਰ ਵਿਚ

ਵੰਨ-ਸੁਵੰਨਤਾ ਨਹੀਂ ਹੁੰਦੀ। ਹੁਣ ਝੂਠ ਆਮ ਕਰਕੇ ਇਵੇਂ ਬੋਲਿਆ ਜਾਂਦਾ ਹੈ ਤਾਂ ਕਿ ਮਗਰੋਂ ਲੋੜ ਪੈਣ 'ਤੇ ਸਹਿਜੇ ਹੀ ਮੁਕਰਿਆ ਜਾ ਸਕੇ।

ਲਿਖ ਕੇ ਕੀਤਾ ਇਕਰਾਰਨਾਮਾ ਜਾਂ ਹਲਫ਼ੀਆ ਬਿਆਨ ਸਾਨੂੰ ਝੂਠ ਬੋਲਣ ਤੋਂ ਅਕਸਰ ਰੋਕਦਾ ਹੈ। ਕੰਪਿਊਟਰਾਂ ਦੀ ਵਿਆਪਕ ਵਰਤੋਂ ਨਾਲ ਸਾਡੇ ਝੂਠ ਫੜੇ ਜਾਣ ਦੀਆਂ ਸੰਭਾਵਨਾਵਾਂ ਵੱਧ ਗਈਆਂ ਹਨ ਪਰ ਮਨੁੱਖ ਇਤਨਾ ਚਤੁਰ ਹੋ ਗਿਆ ਹੈ ਕਿ ਉਹ ਸੁਚੇਤ ਵਕੀਲਾਂ ਵਾਂਗ ਲੋੜ ਪੂਰੀ ਕਰਨ ਵਾਸਤੇ, ਸੱਚ ਨੂੰ ਝੂਠ ਅਤੇ ਝੂਠ ਨੂੰ ਸੱਚ ਬਣਾਉਣ ਵਿਚ ਦੇਰ ਨਹੀਂ ਲਾਉਂਦਾ।

ਅਜੋਕਾ ਮਨੁੱਖ ਸੱਚ ਉੱਥੇ ਹੀ ਬੋਲਦਾ ਹੈ, ਜਿੱਥੇ ਉਹ ਝੂਠ ਬੋਲ ਨਹੀਂ ਸਕਦਾ ਅਤੇ ਜਿੱਥੇ ਸੱਚ ਬੋਲਣਾ ਲਾਭਕਾਰੀ ਹੁੰਦਾ ਹੈ।

ਜੋ ਕੁਝ ਗੁਪਤ ਰੱਖਿਆ ਜਾਂਦਾ ਹੈ, ਉਹ ਸੱਚ ਨਹੀਂ ਹੁੰਦਾ ਕਿਉਂਕਿ ਸੱਚ ਨੂੰ ਗੁਪਤ ਰੱਖਣ ਦੀ ਲੋੜ ਨਹੀਂ ਪੈਂਦੀ।

ਹਰ ਕਿਸੇ ਨਾਲ, ਬਹੁਤ ਅਧਿਕ ਝੂਠ ਬੋਲਣਾ ਇਕ ਮਾਨਸਿਕ ਵਿਗਾੜ ਹੈ।

ਇਸ ਲਈ ਲੰਮੇ ਇਲਾਜ ਦੀ ਲੋੜ ਪੈਂਦੀ ਹੈ ਪਰੰਤੂ ਝੂਠ ਬੋਲਣ ਵਾਲੇ ਰੋਗੀ ਇਲਾਜ ਕਰਵਾਉਣ ਤੋਂ ਇਨਕਾਰੀ ਹੁੰਦੇ ਹਨ ਕਿਉਂਕਿ ਇਨ੍ਹਾਂ ਦੀ ਝੂਠ ਬੋਲਣ ਦੀ ਆਦਤ ਦਾ ਵਿਸ਼ਲੇਸ਼ਣ ਕਰਦਿਆਂ, ਇਨ੍ਹਾਂ ਦੇ ਵਿਹਾਰ ਦੀਆਂ ਅਨੇਕਾਂ ਹੋਰ ਪਰਤਾਂ ਉਜਾਗਰ ਹੋ ਜਾਂਦੀਆਂ ਹਨ, ਜਿਨ੍ਹਾਂ ਨੂੰ ਇਹ ਵਿਖਾਉਣਾ ਨਹੀਂ ਚਾਹੁੰਦੇ।

ਮਾਨਸਿਕ ਇਲਾਜ ਤੋਂ ਬਿਨਾਂ ਇਸ ਰੋਗ ਨੂੰ ਦੂਰ ਨਹੀਂ ਕੀਤਾ ਜਾ ਸਕਦਾ।

ਕਿਸੇ ਨੂੰ ਝੂਠ ਬੋਲਣ ਤੋਂ ਰੋਕਣਾ ਸੰਭਵ ਨਹੀਂ ਹੁੰਦਾ।

ਝੂਠ ਬੋਲਣ ਤੋਂ ਰੋਕਣ ਦੇ ਕਿਸੇ ਯਤਨ ਦਾ, ਸ਼ਰਾਬੀ ਨੂੰ ਸ਼ਰਾਬ ਪੀਣ, ਚੋਰ ਨੂੰ ਚੋਰੀ ਕਰਨ, ਜੁਏਬਾਜ਼ ਨੂੰ ਜੂਆ ਖੇਡਣ ਤੋਂ ਰੋਕਣ ਵਾਂਗ ਕੋਈ ਅਸਰ ਨਹੀਂ ਹੁੰਦਾ।

ਆਦਤਨ ਹੀ ਝੂਠ ਬੋਲਣਾ, ਉਨ੍ਹਾਂ ਨੂੰ ਹੀ ਚੰਗਾ ਲੱਗਦਾ ਹੈ, ਜਿਨ੍ਹਾਂ ਦੀਆਂ ਦੌੜਾਂ ਨਿੱਕੀਆਂ ਅਤੇ ਦੁਮੇਲ ਨੀਵੇਂ ਹੁੰਦੇ ਹਨ।

ਕਿਸੇ ਸੰਸਥਾ ਵਿਚ ਕਿਸੇ ਦਾ ਨਾਂ ਹੀ 'ਝੂਠਾ' ਪੈ ਜਾਣਾ ਬੜੀ ਵੱਡੀ ਬੇਇੱਜ਼ਤੀ ਹੁੰਦੀ ਹੈ, ਇਸ ਨਾਲ ਉਸ ਦੇ ਸੱਚ 'ਤੇ ਵੀ ਇਤਬਾਰ ਨਹੀਂ ਕੀਤਾ ਜਾਂਦਾ।

ਜਦੋਂ ਤੱਕ ਮਨੁੱਖ, ਸਰਲ ਅਤੇ ਸਾਦੀ ਜੀਵਨ-ਪ੍ਰਣਾਲੀ ਨਹੀਂ ਅਪਣਾਉਂਦਾ, ਉਹ ਝੂਠ ਦੀ ਪ੍ਰਕਰਮਾ ਕਰਦਾ ਰਹੇਗਾ।

ਚਰਿੱਤਰ ਦੀ ਮਜ਼ਬੂਤੀ ਤੋਂ ਬਿਨਾਂ ਝੂਠ ਤੋਂ ਛੁਟਕਾਰਾ ਨਹੀਂ ਪਾਇਆ ਜਾ ਸਕਦਾ। ਚੰਗੇ ਅਤੇ ਖ਼ੁਸ਼ਹਾਲ ਸਮਾਜ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਉਥੇ ਸੱਚ ਵਧੇਰੇ ਬੋਲਿਆ ਜਾਂਦਾ ਹੈ ਅਤੇ ਝੂਠ ਬੋਲਣ ਵਾਲੇ ਨੂੰ ਸਤਿਕਾਰਯੋਗ ਨਹੀਂ ਸਮਝਿਆ ਜਾਂਦਾ।

+ + +

ਸ਼ਰਮਾਉਣਾ ਅਤੇ ਸ਼ਰਮਸਾਰ ਹੋਣਾ

ਸ਼ਰਮ ਹਰ ਕਿਸੇ ਨੂੰ ਆਉਂਦੀ ਹੈ।

ਜਿਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ, ਉਹ ਬੇਸ਼ਰਮ ਹੁੰਦੇ ਹਨ। ਇਸਤਰੀਆਂ ਸ਼ਰਮਾਉਂਦੀਆਂ ਚੰਗੀਆਂ ਲੱਗਦੀਆਂ ਹਨ, ਪੁਰਸ਼ ਸ਼ਰਮਸਾਰ ਹੁੰਦੇ ਭੈੜੇ ਲੱਗਦੇ ਹਨ।

ਜਿਹੜੇ ਬੇਸ਼ਰਮ ਹੁੰਦੇ ਹਨ, ਉਨ੍ਹਾਂ ਨੂੰ ਸਮਾਜ ਸ਼ਰਮਸਾਰ ਕਰਦਾ ਰਹਿੰਦਾ ਹੈ।

ਕਿਸੇ ਨੂੰ ਸ਼ਰਮਸਾਰ ਕਰਨਾ, ਸਮਾਜਿਕ ਦੰਡ ਹੁੰਦਾ ਹੈ।

ਸ਼ਰਮ ਆਪੇ ਆਉਂਦੀ ਹੈ, ਬੇਸ਼ਰਮ ਹੋਇਆ ਜਾਂਦਾ ਹੈ ਅਤੇ ਸ਼ਰਮਸਾਰ ਕੀਤਾ ਜਾਂਦਾ ਹੈ। ਸ਼ਰਮ ਦੇ ਅਨੇਕਾਂ ਰੂਪ, ਪਰਤਾਂ ਅਤੇ ਰੰਗ ਹੁੰਦੇ ਹਨ, ਸੋ ਹਰ ਕੋਈ ਕਿਸੇ ਨਾ ਕਿਸੇ ਪੱਖੋਂ ਸ਼ਰਮ ਮਹਿਸੂਸ ਕਰਦਾ ਹੈ।

ਪੂਰਬੀ ਅਤੇ ਪਰੰਪਰਕ ਸਮਾਜਾਂ ਵਿਚ ਸੱਚੀ ਸ਼ਰਮ ਨੂੰ ਹਯਾ ਕਹਿੰਦੇ ਹਨ।

ਹਯਾ ਜਾਂ ਲੱਜਾ ਬੜਾ ਸੂਖਮ ਪ੍ਰਗਟਾਵਾ ਹੁੰਦਾ ਹੈ। ਹਯਾ ਸਭ ਤੋਂ ਸੋਹਣੇ ਗਹਿਣੇ ਵਾਂਗ ਇਸਤਰੀ ਦੀ ਸੁੰਦਰਤਾ ਅਤੇ ਖਿੱਚ ਦੋਹਾਂ ਨੂੰ ਵਧਾਉਂਦੀ ਹੈ। ਇਹ ਹਾਂ-ਨਾਂਹ ਦਾ ਬੜਾ ਦਿਲ-ਖਿੱਚਵਾਂ ਮਿਸ਼ਰਣ ਹੁੰਦੀ ਹੈ ਅਤੇ ਇਹ ਵਿਅਕਤੀ ਅਤੇ ਵਿਸ਼ੇਸ਼ ਕਰਕੇ ਇਸਤਰੀ ਨੂੰ ਮਨਮੋਹਕ, ਸਤਿਕਾਰਯੋਗ ਅਤੇ ਨੈਤਿਕ ਬਣਾਉਂਦੀ ਹੈ।

ਹਯਾ ਕਿਸੇ ਵਿਅਕਤੀ ਦੇ ਸੱਚੇ-ਸੁੱਚੇ ਹੋਣ ਦਾ ਪ੍ਰਮਾਣ ਹੁੰਦੀ ਹੈ।

ਸ਼ਰਮ-ਹਯਾ ਵਾਲਾ ਵਿਹਾਰ ਪ੍ਰਸੰਸਾਯੋਗ ਹੁੰਦਾ ਹੈ।

ਸਾਊ, ਸਲੀਕੇ ਅਤੇ ਸੋਹਜ ਵਾਲੇ ਪਰਿਵਾਰਾਂ ਵਿਚ ਮਾਂ-ਪਿਓ ਦੀ ਅੱਖ ਦੀ ਸ਼ਰਮ ਹੁੰਦੀ ਹੈ ਅਤੇ ਚੰਗੇ ਆਚਰਣ ਵਾਲੇ ਬੱਚੇ ਅਤੇ ਵਿਸ਼ੇਸ਼ ਕਰਕੇ ਧੀਆਂ ਇਸ ਅੱਖ ਦੀ ਸ਼ਰਮ ਦੀ ਉਲੰਘਣਾ ਨਹੀਂ ਕਰਦੀਆਂ।

ਕਈ ਇਸਤਰੀਆਂ ਗੱਲ੍ਹਾਂ 'ਤੇ ਲਾਲੀ ਮੱਲਣ ਨਾਲ ਨਕਲੀ ਹਯਾ ਉਪਜਾ ਕੇ, ਵੇਖਣ ਵਾਲਿਆਂ ਨੂੰ ਕਾਮ ਲਈ ਉਕਸਾਉਂਦੀਆਂ ਹਨ।

ਪਰੰਪਰਕ ਸਮਾਜਾਂ ਵਿਚ ਇਹ ਵਰਤਾਰਾ ਨਿੰਦਣਯੋਗ ਹੁੰਦਾ ਹੈ।

ਪੱਛਮੀ ਦੇਸ਼ਾਂ ਵਿਚ ਸ਼ਰਮ ਤਾਂ ਹੁੰਦੀ ਹੈ ਪਰ ਹਯਾ ਨਹੀਂ ਹੁੰਦੀ, ਕਿਉਂਕਿ ਉੱਥੇ ਕਾਮ ਦੇ ਪੱਖੋਂ ਜੀਵਨ ਵਧੇਰੇ ਸੁਤੰਤਰ ਅਤੇ ਖੁੱਲ੍ਹਾਂ ਵਾਲਾ ਹੈ।

ਸਥਾਪਤ ਕਦਰਾਂ-ਕੀਮਤਾਂ ਦੀ ਉਲੰਘਣਾ ਅਪ੍ਰਵਾਨਗੀ ਉਪਜਾਉਂਦੀ ਹੈ ਜਦੋਂਕਿ ਕਦਰਾਂ-ਕੀਮਤਾਂ ਨੂੰ ਪਾਲਣ ਨਾਲ ਸਾਨੂੰ ਸਮਾਜਿਕ ਪ੍ਰਵਾਨਗੀ ਮਿਲਦੀ ਹੈ।

ਇਵੇਂ ਸ਼ਰਮ, ਨੈਤਿਕ ਵਿਹਾਰ ਦਾ ਮੁੱਖ ਅੰਗ ਹੁੰਦੀ ਹੈ।

ਨੈਤਿਕ ਕਦਰਾਂ-ਕੀਮਤਾਂ ਤੋਂ ਬਿਨਾਂ ਕੋਈ ਰਿਸ਼ਤਾ, ਪਰਿਵਾਰ, ਸਮਾਜ ਜਾਂ ਦੇਸ਼

ਆਦਿ ਨਹੀਂ ਉਸਰ ਸਕਦਾ। ਆਪਣਿਆਂ ਤੋਂ ਸ਼ਰਮ, ਹੋਰਾਂ ਤੋਂ ਬੇਇਜ਼ਤੀ ਦਾ ਡਰ, ਅਹੁਦੇ ਦੇ ਖੋਹੇ ਜਾਣ ਦਾ ਤੌਖਲਾ, ਸਮਾਜ ਵਿਚੋਂ ਛੇਕੇ ਜਾਣ ਦਾ ਭੈਅ, ਸਾਡੇ ਉੱਤੇ ਸਭ ਤੋਂ ਵੱਡੇ ਨਿਯੰਤਰਣ ਹੁੰਦੇ ਹਨ, ਜਿਹੜੇ ਸਾਡੇ ਪਰਿਵਾਰਕ ਅਤੇ ਸਮਾਜਿਕ ਵਿਹਾਰ ਦੀ ਦਿਸ਼ਾ ਅਤੇ ਪੱਧਰ ਨੂੰ ਨਿਰਧਾਰਤ ਕਰਦੇ ਹਨ।

ਲਿਬਾਸ ਸ਼ਰਮ ਦੀ ਭਾਵਨਾ ਕਰਕੇ ਪਹਿਨਿਆ ਜਾਂਦਾ ਹੈ।

ਸ਼ਰਮ ਕਾਰਨ ਹੀ ਅਸੀਂ ਸਰੀਰ ਨੂੰ ਹੀ ਨਹੀਂ, ਕਈ ਚੀਜ਼ਾਂ ਨੂੰ ਵੀ ਢੱਕ ਕੇ ਰੱਖਦੇ ਹਾਂ। ਸ਼ਰਮ ਦੀ ਭਾਵਨਾ ਤੋਂ ਬਿਨਾਂ ਸੰਭੋਗ, ਬਲਾਤਕਾਰ ਹੁੰਦਾ ਹੈ।

ਸਾਡੇ ਜੀਵਨ ਵਿਚ ਸ਼ਰਮ-ਹਯਾ ਵਾਲੇ ਵਿਹਾਰ ਨਾਲੋਂ ਬੇਸ਼ਰਮ ਵਿਹਾਰ ਵਧੇਰੇ ਧਿਆਨ ਖਿੱਚਦਾ ਹੈ। ਅਨੁਚਿਤ, ਅਢੁੱਕਵਾਂ ਅਤੇ ਅਣਚਾਹਿਆ ਵਿਹਾਰ ਹਰ ਕਿਸੇ ਵਿਚ ਝਿਜਕ ਵਾਲੀ ਸ਼ਰਮ ਉਪਜਾਉਂਦਾ ਹੈ। ਅਨਪੜ੍ਹ ਨੂੰ ਕਿਤਾਬ ਪੜ੍ਹਨ ਲਈ ਕਹੋ, ਉਸ ਦੇ ਚਿਹਰੇ 'ਤੇ ਸ਼ਰਮ ਦੇ ਭਾਵ ਉਪਜਣਗੇ। ਬਾਂਝ ਇਸਤਰੀ ਨਾਲ ਬੱਚਿਆਂ ਦੀਆਂ ਗੱਲਾਂ ਕਰੋ, ਉਹ ਸ਼ਰਮ ਨਾਲ ਚੁੱਪ ਕਰ ਜਾਵੇਗੀ। ਬੇਰੋਜ਼ਗਾਰ ਨਾਲ ਵਿਕਾਸ ਦੀਆਂ ਗੱਲਾਂ ਕਰੋ, ਉਹ ਕੁਝ ਕਹਿਣ ਤੋਂ ਕਤਰਾਏਗਾ। ਵਿਧਵਾ ਨੂੰ ਕਿਸੇ ਵਿਆਹ ਵਿਚ ਨੱਚਣ ਲਈ ਕਹੋ, ਉਹ ਬੇਇਜ਼ਤੀ ਮਹਿਸੂਸ ਕਰੇਗੀ।

ਸਮਾਜਿਕ ਪੱਖੋਂ ਮਨੁੱਖ ਨੂੰ ਸ਼ਰਮਸਾਰ ਹੋਣ ਤੋਂ ਬਚਣ ਲਈ ਰੋਜ਼ਗਾਰ, ਵਿਆਹ, ਪਰਿਵਾਰ ਅਤੇ ਮਕਾਨ ਦੀ ਸੁਰੱਖਿਆ ਦੀ ਲੋੜ ਪੈਂਦੀ ਹੈ।

ਅਤਿ ਸਧਾਰਨ ਜੀਵਨ ਗੁਜ਼ਾਰਨ ਕਾਰਨ ਅਤੇ ਅਗਿਆਨਤਾ ਕਰਕੇ ਅਨਪੜ੍ਹ, ਘੱਟ ਸ਼ਰਮ ਮਹਿਸੂਸ ਕਰਦੇ ਹਨ, ਪੇਂਡੂ ਵੀ ਘੱਟ ਸ਼ਰਮ ਮੰਨਦੇ ਹਨ ਪਰ ਪੜ੍ਹੇ-ਲਿਖੇ ਅਤੇ ਸ਼ਹਿਰੀ, ਅੰਦਰੋਂ ਵਧੇਰੇ ਸ਼ਰਮ ਮਹਿਸੂਸ ਕਰਦੇ ਹਨ।

ਪੁਰਸ਼ਾਂ ਨੂੰ ਘੱਟ ਅਤੇ ਇਸਤਰੀਆਂ ਨੂੰ ਵਧੇਰੇ ਸ਼ਰਮ ਆਉਂਦੀ ਹੈ।

ਕਿਸੇ ਘਟਨਾ ਕਾਰਨ ਸ਼ਰਮਸਾਰ ਹੋਣ ਦੀ ਸੂਰਤ ਵਿਚ, ਪੁਰਸ਼ ਕਿਧਰੇ ਚਲੇ ਜਾਂਦੇ ਹਨ ਅਤੇ ਇਸਤਰੀਆਂ ਘਰ ਅੰਦਰ ਲੁਕ ਜਾਂਦੀਆਂ ਹਨ।

ਕਿਸੇ ਦੇ ਚੰਗੀ ਨੀਅਤ ਨਾਲ ਕੀਤੇ ਕੰਮ 'ਤੇ ਭੈੜੀ ਨੀਅਤ ਦਾ ਦੋਸ਼ ਲਗਣਾ ਬੜਾ ਦੁਖਦਾਈ ਲੱਗਦਾ ਹੈ, ਜਿਸ ਕਾਰਨ ਸੰਸਾਰ ਮੈਲਾ-ਮੈਲਾ ਲੱਗਣ ਲੱਗ ਪੈਂਦਾ ਹੈ।

ਅਜੋਕੇ ਸਮਾਜ ਵਿਚ ਮੋਟਾਪਾ, ਮਾਪਿਆਂ ਦਾ ਤਲਾਕ, ਵਿਧਵਾਪਣ, ਬੇਰੋਜ਼ਗਾਰੀ, ਨੌਕਰੀ ਤੋਂ ਬਰਖ਼ਾਸਤਗੀ, ਚੋਣਾਂ ਵਿਚ ਹਾਰ ਆਦਿ ਸ਼ਰਮਸਾਰ ਕਰਨ ਵਾਲੇ ਅਨੁਭਵ ਹਨ। ਅਜਿਹੀਆਂ ਹਾਲਤਾਂ ਵਿਚ ਵਿਅਕਤੀ ਦੀ ਆਪਣੇ-ਆਪ ਬਾਰੇ ਰਾਇ ਨੀਵੀਂ ਹੋ ਜਾਂਦੀ ਹੈ, ਸਾਰੇ ਮਾਣ-ਸਨਮਾਨ ਫਿੱਕੇ ਪੈ ਜਾਂਦੇ ਹਨ ਅਤੇ ਉਸ ਨੂੰ ਆਤਮਘਾਤ ਕਰਕੇ, ਛੁਟਕਾਰਾ ਪਾਉਣ ਦੇ ਖਿਆਲ ਆਉਂਦੇ ਹਨ।

ਜੇ ਪਰਿਵਾਰ ਦਾ ਕੋਈ ਜੀਅ ਕੋਈ ਸ਼ਰਮਨਾਕ ਗੱਲ ਕਰੇ ਤਾਂ ਸਾਰਾ ਪਰਿਵਾਰ ਬੇਇਜ਼ਤੀ ਮਹਿਸੂਸ ਕਰਦਾ ਹੈ।

ਚੋਰ ਦੀ ਮਾਂ ਹੋਣ ਦੀ ਸ਼ਰਮ, ਡਰਾਈਵਰ ਨਾਲ ਦੌੜ ਜਾਣ ਵਾਲੀ ਧੀ ਦੇ ਪਿਤਾ ਹੋਣ ਦੀ ਸ਼ਰਮ, ਕਿਸੇ ਲੜਕੀ ਦੀ ਵਿਆਹ ਤੋਂ ਪਹਿਲਾਂ ਮਾਂ ਬਣਨ ਦੀ ਸ਼ਰਮ, ਕਿਸੇ

ਕਾਲਜ ਦੇ ਵਿਦਿਆਰਥੀ ਵਲੋਂ ਰਾਤ ਦੌਰਾਨ ਚੋਰੀਆਂ ਕਰਨ ਕਰਕੇ ਫੜੇ ਜਾਣ ਦੀ ਸ਼ਰਮ, ਕਿਸੇ ਵੱਡੀ ਅਤੇ ਪ੍ਰਸਿੱਧ ਟੀਮ ਦੀ ਨਵੀਂ ਅਤੇ ਸਿਖਾਂਦਰੂ ਟੀਮ ਤੋਂ ਹਾਰ ਦੀ ਸ਼ਰਮ, ਪਤੀ ਦੇ ਵਕਤ ਤੋਂ ਪਹਿਲਾਂ ਘਰ ਆਉਣ 'ਤੇ ਆਪਣੀ ਪਤਨੀ ਨੂੰ ਕਿਸੇ ਹੋਰ ਪੁਰਸ਼ ਦੀਆਂ ਬਾਹਵਾਂ ਵਿਚ ਵੇਖਣ ਦੀ ਸ਼ਰਮ, ਇਕ ਹੀ ਹੋਟਲ ਵਿਚ ਪਤੀ ਦਾ ਆਪਣੀ ਪ੍ਰੇਮਿਕਾ ਨਾਲ ਅਤੇ ਪਤਨੀ ਦਾ ਆਪਣੇ ਪ੍ਰੇਮੀ ਨਾਲ ਆਹਮੋ-ਸਾਹਮਣੇ ਹੋਣ ਦੀ ਸ਼ਰਮ, ਕਿਸੇ ਪ੍ਰਸਿੱਧ ਪਰਿਵਾਰ ਦੇ ਲੜਕੇ ਵਲੋਂ ਆਪਣੇ ਘਰ ਭਾਂਡੇ ਮਾਂਜਣ ਵਾਲੀ ਇਸਤਰੀ ਦੀ ਧੀ ਨਾਲ ਵਿਆਹ ਕਰਾਉਣ ਦੀ ਸ਼ਰਮ ਵਾਲੀਆਂ ਘਟਨਾਵਾਂ ਹੁਣ ਆਮ ਵਾਪਰਨ ਲੱਗ ਪਈਆਂ ਹਨ।

ਅਜਿਹੀ ਸ਼ਰਮ ਨਾਲ ਸਮਾਜਿਕ ਰਿਸ਼ਤੇ ਤਿੜਕਦੇ ਹਨ।

ਹੁਣ ਜਦੋਂ ਦੋਸ਼ੀ ਫੜਿਆ ਜਾਂਦਾ ਹੈ ਤਾਂ ਉਹ ਆਪਣੀ ਗਲਤੀ ਮੰਨਣ ਦੀ ਥਾਂ ਹੋਰਾਂ 'ਤੇ ਦੋਸ਼ ਲਾਉਣ ਲੱਗ ਪੈਂਦਾ ਹੈ ਅਤੇ ਵੱਧ ਤੋਂ ਵੱਧ ਲੋਕਾਂ ਦੀ ਸ਼ਰਮਸਾਰੀ ਅਤੇ ਬਦਨਾਮੀ ਦਾ ਕਾਰਨ ਬਣਦਾ ਹੈ।

ਅੱਠ ਇਸਤਰੀਆਂ ਨਾਲ ਨਜਾਇਜ਼ ਸੰਬੰਧ ਰੱਖਣ ਵਾਲੇ ਇਕ ਵਿਅਕਤੀ ਦਾ ਜਦੋਂ ਕਤਲ ਹੋ ਗਿਆ ਤਾਂ ਬਦਨਾਮੀ ਕਈ ਘਰਾਂ ਨੂੰ ਝੁਲਸ ਗਈ।

ਕੁਝ ਦਹਾਕੇ ਪਹਿਲਾਂ ਸਮਾਜਿਕ ਕਦਰਾਂ-ਕੀਮਤਾਂ ਦੀ ਉਲੰਘਣਾ ਕਰਨ ਵਾਲੇ ਬੇਸ਼ਰਮਾਂ ਦਾ ਮੂੰਹ ਕਾਲਾ ਕਰਕੇ ਘੁੰਮਾਇਆ ਜਾਂਦਾ ਸੀ।

ਹੁਣ ਸਜ਼ਾ ਦਾ ਡਰ ਨਹੀਂ ਰਿਹਾ, ਸੋ ਸਮਾਜ ਵਿਚ ਅਜਿਹੇ ਬੇਸ਼ਰਮਾਂ ਦੀ ਗਿਣਤੀ ਵੱਧ ਰਹੀ ਹੈ, ਜਿਨ੍ਹਾਂ ਨੂੰ ਸ਼ਰਮ ਨਹੀਂ ਆਉਂਦੀ। ਇਹ ਚਿੰਤਾ ਦਾ ਵਿਸ਼ਾ ਹੈ।

ਸ਼ਰਮ ਦੀ ਭਾਵਨਾ ਤਿੰਨ-ਚਾਰ ਸਾਲ ਦੀ ਉਮਰ ਵਿਚ ਉਪਜ ਪੈਂਦੀ ਹੈ। ਇਸ ਭਾਵਨਾ ਨੂੰ ਉਸਾਰਨ ਦਾ ਕਾਰਜ ਪਰਿਵਾਰ ਕਰਦਾ ਹੈ। ਲੜਕਿਆਂ ਨਾਲੋਂ ਲੜਕੀਆਂ ਵਿਚ ਇਹ ਭਾਵਨਾ ਜਲਦੀ ਅਤੇ ਵਧੇਰੇ ਉਪਜਦੀ ਹੈ।

ਸ਼ਰਮ ਕਾਰਨ ਬੱਚੇ ਆਪਣੇ-ਆਪ ਬਾਰੇ ਸੁਚੇਤ ਹੁੰਦੇ ਹਨ।

ਸ਼ਰਮ ਦਾ ਉਪਜਣਾ ਸਾਡੇ ਭਾਵਕ ਵਿਕਾਸ ਦਾ ਇਕ ਪੜਾਓ ਹੁੰਦਾ ਹੈ।

ਸ਼ਰਮ ਕਾਰਨ ਹਰ ਸਮਾਜ ਵਿਚਲੇ ਇਸਤਰੀਆਂ-ਪੁਰਸ਼ਾਂ ਵਿਚਕਾਰ ਇਕ ਸਰਵਪ੍ਰਵਾਨਿਤ, ਅਣਲਿਖਿਆ ਸਮਝੌਤਾ ਹੁੰਦਾ ਹੈ ਕਿ ਕਿਹੜੀਆਂ ਗੱਲਾਂ ਆਪਸ ਵਿਚ ਨਹੀਂ ਕਰਨੀਆਂ। ਜਿਹੜਾ ਇਸ ਸਮਝੌਤੇ ਦੀ ਉਲੰਘਣਾ ਕਰਦਾ ਹੈ, ਉਸ ਨੂੰ ਭੈੜਾ, ਗੰਦਾ, ਬੇਸ਼ਰਮ ਅਤੇ ਬਦਤਮੀਜ਼ ਕਿਹਾ ਜਾਂਦਾ ਹੈ ਅਤੇ ਉਸ ਨਾਲ ਅਕਸਰ ਗੱਲਬਾਤ ਬੰਦ ਹੋ ਜਾਂਦੀ ਹੈ।

ਕਿਸੇ ਦੇ ਬੇਸ਼ਰਮ ਵਿਹਾਰ ਨਾਲ ਸੁਣਨ-ਵੇਖਣ ਵਾਲੇ ਹਰੇਕ ਵਿਅਕਤੀ ਅਤੇ ਵਿਸ਼ੇਸ਼ ਕਰਕੇ ਇਸਤਰੀ ਦਾ ਚਿਹਰਾ ਲਾਲ ਹੋ ਜਾਂਦਾ ਹੈ, ਹੱਥਾਂ ਦੀਆਂ ਤਲੀਆਂ 'ਤੇ ਪਸੀਨਾ ਆ ਜਾਂਦਾ ਹੈ, ਘਬਰਾਹਟ ਹੁੰਦੀ ਹੈ, ਉਹ ਥੱਥਲਾਉਣ ਲੱਗ ਪੈਂਦੀ ਹੈ ਅਤੇ ਉਸ ਵਿਚ ਉੱਥੋਂ ਦੌੜ ਜਾਣ ਦੀ ਇੱਛਾ ਜਾਗਦੀ ਹੈ।

ਕਲਪਨਾ ਕਰਕੇ ਵੇਖੋ ਜੇ ਸ਼ਰਮ ਨਾ ਹੋਵੇ ਤਾਂ ਜੀਵਨ ਕਿਹੋ ਜਿਹਾ ਹੋਵੇਗਾ।

ਕਈ ਘਟਨਾਵਾਂ ਸਾਨੂੰ ਸਾਰਾ ਜੀਵਨ ਸ਼ਰਮਸਾਰ ਅਤੇ ਪਰੇਸ਼ਾਨ ਕਰਦੀਆਂ ਰਹਿੰਦੀਆਂ ਹਨ, ਜਿਵੇਂ ਗੁੱਸੇ ਵਿਚ ਪੁੱਤਰ ਵਲੋਂ ਮਾਂ ਦੀ ਹੱਤਿਆ ਕਰ ਦੇਣੀ; ਕੋਠੇ 'ਤੇ ਪਤਨੀ ਦਾ ਮੰਜਾ ਲੱਭਦਿਆਂ, ਜਵਾਈ ਦਾ ਸੱਸ ਨਾਲ ਲੇਟ ਜਾਣਾ; ਆਪਣਾ ਪਿਆਰਾ ਕੁੱਤਾ ਆਪਣੀ ਹੀ ਕਾਰ ਥੱਲੇ ਕੁਚਲਿਆ ਜਾਣਾ ਆਦਿ ਘਟਨਾਵਾਂ ਜ਼ਿੰਦਗੀ ਵਿਚ ਅਕਸਰ ਵਾਪਰਦੀਆਂ ਹਨ ਪਰ ਇਨ੍ਹਾਂ ਸੰਬੰਧੀ ਪਛਤਾਵੇ-ਭਰੀ ਸ਼ਰਮ ਸਾਰੀ ਜ਼ਿੰਦਗੀ ਆਉਂਦੀ ਅਤੇ ਪਰੇਸ਼ਾਨ ਕਰਦੀ ਰਹਿੰਦੀ ਹੈ।

ਸ਼ਰਮ ਦਾ ਸੁਭਾਵਕ ਪ੍ਰਗਟਾਵਾ ਸਰੀਰਕ ਅੰਗਾਂ ਨੂੰ ਕੱਜਣ ਵਿਚ ਪ੍ਰਗਟ ਹੁੰਦਾ ਹੈ। ਭਾਵੇਂ ਪੁਰਸ਼-ਇਸਤਰੀ ਇਕ-ਦੂਜੇ ਦੀ ਸਰੀਰਕ ਬਣਤਰ ਜਾਣਦੇ ਹੁੰਦੇ ਹਨ, ਫਿਰ ਵੀ ਸ਼ਰਮ ਕਾਰਨ ਉਹ ਆਪਣੇ ਸਰੀਰ ਕੱਜ ਕੇ ਰੱਖਦੇ ਹਨ।

ਇਸਤਰੀ ਦੇ ਸਰੀਰ ਉੱਤੇ ਸ਼ਰਮ ਦੀ ਪਰਤ ਹੁੰਦੀ ਹੈ, ਇਸੇ ਕਰਕੇ ਕਹਿੰਦੇ ਹਨ ਕਿ ਸਾਰੇ ਕੱਪੜੇ ਉਤਾਰ ਕੇ ਵੀ, ਇਸਤਰੀ ਸ਼ਰਮ ਪਹਿਨੀ ਰੱਖਦੀ ਹੈ।

ਜੇ ਬੱਚਿਆਂ ਅਤੇ ਜਵਾਨਾਂ ਦੇ ਚਿਹਰੇ 'ਤੇ ਸ਼ਰਮ ਦੇ ਭਾਵ ਨਾ ਹੋਣ ਤਾਂ ਉਹ ਸਭਿਅਕ, ਸਾਊ ਅਤੇ ਭਰੋਸੇਯੋਗ ਪ੍ਰਤੀਤ ਨਹੀਂ ਹੁੰਦੇ।

ਬੇਸ਼ਰਮੀ ਵਾਲੇ ਵਿਹਾਰ ਦੀ ਅਦਾਲਤ ਦੀ ਸਜ਼ਾ ਨਾਲੋਂ ਪਹਿਲਾਂ, ਸਮਾਜ ਅਤੇ ਭਾਈਚਾਰਾ ਦੰਡ ਵਜੋਂ ਉਸ ਨਾਲੋਂ ਨਾਤਾ ਤੋੜ ਲੈਂਦਾ ਹੈ। ਅਜਿਹੇ ਵਿਅਕਤੀ ਦਾ ਵਿਆਹ ਨਹੀਂ ਹੁੰਦਾ, ਜੇ ਵਿਆਹਿਆ ਹੋਵੇ ਤਾਂ ਬੱਚਿਆਂ ਦਾ ਵਿਆਹ ਨਹੀਂ ਹੁੰਦਾ।

ਉਸ ਦੀ ਜ਼ਿੰਦਗੀ ਰੁਕ ਜਾਂਦੀ ਹੈ, ਕੇਵਲ ਸਾਹ ਜਾਰੀ ਰਹਿੰਦਾ ਹੈ।

ਲੋਕ ਸਾਡੀਆਂ ਕਰਤੂਤਾਂ ਨੂੰ ਨਾ ਭੁੱਲਦੇ ਹਨ ਨਾ ਮੁਆਫ਼ ਕਰਦੇ ਹਨ, ਸੋ ਕਿਸੇ ਪ੍ਰਕਾਰ ਦੀ ਗੰਭੀਰ ਅਣਗਹਿਲੀ ਬੜੀ ਮਹਿੰਗੀ ਪੈਂਦੀ ਹੈ।

ਜੇ ਹੋਰ ਕਾਰਨਾਂ ਕਰਕੇ ਸਾਡੀ ਪਹਿਲਾਂ ਹੀ ਵਿਰੋਧਤਾ ਹੋ ਰਹੀ ਹੋਵੇ ਤਾਂ ਸਾਡੀ ਨਿੱਕੀ ਜਿਹੀ ਗਲਤੀ ਜਾਂ ਅਣਗਹਿਲੀ ਨਾਲ, ਹਰ ਕਿਸੇ ਨੂੰ ਸਾਨੂੰ ਭੰਡਣ ਅਤੇ ਨਿੰਦਣ ਦਾ ਅਧਿਕਾਰ ਮਿਲ ਜਾਂਦਾ ਹੈ।

ਜੇ ਸਾਡੀਆਂ ਗਲਤੀਆਂ ਨਾਲ ਹੋਰਾਂ ਦਾ ਅਪਮਾਨ ਅਤੇ ਨੁਕਸਾਨ ਹੋਇਆ ਹੋਵੇ ਤਾਂ ਉਹ ਬਦਲਾ ਲੈਣ ਲਈ ਮੌਕਾ ਲੱਭਦੇ ਰਹਿੰਦੇ ਹਨ।

ਸਭ ਤੋਂ ਵੱਧ ਸ਼ਰਮ, ਇਸਤਰੀਆਂ-ਪੁਰਸ਼ਾਂ ਦੇ ਨਜਾਇਜ਼ ਸੰਬੰਧਾਂ ਵਿਚੋਂ ਉਪਜਦੀ ਹੈ। ਵਰਜਿਤ ਅਤੇ ਨਜਾਇਜ਼ ਰਿਸ਼ਤੇ ਬੇਸ਼ਰਮ ਹੁੰਦੇ ਹਨ। ਆਪਣੀਆਂ ਕਾਮੁਕ ਅਤ੍ਰਿਪਤੀਆਂ ਕਾਰਨ, ਅਸੀਂ ਦੂਜਿਆਂ ਦੇ ਕਾਮੁਕ ਵਿਹਾਰ ਵਿਚ ਵਧੇਰੇ ਦਿਲਚਸਪੀ ਲੈਂਦੇ ਹਾਂ। ਹੁਣ ਭ੍ਰਿਸ਼ਟਾਚਾਰ ਗੱਲਬਾਤ ਦਾ ਇਕਮਾਤਰ ਵਿਸ਼ਾ ਨਹੀਂ ਰਿਹਾ।

ਗੱਲਬਾਤ ਦਾ ਮੁੱਖ ਵਿਸ਼ਾ ਹੁਣ ਹੋਰਾਂ ਦੇ ਨਜਾਇਜ਼ ਸੰਬੰਧ ਬਣ ਗਏ ਹਨ।

ਇਕ ਪਿਤਾ ਅਤੇ ਪੁੱਤਰ ਇਕ ਹੀ ਵੇਸਵਾ ਕੋਲ ਜਾਂਦੇ ਸਨ, ਇਕ ਵਾਰੀ ਵੇਸਵਾ ਦੇ ਚੁਬਾਰੇ ਵਿਚ ਆਹਮੋ-ਸਾਹਮਣੇ ਹੋ ਗਏ, ਉਨ੍ਹਾਂ ਨੇ ਇਕ-ਦੂਜੇ ਨੂੰ ਕਿਹਾ ਕੁਝ ਨਾ ਪਰ ਜੀਵਨ ਭਰ ਉਹ ਦੋਵੇਂ ਸ਼ਰਮਸਾਰ ਹੁੰਦੇ ਰਹੇ ਅਤੇ ਦੋਹਾਂ ਦੀਆਂ ਨਜ਼ਰਾਂ ਜੀਵਨ ਭਰ ਨੀਵੀਆਂ ਹੀ ਰਹੀਆਂ।

ਇਕ ਵਾਰੀ ਇਕ ਲੜਕੇ ਨੇ ਨੰਗੀਆਂ ਤਸਵੀਰਾਂ ਵਾਲਾ ਮੈਗਜ਼ੀਨ ਆਪਣੇ

ਬੈਗ ਵਿਚ ਲੁਕਾਇਆ ਹੋਇਆ ਸੀ। ਬੈਗ ਵਿਚੋਂ ਕੁਝ ਲੱਭਦਿਆਂ, ਭੈਣ ਨੇ ਮੈਗਜ਼ੀਨ ਕੱਢਿਆ, ਵੇਖਿਆ ਅਤੇ ਵੇਖ ਕੇ, ਉੱਥੇ ਹੀ ਰੱਖ ਦਿੱਤਾ। ਭਰਾ ਨੇ ਸਮਝਿਆ ਦੂਜੇ ਭਰਾ ਨੇ ਵੇਖਿਆ ਹੈ, ਉਹ ਉਸ ਨੂੰ ਬੈਗ ਫਰੋਲਣ ਕਾਰਨ ਗਾਲ੍ਹਾਂ ਕੱਢ ਰਿਹਾ ਸੀ ਪਰ ਕੋਲ ਚੁੱਪ ਖਲੋਤੀ ਭੈਣ ਨੂੰ ਸ਼ਰਮ ਆ ਰਹੀ ਸੀ।

ਕੁਝ ਭੈੜਾ ਕਰਦਿਆਂ ਫੜੇ ਜਾਣ 'ਤੇ ਇਜ ਲੱਗਦਾ ਹੈ, ਜਿਵੇਂ ਅਚਾਨਕ ਨੰਗੇ ਹੋ ਗਏ ਹੋਈਏ। ਪ੍ਰੇਮੀ ਨਾਲ ਮਿਲ ਕੇ ਪਤੀ ਦਾ ਕਤਲ ਕਰਨਾ ਜਾਂ ਕਿਸੇ ਬਾਲੜੀ ਨਾਲ ਬਲਾਤਕਾਰ ਆਦਿ ਕਰਨਾ ਆਦਿ ਅਜਿਹੇ ਕਾਰਨ ਹਨ, ਜਿਹੜੇ ਸਜ਼ਾ ਭੁਗਤਣ ਉਪਰੰਤ ਵੀ ਸ਼ਰਮਸਾਰ ਕਰਦੇ ਰਹਿੰਦੇ ਹਨ।

ਇਕ ਪਿਤਾ ਬਿਮਾਰ ਸੀ, ਬੇਸ਼ਰਮ ਪੁੱਤਰ ਨੇ ਸੋਚਿਆ, ਜੇ ਪਿਤਾ ਜੀ ਚਲਾਣਾ ਕਰ ਜਾਣ ਤਾਂ ਉਨ੍ਹਾਂ ਦਾ ਕਮਰਾ ਉਸ ਨੂੰ ਮਿਲ ਜਾਵੇਗਾ।

ਇਕ ਵਾਰੀ ਦੋ ਭਰਾਵਾਂ ਦਾ ਦੋ ਭੈਣਾਂ ਨਾਲ, ਇਕ ਹੀ ਦਿਨ ਵਿਆਹ ਹੋਇਆ। ਦੋਹਾਂ ਭੈਣਾਂ ਨੇ ਇਕੋ ਜਿਹੇ ਕੱਪੜੇ ਪਹਿਨੇ ਹੋਏ ਸਨ ਅਤੇ ਘੁੰਢ ਕੱਢੇ ਹੋਏ ਸਨ। ਵੱਡਾ ਭਰਾ ਚਲਾਕ ਸੀ, ਛੋਟਾ ਸਿੱਧਾ-ਸਾਦਾ ਸੀ ਪਰ ਵੱਡੇ ਭਰਾ ਦੀ ਪਤਨੀ ਸਧਾਰਨ ਸ਼ਕਲ-ਸੂਰਤ ਵਾਲੀ ਅਤੇ ਛੋਟੇ ਦੀ ਪਤਨੀ ਸੋਹਣੀ ਸੀ। ਘਰ ਵਿਚ ਦਾਖਲ ਹੋਣ ਵੇਲੇ ਵੱਡੇ ਨੇ ਛੋਟੇ ਦੀ ਪਤਨੀ ਨੂੰ, ਆਪਣੀ ਬਣਾ ਲਿਆ। ਜਦੋਂ ਰਾਤ ਨੂੰ ਛੋਟਾ ਭਰਾ ਆਪਣੀ ਬਦਲੀ ਗਈ ਪਤਨੀ ਨੂੰ ਮਿਲਿਆ ਤਾਂ ਉਸ ਇਸਤਰੀ ਨੇ ਕਿਹਾ: ਮੈਨੂੰ ਹੱਥ ਨਾ ਲਾ, ਤੇਰੀ ਪਤਨੀ ਨਾਲ ਤੇਰਾ ਭਰਾ ਲੇਟਿਆ ਹੋਇਆ ਹੈ। ਛੋਟਾ ਭਰਾ ਆਪਣੇ ਸਿੱਧੜ ਸੁਭਾਓ ਕਾਰਨ, ਸਾਰੀ ਰਾਤ ਸਰਦੀ ਦੇ ਬਾਵਜੂਦ ਕਮਰੇ ਤੋਂ ਬਾਹਰ ਫਰਸ਼ 'ਤੇ ਚੁੱਪ ਕਰਕੇ ਬੈਠਾ ਰਿਹਾ ਅਤੇ ਸਵੇਰ ਹੋਣ 'ਤੇ ਘਰੋਂ ਚਲਾ ਗਿਆ ਅਤੇ ਨੇੜੇ ਵਗਦੀ ਵੱਡੀ ਨਹਿਰ ਵਿਚ ਛਾਲ ਮਾਰ ਕੇ ਮਰ ਗਿਆ। ਕਿਸੇ ਨੂੰ ਪਤਾ ਨਹੀਂ ਸੀ ਕਿ ਕਿਹੜੀ ਭੈਣ ਵਿਧਵਾ ਹੋਈ ਸੀ ਪਰ ਵੱਡਾ ਭਰਾ ਸ਼ਰਮਸਾਰ ਸੀ।

ਪਰਿਵਾਰ ਵਿਚ, ਪਿਤਾ ਵਿਚ ਸ਼ਰਮ ਦੀ ਭਾਵਨਾ ਧੀ ਉਪਜਾਉਂਦੀ ਹੈ।

ਧੀ ਹੀ ਪੁਰਸ਼ ਵਿਚ ਪਿਤਾ ਵਾਲੇ ਗੁਣ ਉਪਜਾਉਂਦੀ ਹੈ।

ਘਰ ਵਿਚ ਵਿਆਹੀ ਧੀ ਆਈ ਹੋਵੇ ਤਾਂ ਹਯਾ ਆ ਜਾਂਦੀ ਹੈ, ਹਰ ਕਿਸੇ ਦਾ ਵਿਹਾਰ ਚੰਗਾ, ਸਾਊ ਅਤੇ ਸਹੀ ਹੋ ਜਾਂਦਾ ਹੈ। ਹਰ ਕੋਈ ਸ਼ਰਮ ਦੇ ਘੇਰੇ ਵਿਚ ਵਿਚਰਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਹਰੇਕ ਸਮਾਜ ਵਿਚ ਇਸਤਰੀ ਹੀ ਪੁਰਸ਼ ਦਾ ਮਾਣ-ਸਨਮਾਨ ਅਤੇ ਇਮਾਨ ਹੁੰਦੀ ਹੈ।

ਜਿਹੜਾ ਪੁਰਸ਼ ਆਪਣੀ ਇਸਤਰੀ ਦੀ ਦੇਖਭਾਲ ਅਤੇ ਉਸਦੀ ਇਜ਼ਤ-ਆਬਰੂ ਦੀ ਰੱਖਿਆ ਨਹੀਂ ਕਰ ਸਕਦਾ, ਉਸ ਦਾ ਅਪਮਾਨ ਹੁੰਦਾ ਹੈ।

ਇਕ ਵਾਰੀ ਇਕ ਵਿਅਕਤੀ ਦੀ ਪਤਨੀ, ਉਸਦੀ ਹਰ ਵੇਲੇ ਸ਼ਰਾਬ ਪੀਣ ਦੀ ਆਦਤ ਕਾਰਨ ਉਸ ਨੂੰ ਛੱਡ ਗਈ। ਜਦੋਂ ਇਹ ਵਿਅਕਤੀ ਕਿਸੇ ਪਰਿਵਾਰਕ ਸਮਾਗਮ ਵਿਚ ਆਪਣੇ ਭਰਾਵਾਂ ਨੂੰ ਕੋਈ ਸਲਾਹ ਦਿੰਦਾ ਸੀ ਤਾਂ ਉਹ ਕਿਹਾ ਕਰਦੇ ਸਨ: ਤੇਰੇ ਤੋਂ ਆਪਣੀ ਜ਼ਨਾਨੀ ਤਾਂ ਸਾਂਭੀ ਨਹੀਂ ਗਈ, ਸਾਨੂੰ ਉਪਦੇਸ਼ ਦੇ ਰਿਹਾ ਹੈਂ! ਉਹ ਸ਼ਰਮਸਾਰ ਹੋ ਕੇ ਚੁੱਪ ਕਰ ਜਾਂਦਾ ਸੀ।

ਇਕ ਵਾਰੀ ਇਕ ਵਿਅਕਤੀ ਨੇ ਆਪਣੇ ਘਰ ਵਿਚ ਆਪਣੇ ਨਵੇਂ ਅਹੁਦੇ ਦੀ ਖੁਸ਼ੀ ਮਨਾਉਣ ਲਈ ਬੁਲਾਏ ਬਾਹਰਲੇ ਦੋਸਤਾਂ ਨਾਲ ਸ਼ਰਾਬ ਪੀਤੀ ਅਤੇ ਪਤਨੀ ਦੇ ਬਾਰ-ਬਾਰ ਰੋਕਣ ਦੇ ਬਾਵਜੂਦ, ਵਧੇਰੇ ਸ਼ਰਾਬ ਪੀ ਲਈ। ਇਸ ਹਾਲਤ ਵਿਚ ਉਸ ਨੇ ਆਪਣੀ ਪਤਨੀ ਨੂੰ ਕਿਹਾ ਕਿ ਉਹ ਉਸ ਦੇ ਦੋਸਤਾਂ ਨੂੰ ਕਾਰ ਵਿਚ ਉਨ੍ਹਾਂ ਦੇ ਘਰ ਛੱਡ ਆਵੇ। ਅਗਲੀ ਸਵੇਰ ਨੂੰ ਉਸ ਦੀ ਪਤਨੀ ਉਸ ਨੂੰ ਛੱਡ ਗਈ। ਇਸ ਘਟਨਾ ਦਾ ਹਵਾਲਾ ਦੇ ਕੇ ਹਰ ਕੋਈ ਪਤੀ ਨੂੰ ਸ਼ਰਮਸਾਰ ਕਰਨ ਲੱਗ ਪਿਆ।

ਸ਼ਰਮਸਾਰ ਹੋਣ ਦੇ ਅਨੇਕਾਂ ਆਧਾਰ ਹੋ ਸਕਦੇ ਹਨ, ਜਿਵੇਂ ਵਿਆਹ ਨਾ ਹੋਣਾ, ਗਬਨ ਕਾਰਨ ਨੌਕਰੀ 'ਚੋਂ ਕੱਢੇ ਜਾਣਾ, ਕਿਸੇ ਦੇ ਨਾਂ ਦਾ ਹਾਸੋਹੀਣਾ ਹੋਣਾ, ਪਾਗਲਖਾਨੇ ਦਾਖਲ ਰਹੇ ਹੋਣਾ, ਕੈਦ ਕੱਟਣੀ, ਵਰਜਿਤ ਰਿਸ਼ਤਾ ਉਸਾਰਨਾ, ਪ੍ਰੀਖਿਆ ਵਿਚ ਨਕਲ ਮਾਰਦੇ ਫੜੇ ਜਾਣਾ, ਪਿੰਡ ਵਿਚ ਕੋਈ ਅੱਲ ਪੈ ਜਾਣੀ ਆਦਿ।

ਸਮਾਜ ਦੇ ਲਗਭਗ ਦਸ ਪ੍ਰਤੀਸ਼ਤ ਲੋਕ ਕਿਸੇ ਨਾ ਕਿਸੇ ਪੱਖੋਂ ਕਿਸੇ ਵੇਲੇ, ਜੀਵਨ ਵਿਚ ਬਹੁਤ ਸ਼ਰਮਸਾਰ ਹੋਏ ਹੁੰਦੇ ਹਨ ਜਾਂ ਹੋ ਰਹੇ ਹੁੰਦੇ ਹਨ।

ਹਰੇਕ ਵਿਅਕਤੀ ਆਪਣੇ ਜੀਵਨ ਵਿਚ ਕਦੇ ਨਾ ਕਦੇ ਸ਼ਰਮਸਾਰ ਹੁੰਦਾ ਹੈ।

ਸ਼ਰਮਸਾਰ ਹੋਣ ਦਾ ਅਨੁਭਵ ਪ੍ਰਗਟਾਉਣਾ ਮੁਸ਼ਕਿਲ ਹੁੰਦਾ ਹੈ।

ਜ਼ਿੰਦਗੀ ਦੀਆਂ ਕਈ ਘਟਨਾਵਾਂ ਅਜਿਹੀਆਂ ਹੁੰਦੀਆਂ ਹਨ, ਜਿਹੜੀਆਂ ਆਪ ਯਾਦ ਕਰਨ ਜਾਂ ਕਿਸੇ ਨੂੰ ਦੱਸਣ ਦੀ ਹਿੰਮਤ ਨਹੀਂ ਹੁੰਦੀ।

ਇਕ ਵਾਰੀ ਇਕ ਵਿਦਿਆਰਥਣ ਦੀਆਂ ਸਹੇਲੀਆਂ, ਪ੍ਰਸਿੱਧ ਕਾਲਜ ਵਿਚ ਡਾਕਟਰੀ ਦੇ ਕੋਰਸ ਵਿਚ ਦਾਖਲ ਹੋ ਗਈਆਂ ਪਰ ਉਹ ਰਹਿ ਗਈ, ਉਸ ਨੇ ਸ਼ਰਮ ਮਹਿਸੂਸ ਕੀਤੀ ਅਤੇ ਜ਼ਿੱਦ ਕਰਕੇ ਇਕ ਦੂਰ-ਦੁਰਾਡੇ ਗੁਮਨਾਮ ਜਿਹੇ ਕਾਲਜ ਵਿਚੋਂ ਉਹ ਡਾਕਟਰੀ ਦੀ ਡਿਗਰੀ ਤਾਂ ਲੈ ਆਈ ਪਰ ਸ਼ਰਮ ਅਤੇ ਝਿਜਕ ਕਾਰਨ, ਉਸ ਵਿਚ ਕਿਸੇ ਦੇ ਸਾਹਮਣੇ ਹੋਣ ਦਾ ਸਾਹਸ ਜਾਂ ਰੋਜ਼ਗਾਰ ਲਈ ਇੰਟਰਵਿਊ ਦੇਣ ਦੀ ਹਿੰਮਤ ਨਹੀਂ ਸੀ।

ਇਕ ਹੋਰ ਲੜਕੀ ਬੜੀ ਲਾਇਕ ਸੀ, ਹਰ ਪ੍ਰੀਖਿਆ ਵਿਚ ਅੱਵਲ ਆਉਂਦੀ ਸੀ। ਅੰਤਿਮ ਪ੍ਰੀਖਿਆ ਵੇਲੇ ਦੂਜੀ ਲੜਕੀ ਉਸ ਤੋਂ ਕੇਵਲ ਤਿੰਨ ਨੰਬਰ ਪਿੱਛੇ ਸੀ। ਅੱਵਲ ਆਉਣ ਵਾਲੀ ਲੜਕੀ ਆਪਣਾ ਅੱਵਲ ਆਉਣਾ ਪੱਕਾ ਕਰਨ ਵਾਸਤੇ, ਅੰਤਿਮ ਪ੍ਰੀਖਿਆ ਵਿਚ ਪਰਚੀ ਤੋਂ ਨਕਲ ਮਾਰਦੀ ਪਕੜੀ ਗਈ। ਸਾਰੇ ਕਹਿਣ ਲੱਗ ਪਏ ਕਿ ਇਹ ਪਹਿਲਾਂ ਵੀ ਨਕਲ ਮਾਰ ਕੇ ਅੱਵਲ ਆਉਂਦੀ ਰਹੀ ਹੈ।

ਉਹ ਲੜਕੀ ਗਵਾਚ ਹੀ ਗਈ, ਪਤਾ ਹੀ ਨਾ ਲੱਗਿਆ, ਉਹ ਕਿੱਥੇ ਗਈ।

ਇਕ ਵਿਅਕਤੀ ਲੰਮਾ ਅਰਸਾ ਪਾਗਲਖਾਨੇ ਰਿਹਾ ਸੀ। ਇਕ ਸਮਾਗਮ 'ਤੇ ਉਸ ਨੇ ਆਪਣੇ ਡਾਕਟਰ ਨੂੰ ਇਸ ਸ਼ਰਮ ਕਾਰਨ ਪਛਾਣਿਆ ਹੀ ਨਾ, ਤਾਂ ਕਿ ਉਥੇ ਹਾਜ਼ਰ ਲੋਕਾਂ ਨੂੰ, ਉਸਦੇ ਪਾਗਲ ਹੋਣ ਦਾ ਪਤਾ ਨਾ ਲੱਗ ਜਾਵੇ।

ਇਕ ਵਾਰੀ ਹੋਸਟਲ ਵਿਚ ਸ਼ਰਾਰਤੀ ਕੁੜੀਆਂ ਦੀ ਆਪਣੇ ਕਮਰੇ ਤੋਂ ਗੁਸਲਖਾਨੇ ਤੱਕ ਨੰਗਿਆਂ ਜਾਣ ਦੀ ਸ਼ਰਤ ਲੱਗੀ। ਜਦੋਂ ਚੌਥੀ ਲੜਕੀ ਹੱਥ ਵਿਚ ਤੌਲੀਆ ਫੜੀ ਜਾ ਰਹੀ ਸੀ ਤਾਂ ਅੱਗੋਂ ਹੋਸਟਲ ਦਾ ਚੌਕੀਦਾਰ ਆ ਗਿਆ, ਉਹ ਲੜਕੀ

ਤੌਲੀਏ ਨਾਲ ਚਿਹਰਾ ਲੁਕਾ ਕੇ, ਮੂੰਹ ਦੂਜੇ ਪਾਸੇ ਹੋਣ ਕਰਕੇ, ਅੰਦਰ ਵੱਲ ਜਾਣ ਦੀ ਬਜਾਇ, ਗਲਤੀ ਨਾਲ ਬਾਹਰ ਵੱਲ ਦੌੜ ਗਈ ਅਤੇ ਪਛਾਣੀ ਗਈ। ਇਸ ਨਿੱਕੀ ਜਿਹੀ ਅਣਗਹਿਲੀ ਕਾਰਨ, ਉਸ ਦਾ ਪੜ੍ਹਨਾ ਹੀ ਮੁੱਕ ਗਿਆ।

ਕਈ ਵਿਅਕਤੀ ਆਪਣੀ ਕਿਸੇ ਹਰਕਤ ਤੋਂ ਸ਼ਰਮਸਾਰ ਹੋਣ ਕਾਰਨ ਕਾਲਜ, ਹੋਸਟਲ, ਮੁਹੱਲਾ, ਸ਼ਹਿਰ, ਦੇਸ਼ ਅਤੇ ਕਈ ਵਾਰ ਸੰਸਾਰ ਹੀ ਛੱਡ ਜਾਂਦੇ ਹਨ।

ਬੱਚਿਆਂ ਨੂੰ ਬੱਚਿਆਂ ਵਿਚ ਸ਼ਰਮ ਨਹੀਂ ਆਉਂਦੀ। ਇਸਤਰੀਆਂ ਨੂੰ ਇਸਤਰੀਆਂ ਵਿਚ ਅਤੇ ਪੁਰਸ਼ਾਂ ਨੂੰ ਪੁਰਸ਼ਾਂ ਵਿਚ ਵਿਚਰਦਿਆਂ ਸ਼ਰਮ ਘੱਟ ਆਉਂਦੀ ਹੈ।

ਕਈ ਗੱਲਾਂ ਸੋਚਣ ਵਿਚ ਸ਼ਰਮ ਨਹੀਂ ਆਉਂਦੀ ਪਰ ਕਹਿਣ-ਪ੍ਰਗਟਾਉਣ ਵਿਚ ਆਉਂਦੀ ਹੈ। ਕਈ ਗੱਲਾਂ 'ਤੇ ਸ਼ਰਮ ਦੇ ਨਾਲ ਹਾਸਾ ਵੀ ਆਉਂਦਾ ਹੈ। ਇਕ ਵਿਅਕਤੀ ਕਿਸੇ ਨੂੰ ਗਲਤ ਗੱਡੀ ਚੜ੍ਹਾ ਆਇਆ ਅਤੇ ਇਸ ਗੱਲ ਦੀ ਸ਼ਰਮ ਵੀ ਮਹਿਸੂਸ ਕਰਦਾ ਰਿਹਾ ਅਤੇ ਆਪਣੀ ਮੂਰਖਤਾ 'ਤੇ ਹੱਸਦਾ ਵੀ ਰਿਹਾ।

ਜੇ ਸੰਸਾਰ ਸਾਡੇ ਚੰਗੇ ਕਹੇ ਜਾਂਦੇ ਕਾਰਜਾਂ ਪਿੱਛੇ, ਸਾਡੇ ਅਸਲੀ ਇਰਾਦੇ ਵੇਖ ਲਵੇ ਤਾਂ ਅਸੀਂ ਸ਼ਰਮਸਾਰ ਹੀ ਹੋਵਾਂਗੇ।

ਹਰੇਕ ਵਿਅਕਤੀ ਜਿਤਨਾ ਭੈੜਾ ਜਾਂ ਨੀਵਾਂ ਉਹ ਸੋਚਦਾ ਹੈ, ਉਤਨਾ ਕੁਝ ਉਹ ਕਰਦਾ ਨਹੀਂ ਕਿਉਂਕਿ ਆਪਣੀਆਂ ਸੋਚਾਂ 'ਤੇ ਉਸ ਨੂੰ ਅਕਸਰ ਸ਼ਰਮ ਆਉਂਦੀ ਹੈ।

ਜਦੋਂ ਚਰਿੱਤਰ ਜਾਂ ਵਰਤੋਂ-ਵਿਹਾਰ ਦੀ ਗੱਲ ਕੀਤੀ ਜਾਂਦੀ ਹੈ ਤਾਂ ਸ਼ਰਮ ਦੇ ਪੱਖ ਨੂੰ ਧਿਆਨ ਵਿਚ ਰੱਖਿਆ ਜਾਂਦਾ ਹੈ। ਆਪਣੇ ਤੋਂ ਉੱਚਿਆਂ ਨਾਲ ਵਰਤਦਿਆਂ, ਅਸੀਂ ਸ਼ਰਮ ਦੇ ਪੱਖੋਂ ਵਧੇਰੇ ਸਾਵਧਾਨ ਰਹਿੰਦੇ ਹਾਂ।

ਪਰਿਵਾਰ ਸਾਨੂੰ ਸਮਾਜ ਵਿਚ ਸ਼ਰਮਸਾਰ ਹੋਣ ਤੋਂ ਬਚਾਉਂਦਾ ਹੈ ਅਤੇ ਇਹ ਸਾਡੀਆਂ ਘਾਟਾਂ ਅਤੇ ਨੁਕਸ ਢੱਕਦਾ ਰਹਿੰਦਾ ਹੈ।

ਜਿਸ ਨੂੰ ਸ਼ਰਮ ਨਹੀਂ ਆਉਂਦੀ, ਉਸ ਦੀ ਆਤਮਾ ਵੀ ਨਹੀਂ ਹੋਵੇਗੀ।

ਲੜਾਈ ਅਤੇ ਝਗੜੇ ਵਿਚ ਸ਼ਰਮ ਨਹੀਂ ਹੁੰਦੀ।

ਸਵਾਰਥ, ਰਾਜਨੀਤੀ ਅਤੇ ਦੌਲਤ ਬੇਸ਼ਰਮ ਹੁੰਦੀਆਂ ਹਨ।

ਤਲਾਕ ਦਾ ਮੁਕੱਦਮਾ ਸ਼ਰਮ ਲਾਹ ਕੇ ਹੀ ਲੜਿਆ ਜਾ ਸਕਦਾ ਹੈ।

ਜਿਨ੍ਹਾਂ ਪੁਸਤਕਾਂ ਨੂੰ ਅਸ਼ਲੀਲ ਕਿਹਾ ਜਾਂਦਾ ਹੈ, ਉਹ ਸਥਾਪਤ ਕਦਰਾਂ-ਕੀਮਤਾਂ, ਪਰੰਪਰਾ ਅਤੇ ਸਮਾਜ ਨੂੰ ਸ਼ਰਮਸਾਰ ਕਰਦੀਆਂ ਪ੍ਰਤੀਤ ਹੁੰਦੀਆਂ ਹਨ।

ਸ਼ਰਮ ਕਾਰਨ ਕਈ ਲੋਕ ਤੈਰਾਕੀ ਨਹੀਂ ਸਿੱਖਦੇ ਕਿਉਂਕਿ ਉਹ ਲੋਕਾਂ ਸਾਹਮਣੇ ਨੰਗੇ ਨਹੀਂ ਹੋਣਾ ਚਾਹੁੰਦੇ। ਕੱਪੜੇ ਲਾਹ ਕੇ ਖੇਡੀਆਂ ਜਾਣ ਵਾਲੀਆਂ ਕਬੱਡੀ ਅਤੇ ਕੁਸ਼ਤੀ ਆਦਿ ਖੇਡਾਂ ਨੂੰ ਇਸਤਰੀਆਂ ਸ਼ਰਮ ਕਾਰਨ ਪਸੰਦ ਨਹੀਂ ਕਰਦੀਆਂ।

ਜੇ ਇਸਤਰੀ ਕਿਸੇ ਪੁਰਸ਼ ਨੂੰ ਬੁਲਾਵੇ ਅਤੇ ਪੁਰਸ਼ ਨਾ ਜਾਵੇ ਤਾਂ ਪੁਰਸ਼ ਦੇ ਸਾਥੀ, ਉਸਦਾ ਮਖੌਲ ਉਡਾ ਕੇ ਅਤੇ ਮਿਹਣੇ ਮਾਰ ਕੇ ਸ਼ਰਮਸਾਰ ਕਰਦੇ ਹਨ।

ਪਤਨੀ ਦਾ ਰੋਣਾ, ਪਤੀ ਨੂੰ ਅਤੇ ਪਤੀ ਦਾ ਰੋਣਾ, ਪਤਨੀ ਨੂੰ ਸ਼ੋਭਾ ਨਹੀਂ ਦਿੰਦਾ ਅਤੇ ਇਹ ਗੱਲ ਦੋਹਾਂ ਨੂੰ ਸ਼ਰਮਸਾਰ ਕਰਨ ਵਾਲੀ ਹੁੰਦੀ ਹੈ।

ਫਰਾਂਸ ਅਤੇ ਇਟਲੀ ਵਿਚ ਜੇ ਇਸਤਰੀ ਨੂੰ ਇਕੱਲਿਆਂ ਵਿਚਰਨਾ ਅਤੇ ਸੌਣਾ ਪਏ ਤਾਂ ਇਹ ਪੁਰਸ਼ਾਂ ਲਈ ਸ਼ਰਮ ਵਾਲੀ ਗੱਲ ਮੰਨੀ ਜਾਂਦੀ ਹੈ।

ਧਰਮ ਕਹਿੰਦੇ ਹਨ ਜੇ ਹਾਰ ਦੀ ਸ਼ਰਮ ਅਤੇ ਜਿੱਤ ਦਾ ਹੰਕਾਰ ਤਿਆਗ ਦਿੱਤਾ ਜਾਵੇ ਤਾਂ ਆਤਮਾ ਤੋਂ ਭਾਰ ਲਹਿ ਜਾਂਦਾ ਹੈ।

ਧਾਰਮਿਕ ਵਿਅਕਤੀਆਂ ਉੱਤੇ ਸਮਾਜ, ਵਿਹਾਰ ਦੇ ਬੰਧਨ ਵਧੇਰੇ ਲਾਉਂਦਾ ਹੈ, ਸੋ ਉਨ੍ਹਾਂ ਨੂੰ ਸਖ਼ਤ ਸ਼ਰਮ ਦੇ ਘੇਰੇ ਵਿਚ ਰਹਿਣਾ ਪੈਂਦਾ ਹੈ। ਪੁਜਾਰੀ ਦੇ ਸ਼ਰਾਬੀ ਹੋਣ ਜਾਂ ਭਾਈ ਵੱਲੋਂ ਕਿਸੇ ਇਸਤਰੀ ਨਾਲ ਸੰਬੰਧ ਉਸਾਰਨ ਜਾਂ ਮੁੱਲਾਂ ਵੱਲੋਂ ਕਿਸੇ ਦੀ ਬੀਵੀ ਨਾਲ ਦੌੜ ਜਾਣ ਆਦਿ ਜਿਹੀਆਂ ਵਿਹਾਰਕ ਉਲੰਘਣਾਵਾਂ ਮੁਆਫ਼ ਜਾਂ ਨਜ਼ਰਅੰਦਾਜ਼ ਨਹੀਂ ਕੀਤੀਆਂ ਜਾਂਦੀਆਂ ਕਿਉਂਕਿ ਇਨ੍ਹਾਂ ਕਾਰਨ ਧਰਮ ਅਤੇ ਧਾਰਮਿਕ ਵਿਅਕਤੀ ਦੀ ਮਾਨਤਾ ਨੂੰ ਠੇਸ ਲਗਦੀ ਹੈ।

ਸ਼ਰਮ ਦੇ ਖੇਤਰ ਵਿਚ ਇਸਤਰੀ ਦੀ ਭੂਮਿਕਾ ਵਧੇਰੇ ਮਹੱਤਵਪੂਰਨ ਹੁੰਦੀ ਹੈ।

ਇਸਤਰੀਆਂ ਵਿਚ ਕਿਸੇ ਨੂੰ ਸ਼ਰਮਸਾਰ ਕਰਨ ਦੀ ਘੱਟ ਅਤੇ ਸ਼ਰਮਸਾਰ ਹੋਣ ਦੀ ਪ੍ਰਵਿਰਤੀ ਵਧੇਰੇ ਹੁੰਦੀ ਹੈ।

ਜੇ ਬਿਸਤਰੇ ਵਿਚ ਪਤੀ ਦੀ ਕਾਰਗੁਜ਼ਾਰੀ ਢਿੱਲੀ ਹੋਵੇ ਤਾਂ ਪਤਨੀ, ਪਤੀ ਨੂੰ ਦੋਸ਼ ਨਹੀਂ ਦਿੰਦੀ, ਉਹ ਇਹ ਸੋਚ ਕੇ ਸ਼ਰਮਸਾਰ ਹੁੰਦੀ ਹੈ ਕਿ ਉਹ ਮੋਟੀ ਹੋਣ ਜਾਂ ਕਿਸੇ ਹੋਰ ਕਾਰਨ ਕਰਕੇ ਪਤੀ ਨੂੰ ਉੱਤੇਜਿਤ ਨਹੀਂ ਕਰ ਸਕੀ।

ਹੁਣ ਜੇ ਆਪ ਦੱਸਣ ਦੀ ਹਿੰਮਤ ਨਾ ਹੋਵੇ, ਜੇ ਤੁਸੀਂ ਉਹ ਕੁਝ ਕਰੋਗੇ ਤਾਂ ਮੀਡੀਆ ਤੁਹਾਡੀਆਂ ਕਰਤੂਤਾਂ ਨੂੰ ਨਸ਼ਰ ਕਰੇਗਾ।

ਜੇ ਕੋਈ ਉਲੰਘਣਾ ਹੋ ਗਈ ਹੈ ਤਾਂ ਸਫਾਈਆਂ ਨਹੀਂ ਦੇਣੀਆਂ ਚਾਹੀਦੀਆਂ, ਕੋਈ ਨਹੀਂ ਮੰਨੇਗਾ। ਠੀਕ ਢੰਗ ਮੁਆਫ਼ੀ ਮੰਗਣਾ ਹੈ।

ਅਜਿਹੀ ਹਾਲਤ ਵਿਚ ਚੁੱਪ ਹੋਣਾ ਅਤੇ ਕਿਧਰੇ ਚਲੇ ਜਾਣਾ ਚਾਹੀਦਾ ਹੈ।

ਸ਼ਰਮ ਵਿਚੋਂ ਚੁੱਪ ਉਪਜਦੀ ਹੈ ਅਤੇ ਸ਼ਰਮ ਚੁੱਪ ਉਪਜਾਉਂਦੀ ਹੈ।

ਸ਼ਰਮਸਾਰ ਹੋਣ ਦੀ ਹਾਲਤ ਵਿਚ ਵਿਅਕਤੀ ਨੂੰ ਅਜਿਹਾ ਵਿਹਾਰ ਕਰਨਾ ਚਾਹੀਦਾ ਹੈ, ਜਿਸ ਤੋਂ ਪਤਾ ਲੱਗੇ ਕਿ ਕੀਤੀ ਜਾਂ ਹੋਈ ਗਲਤੀ ਤੋਂ ਸਬਕ ਸਿਖ ਲਿਆ ਗਿਆ ਹੈ ਅਤੇ ਅੱਗੋਂ ਅਜਿਹੀ ਗਲਤੀ ਨਹੀਂ ਹੋਵੇਗੀ।

+ + +

ਨਵੇਂ ਸੰਤੁਲਨ

ਦੋ ਬੇੜੀਆਂ ਵਿਚ ਪੈਰ ਰੱਖਣ ਵਾਲੀ ਗੱਲ ਹੁਣ ਪੁਰਾਣੀ ਹੋ ਗਈ ਹੈ।

ਹੁਣ ਇਕੋ ਵੇਲੇ ਕਈ ਬੇੜੀਆਂ ਵਿਚ ਪੈਰ ਰੱਖਣ ਦੀ ਮਜਬੂਰੀ ਉਪਜ ਪਈ ਹੈ।

ਅਜੋਕੇ ਸੰਸਾਰ ਵਿਚ ਨਾ ਕੁਝ ਸਥਿਰ ਹੈ, ਨਾ ਹੀ ਸਦੀਵੀ।

ਅਜੋਕਾ ਜੀਵਨ ਤੇਜ਼ ਗਤੀ ਨਾਲ ਬਦਲਦੀਆਂ ਸਥਿਤੀਆਂ ਦਾ ਇਕ ਨਿਰੰਤਰ ਪ੍ਰਵਾਹ ਹੈ, ਜਿਸ ਵਿਚ ਸੰਤੁਲਨ ਉਸਾਰਨ ਲਈ ਸੈਂਕੜੇ ਜੋੜ-ਤੋੜ ਕਾਰਜਸ਼ੀਲ ਹੁੰਦੇ ਹਨ। ਮੁਸ਼ਕਿਲ ਅਤੇ ਪਰੇਸ਼ਾਨੀ ਉਦੋਂ ਹੁੰਦੀ ਹੈ, ਜਦੋਂ ਅਸੀਂ ਕਿਸੇ ਇਕ ਸੁਖਾਵੀਂ ਸਥਿਤੀ ਨੂੰ ਸਦੀਵੀ ਬਣਾਉਣ ਦਾ ਯਤਨ ਕਰਦੇ ਹਾਂ ਅਤੇ ਅਸਫਲ ਹੁੰਦੇ ਹਾਂ।

ਅਜੋਕੇ ਸਮਿਆਂ ਵਿਚ ਜਿਤਨੀਆਂ ਕਿਸੇ ਮਨੁੱਖ ਦੀਆਂ ਦਿਲਚਸਪੀਆਂ ਵਧੇਰੇ ਹੁੰਦੀਆਂ ਹਨ, ਉਤਨਾ ਹੀ ਉਸ ਮਨੁੱਖ ਦਾ ਗਿਆਨ ਅਤੇ ਅਨੁਭਵ ਵਧੇਰੇ ਹੁੰਦਾ ਹੈ ਅਤੇ ਉਹ ਉਤਨੀਆਂ ਹੀ ਵਧੇਰੇ ਪੱਧਰਾਂ 'ਤੇ ਜਿਊਂਦਾ ਹੈ।

ਅਜਿਹੇ ਵਿਅਕਤੀ ਭਾਵੇਂ ਆਪਣੇ ਹਰ ਯਤਨ ਵਿਚ ਸਫਲ ਨਾ ਹੋਣ ਪਰ ਉਨ੍ਹਾਂ ਵਿਚ ਰੁੱਝੇ ਰਹਿਣ, ਪ੍ਰਯੋਗ ਕਰਨ, ਨਵੀਆਂ ਤਕਨੀਕਾਂ ਵਰਤਣ ਅਤੇ ਨਵੇਂ ਸੰਤੁਲਨ ਉਸਾਰਨ ਦਾ ਗੁਣ ਹੁੰਦਾ ਹੈ।

ਜ਼ਿੰਦਗੀ ਵਿਚ ਜੋ ਕੁਝ ਵੀ ਅਸੀਂ ਅੱਜ ਹਾਂ, ਉਹ ਵੀ ਅਨੇਕਾਂ ਫੈਸਲਿਆਂ, ਯਤਨਾਂ, ਸੋਚਾਂ, ਉਪਰਾਲਿਆਂ, ਵਿਉਂਤਾਂ, ਸੰਬੰਧਾਂ ਦਾ ਸਿੱਟਾ ਹੈ।

ਇਹ ਸਾਰੇ ਪੱਖ ਰਲ ਕੇ ਇਕ ਸਮੁੱਚੇ ਸੰਤੁਲਨ ਵਿਚ ਬੱਝੇ ਹੋਏ ਹਨ।

ਜਦੋਂ ਹਵਾਈ ਜਹਾਜ਼ ਉੱਡਦਾ ਹੈ ਤਾਂ ਉਹ ਬਾਹਰਲੇ ਪ੍ਰਭਾਵਾਂ ਅਤੇ ਅੰਦਰਲੇ ਦਬਾਵਾਂ ਕਾਰਨ, ਇਧਰ-ਉਧਰ ਹੁੰਦਾ ਰਹਿੰਦਾ ਹੈ ਅਤੇ ਪਾਇਲਟ ਬਾਰ-ਬਾਰ ਉਸ ਨੂੰ ਸਹੀ ਮਾਰਗ 'ਤੇ ਲਿਆਉਂਦਾ ਰਹਿੰਦਾ ਹੈ। ਸਹੀ ਮਾਰਗ 'ਤੇ ਇਹ ਕੁਝ ਪਲ ਹੀ ਰਹਿੰਦਾ ਹੈ ਅਤੇ ਫਿਰ ਭਟਕਣ ਦਾ ਯਤਨ ਕਰਦਾ ਹੈ ਪ੍ਰੰਤੂ ਪਾਇਲਟ ਇਸ ਦੇ ਵਿਗੜੇ ਸੰਤੁਲਨ ਨੂੰ ਮੁੜ-ਮੁੜ ਬਹਾਲ ਕਰਕੇ ਅਤੇ ਨਵੇਂ ਸੰਤੁਲਨ ਸਥਾਪਤ ਕਰਕੇ, ਜਹਾਜ਼ ਨੂੰ ਮੰਜ਼ਲ 'ਤੇ ਪਹੁੰਚਾਉਂਦਾ ਹੈ।

ਜੀਵਨ ਨਾਲ ਵੀ ਇਵੇਂ ਹੀ ਵਾਪਰਦਾ ਹੈ।

ਸੰਤੁਲਨ ਇਕ ਜਟਿਲ ਵਿਸ਼ਾ ਹੈ ਪਰ ਇਹ ਅਜੋਕੇ ਜੀਵਨ ਦਾ ਮਹੱਤਵਪੂਰਨ ਪੱਖ ਹੈ, ਜਿਸ ਦੀ ਸਮਝ ਤੋਂ ਬਿਨਾਂ ਅਰਥਪੂਰਨ ਜੀਵਨ ਜਿਊਣਾ ਸੰਭਵ ਨਹੀਂ ਹੈ।

ਹਰੇਕ ਵਿਅਕਤੀ ਆਪਣੇ ਆਪ ਵਿਚ ਇਕ ਵੱਖਰਾ ਸੰਸਾਰ ਹੈ ਅਤੇ ਹਰੇਕ ਵਿਅਕਤੀ ਕਈ ਪੱਧਰਾਂ 'ਤੇ ਹੋਰਾਂ ਨਾਲ ਅਤੇ ਆਲੇ-ਦੁਆਲੇ ਨਾਲ ਸੰਬੰਧਤ ਹੁੰਦਾ

ਹੈ, ਜਿਸ ਕਾਰਨ ਉਹ ਨਵੇਂ ਸੰਤੁਲਨ ਉਸਾਰਦਾ ਰਹਿੰਦਾ ਹੈ।

ਜੇ ਕਮਾਉਣ ਤੋਂ ਬਿਨਾਂ ਖਰਚ ਕੀਤਾ ਜਾਵੇ, ਜੇ ਕੰਮ ਕਰਨ ਤੋਂ ਬਿਨਾਂ ਅਰਾਮ ਕੀਤਾ ਜਾਵੇ, ਜੇ ਮੰਜ਼ਲ ਤੋਂ ਬਿਨਾਂ ਯਾਤਰਾ ਕੀਤੀ ਜਾਵੇ, ਜੇ ਨੇਮਾਂ ਤੋਂ ਬਿਨਾਂ ਕੋਈ ਖੇਡ ਖੇਡੀ ਜਾਵੇ ਤਾਂ ਧਿਆਨ, ਪੈਸਾ, ਵਕਤ ਅਤੇ ਊਰਜਾ ਅਜਾਈਂ ਚਲੇ ਜਾਣਗੇ, ਜਿਸ ਕਾਰਨ ਸਾਡੇ ਜੀਵਨ ਦਾ ਸੰਤੁਲਨ ਵਿਗੜੇਗਾ ਅਤੇ ਜੀਵਨ ਉਲਾਰ ਹੋਵੇਗਾ, ਸਿਹਤ ਖਰਾਬ ਹੋਵੇਗੀ, ਅਸੀਂ ਪੱਛੜ ਜਾਵਾਂਗੇ ਅਤੇ ਪਛਤਾਵਾ ਉਪਜੇਗਾ।

ਭਾਵੇਂ ਜ਼ਿੰਦਗੀ ਸਾਨੂੰ ਕਿਸੇ ਨਾ ਕਿਸੇ ਸੰਤੁਲਨ ਵੱਲ ਮੋੜ ਲਿਆਵੇਗੀ ਪਰ ਤਾਲਮੇਲ ਵਿਗੜਨ ਕਾਰਨ ਨਵੇਂ ਸੰਤੁਲਨ ਦੀ ਪੱਧਰ ਨੀਵੀਂ ਹੋਵੇਗੀ, ਜਿਸ ਕਾਰਨ ਜ਼ਿੰਦਗੀ ਦੀ ਤਸੱਲੀ ਘਟੇਗੀ।

ਜੇ ਪਤਾ ਹੀ ਨਹੀਂ, ਕਿੱਥੇ ਜਾਣਾ ਹੈ ਤਾਂ ਕਿਵੇਂ ਪਤਾ ਲੱਗੇਗਾ ਕਿ ਉੱਥੇ ਪਹੁੰਚ ਗਏ ਹਾਂ ? ਜਦੋਂ ਵੀ ਸੰਤੁਲਨ ਵਿਗੜੇਗਾ, ਅਚੇਤ ਮਨ ਦਸੇਗਾ, ਆਤਮਾ ਸਾਵਧਾਨ ਕਰੇਗੀ ਪਰ ਮੰਨਣਾ ਨਾ-ਮੰਨਣਾ ਮਨੁੱਖ ਦੀ ਮਰਜ਼ੀ ਹੁੰਦੀ ਹੈ।

ਰੋਜ਼ਗਾਰ-ਪਰਿਵਾਰ, ਆਮਦਨ-ਖਰਚ, ਖੁਰਾਕ-ਸਿਹਤ, ਕੰਮ-ਮਨੋਰੰਜਨ, ਵਪਾਰ-ਮੁਨਾਫ਼ਾ ਆਦਿ ਵੱਖ-ਵੱਖ ਅਜਿਹੇ ਸੰਤੁਲਨੀ ਜੁੱਟ ਹਨ, ਜਿਹੜੇ ਸਾਡੇ ਜੀਵਨ ਵਿਚ ਨਿਰੰਤਰ ਕਾਰਜਸ਼ੀਲ ਰਹਿੰਦੇ ਹਨ।

ਜਦੋਂ ਤੱਕ ਮਨੁੱਖ ਆਪਣੇ ਆਲੇ-ਦੁਆਲੇ ਅਤੇ ਹੋਰਾਂ ਨਾਲ ਆਪਣੇ ਸੰਬੰਧਾਂ ਬਾਰੇ ਸੋਚਦਾ ਨਹੀਂ, ਉਹ ਆਪਣੇ ਆਪ ਅਤੇ ਆਲੇ-ਦੁਆਲੇ ਨੂੰ ਬਦਲ ਨਹੀਂ ਸਕਦਾ ਅਤੇ ਜਿਊਣ ਦੀ ਤਸੱਲੀ ਮਾਣ ਨਹੀਂ ਸਕਦਾ।

ਮਨੁੱਖ ਦਾ ਪਸ਼ੂਆਂ ਨਾਲੋਂ ਮੁੱਖ ਵੱਖਰੇਵਾਂ ਹੀ ਇਹ ਹੈ ਕਿ ਕੇਵਲ ਮਨੁੱਖ ਵਿਚ ਆਪਣੀ ਅਤੇ ਆਪਣੇ ਆਲੇ-ਦੁਆਲੇ ਦੀ ਸਥਿਤੀ ਨੂੰ ਸਮਝਣ ਅਤੇ ਬਦਲਣ ਦੀ ਸਮਰੱਥਾ ਹੈ। ਜੋ ਹੁੰਦਾ ਹੈ, ਹੋ ਰਿਹਾ ਹੈ, ਮਨੁੱਖ ਉਸ ਨਾਲ ਸੰਤੁਸ਼ਟ ਨਹੀਂ ਹੁੰਦਾ, ਉਹ ਜੋ ਹੋਣਾ ਚਾਹੀਦਾ ਹੈ, ਉਸ 'ਤੇ ਆਪਣਾ ਧਿਆਨ ਕੇਂਦਰਿਤ ਕਰਦਾ ਹੈ।

ਇਸ ਬਦਲਾਓ ਨੂੰ ਸੰਭਵ ਅਤੇ ਸੁਖਾਲਾ ਬਣਾਉਣ ਲਈ ਵਿਗਿਆਨ ਸਿਰਜਿਆ ਗਿਆ ਹੈ। ਵਿਗਿਆਨ ਸਮੁੱਚੀ ਮਾਨਵਜਾਤੀ ਦੇ ਸਾਂਝੇ ਯਤਨਾਂ ਦਾ ਸਿੱਟਾ ਹੈ।

ਇਹੀ ਕਾਰਨ ਹੈ ਕਿ ਵਿਗਿਆਨ ਕਿਸੇ ਦੀ ਮਲਕੀਅਤ ਨਹੀਂ। ਇਹ ਔਖ ਦੀ ਥਾਂ ਸੌਖ ਅਤੇ ਪਰੰਪਰਾ ਦੀ ਥਾਂ ਨਵੀਨਤਾ ਸਥਾਪਤ ਕਰਨ ਦਾ ਸੰਦ ਹੈ।

ਹਰ ਕਲਾਕਾਰ ਮੁੱਢ ਵਿਚ ਪਰੰਪਰਾ ਨੂੰ ਪਾਲਦਾ ਹੈ ਅਤੇ ਪਰੰਪਰਾ ਵਿਚ ਕਾਰਜਸ਼ੀਲ ਸੰਤੁਲਨਾਂ ਨੂੰ ਸਮਝਦਾ ਹੈ। ਇਸ ਸਮਝ ਅਤੇ ਆਪਣੀ ਨਵੀਂ ਸੋਚ ਨਾਲ, ਉਹ ਉਚੇਰੇ, ਚੰਗੇਰੇ ਅਤੇ ਵਧੇਰੇ ਪ੍ਰਭਾਵਸ਼ਾਲੀ ਸੰਤੁਲਨ ਸਥਾਪਤ ਕਰਕੇ, ਕਲਾ ਦੇ ਖੇਤਰ ਵਿਚ ਆਪਣੀ ਪਛਾਣ ਉਸਾਰਦਾ ਹੈ।

ਕਈਆਂ ਨਾਲ ਅਸੀਂ ਸੰਬੰਧਤ ਹੁੰਦੇ ਹਾਂ, ਕਈ ਸਾਡੇ 'ਤੇ ਨਿਰਭਰ ਹੁੰਦੇ ਹਨ।

ਇਹ ਸਾਰੇ ਰਲ ਕੇ ਸਾਡਾ ਜੀਵਨ-ਦ੍ਰਿਸ਼ਟੀਕੋਣ ਸਿਰਜਦੇ ਹਨ, ਜਿਸ ਨਾਲ ਅਸੀਂ ਸੰਸਾਰ ਨਾਲ ਇਕ ਨਿਵੇਕਲਾ ਸੰਤੁਲਨ ਉਸਾਰਦੇ ਹਾਂ।

ਜੀਵਨ ਵਿਚ ਸੰਤੁਲਨ ਦੀ ਲੋੜ ਕਿਉਂ ਹੁੰਦੀ ਹੈ?ਸੰਤੁਲਨ ਦੀ ਲੋੜ ਇਸ ਲਈ ਹੁੰਦੀ ਹੈ ਕਿਉਂਕਿ ਇਹ ਸਾਡੀ ਮੈਂ ਦੀ ਪਛਾਣ ਅਤੇ ਸਾਡੇ ਸਮੁੱਚੇ ਵਿਕਾਸ ਦਾ ਆਧਾਰ ਬਣਦਾ ਹੈ। ਇਸ ਬਿਨਾਂ ਕੋਈ ਸਮੱਸਿਆ ਜਾਂ ਮੁਸ਼ਕਿਲ ਹੱਲ ਨਹੀਂ ਹੁੰਦੀ, ਕੋਈ ਸੰਤੁਲਤ ਵਿਕਾਸ ਨਹੀਂ ਵਾਪਰਦਾ। ਉਦਾਹਰਣ ਵਜੋਂ ਹੁਣ ਮੋਟਾ, ਅਨਪੜ੍ਹ ਜਾਂ ਬੇਰੋਜ਼ਗਾਰ ਵਿਅਕਤੀ ਸਿਹਤ, ਸੋਚ ਅਤੇ ਸਰਮਾਏ ਦੇ ਪੱਖੋਂ ਸੰਤੁਲਨ ਦੀ ਘਾਟ ਕਾਰਨ, ਅਰਥਪੂਰਨ ਜੀਵਨ ਨਹੀਂ ਜਿਊਂ ਸਕਦਾ।

ਮਨੁੱਖ ਅਤੇ ਕੁਦਰਤ ਵਿਚਕਾਰ ਵਿਗੜੇ ਸੰਤੁਲਨ ਕਾਰਨ ਹੀ, ਹੁਣ ਮੀਂਹ ਨਹੀਂ ਪੈਂਦੇ, ਹੜ੍ਹ ਹੀ ਆਉਂਦੇ ਹਨ। ਮਨੁੱਖ ਕੁਦਰਤ ਵਿਰੁੱਧ ਹੀ ਨਹੀਂ ਜਾ ਰਿਹਾ, ਉਹ ਨਵੀਆਂ ਮੁਸੀਬਤਾਂ ਵੀ ਸਿਰਜ ਰਿਹਾ ਹੈ। ਮਨੁੱਖ ਨੈਤਿਕ ਰਾਹ ਭੁੱਲ ਗਿਆ ਹੈ, ਜਿਸ ਕਾਰਨ ਹਿੰਸਾ, ਤਲਾਕ, ਧੋਖਾ, ਬੇਈਮਾਨੀ, ਭ੍ਰਿਸ਼ਟਾਚਾਰ ਵੱਧ ਰਹੇ ਹਨ।

ਜੇ ਪਤੀ-ਪਤਨੀ ਵਿਚ ਸੁਖਾਵਾਂ ਸੰਤੁਲਨ ਨਾ ਹੋਵੇ ਤਾਂ ਬੱਚੇ ਨਹੀਂ ਪਲਦੇ, ਘਰ ਨਹੀਂ ਵੱਸਦਾ, ਪਰਿਵਾਰ ਨਹੀਂ ਚੱਲਦਾ।

ਸੰਤੁਲਨ ਇਸ ਲਈ ਜ਼ਰੂਰੀ ਹੁੰਦਾ ਹੈ ਕਿਉਂਕਿ ਇਹ ਪ੍ਰਕਿਰਤੀ ਦੀ ਸੁਭਾਵਕ ਸਥਿਤੀ ਹੈ ਅਤੇ ਅਸੀਂ ਪ੍ਰਕਿਰਤਿਕ ਸੰਤੁਲਨ ਦਾ ਭਾਗ ਹਾਂ।

ਅਜੋਕੀ ਜੀਵਨ-ਜਾਚ ਵਿਚ ਸੰਤੁਲਨ ਦੀ ਘਾਟ ਕਾਰਨ ਦਬਾਓ, ਤਣਾਓ, ਤੌਖਲੇ, ਡਰ, ਝਗੜੇ, ਮੁਕੱਦਮੇ ਆਦਿ ਵੱਧ ਰਹੇ ਹਨ। ਅਸੀਂ ਸਰੀਰਕ ਰੋਗਾਂ ਦੇ ਇਲਾਜ ਲੱਭ ਰਹੇ ਹਾਂ ਪਰ ਨਵੀਆਂ ਗੰਭੀਰ, ਭਾਵਕ ਅਤੇ ਮਾਨਸਿਕ ਸਮੱਸਿਆਵਾਂ ਉਭਰ ਰਹੀਆਂ ਹਨ। ਹੁਣ ਸਾਨੂੰ ਸ਼ੇਰ ਦਾ ਡਰ ਨਹੀਂ ਪਰ ਕਈ ਨਵੇਂ ਸਹਿਮ ਅਤੇ ਡਰ ਉਪਜ ਪਏ ਹਨ। ਹਰ ਖੇਤਰ ਵਿਚ ਸਥਿਤੀ ਚਿੰਤਾਜਨਕ ਹੈ। ਸਿੱਖਿਆ ਆਮ ਹੋ ਗਈ ਹੈ ਪਰ ਸਿਲੇਬਸ, ਖਰਚੇ ਅਤੇ ਦਾਖਲੇ ਮੁਸ਼ਕਿਲ ਹੋ ਗਏ ਹਨ।

ਉਮਰਾਂ ਵੱਧ ਗਈਆਂ ਹਨ ਪਰ ਜ਼ਿੰਦਗੀ ਦੀ ਤਸੱਲੀ ਘੱਟ ਗਈ ਹੈ।

ਸਾਡਾ ਹੀ ਨਹੀਂ ਸਾਡੇ ਸੰਸਾਰ ਦਾ ਵੀ ਸੰਤੁਲਨ ਵਿਗੜਿਆ ਹੋਇਆ ਹੈ।

ਸੰਤੁਲਨ ਬਾਰੇ ਇਹ ਸਮਝਣਾ ਜ਼ਰੂਰੀ ਹੈ ਕਿ ਇਹ ਅਡੋਲ, ਸਥਿਰ, ਸ਼ਾਂਤ ਅਵਸਥਾ ਨਹੀਂ ਹੁੰਦੀ। ਹਰ ਪਲ, ਸਭ ਕੁਝ ਬਦਲ ਰਿਹਾ ਹੈ। ਅਸੀਂ ਨਹੀਂ ਜਾਣ ਸਕਦੇ ਕਿ ਇਕ ਘੰਟੇ ਮਗਰੋਂ ਅਸੀਂ ਕੀ ਕਰ-ਸੋਚ ਰਹੇ ਹੋਵਾਂਗੇ।

ਸੰਤੁਲਨ ਨਿਰਵਾਣ ਦੀ ਅਵਸਥਾ ਵੀ ਨਹੀਂ ਹੈ। ਹੁਣ ਸਨਿਆਸ ਵਿਚ ਵੀ ਸੁੱਖ ਨਹੀਂ ਹੈ। ਸੰਪੂਰਨ ਸੰਤੁਲਨ ਇਕ ਸੁਪਨਾ ਹੈ।

ਅਸੀਂ ਸੰਤੁਲਨ ਉਸਾਰਨ ਦਾ ਉਪਰਾਲਾ ਹੀ ਕਰ ਸਕਦੇ ਹਾਂ ਪਰ ਇਹ ਉਪਰਾਲਾ ਕਰਨਾ ਬੜਾ ਜ਼ਰੂਰੀ ਹੋ ਗਿਆ ਹੈ। ਜ਼ਮੀਨ ਦੇ ਉੱਪਰ ਕੱਖ-ਕਾਨੇ ਹੀ ਹੁੰਦੇ ਹਨ, ਹੀਰੇ-ਮੋਤੀਆਂ ਲਈ ਡੂੰਘੇ ਜਾਣਾ ਪਏਗਾ।

ਸੰਤੁਲਨ ਅਤੇ ਤਾਲ-ਮੇਲ ਵਿਚ ਅੰਤਰ ਹੈ। ਅਮਰੀਕਾ-ਕੈਨੇਡਾ ਵਿਚ ਤਾਲਮੇਲ ਹੈ, ਅਮਰੀਕਾ-ਰੂਸ ਵਿਚਕਾਰ ਸ਼ਕਤੀ ਦਾ ਸੰਤੁਲਨ ਹੈ।

ਭਾਰਤ-ਪਾਕਿਸਤਾਨ ਵਿਚਕਾਰ ਨਾ ਤਾਲਮੇਲ ਹੈ, ਨਾ ਹੀ ਸੰਤੁਲਨ।

ਜੇ ਬਾਹਰਲੇ ਸੰਬੰਧਾਂ ਵਿਚ ਸੰਤੁਲਨ ਹੋਵੇ ਤਾਂ ਹੀ ਪਰਿਵਾਰਕ ਸੰਬੰਧਾਂ ਵਿਚ ਤਾਲਮੇਲ ਹੋਵੇਗਾ। ਕੰਮ ਅਤੇ ਜੀਵਨ ਵਿਚ ਤਾਲਮੇਲ ਅਤੇ ਸੰਤੁਲਨ ਦੋਹਾਂ ਦੀ ਲੋੜ ਹੁੰਦੀ ਹੈ। ਕੋਈ ਵੀ ਸੰਤੁਲਨ ਆਪੇ ਨਹੀਂ ਉਸਰਦਾ, ਇਸ ਲਈ ਭਰਪੂਰ ਅਤੇ ਨਿਰੰਤਰ ਯਤਨ ਕਰਨਾ ਪੈਂਦਾ ਹੈ। ਇਨ੍ਹਾਂ ਯਤਨਾਂ ਅਤੇ ਉਪਰਾਲਿਆਂ ਨਾਲ ਹੀ ਸਾਡੇ ਜੀਵਨ ਦੀ ਰੂਪ-ਰੇਖਾ ਨਿਰਧਾਰਤ ਹੁੰਦੀ ਹੈ।

ਧਿਆਨ, ਨੀਅਤ, ਉਤਸ਼ਾਹ, ਕੁਰਬਾਨੀ, ਵਸੀਲੇ, ਸਮਾਂ, ਮਿਹਨਤ, ਚਰਿਤਰ ਆਦਿ ਰੱਲ ਕੇ ਨਿਰਧਾਰਤ ਕਰਦੇ ਹਨ ਕਿ ਅਸੀਂ ਕੀ ਹਾਂ। ਮੇਰਾ ਸੰਤੁਲਨ, ਤੁਹਾਡਾ ਸੰਤੁਲਨ ਨਹੀਂ ਹੋ ਸਕਦਾ। ਹਰੇਕ ਨੂੰ ਆਪਣਾ ਸੰਤੁਲਨ ਆਪ ਉਸਾਰਨਾ ਪੈਂਦਾ ਹੈ ਕਿਉਂਕਿ ਹਰੇਕ ਦੇ ਉਦੇਸ਼, ਤਰਜੀਹਾਂ, ਕਾਰਜ, ਵਸੀਲੇ ਆਦਿ ਵੱਖਰੇ ਹਨ।

ਜੇ ਹੋਰਾਂ ਨਾਲੋਂ ਆਪਣਾ ਵੱਖਰੇਵਾਂ ਜਾਣਨਾ ਚਾਹੁੰਦੇ ਹੋ ਤਾਂ ਦੱਸੋ ਹੁਣ ਤੁਹਾਡੇ ਲਈ ਕੀ ਮਹੱਤਵਪੂਰਨ ਹੈ, ਪੰਜ ਸਾਲ ਪਹਿਲਾਂ ਕੀ ਮਹੱਤਵਪੂਰਨ ਸੀ, ਪੰਜ ਸਾਲ ਮਗਰੋਂ ਕੀ ਮਹੱਤਵਪੂਰਨ ਹੋਵੇਗਾ। ਹਰ ਕੋਈ ਵੱਖਰਾ ਜਵਾਬ ਦੇਵੇਗਾ।

ਸਾਡਾ ਸਾਰਿਆਂ ਦਾ ਵਿਰਸਾ ਅਤੇ ਵਰਤਮਾਨ ਵੱਖਰਾ ਹੈ।

ਸੁਖਾਵਾਂ ਸੰਤੁਲਨ ਉਸਾਰਨ ਲਈ ਆਪਣਾ ਮਹੱਤਵ ਪਛਾਣਨ, ਆਪਣੀਆਂ ਸ਼ਕਤੀਆਂ-ਕਮਜ਼ੋਰੀਆਂ ਦਾ ਲੇਖਾ-ਜੋਖਾ ਕਰਨ, ਆਪਣਾ ਉਦੇਸ਼ ਉਸਾਰ ਕੇ ਅਤੇ ਆਪਣੀ ਚੁਸਤੀ-ਫੁਰਤੀ ਅਨੁਸਾਰ ਅਗਲੇਰਾ ਜੀਵਨ ਵਿਉਂਤਣ ਦੀ ਲੋੜ ਪਏਗੀ।

ਅਸੰਤੁਲਨ ਦੀ ਨਿਸ਼ਾਨੀ ਇਹ ਹੁੰਦੀ ਹੈ ਕਿ ਅਸੀਂ ਆਪਣੀ ਮਰਜ਼ੀ ਅਨੁਸਾਰ ਨਹੀਂ ਜਿਊਂਦੇ ਸਗੋਂ ਦਖ਼ਲ ਦੇ ਕੇ ਦੂਜੇ ਹੀ ਸਾਨੂੰ ਚਲਾਈ ਜਾਂਦੇ ਹਨ, ਅਸੀਂ ਉਨ੍ਹਾਂ ਦੀ ਨਰਾਜ਼ਗੀ ਤੋਂ ਹੀ ਡਰਦੇ ਰਹਿੰਦੇ ਹਾਂ, ਇਹੀ ਮਾਨਸਿਕ ਅਸੰਤੁਲਨ ਦੇ ਲੱਛਣ ਹਨ।

ਸੰਤੁਲਨ ਉਸਾਰਨਾ ਸੌਖਾ ਨਹੀਂ ਹੈ। ਜਦੋਂ ਯਤਨ ਕਰੋਗੇ, ਇਂਝ ਲੱਗੇਗਾ ਜਿਵੇਂ ਸਾਰਾ ਸੰਸਾਰ ਵਿਘਨ ਪਾ ਰਿਹਾ ਹੈ ਅਤੇ ਕੁਦਰਤ ਰੁਕਾਵਟਾਂ ਉਪਜਾ ਰਹੀ ਹੈ। ਆਪਣੀ ਜ਼ਿੰਦਗੀ ਵਿਚ ਜਦੋਂ ਵੀ ਕੋਈ ਨਿਤਨੇਮ ਲਾਗੂ ਕਰੋਗੇ, ਨਿਤਨੇਮ ਭੰਗ ਕਰਨ ਵਾਲੇ ਅਨੇਕਾਂ ਆ ਜਾਣਗੇ। ਖ਼ਰਚੇ ਵਿਉਂਤੋਗੇ, ਨਵੀਆਂ ਮੰਗਾਂ ਉਪਜ ਪੈਣਗੀਆਂ; ਕੋਈ ਪ੍ਰੋਗਰਾਮ ਉਲੀਕੋਗੇ, ਵਿਗਾੜ ਪਾਉਣ ਵਾਲੇ ਪਹੁੰਚ ਜਾਣਗੇ; ਸੈਰ-ਕਸਰਤ ਕਰਨ ਲਈ ਨਿਕਲੋਗੇ, ਮੌਸਮ ਵਿਗੜ ਜਾਵੇਗਾ; ਪੜ੍ਹਨ ਦੀ ਵਿਉਂਤ ਉਲੀਕੋਗੇ, ਬਿਜਲੀ ਜਾਣ ਲੱਗ ਜਾਵੇਗੀ।

ਜਦੋਂ ਵੀ ਨਵਾਂ ਸੰਤੁਲਨ, ਨਵੀਂ ਜੀਵਨ-ਜਾਚ, ਨਵਾਂ ਰਿਸ਼ਤਾ ਉਸਾਰਨ ਦਾ ਯਤਨ ਕਰੋਗੇ, ਭਾਂਤ-ਭਾਂਤ ਦੀਆਂ ਰੁਕਾਵਟਾਂ ਲਾਜ਼ਮੀ ਤੌਰ 'ਤੇ ਉਪਜਣਗੀਆਂ।

ਰੁਕਾਵਟਾਂ ਤੁਹਾਡੇ ਲਈ ਹੀ ਨਹੀਂ, ਹਰ ਕਿਸੇ ਲਈ ਉਪਜਦੀਆਂ ਹਨ ਪਰ ਮੁਸ਼ਕਿਲਾਂ ਅਤੇ ਰੁਕਾਵਟਾਂ ਰਾਹੀਂ ਤੁਹਾਡੀ ਯੋਗਤਾ-ਸਮਰੱਥਾ ਪਰਖੀ ਜਾਵੇਗੀ।

ਰੁਕਾਵਟਾਂ ਤੋਂ ਪਾਰ ਜਾਣਾ ਪਏਗਾ, ਧੀਰਜ ਨਾਲ, ਸਿਦਕ ਨਾਲ, ਸਿਰੜ ਨਾਲ। ਉਦਾਸ-ਮਾਯੂਸ ਨਹੀਂ ਹੋਣਾ ਕਿਉਂਕਿ ਮੁਸ਼ਕਿਲਾਂ ਸਾਡੀ ਦ੍ਰਿੜ੍ਹਤਾ ਦਾ ਇਮਤਿਹਾਨ ਅਤੇ ਰੁਕਾਵਟਾਂ ਸਾਡੇ ਇਰਾਦਿਆਂ ਦੀ ਪਰਖ ਹੁੰਦੀਆਂ ਹਨ।

ਕੁਝ ਵੀ ਸੰਪੂਰਨ ਰੂਪ ਵਿਚ ਨਹੀਂ ਬਦਲੇਗਾ ਪਰ ਜਿਸ ਵੱਲ ਧਿਆਨ ਦਿਓਗੇ, ਉਹ ਮਹੱਤਵਪੂਰਨ ਹੋ ਜਾਵੇਗਾ। ਜੋ ਕੁਝ ਕਰਨ ਦਾ ਯਤਨ ਕਰੋਗੇ, ਉਸ ਦੇ ਹੋਣ ਦੀਆਂ ਸੰਭਾਵਨਾਵਾਂ ਵੱਧ ਜਾਣਗੀਆਂ। ਜੇ ਇਰਾਦਾ ਮਜ਼ਬੂਤ ਹੋਵੇਗਾ ਤਾਂ ਭੀੜ ਵਿਚੋਂ ਤੁਸੀਂ ਆਪ-ਮੁਹਾਰੇ ਉੱਚੇ ਦਿਸਣ ਲੱਗ ਜਾਵੋਗੇ।

ਚਿੰਤਾ ਕਰਨ, ਅਰਦਾਸ ਕਰਨ ਅਤੇ ਯਤਨ ਕਰਨ ਵਿਚ ਇਕ ਹੀ ਸ਼ਕਤੀ ਲੱਗਦੀ ਹੈ। ਰਾਤ ਨੂੰ ਸੌਣ ਵੇਲੇ ਸਵੇਰੇ ਪੰਜ ਵਜੇ ਉੱਠਣ ਦਾ ਨਿਸ਼ਚਾ ਕਰੋਗੇ, ਜਾਗ ਖੁੱਲ੍ਹੇਗੀ। ਮਨ ਦੀ ਸ਼ਕਤੀ ਅਤੇ ਅਚੇਤ ਮਨ, ਜਿਸ ਉਦੇਸ਼ 'ਤੇ ਇਕਾਗਰ ਹੋ ਜਾਣ, ਉਸ ਨੂੰ ਸੰਭਵ ਬਣਾਉਣ ਦੇ ਢੰਗ-ਤਰੀਕੇ ਆਪ-ਮੁਹਾਰੇ ਸੁੱਝਣ ਲੱਗ ਪੈਣਗੇ।

ਮਨੁੱਖ ਲਈ ਉਸ ਦਾ ਰੁਜ਼ਗਾਰ ਅਤੇ ਇਸਤਰੀ ਲਈ ਉਸ ਦਾ ਪਰਿਵਾਰ, ਸੰਤੁਲਨ-ਅਸੰਤੁਲਨ ਅਤੇ ਦੁੱਖ-ਸੁੱਖ ਦੇ ਮੁੱਖ ਖੇਤਰ ਹੁੰਦੇ ਹਨ। ਪੈਸਾ, ਸਿਹਤ, ਰਿਸ਼ਤੇ, ਸਮਾਂ ਅਤੇ ਕਾਰਜ ਸੰਤੁਲਨ ਨੂੰ ਸੰਭਵ-ਅਸੰਭਵ ਬਣਾਉਂਦੇ ਹਨ।

ਜੇ ਅਨੇਕਾਂ ਕਾਰਜ ਕਰੋਗੇ, ਸਾਰਿਆਂ ਵਿਚ ਸਫਲਤਾ ਨਹੀਂ ਮਿਲੇਗੀ, ਸਫਲਤਾ ਉਨ੍ਹਾਂ ਖੇਤਰਾਂ ਵਿਚ ਹੀ ਮਿਲੇਗੀ, ਜਿੱਥੇ ਅਸੀਂ ਤਾਲਮੇਲ ਅਤੇ ਸੰਤੁਲਨ ਉਸਾਰਾਂਗੇ।

ਟੀਮਾਂ ਦੇ ਅੰਦਰਵਾਰ ਤਾਲਮੇਲ ਪਰ ਉਨ੍ਹਾਂ ਟੀਮਾਂ ਦੇ ਆਪਸੀ ਸੰਬੰਧਾਂ ਵਿਚ ਸੰਤੁਲਨ ਕਾਰਜਸ਼ੀਲ ਹੁੰਦਾ ਹੈ। ਸੰਤੁਲਨ ਸਾਡੇ ਇਕੱਲਿਆਂ 'ਤੇ ਨਿਰਭਰ ਨਹੀਂ ਕਰਦਾ। ਕੇਵਲ ਇਕ ਕੰਧ 'ਤੇ ਕੋਈ ਛੱਤ ਨਹੀਂ ਟਿੱਕ ਸਕਦੀ।

ਜੇ ਹੋਰਾਂ ਨਾਲ ਸੰਤੁਲਨ ਨਾ ਉਸਾਰਿਆ ਜਾਵੇ ਤਾਂ ਸਾਡੇ ਵਿਚ ਕੋਈ ਪਰਿਵਰਤਨ ਨਹੀਂ ਵਾਪਰੇਗਾ, ਜੇ ਵਾਪਰੇ ਵੀ ਤਾਂ ਮੰਨਿਆ ਨਹੀਂ ਜਾਵੇਗਾ।

ਨਿਰਸੰਦੇਹ ਜਦੋਂ ਅਸੀਂ ਆਪਣਾ ਵਿਹਾਰ ਅਤੇ ਆਦਤਾਂ ਬਦਲਾਂਗੇ ਤਾਂ ਸਾਡੇ ਨੇੜਲੇ ਲੋਕਾਂ ਨਾਲ ਸੰਬੰਧ ਪ੍ਰਭਾਵਿਤ ਹੋਣਗੇ। ਦੂਜੇ ਸਾਡੇ ਨਾਲ ਵਰਤਣ ਲਈ, ਸਾਡੀਆਂ ਆਦਤਾਂ ਅਨੁਸਾਰ, ਆਪਣਾ ਵਿਹਾਰ ਉਸਾਰਦੇ-ਬਦਲਦੇ ਹਨ।

ਜੇ ਅਸੀਂ ਹੋਰਾਂ ਨੂੰ ਆਪਣੇ ਵਿਕਾਸ ਵਿਚ ਸ਼ਾਮਲ ਨਹੀਂ ਕਰਾਂਗੇ ਤਾਂ ਉਹ ਸਾਡੇ ਵਿਕਾਸ ਨੂੰ ਮਾਨਤਾ ਨਹੀਂ ਦੇਣਗੇ। ਜੇ ਸੱਸ ਕੇਵਲ ਆਪ ਬਦਲਣ ਦਾ ਯਤਨ ਕਰੇਗੀ ਤਾਂ ਉਸ ਦੇ ਯਤਨਾਂ ਨੂੰ ਨੂੰਹਾਂ ਮਾਨਤਾ ਨਹੀਂ ਦੇਣਗੀਆਂ। ਜੇ ਉਹ ਨੂੰਹਾਂ ਦੇ ਸਹਿਯੋਗ ਨਾਲ ਬਦਲੇਗੀ, ਨੂੰਹਾਂ ਤਾਂ ਹੀ ਉਸ ਦੀ ਤਬਦੀਲੀ ਨੂੰ ਸਵੀਕਾਰ ਕਰਨਗੀਆਂ ਅਤੇ ਸੱਸ ਦੀ ਤਬਦੀਲੀ ਅਨੁਸਾਰ ਆਪ ਵੀ ਬਦਲਣਗੀਆਂ।

ਸਾਡੇ ਹੋਰਾਂ ਨਾਲ ਸੰਤੁਲਨ ਨੂੰ ਉਸਾਰਨ-ਵਿਗਾੜਨ ਦਾ ਕਾਰਜ ਸਾਡੀਆਂ ਆਦਤਾਂ ਅਤੇ ਕਾਰਵਾਈਆਂ ਕਰਦੀਆਂ ਹਨ।

ਜੋ ਬਾਰ-ਬਾਰ ਸੁਤੇ-ਸਿੱਧ ਕੀਤਾ ਜਾਂਦਾ ਹੈ, ਉਸ ਨੂੰ ਆਦਤ ਕਹਿੰਦੇ ਹਨ।

ਆਦਤਾਂ ਸਾਡੀਆਂ ਨਹੀਂ ਹੁੰਦੀਆਂ, ਅਸੀਂ ਆਦਤਾਂ ਦੇ ਹੁੰਦੇ ਹਾਂ।

ਆਦਤਾਂ ਦਾ ਵੀ ਇਕ ਸਿਲਸਿਲਾ ਜਾਂ ਪ੍ਰਣਾਲੀ ਉਸਰਦੀ ਹੈ।

ਸਾਡਾ ਚਰਿਤਰ, ਸ਼ਖ਼ਸੀਅਤ, ਕਦਰਾਂ-ਕੀਮਤਾਂ, ਵਿਹਾਰ, ਉਦੇਸ਼, ਜੀਵਨ-ਜਾਚ ਆਦਿ ਸਭ ਸੋਚਾਂ-ਆਦਤਾਂ ਦੇ ਉਸਾਰੇ ਹੋਏ, ਵੱਖ-ਵੱਖ ਪੱਖ ਹੁੰਦੇ ਹਨ।

ਚੰਗੀ ਆਦਤ ਅਤੇ ਭੈੜੀ ਆਦਤ ਵਿਚ ਆਦਤ ਦੇ ਪੱਖੋਂ ਕੋਈ ਅੰਤਰ ਨਹੀਂ

ਹੁੰਦਾ, ਇਸ ਦੇ ਸਿੱਟੇ ਉਸ ਨੂੰ ਚੰਗੀ ਜਾਂ ਮਾੜੀ ਆਦਤ ਬਣਾਉਂਦੇ ਹਨ। ਇਵੇਂ ਆਦਤਾਂ ਤਿੰਨ ਕਿਸਮ ਦੀਆਂ ਹੋ ਨਿਬੜਦੀਆਂ ਹਨ: ਚੰਗੀਆਂ ਆਦਤਾਂ, ਭੈੜੀਆਂ ਆਦਤਾਂ ਅਤੇ ਸਾਡੀਆਂ ਆਦਤਾਂ। ਕਿਸੇ ਆਦਤ ਦਾ ਆਪਣਾ ਕੋਈ ਮਹੱਤਵ ਨਹੀਂ ਹੁੰਦਾ, ਆਦਤ ਦਾ ਮਹੱਤਵ ਸਾਡੀ ਆਦਤ ਹੋਣ ਕਰਕੇ ਹੁੰਦਾ ਹੈ। ਨਵੀਂ ਆਦਤ ਜਾਂ ਨਵਾਂ ਸੰਤੁਲਨ ਸਥਾਪਤ ਕਰਨ ਲਈ ਚਾਰ ਹਫਤੇ ਤੋਂ ਤਿੰਨ ਮਹੀਨੇ ਦਾ ਸਮਾਂ ਲੱਗਦਾ ਹੈ। ਪੁਰਾਣੇ ਸੰਤੁਲਨ ਜਾਂ ਪੁਰਾਣੀ ਆਦਤ ਨੂੰ ਤਿਆਗਣ ਵਿਚ ਵਧੇਰੇ ਸਮਾਂ ਲੱਗਦਾ ਹੈ ਕਿਉਂਕਿ ਪੁਰਾਣੀ ਆਦਤ ਦੀ ਤਾਕਤ, ਆਦਤ ਛੱਡਣ ਦਾ ਵਿਰੋਧ ਕਰੇਗੀ। ਨਸ਼ੇ ਕਰਨ ਵਾਲੇ ਨਸ਼ੇ ਤਿਆਗਣੇ ਚਾਹੁੰਦੇ ਹਨ ਪਰ ਨਸ਼ਾ ਕਰਨ ਦੀ ਆਦਤ ਤਿਆਗਣ ਨਹੀਂ ਦਿੰਦੀ। ਅਕਸਰ ਅਸੀਂ ਉਸ ਆਦਤ ਨੂੰ ਛੱਡਣਾ ਚਾਹੁੰਦੇ ਹਾਂ, ਜਿਹੜੀ ਸਾਨੂੰ ਤਸੱਲੀ ਨਹੀਂ ਦੇ ਰਹੀ ਹੁੰਦੀ।

ਅਸੀਂ ਕਈ ਵਾਰੀ ਕਿਸੇ ਆਦਤ ਨੂੰ ਛੱਡਣਾ ਚਾਹੁੰਦੇ ਹਾਂ ਪਰ ਛੱਡ ਸਕਣ ਦਾ ਸਵੈ-ਵਿਸ਼ਵਾਸ ਅਤੇ ਮਾਨਸਿਕ ਬਲ ਨਹੀਂ ਹੁੰਦਾ, ਨਿਸ਼ਾਨਾ ਨਹੀਂ ਲੱਭਦਾ।

ਜੇ ਤੁਹਾਨੂੰ ਆਪਣੇ ਨਿਸ਼ਾਨੇ ਦਾ ਪਤਾ ਹੈ ਤਾਂ ਇਹ ਵੀ ਪਤਾ ਹੋਵੇਗਾ ਕਿ ਤੁਸੀਂ ਹੁਣ ਕਿੱਥੇ ਹੋ ਅਤੇ ਅਰੰਭ ਕਿੱਥੋਂ ਕਰਨਾ ਹੈ।

ਆਪਣੇ ਸੰਤੁਲਨ-ਅਸੰਤੁਲਨ ਨੂੰ ਅਸੀਂ ਆਪ ਹੀ ਜਾਣ ਸਕਦੇ ਹਾਂ।

ਭਵਿੱਖ, ਅਤੀਤ ਨਾਲੋਂ ਤਾਂ ਹੀ ਵੱਖਰਾ ਹੋਵੇਗਾ, ਜੇ ਤੁਸੀਂ ਜਾਣਦੇ ਹੋਵੋਗੇ ਕਿ ਭਵਿੱਖ ਕਿਹੋ ਜਿਹਾ ਹੋਣਾ ਚਾਹੀਦਾ ਹੈ। ਜੇ ਆਪਣੀਆਂ ਆਦਤਾਂ ਦਾ ਸੁਭਾਓ ਅਤੇ ਸੰਤੁਲਨ ਨਾ ਬਦਲਿਆ ਜਾਵੇ ਤਾਂ ਅਸੀਂ ਅਚੇਤ ਹੀ ਅਤੀਤ ਨੂੰ ਦੁਹਰਾਉਂਦੇ ਰਹਾਂਗੇ। ਆਪਣੇ ਰਸਤੇ ਦੀਆਂ ਰੁਕਾਵਟਾਂ ਅਤੇ ਮੁਸ਼ਕਿਲਾਂ ਬਾਰੇ ਸੁਚੇਤ ਹੋਏ ਬਿਨਾਂ, ਨਵਾਂ ਰਸਤਾ ਸਾਨੂੰ ਦਿਸੇਗਾ ਹੀ ਨਹੀਂ।

ਆਪਣੇ ਮਨ ਨੂੰ ਵੀ ਸਮਝਣ ਦੀ ਲੋੜ ਹੈ ਕਿਉਂਕਿ ਸਾਡਾ ਮਨ ਸਾਡੇ ਤੋਂ ਅਕਸਰ ਕਈ ਉਹ ਕਾਰਜ ਕਰਵਾ ਲੈਂਦਾ ਹੈ ਅਤੇ ਕਈ ਉਹ ਕਥਨ ਬੁਲਵਾ ਲੈਂਦਾ ਹੈ, ਜਿਹੜੇ ਅਸੀਂ ਮਗਰੋਂ ਮਹਿਸੂਸ ਕਰਦੇ ਹਾਂ ਕਿ ਸਾਨੂੰ ਨਹੀਂ ਕਹਿਣੇ-ਕਰਨੇ ਚਾਹੀਦੇ ਸਨ। ਮਗਰੋਂ ਮੁਲਾਂਕਣ ਕਰਨ ਨਾਲ, ਜਾਂ ਕੁਝ ਕਰਨ ਦਾ ਮਾਣ ਉਪਜੇਗਾ ਜਾਂ ਕੁਝ ਨਾ ਕਰਨ ਦਾ ਪਛਤਾਵਾ ਹੋਵੇਗਾ। ਜੇ ਮਨੁੱਖ ਨੂੰ ਆਲੋਚਨਾ ਦੇ ਨਾਲ ਪ੍ਰਸੰਸਾ ਵੀ ਮਿਲਦੀ ਰਹੇ ਤਾਂ ਸੰਤੁਲਨ ਬਣਿਆ ਰਹਿੰਦਾ ਹੈ।

ਨਜ਼ਰ-ਅੰਦਾਜ਼ ਕੀਤੇ ਜਾਣਾ ਪਰੇਸ਼ਾਨ ਕਰੇਗਾ, ਇਕੱਲੀ ਆਲੋਚਨਾ ਸਾਨੂੰ ਮਾਯੂਸ ਕਰੇਗੀ, ਕੇਵਲ ਪ੍ਰਸੰਸਾ ਸਾਨੂੰ ਅਵੇਸਲਾ ਅਤੇ ਆਲਸੀ ਬਣਾਏਗੀ।

ਕੁਝ ਮਹੱਤਵਪੂਰਨ ਕਰਨ ਤੋਂ ਪਹਿਲਾਂ ਸੋਚਣ-ਵਿਚਾਰਨ ਨੂੰ ਵਿਉਂਤਬੰਦੀ ਕਹਿੰਦੇ ਹਨ। ਵਿਉਂਤਬੰਦੀ ਕਾਰਨ ਗਲਤੀਆਂ ਦੇ ਬਾਵਜੂਦ ਸਾਡਾ ਨਵਾਂ ਸੰਤੁਲਨ ਉਸਾਰਨ ਦਾ ਉਪਰਾਲਾ ਮੁੜ-ਮੁੜ ਸਹੀ ਮਾਰਗ 'ਤੇ ਆ ਜਾਂਦਾ ਹੈ।

ਜੀਵਨ ਵਿਚ ਸਿਖਲਾਈ ਜਾਂ ਪੜ੍ਹਾਈ ਦਾ ਮਹੱਤਵ ਪਛਾਣਨ ਦੀ ਲੋੜ ਹੈ।

ਸਿਖਲਾਈ ਸਾਨੂੰ ਗਲਤੀਆਂ ਦੁਹਰਾਉਣ ਤੋਂ ਬਚਾਉਂਦੀ ਹੈ। ਸਿਖਲਾਈ ਦਾ ਉਦੇਸ਼ ਆਪਣੀਆਂ ਸ਼ਕਤੀਆਂ ਤੋਂ ਜਾਣੂ ਹੋਣਾ ਹੁੰਦਾ ਹੈ। ਕੋਈ ਨਵਾਂ ਸੰਤੁਲਨ

ਉਸਾਰਨ ਲਈ ਸਿਖਲਾਈ ਬੜਾ ਜ਼ਰੂਰੀ ਪੱਖ ਹੁੰਦੀ ਹੈ। ਇਹੀ ਕਾਰਨ ਹੈ ਕਿ ਪੜ੍ਹੇ ਲਿਖੇ, ਸਿੱਖਿਅਤ ਲੋਕ, ਨਵੇਂ ਸੰਤੁਲਨ ਸਹਿਜੇ ਹੀ ਉਸਾਰ ਲੈਂਦੇ ਹਨ।

ਅਭਿਆਸ ਅਤੇ ਸਿਖਲਾਈ ਨਾਲ ਸਾਡੀ ਯੋਗਤਾ ਦੇ ਨਾਲ ਸਾਡੀ ਸਮਰੱਥਾ ਵੀ ਵੱਧਦੀ ਹੈ। ਜੇ ਸਪਤਾਹ ਵਿਚ ਚਾਰ ਦਿਨ ਸੌਖ ਨਾਲ ਸੈਰ ਕੀਤੀ ਜਾ ਸਕਦੀ ਹੈ ਤਾਂ ਪੰਜਵੇਂ ਦਿਨ ਸੈਰ ਕਰਨ ਦੇ ਯਤਨ ਵਿਚ ਵੀ ਸਫਲਤਾ ਮਿਲ ਸਕਦੀ ਹੈ।

ਚੰਗੇਰੇ ਅਤੇ ਭਰਪੂਰ ਜੀਵਨ ਲਈ ਨਵੀਆਂ ਦਿਲਚਸਪੀਆਂ ਅਤੇ ਨਵੇਂ ਸੰਤੁਲਨ ਉਸਾਰਨ ਦੀ ਲੋੜ ਪੈਂਦੀ ਹੈ। ਆਪਣੇ ਜਾਣੇ-ਪਛਾਣੇ, ਸੀਮਤ ਖੇਤਰ ਵਿਚੋਂ ਬਾਹਰ ਨਿਕਲਣ ਨਾਲ ਨਵੀਆਂ, ਸਥਿਤੀਆਂ ਨਾਲ ਜਾਣ-ਪਛਾਣ ਕਾਰਨ, ਨਵੀਆਂ ਦਿਲਚਸਪੀਆਂ ਜਾਗਦੀਆਂ ਹਨ। ਜੇ ਨਵੀਆਂ ਦਿਲਚਸਪੀਆਂ ਉਸਾਰਨ ਸੰਬੰਧੀ, ਆਪਣੀ ਮੁੱਢਲੀ ਯੋਗਤਾ ਬਾਰੇ ਜਾਣਨਾ ਚਾਹੁੰਦੇ ਹੋ ਤਾਂ ਕਿਸੇ ਦਿਨ, ਕੋਈ ਉਹ ਕਾਰਜ ਕਰੋ, ਜੋ ਕਦੇ ਕੀਤਾ ਨਹੀਂ, ਕਰਨ ਦੀ ਆਦਤ ਨਹੀਂ।

ਇਕ ਵਾਰੀ ਸੇਵਾ ਨੂੰ ਸਮਰਪਿਤ ਇਕ ਵਿਸ਼ਾਲ ਸਮਾਗਮ 'ਤੇ ਡਾਕਟਰ, ਬੱਚਿਆਂ ਵਿਚ ਵੰਡਣ ਲਈ ਡੱਬੀਆਂ ਵਿਚ ਲੱਡੂ ਭਰਨ, ਪ੍ਰੋਫੈਸਰ ਲੰਗਰ ਵਰਤਾਉਣ, ਵਕੀਲ ਪ੍ਰਸ਼ਾਦ ਵੰਡਣ, ਇੰਜੀਨੀਅਰ ਲੋਕਾਂ ਦੇ ਅਰਾਮ ਦਾ ਪ੍ਰਬੰਧ ਕਰਨ, ਇਸਤਰੀਆਂ ਬਜ਼ੁਰਗਾਂ ਦੀ ਦੇਖਭਾਲ ਕਰਨ, ਬਜ਼ੁਰਗ ਬੱਚਿਆਂ ਨੂੰ ਸੰਭਾਲਣ, ਲੜਕੀਆਂ ਵਿਕਲਾਂਗਾਂ ਦਾ ਧਿਆਨ ਰੱਖਣ, ਦੁਕਾਨਦਾਰ ਆਵਾਜਾਈ ਵੇਖਣ ਦਾ ਕਾਰਜ ਕਰ ਰਹੇ ਸਨ। ਕੋਈ ਕਿਸੇ ਵਿਚ ਨੁਕਸ ਨਹੀਂ ਸੀ ਕੱਢ ਰਿਹਾ।

ਮਨੋਰੰਜਨ, ਜ਼ਿਮੇਵਾਰੀ ਅਤੇ ਕੰਮ ਵਿਚਲਾ ਅੰਤਰ ਮਿੱਟ ਗਿਆ ਸੀ। ਡਿਗਰੀਆਂ ਅਤੇ ਅਹੁਦਿਆਂ ਦਾ ਹੰਕਾਰ ਲੋਪ ਹੋ ਗਿਆ ਸੀ। ਕੋਈ ਕਿਸੇ ਦੀ ਨਿਗਰਾਨੀ ਨਹੀਂ ਸੀ ਕਰ ਰਿਹਾ, ਕੋਈ ਮੁਲਾਂਕਣ ਨਹੀਂ ਸੀ ਹੋ ਰਿਹਾ, ਕਿਸੇ ਤੋਂ ਅੱਗੇ ਲੰਘਣ ਦੀ ਦੌੜ ਨਹੀਂ ਸੀ, ਹਾਰ ਪੁਆਉਣ ਅਤੇ ਫੋਟੋ ਖਿਚਵਾਉਣ ਦਾ ਲਾਲਚ ਗਾਇਬ ਸੀ।

ਕਿਉਂਕਿ ਹਰ ਕੋਈ, ਸਭ ਕੁਝ ਦੂਜਿਆਂ ਲਈ ਕਰ ਰਿਹਾ ਸੀ, ਸੋ ਹਰ ਕੋਈ ਸੁਆਰਥ, ਸਾੜੇ-ਈਰਖਾ ਤੋਂ ਮੁਕਤ ਸੀ। ਸਭ ਤਸੱਲੀ ਨਾਲ ਮਾਲਾ-ਮਾਲ ਸਨ, ਸਭ ਪਾਸੇ ਵਾਹ-ਵਾਹ ਅਤੇ ਧੰਨਵਾਦ ਹੀ ਧੰਨਵਾਦ ਸੀ।

ਇਕ ਨਵਾਂ ਸੰਤੁਲਨ ਉਸਰਿਆ ਪਿਆ ਸੀ।

ਨਿਰਸੰਦੇਹ ਸਦੀਵੀ ਪ੍ਰਸੰਨਤਾ ਸੰਭਵ ਨਹੀਂ ਪਰ ਨਵੇਂ ਤਾਲਮੇਲ, ਨਵੇਂ ਸੰਤੁਲਨ, ਨਵੇਂ ਰਿਸ਼ਤੇ, ਨਵੇਂ ਸੰਬੰਧ, ਨਵੀਆਂ ਦਿਲਚਸਪੀਆਂ ਉਸਾਰਨ ਨਾਲ ਅਸੀਂ ਨਵੀਂ ਅਤੇ ਸੱਜਰੀ, ਚੰਗੇਰੀ ਅਤੇ ਵੱਖਰੀ, ਪ੍ਰਸੰਨ ਅਤੇ ਭਰਪੂਰ ਜੀਵਨ-ਜਾਚ ਦੀ ਦਹਿਲੀਜ਼ 'ਤੇ ਖਲੋਤੇ ਮਹਿਸੂਸ ਕਰਾਂਗੇ।

+ + +

ਬਹਾਦਰਾਂ ਦੀ ਸਵਾਰੀ: ਘੋੜਾ

ਘੋੜੇ ਦੀ ਸਵਾਰੀ ਨਾਲ ਅਜ਼ਾਦੀ ਦਾ ਸਵਾਦਲਾ ਅਨੁਭਵ ਹੁੰਦਾ ਹੈ।

ਮਨੁੱਖ ਵਿਚ ਜਿਹੋ ਜਿਹੀ ਦਲੇਰੀ, ਤਸੱਲੀ, ਪ੍ਰਸੰਨਤਾ ਅਤੇ ਸਵੈ-ਵਿਸ਼ਵਾਸ ਘੋੜਾ ਉਪਜਾਉਂਦਾ ਹੈ, ਉਸ ਦੀ ਕੋਈ ਰੀਸ ਨਹੀਂ।

ਕੋਈ ਸਮਾਂ ਸੀ ਜਦੋਂ ਪੁਰਸ਼ ਨੂੰ ਮਰਦ ਅਖਵਾਉਣ ਲਈ, ਉਸ ਦਾ ਘੋੜ-ਸਵਾਰ ਹੋਣਾ ਪਹਿਲੀ ਸ਼ਰਤ ਹੁੰਦੀ ਸੀ।

ਮਨੁੱਖੀ ਸਭਿਅਤਾ ਦਾ ਇਤਿਹਾਸ ਘੋੜੇ ਦੀ ਪਿੱਠ 'ਤੇ ਉਕਰਿਆ ਹੋਇਆ ਹੈ ਅਤੇ ਮਨੁੱਖ ਨੂੰ ਸਭਿਅਕ ਅਤੇ ਬਹਾਦਰ ਬਣਾਉਣ ਦਾ ਸਿਹਰਾ ਘੋੜੇ ਦੇ ਸਿਰ ਬੱਝਦਾ ਹੈ।

ਘੋੜੇ ਤੋਂ ਭਾਵ ਹੈ: ਫੁਰਤੀਲਾਪਣ, ਰਫ਼ਤਾਰ, ਆਗਿਆ-ਪਾਲਣ ਅਤੇ ਵਫ਼ਾਦਾਰੀ।

ਕੁੱਤਾ ਮਨੁੱਖ ਪ੍ਰਤੀ ਵਫ਼ਾਦਾਰ ਹੈ ਪਰ ਘੋੜਾ ਮਨੁੱਖ ਦਾ ਭਰੋਸੇਮੰਦ ਸਾਥੀ ਵੀ ਹੈ।

ਘੋੜੇ ਦੀ ਤੇਜ਼ ਰਫ਼ਤਾਰ, ਸ਼ੇਰ ਅਤੇ ਚੀਤੇ ਦੀ ਸਿਰਜੀ ਹੋਈ ਹੈ, ਜਿਨ੍ਹਾਂ ਤੋਂ ਬਚਣ ਲਈ ਘੋੜੇ ਨੇ ਤੇਜ਼ ਦੌੜਨ ਦੀ ਯੋਗਤਾ ਉਪਜਾਈ।

ਘੋੜਾ ਬੜੀ ਸੰਤੁਲਤ ਸਵਾਰੀ ਹੈ, ਇਹ ਸਵਾਰ ਨੂੰ ਡਿਗਣ ਨਹੀਂ ਦਿੰਦੀ। ਘੋੜਾ ਮਨੁੱਖ ਵਿਚੋਂ ਡਰ-ਭਓ ਕੱਢ ਕੇ, ਉਸ ਨੂੰ ਦਲੇਰ ਅਤੇ ਸਾਹਸੀ ਬਣਾਉਂਦਾ ਹੈ।

ਘੋੜੇ ਦੀ ਸਵਾਰੀ ਵਿਕਲਾਂਗਾਂ ਅਤੇ ਮੰਦ-ਬੁਧੀ ਵਾਲੇ ਰੋਗੀਆਂ ਲਈ ਇਲਾਜ ਸਾਬਤ ਹੁੰਦੀ ਹੈ। ਇਸ ਦੀ ਸਵਾਰੀ ਕਰਦਿਆਂ ਮਾਨਸਿਕ ਰੋਗੀ, ਸੰਤੁਲਨ ਅਤੇ ਤਾਲਮੇਲ ਉਸਾਰ ਕੇ ਅਰੋਗ ਹੋ ਜਾਂਦੇ ਹਨ। ਇਸ ਦੀ ਸਵਾਰੀ ਨਾਲ ਤੌਖਲਿਆਂ ਅਤੇ ਦੁਚਿੱਤੀਆਂ ਤੋਂ ਛੁਟਕਾਰਾ ਮਿਲਦਾ ਹੈ ਅਤੇ ਮਨੁੱਖ ਵਿਚ ਜੀਵਨ ਨੂੰ ਬਦਲ ਦੇਣ ਵਾਲੀਆਂ ਤਬਦੀਲੀਆਂ ਵਾਪਰਦੀਆਂ ਹਨ।

ਘੋੜੇ ਅਤੇ ਮਨੁੱਖ ਦੇ ਪਰਸਪਰ ਰਿਸ਼ਤੇ ਨੇ ਦੋਹਾਂ ਨੂੰ ਬਦਲਿਆ ਹੈ।

ਇਸ ਦੇ ਸੰਪਰਕ ਵਿਚ ਆ ਕੇ ਪਿੱਛਲਗ ਮਨੁੱਖ, ਆਗੂ ਬਣ ਜਾਂਦੇ ਹਨ।

ਪਸ਼ੂਆਂ ਵਿਚੋਂ ਮਨੁੱਖ ਨੂੰ ਕੇਵਲ ਸ਼ੇਰ ਅਤੇ ਘੋੜਾ ਅਖਵਾਉਣਾ ਪ੍ਰਵਾਨ ਹੈ।

ਘੋੜੇ ਮੁਖ ਤੌਰ 'ਤੇ ਤਿੰਨ ਪ੍ਰਕਾਰ ਦੇ ਹੁੰਦੇ ਹਨ।

ਠੰਡੇ ਲਹੂ ਵਾਲੇ ਘੋੜੇ, ਹੌਲੀ ਚੱਲਣ ਕਾਰਨ ਖੇਤੀ ਅਤੇ ਭਾਰ ਢੋਣ ਲਈ ਵਰਤੇ ਜਾਂਦੇ ਹਨ। ਨਿੱਘੇ ਲਹੂ ਵਾਲੇ ਘੋੜੇ ਮਨੋਰੰਜਨ, ਖੇਡਾਂ ਅਤੇ ਸਵਾਰੀ ਲਈ ਵਰਤੇ ਜਾਂਦੇ ਹਨ ਅਤੇ ਗਰਮ ਲਹੂ ਵਾਲੇ ਘੋੜੇ, ਫੁਰਤੀਲੇ, ਬਹਾਦਰ ਅਤੇ ਅਣਥੱਕ ਹੋਣ ਕਾਰਨ ਸ਼ਿਕਾਰ, ਘੁੜ-ਦੌੜ ਅਤੇ ਮੁਕਾਬਲਿਆਂ ਲਈ ਵਰਤੇ ਜਾਂਦੇ ਹਨ।

ਅਜੋਕੀਆਂ ਉਲੰਪਿਕ ਖੇਡਾਂ ਵਿਚ ਲਗਭਗ ਵੀਹ ਗੋਲਡ ਮੈਡਲ ਘੋੜਿਆਂ ਦੀਆਂ ਖੇਡਾਂ ਅਤੇ ਕਰਤਬਾਂ ਨਾਲ ਸੰਬੰਧਤ ਹਨ।

ਘੋੜਿਆਂ ਦੀਆਂ ਦੌੜਾਂ ਵੱਡੇ ਸ਼ਹਿਰਾਂ ਵਿਚ ਕਰੋੜਾਂ ਦੀਆਂ ਸ਼ਰਤਾਂ ਵਾਲੇ, ਲੱਖਾਂ ਲੋਕਾਂ ਦੇ ਮਨੋਰੰਜਨ ਅਤੇ ਹਜ਼ਾਰਾਂ ਲੋਕਾਂ ਲਈ ਰੋਜ਼ਗਾਰ ਦਾ ਵਸੀਲਾ ਹਨ।

ਅਜੋਕੇ ਦੌਰ ਵਿਚ ਘੋੜੇ ਨਾਲੋਂ ਸੰਪਰਕ ਟੁੱਟ ਜਾਣ ਕਾਰਨ, ਮਨੁੱਖ ਵਿਚ ਇਨਸਾਨੀ ਗੁਣਾਂ ਦੀ ਘਾਟ ਨਜ਼ਰ ਆਉਂਦੀ ਹੈ।

ਘੋੜਾ ਅਤੇ ਘੋੜਸਵਾਰ ਇਕ ਦੂਜੇ ਦਾ ਵਿਸ਼ਵਾਸ ਜਿੱਤਦੇ ਰਹੇ ਹਨ।

ਜੋ ਤਸੱਲੀ ਮਨੁੱਖ ਨੂੰ ਘੋੜੇ ਦੀ ਸਵਾਰੀ ਤੋਂ ਮਿਲਦੀ ਹੈ, ਉਹ ਮੋਟਰ ਸਾਈਕਲ ਜਾਂ ਕਾਰ ਤੋਂ ਨਹੀਂ ਮਿਲਦੀ।

ਘੋੜੇ 'ਤੇ ਬੈਠਾ ਸਵਾਰ ਅਸਲ ਨਾਲੋਂ ਚੰਗੇਰਾ, ਉੱਚਾ ਅਤੇ ਰੋਅਬ ਵਾਲਾ ਦਿਸਦਾ ਹੈ, ਜਦੋਂ ਕਿ ਕਾਰ ਵਿਚ ਬੈਠਾ ਵਿਅਕਤੀ ਅਸਲ ਨਾਲੋਂ ਨੀਂਵਾਂ, ਸੁੰਗੜਿਆ ਅਤੇ ਦੁਬਕਿਆ ਹੋਇਆ ਪ੍ਰਤੀਤ ਹੁੰਦਾ ਹੈ।

ਇਕ ਸਦੀ ਪਹਿਲਾਂ ਤੱਕ ਜਦੋਂ ਘੋੜਿਆਂ-ਘੋੜੀਆਂ 'ਤੇ ਸਵਾਰ ਹੋ ਕੇ ਜਵਾਨ ਨਿਕਲਦੇ ਸਨ ਤਾਂ ਉਹ ਆਪਣੀਆਂ ਪ੍ਰੇਮਿਕਾਵਾਂ ਦੀਆਂ ਘੱਟ ਅਤੇ ਘੋੜੀਆਂ ਦੀਆਂ ਗੱਲਾਂ ਵਧੇਰੇ ਕਰਦੇ ਸਨ। ਉਦੋਂ ਸਾਹਿਬਾਂ ਵਰਗੀਆਂ, ਮਿਰਜ਼ੇ ਵਰਗੇ ਘੋੜਸਵਾਰਾਂ ਨਾਲ ਉਧਲਣ ਦੀ ਰੀਝ ਪਾਲਦੀਆਂ ਸਨ ਅਤੇ ਤੇਜ਼ ਦੌੜਨ ਵਾਲੀ ਘੋੜੀ 'ਤੇ ਉਛਲਦੇ, ਉਨ੍ਹਾਂ ਦੇ ਸਰੀਰ ਜਦੋਂ ਆਪਸ ਵਿਚ ਭਿੜਦੇ ਸਨ ਤਾਂ ਉਨ੍ਹਾਂ ਨੂੰ ਅਸਮਾਨ ਜਿਤਨੇ ਉੱਚੇ ਝੂਟਿਆਂ ਦਾ ਆਨੰਦ ਆਉਂਦਾ ਸੀ। ਇਸੇ ਲਈ ਘੋੜੇ ਸਾਡੇ ਲੋਕ-ਗੀਤਾਂ ਅਤੇ ਲੋਕ-ਕਹਾਣੀਆਂ ਦੇ ਨਾਇਕ ਬਣੇ ਹਨ।

ਜਿਨ੍ਹਾਂ ਨੇ ਘੋੜੇ ਦੀ ਸਵਾਰੀ ਨਹੀਂ ਕੀਤੀ, ਉਹ ਆਪਣੇ-ਆਪ ਨੂੰ ਪੁਰਸ਼ ਤਾਂ ਕਹਾ ਸਕਦੇ ਹਨ ਪਰ ਮਰਦ ਨਹੀਂ ਅਖਵਾ ਸਕਦੇ।

ਘੋੜਾ ਡਰ ਉੱਤੇ ਹੱਸਦਾ ਹੈ, ਆਲਸ ਦਾ ਇਸ ਨੂੰ ਪਤਾ ਹੀ ਨਹੀਂ।

ਨਗਾਰਾ ਵੱਜਦਾ ਹੋਵੇ, ਇਸ ਦੀਆਂ ਲੱਤਾਂ ਫਰਕਣ ਲੱਗ ਪੈਂਦੀਆਂ ਹਨ।

ਇਹ ਆਪ ਬਹਾਦਰ ਹੈ, ਸੋ ਇਹ ਦਲੇਰ ਸਵਾਰੀ ਨੂੰ ਹੀ ਪਸੰਦ ਕਰਦਾ ਹੈ।

ਇਹ ਪਹਾੜ ਜਾਂ ਜੰਗਲ ਵਿਚੋਂ ਆਪਣੇ ਗਵਾਚੇ ਮਾਲਕ ਨੂੰ ਲੱਭ ਲਿਆਉਂਦਾ ਹੈ ਅਤੇ ਮਾਲਕ ਦੀ ਮੁਸੀਬਤ ਨੂੰ ਆਪਣੀ ਮੁਸੀਬਤ ਬਣਾ ਲੈਂਦਾ ਹੈ।

ਆਪਣੀ ਜਾਨ ਨੂੰ ਕਿਸੇ ਵੀ ਖ਼ਤਰੇ ਦੀ ਪਰਵਾਹ ਨਾ ਕਰਦਿਆਂ, ਇਹ ਹਰ ਸਥਿਤੀ ਵਿਚ ਆਪਣੇ ਮਾਲਕ ਦੇ ਹਰੇਕ ਹੁਕਮ ਨੂੰ ਮੰਨਦਾ ਹੈ।

ਸੰਸਾਰ 'ਤੇ ਰਾਜ ਕਰਨ ਵਾਲੇ ਯੋਰਪ ਦੇ ਸਾਰੇ ਸ਼ਾਹੀ ਘਰਾਣੇ, ਹੁਣ ਵੀ ਘੋੜੇ ਪਾਲਦੇ ਅਤੇ ਘੋੜ ਸਵਾਰੀ ਕਰਦੇ ਹਨ।

ਚਾਰ ਤੋਂ ਸੋਲ੍ਹਾਂ ਘੋੜਿਆਂ ਵਾਲੀ ਬੱਘੀ, ਸੰਸਾਰ ਵਿਚ ਬਾਦਸ਼ਾਹਾਂ ਅਤੇ ਮਹਾਰਾਣੀਆਂ ਦੀ ਸਲਤਨਤ ਦਾ ਆਕਾਰ ਦਸਦੀ ਰਹੀ ਹੈ।

ਘੋੜੇ ਦੀ ਕਾਠੀ ਸੰਤੁਲਨ ਲਈ ਅਤੇ ਲਗਾਮ ਕੰਟਰੋਲ ਲਈ ਹੁੰਦੀ ਹੈ।

ਜਿਹੜੀ ਇਸਤਰੀ ਘੋੜਾ ਕੰਟਰੋਲ ਕਰ ਲੈਂਦੀ ਹੈ, ਡਰ-ਭਓ ਤੋਂ ਮੁਕਤ ਹੋਣ ਕਾਰਨ, ਉਸ ਨੂੰ ਪਤੀ ਦੀਆਂ ਲਗਾਮਾਂ ਖਿੱਚਣੀਆਂ ਵੀ ਆ ਜਾਂਦੀਆਂ ਹਨ। ਅਜਿਹੀਆਂ ਇਸਤਰੀਆਂ ਮਰਦਾਂ ਦੀਆਂ ਆਗੂ ਬਣਦੀਆਂ ਹਨ।

ਰਜ਼ੀਆ ਸੁਲਤਾਨ ਅਤੇ ਰਾਣੀ ਝਾਂਸੀ ਨਿਪੁੰਨ ਘੋੜ ਸਵਾਰ ਸਨ।

ਨਿਪੁੰਨ ਘੋੜਸਵਾਰ ਫੌਜ, ਯੁੱਧ ਦਾ ਪਾਸਾ ਪਲਟ ਦਿੰਦੀ ਰਹੀ ਹੈ।

ਸਿਕੰਦਰ ਕੋਲ ਦਸ ਹਜ਼ਾਰ ਬਹਾਦਰਾਂ ਦੀ ਘੋੜਸਵਾਰ ਫੌਜ ਸੀ।

ਸਿਕੰਦਰ ਨੇ ਆਪਣੇ ਜੀਵਨ ਵਿਚ ਹਰੇਕ ਲੜਾਈ ਇਸ ਪੈਂਤੜੇ ਨਾਲ ਜਿੱਤੀ ਸੀ ਕਿ ਉਹ ਹੌਲੀ-ਹੌਲੀ ਲੜਾਈ ਨੂੰ ਫੈਸਲਾਕੁੰਨ ਮੋੜ 'ਤੇ ਲਿਆ ਕੇ ਯੁੱਧ ਦੇ ਮੈਦਾਨ ਵਿਚ, ਆਪਣੀ ਘੋੜਸਵਾਰ ਫੌਜ ਉਤਾਰਦਾ ਸੀ, ਜਿਹੜੀ ਸਿਕੰਦਰ ਦੀ ਜਿੱਤ ਸਿਰਜ ਦਿੰਦੀ ਸੀ। ਸਿਕੰਦਰ ਦੇ ਘੋੜੇ ਖੰਭਾਂ ਤੋਂ ਬਿਨਾਂ ਉੱਡਦੇ ਸਨ, ਤਲਵਾਰ ਤੋਂ ਬਿਨਾਂ ਲੜਦੇ ਸਨ। ਉਹ ਦਿਸਹੱਦਿਆਂ ਨੂੰ ਨੇੜੇ ਲਿਆ ਕੇ ਅਸਮਾਨ ਨੂੰ ਧਰਤੀ 'ਤੇ ਉਤਾਰ ਦਿੰਦੇ ਸਨ।

ਘੋੜਿਆਂ ਦੀ ਰਫ਼ਤਾਰ, ਘੋੜਸਵਾਰਾਂ ਦੀ ਰਫ਼ਤਾਰ ਬਣ ਜਾਂਦੀ ਸੀ।

ਘੋੜੇ 'ਤੇ ਚੜ੍ਹਿਆ ਆਉਂਦਾ ਨੈਪੋਲੀਅਨ ਪਝੱਤਰ ਹਜ਼ਾਰ ਹਥਿਆਰਬੰਦ ਫੌਜੀਆਂ ਦੇ ਬਰਾਬਰ ਸਮਝਿਆ ਜਾਂਦਾ ਸੀ।

ਜੇ ਕਿਸੇ ਵਿਅਕਤੀ ਵਿਚ ਘੋੜੇ 'ਤੇ ਬਹਿ ਕੇ ਸਵੈ-ਵਿਸ਼ਵਾਸ ਨਹੀਂ ਉਪਜਦਾ ਤਾਂ ਇਹ ਹੋਰ ਕਿਸੇ ਢੰਗ ਨਾਲ ਨਹੀਂ ਉਪਜੇਗਾ।

ਸੰਸਾਰ ਦੇ ਪ੍ਰਸਿੱਧ ਯੋਧੇ ਅਤੇ ਜਰਨੈਲ ਬਚਪਨ ਵਿਚ ਹੀ ਘੋੜਸਵਾਰੀ ਕਰਨ ਲੱਗ ਪਏ ਸਨ। ਉਨ੍ਹਾਂ ਵਾਂਗ, ਉਨ੍ਹਾਂ ਦੇ ਘੋੜੇ ਵੀ ਪ੍ਰਸਿੱਧ ਸਨ।

ਸਿਕੰਦਰ ਵਾਂਗ, ਨੈਪੋਲੀਅਨ, ਗੁਰੂ ਗੋਬਿੰਦ ਸਿੰਘ, ਅਬਦਾਲੀ, ਮਹਾਰਾਜਾ ਰਣਜੀਤ ਸਿੰਘ ਆਦਿ ਆਪ ਘੋੜਸਵਾਰ ਤਾਂ ਸਨ ਹੀ, ਇਹ ਘੋੜਿਆਂ ਦੇ ਪਾਰਖੂ ਵੀ ਸਨ।

ਬਾਦਸ਼ਾਹਾਂ ਅਤੇ ਬਹਾਦਰਾਂ ਨੂੰ ਲੋਕ ਚੰਗੇ ਘੋੜੇ ਭੇਟ ਕਰਦੇ ਰਹੇ ਹਨ।

ਮਨੁੱਖੀ ਸਮਾਜ ਦੇ ਵਿਕਾਸ ਵਿਚ ਘੋੜੇ ਦਾ ਯੋਗਦਾਨ ਵੱਡਮੁਲਾ ਹੈ।

ਮਨੁੱਖ ਨੇ ਘੋੜਿਆਂ ਨਾਲ ਹੋਰ ਪਸ਼ੂਆਂ ਦੇ ਇੱਜੜਾਂ ਨੂੰ ਕਾਬੂ ਕਰਨਾ ਸਿੱਖਿਆ ਹੈ। ਖੇਤੀ-ਵਿਵਸਥਾ ਤੋਂ ਪਹਿਲਾਂ ਮਨੁੱਖ ਕੋਲ ਉਸ ਦਾ ਕੇਵਲ ਸਰੀਰਕ ਬਲ ਸੀ, ਜਿਸ ਕਾਰਨ ਉਹ ਚਾਰ-ਪੰਜ ਮੀਲ ਦੇ ਘੇਰੇ ਵਿਚ ਹੀ ਵਿਚਰਦਾ ਸੀ। ਖੇਤੀ-ਵਿਵਸਥਾ ਉਦੋਂ ਸੰਭਵ ਹੋਈ ਜਦੋਂ ਮਨੁੱਖ ਨੇ ਆਪਣੇ ਸਰੀਰਕ ਬਲ ਦੇ ਨਾਲ ਪਸ਼ੂ ਬਲ ਵਰਤਣਾ ਅਰੰਭ ਕੀਤਾ ਅਤੇ ਘੋੜਾ ਵਰਤ ਕੇ ਮਨੁੱਖ ਨੇ ਆਪਣਾ ਅਨੁਭਵ-ਖੇਤਰ ਚਾਲ੍ਹੀ-ਪੰਜਾਹ ਮੀਲ ਵਿਸ਼ਾਲ ਕਰ ਲਿਆ। ਘੋੜੇ ਦੇ ਸਹਿਯੋਗ ਨਾਲ ਮਨੁੱਖ ਨੇ ਊਠਾਂ, ਹਾਥੀਆਂ, ਬਲਦਾਂ, ਗਊਆਂ, ਮੱਝਾਂ ਨੂੰ ਸਾਧਣਾ ਅਤੇ ਸਾਂਭਣਾ ਅਰੰਭਿਆ।

ਘੋੜੇ ਦੇ ਸਾਥ ਨਾਲ ਮਨੁੱਖ ਦਾ ਕਾਰਜ-ਖੇਤਰ ਫੈਲਿਆ ਅਤੇ ਮਨੁੱਖ ਦੀ ਆਲੇ-ਦੁਆਲੇ ਵਿਚ ਵਿਚਰਨ ਅਤੇ ਇਸ ਨੂੰ ਬਦਲਣ ਦੀ ਸਮਰੱਥਾ ਵਧੀ।

ਘੋੜੇ ਦੀ ਸਵਾਰੀ ਕਰਦਿਆਂ ਮਨੁੱਖ ਨੇ ਨਵੀਆਂ ਧਰਤੀਆਂ ਲੱਭੀਆਂ।

ਸੰਸਾਰ ਦੇ ਬਹੁਤੇ ਪਹਾੜੀ ਸ਼ਹਿਰਾਂ ਅਤੇ ਅਜੋਕੇ ਡੈਮਾਂ ਦੀ ਉਸਾਰੀ ਵਾਸਤੇ ਥਾਂਵਾਂ ਦੀ ਨਿਸ਼ਾਨਦੇਹੀ ਘੋੜਸਵਾਰਾਂ ਨੇ ਕੀਤੀ ਹੈ। ਭਾਰਤ ਵਿਚ ਸ਼ਿਮਲੇ ਅਤੇ ਭਾਖੜਾ ਡੈਮ ਦੇ ਸਥਾਨ ਨੂੰ ਅੰਗਰੇਜ਼ ਘੋੜਸਵਾਰਾਂ ਨੇ ਲੱਭਿਆ ਸੀ।

ਘੋੜਾ ਸਾਡੇ ਸਭਿਆਚਾਰ ਦਾ ਵੀ ਅੰਗ ਹੈ। ਵਿਆਹ ਸਮੇਂ ਲਾੜਾ ਘੋੜੀ 'ਤੇ ਚੜ੍ਹ ਕੇ ਰਾਜੇ ਜਾਂ ਰਾਜਕੁਮਾਰ ਵਾਂਗ ਆਉਂਦਾ ਹੈ। ਲਾੜਾ ਘੋੜੀ 'ਤੇ ਇਸ ਲਈ ਬੈਠਾਇਆ ਜਾਂਦਾ ਹੈ ਤਾਂ ਕਿ ਉਸ ਦੇ ਮਰਦ ਹੋਣ ਅਤੇ ਉਸ ਦੀ ਸਮੁੱਚੀ ਸਿਹਤ ਦੀ ਤਸਦੀਕ ਹੋ ਜਾਵੇ। ਜੇ ਲਾੜੇ ਦੇ ਗੋਡੇ, ਮੋਢੇ, ਹੱਥ, ਕੂਹਣੀ, ਲੱਤ, ਪੈਰ ਵਿਚ ਕੋਈ ਨੁਕਸ ਹੋਵੇਗਾ, ਉਹ ਘੋੜੀ ਤੋਂ ਉਤਰ ਨਹੀਂ ਸਕੇਗਾ, ਡਿੱਗੇਗਾ। ਘੋੜੇ ਵਿਚ ਬੜੀ ਤਾਕਤ ਹੁੰਦੀ ਹੈ, ਇਸ ਨੂੰ ਤਾਕਤਵਰ ਵਿਅਕਤੀ ਹੀ ਕਾਬੂ ਕਰ ਸਕਦਾ ਹੈ।

ਮੱਧਕਾਲ ਵਿਚ ਘੋੜੇ ਅਬਾਦੀਆਂ ਵਿਚ ਰਖੇ ਜਾਣ ਲੱਗ ਪਏ ਸਨ।

ਉਨ੍ਹਾਂ ਸਮਿਆਂ ਵਿਚ ਦੂਰ-ਦੁਰਾਡੀਆਂ ਥਾਂਵਾਂ 'ਤੇ ਜਾਣ ਲਈ ਘੋੜਾ ਇਕਮਾਤਰ ਭਰੋਸੇਯੋਗ ਸਾਧਨ ਹੋਇਆ ਕਰਦਾ ਸੀ।

ਯੁੱਧ ਦੇ ਮੈਦਾਨ ਵਿਚ ਯੋਧੇ, ਘੋੜਿਆਂ 'ਤੇ ਜਾਂਦੇ ਸਨ ਅਤੇ ਉਨ੍ਹਾਂ ਦੀ ਜਿੱਤ ਦੇ ਜਲੂਸ ਹਾਥੀਆਂ 'ਤੇ ਨਿਕਲਦੇ ਸਨ, ਜਿਨ੍ਹਾਂ ਦੇ ਅੱਗੇ ਕੋਤਲ ਘੋੜੇ ਚੱਲਦੇ ਸਨ।

ਉਸ ਸਮੇਂ ਜਿਸ ਕੋਲ ਚੰਗਾ ਘੋੜਾ ਜਾਂ ਘੋੜੀ ਹੁੰਦੀ ਸੀ, ਉਸ ਮਾਲਕ ਦਾ ਸਿਰ ਇਕ ਗਿੱਠ ਉੱਚਾ ਹੋ ਜਾਂਦਾ ਸੀ।

ਪੰਜਾਬ ਵਿਚ ਘੋੜੀ ਜੱਟ ਦੀ ਸ਼ਾਨ ਹੁੰਦੀ ਸੀ। ਜਦੋਂ ਕੋਈ ਸ਼ੌਕੀਨ ਜੱਟ ਰੇਸ਼ਮੀ ਡੋਰੀਆਂ ਨਾਲ ਸਜੀ ਹੋਈ ਘੋੜੀ 'ਤੇ ਚੜ੍ਹ ਕੇ, ਮੇਲੇ ਜਾਂਦਾ ਸੀ ਤਾਂ ਸਾਰਾ ਮੇਲਾ ਉਸ ਦੇ ਮਗਰ ਲੱਗ ਜਾਂਦਾ ਸੀ।

ਘੋੜਿਆਂ 'ਤੇ ਜਾਂਦੀ ਬਰਾਤ ਕਿਸੇ ਮਹਾਰਾਜੇ ਦੀ ਫੌਜ ਲੱਗਦੀ ਸੀ।

ਜੱਟ ਨੂੰ ਭਾਵੇਂ ਜ਼ਮੀਨ ਵੇਚਣੀ ਪਏ ਉਹ ਘੋੜੀ ਚੰਗੀ ਹੀ ਰੱਖਦਾ ਸੀ।

ਚੰਗੀ ਘੋੜੀ ਇਤਨੀ ਰਵਾਂ ਦੌੜਦੀ ਸੀ ਕਿ ਸਵਾਰੀ ਕਰਦਿਆਂ ਤਲੀ 'ਤੇ ਰੱਖੀ ਪਾਣੀ ਦੀ ਕਟੋਰੀ ਵਿਚੋਂ ਇਕ ਬੂੰਦ ਵੀ ਨਹੀਂ ਡੁੱਲ੍ਹਦੀ ਸੀ।

ਉਸ ਸਮੇਂ ਕਈ ਵਿਅਕਤੀ ਘੋੜਿਆਂ ਦੇ ਪਾਰਖੂ ਹੋਣ ਕਾਰਨ ਪ੍ਰਸਿੱਧ ਹੋ ਜਾਂਦੇ ਸਨ। ਇਕ ਵਾਰੀ ਇਕ ਪਾਰਖੂ ਅੰਨ੍ਹਾ ਹੋ ਗਿਆ ਪਰ ਫਿਰ ਵੀ ਲੋਕ ਘੋੜੀ-ਘੋੜਾ ਖਰੀਦਣ ਵਾਸਤੇ ਉਸ ਨੂੰ ਨਾਲ ਲੈ ਜਾਂਦੇ ਸਨ ਅਤੇ ਉਹ ਹੱਥ ਫੇਰ ਕੇ ਘੋੜੇ ਜਾਂ ਘੋੜੀ ਦੇ ਲੱਛਣ ਦੱਸ ਦਿੰਦਾ ਸੀ।

ਨਾਮੀ ਡਾਕੂਆਂ ਵਾਂਗ, ਉਨ੍ਹਾਂ ਦੀਆਂ ਘੋੜੀਆਂ ਵੀ ਪ੍ਰਸਿੱਧ ਸਨ।

ਕਈਆਂ ਨੂੰ ਆਪਣੀ ਘੋੜੀ ਔਲਾਦ ਨਾਲੋਂ ਵੀ ਵਧੇਰੇ ਪਿਆਰੀ ਲੱਗਦੀ ਸੀ। ਇਕ ਵਾਰੀ ਇਕ ਜੱਟ ਦੀ ਘੋੜੀ ਦਰਿਆ ਕੰਢੇ ਚਰਦੀ ਹੋਈ, ਪੈਰ ਤਿਲ੍ਹਕਣ ਕਰਕੇ ਪਾਣੀ ਵਿਚ ਡਿਗ ਪਈ ਅਤੇ ਕੰਨਾਂ ਵਿਚ ਪਾਣੀ ਪੈਣ ਕਾਰਨ ਮਰ ਗਈ।

ਮਾਲਕ ਨੂੰ ਇਤਨਾ ਸਦਮਾ ਲੱਗਾ ਕਿ ਉਹ ਪਾਗਲ ਹੋ ਗਿਆ ਅਤੇ ਪਿੰਡ ਵਿਚੋਂ ਲੰਘਦੀ ਹਰ ਘੋੜੀ ਮਗਰ 'ਮੇਰੀ ਘੋੜੀ, ਮੇਰੀ ਘੋੜੀ' ਪੁਕਾਰਦਾ ਦੌੜਨ ਲੱਗ

ਪਿਆ ਅਤੇ ਕੁਝ ਮਹੀਨੇ ਮਗਰੋਂ ਉਹ ਮਰ ਗਿਆ। ਆਪਣੀ ਘੋੜੀ ਨਾਲ ਇਕੱਠਿਆਂ ਮਰਨ ਦੀ ਉਸ ਦੀ ਰੀਝ ਅਧੂਰੀ ਰਹਿ ਗਈ ਸੀ।

ਘੋੜੇ ਦੀਆਂ ਆਦਤਾਂ ਅਤੇ ਲੱਛਣ ਉਸ ਨੂੰ ਹਰ ਕਿਸੇ ਦੀ ਪਸੰਦ ਬਣਾ ਦਿੰਦੇ ਹਨ। ਮਾਲਕ ਨੂੰ ਛੱਡ ਕੇ ਘੋੜਾ ਘਰ ਨਹੀਂ ਮੁੜਦਾ, ਲੱਭ ਕੇ ਲੈ ਕੇ ਹੀ ਮੁੜਦਾ ਹੈ। ਘੋੜਾ ਚੰਗੇ ਮਾਲਕ ਦਾ ਹਰ ਸਮੇਂ ਸਾਥ ਮਾਣਨ ਲਈ ਤਾਂਘਦਾ ਹੈ। ਮਾਲਕ ਨੂੰ ਉਹ ਆਪਣੀ ਗੱਲ ਆਪਣੀਆਂ ਸਰੀਰਕ ਹਰਕਤਾਂ ਨਾਲ ਸਮਝਾਉਂਦਾ ਹੈ।

ਘੋੜਾ ਭਰਵੀਂ ਅਵਾਜ਼ ਵਾਲੇ ਮਾਲਕ ਨੂੰ ਵਧੇਰੇ ਪਸੰਦ ਕਰਦਾ ਹੈ।

ਇਹ ਹੋਰਾਂ ਨੂੰ ਆਪਣੇ ਕੰਨ, ਨੱਕ ਅਤੇ ਨਜ਼ਰ ਰਾਹੀਂ ਪਛਾਣਦਾ ਹੈ।

ਜੇ ਘੋੜਾ ਸੁਰੱਖਿਅਤ ਮਹਿਸੂਸ ਨਾ ਕਰੇ ਤਾਂ ਇਹ ਕੁਝ ਖਾਂਦਾ ਨਹੀਂ।

ਚੰਗੇ ਮਾਲਕ ਵਲੋਂ ਆਪਣੇ ਬੁੱਢੇ ਘੋੜੇ ਦਾ ਦੁੱਖ ਵੇਖਿਆ ਨਹੀਂ ਜਾਂਦਾ, ਸੋ ਮਾਲਕ ਅਕਸਰ ਦੁੱਖ ਤੋਂ ਖਲਾਸੀ ਦੁਆਉਣ ਲਈ ਉਸ ਨੂੰ ਆਪ ਗੋਲੀ ਮਾਰ ਦਿੰਦੇ ਹਨ।

ਸੰਸਾਰ ਵਿਚ ਇਸ ਵੇਲੇ ਛੇ ਕਰੋੜ ਘੋੜੇ ਅਤੇ ਚਾਰ ਕਰੋੜ ਖੱਚਰਾਂ ਅਤੇ ਟੱਟੂ ਹਨ, ਜਿਨ੍ਹਾਂ ਵਿਚੋਂ ਅੱਧੇ ਅਮਰੀਕਾ ਵਿਚ ਹਨ।

ਟੱਟੂ ਅਤੇ ਖੱਚਰਾਂ ਘੋੜੇ-ਘੋੜੀਆਂ ਦੇ ਹੋਰ ਨਸਲਾਂ ਨਾਲ ਨਜਾਇਜ਼ ਸੰਬੰਧਾਂ ਵਿਚੋਂ ਜਨਮਦੇ ਹਨ, ਜਿਨ੍ਹਾਂ ਦੀ ਅੱਗੋਂ ਸੰਤਾਨ ਨਹੀਂ ਹੁੰਦੀ।

ਭਾਰਤ ਵਿਚ ਬਾਂਝ ਇਸਤਰੀ ਨੂੰ ਖੱਚਰ ਅਤੇ ਨਿਪੁੰਸਕ ਪੁਰਸ਼ ਨੂੰ ਟੱਟੂ ਕਹਿ ਕੇ ਨਿੰਦਿਆ-ਭੰਡਿਆ ਜਾਂਦਾ ਹੈ।

ਘੋੜਾ ਬਹੁਤ ਕੁਝ ਸੁਭਾਵਕ ਹੀ ਜਾਣਦਾ ਹੁੰਦਾ ਹੈ, ਮਾਲਕ ਤਾਂ ਉਸ ਨੂੰ ਵਾਧੂ ਕਰਤਬ ਸਿਖਾਉਂਦਾ ਹੈ। ਘੋੜਾ ਨਿਤਨੇਮ ਨੂੰ ਪਸੰਦ ਕਰਦਾ ਹੈ।

ਹੁਣ ਘੋੜਿਆਂ ਦੇ ਨਾਂਵਾਂ 'ਤੇ ਸ਼ਰਾਬਾਂ, ਸੈਂਟ ਆਦਿ ਅਨੇਕਾਂ ਚੀਜ਼ਾਂ ਬਣਦੀਆਂ ਹਨ। ਘੋੜਿਆਂ 'ਤੇ ਕਈ ਨਾਵਲ ਅਤੇ ਕਹਾਣੀਆਂ ਵੀ ਲਿਖੀਆਂ ਗਈਆਂ ਹਨ।

ਵਿਗਿਆਨ ਵਿਚ ਸੱਤ ਸੌ ਪੰਜਾਹ ਵਾਟ ਨੂੰ ਇਕ ਹਾਰਸ-ਪਾਵਰ ਕਿਹਾ ਜਾਂਦਾ ਹੈ।

ਮੁੱਖ ਤੌਰ ਤੇ ਘੋੜੇ ਦੋ ਕਿਸਮ ਦੇ ਹੁੰਦੇ ਹਨ, ਆਗੂ ਅਤੇ ਪਿੱਛਲਗ।

ਘੋੜੇ-ਘੋੜੀ ਦੀ ਸਵਾਰੀ ਤੋਂ ਪਹਿਲਾਂ, ਮਾਹਿਰ ਸਵਾਰ ਵੱਲੋਂ ਉਸ 'ਤੇ ਹੱਥ ਫੇਰਿਆ ਜਾਂਦਾ ਹੈ, ਜਿਸ ਨਾਲ ਦੋਵੇਂ ਇਕ-ਦੂਜੇ ਨੂੰ ਮਾਪਦੇ-ਤੋਲਦੇ ਹਨ, ਫਿਰ ਉਨ੍ਹਾਂ ਦੀ ਜਾਣ-ਪਛਾਣ ਮਗਰੋਂ, ਦੋਸਤੀ ਹੋ ਜਾਂਦੀ ਹੈ।

ਯੋਰਪ ਦੇ ਅਮੀਰ ਘਰਾਣਿਆਂ ਦੀਆਂ ਮੁਟਿਆਰਾਂ ਘੋੜੇ ਦੀ ਸਵਾਰੀ ਰਾਹੀਂ ਆਪਣੇ ਪਤੀ ਲੱਭਦੀਆਂ ਹਨ। ਇਕ ਵਾਰੀ ਇਕ ਧੀ ਨੇ ਘੋੜੇ ਦੀ ਸਵਾਰੀ ਕਰਨ ਅਤੇ ਸਿਖਾਉਣ ਵਾਲੀ ਆਪਣੀ ਮਾਂ ਨੂੰ ਪੁੱਛਿਆ: ਮੇਰੇ ਪਤੀ ਵਿਚ ਕਿਹੜੇ ਲੱਛਣ ਹੋਣੇ ਚਾਹੀਦੇ ਹਨ? ਮਾਂ ਦੀਆਂ ਗੱਲਾਂ ਸੁਣ ਕੇ ਧੀ ਨੇ ਕਿਹਾ: ਮਾਂ, ਤੁਸੀਂ ਤਾਂ ਸਾਰੇ ਘੋੜੇ ਦੇ ਗੁਣ-ਲੱਛਣ ਗਿਣਾ ਦਿੱਤੇ ਹਨ।

ਇਕ ਵਾਰੀ ਇਬਰਾਹੀਮ ਲਿੰਕਨ ਨੇ ਅਮਰੀਕਾ ਦੀ ਖਾਨਾਜੰਗੀ ਦੌਰਾਨ ਇਕ ਸੌ ਪੰਜ ਘੋੜੇ ਗੁਆ ਕੇ ਮੁੜਨ ਵਾਲੇ ਬਰੀਗੇਡੀਅਰ ਨੂੰ ਝਾੜ ਪਾਉਂਦਿਆਂ ਕਿਹਾ ਕਿ

ਬਰੀਗੇਡੀਅਰ ਤਾਂ ਮੈਂ ਕਿਸੇ ਨੂੰ ਪੰਜ ਮਿੰਟ ਵਿਚ ਫੀਤੀਆਂ ਲਾ ਕੇ ਬਣਾ ਸਕਦਾ ਹਾਂ ਪਰ ਇਕ ਸੌ ਪੰਜ ਘੋੜੇ ਇਵੇਂ ਨਹੀਂ ਬਣ ਸਕਦੇ।

ਘੋੜੇ ਨਾਲ ਵਿਹਾਰ ਕਰਨ ਦੇ ਕੁਝ ਨੇਮ ਹੁੰਦੇ ਹਨ, ਜਿਵੇਂ ਘੋੜਾ ਨਾ ਪਿੱਛੇ ਵੇਖ ਸਕਦਾ ਹੈ ਨਾ ਪਿੱਛੇ ਜਾ ਸਕਦਾ ਹੈ ਪਰ ਇਸ ਨੂੰ ਪਿੱਛਾ ਕਰਨ ਵਾਲਿਆਂ ਦਾ ਪਤਾ ਲੱਗ ਜਾਂਦਾ ਹੈ। ਘੋੜੇ ਦੇ ਪਿੱਛੇ ਨਹੀਂ ਖਲੋਣਾ ਚਾਹੀਦਾ ਕਿਉਂਕਿ ਇਸ ਨੂੰ ਪਿੱਛੇ ਨਹੀਂ ਦਿਸਦਾ, ਪਰ ਕਿਸੇ ਪਿੱਛੇ ਖਲੋਤੇ ਨੂੰ ਇਹ ਮਹਿਸੂਸ ਕਰ ਸਕਦਾ ਹੈ, ਜਿਸ ਨੂੰ ਖਤਰਾ ਸਮਝ ਕੇ, ਇਹ ਦੁਲੱਤੀ ਮਾਰਦਾ ਹੈ। ਇਕ ਵਾਰੀ ਇਕ ਅਨਜਾਣ ਲਾੜਾ, ਸੋਹਣੀ ਘੋੜੀ ਤੋਂ ਉਤਰ ਕੇ ਸਿਹਰਾ ਆਦਿ ਠੀਕ ਕਰਨ ਵਾਸਤੇ, ਪਿੱਛੇ ਖਲੋ ਗਿਆ ਅਤੇ ਘੋੜੀ ਨੇ ਆਪਣਾ ਕੰਮ ਕਰ ਦਿਤਾ। ਚਾਰ ਬੰਦਿਆਂ ਨੇ ਚੁੱਕ ਕੇ ਉਸਦੇ ਫੇਰੇ ਕਰਵਾਏ ਅਤੇ ਉਸ ਦੀ ਡੋਲੀ ਐਂਬੂਲੈਂਸ ਵਿਚ ਆਈ ਸੀ।

ਕਈ ਵਾਰੀ ਲਾੜੇ ਨਾਲੋਂ ਉਸ ਦਾ ਘੋੜਾ ਵਧੇਰੇ ਸੋਹਣਾ ਹੁੰਦਾ ਹੈ, ਜਿਸ ਆਧਾਰ 'ਤੇ ਲਾੜੇ ਦੀਆਂ ਸਿੱਠਣੀਆਂ ਬਣ ਜਾਂਦੀਆਂ ਹਨ।

ਘੋੜੇ ਦੀ ਉਮਰ, ਸਿਹਤ ਅਤੇ ਮੁੱਲ ਉਸ ਦੇ ਦੰਦਾਂ ਤੋਂ ਪਤਾ ਲੱਗਦਾ ਹੈ, ਜਿਹੜੇ ਘੱਸਦੇ ਅਤੇ ਵੱਧਦੇ ਰਹਿੰਦੇ ਹਨ।

ਵਨਸਪਤੀ, ਜਵੀ ਅਤੇ ਕਾਲੇ-ਛੋਲੇ ਘੋੜਿਆਂ ਦੀ ਮਨਪਸੰਦ ਖੁਰਾਕ ਹਨ।

ਮਿਹਦਾ ਛੋਟਾ ਹੋਣ ਕਰਕੇ ਘੋੜਾ ਸਾਰਾ ਦਿਨ ਖਾਂਦਾ ਰਹਿੰਦਾ ਹੈ।

ਘੋੜਾ ਉਲਟੀ ਨਹੀਂ ਕਰ ਸਕਦਾ, ਸੋ ਕਈ ਘੋੜੇ ਜ਼ਹਿਰੀਲੇ ਬੂਟੇ ਖਾਣ ਕਾਰਨ ਮਰਦੇ ਹਨ। ਖੁਰਾਕ ਦੇ ਪਖੋਂ ਘੋੜੇ ਦਾ ਬੜਾ ਧਿਆਨ ਰਖਣਾ ਪੈਂਦਾ ਹੈ।

ਇਸ ਦਾ ਜਣੇਪਾ ਗਿਆਰ੍ਹਾਂ ਮਹੀਨੇ ਦਾ ਹੁੰਦਾ ਹੈ। ਜਨਮ ਲੈਂਦਿਆਂ ਹੀ ਇਹ ਖਲੋ ਜਾਂਦਾ ਹੈ, ਨਹੀਂ ਤਾਂ ਮਾਂ ਜ਼ੋਰ ਦੀ ਠੁੱਡਾ ਮਾਰ ਕੇ ਖੜ੍ਹਾ ਕਰ ਦਿੰਦੀ ਹੈ। ਇਹ ਪੰਜ ਸਾਲਾਂ ਵਿਚ ਪੂਰਾ ਜਵਾਨ ਅਤੇ ਹਰੇਕ ਕਾਰਜ ਲਈ ਤਿਆਰ ਹੋ ਜਾਂਦਾ ਹੈ। ਇਹ ਪੰਝੀ-ਤੀਹ ਸਾਲ ਜਿਉਂਦਾ ਹੈ।

ਇਸ ਦੇ ਸਰੀਰ ਦੀ ਹਰ ਚੀਜ਼ ਕੰਮ ਆਉਂਦੀ ਹੈ।

ਤੰਦਰਸੁਤ ਘੋੜਾ ਅਕਸਰ ਬੈਠਦਾ ਨਹੀਂ, ਇਕੱਲਿਆਂ ਇਹ ਚੌਕੰਨਾ ਹੋ ਕੇ ਸੌਂਦਾ ਹੈ। ਇਹ ਇੱਜੜੀ ਪਸ਼ੂ ਹੈ, ਝੁੰਡ ਵਿਚ ਰਹਿਣਾ ਪਸੰਦ ਕਰਦਾ ਹੈ।

ਇੱਜੜ ਵਿਚ ਘੋੜੇ ਟੋਲੀਆਂ ਬਣਾ ਕੇ ਆਪਸ ਵਿਚ ਖੇਡਦੇ ਹਨ।

ਸਭ ਤੋਂ ਲੰਮੀਆਂ ਅੱਖਾਂ ਘੋੜਿਆਂ ਦੀਆਂ ਹੁੰਦੀਆਂ ਹਨ। ਇਹ ਇਕੋ ਵੇਲੇ ਸਭ ਪਾਸੇ ਵੇਖ ਸਕਣ ਕਰਕੇ, ਸ਼ਿਕਾਰੀਆਂ ਦਾ ਸਾਥੀ ਬਣਿਆ ਹੈ। ਨੱਕ ਵਰਤ ਕੇ ਇਹ ਖਾਣ ਅਤੇ ਨਾ-ਖਾਣ ਵਾਲੀਆਂ ਚੀਜ਼ਾਂ ਨਿਖੇੜ ਲੈਂਦਾ ਹੈ। ਸੰਕਟ ਵਾਲੀ ਸਥਿਤੀ ਵਿਚ ਦੌੜਨ ਜਾਂ ਲੜਨ ਦਾ ਇਹ ਝੱਟ ਫੈਸਲਾ ਕਰ ਲੈਂਦਾ ਹੈ।

ਇਹ ਇਕ-ਇਕ, ਦੋ-ਦੋ ਅਤੇ ਚਾਰੇ ਲੱਤਾਂ ਨਾਲ, ਪੰਦਰ੍ਹਾਂ ਤੋਂ ਅੱਸੀ ਕਿਲੋਮੀਟਰ ਦੀ ਰਫ਼ਤਾਰ ਨਾਲ ਦੌੜ ਸਕਦਾ ਹੈ।

ਮੁੱਖ ਤੌਰ ਤੇ ਇਹ ਅਖਰੋਟੀ, ਕਾਲੇ ਅਤੇ ਚਿੱਟੇ ਰੰਗ ਦਾ ਹੁੰਦਾ ਹੈ।

ਉਮਰ ਦੇ ਵੱਧਣ ਨਾਲ ਇਸ ਦਾ ਰੰਗ ਬਦਲਦਾ ਹੈ।

ਜੇ ਮਾਲਕ ਧਿਆਨ ਨਾ ਦੇਵੇ ਤਾਂ ਇਹ ਲੜਾਕਾ ਹੋ ਜਾਂਦਾ ਹੈ।

ਘੋੜੇ ਅਕਸਰ ਅਥਰ੍ਹੇ ਪਰ ਘੋੜੀਆਂ ਸੁਸ਼ੀਲ ਹੁੰਦੀਆਂ ਹਨ। ਇਸ ਕਾਰਨ ਕਈ ਸਮਾਜਾਂ ਵਿਚ ਘੋੜਾ ਅਤੇ ਕਈਆਂ ਵਿਚ ਘੋੜੀ ਵਧੇਰੇ ਵਰਤੀ ਜਾਂਦੀ ਹੈ।

ਲਗਾਮ ਰਾਹੀਂ ਘੋੜਾ ਮਾਲਕ ਦੀ ਮਨਸ਼ਾ ਸਮਝਦਾ ਹੈ ਅਤੇ ਲਗਾਮ ਰਾਹੀਂ ਮਾਲਕ ਦਾ ਹੌਸਲਾ ਜਾਂ ਝਿੱਜਕ, ਘੋੜੇ ਦੀ ਝਿੱਜਕ ਜਾਂ ਹੌਸਲਾ ਬਣ ਜਾਂਦਾ ਹੈ।

ਘੋੜਾ ਅਨਾੜੀ ਸਵਾਰ ਨੂੰ ਪਸੰਦ ਨਹੀਂ ਕਰਦਾ, ਕਿਉਂਕਿ ਅਨਾੜੀ ਸਵਾਰ ਹਰ ਮੋੜ 'ਤੇ ਲਗਾਮਾਂ ਖਿੱਚ-ਖਿੱਚ ਕੇ ਘੋੜੇ ਨੂੰ ਖੱਚਰ ਬਣਾ ਦਿੰਦਾ ਹੈ।

ਮਾਹਿਰ ਘੋੜ-ਸਵਾਰ ਦੀ ਮਨਸ਼ਾ ਨੂੰ, ਘੋੜਾ ਇਤਨੀ ਚੰਗੀ ਤਰ੍ਹਾਂ ਸਮਝਦਾ ਹੈ ਕਿ ਘੋੜਾ ਅੰਤਰਜਾਮੀ ਪ੍ਰਤੀਤ ਹੁੰਦਾ ਹੈ, ਇਸੇ ਲਈ ਬਹਾਦਰ ਇਸ ਨੂੰ ਆਪਣਾ ਸਾਥੀ ਬਣਾਉਂਦੇ ਹਨ।

ਕਹਿਣ ਵਾਲੇ ਕਹਿੰਦੇ ਹਨ ਕਿ ਪੁਰਾਣੇ ਵੇਲਿਆਂ ਵਿਚ ਘੋੜੇ ਦੀ ਸਵਾਰੀ ਨਾਲ ਕੋਈ ਬਹਾਦਰ ਨਹੀਂ ਸੀ ਬਣਦਾ, ਉਦੋਂ ਇਸ ਦੀ ਸਵਾਰੀ ਕਰਦੇ ਹੀ ਬਹਾਦਰ ਸਨ।

ਲਗਭਗ ਪੰਜਾਹ ਸਾਲ ਪਹਿਲਾਂ ਤੱਕ ਘੋੜੇ ਹਰੇਕ ਜਲੂਸ ਦਾ ਭਾਗ ਹੁੰਦੇ ਸਨ।

ਅਜੋਕੇ ਯੁੱਗ ਦੀਆਂ ਕਾਰਾਂ ਨੇ ਘੋੜਿਆਂ ਦੀ ਕਦਰ ਘਟਾਈ ਹੈ।

ਘੋੜੇ ਦੇ ਸਭਿਆਚਾਰਕ ਮਹੱਤਵ ਤੋਂ ਹਰ ਕੋਈ ਜਾਣੂ ਹੈ।

ਜਦੋਂ ਮੈਂ ਪੜ੍ਹਦਾ ਸਾਂ ਤਾਂ ਮੇਰੇ ਇਕ ਜਮਾਤੀ ਨੇ ਛੁੱਟੀਆਂ ਦੌਰਾਨ ਮੈਨੂੰ ਆਪਣੇ ਪਿੰਡ ਬੁਲਾਇਆ। ਜਦੋਂ ਮੈਂ ਸਟੇਸ਼ਨ 'ਤੇ ਉਤਰਿਆ ਤਾਂ ਉਸ ਦਾ ਨੌਕਰ, ਸਜੀ ਹੋਈ ਘੋੜੀ ਲੈ ਕੇ ਖਲੋਤਾ ਸੀ। ਭਾਵੇਂ ਨੇੜੇ ਹੀ ਜਾਣਾ ਸੀ ਪਰ ਨੌਕਰ ਮੈਨੂੰ ਘੋੜੀ 'ਤੇ ਬੈਠ ਕੇ ਜਾਣ ਲਈ ਕਹਿ ਰਿਹਾ ਸੀ। ਜਦੋਂ ਮੈਂ ਆਪਣੇ ਜਮਾਤੀ ਨੂੰ ਘੋੜੀ ਭੇਜਣ ਦਾ ਸਬੱਬ ਪੁੱਛਿਆ ਤਾਂ ਉਸ ਨੇ ਦੱਸਿਆ: ਤੂੰ ਪੇਂਡੂ ਸਮਾਜ ਨੂੰ ਨਹੀਂ ਸਮਝਦਾ, ਇਸ ਲਈ ਤੈਨੂੰ ਹੈਰਾਨੀ ਹੋ ਰਹੀ ਹੈ। ਹੁਣ ਸਾਰੇ ਪਿੰਡ ਨੂੰ ਪਤਾ ਲੱਗ ਗਿਆ ਹੈ ਕਿ ਤੂੰ ਮੇਰਾ ਵਿਸ਼ੇਸ਼ ਮਹਿਮਾਨ ਹੈਂ, ਹੁਣ ਤੂੰ ਮੇਰਾ ਹੀ ਨਹੀਂ, ਸਾਰੇ ਪਿੰਡ ਦਾ ਵੀ ਮਹਿਮਾਨ ਹੈਂ। ਹੁਣ ਹਰ ਕੋਈ ਤੈਨੂੰ ਆਪਣਾ ਵੀ ਮਹਿਮਾਨ ਸਮਝੇਗਾ।

ਘੋੜ-ਦੌੜਾਂ ਵਾਲੇ ਘੋੜਿਆਂ ਦੀਆਂ ਜਨਮਪੱਤਰੀਆਂ ਅਤੇ ਜੀਵਨੀਆਂ ਛੱਪਦੀਆਂ ਹਨ, ਜਿਨ੍ਹਾਂ ਨੂੰ ਪੜ੍ਹ ਕੇ ਲੋਕ, ਉਨ੍ਹਾਂ 'ਤੇ ਸ਼ਰਤਾਂ ਲਾਉਂਦੇ ਹਨ ਅਤੇ ਹਰ ਕਿਸੇ ਨੂੰ ਵਿਸ਼ਵਾਸ ਹੁੰਦਾ ਹੈ ਕਿ ਉਸ ਵਾਲਾ ਘੋੜਾ ਹੀ ਅੱਵਲ ਆਵੇਗਾ।

ਆਪ ਬਹਾਦਰ ਹੋਣ ਕਰਕੇ ਹੀ ਘੋੜਾ ਬਹਾਦਰਾਂ ਦੀ ਸਵਾਰੀ ਹੈ।

ਹੁਣ ਘੋੜੇ ਨਹੀਂ ਰਹੇ, ਇਸ ਲਈ ਬਹਾਦਰ ਵੀ ਨਹੀਂ ਰਹੇ।

ਜਿਧਰ ਗਈਆਂ ਘੋੜੇ-ਘੋੜੀਆਂ, ਉਧਰ ਗਈਆਂ ਦਲੇਰੀਆਂ-ਬਹਾਦਰੀਆਂ।

+ + +

ਨਵੀਂ ਜਾਤ-ਪਾਤ

ਭਾਰਤ ਬਦਲ ਰਿਹਾ ਹੈ। ਹੁਣ ਉੱਚੀਆਂ ਜਾਤਾਂ, ਨੀਵੀਆਂ ਅਤੇ ਪੱਛੜੀਆਂ ਜਾਤੀਆਂ, ਸ਼੍ਰੇਣੀਆਂ ਅਖਵਾਉਣ ਲਈ ਅੰਦੋਲਨ ਕਰ ਰਹੀਆਂ ਹਨ।

ਸਾਡੇ ਦੇਸ਼ ਵਿਚ ਕਨੂੰਨ ਦੀ ਹਕੂਮਤ ਨਹੀਂ ਰਹੀ, ਜਾਤ-ਪਾਤ ਦਾ ਰਾਜ ਰਿਹਾ ਹੈ। ਹੁਣ ਵੀ ਅਸੀਂ ਕਨੂੰਨ ਪ੍ਰਤੀ ਗੰਭੀਰ ਨਹੀਂ, ਧਰਮ ਦੇ ਕਰਮਕਾਂਡ ਪ੍ਰਤੀ ਹੀ ਸੁਹਿਰਦ ਹਾਂ। ਭਾਰਤ ਵਿਚ ਰੱਬ ਨਾਲੋਂ ਧਰਮ ਅਤੇ ਮਨੁੱਖ ਨਾਲੋਂ ਜਾਤ ਦਾ ਮਹੱਤਵ ਵਧੇਰੇ ਹੈ। ਇਹ ਮਹੱਤਵ ਵੰਡੀਆਂ ਪਾਉਣ ਅਤੇ ਵਿਰੋਧ ਉਪਜਾਉਣ ਲਈ ਹੈ।

ਜਾਤ-ਪਾਤ ਸਮਾਜ ਨੂੰ ਵੰਡਣ ਅਤੇ ਵਿਦਰੋਹ ਦੀ ਭਾਵਨਾ ਖ਼ਤਮ ਕਰਨ ਦੀ ਵਿਧੀ ਰਹੀ ਹੈ, ਇਵੇਂ ਜਾਤ-ਪਾਤ, ਬਰਾਬਰੀ ਅਤੇ ਏਕੇ ਦੀ ਦੁਸ਼ਮਣ ਹੈ।

ਭਾਰਤ ਦੇ ਸਾਰੇ ਧਰਮ ਅਤੇ ਸਾਰੀਆਂ ਜਾਤਾਂ ਇਕ-ਦੂਜੀ ਨੂੰ ਪਰੇ ਧਕੇਲਦੀਆਂ ਹਨ। ਉਦਾਹਰਣ ਵਜੋਂ ਪਿਛਲੇ ਲਗਭਗ ਇਕ ਹਜ਼ਾਰ ਸਾਲ ਦੌਰਾਨ ਹਿੰਦੂ ਧਰਮ ਅਤੇ ਇਸਲਾਮ ਨੇ ਇਕ ਦੂਜੇ ਦਾ ਕੁਝ ਨਹੀਂ ਅਪਨਾਇਆ, ਕੇਵਲ ਵਿਰੋਧ ਅਤੇ ਦੂਰੀ ਹੀ ਉਪਜਾਈ ਹੈ।

ਇਵੇਂ ਹੀ ਪਿਛਲੇ ਪੰਜ ਹਜ਼ਾਰ ਸਾਲ ਦੌਰਾਨ ਕੋਈ ਸ਼ੂਦਰ, ਬ੍ਰਾਹਮਣ ਨਹੀਂ ਬਣਿਆ ਅਤੇ ਕਿਸੇ ਬ੍ਰਾਹਮਣ ਨੇ ਕਿਸੇ ਹੋਰ ਜਾਤ ਦੀ ਪ੍ਰਸ਼ੰਸਾ ਨਹੀਂ ਕੀਤੀ।

ਜਾਤ-ਪਾਤ ਵਾਸਤਵ ਵਿਚ ਆਰੀਆਂ ਨੇ ਭਾਰਤ ਦੇ ਮੂਲਵਾਸੀਆਂ ਨਾਲੋਂ ਆਪਣਾ ਵੱਖਰੇਵਾਂ ਸਥਾਪਤ ਕਰਨ ਲਈ ਲਾਗੂ ਕੀਤੀ ਸੀ।

ਆਰੀਆਂ ਨੇ ਭਾਰਤ ਦੇ ਮੂਲਵਾਸੀਆਂ ਨੂੰ ਆਪਣੀ ਕਿਸੇ ਜਾਤ ਵਿਚ ਨਹੀਂ ਸੀ ਗਿਣਿਆ। ਆਰੀਆਂ ਲਈ ਭਾਰਤ ਦੇ ਮੂਲਵਾਸੀ, ਉਨ੍ਹਾਂ ਦੇ ਸ਼ੂਦਰਾਂ ਨਾਲੋਂ ਵੀ ਨੀਵੇਂ ਸਨ, ਇਨ੍ਹਾਂ ਨੂੰ ਚੰਡਾਲ ਜਾਂ ਮਲੇਛ ਕਿਹਾ ਜਾਂਦਾ ਸੀ।

ਜਾਤ-ਪਾਤ ਕੇਵਲ ਭਾਰਤੀ ਵਰਤਾਰਾ ਨਹੀਂ। ਸੰਸਾਰ ਵਿਚ ਜਿਥੇ ਵੀ ਉਪਜੀਵਕਾ ਦਾ ਸਾਧਨ ਖੇਤੀਬਾੜੀ ਅਤੇ ਸਮਾਜ ਪਿੰਡ-ਕੇਂਦਰਿਤ ਹੈ, ਉੱਥੇ ਕਿਸੇ ਨਾ ਕਿਸੇ ਪ੍ਰਕਾਰ ਦੀ ਜਾਤ-ਪਾਤ ਹੈ। ਹਰ ਦੇਸ਼ ਦੀ ਜਾਤ-ਪਾਤ, ਉਥੋਂ ਦੇ ਪ੍ਰਕਿਰਤਿਕ, ਸਮਾਜਿਕ, ਇਤਿਹਾਸਕ ਕਾਰਨਾਂ ਕਰਕੇ ਵੱਖਰੀ ਭਾਂਤ ਦੀ ਹੈ।

ਸਮਾਜ ਦਾ ਮੂਲ ਸੁਭਾਓ ਸਭ ਥਾਂਈਂ ਜਾਤਪਾਤੀ ਹੈ।

ਜਾਤ-ਪਾਤ ਨੇ ਮੁੱਢ ਵਿਚ ਉਸਾਰੂ ਭੂਮਿਕਾ ਨਿਭਾਈ ਸੀ ਕਿਉਂਕਿ ਇਸ ਦਾ ਆਧਾਰ ਵਿਅਕਤੀ ਦੀ ਯੋਗਤਾ ਅਨੁਸਾਰ ਕੰਮ ਦੀ ਵੰਡ ਸੀ, ਵਕਤ ਦੇ ਬੀਤਣ ਨਾਲ ਪਹਿਲਾਂ ਇਹ ਕਿੱਤੇ ਨਾਲ ਜੋੜੀ ਗਈ ਅਤੇ ਮਗਰੋਂ ਇਹ ਜਨਮ-ਅਧਾਰਿਤ ਹੋ ਗਈ।

ਇਵੇਂ ਜੋ ਪਿਤਾ-ਪੁਰਖੀ ਵਿਸ਼ੇਸ਼ੱਗਤਾ ਸੀ, ਉਹ ਬੰਧਨ ਹੋ ਨਿਬੜੀ ਅਤੇ ਸਭ ਤੋਂ ਨੀਵੀਂ ਜਾਤ ਲਈ ਇਹ ਬੰਧਨ ਦੇ ਨਾਲ ਸਰਾਪ ਵੀ ਹੋ ਗਈ।

ਪ੍ਰਣਾਲੀ ਕੋਈ ਹੋਵੇ, ਜਿਉਂ-ਜਿਉਂ ਇਹ ਸਖ਼ਤ ਹੋ ਕੇ ਵਿਗੜਦੀ ਜਾਂਦੀ ਹੈ, ਤਿਉਂ-ਤਿਉਂ ਇਸ ਦੇ ਔਗੁਣ ਮਜ਼ਬੂਤ ਹੁੰਦੇ ਜਾਂਦੇ ਹਨ।

ਜਦੋਂ ਕੋਈ ਲਾਭਕਾਰੀ ਵਰਤਾਰਾ ਵੇਲਾ ਵਿਹਾ ਚੁੱਕਦਾ ਹੈ ਤਾਂ ਉਹ ਸ਼ੋਸ਼ਣ ਦਾ ਸੰਦ ਬਣ ਜਾਂਦਾ ਹੈ। ਵਕਤ ਦੇ ਬੀਤਣ ਨਾਲ ਵੱਖ-ਵੱਖ ਕਿੱਤੇ ਹੀ ਜਾਤਾਂ ਬਣ ਗਏ ਅਤੇ ਹਰੇਕ ਜਾਤ ਆਪਣੇ ਆਪ ਵਿਚ ਸੁੰਗੜ ਕੇ ਬੰਦ ਹੋ ਗਈ।

ਹਰੇਕ ਜਾਤ ਦਾ ਭੋਜਨ, ਲਿਬਾਸ, ਰੰਗ, ਧਾਤ, ਗਹਿਣੇ ਅਤੇ ਉਸ ਜਾਤ ਦੀ ਬ੍ਰਾਹਮਣ ਤੋਂ ਦੂਰੀ ਨਿਰਧਾਰਤ ਹੋ ਗਈ।

ਹਰੇਕ ਜਾਤ ਆਪਣਿਆਂ ਨੂੰ ਹੋਰਾਂ ਵਿਚ ਰੱਲਣ ਤੋਂ ਰੋਕਦੀ ਹੈ, ਕਿਸੇ ਹੋਰ ਦਾ ਬਣਾਇਆ ਭੋਜਨ ਖਾਣ ਤੋਂ ਵਰਜਦੀ ਹੈ, ਕਿਸੇ ਹੋਰ ਜਾਤ ਵਿਚ ਵਿਆਹ ਕਰਨ ਤੋਂ ਮਨ੍ਹਾ ਕਰਦੀ ਹੈ। ਇਵੇਂ ਜੁਲਾਹੇ ਦੇ ਪੁੱਤਰ ਦੇ ਅਰਥ ਜੁਲਾਹਾ ਹੋ ਗਏ ਅਤੇ ਲੋਹਾਰ ਦੀ ਪਤਨੀ ਲੋਹਾਰਨ ਹੋ ਗਈ।

ਜਾਤ-ਪਾਤ ਪ੍ਰਣਾਲੀ ਦੀ ਸਿਖ਼ਰ 'ਤੇ ਬੈਠੇ ਬ੍ਰਾਹਮਣਾਂ ਨੇ ਜਾਤ-ਪਾਤ ਨੂੰ ਸਖ਼ਤਾਈ ਨਾਲ ਲਾਗੂ ਕੀਤਾ ਅਤੇ ਕਿਸੇ ਨੂੰ ਆਪਣੀ ਜਾਤ ਵਿਚੋਂ ਬਾਹਰ ਨਿਕਲਣ ਦਾ ਖਿਆਲ ਹੀ ਨਾ ਆਉਣ ਦਿੱਤਾ।

ਭਾਰਤੀ ਸਮਾਜ ਚਾਰ ਮੁੱਖ ਜਾਤਾਂ ਨੂੰ ਪਛਾਣਦਾ ਹੈ ਪਰ ਹਰੇਕ ਜਾਤ ਦੀਆਂ ਸੈਂਕੜੇ ਉਪਜਾਤਾਂ ਅਤੇ ਹਰੇਕ ਜਾਤ ਦੀਆਂ ਹਜ਼ਾਰਾਂ ਗੋਤਾਂ ਹਨ, ਇਵੇਂ ਹਰ ਜਾਤ ਦੇ ਲੋਕ ਆਪਣਿਆਂ ਨੂੰ ਜਾਤ ਨਹੀਂ, ਗੋਤ ਦੇ ਆਧਾਰ 'ਤੇ ਜਾਣਦੇ ਹਨ। ਜਿਵੇਂ ਵਿਆਹ ਆਪਣੀ ਜਾਤ ਵਿਚ ਹੋਵੇਗਾ ਪਰ ਹੋਵੇਗਾ ਵੱਖਰੀ ਗੋਤ ਵਿਚ।

ਜਾਤ-ਪਾਤ ਦਾ ਸੰਕਲਪ ਮਨੁੱਖ ਨੇ ਕੁਦਰਤ ਵਿਚਲੀ ਦਰਜੇਬੰਦੀ ਤੋਂ ਲਿਆ ਹੈ। ਕੁਦਰਤ ਵਿਚ ਕਈ ਜੀਵ ਬਹੁਤ ਸ਼ਕਤੀਸ਼ਾਲੀ, ਕਈ ਵੱਡੇ, ਕਈ ਛੋਟੇ ਅਤੇ ਕਈ ਕਮਜ਼ੋਰ ਹਨ। ਸੂਰਜ, ਗ੍ਰਹਿ, ਚੰਦ, ਤਾਰੇ ਆਦਿ ਵੀ ਛੋਟੇ-ਵੱਡੇ ਹਨ। ਵਨਸਪਤੀ ਵਿਚ ਵੀ ਦਰਜੇਬੰਦੀ ਹੈ। ਹੱਥ ਦੀਆਂ ਉਂਗਲਾਂ ਵਾਂਗ ਪਰਿਵਾਰ ਦੇ ਜੀਆਂ ਵਿਚ ਵੀ ਦਰਜੇਬੰਦੀ ਹੁੰਦੀ ਹੈ। ਜੇ ਘਰ ਵਿਚ ਤਿੰਨ ਨੂੰਹਾਂ ਹੋਣ ਤਾਂ ਉਨ੍ਹਾਂ ਵਿਚ ਵੀ ਦਰਜੇਬੰਦੀ ਹੁੰਦੀ ਹੈ। ਪੁਲੀਸ, ਫੌਜ, ਪ੍ਰਸ਼ਾਸਨ, ਸਕੂਲਾਂ, ਕਾਲਜਾਂ, ਹਸਪਤਾਲਾਂ, ਖੇਡਾਂ ਆਦਿ ਹਰੇਕ ਵਰਤਾਰੇ ਅਤੇ ਖੇਤਰ ਵਿਚ ਵਿਆਪਕ ਦਰਜੇਬੰਦੀ ਹੈ।

ਜਾਤ-ਪਾਤ ਵੀ ਇਕ ਪ੍ਰਕਾਰ ਦੀ ਸਮਾਜਿਕ ਦਰਜੇਬੰਦੀ ਹੈ।

ਦਰਜੇਬੰਦੀ ਦਾ ਅਰਥ ਹੈ ਵੱਡੇ ਦਾ ਛੋਟੇ ਨਾਲ ਰਿਸ਼ਤਾ, ਤਾਕਤਵਰ ਦਾ ਬਲਹੀਣ ਨਾਲ ਸੰਬੰਧ। ਇਵੇਂ ਦਰਜੇਬੰਦੀ ਨਾ-ਬਰਾਬਰੀ 'ਤੇ ਉਸਰੀ ਹੁੰਦੀ ਹੈ, ਜਿਹੜੀ ਅਗੋਂ ਨਾ-ਬਰਾਬਰੀ ਨੂੰ ਦ੍ਰਿੜ ਕਰਵਾਉਂਦੀ ਹੈ। ਜਾਤਪਾਤੀ ਦਰਜੇਬੰਦੀ ਦਾ ਔਗੁਣ ਇਹ ਹੈ ਕਿ ਇਸ ਦਾ ਆਧਾਰ ਨਾ ਕੱਦ, ਨਾ ਰੰਗ, ਨਾ ਰੂਪ, ਨਾ ਯੋਗਤਾ, ਨਾ ਸਮਰੱਥਾ ਹੈ, ਇਸ ਦਾ ਆਧਾਰ ਕੇਵਲ ਅਤੇ ਕੇਵਲ ਜਨਮ ਹੈ।

ਬਾਕੀ ਆਰਥਿਕ-ਸਮਾਜਿਕ ਜਥੇਬੰਦੀਆਂ ਖੁੱਲ੍ਹੇ ਸੁਭਾਓ ਵਾਲੀਆਂ ਹੁੰਦੀਆਂ ਹਨ, ਜਦੋਂ ਕਿ ਜਾਤ-ਪਾਤ ਬੰਦ ਦਰਜੇਬੰਦੀ ਹੈ।

ਜੋ ਸ਼ੂਦਰ ਹੈ, ਉਸ ਦੀਆਂ ਅਗਲੇਰੀਆਂ ਪੀੜ੍ਹੀਆਂ ਵੀ ਸ਼ੂਦਰ ਹੋਣਗੀਆਂ। ਇਵੇਂ ਸ਼ੂਦਰ ਦਾ ਜਨਮ ਹੀ ਉਸ ਦਾ ਸਰਾਪ ਹੈ। ਜੋ ਬ੍ਰਾਹਮਣ ਦੇ ਘਰ ਜਨਮਿਆ ਹੈ, ਉਹ ਅਤੇ ਉਸਦੀਆਂ ਅਗਲੇਰੀਆਂ ਪੀੜ੍ਹੀਆਂ ਵੀ ਬ੍ਰਾਹਮਣ ਹੀ ਹੋਣਗੀਆਂ।

ਇਵੇਂ ਬ੍ਰਾਹਮਣ ਦਾ ਜਨਮ ਹੀ ਉਸ ਲਈ ਵਰਦਾਨ ਹੈ।

ਬਾਲਮੀਕ ਨੇ ਰਾਮਾਇਣ ਲਿਖੀ, ਰਾਮਾਇਣ ਨੂੰ ਬ੍ਰਾਹਮਣਾਂ ਨੇ ਵੀ ਪੂਜਿਆ ਪਰ ਰਾਮਾਇਣ ਲਿਖਣ ਵਾਲਾ, ਬਾਲਮੀਕ ਸ਼ੂਦਰ ਹੀ ਰਿਹਾ।

ਰੋਮਨ ਸਭਿਅਤਾ ਵਿਚ ਕੋਈ ਗੁਲਾਮ ਜਦੋਂ ਆਪਣੀ ਬਹਾਦਰੀ, ਯੋਗਤਾ, ਸਮਰੱਥਾ ਜਾਂ ਨਿਪੁੰਨਤਾ ਦਾ ਪ੍ਰਮਾਣ ਦਿੰਦਾ ਸੀ ਤਾਂ ਸਨਮਾਨ ਵਜੋਂ, ਉਸ ਦਾ ਗੁਲਾਮ ਦਾ ਦਰਜਾ ਖ਼ਤਮ ਕਰਕੇ ਉਸ ਨੂੰ ਰੋਮਨ ਨਾਗਰਿਕ ਬਣਾ ਦਿੱਤਾ ਜਾਂਦਾ ਸੀ।

ਇਵੇਂ ਰੋਮਨ ਸਲਤਨਤ ਵਿਚਲੇ ਗੁਲਾਮਾਂ ਵਿਚ ਆਪਣੀ ਯੋਗਤਾ ਸੁਧਾਰਨ, ਆਪਣੀ ਕਾਰਜ-ਕੁਸ਼ਲਤਾ ਵਧਾਉਣ ਦੇ ਪੱਖੋਂ ਮੁਕਾਬਲਾ ਚੱਲਦਾ ਰਹਿੰਦਾ ਸੀ, ਜਿਸ ਨਾਲ ਸਮੁੱਚੀ ਰੋਮਨ ਸਲਤਨਤ ਸ਼ਕਤੀਸ਼ਾਲੀ ਬਣੀ।

ਕਈ ਦੇਸ਼ਾਂ ਵਲੋਂ ਸਨਮਾਨ ਵਜੋਂ, ਵਿਦੇਸ਼ੀਆਂ ਨੂੰ ਆਪਣਾ ਨਾਗਰਿਕ ਬਣਾਉਣ ਦੀ ਪ੍ਰਥਾ ਅੱਜ ਵੀ ਜਾਰੀ ਹੈ।

ਭਾਰਤੀ ਜਾਤ-ਪਾਤ ਪ੍ਰਣਾਲੀ ਵਿਚ ਕਿਸੇ ਪ੍ਰਕਾਰ ਦੀ ਲਚਕ ਨਹੀਂ ਹੈ।

ਹਿੰਦੂ ਧਰਮ ਇਕ ਬੰਦ ਧਰਮ ਹੈ। ਹਿੰਦੂ ਦੀ ਸੰਤਾਨ ਹੀ ਹਿੰਦੂ ਹੋ ਸਕਦੀ ਹੈ, ਕੋਈ ਨਵਾਂ ਵਿਅਕਤੀ ਹਿੰਦੂ ਨਹੀਂ ਬਣ ਸਕਦਾ।

ਹਿੰਦੂ ਧਰਮ ਵਿਚੋਂ ਨਿਕਲਿਆ ਜਾ ਸਕਦਾ ਹੈ, ਹਿੰਦੂ ਧਰਮ ਵਿਚ ਪ੍ਰਵੇਸ਼ ਨਹੀਂ ਕੀਤਾ ਜਾ ਸਕਦਾ। ਇਸ ਸਖ਼ਤਾਈ ਵਾਲੀ ਜਾਤ-ਪਾਤ ਪ੍ਰਣਾਲੀ ਕਾਰਨ ਭਾਰਤ ਸ਼ਿਥਲ ਹੋ ਗਿਆ ਅਤੇ ਇਸ ਦਾ ਵਿਕਾਸ ਰੁਕ ਗਿਆ ਅਤੇ ਜੋ ਬਾਹਰੋਂ ਆਇਆ ਉਹ ਹਿੰਦੂ ਨਹੀਂ ਬਣਿਆ, ਉਹ ਹਿੰਦੂਆਂ ਵਾਲੇ ਭਾਰਤ ਤੇ ਕਾਬਜ਼ ਹੋ ਬੈਠਾ।

ਜਾਤ-ਪਾਤ ਕਾਰਨ ਭਾਰਤ ਵਿਚ ਏਕਤਾ ਕਦੇ ਨਹੀਂ ਹੋਈ ਕਿਉਂਕਿ ਹਰ ਕੋਈ ਆਪਣੇ ਆਪ ਨੂੰ ਸ਼ੁੱਧ ਰੱਖਣ ਬਾਰੇ ਹੀ ਸੋਚਦਾ ਰਿਹਾ।

ਵਿਦੇਸ਼ੀ ਹਮਲਾਵਰ ਹਿੰਦੂਆਂ ਦੇ ਖੂਹਾਂ ਵਿਚ ਮਰੇ ਜਾਨਵਰ ਸੁੱਟ ਦਿੰਦੇ ਸਨ ਅਤੇ ਸਾਰਾ ਪਿੰਡ ਪਿਆਸਾ ਮਰ ਜਾਂਦਾ ਸੀ।

ਜਾਤ-ਪਾਤ ਪ੍ਰਣਾਲੀ ਕਾਰਨ ਹੀ ਸਾਡੇ ਦੇਸ਼ ਵਿਚ ਹੱਥ ਮਿਲਾਉਣ ਦੀ ਪ੍ਰਥਾ ਨਹੀਂ। ਜਾਤ-ਪਾਤ ਕਾਰਨ ਹਿੰਦੂ ਧਰਮ ਵਿਚ ਲੰਗਰ ਦੀ ਪ੍ਰਥਾ ਜਾਂ ਕੋਈ ਸਾਂਝੀ ਸੰਸਥਾ ਸਥਾਪਤ ਹੋਣ ਦੀ ਕੋਈ ਸੰਭਾਵਨਾ ਨਹੀਂ ਉਪਜ ਸਕਦੀ ਸੀ।

ਇਨ੍ਹਾਂ ਕਾਰਨਾਂ ਕਰਕੇ ਭਾਰਤ ਸੁੰਗੜਦਾ ਗਿਆ, ਸੁੰਗੜਨ ਕਾਰਨ ਇਹ ਸੰਕੀਰਣ ਹੋ ਗਿਆ। ਸੰਕੀਰਣਤਾ ਕਾਰਨ, ਮਾਨਸਿਕ ਪੱਖੋਂ ਇਹ ਕੇਵਲ ਪਰੰਪਰਾ ਪਾਲਣ ਜੋਗਾ ਰਹਿ ਗਿਆ।

ਜਾਤ-ਪਾਤ ਪ੍ਰਣਾਲੀ ਦੇ ਸਿਖ਼ਰ 'ਤੇ ਬ੍ਰਾਹਮਣ ਬੈਠਾ ਹੋਇਆ ਹੈ।

ਬ੍ਰਾਹਮਣ ਕੋਲ ਅੱਗੇ ਹੋ ਕੇ ਖ਼ਤਰੇ ਦੇ ਸਾਹਮਣੇ ਹੋਣ ਦੀ ਦਲੇਰੀ ਨਹੀਂ, ਸੁਰੱਖਿਅਤ ਸਿਖ਼ਰ 'ਤੇ ਬੈਠਣ ਦੀ ਲਾਲਸਾ ਹੈ।

ਸਿਖ਼ਰ 'ਤੇ ਬਹਿ ਕੇ ਬ੍ਰਾਹਮਣ ਨੇ ਸਾਰੇ ਅਧਿਕਾਰ ਸਾਂਭ ਲਏ।

ਜਾਤ-ਪਾਤੀ ਵੰਡੀਆਂ ਰਾਹੀਂ ਸੁਰੱਖਿਅਤ ਬ੍ਰਾਹਮਣ ਨੇ ਆਪਣੇ ਵਿਰੁੱਧ ਕਦੇ ਵੀ ਕੋਈ ਵਿਦਰੋਹ ਉਪਜਣ ਹੀ ਨਹੀਂ ਦਿੱਤਾ।

ਭਾਰਤ ਵਿਚ ਬ੍ਰਾਹਮਣ ਰੱਬ ਨਾਲੋਂ ਵੀ ਵਧੇਰੇ ਸ਼ਕਤੀਸ਼ਾਲੀ ਹੋ ਗਏ।

ਇਨ੍ਹਾਂ ਨੇ ਰੱਬ ਦੇ ਸਿਰਜੇ ਸੰਸਾਰ ਨੂੰ, ਮਾਇਆ ਕਹਿ ਕੇ ਰੱਦ ਕਰ ਦਿੱਤਾ।

ਬ੍ਰਾਹਮਣਾਂ ਨੇ ਆਪ ਰਾਜ ਕਰਨ ਦਾ ਯਤਨ ਨਹੀਂ ਕੀਤਾ ਕਿਉਂਕਿ ਉਨ੍ਹਾਂ ਕੋਲ ਰਾਜ ਦੀ ਰੱਖਿਆ ਕਰਨ ਦਾ ਬਾਹੂਬਲ ਅਤੇ ਕੁਰਬਾਨੀਆਂ ਕਰਨ ਦੀ ਦਲੇਰੀ ਨਹੀਂ ਸੀ, ਸੋ ਇਹ ਰਾਜ-ਤਿਲਕ ਲਾਉਣ ਵਾਲੇ, ਰਾਜ-ਪੁਰੋਹਿਤ ਬਣ ਕੇ, ਖਤਰਿਆਂ ਤੋਂ ਸੁਰੱਖਿਅਤ, ਸਭ ਸਹੂਲਤਾਂ ਮਾਣਦੇ ਰਹੇ ਹਨ।

ਇਹ ਚਾਣਕਯ ਅਤੇ ਮਨੂੰ ਬਣ ਕੇ ਆਪਣੀ ਨੀਤੀ ਲਾਗੂ ਕਰਦੇ ਰਹੇ ਹਨ।

ਰਾਜੇ ਕੋਲ ਕਿਸੇ ਜਾਤ ਜਾਂ ਗੋਤ ਦਾ ਦਰਜਾ ਘਟਾਉਣ ਅਤੇ ਸਾਰੇ ਝਗੜੇ ਨਿਪਟਾਉਣ ਦਾ ਅਧਿਕਾਰ ਸੀ ਪਰ ਇਨ੍ਹਾਂ ਮਾਮਲਿਆਂ ਵਿਚ ਸਲਾਹਕਾਰ ਬ੍ਰਾਹਮਣ ਹੁੰਦਾ ਸੀ। ਇਵੇਂ ਬ੍ਰਾਹਮਣ ਰਾਜੇ ਦੀ ਸ਼ਕਤੀ ਰਾਹੀਂ, ਆਪ ਰਾਜ ਕਰਦੇ ਰਹੇ ਹਨ। ਇਨ੍ਹਾਂ ਨੇ ਕਿਸੇ ਦਾ ਦਰਜਾ ਵਧਾਇਆ ਨਹੀਂ ਪਰ ਘਟਾਇਆ ਅਨੇਕਾਂ ਦਾ ਹੈ।

ਬ੍ਰਾਹਮਣ ਨੂੰ ਕਦੇ ਵੀ ਕਿਸੇ ਪ੍ਰਕਾਰ ਦੀ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਕ ਅਸੁਰੱਖਿਆ ਦਾ ਸਾਹਮਣਾ ਨਹੀਂ ਕਰਨਾ ਪਿਆ।

ਉਹ ਕੋਈ ਟੈਕਸ ਦਿੰਦਾ ਨਹੀਂ ਸੀ, ਉਗਰਾਹੇ ਟੈਕਸਾਂ ਵਿਚੋਂ ਹਿੱਸਾ ਲੈਂਦਾ ਸੀ।

ਬ੍ਰਾਹਮਣਾਂ ਲਈ ਸਾਰੇ ਖੇਤਰ ਅਤੇ ਰੋਜ਼ਗਾਰ ਖੁੱਲ੍ਹੇ ਸਨ, ਜਿਸ ਕਾਰਨ ਉਹ ਰਾਜੇ ਵੀ ਬਣੇ ਅਤੇ ਰਸੋਈਏ ਵੀ, ਉਹ ਪ੍ਰਬੰਧਕ ਵੀ ਬਣੇ ਅਤੇ ਵਪਾਰੀ ਵੀ ਪਰ ਹੋਰਾਂ ਜਾਤਾਂ ਲਈ ਕਿੱਤੇ ਦਾ ਤਬਾਦਲਾ ਮਨ੍ਹਾ ਸੀ।

ਸੰਸਾਰ ਵਿਚ ਕਿਧਰੇ ਵੀ ਜਨਮ, ਕਿੱਤਾ ਅਤੇ ਜਾਤ, ਭਾਰਤ ਵਾਂਗ ਪੱਕੀ ਤਰ੍ਹਾਂ ਬੱਝੇ ਹੋਏ ਨਹੀਂ ਹਨ।

ਜਾਤ-ਪਾਤ ਕਾਰਨ ਹੀ ਭਾਰਤ ਵਿਚ ਵਿਗਿਆਨ ਨਹੀਂ ਉਪਜ ਸਕਿਆ ਕਿਉਂਕਿ ਬ੍ਰਾਹਮਣਾਂ ਕੋਲ ਗਿਆਨ ਸੀ ਪਰ ਉਹ ਪ੍ਰਯੋਗਾਂ ਲਈ ਹੱਥੀਂ ਕਾਰਜ ਕਰਨ ਲਈ ਤਿਆਰ ਨਹੀਂ ਸਨ ਅਤੇ ਜਿਨ੍ਹਾਂ ਸ਼ੂਦਰਾਂ ਉੱਤੇ ਹੱਥੀਂ ਕੰਮ ਕਰਨ ਦੀ ਜ਼ਿਮੇਵਾਰੀ ਸੀ, ਉਨ੍ਹਾਂ ਕੋਲ ਗਿਆਨ ਨਹੀ ਸੀ।

ਗਿਆਨ ਦੇ ਗ੍ਰੰਥਾਂ ਅਤੇ ਇਨ੍ਹਾਂ ਦੀ ਭਾਸ਼ਾ, ਸੰਸਕ੍ਰਿਤ ਉੱਤੇ ਬ੍ਰਾਹਮਣ ਦਾ ਸੰਪੂਰਣ ਕਬਜ਼ਾ ਭਾਰਤ ਦੇ ਪੱਛੜੇ ਅਤੇ ਗਰੀਬ ਹੋਣ ਦਾ ਮੁੱਖ ਕਾਰਨ ਹੈ।

ਬ੍ਰਾਹਮਣ ਦੀ ਦ੍ਰਿਸ਼ਟੀ ਵਿਚ ਅੰਗਰੇਜ਼ ਮੂਰਖ ਸਨ, ਜਿਨ੍ਹਾਂ ਨੇ ਸਕੂਲਾਂ-ਕਾਲਜਾਂ ਰਾਹੀਂ ਹਰ ਕਿਸੇ ਲਈ ਗਿਆਨ ਤੱਕ ਪਹੁੰਚ ਸੰਭਵ ਬਣਾ ਦਿੱਤੀ ਅਤੇ ਗਿਆਨਵਾਨ ਹੋ ਕੇ ਭਾਰਤਵਾਸੀ ਅੰਗਰੇਜ਼ਾਂ ਵਿਰੁੱਧ ਸੁਤੰਤਰਤਾ ਅੰਦੋਲਨ ਚਲਾਉਣ ਲੱਗ ਪਏ

ਅਤੇ ਇਕ ਸਦੀ ਵਿਚ ਹੀ ਅੰਗਰੇਜ਼ਾਂ ਦੇ ਪੈਰ ਉੱਖੜ ਗਏ।

ਬ੍ਰਾਹਮਣ ਆਪਣੇ ਬਾਰੇ ਬੜੇ ਮਾਣ ਨਾਲ ਕਹਿੰਦੇ ਹਨ ਕਿ ਉਨ੍ਹਾਂ ਨੇ ਭਾਰਤ 'ਤੇ ਹਜ਼ਾਰਾਂ ਸਾਲ ਰਾਜ ਕੀਤਾ ਹੈ, ਕਿਉਂਕਿ ਉਨ੍ਹਾਂ ਨੇ ਗਿਆਨ ਉਤੇ ਆਪਣੇ ਕਬਜ਼ੇ ਕਾਰਨ, ਕਿਸੇ ਹੋਰ ਨੂੰ ਗਿਆਨ ਪ੍ਰਾਪਤ ਹੀ ਨਹੀਂ ਕਰਨ ਦਿੱਤਾ।

ਬ੍ਰਾਹਮਣਾਂ ਨੇ ਸਭ ਤੋਂ ਵੱਧ ਜ਼ੁਲਮ ਸ਼ੂਦਰਾਂ 'ਤੇ ਢਾਹੇ ਹਨ।

ਸ਼ੂਦਰਾਂ ਦੇ ਪਰਿਵਾਰ ਦਾ ਇਕ ਲੜਕਾ ਤਿੱਖੇ ਦਿਮਾਗ਼ ਵਾਲਾ ਸੀ, ਜਿਨ੍ਹਾਂ ਦੇ ਘਰ ਵਿਚ ਉਹ ਕੰਮ ਕਰਦਾ ਸੀ, ਉਨ੍ਹਾਂ ਨੇ ਉਸ ਨੂੰ ਆਪਣੇ ਕੋਲ ਰੱਖ ਲਿਆ ਅਤੇ ਪੜ੍ਹਨ ਲਈ ਸਕੂਲ ਦਾਖਲ ਕਰਵਾ ਦਿੱਤਾ। ਸਕੂਲ ਦੀ ਪੜ੍ਹਾਈ ਉਪਰੰਤ ਉਸ ਨੂੰ ਇਕ ਦੁਕਾਨ ਖੁਲ੍ਹਵਾ ਦਿੱਤੀ। ਇਕ ਵਾਰੀ ਜਦੋਂ ਮਾਲਕ ਵਿਦੇਸ਼ ਤੋਂ ਵਾਪਸ ਮੁੜਿਆ ਤਾਂ ਉਸ ਨੇ ਵੇਖਿਆ, ਦੁਕਾਨ ਬੰਦ ਸੀ ਅਤੇ ਉਹ ਲੜਕਾ ਮੁਹੱਲੇ ਵਿਚ ਪਖਾਨੇ ਸਾਫ ਕਰਨ ਦਾ ਪੁਸ਼ਤੀ ਕੰਮ ਕਰ ਰਿਹਾ ਸੀ। ਲੜਕੇ ਨੇ ਦੱਸਿਆ ਕਿ ਦੁਕਾਨ ਖੋਲ੍ਹਣ ਕਾਰਨ ਜਾਤ ਦੇ ਚੌਧਰੀਆਂ ਨੇ ਬ੍ਰਾਹਮਣਾਂ ਦੇ ਕਹਿਣ 'ਤੇ, ਉਸ ਨੂੰ ਜਾਤ ਵਿਚੋਂ ਕੱਢ ਦਿੱਤਾ ਸੀ ਅਤੇ ਉਸ ਦੇ ਪਰਿਵਾਰ ਨਾਲ ਲੈਣ-ਦੇਣ ਬੰਦ ਕਰ ਦਿੱਤਾ ਸੀ। ਇਵੇਂ ਉਸ ਦੀਆਂ ਭੈਣਾਂ ਅਤੇ ਉਸ ਦਾ ਆਪਣਾ ਵਿਆਹ ਨਹੀਂ ਹੋ ਸਕੇਗਾ, ਸੋ ਉਹ ਦੁਕਾਨ ਬੰਦ ਕਰਕੇ ਮੁੜ ਆਪਣਾ ਪਖਾਨੇ ਸਾਫ ਕਰਨ ਦਾ ਪੁਸ਼ਤੀ ਕੰਮ ਕਰਨ ਲੱਗ ਪਿਆ ਹੈ। ਇਹ ਜਾਤਪਾਤੀ ਸੋਚ ਦੀ ਇਕ ਉਦਾਹਰਣ ਹੈ।

ਭਾਰਤ ਵਿਚ ਕੋਈ ਅਜਿਹਾ ਜ਼ੁਲਮ ਨਹੀਂ, ਜੋ ਸ਼ੂਦਰ ਨੂੰ ਸਹਿਣ ਨਹੀਂ ਕਰਨਾ ਪਿਆ। ਸ਼ੂਦਰ ਲਈ ਛਤਰੀ ਵਰਤਣੀ, ਲੱਕ ਤੋਂ ਉੱਪਰ ਸਰੀਰ ਢੱਕਣਾ, ਆਪਣੀ ਰਿਹਾਇਸ਼ ਬਣਾਉਣੀ, ਹੋਰ ਜਾਤਾਂ ਦੀ ਗਲੀ ਵਿਚੋਂ ਲੰਘਣਾ, ਬ੍ਰਾਹਮਣਾਂ ਵੱਲ ਝਾਕਣਾ ਆਦਿ ਬ੍ਰਾਹਮਣ ਨੇ ਮਨ੍ਹਾ ਕੀਤਾ ਹੋਇਆ ਸੀ।

ਬ੍ਰਾਹਮਣ ਇਸਤਰੀਆਂ ਸ਼ੂਦਰ ਨੂੰ ਵੇਖ ਕੇ ਅੱਖਾਂ ਧੋਂਦੀਆਂ ਸਨ।

ਸ਼ੂਦਰ ਨੂੰ ਆਉਂਦਿਆਂ, ਹੋਰਾਂ ਨੂੰ ਸਾਵਧਾਨ ਕਰਨ ਲਈ, ਆਪਣੀ ਪਛਾਣ ਲਈ ਘੰਟੀ ਵਜਾਉਣੀ ਪੈਂਦੀ ਸੀ, ਸਿੰਗ ਲਾਉਣੇ ਪੈਂਦੇ ਸਨ ਅਤੇ ਆਪਣੇ ਪੈਰਾਂ ਦੇ ਨਿਸ਼ਾਨ ਮਿਟਾਉਣ ਲਈ ਕੰਡਿਆਲੀ ਝਾੜੀ ਘਸੀਟਣੀ ਪੈਂਦੀ ਸੀ।

ਹਰ ਸ਼ੂਦਰ ਇਹੀ ਸੋਚਦਾ ਸੀ ਕਿ ਉਸ ਦੀ ਨੀਵੀਂ ਜਾਤ ਉਸ ਦੀ ਮਾੜੀ ਕਿਸਮਤ ਕਾਰਨ ਸੀ, ਸੋ ਅਗਲੇ ਜਨਮ ਵਿਚ, ਚੰਗੇ ਜੀਵਨ ਲਈ, ਉਹ ਕਿਸੇ ਉਚੇਰੀ ਜਾਤ ਵਿਚ ਜਨਮ ਲੈਣ ਦਾ ਸੁਪਨਾ ਵੇਖਦਾ ਸੀ।

ਬ੍ਰਾਹਮਣ ਦੀ ਦ੍ਰਿਸ਼ਟੀ ਵਿਚ ਬ੍ਰਾਹਮਣ ਤੋਂ ਇਲਾਵਾ ਸਭ ਸ਼ੂਦਰ ਸਨ, ਜਿਸ ਕਾਰਨ ਹਰੇਕ ਜਾਤ ਦੀ ਇੱਛਾ ਬ੍ਰਾਹਮਣ ਦੀ ਪ੍ਰਵਾਨਗੀ ਪ੍ਰਾਪਤ ਕਰਨ ਦੀ ਸੀ, ਜਿਹੜੀ ਆਪਣੇ ਜਾਤ-ਪਾਤੀ ਵਿਹਾਰ ਵਿਚ ਪੱਕੇ ਰਹਿ ਕੇ ਹੀ ਪ੍ਰਾਪਤ ਕੀਤੀ ਜਾ ਸਕਦੀ ਸੀ। ਇਸ ਕਾਰਨ ਹਰੇਕ ਜਾਤ ਆਪਣਿਆਂ ਨੂੰ ਹੋਰ ਜਾਤਾਂ ਨਾਲ ਕਿਸੇ ਪ੍ਰਕਾਰ ਦੇ ਰਿਸ਼ਤੇ-ਨਾਤੇ, ਸਹਿਚਾਰ ਜਾਂ ਸਭਿਆਚਾਰਕ ਆਦਾਨ-ਪ੍ਰਦਾਨ ਤੋਂ ਰੋਕਦੀ ਸੀ ਅਤੇ ਦੰਡ ਦਾ ਭਾਗੀ ਵੀ ਬਣਾਉਂਦੀ ਸੀ।

ਭਾਰਤ ਵਿਚ ਕੇਵਲ ਆਪਣੀ ਜਾਤ ਦੇ ਹੱਥਾਂ ਦਾ ਪਕਾਇਆ ਭੋਜਨ ਖਾਣ

ਅਤੇ ਆਪਣੀ ਜਾਤ ਵਿਚ ਹੀ ਵਿਆਹ ਕਰਨ ਦੀ ਆਗਿਆ ਸੀ।

ਭਾਰਤੀ ਜਾਤਪਾਤ ਪ੍ਰਣਾਲੀ ਵਿਚ ਵੱਖਰੇਵੇਂ ਗੋਤ-ਅਧਾਰਿਤ ਹਨ।

ਜੇ ਇਕ ਗੋਤ ਦੇ ਲੋਕ ਗਊਆਂ ਪਾਲਦੇ ਹਨ ਤਾਂ ਦੂਜੀ ਗੋਤ ਦੇ ਗਊਆਂ ਨਹੀਂ ਪਾਲਦੇ, ਦੁੱਧ ਖਰੀਦ ਕੇ ਮੱਖਣ ਬਣਾਉਂਦੇ ਹਨ। ਜੇ ਇਕ ਗੋਤ ਦੇ ਲੋਕ ਸਿਰ 'ਤੇ ਬੋਝਾ ਚੁੱਕਦੇ ਹਨ ਤਾਂ ਦੂਜੀ ਗੋਤ ਦੇ ਮੋਢੇ 'ਤੇ ਚੁੱਕਣਗੇ। ਘਰਾਂ ਵਿਚ ਹਰੇਕ ਗੋਤ ਦੇ ਨੌਕਰ ਦਾ ਕਾਰਜ ਵੱਖਰਾ ਹੁੰਦਾ ਹੈ। ਜੇ ਇਕ ਗੋਤ ਦੇ ਲੋਕ ਜੁੱਤੇ ਬਣਾਉਂਦੇ ਹਨ ਤਾਂ ਦੂਜੀ ਗੋਤ ਮੁਰੰਮਤ ਹੀ ਕਰਦੀ ਹੈ। ਜੰਗਲੀ ਜੀਵਾਂ ਦਾ ਸ਼ਿਕਾਰ ਕਰਨ ਵਾਲਿਆਂ ਨੂੰ ਖੇਤੀ ਕਰਨ ਅਤੇ ਕਈ ਗੋਤਾਂ ਨੂੰ ਖੇਤ ਵੇਖਣ ਦੀ ਵੀ ਆਗਿਆ ਨਹੀਂ ਹੈ। ਜੇ ਇਕ ਗੋਤ ਦਾ ਘੁਮਿਆਰ ਖਲੋ ਕੇ ਘੜੇ ਬਣਾਉਂਦਾ ਹੈ ਤਾਂ ਦੂਜੀ ਗੋਤ ਦਾ ਘੁਮਿਆਰ ਬੈਠ ਕੇ ਛੋਟੇ ਬਰਤਨ ਬਣਾਏਗਾ।

ਦੱਖਣੀ ਭਾਰਤ ਵਿਚ ਹਰ ਜਾਤ ਦੇ ਵਿਦਿਆਰਥੀ ਲਈ, ਸਕੂਲ ਪਹੁੰਚਣ ਵਾਸਤੇ ਰਸਤਾ ਅਤੇ ਜਮਾਤ ਵਿਚ ਬੈਠਣ ਦਾ ਸਥਾਨ ਵੱਖਰਾ ਰਿਹਾ ਹੈ।

ਸਾਡੇ ਆਪਣੇ ਯੁੱਗ ਦੇ ਅੰਬੇਦਕਰ ਨੂੰ ਲੰਮੇ ਅਤੇ ਗੰਦੇ ਰਸਤੇ ਰਾਹੀਂ ਸਕੂਲ ਜਾਣਾ ਪੈਂਦਾ ਸੀ ਕਿਉਂਕਿ ਜੋ ਬ੍ਰਾਹਮਣ ਨਹੀਂ, ਉਹ ਸ਼ੂਦਰ ਸੀ, ਉਹ ਪਲੀਤ ਸੀ।

ਭਾਰਤ ਵਿਚ ਜਾਤ-ਪਾਤ ਕਿੱਤਾ-ਅਧਾਰਿਤ ਹੀ ਨਹੀਂ, ਭੋਜਨ ਅਧਾਰਿਤ ਵੀ ਹੈ, ਜਿਉਂ-ਜਿਉਂ ਜਾਤ ਉੱਚੀ ਹੁੰਦੀ ਜਾਂਦੀ ਹੈ, ਭੋਜਨ ਸ਼ੁੱਧ ਹੁੰਦਾ ਜਾਂਦਾ ਹੈ।

ਖਾਣ-ਪੀਣ ਸੰਬੰਧੀ ਇਹ ਪ੍ਰਵਿਰਤੀ ਸਾਡੇ ਸਮਾਜ ਵਿਚ ਇਤਨੀ ਵਿਆਪਕ ਰਹੀ ਹੈ ਕਿ ਹੁਣ ਵੀ ਅਕਸਰ ਹਰੇਕ ਸਮਾਗਮ ਵਿਚ ਹਰ ਕੋਈ ਵੇਖਦਾ ਹੈ ਕਿ ਕੋਈ ਕੀ ਖਾ ਰਿਹਾ ਹੈ ਅਤੇ ਕੀ ਪੀ ਰਿਹਾ ਹੈ।

ਜਾਤ-ਪਾਤ ਕਾਰਨ ਸਾਡੇ ਸਮਾਜ ਵਿਚ ਸਾਂਝ ਕੋਈ ਨਹੀਂ, ਵੱਖਰੇਵੇਂ ਹੀ ਹਨ ਅਤੇ ਹਰ ਕੋਈ ਅਜੀਬ-ਅਜੀਬ ਤਰਕ ਦੇ ਕੇ ਆਪਣੀ ਜਾਤ ਨੂੰ ਉੱਚੀ ਅਤੇ ਹੋਰਾਂ ਨਾਲੋਂ ਸ਼ੁੱਧ ਅਤੇ ਉਚੇਰੀ ਸਿੱਧ ਕਰਨ ਦਾ ਯਤਨ ਕਰਦਾ ਹੈ।

ਮਹਾਤਮਾ ਗਾਂਧੀ ਨੇ ਤਿੰਨ ਸਾਲ ਇੰਗਲੈਂਡ ਰਹਿ ਕੇ ਪੜ੍ਹਾਈ ਕੀਤੀ ਸੀ। ਇਨ੍ਹਾਂ ਤਿੰਨ ਸਾਲਾਂ ਵਿਚ ਗਾਂਧੀ ਜੀ ਨਾਲ ਕੀ-ਕੀ ਵਾਪਰਿਆ, ਉਸ ਦਾ ਉਨ੍ਹਾਂ ਦੀ ਸਵੈ-ਜੀਵਨੀ ਵਿਚ ਕੋਈ ਉਲੇਖ ਨਹੀਂ। ਇਹ ਤਿੰਨ ਸਾਲ ਗਾਂਧੀ ਜੀ ਕਿਸੇ ਪੁਰਸ਼ ਜਾਂ ਇਸਤਰੀ ਦੇ ਸੰਪਰਕ ਵਿਚ ਆਉਣ ਤੋਂ ਬਚਦੇ ਰਹੇ ਅਤੇ ਸ਼ਾਕਾਹਾਰੀ ਬਣੇ ਰਹਿਣ ਦੇ ਯਤਨ ਵਿਚ ਖਾਣ-ਪੀਣ ਤੋਂ ਸੰਕੋਚ ਕਰਨ ਦੀ ਚਿੰਤਾ ਵਿਚ ਹੀ ਗ੍ਰਸੇ ਰਹੇ।

ਭਾਰਤ ਵਿਚ ਜਦੋਂ ਕਿਸੇ ਜਾਤ-ਗੋਤ ਦੇ ਲੋਕ ਆਪਣਾ ਪੱਧਰ ਉੱਚਾ ਚੁੱਕਣਾ ਚਾਹੁੰਦੇ ਸਨ ਤਾਂ ਪਹਿਲਾਂ ਉਹ ਗੋਲਮੋਲ ਢੰਗ ਨਾਲ ਉਚੇਰੀ ਜਾਤ ਨਾਲ ਬਰਾਬਰੀ ਦਰਸਾਉਂਦੇ ਸਨ ਪਰ ਸਫਲਤਾ ਨਹੀਂ ਮਿਲਦੀ ਸੀ ਕਿਉਂਕਿ ਜਿਨ੍ਹਾਂ ਨਾਲ ਬਰਾਬਰੀ ਕਰਨ ਦਾ ਯਤਨ ਕੀਤਾ ਜਾਂਦਾ ਸੀ, ਉਹ ਇਸ ਨੂੰ ਆਪਣਾ ਅਪਮਾਨ ਸਮਝਦੇ ਸਨ ਅਤੇ ਹੋਰਾਂ ਵਲੋਂ ਬਰਾਬਰ ਹੋਣ ਦੇ ਯਤਨਾਂ ਦਾ ਵਿਰੋਧ ਕਰਦੇ ਸਨ।

ਇਕ ਵਾਰੀ ਦੱਖਣ ਵਿਚ ਲੋਹਾਰਾਂ ਨੇ ਆਪਣੇ ਸਾਰੇ ਸ਼ਲੋਕ ਸੰਸਕ੍ਰਿਤ ਵਿਚ ਰਚਣੇ ਸ਼ੁਰੂ ਕੀਤੇ, ਸਾਰਿਆਂ ਨੇ ਵਿਰੋਧ ਕਰਕੇ ਬੰਦ ਕਰਵਾ ਦਿੱਤੇ।

ਜਾਤ-ਪਾਤ ਪ੍ਰਣਾਲੀ ਕਾਰਨ ਭਾਰਤ ਉੱਤੇ ਪਹਿਲਾਂ ਮੁਗਲਾਂ ਅਤੇ ਮਗਰੋਂ ਅੰਗਰੇਜ਼ਾਂ ਨੂੰ ਰਾਜ ਕਰਨ ਵਿਚ ਮੁਸ਼ਕਿਲ ਨਹੀਂ ਆਈ, ਕਿਉਂਕਿ ਜਾਤਾਂ-ਪਾਤਾਂ ਵਿਚ ਵੰਡੇ ਹੋਣ ਕਾਰਨ, ਹਿੰਦੂ ਸਮਾਜ ਨੇ ਇਨ੍ਹਾਂ ਵਿਦੇਸ਼ੀ ਹਾਕਮਾਂ ਲਈ ਕੋਈ ਸਮੱਸਿਆ ਨਹੀਂ ਸੀ ਉਪਜਾਈ।

ਇਵੇਂ ਜਾਤਾਂ-ਪਾਤਾਂ ਵਿਚ ਵੰਡੇ ਭਾਰਤ ਵਿਚ ਵਿਦੇਸ਼ੀ ਹਾਕਮਾਂ ਨੂੰ ਪਾੜੋ ਅਤੇ ਰਾਜ ਕਰੋ ਦੀ ਨੀਤੀ ਵਰਤਣ ਦੀ ਲੋੜ ਹੀ ਨਹੀਂ ਪਈ ਕਿਉਂਕਿ ਹਿੰਦੂ ਧਰਮ ਦੀ ਜਾਤ-ਪਾਤ ਪ੍ਰਣਾਲੀ ਦਾ ਇਹ ਅਸੂਲ ਹੈ ਕਿ ਕਿਸੇ ਦੇ ਨੇੜੇ ਨਾ ਹੋਵੋ ਅਤੇ ਕਿਸੇ ਨੂੰ ਆਪਣੇ ਨੇੜੇ ਹੋਣ ਨਾ ਦਿਓ।

ਇਤਨੀਆਂ ਵੰਡੀਆਂ ਦੇ ਬਾਵਜੂਦ ਭਾਰਤ ਦੀ ਏਕਤਾ ਕਿਵੇਂ ਬਣੀ ਰਹੀ?

ਭਾਰਤ ਇਕ ਦੇਸ਼ ਨਹੀਂ, ਇਕ ਸਭਿਅਤਾ ਹੈ, ਸਭਿਅਤਾ ਦੀ ਸਾਂਝ ਕਾਰਨ, ਭਾਰਤ ਖਿੰਡਿਆ ਨਹੀਂ।

ਜਾਤ-ਪਾਤ ਨੇ ਸਮਾਜ ਨੂੰ ਵੱਖ-ਵੱਖ ਵਰਗਾਂ ਵਿਚ ਵੰਡਿਆ ਪਰ ਜਾਤ ਜਾਂ ਗੋਤ ਕੋਈ ਹੋਵੇ, ਪੁਰੋਹਿਤ ਹਮੇਸ਼ਾ ਬ੍ਰਾਹਮਣ ਹੀ ਰਿਹਾ।

ਬ੍ਰਾਹਮਣ ਪੁਰੋਹਿਤਾਂ ਦੀ ਆਪਸੀ ਸਾਂਝ ਕਾਰਨ, ਜਾਤ-ਪਾਤ ਦੀਆਂ ਵੰਡੀਆਂ ਅਤੇ ਵੱਖਰੇਵਿਆਂ ਦੇ ਬਾਵਜੂਦ, ਭਾਰਤ ਟੁੱਟਣ ਤੋਂ ਬਚਿਆ ਰਿਹਾ। ਭਾਰਤ ਦੇ ਪਿੰਡ ਜਾਤਪਾਤ ਪ੍ਰਣਾਲੀ ਨੂੰ ਦ੍ਰਿੜ੍ਹ ਕਰਨ ਵਾਲੀਆਂ ਸੰਸਥਾਵਾਂ ਹਨ।

ਇਕ ਕਾਰਨ ਇਹ ਵੀ ਸੀ ਕਿ ਕਿੱਤਿਆਂ ਦੀ ਜਾਤ-ਪਾਤੀ ਵੰਡ ਕਾਰਨ ਕਿਸੇ ਜਾਤ ਦਾ ਹੋਰ ਜਾਤਾਂ ਦੀ ਸਰਪ੍ਰਸਤੀ, ਦਾਨ ਅਤੇ ਰੱਖਿਆ ਤੋਂ ਬਿਨਾਂ ਨਹੀਂ ਸੀ ਸਰਦਾ, ਸੋ ਹਰ ਜਾਤ ਦੇ ਲੋਕ ਆਪਣਾ ਸਮਾਜਿਕ ਰੋਲ ਨਿਭਾਉਂਦੇ ਸਨ।

ਭਾਰਤ ਵਿਚ ਭਗਤੀ ਲਹਿਰ ਅਤੇ ਸੂਫ਼ੀ ਲਹਿਰ ਨੇ ਪਹਿਲੀ ਵਾਰ ਜਾਤ-ਪਾਤ ਤੋੜਨ ਦੇ ਉਪਰਾਲੇ ਕੀਤੇ। ਗੁਰੂ ਗੋਬਿੰਦ ਸਿੰਘ ਨੇ ਜਾਤ-ਪਾਤ-ਮੁਕਤ ਹਥਿਆਰਬੰਦ ਖਾਲਸੇ ਦੀ ਸਿਰਜਣਾ ਕੀਤੀ।

ਸ਼ਿਵਾ ਜੀ ਨੇ ਪਹਿਲਾਂ ਮਰਾਠਿਆਂ ਨੂੰ ਖੱਤਰੀ ਹੋਣ ਦੀ ਮਾਨਤਾ ਦਿਵਾਉਣ ਦਾ ਯਤਨ ਕੀਤਾ ਪਰ ਮਾਨਤਾ ਨਾ ਮਿਲੀ, ਮਗਰੋਂ ਮਰਾਠਿਆਂ ਦੀਆਂ ਜਿੱਤਾਂ ਕਾਰਨ, ਉਨ੍ਹਾਂ ਦਾ ਮਾਣ-ਸਤਿਕਾਰ, ਖੱਤਰੀਆਂ ਨਾਲੋਂ ਵੀ ਵੱਧ ਗਿਆ ਅਤੇ ਉਹ ਮਰਾਠੇ ਕਹਾਉਣ ਵਿਚ ਹੀ ਮਾਣ ਮਹਿਸੂਸ ਕਰਨ ਲੱਗ ਪਏ।

ਭਾਰਤ ਵਿਚ ਅੰਗਰੇਜ਼ਾਂ ਦੇ ਆਉਣ ਨਾਲ ਸਾਰੇ ਧਰਮਾਂ ਵਿਚ ਖਲਬਲੀ ਮੱਚ ਗਈ ਸੀ। ਜੀਵਨ ਦਾ ਸ਼ਹਿਰੀਕਰਨ ਹੋਣ ਨਾਲ ਨਵੇਂ ਧੰਦੇ ਉਪਜੇ, ਜਿਨ੍ਹਾਂ ਵਿਚ ਸਭ ਧਰਮਾਂ-ਜਾਤਾਂ-ਗੋਤਾਂ ਦੇ ਲੋਕ ਆਏ, ਇਵੇਂ ਜਾਤ ਦੀ ਥਾਂ ਜਮਾਤ ਨੇ ਲੈਣੀ ਅਰੰਭ ਕੀਤੀ। ਕਲਕਤੇ ਵਿਚ ਸਾਂਝੇ ਨਲਕੇ ਲਾਉਣ ਸਮੇਂ ਬੜੀ ਮੁਸ਼ਕਿਲ ਆਈ ਸੀ, ਮੁੱਢ ਵਿਚ ਕੋਈ ਪਾਣੀ ਨਹੀਂ ਸੀ ਭਰਦਾ, ਫਿਰ ਸਾਰੇ ਭਰਨ ਲੱਗ ਪਏ।

ਸਕੂਲਾਂ, ਕਾਲਜਾਂ, ਗੱਡੀਆਂ, ਹਸਪਤਾਲਾਂ, ਸਿਨੇਮਿਆਂ, ਢਾਬਿਆਂ, ਫੈਕਟਰੀਆਂ ਆਦਿ ਨੇ ਜਾਤ-ਪਾਤ ਤੋੜਨ ਦੀ ਪ੍ਰਕਿਰਿਆ ਤੇਜ਼ ਕੀਤੀ ਹੈ।

ਦੇਸ਼ ਦੀ ਅਜ਼ਾਦੀ ਉਪਰੰਤ ਹਰੇਕ ਲਈ ਇਕ ਵੋਟ ਨੇ ਸਥਿਤੀ ਬਦਲ ਦਿੱਤੀ ਹੈ।

ਹੁਣ ਜਾਤ-ਪਾਤ ਕੇਵਲ ਵਿਆਹ ਦੇ ਸੰਬੰਧ ਵਿਚ ਵੇਖੀ ਜਾਂਦੀ ਹੈ। ਹੁਣ ਕੋਈ ਹੀ ਹੋਵੇਗਾ, ਜਿਸ ਨੇ ਆਪਣੀ ਜਾਤ ਦਾ ਕਿੱਤਾ ਅਪਨਾਇਆ ਹੋਵੇ।

ਹੁਣ ਜਾਤ-ਪਾਤ ਰਾਜਨੀਤਕ ਲਾਭ ਉਠਾਉਣ ਅਤੇ ਆਰਥਿਕ ਰਿਆਇਤਾਂ ਮੰਗਣ ਅਤੇ ਆਪਣੀ ਗਿਣਤੀ, ਤਾਕਤ ਅਤੇ ਪ੍ਰਭਾਵ ਦਰਸਾ ਕੇ ਰਾਜਨੀਤਕ ਸ਼ਕਤੀ ਹਥਿਆਉਣ ਦਾ ਇਕ ਸੰਦ ਬਣ ਗਈ ਹੈ।

ਹੁਣ ਸਥਿਤੀ ਇਹ ਹੈ ਜਿਹੜੇ ਕਿਸੇ ਵੇਲੇ ਆਪਣੀ ਜਾਤ ਨੂੰ ਉੱਚੀ ਜਾਤ ਦਸਦੇ ਸਨ, ਉਹ ਭਾਂਤ-ਭਾਂਤ ਦੇ ਆਰਥਿਕ ਅਤੇ ਰਾਜਨੀਤਕ ਲਾਭ ਉਠਾਉਣ ਲਈ, ਨੀਵੀਆਂ ਜਾਤਾਂ, ਜਾਤੀਆਂ, ਸ਼੍ਰੇਣੀਆਂ ਐਲਾਨੇ ਜਾਣ ਲਈ ਅੰਦੋਲਨ ਕਰ ਰਹੇ ਹਨ ਅਤੇ ਜਾਤ-ਪਾਤ ਪ੍ਰਣਾਲੀ ਨੂੰ ਪੁੱਠਾ ਗੇੜਾ ਦੇ ਰਹੇ ਹਨ।

ਇਹ ਕਦੇ ਸੁਪਨੇ ਵਿਚ ਵੀ ਸੰਭਵ ਨਹੀਂ ਸੀ ਹੋਇਆ ਪਰ ਇਹ ਹੁਣ ਨਿਤ-ਦਿਨ ਦਾ ਯਥਾਰਥ ਹੈ ਕਿ ਬ੍ਰਾਹਮਣ ਸਿਪਾਹੀ, ਸ਼ੂਦਰ ਥਾਣੇਦਾਰ ਨੂੰ ਸਲੂਟ ਮਾਰ ਰਿਹਾ ਹੈ ਅਤੇ ਬ੍ਰਾਹਮਣ ਅਤੇ ਹੋਰ ਜਾਤਾਂ ਦੇ ਵਿਦਿਆਰਥੀ, ਸ਼ੂਦਰ ਵਿਦਵਾਨ ਤੋਂ, ਵਿਗਿਆਨ ਦਾ ਗਿਆਨ ਪ੍ਰਾਪਤ ਕਰ ਰਹੇ ਹਨ।

ਨਿਰਸੰਦੇਹ ਭਾਰਤ ਬਦਲ ਰਿਹਾ ਹੈ।

ਹੁਣ ਕਿਸੇ ਦਾ ਮੁੱਲ ਉਸ ਦੀ ਜਾਤ, ਗੋਤ, ਜਨਮ, ਧਰਮ ਜਾਂ ਇਲਾਕੇ ਦੇ ਆਧਾਰ 'ਤੇ ਨਹੀਂ, ਉਸ ਦੀ ਯੋਗਤਾ ਦੇ ਆਧਾਰ 'ਤੇ ਪਏਗਾ।

ਹੁਣ ਜਾਤ-ਪਾਤ ਦੇ ਆਧਾਰ 'ਤੇ ਰਿਆਇਤਾਂ ਦੇਣ-ਲੈਣ ਦਾ ਸਮਾਂ ਨਹੀਂ। ਹੁਣ ਜਾਤ-ਪਾਤ ਨੂੰ ਤੋੜਨ ਦੀ ਵੰਗਾਰ ਦਾ ਸਾਹਮਣਾ ਹੈ।

ਹੁਣ ਕੇਵਲ ਭਾਰਤ ਦੇ ਸੰਦਰਭ ਵਿਚ ਨਹੀਂ, ਹੁਣ ਸਾਨੂੰ ਸਮੁੱਚੇ ਵਿਸ਼ਵ ਅਤੇ ਸਮੁੱਚੀ ਮਾਨਵ-ਜਾਤੀ ਦੇ ਸੰਦਰਭ ਵਿਚ ਸੋਚਣਾ ਪਏਗਾ।

+ + +

ਲਾਲਚ ਦੀਆਂ ਸੰਗਲੀਆਂ

ਸੰਸਾਰ ਵਿਚਲੇ ਲਗਭਗ ਹਰੇਕ ਵਿਗਾੜ ਦਾ ਇਕ ਕਾਰਨ ਲਾਲਚ ਹੁੰਦਾ ਹੈ।

ਅਜੋਕੇ ਸੰਸਾਰ ਵਿਚ ਲਾਲਚ ਦਾ ਇਕ ਵਿਸ਼ਾਲ ਨਾਟਕ ਚੱਲ ਰਿਹਾ ਹੈ।

ਸਾਡੇ ਦੇਸ਼ ਵਿਚ ਹਰੇਕ ਧਰਮ ਨੇ ਤਿਆਗ ਕਰਨ ਦਾ ਉਪਦੇਸ਼ ਦਿੱਤਾ ਸੀ ਅਤੇ ਅਸੀਂ ਮਹਾਂਵੀਰ ਅਤੇ ਬੁੱਧ ਵਾਂਗ ਸਭ ਕੁਝ ਤਿਆਗ ਕੇ, ਭੋਜਨ ਅਤੇ ਕੱਪੜੇ ਵੀ ਤਿਆਗ ਦਿੱਤੇ ਅਤੇ ਭੁੱਖੇ ਅਤੇ ਨੰਗੇ ਹੋ ਕੇ ਬਹਿ ਗਏ।

ਜਿਸ ਕਾਰਨ ਹੁਣ ਸਾਡੇ ਦੇਸ਼ ਵਿਚ ਨੰਗ ਢੱਕਣ ਵਾਲੇ ਕੱਪੜੇ ਅਤੇ ਖਾਣ-ਪੀਣ ਵਾਲੇ ਪਦਾਰਥ ਤੋਹਫ਼ੇ ਬਣ ਗਏ ਹਨ।

ਸਾਨੂੰ ਹੁਣ ਸਮਝ ਆਈ ਹੈ ਕਿ ਧਰਮ ਨੇ ਕਿਹਾ ਸੀ: ਲਾਲਚ ਨਾ ਕਰੋ, ਲੋਭ-ਲਾਲਚ ਤਿਆਗੋ, ਇਹ ਤਾਂ ਨਹੀਂ ਸੀ ਕਿਹਾ ਕਿ ਸਭ ਕੁਝ ਗੁਆ ਲਵੋ।

ਧਾਰਮਿਕ ਸ਼ਬਦਾਵਲੀ ਵਿਚ ਲਾਲਚ ਨੂੰ ਲੋਭ ਕਿਹਾ ਜਾਂਦਾ ਹੈ।

ਸੁਤੰਤਰਤਾ ਉਪਰੰਤ ਜਦੋਂ ਅਸੀਂ ਸੰਸਾਰ ਦੀ ਅਮੀਰੀ ਵੇਖੀ ਹੈ ਤਾਂ ਸਾਨੂੰ ਆਪਣੇ ਖਾਲੀ ਅਤੇ ਖੋਖਲੇ ਹੋਣ ਦਾ ਅਹਿਸਾਸ ਹੋਇਆ ਹੈ ਅਤੇ ਅਸੀਂ ਸਾਰੇ ਆਦਰਸ਼ ਭੁੱਲ ਕੇ, ਰਾਜਸੀ ਆਗੂਆਂ ਅਤੇ ਵਪਾਰੀਆਂ ਵਾਂਗ, ਖਾਲੀ ਤਜੌਰੀਆਂ ਭਰਨ ਲੱਗ ਪਏ ਹਾਂ।

ਗੁਲਾਮ ਅਤੇ ਗਰੀਬ ਦੇਸ਼ ਜਦੋਂ ਅਜ਼ਾਦ ਹੁੰਦੇ ਹਨ ਤਾਂ ਬਦਲੀ ਹੋਈ ਸਥਿਤੀ ਵਿਚ ਹਰ ਕੋਈ ਲਾਲਚ ਦਾ ਸ਼ਿਕਾਰ ਹੋ ਜਾਂਦਾ ਹੈ।

ਗਰੀਬ ਦੇਸ਼ਾਂ ਵਿਚ ਜਦੋਂ ਡਰ-ਭਓ ਮੁੱਕ ਜਾਂਦਾ ਹੈ ਤਾਂ ਲਾਲਚ ਪ੍ਰਧਾਨ ਹੋ ਜਾਂਦਾ ਹੈ। ਗਰੀਬ ਦੇਸ਼ਾਂ ਵਿਚ ਅਮੀਰ ਬਣਨ ਦੀ ਕਾਹਲ ਹੁੰਦੀ ਹੈ। ਲਾਲਚੀ ਬੰਦੇ ਦੇ ਬਾਹਰ ਚਮਕ ਹੁੰਦੀ ਹੈ ਪਰ ਅੰਦਰ ਹਨੇਰਾ ਹੀ ਹਨੇਰਾ ਹੁੰਦਾ ਹੈ। ਜੇ ਤੁਹਾਡੇ ਕੋਲ ਮਾਨਸਿਕ, ਬੌਧਿਕ ਅਤੇ ਸਮਾਜਿਕ ਵਿਕਾਸ ਦੀਆਂ ਵਿਉਂਤਾਂ ਹਨ ਤਾਂ ਉਨ੍ਹਾਂ ਲਈ ਪੈਸਾ ਇਕੱਤਰ ਕਰਨਾ, ਲਾਲਚ ਨਹੀਂ ਅਖਵਾਉਂਦਾ ਪਰ ਜੇ ਵਿਕਾਸ ਦੀ ਕੋਈ ਵਿਉਂਤ ਨਹੀਂ ਅਤੇ ਹੋਰਾਂ ਤੋਂ ਖੋਹਣ ਦੀ ਲਾਲਸਾ ਹੈ ਤਾਂ ਨਿਘਾਰ ਹੀ ਵਾਪਰੇਗਾ।

ਲਾਲਚੀ ਲੋਕ ਅਮੀਰ ਹੋਣ, ਹੋਰ ਅਮੀਰ ਹੋਣ, ਦੀ ਅਰੰਭੀ ਦੌੜ ਨੂੰ ਛੱਡ ਨਹੀਂ ਸਕਦੇ ਪਰ ਜ਼ਿੰਦਗੀ ਇਤਨਾ ਵਕਤ ਨਹੀਂ ਦਿੰਦੀ ਕਿ ਉਹ ਦੌੜ ਪੂਰੀ ਕਰ ਲੈਣ।

ਇਵੇਂ ਯੋਗ-ਅਯੋਗ ਢੰਗ ਨਾਲ, ਆਪਣੀ ਲੋੜ ਅਤੇ ਹਿੱਸੇ ਤੋਂ ਵੱਧ ਲੈਣ ਦਾ ਯਤਨ ਕਰਨਾ, ਲਾਲਚ ਅਖਵਾਉਂਦਾ ਹੈ।

ਲਾਲਚ ਕਦੇ ਬੁੱਢਾ ਨਹੀਂ ਹੁੰਦਾ। ਲਾਲਚ ਕਦੇ ਹਾਰ ਨਹੀਂ ਮੰਨਦਾ।

ਅਨੇਕਾਂ ਹਨ ਜਿਹੜੇ ਲਾਲਚ ਵੱਸ ਬੜਾ ਪੈਸਾ ਜੋੜਦੇ ਹਨ ਅਤੇ ਪੈਸੇ ਦੇ ਹੱਥੋਂ ਹੀ ਬਰਬਾਦ ਹੁੰਦੇ ਹਨ। ਇਨ੍ਹਾਂ ਨਾਲ ਹੱਸਣ ਵਾਲੇ ਘੱਟਦੇ ਜਾਂਦੇ ਹਨ ਅਤੇ ਇਨ੍ਹਾਂ ਉੱਤੇ ਹੱਸਣ ਵਾਲੇ ਵੱਧਦੇ ਜਾਂਦੇ ਹਨ।

ਇਵੇਂ ਲਾਲਚ ਮਨੁੱਖ ਨੂੰ ਹਾਸੋਹੀਣਾ ਬਣਾ ਦਿੰਦਾ ਹੈ।

ਮਨ ਤਾਂ ਹੀ ਸ਼ਾਂਤ ਰਹਿੰਦਾ ਹੈ ਜੇ ਇਸ 'ਤੇ ਅਕਲ ਦਾ ਰਾਜ ਹੋਵੇ।

ਜਿੱਥੇ ਅਕਲ ਹੋਵੇਗੀ, ਉੱਥੇ ਸੰਜਮ ਵੀ ਹੋਵੇਗਾ।

ਲਾਲਚ ਵਾਂਗ ਹੀ ਕਾਮ, ਕਰੋਧ ਆਦਿ ਵੀ ਪਸ਼ੂ ਬਿਰਤੀਆਂ ਹਨ, ਇਹ ਬਿਰਤੀਆਂ ਨੇਕੀ-ਬਦੀ ਤੋਂ ਮੁਕਤ ਹੁੰਦੀਆਂ ਹਨ।

ਅਜੇ ਮਨੁੱਖਤਾ ਅਕਲ ਦੀ ਪਹਿਲੀ ਪੌੜੀ 'ਤੇ ਬੈਠੀ ਹੈ, ਜਿਸ ਕਾਰਨ ਮਨੁੱਖ ਵਿਚ ਇਨਸਾਨੀਅਤ ਘੱਟ ਅਤੇ ਪਸ਼ੂ-ਬਿਰਤੀ ਵਧੇਰੇ ਹੈ।

ਆਪਣੀ ਜ਼ਮੀਰ ਵੇਚ ਕੇ ਭਾਵੇਂ ਕੋਈ ਦੁਨੀਆਂ ਖਰੀਦ ਲਵੇ, ਉਸ ਨੂੰ ਕੁਝ ਨਹੀਂ ਮਿਲਦਾ, ਅਜੇ ਤੱਕ ਕਿਸੇ ਨੂੰ ਕੁਝ ਨਹੀਂ ਮਿਲਿਆ।

ਇਕ ਹੱਦ ਉਪਰੰਤ ਧਨ ਦੀਆਂ ਸਿਫ਼ਰਾਂ ਹੀ ਵੱਧਦੀਆਂ ਹਨ।

ਮਨੁੱਖ ਮਨਫ਼ੀ ਹੁੰਦਾ ਜਾਂਦਾ ਹੈ, ਸਿਫ਼ਰਾਂ ਜੁੜੀ ਜਾਂਦੀਆਂ ਹਨ ਅਤੇ ਚਿੰਤਾਵਾਂ ਵਧੀ ਜਾਂਦੀਆਂ ਹਨ। ਇਵੇਂ ਲਾਲਚ ਅਤੇ ਮਨੁੱਖ ਇਕ-ਦੂਜੇ ਨੂੰ ਛੱਡਦੇ ਨਹੀਂ।

ਲਾਲਚੀ ਮਨੁੱਖ ਦੀ ਹਰ ਦਲੀਲ, ਉਸ ਦੇ ਲਾਲਚ ਦੀ ਗੁਲਾਮ ਹੁੰਦੀ ਹੈ।

ਦੂਜਿਆਂ ਨੂੰ ਅੱਖੋਂ-ਪਰੋਖੇ ਕਰਕੇ ਆਪਣਾ ਹਿੱਤ ਹੀ ਪਾਲਦੇ ਰਹਿਣ ਨਾਲ ਦੋਸਤੀ ਕੋਈ ਨਹੀਂ ਉਪਜੇਗੀ, ਦੁਸ਼ਮਣੀਆਂ ਦਾ ਬੋਲਬਾਲਾ ਹੋਵੇਗਾ।

ਲਾਲਚ ਇਕ ਸਰਬ-ਵਿਆਪਕ ਵਰਤਾਰਾ ਹੈ। ਇਹ ਭਾਰੂ ਹੋ ਜਾਵੇ ਤਾਂ ਸੰਤ ਅਤੇ ਵਿਦਵਾਨ ਵੀ ਸਰਬੱਤ ਦੇ ਭਲੇ ਵਾਲੇ ਫੈਸਲੇ ਨਹੀਂ ਕਰ ਸਕਦੇ।

ਜਦੋਂ ਤੱਕ ਧਰਮ, ਜੀਵਨ ਦੀ ਕੇਂਦਰੀ ਸ਼ਕਤੀ ਰਿਹਾ ਹੈ, ਸਮਾਜ ਬਹੁਤ ਹੱਦ ਤੱਕ ਲਾਲਚ ਤੋਂ ਮੁਕਤ ਰਿਹਾ ਹੈ ਪਰ ਜੀਵਨ ਦੀ ਪੂੰਜੀਵਾਦੀ ਪ੍ਰਣਾਲੀ ਕਾਰਨ, ਮਨੁੱਖ ਅੰਦਰਲੀਆਂ ਅਤ੍ਰਿਪਤੀਆਂ ਕਾਰਨ, ਲਾਲਚੀ ਹੋ ਗਿਆ ਹੈ।

ਲਾਲਚ ਕਾਰਨ ਸਮਾਜ ਵਿਚ ਅਸ਼ਾਂਤੀ ਫੈਲਦੀ ਹੈ ਅਤੇ ਝਗੜੇ ਉਪਜਦੇ ਹਨ।

ਸਾਡੇ ਦੇਸ਼ ਵਿਚ ਦਾਜ ਦਾ ਲਾਲਚ ਸਾਡੀ ਇਕ ਵੱਡੀ ਸਮੱਸਿਆ ਹੈ।

ਲਾਲਚ ਕਈ ਪੱਖਾਂ ਤੋਂ ਲਾਭਕਾਰੀ ਵੀ ਹੁੰਦਾ ਹੈ। ਵਾਸਤਵ ਵਿਚ ਸੰਸਾਰ ਨੂੰ ਲਾਲਚ ਹੀ ਚਲਾਉਂਦਾ ਹੈ। ਜੇ ਸੰਸਾਰ ਦੇ ਸਾਰੇ ਲੋਕ ਸੰਤੁਸ਼ਟ ਹੋ ਜਾਣ ਤਾਂ ਕੋਈ ਵਿਕਾਸ ਨਹੀਂ ਵਾਪਰੇਗਾ। ਸੰਸਾਰ ਰੁਕ ਜਾਵੇਗਾ। ਮਨੁੱਖ ਕੋਲ ਜੇ ਲੋੜੀਂਦੇ ਜੀਵਨ-ਸਾਧਨ ਹੋਣ ਤਾਂ ਵੀ ਵਸਤਾਂ ਦੀ ਵੰਨ-ਸੁਵੰਨਤਾ ਨੂੰ ਵੇਖ ਕੇ, ਮਨੁੱਖ ਵਿਚ ਪਹਿਲਾਂ ਆਪਣੀ ਫਿਰ ਪਰਿਵਾਰਕ, ਸਮਾਜਿਕ, ਆਰਥਿਕ ਹਾਲਤ ਸੁਧਾਰਨ ਦੀ ਇੱਛਾ ਉਪਜਦੀ ਹੈ, ਜਿਸ ਕਾਰਨ ਮਨੁੱਖ ਮਿਹਨਤੀ ਬਣਦਾ ਹੈ। ਇਵੇਂ ਬਜ਼ਾਰ ਦੀ ਰੌਣਕ ਉਸ ਦੀ ਕਾਰਜ-ਕੁਸ਼ਲਤਾ ਸੁਧਾਰਦੀ ਹੈ, ਉਸ ਦੀ ਖਰੀਦ-ਸ਼ਕਤੀ ਵੱਧਦੀ ਹੈ, ਉਸ ਦਾ ਜੀਵਨ-ਪੱਧਰ ਸੁਧਰਦਾ ਅਤੇ ਸੁੱਖ-ਸਹੂਲਤਾਂ ਵਿਚ ਵਾਧਾ ਹੁੰਦਾ ਹੈ ਅਤੇ ਇਨ੍ਹਾਂ

ਸਭ ਨਾਲ ਜੀਵਨ ਦੀ ਤਸੱਲੀ ਵੱਧਦੀ ਹੈ। ਹੈ ਇਹ ਵੀ ਲਾਲਚ ਪਰ ਇਹ ਉਸਾਰੂ-ਲਾਲਚ ਹੈ, ਕਿਉਂਕਿ ਇਵੇਂ ਮਨੁੱਖ ਆਪਣਾ ਜੀਵਨ-ਪੱਧਰ ਹੀ ਨਹੀਂ, ਆਪਣੇ ਸਮਾਜ ਨੂੰ ਖੁਸ਼ਹਾਲ ਬਣਾ ਕੇ ਦੇਸ਼ ਦੀ ਆਰਥਿਕ ਸਥਿਤੀ ਵੀ ਸੁਧਾਰਦਾ ਹੈ।

ਵਿਕਾਸ ਨਾਲ ਜੁੜਿਆ ਲਾਲਚ ਉਸਾਰੂ ਹੁੰਦਾ ਹੈ, ਜਿਸ ਦੀ ਹਰ ਕਿਸੇ ਨੂੰ ਲੋੜ ਹੁੰਦੀ ਹੈ ਪਰ ਦੁਖਾਂਤ ਇਹ ਹੈ ਕਿ ਜਦੋਂ ਮਨੁੱਖ ਦੀਆਂ ਵਾਜਬ ਲੋੜਾਂ ਪੂਰੀਆਂ ਹੋ ਜਾਣ ਤਾਂ ਭਾਂਤ-ਭਾਂਤ ਦੀਆਂ ਇੱਛਾਵਾਂ ਜਾਗ ਪੈਂਦੀਆਂ ਹਨ।

ਲੋੜਾਂ ਮਹਿੰਗੀਆਂ ਨਹੀਂ ਹੁੰਦੀਆਂ, ਲੋੜਾਂ ਨਾਲ ਬਹਿਸ ਸੰਭਵ ਨਹੀਂ ਹੁੰਦੀ।

ਲੋੜਾਂ ਮੁੱਖ ਤੌਰ 'ਤੇ ਤਿੰਨ ਪ੍ਰਕਾਰ ਦੀਆਂ ਹੁੰਦੀਆਂ ਹਨ, ਜਿਉਂਦੇ ਰਹਿਣ ਦੀਆਂ ਲੋੜਾਂ, ਸੁਰੱਖਿਆ ਦੀਆਂ ਲੋੜਾਂ ਅਤੇ ਸਮਾਜਿਕ ਲੋੜਾਂ।

ਗਰੀਬ ਆਦਮੀ ਦੀਆਂ ਲੋੜਾਂ ਹੀ ਹੁੰਦੀਆਂ ਹਨ, ਉਸ ਦਾ ਲਾਲਚ ਵੀ ਉਸ ਦੀਆਂ ਲੋੜਾਂ ਨਾਲ ਸੰਬੰਧਤ ਹੁੰਦਾ ਹੈ।

ਧਰਤੀ ਕੋਲ ਸੰਸਾਰ ਦੀਆਂ ਲੋੜਾਂ ਪੂਰੀਆਂ ਕਰਨ ਦੇ ਅਥਾਹ ਵਸੀਲੇ ਹਨ ਪਰ ਮਨੁੱਖਾਂ ਦੀਆਂ ਇੱਛਾਵਾਂ ਦੇ ਲਾਲਚ ਨੂੰ ਪੂਰੇ ਕਰਨ ਦੇ ਸਾਧਨ ਨਹੀਂ।

ਲਾਲਚ ਦਾ ਅਰੰਭ ਇੱਛਾਵਾਂ ਨਾਲ ਹੁੰਦਾ ਹੈ, ਇੱਛਾਵਾਂ ਮਹਿੰਗੀਆਂ ਹੁੰਦੀਆਂ ਹਨ। ਮਨੁੱਖ ਦਾ ਲਾਲਚ ਇੱਛਾਵਾਂ ਦੀ ਪੂਰਤੀ ਨਾਲ ਸੰਬੰਧਤ ਹੁੰਦਾ ਹੈ।

ਅਸੀਂ ਹੋਰਾਂ ਨਾਲ ਲੋੜਾਂ ਦੇ ਪੱਖੋਂ ਨਹੀਂ, ਇੱਛਾਵਾਂ ਦੇ ਪੱਖੋਂ ਮੁਕਾਬਲਾ ਕਰਦੇ ਹਾਂ।

ਵਾਸਤਵ ਵਿਚ ਜਿਨ੍ਹਾਂ ਨੂੰ ਅਸੀਂ ਨਫ਼ਰਤ ਕਰਦੇ ਹਾਂ, ਉਨ੍ਹਾਂ ਨਾਲ ਹੀ ਅਸੀਂ ਮੁਕਾਬਲਾ ਕਰਦੇ ਹਾਂ ਅਤੇ ਉਨ੍ਹਾਂ ਨਾਲੋਂ ਵਧੇਰੇ ਅਮੀਰ ਹੋਣ ਦੀ ਇੱਛਾ ਕਾਰਨ ਅਸੀਂ ਲਾਲਚ ਦਾ ਸ਼ਿਕਾਰ ਹੋ ਜਾਂਦੇ ਹਾਂ।

ਬੇਮੁਹਾਰ ਲਾਲਚੀ ਮਨੁੱਖ ਰੋਗੀ ਹੁੰਦਾ ਹੈ। ਇਵੇਂ ਲਾਲਚ ਇਕ ਰੋਗ ਦਾ ਨਾਂ ਹੈ ਅਤੇ ਲਾਲਚੀ ਵਿਅਕਤੀ ਰੋਗੀ ਵਾਂਗ ਵਿਹਾਰ ਕਰਦਾ ਹੈ।

ਅਜੋਕੇ ਸੰਸਾਰ ਦਾ ਲਗਭਗ ਹਰੇਕ ਵਿਅਕਤੀ ਕਿਸੇ ਨਾ ਕਿਸੇ ਲਾਲਚ ਦੀ ਪਕੜ ਵਿਚ ਹੈ। ਜਿਵੇਂ ਵਪਾਰੀ ਨੂੰ ਵਧੇਰੇ ਗਾਹਕਾਂ ਅਤੇ ਵਧੇਰੇ ਮੁਨਾਫ਼ੇ ਦਾ ਲਾਲਚ ਹੁੰਦਾ ਹੈ, ਉਵੇਂ ਹੀ ਡਾਕਟਰ ਨੂੰ ਮਰੀਜ਼ਾਂ ਦਾ, ਸੰਤ ਨੂੰ ਸ਼ਰਧਾਲੂਆਂ ਦਾ, ਆਗੂ ਨੂੰ ਵੋਟਾਂ ਦਾ ਲਾਲਚ ਹੁੰਦਾ ਹੈ।

ਇਸਤਰੀ ਨੂੰ ਸੁੰਦਰਤਾ ਦਾ, ਵਿਦਵਾਨ ਨੂੰ ਗਿਆਨ ਦਾ ਲਾਲਚ ਹੁੰਦਾ ਹੈ।

ਸਭ ਤੋਂ ਮੁੱਢਲਾ ਲਾਲਚ ਭੋਜਨ ਦਾ ਹੁੰਦਾ ਹੈ, ਕਈ ਸਾਰਾ ਜੀਵਨ ਇਸ ਲਾਲਚ ਦੀ ਕੈਦ ਭੁਗਤਦੇ ਹਨ ਅਤੇ ਸੰਸਾਰ ਤੋਂ ਜਲਦੀ ਵਿਦਾ ਹੋ ਜਾਂਦੇ ਹਨ।

ਜੇ ਭੋਜਨ ਦਾ ਲਾਲਚ ਪੂਰਾ ਹੋ ਜਾਵੇ ਤਾਂ ਕਾਮ ਦਾ ਲਾਲਚ ਜਾਗ ਪੈਂਦਾ ਹੈ।

ਮਨੁੱਖ ਸਮਝਦਾ ਹੈ ਉਹ ਇਸਤਰੀਆਂ ਵਿਚ ਹਰਮਨ-ਪਿਆਰਾ ਹੋ ਰਿਹਾ ਹੈ ਪਰ ਹੋ ਉਹ ਬਦਨਾਮ ਰਿਹਾ ਹੁੰਦਾ ਹੈ।

ਜੇ ਭੋਜਨ ਅਤੇ ਕਾਮ ਦੇ ਲਾਲਚ ਪੂਰੇ ਹੋ ਜਾਣ ਤਾਂ ਪੈਸੇ ਦਾ ਲਾਲਚ ਜਾਗ ਪੈਂਦਾ ਹੈ, ਜਿਹੜਾ ਸ਼ਾਂਤ ਹੁੰਦਾ ਹੀ ਨਹੀਂ ਅਤੇ ਇਹ ਗਹਿਣਿਆਂ ਅਤੇ ਜਾਇਦਾਦਾਂ ਦੇ ਰੂਪ ਵਿਚ ਵੱਧਦਾ ਹੀ ਜਾਂਦਾ ਹੈ।

ਇਸ ਉਪਰੰਤ ਮਨੁੱਖ ਵਿਚ ਪਤਵੰਤਾ ਬਣਨ ਦਾ ਲਾਲਚ ਜਾਗਦਾ ਹੈ।

ਜਦੋਂ ਉਹ ਪੈਸੇ ਦੇ ਜ਼ੋਰ ਨਾਲ ਪਤਵੰਤਾ ਵੀ ਬਣ ਜਾਂਦਾ ਹੈ ਤਾਂ ਉਸ ਵਿਚ ਅਹੁਦੇ ਅਤੇ ਹਕੂਮਤ ਦਾ ਲਾਲਚ ਉਜਾਗਰ ਹੋ ਜਾਂਦਾ ਹੈ।

ਜਦੋਂ ਇਹ ਵੀ ਪੂਰਾ ਹੋ ਜਾਵੇ ਤਾਂ ਜਨਮਾਂ-ਜਨਮਾਂਤਰਾਂ ਦੀਆਂ ਛੁਪੀਆਂ ਹੋਈਆਂ ਅਤ੍ਰਿਪਤ ਭੁੱਖਾਂ ਜਾਗ ਪੈਂਦੀਆਂ ਹਨ, ਜਿਨ੍ਹਾਂ ਕਾਰਨ ਉਸ ਵਿਚ ਮਨਮਾਨੀ ਕਰਨ ਦਾ ਲਾਲਚ ਪੈਦਾ ਹੁੰਦਾ ਹੈ। ਇਸ ਪੜਾਓ 'ਤੇ ਲਾਲਚੀ ਵਿਅਕਤੀ ਦਾ ਘੋਖਲਾਪਣ ਅਤੇ ਨੀਵਾਂਪਣ ਪ੍ਰਗਟ ਹੋਣ ਲੱਗ ਪੈਂਦਾ ਹੈ।

ਲਾਲਚ ਦੀਆਂ ਵੰਨਗੀਆਂ ਦਾ ਕੋਈ ਅੰਤ ਨਹੀਂ। ਵਾਸਤਵ ਵਿਚ ਜਿਸ ਵਿਹਾਰ ਉੱਤੇ ਮਨੁੱਖ ਦਾ ਨਿਯੰਤਰਣ ਨਹੀਂ, ਉਹ ਲਾਲਚ ਕਹਾਉਂਦਾ ਹੈ।

ਕਈਆਂ ਨੂੰ ਫੋਟੋਆਂ ਖਿਚਵਾਉਣ, ਹਾਰ ਪੁਆਉਣ, ਸਨਮਾਨ ਕਰਵਾਉਣ, ਖ਼ਬਰਾਂ ਲਵਾਉਣ, ਸ਼ਰਧਾਂਜਲੀਆਂ ਦੇਣ, ਪ੍ਰਧਾਨਗੀਆਂ ਕਰਨ ਦਾ ਲਾਲਚ ਹੁੰਦਾ ਹੈ

ਇਸਤਰੀ ਵਿਚ ਚਾਲ੍ਹੀਆਂ ਦੀ ਹੋ ਕੇ ਤੀਹਾਂ ਦੀ ਲੱਗਣ ਦਾ ਲਾਲਚ ਹੁੰਦਾ ਹੈ।

ਕਈ ਲਾਲਚ ਉਮਰ ਅਨੁਸਾਰ ਹੁੰਦੇ ਹਨ, ਜਿਵੇਂ ਬੱਚੇ ਨੂੰ ਖਾਣ-ਖੇਡਣ ਦਾ, ਜਵਾਨ ਨੂੰ ਸੱਜਣ-ਫੱਬਣ ਦਾ ਅਤੇ ਕਈ ਲੜਕੀਆਂ ਨੂੰ ਇਕੋ ਵੇਲੇ ਕਈਆਂ ਨੂੰ ਪਿਆਰ ਕਰਨ ਦਾ, ਅੱਧਖੜ ਨੂੰ ਜਵਾਨ ਲੱਗਣ ਅਤੇ ਰੁਤਬੇ ਦਾ, ਬਜ਼ੁਰਗ ਨੂੰ ਚੰਗੀ ਸਿਹਤ ਅਤੇ ਜਾਇਦਾਦ ਦਾ ਲਾਲਚ ਹੁੰਦਾ ਹੈ।

ਜਦੋਂ ਮਨੁੱਖ ਬਚਪਨ ਦਾ ਭੋਲਾਪਣ, ਸੁਭਾਵਕਤਾ, ਹੈਰਾਨ ਹੋਣ ਦੀ ਯੋਗਤਾ ਅਤੇ ਸੁੰਦਰਤਾ ਦੀ ਪ੍ਰਸ਼ੰਸਾ ਕਰਨ ਦੀ ਸਮਰੱਥਾ ਗੁਆ ਲੈਂਦਾ ਹੈ ਤਾਂ ਉਹ ਸੰਤੁਸ਼ਟ ਕਰਨ ਵਾਲੀਆਂ ਤਸੱਲੀਆਂ ਨੂੰ ਤਿਆਗ ਕੇ ਲਾਲਚ ਦੇ ਸੰਸਾਰ ਵਿਚ ਪ੍ਰਵੇਸ਼ ਕਰਦਾ ਹੈ।

ਲਾਲਚ ਤੋਂ ਮੁਕਤ ਵਿਹਾਰ, ਸੁਭਾਵਕ ਹੁੰਦਾ ਹੈ।

ਜਿਵੇਂ ਇਕ ਬੱਚੇ ਨੂੰ ਜਦੋਂ ਖਾਣ ਲਈ ਕੁਲਫ਼ੀ ਮਿਲੀ ਤਾਂ ਉਸ ਨੇ ਕਿਹਾ ਕਿ ਉਹ ਘਰ ਜਾ ਕੇ ਆਪਣੇ ਛੋਟੇ ਭਰਾ ਨਾਲ ਖਾਵੇਗਾ, ਉਸ ਨੂੰ ਜਦੋਂ ਦੱਸਿਆ ਗਿਆ ਕਿ ਕੁਲਫ਼ੀ ਪਿਘਲ ਜਾਵੇਗੀ ਤਾਂ ਉਸਨੇ ਕਿਹਾ, ਤੁਸੀਂ ਕੁਲਫ਼ੀ ਫੜ ਕੇ ਰੱਖੋ, ਮੈਂ ਦੌੜ ਕੇ ਆਪਣੇ ਭਰਾ ਨੂੰ ਬੁਲਾ ਲਿਆਵਾਂ।

ਜਦੋਂ ਉਸ ਨੂੰ ਨਾ ਜਾਣ ਦਿੱਤਾ ਗਿਆ, ਉਹ ਤਾਂ ਹੀ ਕੁਲਫ਼ੀ ਖਾਣ ਲਈ ਮੰਨਿਆ ਪਰ ਇੱਛਾ ਉਸ ਦੀ ਭਰਾ ਨਾਲ ਰਲ ਕੇ ਕੁਲਫ਼ੀ ਖਾਣ ਦੀ ਸੀ।

ਇਸਤਰੀਆਂ ਘੱਟ ਲਾਲਚੀ ਹੁੰਦੀਆਂ ਹਨ, ਉਹ ਹਰ ਚੀਜ਼ ਵਾਂਗ, ਅੰਬ ਵੰਡ ਕੇ ਖਾਣਗੀਆਂ ਪਰ ਪੁਰਸ਼ ਸਬੂਤਾ ਅੰਬ ਖਾਣਾ ਚਾਹੁੰਦੇ ਹਨ।

ਭਾਵੇਂ ਇਸਤਰੀ ਅਕਸਰ ਘੱਟ ਲਾਲਚੀ ਹੁੰਦੀ ਹੈ ਪਰ ਜਿਹੜੀ ਹੁੰਦੀ ਹੈ, ਉਹ ਬੜੀ ਲਾਲਚੀ ਹੁੰਦੀ ਹੈ ਅਤੇ ਸਾਰੀਆਂ ਹੱਦਾਂ ਟੱਪ ਜਾਂਦੀ ਹੈ।

ਪੁਰਸ਼ਾਂ ਦੇ ਉਲਟ ਇਸਤਰੀਆਂ ਵਿਚ ਲਾਲਚ ਘੱਟ ਪਰ ਸੁਹਿਰਦਤਾ ਵਧੇਰੇ ਹੁੰਦੀ ਹੈ। ਕਾਲਜ ਵਿਚ ਇਕ ਤਿੰਨ-ਟੰਗੀ ਰੇਸ ਵਿਚ, ਇਕ ਮੱਧਰੀ ਲੜਕੀ ਨੇ ਆਪਣੀ ਲੰਮੀ ਸਹੇਲੀ ਨੂੰ ਆਪਣੀ ਸਾਥਣ ਬਣਾਇਆ, ਮਾਂ ਨੇ ਕਿਹਾ: ਜੇ ਰੇਸ

ਜਿੱਤਣੀ ਹੈ ਤਾਂ ਕਿਸੇ ਆਪਣੇ ਵਰਗੀ ਨੂੰ ਸਾਥਣ ਬਣਾ ਪਰ ਧੀ ਨੇ ਕਿਹਾ: ਕਿਉਂ? ਦੌੜ ਜਿੱਤਣ ਵਾਸਤੇ ਮੈਂ ਆਪਣੀ ਸਹੇਲੀ ਬਦਲ ਲਵਾਂ?

ਅਪੰਗ ਵਿਅਕਤੀਆਂ ਵਿਚ ਲਾਲਚ ਘੱਟ ਹੁੰਦਾ ਹੈ ਅਤੇ ਅਪੰਗਤਾ ਦੇ ਬਾਵਜੂਦ ਉਹ ਵਧੇਰੇ ਸਹਿਯੋਗ ਅਤੇ ਕੁਰਬਾਨੀਆਂ ਦਿੰਦੇ ਹਨ।

ਗਰੀਬ ਮਾਪਿਆਂ ਦਾ ਇਕ ਬੱਚਾ ਇਕ ਲੱਤ ਤੋਂ ਅਪੰਗ ਸੀ, ਮਾਪਿਆਂ ਲਈ ਉਸ ਦਾ ਧਿਆਨ ਰੱਖਣਾ ਮੁਸ਼ਕਿਲ ਸੀ। ਉਹ ਮਾਪਿਆਂ 'ਤੇ ਬੋਝ ਨਾ ਬਣਨ ਦੀ ਗੱਲ ਕਰਦਾ ਰਹਿੰਦਾ ਸੀ। ਇਕ ਦਿਨ ਬਿਨਾਂ ਦਸੇ ਉਹ ਗੱਡੀ ਚੜ੍ਹ ਗਿਆ, ਕੁਝ ਸਾਲ ਗੁਰਦੁਆਰਿਆਂ ਵਿਚ ਸੇਵਾ ਕਰਦਾ ਰਿਹਾ, ਫਿਰ ਆਪਣਾ ਕੰਮ ਕਰਨ ਲੱਗ ਪਿਆ ਅਤੇ ਮਾਪਿਆਂ ਦੀ ਮਦਦ ਕਰਦਾ ਰਿਹਾ, ਕਿਸੇ ਨੇ ਪੁੱਛਿਆ: ਤੈਨੂੰ ਘਰ ਛੱਡਣ ਦੀ ਹਿੰਮਤ ਕਿਵੇਂ ਪਈ? ਉਸ ਨੇ ਕਿਹਾ: ਹਿੰਮਤ ਹਰ ਕਿਸੇ ਵਿਚ ਹੁੰਦੀ ਹੈ ਪਰ ਕਿਸੇ ਲਾਲਚ ਕਾਰਨ, ਅਸੀਂ ਉਸ ਨੂੰ ਵਰਤਦੇ ਨਹੀਂ।

ਸ਼ਹਿਰੀ ਲੋਕ ਵਧੇਰੇ ਲਾਲਚੀ ਹੁੰਦੇ ਹਨ, ਕਿਉਂਕਿ ਸ਼ਹਿਰਾਂ ਵਿਚ ਲਾਲਚ ਕਰਨ ਯੋਗ ਪੈਸਾ ਅਤੇ ਚੀਜ਼ਾਂ ਵਧੇਰੇ ਹੁੰਦੀਆਂ ਹਨ।

ਜੇ ਲਾਲਚ ਦੇ ਸਾਰੇ ਰੰਗ ਵੇਖਣੇ ਹੋਣ ਤਾਂ ਰਾਜਧਾਨੀ ਵਿਚ ਜਾਓ।

ਪੇਂਡੂ ਵੀ ਲਾਲਚੀ ਹੁੰਦੇ ਹਨ ਪਰ ਉਨ੍ਹਾਂ ਦਾ ਲਾਲਚ ਇਕ-ਦੋ ਚੀਜ਼ਾਂ ਤੱਕ ਹੀ ਹੁੰਦਾ ਹੈ। ਕਿਸਾਨ ਦਾ ਮੁੱਖ ਲਾਲਚ ਜ਼ਮੀਨ ਬਾਰੇ ਹੁੰਦਾ ਹੈ।

ਇਕ ਕਿਸਾਨ ਨੇ ਕਿਹਾ ਸੀ: ਮੈਨੂੰ ਜ਼ਮੀਨ ਦਾ ਲਾਲਚ ਕੋਈ ਨਹੀਂ ਪਰ ਮੈਂ ਚਾਹੁੰਦਾ ਹਾਂ ਕਿ ਮੇਰੀ ਜ਼ਮੀਨ ਦੇ ਆਲੇ-ਦੁਆਲੇ ਦੇ ਖੇਤ, ਮੇਰੇ ਹੋ ਜਾਣ।

ਜਿਹੜੇ ਲਾਲਚੀ ਹੁੰਦੇ ਹਨ, ਉਹ ਕੰਜੂਸ ਵੀ ਹੁੰਦੇ ਹਨ।

ਇਕ ਵਿਸ਼ਵ-ਪ੍ਰਸਿੱਧ ਫਰਾਂਸੀਸੀ ਅਦਾਕਾਰਾ ਕਿਸੇ ਦੇ ਘਰ ਹੋਰ ਮਹਿਮਾਨਾਂ ਨਾਲ ਪ੍ਰੀਤੀ-ਭੋਜ ਕਰ ਰਹੀ ਸੀ ਅਤੇ ਮੇਜ਼ 'ਤੇ ਪਏ ਚਾਂਦੀ ਦੇ ਫੁੱਲਦਾਨ ਨੂੰ ਲਲਚਾਈਆਂ ਨਜ਼ਰਾਂ ਨਾਲ ਵੇਖ ਕੇ ਪ੍ਰਸੰਸਾ ਕਰ ਰਹੀ ਸੀ।

ਉਸ ਦੀ ਪ੍ਰਸਿੱਧੀ ਦਾ ਮਾਣ ਕਰਦਿਆਂ, ਮੇਜ਼ਬਾਨ ਨੇ ਗੁਲਦਸਤੇ ਸਮੇਤ ਫੁਲਦਾਨ ਉਸ ਨੂੰ ਭੇਟ ਕਰ ਦਿੱਤਾ। ਫਿਰ ਉਸ ਅਦਾਕਾਰਾ ਨੇ ਕਿਹਾ ਕਿ ਉਹ ਜਿਸ ਟੈਕਸੀ 'ਤੇ ਆਈ ਸੀ, ਉਹ ਤਾਂ ਜਾ ਚੁੱਕੀ ਸੀ, ਜੇ ਮੈਂ ਫੁਲਦਾਨ ਹੱਥ ਵਿਚ ਫੜ ਕੇ ਲੈ ਕੇ ਗਈ ਤਾਂ ਕੋਈ ਖੋਹ ਲਵੇਗਾ, ਸੋ ਮੇਜ਼ਬਾਨ ਨੇ ਕਿਹਾ: ਮੇਰੀ ਬੱਘੀ ਤੁਹਾਨੂੰ ਘਰ ਪਹੁੰਚਾ ਦੇਵੇਗੀ ਪਰ ਨਾਲ ਹੀ ਵਿਅੰਗ ਨਾਲ ਕਿਹਾ ਕਿ ਘਰ ਪਹੁੰਚ ਕੇ ਇਤਨੀ ਮਿਹਰਬਾਨੀ ਜ਼ਰੂਰ ਕਰਨੀ ਕਿ ਮੇਰੀ ਬੱਘੀ ਵਾਪਸ ਭੇਜ ਦੇਣੀ।

ਅਜਿਹੇ ਮਹਿਮਾਨ ਹਰ ਘਰ ਵਿਚ ਇਕ ਵਾਰੀ ਹੀ ਬੁਲਾਏ ਜਾਂਦੇ ਹਨ।

ਇਕ ਪ੍ਰਸਿੱਧ ਸੰਗੀਤਕਾਰ ਆਪਣੀ ਕੰਜੂਸ-ਲਾਲਚੀ ਬਿਰਤੀ ਕਾਰਨ, ਜਿੱਥੇ ਜਾਂਦਾ ਸੀ, ਉੱਥੇ ਮੱਲੋਮੱਲੀ ਕੋਈ ਚੀਜ਼ ਮੰਗ ਲੈਂਦਾ ਸੀ। ਇਕ ਵਾਰੀ ਸਾਜ਼ਾਂ ਦੀ ਦੁਕਾਨ ਵਿਚ ਉਸ ਨੇ ਸਾਹਮਣੇ ਲਟਕ ਰਹੀ ਇਕ ਪੁਰਾਣੀ ਵਾਇਲਨ ਵਿਖਾਉਣ ਲਈ ਕਿਹਾ, ਦੁਕਾਨਦਾਰ ਨੇ ਦੱਸਿਆ: ਉਹ ਟੁੱਟੀ ਹੋਈ ਹੈ। ਦੁਬਾਰਾ ਮੰਗਣ ਉੱਤੇ ਦੁਕਾਨਦਾਰ ਨੇ ਉਹ ਮੁਫ਼ਤ ਹੀ ਦੇ ਦਿੱਤੀ, ਜਿਹੜੀ ਉਸ ਪ੍ਰਸਿੱਧ ਸੰਗੀਤਕਾਰ ਨੇ

ਆਪਣੇ ਇਕ ਅਮੀਰ ਪ੍ਰਸ਼ੰਸਕ ਨੂੰ ਇਹ ਕਹਿ ਕੇ ਵੱਡੀ ਕੀਮਤ 'ਤੇ ਵੇਚੀ ਕਿ ਬਚਪਨ ਵਿਚ ਮੈਂ ਇਸ ਨਾਲ ਸੰਗੀਤ ਸਿੱਖਿਆ ਕਰਦਾ ਸਾਂ।

ਇਨਾਮਾਂ-ਸਨਮਾਨਾਂ ਲਈ ਲਾਲਚ ਬੜੇ ਵੱਡੇ ਅਤੇ ਸਨਮਾਨਿਤ ਕਲਾਕਾਰਾਂ ਨੂੰ ਬੜੇ ਨੀਵੇਂ ਝੁੱਕਣ ਲਈ ਮਜਬੂਰ ਕਰ ਦਿੰਦਾ ਹੈ।

ਟਿਊਸ਼ਨਾਂ ਪੜ੍ਹਾਉਣ ਵਾਲੇ, ਲਾਲਚੀ ਹੋਣ ਕਾਰਨ, ਸਤਿਕਾਰਯੋਗ ਅਤੇ ਪ੍ਰੇਰਨਾ ਦੇਣ ਵਾਲੇ, ਯਾਦਗਾਰੀ ਅਧਿਆਪਕ ਨਹੀਂ ਬਣਦੇ।

ਚੰਗੇ ਕਾਮੇ, ਚੰਗੇ ਅਧਿਆਪਕ, ਚੰਗੇ ਆਗੂ ਲਾਲਚ ਤੋਂ ਮੁਕਤ ਹੁੰਦੇ ਹਨ।

ਵਧੇਰੇ ਪੂਜਾ-ਪਾਠ ਅਤੇ ਦਾਨ-ਪੁੰਨ ਵੀ ਲਾਲਚ ਤੋਂ ਪ੍ਰੇਰਿਤ ਹੁੰਦਾ ਹੈ ਕਿਉਂਕਿ ਇਸ ਦਾ ਅਸਲ ਕਾਰਨ ਅਸੁਰੱਖਿਆ ਦੀ ਭਾਵਨਾ ਹੁੰਦੀ ਹੈ।

ਵਾਸਤਵ ਵਿਚ ਅਸੁਰੱਖਿਆ ਦੀ ਭਾਵਨਾ ਹੀ ਲਾਲਚ ਉਪਜਾਉਂਦੀ ਹੈ।

ਜਦੋਂ ਤੁਸੀਂ ਸੁਰੱਖਿਅਤ ਮਹਿਸੂਸ ਕਰੋਗੇ, ਉਸ ਵੇਲੇ ਤੁਹਾਡੇ ਵਿਚ ਕੋਈ ਲਾਲਚ ਜਾਂ ਇੱਛਾ ਨਹੀਂ ਹੋਵੇਗੀ। ਲਾਲਚ-ਇੱਛਾ ਤੋਂ ਮੁਕਤ ਹੋਣ ਕਾਰਨ ਹੀ ਤੁਸੀਂ ਪ੍ਰਸੰਨ ਹੋਵੋਗੇ ਅਤੇ ਪ੍ਰਸੰਨ ਹੋਣ ਕਾਰਨ ਹੀ ਇੱਛਾ-ਲਾਲਚ ਤੋਂ ਮੁਕਤ ਹੋਵੋਗੇ।

ਲਾਲਚ ਦੇ ਅਨੇਕਾਂ ਰੂਪ ਹਨ ਅਤੇ ਅਣਗਿਣਤ ਨਵੇਂ ਰੂਪ ਘੜੇ ਜਾ ਰਹੇ ਹਨ।

ਕਈ ਸਮਾਗਮ ਤੋਹਫ਼ੇ ਲੈਣ ਅਤੇ ਸ਼ਗਨ ਉਗਰਾਹੁਣ ਲਈ ਹੀ ਕੀਤੇ ਜਾਂਦੇ ਹਨ।

ਜਿਵੇਂ ਵਧੇਰੇ ਪਕਵਾਨ ਵੇਖ ਕੇ ਅਸੀਂ ਆਪਣੀ ਭੁੱਖ ਵਧਾ ਲੈਂਦੇ ਹਾਂ, ਉਵੇਂ ਹੀ ਲਾਲਚੀ ਵਾਤਾਵਰਣ ਵਿਚ ਅਸੀਂ ਵੀ ਆਪਣਾ ਛੁਪਿਆ ਲਾਲਚ ਜਗਾ ਲੈਂਦੇ ਹਾਂ।

ਪੁਰਸ਼ ਆਪਣਾ ਲਾਲਚ ਲੁਕਾਉਂਦੇ ਨਹੀਂ ਪਰ ਇਸਤਰੀਆਂ ਵਿਚ ਆਪਣਾ ਲਾਲਚ ਲੁਕਾਉਣ ਦੀ ਯੋਗਤਾ ਵਧੇਰੇ ਹੁੰਦੀ ਹੈ।

ਤਿੰਨ ਧੀਆਂ ਦੇ ਵਿਆਹ ਉਪਰੰਤ, ਪੁੱਤਰ ਦੇ ਵਿਆਹ ਵੇਲੇ, ਇਕ ਇਸਤਰੀ ਵਿਚ ਸਾਰੇ ਛੁਪੇ ਹੋਏ ਲਾਲਚ ਉਪਜਣੇ ਸੁਭਾਵਕ ਹੁੰਦੇ ਹਨ।

ਸਮਾਜ ਵਿਚ ਭ੍ਰਿਸ਼ਟਾਚਾਰ ਦਾ ਮੁੱਖ ਕਾਰਨ ਵੀ ਲਾਲਚ ਹੈ।

ਭ੍ਰਿਸ਼ਟਾਚਾਰ ਅਤੇ ਲਾਲਚ, ਅਕਸਰ ਸੰਤਾਨ-ਮੋਹ ਕਾਰਨ ਵੱਧਦਾ ਹੈ।

ਵਾਤਾਵਰਣਕ ਵਿਗਾੜ ਅਤੇ ਪ੍ਰਦੂਸ਼ਣ ਦਾ ਕਾਰਨ ਵੀ ਮਨੁੱਖ ਦੀ ਲਾਲਚੀ ਬਿਰਤੀ ਹੈ।

ਭਰੂਣ-ਹੱਤਿਆ ਵੀ ਜੁੜਦੀ, ਜੁੜਦੀ ਅੰਤ ਵਿਚ ਲਾਲਚ ਨਾਲ ਜੁੜ ਜਾਂਦੀ ਹੈ।

ਆਪਣਾ ਮਕਾਨ ਕਿਤਨਾ ਵੀ ਵੱਡਾ ਹੋਵੇ, ਮਨੁੱਖ ਅਕਸਰ ਨਾਲ ਦੀ ਖਾਲੀ ਪਈ ਜ਼ਮੀਨ 'ਤੇ ਨਜਾਇਜ਼ ਕਬਜ਼ਾ ਜ਼ਰੂਰ ਕਰਦਾ ਹੈ। ਸਰਕਾਰੀ ਮਕਾਨਾਂ ਵਿਚ ਰਹਿਣ ਵਾਲੇ ਸਾਰੇ, ਹੋਰ ਵੱਡੇ ਮਕਾਨ ਦਾ ਲਾਲਚ ਕਰਦੇ ਹਨ।

ਹਰ ਘਰ ਵਿਚ ਇਕ ਹੋਰ ਕਮਰੇ ਦੀ ਲੋੜ ਨਹੀਂ ਹੁੰਦੀ, ਲਾਲਚ ਹੁੰਦਾ ਹੈ।

ਸੁੰਦਰ ਇਸਤਰੀ ਕਿਸੇ ਵੱਲ ਧਿਆਨ ਨਹੀਂ ਦਿੰਦੀ, ਉਸ ਵਿਚ ਹੋਰਾਂ ਦਾ ਧਿਆਨ ਖਿੱਚਣ ਦਾ ਲਾਲਚ ਹੁੰਦਾ ਹੈ।

ਜਿਨ੍ਹਾਂ ਚੀਜ਼ਾਂ ਦਾ ਅਸੀਂ ਲਾਲਚ ਕਰਦੇ ਹਾਂ, ਉਨ੍ਹਾਂ ਦੀ ਸਾਨੂੰ ਲੋੜ ਨਹੀਂ ਹੁੰਦੀ, ਲੋੜੀਂਦੀਆਂ ਚੀਜ਼ਾਂ ਸਾਡੇ ਕੋਲ ਪਹਿਲਾਂ ਹੀ ਹੁੰਦੀਆਂ ਹਨ ਪਰ ਤਸੱਲੀ ਨਹੀਂ ਹੁੰਦੀ,

ਇਵੇਂ ਲਾਲਚ ਵਾਸਤਵ ਵਿਚ ਤਸੱਲੀ ਵਧਾਉਣ ਲਈ ਕੀਤਾ ਜਾਂਦਾ ਹੈ ਪਰ ਤਸੱਲੀ ਨਹੀਂ ਵੱਧਦੀ, ਲਾਲਚ ਹੀ ਵੱਧਦਾ ਹੈ।

ਮਹਾਨ ਵਿਅਕਤੀ ਲਾਲਚ ਤੋਂ ਮੁਕਤ ਹੋਣ ਕਾਰਨ ਹੀ ਸਾਡੀਆਂ ਉੱਚੀਆਂ ਭਾਵਨਾਵਾਂ ਨੂੰ ਮੁਖਾਤਬ ਹੁੰਦੇ ਹਨ।

ਉਨ੍ਹਾਂ ਨੇ ਲਾਲਚ ਤੋਂ ਮੁਕਤ ਹੋਣ ਦਾ ਸਫਲ ਜਤਨ ਕੀਤਾ, ਇਸੇ ਲਈ ਉਹ ਮਹਾਨ ਬਣੇ, ਅਸੀਂ ਪੂਰਾ ਯਤਨ ਨਹੀਂ ਕਰਦੇ, ਇਸੇ ਲਈ ਅਸੀਂ ਸਧਾਰਨ ਹਾਂ।

ਹੁਣ ਸਰਲ, ਸਾਦਾ, ਸੰਜਮੀ ਜੀਵਨ ਕਿਸੇ ਦਾ ਉਦੇਸ਼ ਨਹੀਂ ਰਿਹਾ, ਅਜਿਹਾ ਜੀਵਨ ਹੁਣ ਲਤੀਫ਼ਿਆਂ ਦਾ ਵਿਸ਼ਾ ਬਣ ਗਿਆ ਹੈ। ਇਕ ਭ੍ਰਿਸ਼ਟ ਵਿਅਕਤੀ ਨੇ ਆਪਣੇ ਇਮਾਨਦਾਰ ਭਰਾ ਬਾਰੇ ਕਿਸੇ ਨੂੰ ਕਿਹਾ: ਉਨ੍ਹਾਂ ਨੂੰ ਇਮਾਨਦਾਰੀ ਦਾ ਰੋਗ ਹੈ।

ਅਜੋਕੇ ਸੰਸਾਰ ਵਿਚ ਸਭ ਪਾਸੇ ਲਾਲਚ ਅਤੇ ਮੁਕਾਬਲੇ ਦਾ ਬੋਲਬਾਲਾ ਹੈ।

ਜੀਵਨ ਦੀਆਂ ਤਰਜੀਹਾਂ ਬਦਲ ਗਈਆਂ ਹਨ।

ਲਾਲਚ ਬਾਰੇ ਚਰਚਾ ਅਕਸਰ ਉਪਦੇਸ਼ ਬਣ ਜਾਂਦੀ ਹੈ ਪਰ ਸੁਣਦਾ ਕੋਈ ਨਹੀਂ। ਲਾਲਚ ਤੋਂ ਮੁਕਤ ਵਿਅਕਤੀ ਹੀ ਹੋਰਾਂ ਦਾ ਧਿਆਨ ਰੱਖ ਸਕਦਾ ਹੈ। ਹੋਰਾਂ ਦਾ ਧਿਆਨ ਰੱਖਣ ਨਾਲ ਮਨੁੱਖ ਸਹਿਯੋਗੀ, ਸਖੀ ਅਤੇ ਦਿਆਲੂ ਕਹਾਉਂਦਾ ਹੈ।

ਇਕ ਦਿਨ ਸੰਸਾਰ ਲਾਲਚ ਤੋਂ ਅੱਕ ਜਾਵੇਗਾ, ਯੋਰਪ ਦੇ ਕਈ ਦੇਸ਼, ਸਵਿਟਜ਼ਰਲੈਂਡ ਵਾਂਗ ਲਾਲਚ ਨੂੰ ਤਿਆਗ ਚੁੱਕੇ ਹਨ।

ਨਿਊਜ਼ੀਲੈਂਡ ਸੰਸਾਰ ਦਾ ਸਭ ਤੋਂ ਵਧੇਰੇ ਇਮਾਨਦਾਰ ਦੇਸ਼ ਐਲਾਨਿਆ ਗਿਆ ਹੈ। ਸਵੀਡਨ ਅਤੇ ਨਾਰਵੇ ਲਾਲਚ ਤੋਂ ਮੁਕਤ ਹੋਣ ਕਾਰਨ ਬੜੇ ਸੁਰੱਖਿਅਤ ਦੇਸ਼ ਹਨ। ਬੈਲਜੀਅਮ ਵਿਚ ਬਹੁਤੇ ਲੋਕ ਸਾਈਕਲ ਵਰਤਦੇ ਹਨ, ਕਿਉਂਕਿ ਉਹ ਲਾਲਚ ਅਤੇ ਦਿਖਾਵੇ ਦੀ ਕੁਰੀਤੀ ਤੋਂ ਮੁਕਤ ਹਨ।

ਸਹੀ ਅਰਥਾਂ ਵਿਚ ਸੰਸਾਰ ਉਦੋਂ ਸਭਿਅਕ ਅਤੇ ਖੁਸ਼ਹਾਲ ਬਣੇਗਾ, ਜਦੋਂ ਕੁਝ ਮੰਗਣ-ਲੈਣ ਨਾਲੋਂ, ਸਭ ਕੁਝ ਦੇਣਾ ਬੜਾ ਸੁਖਾਲਾ ਅਤੇ ਆਨੰਦਮਈ ਹੋ ਜਾਵੇਗਾ।

ਵਿਸ਼ਵਾਸ ਰਖੋ, ਇਕ ਦਿਨ ਅਜਿਹਾ ਜ਼ਰੂਰ ਹੋਵੇਗਾ।

+ + +

ਆਲੂ ਵਿਚਾਰਾ

ਆਲੂ ਹੈ ਤਾਂ ਸਾਹਿਬ ਪਰ ਹਰ ਕੋਈ ਇਸ ਨੂੰ ਵਿਚਾਰਾ ਹੀ ਸਮਝਦਾ ਹੈ।

ਗੁਣਾਂ ਦੇ ਪੱਖੋਂ ਆਲੂ ਬੜਾ ਅਮੀਰ ਹੈ ਪਰ ਇਸ ਪ੍ਰਤੀ ਵਿਹਾਰ ਹਰ ਕੋਈ ਲਾਪ੍ਰਵਾਹੀ ਵਾਲਾ ਕਰਦਾ ਹੈ। ਆਲੂ ਕੋਲ ਫੜ੍ਹ ਮਾਰਨ ਲਈ ਕੁਝ ਨਹੀਂ, ਨਾ ਇਸ ਨੂੰ ਵਿਰਸੇ ਦਾ ਮਾਣ ਹੈ ਨਾ ਰੁੱਤਬੇ ਦਾ ਘਮੰਡ।

ਆਲੂ ਨੂੰ ਮੋਹਰੀ ਸਥਾਨ ਕਿਧਰੇ ਨਹੀਂ ਮਿਲਦਾ, ਕਿਉਂਕਿ ਹਰ ਵਾਰੀ ਇਸ ਨੂੰ ਕਿਸੇ ਹੋਰ ਸਬਜ਼ੀ ਦਾ ਪਿਛਲੱਗ ਬਣਾ ਦਿੱਤਾ ਜਾਂਦਾ ਹੈ।

ਆਮ ਸਧਾਰਨ ਪਰਿਵਾਰਾਂ ਦਾ ਆਹਾਰ ਹੋਣ ਕਾਰਨ, ਆਲੂ ਵਿਸ਼ੇਸ਼ ਨਹੀਂ ਬਣ ਸਕਿਆ। ਕਿਸੇ ਚੀਜ਼ ਦਾ ਮਹੱਤਵ ਉਦੋਂ ਬਣਦਾ ਹੈ, ਜਦੋਂ ਉਹ ਦੂਰ ਤੋਂ ਆਵੇ, ਥੋੜ੍ਹੀ ਹੋਵੇ, ਮਹਿੰਗੀ ਹੋਵੇ ਅਤੇ ਅਮੀਰਾਂ ਦੀ ਪਸੰਦ ਹੋਵੇ।

ਹਰ ਕਿਸੇ ਦੀ ਲੋੜ ਪੂਰੀ ਕਰਨ ਦੇ ਪੱਖੋਂ ਆਲੂ ਪ੍ਰਵਾਨ ਤਾਂ ਹੋਇਆ ਹੈ ਪਰ ਇਸ ਨੂੰ ਉਹ ਮਹੱਤਵ ਨਹੀਂ ਮਿਲਿਆ, ਜਿਸ ਦਾ ਇਹ ਹੱਕਦਾਰ ਹੈ।

ਕਾਰਨ ਇਹ ਹੈ ਕਿ ਜਿਹੜੀ ਚੀਜ਼ ਸਧਾਰਨ ਲੋਕਾਂ ਨਾਲ ਜੁੜ ਜਾਵੇ, ਉਸ ਦਾ ਦਰਜਾ ਨੀਵਾਂ ਹੋ ਜਾਂਦਾ ਹੈ। ਮਾਮਾ-ਮਟਰ ਅਤੇ ਗੋਭੀ-ਮਾਸੀ ਆਦਿ ਰਿਸ਼ਤੇਦਾਰ ਸਬਜ਼ੀਆਂ, ਫਰਿਜ ਵਿਚ ਮੌਜਾਂ ਮਾਣਦੀਆਂ ਹਨ ਪਰ ਆਲੂ ਨੂੰ ਭਰਾ-ਪਿਆਜ਼ ਨਾਲ, ਸ਼ਰਨਾਰਥੀਆਂ ਵਾਂਗ ਬਾਹਰ ਹੀ ਰੁੱਲਣਾ ਪੈਂਦਾ ਹੈ।

ਆਲੂ ਦੇ ਨੀਵੇਂ ਰੁਤਬੇ ਕਾਰਨ ਹੀ ਜੇ ਕਿਸੇ ਨੂੰ ਕਰੂਪ ਦੱਸਣਾ ਹੋਵੇ ਤਾਂ ਕਿਹਾ ਜਾਂਦਾ ਹੈ ਕਿ ਤੇਰਾ ਚਿਹਰਾ ਆਲੂ ਵਰਗਾ ਹੈ ਅਤੇ ਜੇ ਕਿਸੇ ਚੀਜ਼ ਨੂੰ ਬੇਸਵਾਦ ਦੱਸਣਾ ਹੋਵੇ ਤਾਂ ਕਹਿੰਦੇ ਹਨ, ਉਹ ਤਾਂ ਆਲੂ ਵਾਂਗ ਫਿੱਕੀ ਹੈ।

ਆਲੂ ਦੀ ਪ੍ਰਸੰਸਾ ਕਿਧਰੇ ਨਹੀਂ ਹੋਈ, ਇਸ ਦੀ ਆਲੋਚਨਾ ਕਰਨੀ ਅਤੇ ਇਸ ਨੂੰ ਨਜ਼ਰ-ਅੰਦਾਜ਼ ਕਰਨਾ ਹਰ ਕਿਸੇ ਦੀ ਆਦਤ ਹੈ।

ਹੁਣ ਆਲੂ ਦੀ ਕਿਸਮਤ ਬਦਲਣ ਵਾਲੀ ਹੈ, ਇਸ ਦੇ ਵੰਨ-ਸੁਵੰਨੇ ਅਤੇ ਸਵਾਦੀ ਪਕਵਾਨ ਬੜੇ ਉੱਚੇ ਮੁੱਲ 'ਤੇ ਵਿਕਣ ਲੱਗ ਪਏ ਹਨ ਅਤੇ ਵੱਡੀਆਂ ਕੰਪਨੀਆਂ ਇਸ ਵਿਚ ਦਿਲਚਸਪੀ ਲੈਣ ਲੱਗ ਪਈਆਂ ਹਨ।

ਆਲੂ ਨੇ ਵਿਸ਼ਵ-ਇਤਿਹਾਸ ਵਿਚ ਬੜਾ ਵੱਡਾ ਯੋਗਦਾਨ ਪਾਇਆ ਹੈ, ਕਿਉਂਕਿ ਇਸ ਨੇ ਕਈ ਦੇਸ਼ਾਂ ਦੇ ਨਕਸ਼ੇ ਬਦਲ ਦਿੱਤੇ ਹਨ। ਜਿਵੇਂ ਸੰਸਾਰ ਦੀ ਖਾਦ-ਸਮੱਸਿਆ ਹੱਲ ਕਰਨ ਵਿਚ ਚਾਵਲ ਨੇ ਕਣਕ ਦਾ ਸਾਥ ਦਿੱਤਾ ਹੈ, ਉਵੇਂ ਹੀ ਸੰਸਾਰ ਵਿਚ ਭੁੱਖ ਦੀ ਸਮੱਸਿਆ ਦੇ ਸਮਾਧਾਨ ਵਿਚ ਹਰ ਪਕਵਾਨ ਨੂੰ ਮੋਢਾ ਦੇ ਕੇ ਆਲੂ ਨੇ ਬੜਾ ਸਹਿਯੋਗ ਦਿੱਤਾ ਹੈ।

ਜੇ ਆਲੂ ਨਾ ਹੁੰਦਾ ਤਾਂ ਅਜੋਕਾ ਸੰਸਾਰ ਹੋਰ ਕਿਸਮ ਦਾ ਹੋਣਾ ਸੀ।

ਆਲੂ ਨੇ ਮਾਨਵਜਾਤੀ ਦੀ ਭੁੱਖ ਤੋਂ ਰੱਖਿਆ ਹੀ ਨਹੀਂ ਕੀਤੀ, ਇਸ ਨੇ ਹਰੇਕ ਵਿਅਕਤੀ ਦੀ ਸਰੀਰਕ ਊਰਜਾ ਦਾ ਪੱਧਰ ਵੀ ਉੱਚਾ ਚੁੱਕਿਆ ਹੈ।

ਇਸ ਨੇ ਮਨੁੱਖੀ ਡੀਲ-ਡੌਲ ਨੂੰ ਸੁਧਾਰਿਆ-ਸੰਵਾਰਿਆ ਹੀ ਨਹੀਂ, ਜੀਵਨ ਪ੍ਰਤੀ ਮਨੁੱਖ ਦਾ ਦ੍ਰਿਸ਼ਟੀਕੋਣ ਵੀ ਬਦਲਿਆ ਹੈ।

ਯੁੱਧ ਦੌਰਾਨ ਆਲੂ ਬੜੇ ਕੰਮ ਦੀ ਚੀਜ਼ ਬਣ ਜਾਂਦਾ ਹੈ, ਸ਼ਾਂਤੀ ਦੌਰਾਨ ਇਹ ਸਵਾਦ ਨਾਲ ਖਾਧੇ ਜਾਣ ਵਾਲੇ ਕਈ ਪ੍ਰਕਾਰ ਦੇ ਪਕਵਾਨ ਬਣਦਾ ਹੈ।

ਜੇ ਵਿਸ਼ਾਲ ਦ੍ਰਿਸ਼ਟੀ ਨਾਲ ਵੇਖਿਆ ਜਾਵੇ ਤਾਂ ਸਾਡੇ ਨਿਤਾ-ਪ੍ਰਤੀ ਦੇ ਜੀਵਨ ਵਿਚ ਰੌਣਕ ਪਰੌਂਠਿਆਂ, ਪਕੌੜਿਆਂ, ਟਿੱਕੀਆਂ, ਸਮੋਸਿਆਂ ਆਦਿ ਦੀ ਲਾਈ ਹੋਈ ਹੈ।

ਜਦੋਂ ਸਾਰੀਆਂ ਸਬਜ਼ੀਆਂ ਬੇਦਾਵਾ ਲਿਖ ਕੇ ਬੇਵਫ਼ਾ ਹੋ ਜਾਂਦੀਆਂ ਹਨ ਤਾਂ ਵੀ ਵਫ਼ਾਦਾਰੀ ਕੇਵਲ ਆਲੂ ਹੀ ਨਿਭਾਉਂਦਾ ਹੈ।

ਭੋਜਨ ਦੀ ਥੁੜ੍ਹ ਦੌਰਾਨ ਘਰ ਵਿਚ ਜੇ ਆਲੂ ਹੋਣ ਤਾਂ ਪਰਿਵਾਰ ਦਾ ਹੌਸਲਾ ਬਣਿਆ ਰਹਿੰਦਾ ਹੈ। ਭੁੱਖ ਦਾ ਸਾਹਮਣਾ ਜਿਤਨੀ ਬਹਾਦਰੀ ਨਾਲ ਆਲੂ ਕਰਦਾ ਹੈ, ਕੋਈ ਹੋਰ ਸਬਜ਼ੀ ਨਹੀਂ ਕਰਦੀ।

ਇਹ ਕਿਸਾਨਾਂ ਅਤੇ ਮਜ਼ਦੂਰਾਂ ਵਿਚ ਖੁੱਲ੍ਹ ਕੇ ਵਰਤਾਇਆ ਅਤੇ ਖਾਧਾ ਜਾਂਦਾ ਹੈ।

ਆਲੂਆਂ ਨਾਲ ਸੰਸਾਰ ਦੀ ਕੋਈ ਵੱਡੀ ਰਾਜਨੀਤਕ ਸਮੱਸਿਆ ਤਾਂ ਹੱਲ ਨਹੀਂ ਕੀਤੀ ਜਾ ਸਕਦੀ ਪਰ ਜੇ ਇਸਦੀ ਥੁੜ੍ਹ ਹੋ ਜਾਵੇ ਤਾਂ ਸਮਾਜ ਦਾ ਅਮਨ-ਚੈਨ ਵਿਗੜਨ ਲੱਗ ਪੈਂਦਾ ਹੈ ਅਤੇ ਬਾਕੀ ਸਬਜ਼ੀਆਂ ਅਤੇ ਦਾਲਾਂ ਆਦਿ ਧਮਕੀਆਂ ਦੇਣ ਲੱਗ ਪੈਂਦੀਆਂ ਹਨ।

ਜੀਵਨ ਵਿਚ ਵਿਆਹ ਵਾਂਗ ਹੀ, ਆਲੂ ਦਾ ਬੜਾ ਮਖੌਲ ਉਡਾਇਆ ਜਾਂਦਾ ਹੈ ਪਰ ਨਾ ਵਿਆਹ ਬਿਨਾਂ ਜੀਵਨ ਚੱਲਦਾ ਹੈ ਨਾ ਆਲੂ ਬਿਨਾਂ ਰਸੋਈ ਚੱਲਦੀ ਹੈ।

ਆਲੂ ਅਕਸਰ ਇਕੱਲਾ ਨਹੀਂ ਹੁੰਦਾ, ਇਹ ਹੋਰ ਸਬਜ਼ੀਆਂ ਨਾਲ ਸਾਂਝ ਪਾਈ ਰੱਖਦਾ ਹੈ। ਗਰੀਬ ਦੇਸ਼ਾਂ ਵਿਚ ਪਰਿਵਾਰ ਵੱਡੇ ਹੁੰਦੇ ਹਨ, ਸੋ ਜੋ ਕੁਝ ਵੀ ਰਿੰਨ੍ਹਿਆ-ਪਕਾਇਆ ਜਾਂਦਾ ਹੈ, ਉਸ ਵਿਚ ਆਲੂ ਪਾ ਕੇ ਉਸ ਦਾ ਆਕਾਰ ਵਧਾਇਆ ਜਾਂਦਾ ਹੈ। ਏਸ਼ੀਆਈ ਦੇਸ਼ਾਂ ਵਿਚ ਤਰੀ ਵਾਲੀਆਂ ਸਬਜ਼ੀਆਂ ਦੇ ਰਿਵਾਜ ਦਾ ਵੀ ਇਹੀ ਕਾਰਨ ਹੈ ਤਾਂ ਕਿ ਸਬਜ਼ੀ ਆਕਾਰ-ਮਾਤਰਾ ਦੇ ਪਖੋਂ ਵੱਧ ਜਾਵੇ ਅਤੇ ਇਹ ਵਧੇਰੇ ਵਿਅਕਤੀਆਂ ਨੂੰ ਵਰਤਾਈ ਜਾ ਸਕੇ।

ਇਹ ਹੋਟਲਾਂ ਵਿਚ ਘੱਟ ਹੀ ਬਣਦਾ ਹੈ ਪਰ ਘਰਾਂ ਵਿਚ ਬਣਦਾ ਹੀ ਰਹਿੰਦਾ ਹੈ। ਇਹ ਹਰ ਸਬਜ਼ੀ ਵਿਚ, ਹਾਰਮੋਨੀਅਮ ਨਾਲ, ਤਬਲੇ ਵਾਂਗ, ਹਾਜ਼ਰ ਰਹਿੰਦਾ ਹੈ।

ਆਲੂ ਦਾ ਬੜਾ ਲੰਮਾ ਇਤਿਹਾਸ ਹੈ। ਇਸ ਦਾ ਜਨਮ ਦੱਖਣੀ-ਅਮਰੀਕਾ ਦੇ ਮਹਾਂਦੀਪ ਵਿਚ ਹੋਇਆ, ਜਿੱਥੇ ਪੀਰੂ ਅਤੇ ਚਿੱਲੀ ਵਿਚ ਇਹ ਪੂਰਵ ਈਸਵੀ ਤੋਂ ਵੀ ਪੰਜ ਸਦੀਆਂ ਪਹਿਲਾਂ ਖਾਧਾ ਜਾਂਦਾ ਸੀ।

ਮੁੱਢ ਵਿਚ ਆਲੂ ਖਾਣ ਤੋਂ ਪਹਿਲਾਂ ਪੂਜਿਆ ਜਾਂਦਾ ਸੀ। ਉਦੋਂ ਆਲੂ ਦਾ

ਅਚਾਰ ਪਾ ਕੇ ਵੀ ਰੱਖਿਆ ਜਾਂਦਾ ਸੀ। ਇਸ ਨੂੰ ਮਟਰਾਂ ਵਾਂਗ ਸੁਕਾ ਕੇ ਸਾਂਭਿਆ ਜਾਂਦਾ ਸੀ ਅਤੇ ਜਦੋਂ ਕੋਈ ਲੰਮੀ ਯਾਤਰਾ 'ਤੇ ਜਾਂਦਾ ਸੀ ਤਾਂ ਸੁੱਕੇ ਆਲੂ ਨਾਲ ਲੈ ਕੇ ਜਾਂਦਾ ਸੀ। ਮਲਾਹਾਂ ਵਿਚ ਇਹ ਬੜਾ ਹਰਮਨ-ਪਿਆਰਾ ਸੀ।

ਆਲੂ ਸਪੇਨ ਰਾਹੀਂ ਇਟਲੀ, ਇੰਗਲੈਂਡ ਆਦਿ ਵਿਚ ਸੋਲ੍ਹਵੀਂ ਸਦੀ ਵਿਚ ਪਹੁੰਚਿਆ ਸੀ। ਭਾਰਤ ਵਿਚ ਆਲੂ, ਸਪੇਨ ਰਾਹੀਂ ਇੰਗਲੈਂਡ ਦੇ ਪ੍ਰਭਾਵ ਅਧੀਨ ਅਪੜਿਆ ਸੀ। ਆਲੂ ਹੁਣ ਸੰਸਾਰ ਦੇ ਹਰ ਦੇਸ਼ ਦਾ ਵਾਸੀ ਹੈ।

ਮੁੱਢ ਵਿਚ ਕਈ ਦੇਸ਼ਾਂ ਵਿਚ ਆਲੂ ਸੁੱਟ ਦਿੱਤੇ ਜਾਂਦੇ ਸਨ ਅਤੇ ਇਨ੍ਹਾਂ ਦੇ ਪੱਤੇ ਉਬਾਲੇ ਜਾਂਦੇ ਸਨ, ਜਿਹੜੇ ਜ਼ਹਿਰੀਲੇ ਹੋਣ ਕਾਰਨ ਆਲੂ ਦੀ ਭੰਡੀ ਦਾ ਕਾਰਨ ਬਣੇ ਅਤੇ ਇਸ ਨੂੰ ਜ਼ਹਿਰੀਲਾ ਅਤੇ ਸ਼ੈਤਾਨੀ ਬੂਟਾ ਕਿਹਾ ਗਿਆ, ਜਿਸ 'ਤੇ ਕੋਹੜ ਦਾ ਰੋਗ ਉਪਜਾਉਣ, ਖਾਂਸੀ ਲਾਉਣ ਅਤੇ ਮੌਤ ਦਾ ਕਾਰਨ ਬਣਨ ਦੇ ਦੋਸ਼ ਲੱਗੇ।

ਸੋਲ੍ਹਵੀਂ ਸਦੀ ਵਿਚ ਇਕ ਵੱਡੇ ਮਲਾਹ ਨੇ ਇੰਗਲੈਂਡ ਦੀ ਮਹਾਰਾਣੀ ਇਲੈਜ਼ਾਬੱਥ ਦੀ ਸ਼ਾਹੀ-ਰਸੋਈ ਨੂੰ ਪਹਿਲੀ ਵਾਰ ਜਦੋਂ ਆਲੂ ਭੇਟ ਕੀਤੇ ਤਾਂ ਖਾਨਸਾਮਿਆਂ ਨੇ ਆਲੂ ਸੁੱਟ ਦਿੱਤੇ ਅਤੇ ਪੱਤੇ ਉਬਾਲ ਦਿੱਤੇ, ਜਿਨ੍ਹਾਂ ਨੂੰ ਪੀਣ ਨਾਲ ਸਾਰੇ ਬਿਮਾਰ ਹੋ ਗਏ ਅਤੇ ਇਕ ਸ਼ਾਹੀ ਫਰਮਾਨ ਨਾਲ ਆਲੂ 'ਤੇ ਪਾਬੰਦੀ ਲਾਈ ਗਈ।

ਫਰਾਂਸ ਵਿਚ ਆਲੂ ਖਾਣ ਨਾਲ ਕੋਹੜ ਹੋਣ ਦੀਆਂ ਅਫਵਾਹਾਂ ਫੈਲੀਆਂ, ਕਿਉਂਕਿ ਆਲੂਆਂ ਦੀ ਸ਼ਕਲ ਕੋਹੜੀਆਂ ਦੀ ਚਮੜੀ ਅਤੇ ਫੋੜਿਆਂ ਵਰਗੀ ਸੀ।

ਫਰਾਂਸ ਵਿਚ ਪਾਰਲੀਮੈਂਟ ਨੇ ਸਰਬਸੰਮਤੀ ਨਾਲ ਇਸ 'ਤੇ ਪਾਬੰਦੀ ਲਾਈ।

ਇੰਗਲੈਂਡ-ਫਰਾਂਸ ਵਲੋਂ, ਆਲੂ ਸਪੇਨ ਤੋਂ ਆਉਣ ਕਰਕੇ, ਇਸ ਦੀ ਵਿਰੋਧਤਾ ਦਾ ਇਕ ਕਾਰਨ ਇਹ ਸੀ ਕਿ ਸਪੇਨ ਨੂੰ ਫਰਾਂਸ ਅਤੇ ਇੰਗਲੈਂਡ ਦੋਵੇਂ ਨਫ਼ਰਤ ਕਰਦੇ ਸਨ। ਇਵੇਂ ਆਲੂ ਨੂੰ ਜ਼ਹਿਰੀਲਾ, ਕੋਹੜ ਫੈਲਾਉਣ ਵਾਲਾ ਹੀ ਨਾ ਕਿਹਾ ਗਿਆ ਸਗੋਂ ਇਹ ਵੀ ਅਫਵਾਹ ਫੈਲੀ ਕਿ ਇਹ ਜ਼ਮੀਨ ਨੂੰ ਖ਼ਰਾਬ ਕਰਦਾ ਹੈ।

ਇਸਤਰੀਆਂ ਨੂੰ ਇਹ ਭਰਮ ਸੀ ਕਿ ਗਰਭ ਦੌਰਾਨ ਆਲੂ ਖਾਣ ਨਾਲ ਬੱਚੇ ਦਾ ਸਿਰ ਵੱਡਾ ਹੋ ਜਾਂਦਾ ਹੈ ਅਤੇ ਉਸ ਨੂੰ ਜਨਮ ਦੇਣ ਸਮੇਂ ਮਾਂ ਦੀ ਮੌਤ ਹੋ ਜਾਂਦੀ ਹੈ।

ਸਪੱਸ਼ਟ ਹੈ ਕਿ ਮੁੱਢ ਵਿਚ ਆਲੂ ਨੂੰ ਸਾਰੇ ਵਿਸ਼ਵ ਵਿਚ ਭਾਂਤ-ਭਾਂਤ ਦੀ ਵਿਰੋਧਤਾ ਦਾ ਸਾਹਮਣਾ ਕਰਨਾ ਪਿਆ ਸੀ।

ਯੋਰਪ ਵਿਚ, ਜਿਸ ਕਿਸੇ ਨੇ ਆਂਢ-ਗਵਾਂਢ ਵਿਚ, ਜੇ ਕਿਸੇ ਪ੍ਰਤੀ ਨਫ਼ਰਤ ਪ੍ਰਗਟਾਉਣੀ ਹੁੰਦੀ ਸੀ ਤਾਂ ਰਾਤ ਦੇ ਹਨੇਰੇ ਵਿਚ, ਉਹ ਉਸ ਦੇ ਦਰਵਾਜ਼ੇ ਅੱਗੇ ਆਲੂ ਦੇ ਛਿਲਕੇ ਸੁੱਟ ਆਉਂਦਾ ਸੀ।

ਆਲੂ ਬਾਰੇ ਭਰਮ-ਭੁਲੇਖੇ ਦੂਰ ਕਰਨ ਵਿਚ ਲਗਭਗ ਇਕ ਸਦੀ ਲੱਗ ਗਈ।

ਜਦੋਂ ਆਲੂ ਦਾ ਮਹੱਤਵ ਸਮਝ ਲਿਆ ਗਿਆ ਤਾਂ ਫਰਾਂਸ ਦੇ ਬਾਦਸ਼ਾਹ ਲੂਈ ਸੋਲ੍ਹਵੇਂ ਨੇ ਅਠਾਰਵੀਂ ਸਦੀ ਦੇ ਦੂਜੇ ਅੱਧ ਵਿਚ ਪੈਰਿਸ ਤੋਂ ਬਾਹਰਲੇ ਪਾਸੇ ਸੌ ਏਕੜ ਜ਼ਮੀਨ, ਆਲੂ ਬੀਜਣ ਲਈ ਦਿੱਤੀ ਅਤੇ ਇਸ ਫਸਲ ਦੀ ਰਾਖੀ ਲਈ ਪਹਿਰਾ ਲਾਇਆ ਗਿਆ। ਪਹਿਰਾ ਲੱਗਣ ਕਾਰਨ ਨੇੜਲੇ ਇਲਾਕਿਆਂ ਦੇ ਕਿਸਾਨਾਂ ਵਿਚ

ਇਸ ਫਸਲ ਸੰਬੰਧੀ ਦਿਲਚਸਪੀ ਜਾਗੀ ਅਤੇ ਕਿਸਾਨ ਆਲੂ ਚੋਰੀ ਕਰਕੇ ਆਪਣੇ ਖੇਤਾਂ ਵਿਚ ਬੀਜਣ ਲੱਗ ਪਏ ਅਤੇ ਆਲੂ ਪ੍ਰਵਾਨ ਹੋ ਗਿਆ।

ਫਰਾਂਸ ਵਿਚ ਹੁਣ ਵੀ ਆਲੂਆਂ ਦੇ ਵਿਭਿੰਨ ਪਕਵਾਨਾਂ ਦੇ ਨਾਂ ਲੂਈ ਬਾਦਸ਼ਾਹ ਦੇ ਨਾਂ ਨਾਲ ਜੁੜੇ ਹੋਏ ਹਨ। ਆਲੂਆਂ ਦੀਆਂ ਫਰੈਂਚ ਫਰਾਈਜ਼ ਅਜੋਕੇ ਸੰਸਾਰ ਵਿਚ ਸਵਾਦ ਨਾਲ ਖਾਧੀਆਂ ਜਾਂਦੀਆਂ ਹਨ।

ਜਰਮਨੀ ਦੇ ਬਾਦਸ਼ਾਹ ਫਰੈਡਰਿਕ ਨੇ ਜਦੋਂ ਇਕ ਵਾਰੀ ਆਪਣੇ ਵਿਰੋਧੀਆਂ ਨੂੰ ਕੈਦੀ ਬਣਾ ਕੇ ਖੇਤਾਂ ਵਿਚ ਵਗਾਰ ਲਾਈ ਤਾਂ ਇਨ੍ਹਾਂ ਦੀ ਸਿਹਤ ਪਹਿਲਾਂ ਨਾਲੋਂ ਚੰਗੀ ਹੋ ਗਈ। ਕਾਰਨ ਇਹ ਸੀ ਕਿ ਇਹ ਆਲੂ ਭੁੰਨ ਕੇ ਖਾਣ ਲੱਗ ਪਏ ਸਨ। ਫਿਰ ਉਸ ਨੇ ਵੱਡੀ ਪੱਧਰ ਤੇ ਆਲੂ ਲਗਵਾਏ। ਜਦੋਂ ਫਰੈਡਰਿਕ ਨੇ ਇਕ ਇਲਾਕੇ ਵਿਚ ਭੁੱਖਮਰੀ ਦਾ ਸ਼ਿਕਾਰ ਕਿਸਾਨਾਂ ਲਈ, ਸ਼ਾਹੀ ਭੰਡਾਰ ਵਿਚੋਂ ਆਲੂ ਭੇਜੇ ਤਾਂ ਨਾਲ ਆਲੂ ਖਾਣ ਵਾਲੇ ਫੌਜੀ ਵੀ ਭੇਜੇ, ਜਿਨ੍ਹਾਂ ਨੂੰ ਆਲੂ ਖਾਂਦਿਆਂ ਵੇਖ ਕੇ ਕਿਸਾਨ ਪਹਿਲਾਂ ਆਲੂ ਖਾਣ ਅਤੇ ਫਿਰ ਉਗਾਉਣ ਲੱਗ ਪਏ। ਹੌਲੀ-ਹੌਲੀ ਯੋਰਪ ਵਿਚ ਆਲੂ ਨੂੰ ਬਾਗ ਵਿਚ ਉਗਾਈ ਜਾਣ ਵਾਲੀ ਸਭ ਤੋਂ ਵਧੀਆ ਖੁਰਾਕ ਕਿਹਾ ਜਾਣ ਲੱਗ ਪਿਆ ਸੀ।

ਸੰਸਾਰ ਵਿਚ ਆਲੂ ਦਾ ਸਭ ਤੋਂ ਵੱਡਾ ਯੋਗਦਾਨ ਇਹ ਰਿਹਾ ਹੈ ਕਿ ਇਸ ਨੇ ਭੁੱਖਮਰੀ ਅਤੇ ਅਕਾਲ ਦਾ ਖਾਤਮਾ ਕੀਤਾ ਹੈ। ਸਾਡੇ ਵੱਡੇ-ਵਡੇਰੇ ਅਕਸਰ ਅਕਾਲ ਦਾ ਸ਼ਿਕਾਰ ਹੋ ਜਾਂਦੇ ਸਨ। ਅਕਾਲ ਨਾਲ ਉਪਜਣ ਵਾਲੀਆਂ ਬਿਪਤਾਵਾਂ ਨਾਲ, ਜਿਸ ਬਹਾਦਰੀ ਨਾਲ ਆਲੂ ਜੂਝਿਆ ਹੈ, ਉਵੇਂ ਕੋਈ ਹੋਰ ਨਹੀਂ ਜੂਝਿਆ।

ਹੁਣ ਅਸੀਂ ਆਲੂ ਦੇ ਸਹਿਯੋਗ ਨਾਲ ਸੰਭਵ ਹੋਏ ਅਕਾਲ ਦੇ ਖਾਤਮੇ ਉਪਰੰਤ, ਜਾਣ ਨਹੀਂ ਸਕਦੇ ਕਿ ਅਠਾਰ੍ਹਵੀਂ ਅਤੇ ਉਨ੍ਹੀਵੀਂ ਸਦੀ ਦੌਰਾਨ ਭੁੱਖਮਰੀ ਅਤੇ ਅਕਾਲ ਕਿਤਨੀਆਂ ਵੱਡੀਆਂ ਸਮੱਸਿਆਵਾਂ ਸਨ।

ਯੋਰਪ ਦੇ ਕਿਸੇ ਦੇਸ਼ ਵਿਚ ਜਦੋਂ ਪਸ਼ੂਆਂ ਲਈ ਚਾਰੇ ਦੀ ਕਿੱਲਤ ਉਪਜਦੀ ਸੀ ਤਾਂ ਪਸ਼ੂਆਂ ਨੂੰ ਵੀ ਆਲੂ ਖੁਆਏ ਜਾਂਦੇ ਸਨ।

ਆਇਰਲੈਂਡ ਵਿਚ ਜਦੋਂ ਇਕ ਵਾਰੀ ਆਲੂਆਂ ਦੀ ਫਸਲ ਪੂਰੀ ਤਰ੍ਹਾਂ ਬਿਮਾਰੀ ਦਾ ਸ਼ਿਕਾਰ ਹੋ ਗਈ ਤਾਂ ਦੱਸ ਲੱਖ ਦੇਸ਼ਵਾਸੀ ਮੌਤ ਦੀ ਭੇਟ ਚੜ੍ਹੇ ਸਨ।

ਹੁਣ ਸੰਸਾਰ ਭਰ ਵਿਚ ਖਾਧੇ ਜਾਣ ਵਾਲੇ ਆਲੂਆਂ ਦੀ ਸਾਲਾਨਾ ਖਪਤ ਲਗਭਗ ਚਾਲ੍ਹੀ ਕਿਲੋ, ਪ੍ਰਤੀ ਵਿਅਕਤੀ ਹੈ।

ਆਲੂ ਨਾਲ ਐਲਰਜੀ ਨਹੀਂ ਹੁੰਦੀ। ਮਿਹਦਾ ਇਸ ਨੂੰ ਪ੍ਰਸੰਨ ਹੋ ਕੇ ਸਵੀਕਾਰ ਕਰਦਾ ਹੈ। ਇਹ ਜਲਦੀ ਹਜ਼ਮ ਹੋ ਜਾਂਦਾ ਹੈ।

ਆਲੂ ਕਿਸੇ ਸਬਜ਼ੀ ਨਾਲ ਨਰਾਜ਼ ਨਹੀਂ ਹੁੰਦਾ। ਆਲੂ ਖਾਣ ਸਮੇਂ ਜੱਦੋ-ਜਹਿਦ ਨਹੀਂ ਕਰਨੀ ਪੈਂਦੀ। ਇਸ ਨੂੰ ਹਰ ਉਮਰ ਵਿਚ ਖਾਧਾ ਜਾ ਸਕਦਾ ਹੈ।

ਜਰਮਨ ਅਤੇ ਅਮਰੀਕਨ ਸਭ ਤੋਂ ਵੱਧ ਆਲੂ ਖਾਂਦੇ ਹਨ, ਸ਼ਾਇਦ ਇਸੇ ਲਈ ਸਾਰੇ ਸੰਸਾਰ ਵਿਚ ਇਹ ਵਧੇਰੇ ਸ਼ਕਤੀਸ਼ਾਲੀ ਹਨ।

ਜਦੋਂ ਆਲੂ ਕਿਸਾਨਾਂ ਦੀ ਖੁਰਾਕ ਦਾ ਭਾਗ ਬਣਦਾ ਹੈ ਤਾਂ ਕਿਸਾਨ ਤਕੜੇ ਹੋ

ਕੇ ਖੇਤੀ ਦਾ ਕਾਰਜ ਕਰਦੇ ਹਨ ਅਤੇ ਹੋਰ ਫਸਲਾਂ ਦੀ ਉਪਜ ਵੀ ਵੱਧ ਜਾਂਦੀ ਹੈ ਜਿਸ ਨਾਲ ਉਦਯੋਗਿਕ ਉਤਪਾਦਨ ਵੱਧਦਾ ਹੈ ਅਤੇ ਅਮਨ-ਸ਼ਾਂਤੀ ਰਹਿੰਦੀ ਹੈ।

ਸੰਸਾਰ ਵਿਚ ਅਬਾਦੀ ਵੱਧਣ ਦਾ ਇਕ ਕਾਰਨ ਆਲੂ ਵੀ ਹੈ।

ਆਲੂ ਖਾਣ ਨਾਲ ਪਤਲਾ ਸਰੀਰ ਭਰਿਆ ਜਾਂਦਾ ਹੈ। ਇਸ ਨਾਲ ਸਰੀਰ ਵਿਚ ਊਰਜਾ ਵਧਦੀ ਹੈ, ਜਿਹੜੀ ਕਾਮੁਕ ਸ਼ਕਤੀ ਵਜੋਂ ਪ੍ਰਗਟ ਹੁੰਦੀ ਹੈ।

ਯੋਰਪ ਵਿਚ ਰੋਟੀ ਘੱਟ ਖਾਧੀ ਜਾਂਦੀ ਹੈ, ਆਲੂ ਵਧੇਰੇ ਖਾਧੇ ਜਾਂਦੇ ਹਨ।

ਜਿਵੇਂ ਪੈਸਾ ਸਭ ਮਸਲਿਆਂ ਦੀ ਜੜ੍ਹ ਹੈ, ਉਵੇਂ ਹੀ ਆਲੂ, ਖੁਰਾਕ ਦੇ ਸਭ ਵਿਵਾਦਾਂ ਅਤੇ ਮਸਲਿਆਂ ਦਾ ਹੱਲ ਹੈ।

ਆਲੂ ਨਾਲ ਭਾਰਤ ਵਿਚ ਖਾਦ-ਸਮੱਸਿਆ ਹੱਲ ਹੋ ਸਕਦੀ ਹੈ ਪਰੰਤੂ ਅਸੀਂ ਆਲੂ ਨੂੰ ਇਸ ਦੀ ਪੌਸ਼ਟਿਕਤਾ ਕਾਰਨ ਨਹੀਂ ਖਾਂਦੇ, ਸਵਾਦ ਲਈ ਬਾਹਰੋਂ ਲਿਆਂਦੇ ਸਮੋਸਿਆਂ, ਪਕੌੜਿਆਂ, ਟਿੱਕੀਆਂ, ਚਿਪਸ ਆਦਿ ਰੂਪਾਂ ਵਿਚ ਖਾਂਦੇ ਹਾਂ।

ਜੋ ਘਰ ਦੇ ਅੰਦਰ ਬਣਦਾ ਹੈ, ਉਹ ਪੌਸ਼ਟਿਕਤਾ ਲਈ ਹੁੰਦਾ ਹੈ ਪਰੰਤੂ ਜੋ ਬਾਹਰ ਜਾਂ ਬਾਹਰੋਂ ਲਿਆ ਕੇ ਖਾਧਾ ਜਾਂਦਾ ਹੈ, ਉਹ ਸਵਾਦ ਲਈ ਹੁੰਦਾ ਹੈ।

ਗਰੀਬ ਦੇਸ਼ਾਂ ਦੇ ਲੋਕ ਆਲੂ ਦੇ ਛਿਲਕੇ ਦਾ ਮਹੱਤਵ ਨਹੀਂ ਸਮਝਦੇ।

ਹੁਣ ਆਲੂ ਕਾਰਨ ਖਾਣ-ਪੀਣ ਦਾ ਸਾਮਾਨ ਵੱਧ ਗਿਆ ਹੈ, ਇਸ ਨਾਲ ਸਰੀਰਾਂ ਵਿਚ ਤਾਕਤ, ਕਾਮ-ਇੱਛਾ, ਬਲਾਤਕਾਰੀ ਰੁਚੀਆਂ ਅਤੇ ਹਿੰਸਾ ਵਧੀ ਹੈ।

ਖੁਰਾਕ ਵਧਣ ਨਾਲ ਲੋਕ ਮੋਟੇ ਹੋਣ ਲੱਗ ਪਏ ਹਨ। ਆਲੂ ਮੋਟਾਪਾ ਨਹੀਂ ਕਰਦਾ, ਆਲੂ ਵਿਚ ਮੋਟਾ ਕਰਨ ਵਾਲਾ ਕੁਝ ਨਹੀਂ ਪਰ ਆਲੂ ਨੂੰ ਅਕਸਰ ਤਲੇ ਹੋਏ ਵੱਖ-ਵੱਖ ਰੂਪਾਂ ਵਿਚ ਲੋੜ ਨਾਲੋਂ ਵਧੇਰੇ ਖਾਧਾ ਜਾਂਦਾ ਹੈ। ਆਲੂ ਘਿਓ ਬੜਾ ਚੂਸਦਾ ਹੈ। ਮੋਟਾਪਾ ਆਲੂ ਨਹੀਂ ਕਰਦਾ, ਘਿਓ ਕਰਦਾ ਹੈ।

ਤੁਸੀਂ ਜਦੋਂ ਵੀ ਕਿਸੇ ਮੋਟੇ ਬੰਦੇ ਨੂੰ ਵੇਖੋਗੇ, ਉਹ ਮੋਟਾ ਕਰਨ ਵਾਲੀ ਹੀ ਕੋਈ ਚੀਜ਼, ਸਵਾਦ ਲੈ-ਲੈ ਕੇ ਖਾ ਰਿਹਾ ਹੋਵੇਗਾ।

ਵਾਧੇ ਵਿਚ ਪਏ ਬੱਚਿਆਂ ਲਈ ਆਲੂ ਬੜਾ ਲਾਭਕਾਰੀ ਹੁੰਦਾ ਹੈ।

ਆਲੂ ਨਾਲ ਭਾਰਤ ਦੇ ਲੋਕਾਂ ਦੀ ਸਿਹਤ ਅਤੇ ਕਾਰਗੁਜ਼ਾਰੀ ਸੁਧਰ ਸਕਦੀ ਹੈ।

ਜੇ ਤੁਹਾਨੂੰ ਆਲੂ ਚੰਗਾ ਨਹੀਂ ਲੱਗਦਾ ਤਾਂ ਨੁਕਸ ਆਲੂ ਵਿਚ ਨਹੀਂ, ਨੁਕਸ ਤੁਹਾਡੇ ਵਿਚ ਹੈ। ਆਲੂ ਉਨ੍ਹਾਂ ਚੰਗੇ ਬੰਦਿਆਂ ਨੂੰ ਪਸੰਦ ਆਉਂਦਾ ਹੈ, ਜਿਹੜੇ ਆਲੂ ਵਾਂਗ ਸਰਲ ਹੁੰਦੇ ਹਨ।

ਭੈੜੇ ਬੰਦਿਆਂ ਨੂੰ ਆਲੂ ਆਪ ਹੀ ਪਸੰਦ ਨਹੀਂ ਕਰਦਾ।

ਬੱਚਿਆਂ ਨੂੰ ਚਿਪਸ ਪ੍ਰਵਾਨ ਹਨ, ਆਲੂ ਨਹੀਂ।

ਆਲੂ ਸਾਡੀ ਨਿਤਾ-ਪ੍ਰਤੀ ਦੀ ਗੱਲਬਾਤ ਦਾ ਹਿੱਸਾ ਬਣ ਗਿਆ ਹੈ। ਇਕ ਪਤਨੀ ਨੇ ਮੋਟੇ ਪਤੀ ਨੂੰ ਆਲੂ ਕਹਿ ਦਿੱਤਾ ਅਤੇ ਝਗੜਾ ਹੋ ਗਿਆ।

ਭਾਵੇਂ ਕਿਸੇ ਇਸਤਰੀ ਨੂੰ ਪਤੀ ਵਿਚੋਂ ਆਲੂ ਜਾਂ ਪੁਰਸ਼ ਨੂੰ ਆਲੂ ਵਿਚੋਂ ਪਤਨੀ ਦਾ ਚਿਹਰਾ ਦਿਸੇ, ਉਸ ਨੂੰ ਇਹ ਤੱਥ ਪ੍ਰਗਟ ਨਹੀਂ ਕਰਨਾ ਚਾਹੀਦਾ।

ਇਕ ਮੋਟਾ ਬੰਦਾ, ਭੁੱਖ ਲੱਗਣ ਤੇ, ਕਹਿ ਰਿਹਾ ਸੀ ਕਿ ਸਾਰੇ ਸਿਪਾਹੀ ਸਮੋਸਿਆਂ ਵਾਂਗ, ਸਾਰੇ ਬੱਚੇ ਆਲੂਆਂ ਵਾਂਗ ਅਤੇ ਸੁੰਦਰਤਾ ਦੇ ਮੁਕਾਬਲੇ ਦੀਆਂ ਸਾਰੀਆਂ ਸੁੰਦਰੀਆਂ ਟਿੱਕੀਆਂ ਵਾਂਗ, ਇਕੋ ਜਿਹੀਆਂ ਲੱਗਦੀਆਂ ਹਨ।

ਇਕ ਪ੍ਰੇਮੀ ਨੇ ਪਿਆਰ ਟੁੱਟਣ ਉਪਰੰਤ ਵਿਰਲਾਪ ਕਰਦਿਆਂ ਕਿਹਾ ਸੀ ਕਿ ਮੈਨੂੰ ਪ੍ਰੇਮਿਕਾ ਦੀ ਉਤਨੀ ਯਾਦ ਨਹੀਂ ਆਉਂਦੀ, ਜਿਤਨੀ ਉਸ ਵਲੋਂ ਬਣਾਏ ਅਤੇ ਖੁਆਏ ਪਰੌਂਠਿਆਂ ਅਤੇ ਪਕੌੜਿਆਂ ਦੀ ਆਉਂਦੀ ਹੈ।

ਭਾਰਤ ਵਿਚ ਵਿਦਿਆਰਥੀਆਂ ਦੇ ਹੋਸਟਲਾਂ ਵਿਚ ਬਣਨ ਵਾਲੀਆਂ ਬਹੁਤੀਆਂ ਚੀਜ਼ਾਂ ਵਿਚ ਆਲੂ ਹੱਸਦਾ ਦਿਸ ਪੈਂਦਾ ਹੈ।

ਆਲੂ ਨਾਲ ਜਿਵੇਂ ਕਈ ਭੁਲੇਖੇ ਜੁੜੇ ਹੋਏ ਹਨ, ਉਵੇਂ ਹੀ ਕਈ ਕਹਾਣੀਆਂ ਵੀ ਜੁੜੀਆਂ ਹੋਈਆਂ ਹਨ। ਯੋਰਪ ਵਿਚ ਅਠਾਰ੍ਹਵੀਂ ਸਦੀ ਦੌਰਾਨ, ਇਕ ਹਾਕਮ ਨੇ ਫੌਜ ਵਿਚੋਂ ਆਪਣੀ ਪ੍ਰੇਮਿਕਾ ਨੂੰ ਮਿਲਣ ਜਾਣ ਵਾਸਤੇ, ਭਗੌੜਾ ਹੋਣ ਵਾਲੇ ਰਾਜਕੁਮਾਰ ਪੁੱਤਰ ਨੂੰ, ਸਜ਼ਾ ਵਜੋਂ ਆਪਣੀ ਜਾਇਦਾਦ ਵਾਲੇ ਪੇਂਡੂ ਇਲਾਕਿਆਂ ਵਿਚ, ਜ਼ਮੀਨਾਂ ਦੀ ਦੇਖ-ਭਾਲ ਕਰਨ ਲਈ ਭੇਜਿਆ। ਉਹ ਪੜ੍ਹਿਆ-ਲਿਖਿਆ ਸੀ। ਉਸ ਨੇ ਕਿਸਾਨਾਂ ਦੀ ਆਮਦਨ ਵਧਾਉਣ ਦੇ ਉਪਰਾਲੇ ਵਜੋਂ ਉਨ੍ਹਾਂ ਨੂੰ ਆਲੂ ਬੀਜਣ ਦੀ ਸਿਖਲਾਈ ਦਿੱਤੀ। ਆਲੂਆਂ ਨਾਲ ਕਿਸਾਨਾਂ ਦੀ ਸਿਹਤ ਸੁਧਰੀ। ਹੋਰ ਫਸਲਾਂ ਦੀ ਮਾਤਰਾ ਵੀ ਵਧੀ ਅਤੇ ਪਿੰਡਾਂ ਦੀ ਨੁਹਾਰ ਬਦਲ ਗਈ।

ਪਿਤਾ ਨੇ ਤਾਂ ਸਜ਼ਾ ਦਿੱਤੀ ਸੀ, ਪੁੱਤਰ ਨੇ ਸਜ਼ਾ ਨੂੰ ਵਰਦਾਨ ਬਣਾ ਲਿਆ ਸੀ।

ਆਲੂਆਂ ਦੀ ਭਰਪੂਰ ਫਸਲ ਕਾਰਨ, ਉਸ ਰਾਜਕੁਮਾਰ ਦੀ ਮਹਿਮਾ ਹੋਈ।

ਇਕ ਸਮਾਂ ਸੀ ਜਦੋਂ ਯੋਰਪ ਵਿਚ ਜੇ ਆਲੂ ਬੀਜਣ ਦਾ ਕੰਮ ਪੱਛੜ ਜਾਂਦਾ ਸੀ ਤਾਂ ਕਿਸਾਨ ਚਿੰਤਾ ਕਰਨ ਲੱਗ ਪੈਂਦਾ ਸੀ।

ਰਾਜੇ ਦਾ ਵਿਰੋਧ ਕਰਨ ਕਰਕੇ ਇਕ ਕਿਸਾਨ ਦਾ ਪੁੱਤਰ ਜੇਲ੍ਹ ਵਿਚ ਸੀ। ਪਿਤਾ ਨੇ ਚਿੱਠੀ ਲਿਖੀ ਕਿ ਫਸਲ ਬੀਜਣ ਵਾਸਤੇ ਵਸੀਲੇ ਨਾ ਹੋਣ ਕਾਰਨ ਖੇਤ ਦੀ ਪੁਟਾਈ ਨਹੀਂ ਹੋਈ, ਕੀ ਕਰੀਏ? ਪੁੱਤਰ ਨੇ ਲਿਖਿਆ: ਖੇਤ ਨਾ ਪੁੱਟਣਾ ਉੱਥੇ ਮੈਂ ਬੰਦੂਕਾਂ ਦੱਬੀਆਂ ਹੋਈਆਂ ਹਨ। ਚਿੱਠੀ ਪਹੁੰਚਣ ਤੋਂ ਵੀ ਪਹਿਲਾਂ ਇਕ ਸਵੇਰ ਛੇ-ਸੱਤ ਸਿਪਾਹੀ ਆਏ ਅਤੇ ਉਨ੍ਹਾਂ ਨੇ ਬੰਦੂਕਾਂ ਲੱਭਣ ਲਈ ਸਾਰਾ ਖੇਤ ਪੁੱਟ ਦਿੱਤਾ। ਪਿਤਾ ਨੇ ਪੁੱਤਰ ਨੂੰ ਲਿਖਿਆ: ਸਿਪਾਹੀ ਖੇਤ ਪੁੱਟ ਗਏ ਹਨ, ਕੀ ਕਰੀਏ? ਪੁੱਤਰ ਨੇ ਲਿਖਿਆ: ਖੇਤ ਦੀ ਪੁਟਾਈ ਹੋ ਗਈ ਹੈ, ਆਲੂ ਬੀਜ ਲਓ।

ਸੰਸਾਰ ਦੇ ਅਜੋਕੇ ਨਕਸ਼ੇ ਉੱਤੇ ਆਲੂ ਦਾ ਪ੍ਰਭਾਵ ਪ੍ਰਤੱਖ ਹੈ।

ਤਕਨਾਲੋਜੀ ਦੇ ਭਾਰੂ ਹੋਣ ਤੋਂ ਪਹਿਲਾਂ ਯੋਰਪ ਦੀ ਯੁੱਧ-ਕਲਾ ਆਲੂ ਤੋਂ ਪ੍ਰਭਾਵਿਤ ਰਹੀ ਹੈ। ਆਲੂ ਕਾਰਨ ਖੁਰਾਕ ਵਧੀ, ਫੌਜੀ ਭਰਤੀ ਵਿਚ ਵਾਧਾ ਹੋਇਆ ਅਤੇ ਯੋਰਪ ਵਿਚ ਜਰਮਨੀ, ਫਰਾਂਸ, ਸਪੇਨ, ਪੁਰਤਗਾਲ, ਆਸਟਰੀਆ, ਇੰਗਲੈਂਡ ਆਦਿ ਦੇਸ਼ਾਂ ਵਿਚਕਾਰ ਯੁੱਧ ਅਤੇ ਲੜਾਈਆਂ ਵਧੀਆਂ।

ਹਮਲੇ ਦੌਰਾਨ ਫੌਜ ਅਨਾਜ ਦੇ ਸਾਰੇ ਭੰਡਾਰ ਜਾਂ ਖਰੀਦ ਲੈਂਦੀ ਸੀ ਜਾਂ ਜ਼ਬਤ ਕਰ ਲੈਂਦੀ ਸੀ। ਅਜਿਹੀ ਸਥਿਤੀ ਵਿਚ ਆਲੂ ਹੀ ਕਿਸਾਨਾਂ ਦੀ ਖੁਰਾਕ ਦੀ ਮੁੱਖ ਟੇਕ ਬਣਦਾ ਰਿਹਾ ਹੈ। ਆਲੂ ਕਾਰਨ ਯੁੱਧ ਲੰਮੇ ਹੋਣ ਲੱਗ ਪਏ। ਯੋਰਪ ਵਿਚ ਆਲੂ ਨਾਲ ਖੁਰਾਕ ਵਿਚ ਕੈਲਰੀਜ਼ ਵੱਧਣ ਨਾਲ ਸਮੁੱਚੇ ਯੋਰਪ ਦੀ ਫੌਜੀ ਸ਼ਕਤੀ ਵਧੀ ਅਤੇ ਸਾਰੇ ਸੰਸਾਰ ਉੱਤੇ ਯੋਰਪ ਦਾ ਰਾਜ ਸਥਾਪਤ ਹੋਇਆ।

ਜਦੋਂ ਗੁਲਾਮ ਦੇਸ਼ਾਂ ਵਿਚ ਆਲੂ ਸਧਾਰਨ ਲੋਕਾਂ ਦੀ ਖੁਰਾਕ ਦਾ ਅੰਗ ਬਣਿਆ ਤਾਂ ਹੀ ਇਨ੍ਹਾਂ ਦੇਸ਼ਾਂ ਵਿਚ ਸਧਾਰਨ ਲੋਕਾਂ ਦੀ ਸਿਹਤ ਸੁਧਰਨ ਅਤੇ ਸਰੀਰਕ ਊਰਜਾ ਵਧਣ ਕਾਰਨ ਸੁਤੰਤਰਤਾ ਸੰਗ੍ਰਾਮ ਚੱਲੇ।

ਹੁਣ ਵੀ ਆਲੂ ਤੋਂ ਬਿਨਾਂ ਕੋਈ ਦੇਸ਼ ਵਿਸ਼ਵ-ਸ਼ਕਤੀ ਨਹੀਂ ਬਣ ਸਕਦਾ, ਕਿਉਂਕਿ ਕਿਸੇ ਦੇਸ਼ ਦੀ ਸ਼ਕਤੀ ਹਥਿਆਰਾਂ ਵਿਚ ਹੀ ਨਹੀਂ ਹੁੰਦੀ, ਅਨਾਜ ਦੇ ਭੰਡਾਰਾਂ ਅਤੇ ਸਟੋਰਾਂ ਵਿਚ ਪਏ ਆਲੂਆਂ ਵਿਚ ਵੀ ਹੁੰਦੀ ਹੈ।

ਇਕ ਪੜਾਓ 'ਤੇ ਯੋਰਪ ਦੇ ਹਾਕਮਾਂ ਦਾ ਮੁੱਖ ਕਾਰਜ ਆਪਣੇ ਦੇਸ਼ ਦੇ ਕਿਸਾਨਾਂ ਨੂੰ ਆਲੂ ਦੇ ਬੀਜ ਵੰਡਣਾ ਸੀ।

ਕੋਈ ਦੇਸ਼ ਉਦੋਂ ਹੀ ਵਿਕਾਸ ਕਰਦਾ ਅਤੇ ਖੁਸ਼ਹਾਲ ਹੁੰਦਾ ਹੈ, ਜਦੋਂ ਉਸ ਕੋਲ ਖੁਰਾਕ ਦੀ ਅਮੀਰੀ ਹੋਵੇ ਅਤੇ ਇਸਦੇ ਵਿਸ਼ਾਲ ਭੰਡਾਰ ਹੋਣ।

ਭਾਰਤ ਕਰਵਟ ਲੈ ਰਿਹਾ ਹੈ। ਬਦਲ ਰਹੇ ਭਾਰਤ ਦੀ ਵਿਸ਼ਾਲ ਜਨ-ਸੰਖਿਆ ਨੂੰ ਖੁਰਾਕ ਅਤੇ ਊਰਜਾ ਦੀ ਲੋੜ ਹੈ। ਖੁਰਾਕ ਦਾ ਸਿੱਧਾ ਸੰਬੰਧ ਚੰਗੀ ਸਿਹਤ ਵਾਲੇ ਬੱਚਿਆਂ ਵਲੋਂ ਵਿਦਿਆ ਪ੍ਰਾਪਤੀ ਨਾਲ ਹੈ।

ਵਿਦਿਆ ਪ੍ਰਾਪਤੀ ਆਰਥਿਕ ਖੁਸ਼ਹਾਲੀ ਦਾ ਕਾਰਨ ਬਣਦੀ ਹੈ।

ਖੁਰਾਕ ਅਤੇ ਸਰੀਰਕ ਊਰਜਾ ਦੀ ਲੋੜ ਪੂਰੀ ਕਰਨ ਲਈ ਭਾਰਤ ਵਿਚ, ਹਰੀ-ਕ੍ਰਾਂਤੀ ਉਪਰੰਤ ਹੁਣ ਆਲੂ-ਕ੍ਰਾਂਤੀ ਦੀ ਲੋੜ ਹੈ।

ਆਲੂ ਨੇ ਮਨੁੱਖ ਜਾਤੀ ਦੀ ਜਿਤਨੀ ਸੇਵਾ ਕੀਤੀ ਹੈ, ਉਸ ਦੀ ਮਾਨਤਾ ਵਜੋਂ ਸਾਨੂੰ ਪ੍ਰਸੰਸਾਮਈ ਸੁਰ ਵਿਚ ਕਹਿਣਾ ਚਾਹੀਦਾ ਹੈ: ਆਲੂ ਦੀ ਜੈ ਹੋਵੇ।

+ + +

ਵੱਧ ਰਿਹਾ ਗੁੱਸਾ...

ਗੁੱਸਾ ਮਨੁੱਖ ਦੀ ਇਕ ਮਹੱਤਵਪੂਰਨ ਬੁਨਿਆਦੀ ਪ੍ਰਵਿਰਤੀ ਹੈ।

ਜਨਮ ਤੋਂ ਮਰਨ ਤੱਕ, ਗੁੱਸਾ ਸਾਡੇ ਵਿਹਾਰ ਦਾ ਲਾਜ਼ਮੀ ਭਾਗ ਹੁੰਦਾ ਹੈ।

ਕੋਈ ਵੀ ਜੀਵ-ਜੰਤੂ, ਇਸ ਤੋਂ ਮੁਕਤ ਨਹੀਂ ਹੈ।

ਇਹ ਜੀਵਨ ਦਾ ਲਾਜ਼ਮੀ ਭਾਗ ਹੀ ਨਹੀਂ, ਇਹ ਜ਼ਰੂਰੀ ਭਾਗ ਵੀ ਹੈ। ਇਸ ਬਿਨਾਂ ਜੀਵਨ ਸੰਭਵ ਨਹੀਂ ਹੈ ਕਿਉਂਕਿ ਇਹ ਮਨੁੱਖ ਦੀ ਮੈਂ ਵਿਚ ਰੰਗਿਆ ਹੁੰਦਾ ਹੈ।

ਗੁੱਸੇ ਦਾ ਸਰਲ, ਸਿੱਧਾ ਅਤੇ ਸਪੱਸ਼ਟ ਕਾਰਨ ਇਹ ਹੁੰਦਾ ਹੈ ਕਿ ਸਾਡੀ ਕੋਈ ਲੋੜ ਪੂਰੀ ਨਹੀਂ ਹੋ ਰਹੀ। ਕਿਸੇ ਦੀ ਲੋੜ, ਉਦੇਸ਼ ਜਾਂ ਨਿਸ਼ਾਨੇ ਦੀ ਪੂਰਤੀ ਵਿਚ ਰੁਕਾਵਟ, ਗੁੱਸਾ ਉਪਜਾਉਂਦੀ ਹੈ। ਜਦੋਂ ਕਿਸੇ ਨੂੰ ਉਸ ਦਾ ਚਾਹਿਆ ਪ੍ਰਾਪਤ ਨਹੀਂ ਹੁੰਦਾ ਤਾਂ ਪ੍ਰਗਟਾਏ ਗਏ ਪ੍ਰਤੀਕਰਮਾਂ ਵਿਚ ਗੁੱਸਾ ਮੋਹਰੀ ਹੁੰਦਾ ਹੈ।

ਗਾਲ੍ਹ, ਗੁੱਸੇ ਦਾ ਆਪ-ਮੁਹਾਰਾ ਪ੍ਰਗਟਾਓ ਹੁੰਦੀ ਹੈ। ਨਰਾਜ਼ਗੀ, ਉਦਾਸੀ, ਨਿਰਾਸਤਾ ਆਦਿ ਅਸੰਤੁਸ਼ਟ ਵਿਅਕਤੀ ਦੇ ਹੋਰ ਪ੍ਰਤੀਕਰਮ ਹੁੰਦੇ ਹਨ।

ਸਾਡੇ ਉਦੇਸ਼ ਦੀ ਪੂਰਤੀ ਜਾਂ ਚਾਹੀ ਚੀਜ਼ ਦੀ ਪ੍ਰਾਪਤੀ ਨਾ ਹੋਣ ਦੇ ਅਨੇਕਾਂ ਕਾਰਨ ਹੋ ਸਕਦੇ ਹਨ, ਜਿਵੇਂ ਜੋ ਅਸੀਂ ਚਾਹੁੰਦੇ ਹਾਂ, ਉਸ ਨੂੰ ਚਾਹੁਣ ਵਾਲੇ ਹੋਰ ਵੀ ਅਨੇਕਾਂ ਹੁੰਦੇ ਹਨ, ਇਵੇਂ ਹੋਰਾਂ ਨਾਲ ਸਾਡੇ ਹਿੱਤ ਭਿੜਦੇ ਹਨ।

ਹਿੱਤਾਂ ਦੇ ਭਿੜਨ ਨਾਲ ਗੁੱਸਾ, ਧਮਕੀ, ਲੜਾਈ ਅਤੇ ਜੰਗ ਉਪਜਦੀ ਹੈ।

ਗੁੱਸੇ ਨਾਲ ਦਬਾਓ, ਤਣਾਓ, ਢਹਿੰਦੀ-ਕਲਾ, ਹਮਲਾਵਰੀ-ਬਿਰਤੀ, ਸਾੜਾ, ਈਰਖਾ, ਨਿੰਦਾ ਆਦਿ ਅਲਾਮਤਾਂ ਵੀ ਪ੍ਰਗਟ ਹੁੰਦੀਆਂ ਹਨ।

ਇਵੇਂ ਗੁੱਸਾ ਸਮਾਜਿਕ ਵਿਹਾਰ ਅਤੇ ਵਰਤਾਓ ਦਾ ਵੀ ਇਕ ਅੰਗ ਹੈ।

ਇਕੱਲਿਆਂ ਜਾਂ ਆਪਣੇ-ਆਪ ਨਾਲ ਗੁੱਸੇ ਨਹੀਂ ਹੋਇਆ ਜਾ ਸਕਦਾ।

ਜਦੋਂ ਮਨੁੱਖ ਵਿਚ ਗੁੱਸਾ ਪ੍ਰਗਟਾਉਣ ਦੀ ਹਿੰਮਤ ਨਹੀਂ ਹੁੰਦੀ ਜਾਂ ਉਸ ਨੂੰ ਗੁੱਸਾ ਪ੍ਰਗਟਾਉਣ ਨਹੀਂ ਦਿੱਤਾ ਜਾਂਦਾ ਤਾਂ ਉਹ ਇਕੱਲਾ ਅਲੱਗ-ਥਲੱਗ ਹੋ ਜਾਂਦਾ ਹੈ ਅਤੇ ਕਈ ਵਾਰ ਉਹ ਆਤਮਘਾਤ ਦਾ ਯਤਨ ਵੀ ਕਰਦਾ ਹੈ।

ਇਕੱਲਾ ਹੋ ਕੇ ਮਨੁੱਖ ਉਦਾਸ, ਮਾਯੂਸ, ਪਰੇਸ਼ਾਨ, ਦੁਖੀ ਆਦਿ ਹੁੰਦਾ ਹੈ।

ਸ਼ਕਤੀਸ਼ਾਲੀ ਵਿਅਕਤੀ ਚੀਜ਼ਾਂ ਭੰਨਦਾ ਹੈ ਅਤੇ ਬਦਲਾ ਲੈਣ ਬਾਰੇ ਸੋਚਦਾ ਹੈ।

ਜਿਥੇ ਦੋ ਜਾਂ ਵਧੇਰੇ ਵਿਅਕਤੀ ਹੋਣਗੇ, ਉਥੇ ਕਦੇ ਨਾ ਕਦੇ ਟਕਰਾਓ ਹੋਵੇਗਾ ਅਤੇ ਗੁੱਸਾ ਉਪਜੇਗਾ। ਮਨੁੱਖ ਕਈ ਵਾਰ ਗਰਮ ਹੀ ਨਹੀਂ ਹੁੰਦਾ, ਉਬਲਦਾ ਵੀ ਹੈ, ਉਹ ਉਬਲਦਾ ਹੀ ਨਹੀਂ ਸਾੜਦਾ ਵੀ ਹੈ।

ਗੁਸਾ, ਆਪਣੇ ਆਪ ਨੂੰ ਅਤੇ ਆਪਣੇ ਹਿੱਤਾਂ ਨੂੰ ਕੁਚਲੇ ਜਾਣ ਤੋਂ ਰੋਕਣ ਦਾ ਇਕ ਹਥਿਆਰ ਹੁੰਦਾ ਹੈ। ਪੱਖਪਾਤ, ਵਿਤਕਰਾ, ਅਨਿਆਂ, ਵਧੀਕੀ ਆਦਿ ਸਥਿਤੀਆਂ ਹਰ ਕਿਸੇ ਵਿਚ ਗੁੱਸਾ ਉਪਜਾਉਂਦੀਆਂ ਹਨ।

ਜਦੋਂ ਪਰਿਸਥਿਤੀਆਂ ਵਿਰੋਧੀ ਹੋਣ, ਨੇਮ ਅਸਾਵੇਂ ਹੋਣ, ਵਿੱਤਕਰਾ ਪ੍ਰਤੱਖ ਹੋਵੇ, ਵੰਡ ਅਸਾਵੀਂ ਹੋਵੇ, ਵਿਹਾਰ ਅਪਮਾਨਜਨਕ ਹੋਵੇ ਤਾਂ ਗੁੱਸਾ ਚੜ੍ਹਨਾ, ਮਨੁੱਖ ਦੇ ਮਨੁੱਖ ਹੋਣ ਦਾ ਪ੍ਰਮਾਣ ਹੁੰਦਾ ਹੈ।

ਆਮ ਕਰਕੇ ਹਰ ਕਿਸੇ ਨੂੰ ਸਪਤਾਹ ਵਿਚ ਤਿੰਨ-ਚਾਰ ਵਾਰ ਗੁੱਸਾ ਆਉਂਦਾ ਹੈ, ਕਈ ਇਕ ਦਿਨ ਵਿਚ ਹੀ ਚਾਰ-ਪੰਜ ਵਾਰੀ ਗੁੱਸੇ ਹੁੰਦੇ ਰਹਿੰਦੇ ਹਨ, ਕਈਆਂ ਨੂੰ ਹਰ ਵੇਲੇ ਗੁੱਸਾ ਚੜ੍ਹਿਆ ਰਹਿੰਦਾ ਹੈ।

ਕਈ ਅਹੁਦੇ ਕਾਰਨ, ਥਾਣੇਦਾਰਾਂ ਵਾਂਗ ਗੁਸੈਲ ਹੁੰਦੇ ਹਨ।

ਠੰਡੀਆਂ ਅਤੇ ਸਖ਼ਤ ਇਸਤਰੀਆਂ ਨੂੰ ਗੁੱਸਾ ਜਲਦੀ ਚੜ੍ਹਦਾ ਹੈ।

ਕਈਆਂ ਨੂੰ ਗੁੱਸੇ ਦੇ, ਰੋਅਬ ਹੋਣ ਦਾ ਭੁਲੇਖਾ ਹੁੰਦਾ ਹੈ।

ਰੋਅਬ ਵਿਖਾਉਣ ਵਾਲੇ ਸਮਝੌਤਾ ਨਹੀਂ ਕਰਦੇ, ਈਨ ਮੰਨਵਾਉਂਦੇ ਅਤੇ ਸਬਕ ਸਿਖਾਉਂਦੇ ਹਨ। ਕਈ ਵਾਰੀ ਗੱਲ ਗੁੱਸੇ ਨਾਲ ਕਹੀ ਜਾਂਦੀ ਹੈ, ਕਈ ਵਾਰੀ ਪ੍ਰਤੀਕਰਮ ਗੁੱਸੇ ਨਾਲ ਪ੍ਰਗਟਾਇਆ ਜਾਂਦਾ ਹੈ।

ਉਂਜ ਗੁੱਸੇ ਹੋਣਾ ਪਸੰਦ ਕੋਈ ਨਹੀਂ ਕਰਦਾ ਪਰ ਹਰ ਕੋਈ ਗੁੱਸੇ ਹੁੰਦਾ ਹੈ।

ਜਿਹੜਾ ਗੁੱਸਾ ਸਾਨੂੰ ਚੰਗਾ ਨਹੀਂ ਲੱਗਦਾ, ਉਹ ਦੂਜਿਆਂ ਦਾ ਗੁੱਸਾ ਹੁੰਦਾ ਹੈ।

ਗੁੱਸੇ ਦੀ ਹਾਲਤ ਵਿਚ ਮਨੁੱਖ ਕੋਹਝਾ ਲੱਗਦਾ ਹੈ ਪਰ ਉਸ ਨੂੰ ਅਹਿਸਾਸ ਆਪਣੇ ਸ਼ਕਤੀਸ਼ਾਲੀ ਹੋਣ ਦਾ ਹੁੰਦਾ ਹੈ।

ਗੁਸੈਲ ਵਿਅਕਤੀ ਅਕਸਰ ਲੜਾਕੇ ਹੁੰਦੇ ਹਨ ਪਰ ਉਹ ਸਮਝਦੇ ਆਪਣੇ ਆਪ ਨੂੰ ਬਹਾਦਰ ਅਤੇ ਅਣਖੀਲੇ ਹਨ।

ਉਦੇਸ਼ ਤੋਂ ਬਿਨਾਂ ਗੁੱਸਾ ਕਰਨਾ ਸੰਭਵ ਨਹੀਂ ਹੁੰਦਾ।

ਗੁੱਸੇ ਦਾ ਉਦੇਸ਼ ਅਕਸਰ ਦੂਜੇ ਦੇ ਵਿਹਾਰ ਵਿਚ ਤਬਦੀਲੀ ਲਿਆਉਣਾ ਹੁੰਦਾ ਹੈ ਅਤੇ ਸਥਿਤੀ ਨੂੰ ਕਾਬੂ ਤੋਂ ਬਾਹਰ ਜਾਣ ਤੋਂ ਰੋਕਣਾ ਹੁੰਦਾ ਹੈ। ਜਦੋਂ ਗੁੱਸਾ ਹਾਂ-ਪੱਖੀ ਹੋ ਜਾਵੇ ਤਾਂ ਇਹ ਸ਼ਿੱਦਤ ਬਣ ਜਾਂਦਾ ਹੈ। ਸ਼ਿੱਦਤ ਨਾਲ ਰਲ ਕੇ ਕਲਪਨਾ ਚੰਡੀ ਦੀ ਵਾਰ ਜਾਂ ਸ਼ਾਹ ਮੁਹੰਮਦ ਦਾ ਜੰਗਨਾਮਾ ਬਣ ਜਾਂਦੀ ਹੈ।

ਪਿਆਰ ਵਿਚ ਗੁੱਸੇ ਦੇ ਦੋਵੇਂ ਰੂਪ ਪ੍ਰਗਟ ਹੁੰਦੇ ਹਨ, ਪ੍ਰੇਮਿਕਾ ਲਈ ਸ਼ਿੱਦਤ ਅਤੇ ਰਕੀਬ ਲਈ ਗੁੱਸਾ।

ਸਧਾਰਨ ਭਾਵਾਂ ਵਾਲਾ ਵਿਅਕਤੀ ਕੁਝ ਸਿਰਜਦਾ ਨਹੀਂ ਪਰ ਵੱਡੇ ਬੰਦਿਆਂ ਦੇ ਗੁੱਸੇ ਵਿਚ ਇਨਕਲਾਬ ਦਾ ਵੇਗ ਅਤੇ ਬਗਾਵਤ ਦਾ ਜੋਸ਼ ਹੁੰਦਾ ਹੈ।

ਸਮਾਜਿਕ ਅਤੇ ਸਭਿਆਚਾਰਕ ਖੇਤਰਾਂ ਵਿਚ ਗੁੱਸੇ ਨਾਲ ਅਸੀਂ ਅਕਸਰ ਆਪਣੇ ਸ਼ੁਭਚਿੰਤਕਾਂ ਨੂੰ ਪੀੜਤ ਕਰਦੇ ਅਤੇ ਉਨ੍ਹਾਂ ਦਾ ਨੁਕਸਾਨ ਕਰਦੇ ਹਾਂ।

ਕਈ ਕੌਮਾਂ ਅਤੇ ਸਭਿਆਚਾਰਾਂ ਵਿਚ ਇਤਿਹਾਸਕ ਅਤੇ ਭੂਗੋਲਿਕ ਕਾਰਨਾਂ ਕਰਕੇ ਗੁੱਸਾ ਵਧੇਰੇ ਹੁੰਦਾ ਹੈ।

ਸਰਹੱਦੀ ਇਲਾਕਿਆਂ, ਕਬੀਲਿਆਂ, ਆਦਿਵਾਸੀਆਂ, ਪਹਾੜੀ ਅਤੇ ਰੇਤਲੇ ਇਲਾਕਿਆਂ ਵਿਚ ਰਹਿਣ ਵਾਲਿਆਂ ਵਿਚ ਵਧੇਰੇ ਗੁੱਸਾ ਹੁੰਦਾ ਹੈ। ਰਾਜਪੂਤ, ਪਠਾਣ ਆਦਿ ਭੂਗੋਲਿਕ ਕਠਿਨਾਈਆਂ ਕਾਰਨ ਜਲਦੀ ਤੱਤੇ ਹੋ ਜਾਂਦੇ ਹਨ। ਸਿੱਖ, ਮੁਸਲਮਾਨ, ਯਹੂਦੀ ਆਦਿ ਇਤਿਹਾਸਕ ਕਾਰਨਾਂ ਕਰਕੇ ਵਧੇਰੇ ਗੁੱਸੇ ਵਾਲੇ ਹਨ, ਇਹ ਆਪਣੇ ਗੁੱਸੇ 'ਤੇ ਮਾਣ ਕਰਦੇ ਹਨ ਅਤੇ ਇਸ ਨੂੰ ਅਣਖ ਦਾ ਨਾਂ ਦਿੰਦੇ ਹਨ। ਰੂਸੀ, ਜਰਮਨ, ਤੁਰਕ ਆਦਿ ਗੁੱਸੇ ਨੂੰ ਅਜ਼ਾਦੀ ਦੀ ਢਾਲ ਸਮਝਦੇ ਹਨ। ਪੁਰਾਤਨ ਯੁੱਗ ਵਿਚ ਰੋਮਨ, ਈਰਾਨੀ, ਸਪਾਰਟਨ, ਯੂਨਾਨੀ ਆਦਿ ਨਿਰੰਤਰ ਭਿੜਦੇ ਰਹਿਣ ਕਰਕੇ, ਸ਼ਾਂਤ ਜੀਵਨ ਗੁਜ਼ਾਰਨਾ ਭੁੱਲ ਹੀ ਗਏ ਸਨ।

ਮਾਸ ਖਾਣ ਵਾਲੀਆਂ ਕੌਮਾਂ ਵਿਚ, ਗੁੱਸਾ ਵਧੇਰੇ ਹੁੰਦਾ ਹੈ।

ਗੁੱਸੇ ਵਾਲੇ ਸਮਾਜਾਂ ਦੇ ਲੋਕ ਕੋਈ ਨਾ ਕੋਈ ਝਗੜਾ ਉਪਜਾਈ ਰੱਖਦੇ ਹਨ। ਇਹ ਅੰਦੋਲਨ ਬੜੇ ਕਰਦੇ ਹਨ ਪਰ ਕੁਝ ਪ੍ਰਾਪਤ ਕਰਨ ਵਿਚ ਅਸਫਲ ਅਤੇ ਫੈਸਲੇ ਕਰਨ ਵਿਚ ਫਾਡੀ ਹੁੰਦੇ ਹਨ। ਇਹ ਲੜਾਕੇ ਹੀ ਹੁੰਦੇ ਹਨ, ਬਹਾਦਰ ਨਹੀਂ।

ਜੇ ਕੋਈ ਬਾਹਰੀ ਜਾਂ ਸਾਂਝਾ ਦੁਸ਼ਮਣ ਨਾ ਹੋਵੇ ਤਾਂ ਇਹ ਸ਼ੀਆਂ ਅਤੇ ਸੁੰਨੀਆਂ ਵਾਂਗ, ਆਪਸ ਵਿਚ ਮਰਨਾ-ਮਾਰਨਾ ਜਾਰੀ ਰੱਖਦੇ ਹਨ।

ਜਿਹੜੇ ਝੱਟ ਤੱਤੇ ਅਤੇ ਝੱਟ ਠੰਡੇ ਹੋ ਜਾਂਦੇ ਹਨ, ਉਹ ਭੈੜੇ ਨਹੀਂ ਹੁੰਦੇ, ਮੂਰਖ ਹੁੰਦੇ ਹਨ; ਉਹ ਬਹਾਦਰ ਨਹੀਂ ਹੁੰਦੇ, ਜ਼ਿੱਦੀ ਹੁੰਦੇ ਹਨ। ਸੰਸਾਰ ਵਿਚ ਗਰੀਬੀ, ਅਨਪੜ੍ਹਤਾ ਅਤੇ ਪੱਛੜੇਪਣ ਆਦਿ ਦਾ ਇਕ ਕਾਰਨ ਗੁੱਸਾ ਵੀ ਹੈ।

ਗੁੱਸੇ ਵਿਚ ਕਹੀਆਂ ਗੱਲਾਂ, ਅਚਾਨਕ ਉਪਜੀਆਂ ਲੱਗਦੀਆਂ ਹਨ ਪਰ ਇਹ ਪਹਿਲਾਂ ਕਈ ਵਾਰ ਸੋਚੀਆਂ ਗਈਆਂ ਹੁੰਦੀਆਂ ਹਨ।

ਕੰਮ ਵਾਲੀ ਥਾਂ 'ਤੇ ਸਭ ਤੋਂ ਵੱਧ ਗੁੱਸਾ ਉਸ 'ਤੇ ਆਉਂਦਾ ਹੈ, ਜਿਹੜਾ ਸਾਡੇ ਨਾਲੋਂ ਯੋਗ ਘੱਟ ਹੋਵੇ ਪਰ ਚੁਸਤ-ਚਲਾਕ ਵਧੇਰੇ ਹੋਵੇ।

ਗੁੱਸੇ ਵਾਲੀ ਸਥਿਤੀ ਦਾ ਅਰੰਭ ਗੱਲਬਾਤ ਨਾਲ ਹੁੰਦਾ ਹੈ, ਜਿਹੜੀ ਬਹਿਸ ਬਣ ਜਾਂਦੀ ਹੈ ਅਤੇ ਹੱਥੋਪਾਈ ਹੋ ਨਿਬੜਦੀ ਹੈ। ਹੱਥੋਪਾਈ ਲੜਾਈ ਦਾ ਰੂਪ ਧਾਰਦੀ ਹੈ, ਹੋਰ ਵਿਅਕਤੀ ਹਥਿਆਰਾਂ ਨਾਲ ਸ਼ਾਮਲ ਹੋ ਜਾਂਦੇ ਹਨ ਅਤੇ ਦੋਵੇਂ ਧਿਰਾਂ ਆਪਸ ਵਿਚ ਕਤਲ ਕਰਨ ਤੱਕ ਜਾ ਸਕਦੀਆਂ ਹਨ।

ਸੜਕ ਉੱਤੇ ਆਵਾਜਾਈ ਵਿਚ ਆਪਣੇ ਆਪ ਨੂੰ ਅੱਗੇ ਰੱਖਣ ਦਾ ਯਤਨ, ਪਹਿਲਾਂ ਬਹਿਸ ਅਤੇ ਕੁਝ ਪਲਾਂ ਵਿਚ ਹੀ ਲੜਾਈ ਹੋ ਨਿਬੜਦਾ ਹੈ।

ਹੁਣ ਹਰ ਥਾਂ ਭੀੜ ਹੋਣ ਕਰਕੇ ਹਰ ਸਥਿਤੀ ਗੁੱਸੇ ਵਾਲੀ ਹੋਣ ਲੱਗ ਪਈ ਹੈ।

ਜਦੋਂ ਵੀ ਬਹਿਸ ਹੋਵੇਗੀ ਵਧੇਰੇ ਗੁੱਸੇ ਵਾਲੀ ਧਿਰ ਦਲੀਲ ਗਲਤ ਦੇਵੇਗੀ ਪਰ ਉਹ ਠਹਿਰਾਏਗੀ ਆਪਣੇ ਆਪ ਨੂੰ ਸਹੀ।

ਝਗੜੇ ਵਿਚ ਕਈ ਅਜਿਹੇ ਤੁਹਾਡੇ ਸਮਰਥਨ ਵਿਚ ਨਿੱਤਰਨਗੇ, ਜਿਨ੍ਹਾਂ ਬਾਰੇ ਤੁਸੀਂ ਮਗਰੋਂ ਸੋਚੋਗੇ ਕਿ ਚੰਗਾ ਹੁੰਦਾ, ਜੇ ਉਹ ਤੁਹਾਡੇ ਵਿਰੋਧੀ ਹੁੰਦੇ।

ਬਹਿਸ ਕਰਨ ਵਾਲੇ ਝੱਟ ਗੁੱਸੇ ਹੋ ਜਾਣ ਕਾਰਨ, ਕਿਸੇ ਸਮੱਸਿਆ ਨੂੰ ਸਮਝਣ

ਦਾ ਯਤਨ ਹੀ ਨਹੀਂ ਕਰਦੇ, ਸੋ ਇਹ ਹਰ ਤਾਣੀ ਨੂੰ ਉਲਝਾਉਂਦੇ ਹਨ।

ਹਰੇਕ ਵਿਅਕਤੀ ਦੇ ਗੁੱਸੇ ਹੋਣ ਦਾ ਕਾਰਨ, ਗੁੱਸੇ ਦੀ ਮਾਤਰਾ ਅਤੇ ਮਿਆਦ ਅਤੇ ਗੁੱਸੇ ਦੀ ਕਿਸਮ ਵੱਖਰੀ ਹੁੰਦੀ ਹੈ।

ਕਿਸ਼ਤਾਂ ਵਿਚ ਗੁੱਸਾ ਕਰਨਾ ਸੰਭਵ ਨਹੀਂ ਹੁੰਦਾ, ਇਹ ਸਾਰਾ ਇਕੋ ਵਾਰ ਪੂਰਾ ਜ਼ੋਰ ਲਾ ਕੇ ਲਗਾਤਾਰ ਕਰਨਾ ਪੈਂਦਾ ਹੈ।

ਗੁੱਸੇ ਦੀ ਹਾਲਤ ਵਿਚ ਮਨੁੱਖ ਕੋਈ ਹੋਰ ਹੀ ਬੰਦਾ ਬਣ ਜਾਂਦਾ ਹੈ, ਉਸ ਦੀ ਸ਼ਕਲ ਹੀ ਨਹੀਂ, ਤਕਣੀ ਅਤੇ ਸ਼ਬਦਾਵਲੀ ਵੀ ਬਦਲ ਜਾਂਦੀ ਹੈ।

ਜਦੋਂ ਗੁੱਸਾ ਉਤਰ ਜਾਂਦਾ ਹੈ ਤਾਂ ਪੁਰਾਣਾ ਬੰਦਾ ਵਾਪਸ ਆ ਜਾਂਦਾ ਹੈ।

ਜੇ ਥਾਣੇਦਾਰ ਵਿਚ ਗੁੱਸਾ ਨਾ ਹੋਵੇ ਤਾਂ ਉਹ ਥਾਣੇਦਾਰ ਹੀ ਨਹੀਂ ਲੱਗਦਾ।

ਗੁੱਸੇ ਰਾਹੀਂ ਮਨੁੱਖ ਸਭਿਅਕ ਹੋਣ ਤੋਂ ਪਹਿਲਾਂ ਵਾਲੀ ਸਥਿਤੀ ਵਿਚ ਪਹੁੰਚ ਜਾਂਦਾ ਹੈ। ਬਹੁਤ ਅਧਿਕ ਗੁੱਸੇ ਵਿਚ ਪਾਗਲਪਣ ਵਾਲੇ ਲੱਛਣ ਹੁੰਦੇ ਹਨ।

ਗੁੱਸਾ ਅਕਸਰ ਆਪਣੇ ਤੋਂ ਕਮਜ਼ੋਰ ਵਿਅਕਤੀ 'ਤੇ ਆਉਂਦਾ ਹੈ।

ਜੇ ਸੁੱਤੇ ਥਾਣੇਦਾਰ ਨੂੰ ਸਿਪਾਹੀ ਜਗਾਵੇ ਤਾਂ ਥਾਣੇਦਾਰ ਸਿਪਾਹੀ ਨਾਲ ਗੁੱਸੇ ਹੋਵੇਗਾ, ਜੇ ਉਸ ਦਾ ਅਫ਼ਸਰ ਜਗਾਵੇ ਤਾਂ ਉਸ ਸਾਹਮਣੇ ਉਹ ਜੀ-ਜੀ ਕਰੇਗਾ।

ਅਮੀਰ ਗਰੀਬਾਂ ਨੂੰ, ਮਾਲਕ ਨੌਕਰਾਂ ਨੂੰ, ਪਤੀ ਪਤਨੀਆਂ ਨੂੰ, ਅਧਿਆਪਕ ਵਿਦਿਆਰਥੀਆਂ ਨੂੰ, ਇਸਤਰੀਆਂ ਨੌਕਰਾਣੀਆਂ ਨੂੰ ਗੁੱਸੇ ਹੁੰਦੀਆਂ ਹੀ ਰਹਿੰਦੀਆਂ ਹਨ। ਅਜੋਕੀ ਖ਼ੁਰਾਕ ਦਾ ਵੀ ਗੁੱਸਾ ਉਪਜਾਉਣ ਵਿਚ ਵੱਡਾ ਰੋਲ ਹੈ।

ਮਾਸ ਅਤੇ ਸ਼ਰਾਬ ਦੇ ਸੇਵਨ ਦਾ ਵੱਧਣਾ ਅਤੇ ਤੇਜ਼ ਮਸਾਲਿਆਂ ਅਤੇ ਮਿਰਚਾਂ ਵਾਲੇ ਪਕਵਾਨ, ਸਾਡੀ ਮਨੋਬਿਰਤੀ ਨੂੰ ਵਿਗਾੜਦੇ ਹਨ।

ਸਵੇਰ ਦੇ ਮੁਕਾਬਲੇ, ਸ਼ਾਮ ਨੂੰ ਪ੍ਰਦੂਸ਼ਣ ਕਾਰਨ ਗੁੱਸਾ ਵਧੇਰੇ ਚੜ੍ਹਦਾ ਹੈ।

ਪੌਣ-ਪਾਣੀ ਵੀ ਗੁੱਸਾ ਉਪਜਾਉਣ ਦਾ ਕਾਰਨ ਬਣ ਜਾਂਦਾ ਹੈ।

ਗਰਮੀਆਂ ਵਿਚ ਗੁੱਸਾ ਵਧੇਰੇ ਉਪਜਦਾ ਹੈ। ਧਰਮਾਂ ਦੀ ਭਰਮਾਰ ਕਾਰਨ, ਹੁਣ ਧਰਮ ਮਨ ਦੀ ਸ਼ਾਂਤੀ ਦੀ ਥਾਂ ਮਨੁੱਖ ਨੂੰ ਪਰੇਸ਼ਾਨ ਹੀ ਕਰਦੇ ਹਨ।

ਆਰਥਿਕ ਹਾਲਤਾਂ ਵੀ ਗੁੱਸਾ ਉਪਜਾਉਂਦੀਆਂ ਹਨ। ਜਦੋਂ ਚੀਜ਼ਾਂ-ਵਸਤਾਂ ਦੀਆਂ ਕੀਮਤਾਂ ਬੇਮੁਹਾਰ ਹੁੰਦੀਆਂ ਹਨ ਤਾਂ ਪਤਨੀਆਂ ਅਤੇ ਬੱਚਿਆਂ ਦੀ ਮਾਰ-ਕੁਟਾਈ ਵੱਧ ਜਾਂਦੀ ਹੈ, ਪਰਿਵਾਰ ਦੇ ਜੀਅ ਵਧੇਰੇ ਲੜਦੇ ਹਨ, ਜਿਸ ਕਾਰਨ ਨਜਾਇਜ਼ ਅਤੇ ਵਰਜਿਤ ਰਿਸ਼ਤਿਆਂ ਰਾਹੀਂ ਇੱਛਾਵਾਂ ਦੀ ਪੂਰਤੀ ਕੀਤੀ ਜਾਂਦੀ ਹੈ।

ਆਰਥਿਕ ਪਰੇਸ਼ਾਨੀਆਂ ਦੇ ਉਪਜਾਏ ਗੁੱਸੇ ਕਾਰਨ, ਤਲਾਕ ਵਾਪਰਦੇ ਹਨ, ਪਰਿਵਾਰ ਟੁੱਟਦੇ ਹਨ, ਜਾਇਦਾਦਾਂ ਬਾਰੇ ਮੁਕੱਦਮੇ ਵੱਧਦੇ ਹਨ।

ਜਦੋਂ ਗੁੱਸੇ ਦੀ ਹਾਲਤ ਵਿਚ, ਹੋਰਾਂ ਦੇ ਨਾਂ ਵਿਚ ਆਉਣ ਲੱਗ ਪੈਣ ਤਾਂ ਸਥਿਤੀ ਵਿਗੜ ਜਾਂਦੀ ਹੈ ਅਤੇ ਗੁੱਸਾ ਕੁਰਾਹੇ ਪੈ ਜਾਂਦਾ ਹੈ।

ਜੇ ਇਕ ਸਸਤੀ ਚੀਜ਼ ਅਤੇ ਇਕ ਮਹਿੰਗੀ ਚੀਜ਼ ਦੋਵੇਂ ਪਈਆਂ ਹੋਣ ਤਾਂ ਮਹਿੰਗੀ ਚੀਜ਼ ਦਾ ਤੋੜਨਾ ਗੁੱਸਾ ਨਹੀਂ, ਪਾਗਲਪਣ ਕਹਾਏਗਾ।

ਸੰਸਾਰ ਵਿਚ ਕਿਧਰੇ ਵੀ ਗੁੱਸੇ ਨਾਲ ਹੋਏ ਨੁਕਸਾਨ ਦਾ ਬੀਮਾ ਨਹੀਂ ਹੁੰਦਾ।

ਗੁੱਸੇ ਨਾਲ ਚੁੱਕੇ ਹਥਿਆਰ ਦੀ ਮਾਰੂ ਤਾਕਤ ਵੱਧ ਜਾਂਦੀ ਹੈ।

ਜਿਵੇਂ ਗੁੱਸੇ ਹੋਣ ਦੇ ਕਾਰਨ ਵੱਖ-ਵੱਖ ਹੁੰਦੇ ਹਨ, ਉਵੇਂ ਹੀ ਗੁੱਸੇ ਦੀ ਕਿਸਮ ਅਤੇ ਮਿਆਦ ਵੀ ਵੱਖਰੀ-ਵੱਖਰੀ ਹੁੰਦੀ ਹੈ। ਇਕ ਹੀ ਵਿਅਕਤੀ ਨਾਲ ਘਰ ਅੰਦਰ ਹੋਰ ਕਾਰਨਾਂ ਕਰਕੇ, ਕੰਮ ਵਾਲੀ ਥਾਂ ਤੇ ਹੋਰ ਕਾਰਨਾਂ ਕਰਕੇ ਅਤੇ ਸਮਾਜਿਕ ਸਮਾਗਮਾਂ ਵਿਚ ਹੋਰ ਕਾਰਨਾਂ ਕਰਕੇ ਗੁੱਸੇ ਹੋਇਆ ਜਾਂਦਾ ਹੈ।

ਗੁੱਸਾ ਜਿਤਨਾ ਵੱਧ ਹੋਵੇਗਾ, ਉਤਨੀ ਹੀ ਜ਼ਿੰਦਗੀ ਘੱਟ ਜਾਵੇਗੀ।

ਵਧੇਰੇ ਗੁੱਸੇ ਵਾਲੇ ਵਿਅਕਤੀ ਜਲਦੀ ਮਰ ਜਾਂਦੇ ਹਨ। ਇਨ੍ਹਾਂ ਲਈ ਲਗਭਗ ਪੰਜਾਹ ਸਾਲ ਦੀ ਉਮਰ ਬੜੀ ਖਤਰੇ ਵਾਲੀ ਹੁੰਦੀ ਹੈ, ਕਿਉਂਕਿ ਇਸ ਉਮਰ ਵਿਚ ਜਾਂ ਕੋਈ ਵਾਰਦਾਤ ਹੋ ਜਾਂਦੀ ਹੈ ਜਾਂ ਕੋਈ ਸਰੀਰਕ ਸੰਕਟ ਉਪਜ ਪੈਂਦਾ ਹੈ।

ਗੁੱਸਾ ਕਈ ਪ੍ਰਕਾਰ ਦਾ ਹੁੰਦਾ ਹੈ। ਪਹਿਲੀ ਕਿਸਮ ਅਨੁਸਾਰ, ਕਈ ਜਨਮ ਤੋਂ ਹੀ ਵਧੇਰੇ ਗੁੱਸੇ ਵਾਲੇ ਹੁੰਦੇ ਹਨ। ਉਨ੍ਹਾਂ ਦੀ ਸਰੀਰਕ ਬਣਤਰ, ਉਨ੍ਹਾਂ ਵਿਚ ਵਧੇਰੇ ਗੁੱਸਾ ਉਪਜਾਉਂਦੀ ਹੈ। ਇਹ ਇਨ੍ਹਾਂ ਦਾ ਸੁਭਾਵਕ ਵਿਹਾਰ ਹੁੰਦਾ ਹੈ। ਕਈ ਵਾਰੀ ਕੋਈ, ਚੀਜ਼ਾਂ ਸਹੀ ਥਾਂ 'ਤੇ ਨਾ ਰੱਖਣ ਕਾਰਨ ਗੁੱਸੇ ਹੁੰਦਾ ਰਹਿੰਦਾ ਹੈ। ਕਾਮ-ਅਤ੍ਰਿਪਤੀ ਕਾਰਨ ਪਤੀ-ਪਤਨੀ ਵਿਚਕਾਰ ਗੁੱਸੇ ਦਾ ਪ੍ਰਗਟਾਵਾ ਵਧੇਰੇ ਹੁੰਦਾ ਹੈ।

ਕਾਮ ਪੱਖੋਂ ਅਤ੍ਰਿਪਤ ਵਿਅਕਤੀ ਆਪ ਤੰਗ ਹੁੰਦੇ ਅਤੇ ਗੁੱਸੇ ਨਾਲ ਹੋਰਾਂ ਨੂੰ ਪਰੇਸ਼ਾਨ ਕਰਦੇ ਹਨ। ਇਹ ਜਿੱਥੇ ਜਾਂਦੇ ਹਨ, ਉੱਥੇ ਹੀ ਸਮੱਸਿਆਵਾਂ ਉਸਾਰਦੇ ਹਨ। ਇਹ ਬਦਲੇਖੋਰ ਹੁੰਦੇ ਹਨ।

ਇਹ ਹਰ ਵੇਲੇ, ਹਰ ਕਿਸੇ ਨਾਲ ਗੁੱਸੇ ਹੀ ਹੁੰਦੇ ਹਨ। ਇਹ ਜਦੋਂ ਗੁੱਸੇ ਨਹੀਂ ਹੁੰਦੇ, ਉਦੋਂ ਇਨ੍ਹਾਂ ਦਾ ਵਿਹਾਰ ਬੜਾ ਬਨਾਵਟੀ ਲੱਗਦਾ ਹੈ।

ਸਾਡਾ ਇਕ ਅਫਸਰ ਹੁੰਦਾ ਸੀ। ਸਾਨੂੰ ਤਨਖਾਹ ਉਸ ਦਾ ਗੁੱਸਾ ਸਹਿਣ ਦੀ ਹੀ ਮਿਲਦੀ ਸੀ। ਜਦੋਂ ਕਦੇ ਉਹ ਪਿਆਰ ਨਾਲ ਬੋਲਦਾ ਸੀ, ਉਸ ਤੋਂ ਮਗਰੋਂ ਕੋਈ ਮੁਸੀਬਤ ਜ਼ਰੂਰ ਵਾਪਰਦੀ ਸੀ, ਜਿਸ ਕਾਰਨ ਉਸ ਨੂੰ ਗੁੱਸੇ ਹੋਣ ਦੀ ਮੌਜ ਮਾਣਨ ਦਾ ਅਵਸਰ ਮਿਲ ਜਾਂਦਾ ਸੀ। ਵਾਸਤਵ ਵਿਚ ਪਿਆਰ ਨਾਲ ਬੋਲ ਕੇ ਉਹ ਸਾਨੂੰ ਖ਼ਤਰੇ ਸੰਬੰਧੀ ਅਵੇਸਲੇ ਕਰ ਦਿੰਦਾ ਸੀ।

ਕਈਆਂ ਨੂੰ ਗੁੱਸੇ ਹੋਣ ਦਾ ਹੀ ਨਹੀਂ ਲੜਨ ਦਾ ਵੀ ਸ਼ੌਕ ਹੁੰਦਾ ਹੈ।

ਗੁੱਸੇ ਦੀ ਹਾਲਤ ਵਿਚ ਬੋਲਣ ਵਾਲੀ ਧਿਰ ਅਕਸਰ ਪਛਤਾਉਂਦੀ ਹੈ ਅਤੇ ਚੁੱਪ ਰਹਿ ਕੇ ਗੁੱਸਾ ਸਹਿਣ ਵਾਲੀ ਧਿਰ ਅੱਗੋ ਮਗਰੋਂ ਪਛਤਾਵਾ ਕਰਦੀ ਹੈ।

ਦੂਜੀ ਕਿਸਮ ਦਾ ਗੁੱਸਾ ਧਮਕੀਆਂ ਦੇਣ ਵਾਲੇ ਕਮਜ਼ੋਰ ਵਿਅਕਤੀਆਂ ਦਾ ਹੁੰਦਾ ਹੈ। ਇਹ ਹੁੰਦੇ ਕਮਜ਼ੋਰ ਹਨ ਪਰ ਦਿੰਦੇ ਧਮਕੀਆਂ ਹਨ। ਇਕੱਲੀ ਰਹਿਣ ਵਾਲੀ ਇਕ ਡਰਪੋਕ ਇਸਤਰੀ ਨੂੰ ਜਦੋਂ ਰਾਤ ਨੂੰ ਕੋਈ ਖੜਾਕ ਸੁਣਦਾ ਸੀ ਤਾਂ ਉਹ ਬੜੇ ਗੁੱਸੇ ਨਾਲ ਬੋਲਦੀ ਸੀ: ਕੌਣ ਹੈ ? ਦਿਨ ਵੇਲੇ ਜਦੋਂ ਕੋਈ ਪਰੇਸ਼ਾਨ ਕਰਦਾ ਸੀ ਤਾਂ ਕਹਿੰਦੀ ਸੀ: ਤੂੰ ਮੈਨੂੰ ਜਾਣਦਾ ਨਹੀਂ ?ਮੈਂ ਕੁੱਟ-ਕੁੱਟ ਕੇ ਤੇਰਾ ਭੜਥਾ ਬਣਾ ਦਿਆਂਗੀ।

ਸੱਸ-ਨੂੰਹ ਦਾ ਪਰਸਪਰ ਗੁੱਸਾ ਵੀ ਇਸੇ ਵੰਨਗੀ ਵਿਚ ਆਉਂਦਾ ਹੈ।

ਤੀਜੀ ਕਿਸਮ ਦਾ ਗੁੱਸਾ ਉਹ ਹੁੰਦਾ ਹੈ, ਜਿਸ ਵਿਚ ਗੁੱਸੇ ਹੋਣ ਵਾਲਾ ਅਕਸਰ ਆਪਣਾ ਨੁਕਸਾਨ ਕਰ ਲੈਂਦਾ ਹੈ। ਅਜਿਹੇ ਵਿਅਕਤੀਆਂ ਦੇ ਸੱਟਾਂ ਲੱਗਦੀਆਂ ਰਹਿੰਦੀਆਂ ਹਨ ਅਤੇ ਪੱਟੀਆਂ ਬੰਨ੍ਹੀਆਂ ਹੀ ਰਹਿੰਦੀਆਂ ਹਨ। ਸਥਿਤੀ ਕੋਈ ਹੋਵੇ, ਇਹ ਕੁੱਟਮਾਰ 'ਤੇ ਉਤਰ ਆਉਂਦੇ ਹਨ।

ਇਕ ਵਾਰੀ ਇਕ ਕਾਰ ਵਾਲੇ ਨੂੰ ਦੂਜੇ ਨੇ ਰਸਤਾ ਨਾ ਦਿੱਤਾ, ਰਸਤਾ ਨਾ ਮਿਲਣ ਕਾਰਨ ਗੁੱਸੇ ਵਿੱਚ ਉਹ ਪਿੱਛਾ ਕਰਦਾ-ਕਰਦਾ ਅਗਲੇ ਦੇ ਘਰ ਤੱਕ ਚਲਾ ਗਿਆ ਅਤੇ ਲੜਾਈ ਹੋਣ 'ਤੇ ਚੰਗੀ ਕੁੱਟ ਖਾ ਕੇ ਵਾਪਸ ਮੁੜਿਆ।

ਚੌਥੀ ਕਿਸਮ ਦਾ ਗੁੱਸਾ ਫਤਵੇ ਦੇਣ ਵਿਚ, ਹੋਰ ਧਰਮਾਂ, ਜਾਤਾਂ ਨੂੰ ਭੰਡਣ ਵਿਚ, ਹਰ ਚੀਜ਼ ਵਿਚ ਨੁਕਸ ਕੱਢਣ ਵਿਚ ਅਤੇ ਹਰ ਕਿਸੇ ਦੀ ਬੇਇਜ਼ਤੀ ਕਰਨ ਵਿਚ ਪ੍ਰਗਟ ਹੁੰਦਾ ਹੈ। ਜਦੋਂ ਯੁੱਧ ਜਾਂ ਫ਼ਸਾਦ ਜਾਂ ਚੋਣਾਂ ਹੁੰਦੀਆਂ ਹਨ ਤਾਂ ਇਹ ਗੁੱਸਾ ਪ੍ਰਗਟ ਹੁੰਦਾ ਹੈ। ਇਸ ਗੁੱਸੇ ਵਿਚ ਨਫ਼ਰਤ ਦੇ ਅੰਸ਼ ਹੁੰਦੇ ਹਨ।

ਪੰਜਵੀਂ ਪ੍ਰਕਾਰ ਦਾ ਗੁੱਸਾ ਸੰਸਾਰ ਨੂੰ ਸੁਧਾਰਨ, ਸਬਕ ਸਿਖਾਉਣ, ਤਬਾਹੀ ਮਚਾਉਣ, ਮਰਨ-ਮਾਰਨ ਵਿਚ ਪ੍ਰਗਟ ਹੁੰਦਾ ਹੈ। ਇਹ ਗੁੱਸਾ ਸੰਗ੍ਰਾਮੀਆਂ, ਜੁਝਾਰੂਆਂ, ਜਹਾਦੀਆਂ, ਅਤਿਵਾਦੀਆਂ, ਕੱਟੜਪੰਥੀਆਂ ਵਿਚ ਹੁੰਦਾ ਹੈ।

ਗੁੱਸਾ ਕਿਸੇ ਪ੍ਰਕਾਰ ਦਾ ਹੋਵੇ, ਉਸ ਵਿਚ ਹਥਿਆਰ ਪ੍ਰਾਪਤ ਕਰਨ ਦੀ ਬਿਰਤੀ ਜਾਗਦੀ ਹੈ। ਗੁਸੈਲ ਵਿਅਕਤੀ ਕੋਲ ਤਰਕ ਨਹੀਂ ਹੁੰਦਾ, ਹਥਿਆਰ ਹੁੰਦਾ ਹੈ, ਦਲੀਲ ਨਹੀਂ ਹੁੰਦੀ, ਆਪਣਾ ਘੜਿਆ ਕੱਟੜ ਸਿਧਾਂਤ ਹੁੰਦਾ ਹੈ।

ਗੁੱਸੇ ਦਾ ਇਲਾਜ ਤਾਂ ਕੋਈ ਨਹੀਂ ਪਰ ਫਿਰ ਵੀ ਗੁੱਸੇ ਸੰਬੰਧੀ ਕੁਝ ਉਪਯੋਗੀ ਪੈਂਤੜੇ ਅਪਨਾਉਣ ਦੀ ਲੋੜ ਹੈ। ਇਹ ਸਮਝਣਾ ਜ਼ਰੂਰੀ ਹੈ ਕਿ ਰਿਸ਼ਤੇ ਸਾਂਝਾਂ ਕਾਰਨ ਮਜ਼ਬੂਤ ਹੁੰਦੇ ਹਨ ਅਤੇ ਵੱਖਰੇਵਿਆਂ ਕਾਰਨ ਦਿਲਚਸਪ ਬਣਦੇ ਹਨ।

ਕਿਸੇ ਆਪਣੇ ਨਾਲ ਗੁੱਸੇ ਜਿਤਨਾ ਮਰਜ਼ੀ ਹੋਵੋ ਪਰ ਲੜਨਾ ਮਨ੍ਹਾ ਹੈ।

ਜੇ ਤੁਸੀਂ ਆਪਣੇ ਗੁੱਸੇ ਨਾਲ ਕਿਸੇ ਨੂੰ ਨਰਾਜ਼ ਕੀਤਾ ਹੈ ਤਾਂ ਉਸ ਨੂੰ ਮਨਾਉਣ ਦੀ ਜ਼ਿੰਮੇਵਾਰੀ ਵੀ ਤੁਹਾਡੀ ਹੈ।

ਗੁੱਸੇ ਹੋਣਾ ਲੋੜ ਭਾਵੇਂ ਹੋਵੇ ਪਰ ਇਹ ਸ਼ੌਕ ਨਹੀਂ ਬਣਨਾ ਚਾਹੀਦਾ।

ਗੁੱਸੇ ਵਿਚ ਤਲਾਕ ਦੇਣ ਦੀ ਧਮਕੀ ਨਹੀਂ ਦੇਣੀ ਚਾਹੀਦੀ, ਇਸ ਨਾਲ ਦੂਜੀ ਧਿਰ ਦਾ ਤੁਹਾਡੇ ਵਿਚ ਵਿਸ਼ਵਾਸ ਮੁੱਕ ਜਾਂਦਾ ਹੈ।

ਪਤੀ-ਪਤਨੀ ਵਿਚ ਗੁੱਸੇ ਵਾਲਾ ਝਗੜਾ ਉਦੋਂ ਤੱਕ ਚੱਲਦਾ ਹੈ, ਜਦੋਂ ਤੱਕ ਕੋਈ ਨਵੀਂ ਸਾਂਝੀ ਸਮੱਸਿਆ ਨਹੀਂ ਉਪਜਦੀ।

ਜਦੋਂ ਘਰ ਮੁੜੋ ਤਾਂ ਪੂਰੇ ਪ੍ਰਸੰਨ ਅਤੇ ਸਬੂਤੇ ਮੁੜੋ; ਅੱਧੇ, ਖੇਤ ਜਾਂ ਦੁਕਾਨ ਜਾਂ ਦਫ਼ਤਰ ਵਿਚ ਨਾ ਰਹਿ ਜਾਓ।

ਗੁੱਸਾ ਆਉਂਦਾ ਕਿੱਥੋਂ ਹੈ ? ਇਹ ਸਾਡੇ ਅੰਦਰੋਂ ਉਪਜਦਾ ਹੈ। ਸਾਡੇ ਖ਼ੂਨ ਦੀ ਕਿਸਮ, ਤੱਤਾਂ ਦੀ ਵਾਧ-ਘਾਟ, ਸਰੀਰ ਵਿਚ ਵੱਖ-ਵੱਖ ਤੇਜ਼ਾਬਾਂ ਦੀ ਮਾਤਰਾ, ਭੋਜਨ ਵਿਚਲੇ ਮਿਰਚ-ਮਸਾਲੇ, ਖਾਣ-ਪੀਣ ਦੀ ਥੁੜ੍ਹ, ਰਿਹਾਇਸ਼ ਦਾ ਤੰਗ ਸਥਾਨ,

ਰੋਜ਼ਗਾਰ ਦੀ ਸਮੱਸਿਆ, ਹੋਰਾਂ ਨਾਲ ਸਾਡੇ ਸੰਬੰਧ, ਵਾਤਾਵਰਣ, ਮੌਸਮ ਆਦਿ ਵਿਚਲੇ ਅਸੰਤੁਲਨ ਆਦਿ ਹਰ ਕਿਸੇ ਵਿਚ ਗੁੱਸਾ ਉਪਜਾਉਂਦੇ ਹਨ।

ਤੰਗ ਗਲੀਆਂ, ਹਨੇਰੇ ਘਰਾਂ, ਗੰਦੀਆਂ ਬਸਤੀਆਂ ਵਿਚ ਰਹਿਣ ਵਾਲੇ ਬੇਰੋਜ਼ਗਾਰ, ਅਨਪੜ੍ਹ ਅਤੇ ਪਛੜੇ ਲੋਕਾਂ ਵਿਚ ਗੁੱਸਾ ਵਧੇਰੇ ਹੁੰਦਾ ਹੈ।

ਜਿਨ੍ਹਾਂ ਨਾਲ ਸਦੀਆਂ ਤੋਂ ਬੇਇਨਸਾਫ਼ੀ ਹੋ ਰਹੀ ਹੈ, ਉਹ ਹੁਣ ਆਪਣਾ ਗੁੱਸਾ ਪ੍ਰਗਟਾ ਰਹੇ ਹਨ। ਉਂਜ ਤਾਂ ਮੇਲਿਆਂ, ਤਿਓਹਾਰਾਂ ਆਦਿ ਵਿਚ, ਸਾਡੇ ਅੰਦਰੋਂ ਉਪਜਣ ਵਾਲੇ ਵਿਰੋਧਾਂ ਅਤੇ ਗੁੱਸੇ ਦੇ ਭਾਵਾਂ ਨੂੰ ਖਾਰਜ ਕਰਨ ਦੀ ਸ਼ਕਤੀ ਹੁੰਦੀ ਹੈ ਪਰ ਕਈ ਵਾਰੀ ਵਿਸ਼ੇਸ਼ ਕਾਰਨਾਂ ਕਰਕੇ, ਸਮਾਜਿਕ, ਆਰਥਿਕ ਅਤੇ ਰਾਜਨੀਤਕ ਦਬਾਵਾਂ, ਤਣਾਵਾਂ ਕਾਰਨ ਗੁੱਸਾ ਇਕੱਠਾ ਹੁੰਦਾ ਰਹਿੰਦਾ ਹੈ, ਜਿਹੜਾ ਫਸਾਦਾਂ, ਅੱਗਾਂ, ਲੁੱਟਾਂ-ਖੋਹਾਂ, ਹੜਤਾਲਾਂ, ਅੰਦੋਲਨਾਂ ਆਦਿ ਵਿਚ ਪ੍ਰਗਟ ਹੁੰਦਾ ਹੈ।

ਸਾਡੇ ਦੇਸ਼ ਦੀ ਨਿਆਂ-ਪ੍ਰਣਾਲੀ ਸੁਸਤ ਹੈ, ਪੁਲੀਸ ਦਾ ਵਿਹਾਰ ਭੈੜਾ ਹੈ, ਸੋ ਭੜਕੇ ਹੋਏ ਲੋਕ, ਆਪ ਹੀ ਇਨਸਾਫ਼ ਕਰਨ ਲੱਗ ਪੈਂਦੇ ਹਨ।

ਧਰਮ ਅਤੇ ਰਾਜਨੀਤੀ ਵੀ ਲੋਕਾਂ ਨੂੰ ਭੜਕਾ ਕੇ ਹਿੰਸਾ ਕਰਵਾਉਂਦੇ ਹਨ। ਕੰਮ-ਕਾਜੀ ਥਾਂਵਾਂ ਅਤੇ ਜ਼ਿੰਦਗੀ ਵਿਚ, ਆਪਣੇ ਪੱਛੜ ਜਾਣ ਅਤੇ ਮਗਰੋਂ ਆਉਣ ਵਾਲਿਆਂ ਦੇ ਅੱਗੇ ਲੰਘ ਜਾਣ ਨਾਲ ਵੀ ਗੁੱਸੇ-ਭਰੇ ਵਿਰੋਧ ਉਪਜਦੇ ਹਨ।

ਕਈ ਵਾਰੀ ਕਿਸੇ ਖੇਤਰ, ਭਾਸ਼ਾ, ਫਿਰਕੇ, ਜਾਤ ਦੇ ਲੋਕਾਂ ਦੀਆਂ ਆਸਾਂ ਉਮੀਦਾਂ, ਜਦੋਂ ਪੂਰੀਆਂ ਨਹੀਂ ਹੁੰਦੀਆਂ ਤਾਂ ਉੱਥੇ ਅਤਿਵਾਦੀ ਅਤੇ ਆਤੰਕਵਾਦੀ ਲਹਿਰਾਂ ਉਪਜਦੀਆਂ ਹਨ। ਕਈ ਇਲਾਕਿਆਂ ਵਿਚ ਹਥਿਆਰਬੰਦ ਅੰਦੋਲਨ ਵੀ ਚੱਲਦੇ ਹਨ। ਕਈ ਵਿਰੋਧ ਸਿਧਾਂਤਕ ਹੁੰਦੇ ਹਨ। ਬਹੁਗਿਣਤੀ ਅਕਸਰ ਘੱਟ ਗਿਣਤੀ ਨੂੰ ਅਚੇਤ ਹੀ ਕੁਚਲਦੀ ਰਹਿੰਦੀ ਹੈ। ਕਈ ਥਾਂਈਂ ਹਿਟਲਰ ਵਾਂਗ ਯਹੂਦੀਆਂ ਨੂੰ ਗੁੱਸੇ ਅਤੇ ਨਫ਼ਰਤ ਦਾ ਸ਼ਿਕਾਰ ਬਣਾਇਆ ਜਾਂਦਾ ਹੈ।

ਪ੍ਰਚਾਰ ਅਤੇ ਪ੍ਰਾਪੇਗੰਡੇ ਦੀਆਂ ਵਿਧੀਆਂ ਵਰਤ ਕੇ ਵੀ ਆਪਣੇ ਹਿੱਤਾਂ ਵਾਸਤੇ ਹਾਕਮਾਂ ਵੱਲੋਂ, ਲੋਕਾਂ ਨੂੰ ਭੜਕਾਇਆ ਜਾਂਦਾ ਹੈ।

ਮਾਰਕਸਵਾਦ ਨੇ ਗੁੱਸੇ ਭਰੇ ਹਿੰਸਕ ਸੰਘਰਸ਼ਾਂ ਨੂੰ ਉਤਸ਼ਾਹ ਦਿੱਤਾ ਹੈ।

ਰਾਜਨੀਤਕ ਅਤੇ ਆਰਥਿਕ ਕਾਰਨਾਂ ਕਰਕੇ ਅਕਸਰ ਵਿਦੇਸ਼ੀ ਤਾਕਤਾਂ ਵੀ ਅਮਨ-ਸ਼ਾਂਤੀ ਨਹੀਂ ਹੋਣ ਦਿੰਦੀਆਂ।

ਲੋੜਾਂ ਦੀ ਥਾਂ ਇੱਛਾਵਾਂ ਦਾ ਬੋਲਬਾਲਾ ਹੋਣ, ਬਜ਼ਾਰ ਵਿਚ ਚੀਜ਼ਾਂ ਦੀ ਭਰਮਾਰ ਹੋਣ ਅਤੇ ਇਨ੍ਹਾਂ ਨੂੰ ਖਰੀਦਣ ਦੀ ਸ਼ਕਤੀ ਦੀ ਅਣਹੋਂਦ ਵੀ ਆਮ ਸਧਾਰਨ ਲੋਕਾਂ ਵਿਚ ਗੁੱਸੇ ਭਰੀਆਂ ਅਪਰਾਧੀ ਰੁਚੀਆਂ ਉਪਜਾਉਂਦੀ ਹੈ।

ਜਿਨ੍ਹਾਂ ਲੋਕਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਨਾ ਹੋ ਰਹੀਆਂ ਹੋਣ, ਉਹ ਨੈਤਿਕ ਕਦਰਾਂ ਕੀਮਤਾਂ ਤੋਂ ਸੱਖਣੇ ਹੁੰਦੇ ਹਨ।

ਹੁਣ ਅਪਰਾਧ ਵੀ ਇਕ ਕਿੱਤਾ ਬਣ ਗਿਆ ਹੈ।

ਆਧੁਨਿਕ ਪੜ੍ਹੀ ਲਿਖੀ ਇਸਤਰੀ ਦੇ ਘਰੋਂ ਬਾਹਰ ਨਿਕਲਣ, ਸੁਤੰਤਰ ਹੋ ਕੇ

ਵਿਚਰਨ ਨਾਲ ਵੀ ਕਮਜ਼ੋਰ ਅਤੇ ਅਲਪ ਬੁੱਧੀ ਵਾਲੇ ਪਰੰਪਰਾਵਾਦੀ ਗੁਸੈਲ ਪੁਰਸ਼ਾਂ ਵਿਚ ਬਲਾਤਕਾਰ ਕਰਨ, ਤੇਜ਼ਾਬ ਸੁੱਟਣ, ਪਿੱਛਾ ਕਰਨ, ਕਤਲ ਕਰਨ ਆਦਿ ਜਿਹੀਆਂ ਹਿੰਸਕ ਪ੍ਰਵਿਰਤੀਆਂ ਵਧੀਆਂ ਹਨ।

ਕਈ ਸਦੀਆਂ ਧਰਮਾਂ ਨੇ ਸੇਵਾ, ਸਮਰਪਣ ਅਤੇ ਸਮਾਧੀ ਰਾਹੀਂ ਗੁੱਸੇ ਨੂੰ ਮਾਰਨ ਅਤੇ ਕਾਬੂ ਕਰਨ ਦਾ ਉਪਦੇਸ਼ ਦਿੱਤਾ ਹੈ।

ਉਦਯੋਗਿਕ ਕਰਾਂਤੀ ਉਪਰੰਤ ਗੁੱਸਾ ਇਕ ਗੰਭੀਰ ਸਮੱਸਿਆ ਵਜੋਂ ਉੱਭਰਿਆ ਹੈ ਅਤੇ ਹੁਣ ਗੁੱਸੇ ਨੂੰ ਇਕ ਮਨੋਵਿਗਿਆਨਕ ਰੋਗ ਅਤੇ ਪਰਿਵਾਰਕ-ਸਮਾਜਿਕ ਸਮੱਸਿਆ ਸਮਝ ਕੇ ਇਸਦਾ ਇਲਾਜ ਕੀਤਾ ਜਾਂਦਾ ਹੈ।

ਮਨੋਵਿਗਿਆਨ ਅਨੁਸਾਰ ਗੁੱਸੇ ਨੂੰ ਕੁਚਲਣ ਦੇ ਲਾਭਾਂ ਨਾਲੋਂ ਨੁਕਸਾਨ ਵਧੇਰੇ ਹਨ। ਇਸ ਲਈ ਖੇਡਾਂ, ਕਸਰਤਾਂ, ਮੈਰਾਥਨ ਦੌੜਾਂ, ਤਿਉਹਾਰਾਂ, ਮੁਕਾਬਲਿਆਂ ਆਦਿ ਰਾਹੀਂ ਗੁੱਸੇ ਨੂੰ ਖਾਰਜ ਕਰਨ ਦੇ ਸੁਝਾਓ ਦਿੱਤੇ ਜਾਂਦੇ ਹਨ।

ਇਹ ਸਮਝਣਾ ਜ਼ਰੂਰੀ ਹੈ ਕਿ ਮਨੁੱਖ ਵਿਚ ਗੁੱਸਾ ਇਕ ਸੁਭਾਵਕ ਅਤੇ ਬੁਨਿਆਦੀ ਪ੍ਰਵਿਰਤੀ ਹੈ ਕਿਉਂਕਿ ਇਹ ਸਵੈ-ਰੱਖਿਆ ਦਾ ਹਥਿਆਰ ਹੈ।

ਚਕਿਤਸਾ ਪ੍ਰਣਾਲੀ ਵਿਚ ਪਹਿਲਾਂ ਗੁੱਸੇ ਦੇ ਕਾਰਨਾਂ ਅਤੇ ਸਰੋਤਾਂ ਨੂੰ ਲੱਭ ਕੇ ਫਿਰ ਇਸ ਨੂੰ ਉਸਾਰੂ ਢੰਗਾਂ ਨਾਲ ਪ੍ਰਗਟਾਉਣ ਦਾ ਅਵਸਰ ਦਿੱਤਾ ਜਾਂਦਾ ਹੈ।

ਲੰਮੇ ਸਾਹ ਲੈਣ, ਸੈਰ ਅਤੇ ਯੋਗ ਕਰਨ ਅਤੇ ਕੋਈ ਸ਼ੌਕ ਪਾਲਣ ਨਾਲ ਅਤੇ ਨੀਂਦਰ ਦੀ ਲੋੜ ਪੂਰੀ ਕਰਨ ਨਾਲ ਵੀ ਗੁੱਸਾ ਘੱਟਦਾ ਹੈ।

ਇਸਤਰੀ ਜਦੋਂ ਆਪਣੀ ਸਮੱਸਿਆ ਦੱਸਦੀ ਹੈ ਤਾਂ ਉਹ ਆਪਣੀ ਸਮੱਸਿਆ 'ਤੇ ਕੇਂਦਰਿਤ ਨਹੀਂ ਰਹਿੰਦੀ, ਉਹ ਵੇਰਵਿਆਂ ਦੇ ਢੇਰ ਲਾ ਦਿੰਦੀ ਹੈ। ਉਹ ਸਾਬਤ ਕਰਨ ਦਾ ਯਤਨ ਕਰਦੀ ਹੈ ਕਿ ਉਹ ਬੜੀ ਪੀੜਤ ਹੈ, ਸੋ ਮਨੋਵਿਗਿਆਨੀ ਇਸਤਰੀਆਂ ਨੂੰ ਆਪਣੇ ਗਿਲੇ-ਸ਼ਿਕਵੇ ਖੁੱਲ੍ਹ ਕੇ ਪ੍ਰਗਟਾਉਣ ਦੀ ਪ੍ਰੇਰਨਾ ਦਿੰਦੇ ਹਨ।

ਗੁੱਸੇ ਦੀ ਹਾਲਤ ਵਿਚ, ਸੌਣ ਦਾ ਯਤਨ ਕਰਨ ਨਾਲ ਹੋਰ ਗੁੱਸਾ ਚੜ੍ਹੇਗਾ।

ਲੋੜ ਗੁੱਸੇ ਨੂੰ ਕੁਚਲਣ ਦੀ ਨਹੀਂ, ਲੋੜ ਇਸ ਨੂੰ ਨਿਯੰਤਰਣ ਵਿਚ ਰੱਖਣ ਦੀ ਹੈ। ਗੁੱਸੇ ਨੂੰ ਨਿਯੰਤਰਣ ਵਿਚ ਰੱਖਣ ਅਤੇ ਇਸ ਦੀ ਸ਼ਕਤੀ ਨੂੰ ਉਸਾਰੂ ਅਤੇ ਉਪਜਾਊ ਕਾਰਜਾਂ ਵਿਚ ਲਾਉਣ ਦੇ ਪੱਖੋਂ ਸੰਬੰਧਤ ਵਿਅਕਤੀ, ਆਪਣੇ ਜੀਵਨ ਨੂੰ ਨੇਮਬਧ ਕਰਕੇ ਅਤੇ ਅਨੁਸ਼ਾਸਨ ਲਾਗੂ ਕਰਕੇ, ਪਰਿਵਾਰ ਅਤੇ ਸਮਾਜ ਵਿਚ ਉਸਾਰੂ ਯੋਗਦਾਨ ਪਾ ਸਕਦਾ ਹੈ। ਮਾਹਿਰਾਂ ਤੋਂ ਲੋੜੀਂਦੀ ਸਹਾਇਤਾ ਅਤੇ ਅਗਵਾਈ, ਇਸ ਪੱਖੋਂ ਬੜੀ ਲਾਭਕਾਰੀ ਸਾਬਤ ਹੁੰਦੀ ਹੈ।

+ + +

ਪੈਸਾ ਅਤੇ ਪ੍ਰਸੰਨਤਾ

ਜੇਕਰ ਪੈਸੇ ਤੋਂ ਤੁਹਾਨੂੰ ਕਿਆਸੀ ਹੋਈ ਪ੍ਰਸੰਨਤਾ ਨਹੀਂ ਮਿਲ ਰਹੀ ਤਾਂ ਸਪੱਸ਼ਟ ਹੈ ਕਿ ਤੁਸੀਂ ਪੈਸੇ ਨੂੰ ਠੀਕ ਢੰਗ ਨਾਲ ਵਰਤ ਨਹੀਂ ਰਹੇ।

ਪੈਸੇ ਅਤੇ ਪ੍ਰਸੰਨਤਾ ਵਿਚਲਾ ਸੰਬੰਧ ਭਾਵੇਂ ਕਮਜ਼ੋਰ ਅਤੇ ਆਰਜ਼ੀ ਹੈ ਪਰ ਇਸ ਦੇ ਬਾਵਜੂਦ ਪ੍ਰਸੰਨਤਾ ਲਈ ਪੈਸਾ ਬੜਾ ਜ਼ਰੂਰੀ ਹੈ। ਇਸ ਸੰਬੰਧ ਦੇ ਕਮਜ਼ੋਰ ਹੋਣ ਦਾ ਕਾਰਨ ਇਹ ਹੈ ਕਿ ਅਕਸਰ ਪੈਸੇ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਉਸਾਰੂ ਨਹੀਂ ਹੁੰਦਾ ਅਤੇ ਪ੍ਰਸੰਨਤਾ ਬਾਰੇ ਸਾਡੀ ਸਮਝ ਸਪੱਸ਼ਟ ਨਹੀਂ ਹੁੰਦੀ।

ਜੇ ਜੀਵਨ ਵਿਚ ਕੋਈ ਉਦੇਸ਼ ਹੋਵੇ ਤਾਂ ਪੈਸਾ ਨਹੀਂ, ਜੱਦੋ-ਜਹਿਦ ਅਤੇ ਸਖ਼ਤ ਮਿਹਨਤ ਅਤੇ ਸਫਲਤਾ ਪ੍ਰਸੰਨਤਾ ਦੇ ਸਰੋਤ ਬਣ ਜਾਂਦੇ ਹਨ।

ਖਿਡਾਰੀ ਚੈਂਪੀਅਨ ਬਣ ਕੇ, ਸੰਗੀਤਕਾਰ ਉਸਤਾਦ ਦੀ ਸ਼ਾਬਾਸ਼ ਅਤੇ ਸਰੋਤਿਆਂ ਦੀ ਪ੍ਰਸੰਸਾ ਪ੍ਰਾਪਤ ਕਰਕੇ, ਪਿਤਾ ਆਪਣੀ ਧੀ ਦੀਆਂ ਪ੍ਰਾਪਤੀਆਂ ਦਾ ਮਾਣ ਕਰਕੇ ਅਤੇ ਮਾਂ ਆਪਣੀ ਔਲਾਦ ਨੂੰ ਵੱਧਦਾ-ਫੁੱਲਦਾ ਵੇਖ ਕੇ ਪ੍ਰਸੰਨ ਹੁੰਦੇ ਹਨ।

ਫਰਾਂਸ ਸੰਸਾਰ ਦਾ ਇਕ-ਮਾਤਰ ਦੇਸ਼ ਹੈ, ਜਿਸ ਦੀ ਪਹਿਲੀ ਤਰਜੀਹ ਅਮੀਰ ਹੋਣਾ ਨਹੀਂ, ਖੁਸ਼ਹਾਲ ਹੋਣਾ ਹੈ; ਹਥਿਆਰਾਂ ਦੇ ਪੱਖੋਂ ਸ਼ਕਤੀਸ਼ਾਲੀ ਹੋਣਾ ਨਹੀਂ, ਸਭਿਆਚਾਰ ਅਤੇ ਕਲਾ ਦੇ ਪੱਖੋਂ ਅਮੀਰ ਹੋਣਾ ਹੈ।

ਪੈਸੇ ਬਿਨਾਂ ਜੀਵਨ ਅਧੂਰਾ ਹੈ। ਪੈਸੇ ਬਿਨਾਂ ਪ੍ਰਸੰਨਤਾ ਅਸੰਭਵ ਹੈ।

ਜਦੋਂ ਦੀ ਪੈਸੇ ਦੀ ਕਾਢ ਨਿਕਲੀ ਹੈ ਇਸ ਦਾ ਮਹੱਤਵ ਨਿਰੰਤਰ ਵੱਧਦਾ ਹੀ ਚਲਾ ਗਿਆ ਹੈ। ਜਦੋਂ ਪੈਸਾ ਬੋਲਦਾ ਹੈ, ਸਾਰੇ ਧਿਆਨ ਨਾਲ ਸੁਣਦੇ ਹਨ।

ਪੈਸਾ ਇਕ ਸਾਧਨ ਹੈ, ਇਸ ਬਿਨਾਂ ਜੀਵਨ ਦੀਆਂ ਸਹੂਲਤਾਂ ਨਹੀਂ ਉਪਜਦੀਆਂ ਅਤੇ ਸਹੂਲਤਾਂ ਤੋਂ ਬਿਨਾਂ ਕੁਝ ਵੀ ਕਰਨਾ ਅਕਸਰ ਸੰਭਵ ਨਹੀਂ ਹੁੰਦਾ।

ਸਭ ਤੋਂ ਵੱਡੀ ਅਤੇ ਮੁੱਢਲੀ ਪ੍ਰਸੰਨਤਾ ਪੈਸਾ ਕਮਾਉਣ ਦੀ ਹੁੰਦੀ ਹੈ।

ਦੂਜੀ ਵੱਡੀ ਪ੍ਰਸੰਨਤਾ ਪੈਸਾ ਕੋਲ ਹੋਣ ਦੀ ਹੁੰਦੀ ਹੈ।

ਤੀਜੀ ਵੱਡੀ ਪ੍ਰਸੰਨਤਾ ਆਪਣੀ ਮਰਜ਼ੀ ਨਾਲ ਪੈਸਾ ਖਰਚਣ ਵਿਚ ਹੁੰਦੀ ਹੈ।

ਬਹੁਤੇ ਲੋਕਾਂ ਦੀ ਆਮਦਨ ਦਾ ਵੱਡਾ ਹਿੱਸਾ ਮੁੱਢਲੇ ਅਤੇ ਨਾ ਟਾਲੇ ਜਾ ਸਕਣ ਵਾਲੇ ਖਰਚਿਆਂ ਦੀ ਭੇਟ ਚੜ੍ਹਦਾ ਹੈ, ਸੋ ਕਿਆਸੀ ਹੋਈ ਪ੍ਰਸੰਨਤਾ ਨੂੰ ਸੰਭਵ ਬਣਾਉਣ ਲਈ ਉਨ੍ਹਾਂ ਕੋਲ ਬਹੁਤਾ ਪੈਸਾ ਬਚਦਾ ਹੀ ਨਹੀਂ।

ਆਮਦਨ ਜਾਂ ਪੈਸਾ ਵੱਧਣ ਨਾਲ, ਸੋਚ ਢਿੱਲੀ ਹੋਣ ਕਾਰਨ ਜੀਵਨ ਸੁਖਾਲਾ ਨਹੀਂ ਹੁੰਦਾ, ਗੁੰਝਲਦਾਰ ਹੋ ਜਾਂਦਾ ਹੈ। ਸੁੱਖ ਵੱਧ ਜਾਂਦੇ ਹਨ ਪਰ ਸ਼ਾਂਤੀ ਘੱਟ ਜਾਂਦੀ

ਹੈ, ਭੋਜਨ ਵੱਧ ਜਾਂਦਾ ਹੈ ਪਰ ਪੇਟ ਅਕਸਰ ਖ਼ਰਾਬ ਰਹਿੰਦਾ ਹੈ, ਚੀਜ਼ਾਂ ਖਰੀਦਣ ਦੀ ਸਮਰੱਥਾ ਵੱਧ ਜਾਂਦੀ ਹੈ ਪਰ ਸਿਹਤ ਦੀਆਂ ਸਮੱਸਿਆਵਾਂ ਉਭਰਨ ਲੱਗ ਪੈਂਦੀਆਂ ਹਨ, ਖਾਣ ਲਈ ਸਭ ਕੁਝ ਹੁੰਦਾ ਹੈ ਪਰ ਡਾਕਟਰ ਕਹਿੰਦਾ ਹੈ: ਜੋ ਸਵਾਦ ਲੱਗਦਾ ਹੈ ਉਹ ਨਹੀਂ ਖਾਣਾ। ਪੈਸੇ ਨਾਲ ਲੋੜਵੰਦ ਭੈਣਾਂ-ਭਰਾਵਾਂ ਦੀ ਮਦਦ ਕਰਨ ਦੇ ਅਵਸਰ ਵੱਧ ਜਾਂਦੇ ਹਨ ਪਰ ਗ਼ਲਤ-ਫ਼ਹਿਮੀਆਂ ਉਪਜ ਪੈਂਦੀਆਂ ਹਨ।

ਪੈਸੇ ਦੇ ਜ਼ੋਰ ਨਾਲ ਹੋਰਾਂ ਨਾਲੋਂ ਨਿਆਰੇ ਅਤੇ ਪ੍ਰਸੰਨ ਹੋਣ ਦੇ ਯਤਨ ਵਿਚ, ਲੋਕ ਆਪਣੇ ਸਾਕਾਂ-ਸੰਬੰਧੀਆਂ ਤੋਂ ਟੁੱਟ ਜਾਂਦੇ ਹਨ।

ਬਾਣੀਆ-ਬਿਰਤੀ ਵਾਲੇ ਲੋਕਾਂ ਲਈ ਪ੍ਰਸੰਨਤਾ ਦੇ ਕੋਈ ਅਰਥ ਨਹੀਂ, ਉਹਨਾਂ ਲਈ ਕੇਵਲ ਪੈਸਾ ਮਹੱਤਵਪੂਰਨ ਹੈ, ਇਸੇ ਕਾਰਨ ਉਨ੍ਹਾਂ ਦੇ ਨੈਣ-ਨਕਸ਼ ਬੁਝੇ-ਬੁਝੇ ਅਤੇ ਬੋਲਬਾਣੀ ਰੁੱਖੀ ਹੁੰਦੀ ਹੈ। ਅਜਿਹੇ ਵਿਅਕਤੀਆਂ ਦੇ ਹੋਰਾਂ ਨਾਲ ਸੰਬੰਧ ਸੁਖਾਵੇਂ ਨਹੀਂ ਹੁੰਦੇ। ਪੈਸਾ ਕਬਜ਼ੇ ਦੀ ਭਾਵਨਾ ਉਪਜਾਉਂਦਾ ਅਤੇ ਮਨੁੱਖ ਨੂੰ ਲਾਲਚੀ ਬਣਾਉਂਦਾ ਹੈ। ਕਬਜ਼ਾ ਅਤੇ ਲਾਲਚ ਪ੍ਰਸੰਨਤਾ ਦੇ ਦੁਸ਼ਮਣ ਹਨ।

ਇਹ ਦੋਵੇਂ ਭਾਵਨਾਵਾਂ ਮਨੁੱਖ ਨੂੰ ਪਰੇਸ਼ਾਨ ਹੀ ਕਰਦੀਆਂ ਹਨ।

ਨਿਰਸੰਦੇਹ ਕੁਝ ਵੀ ਕਰਨ ਲਈ, ਪੈਸਾ ਬੜੀ ਵੱਡੀ ਪ੍ਰੇਰਨਾ ਹੈ ਅਤੇ ਪੈਸੇ ਨਾਲ ਪ੍ਰਸੰਨਤਾ ਮਿਲਦੀ ਹੈ ਪਰ ਅਕਸਰ ਇਹ ਆਸ ਨਾਲੋਂ ਘੱਟ ਮਿਲਦੀ ਹੈ।

ਪੈਸਾ ਮਨੁੱਖ ਨੂੰ ਆਪਣੀ ਮਰਜ਼ੀ ਕਰਨ ਦੀ ਸੁਤੰਤਰਤਾ ਅਤੇ ਆਪਣੇ ਸ਼ੌਕ ਅਤੇ ਇੱਛਾਵਾਂ ਪੂਰੀਆਂ ਕਰਕੇ ਪ੍ਰਸੰਨ ਹੋਣ ਦੀ ਖੁੱਲ੍ਹ ਦਿੰਦਾ ਹੈ ਪਰ ਪੈਸਾ ਖਰਚ ਕੇ ਹਰ ਵੇਲੇ ਪ੍ਰਸੰਨ ਨਹੀਂ ਹੋਇਆ ਜਾ ਸਕਦਾ।

ਹਰ ਕੋਈ ਸੋਚਦਾ ਹੈ ਕਿ ਵਧੇਰੇ ਪੈਸਿਆਂ ਨਾਲ ਵਧੇਰੇ ਪ੍ਰਸੰਨਤਾ ਮਿਲੇਗੀ ਪਰ ਇਵੇਂ ਹੁੰਦਾ ਨਹੀਂ, ਕਿਉਂਕਿ ਪੈਸੇ ਅਤੇ ਪ੍ਰਸੰਨਤਾ ਦਾ ਸੰਬੰਧ ਸਿੱਧਾ ਨਹੀਂ।

ਇਹ ਕਹਿਣਾ ਵੀ ਯੋਗ ਨਹੀਂ ਕਿ ਪ੍ਰਸੰਨ ਕਰਨ ਵਾਲੀਆਂ ਚੀਜ਼ਾਂ ਕਿਧਰੇ ਮਿਲਦੀਆਂ ਹੀ ਨਹੀਂ ਪਰ ਪ੍ਰਸੰਨਤਾ ਚੀਜ਼ਾਂ ਵਿਚੋਂ ਨਹੀਂ, ਉਨ੍ਹਾਂ ਦੀ ਲਾਭਕਾਰੀ ਵਰਤੋਂ ਵਿਚੋਂ ਮਿਲਦੀ ਹੈ, ਸੋ ਪ੍ਰਸੰਨਤਾ ਪੈਸੇ ਵਿਚੋਂ ਨਹੀਂ, ਪੈਸੇ ਦੀ ਸਹੀ ਵਰਤੋਂ ਰਾਹੀਂ ਮਿਲਦੀ ਹੈ। ਉਦਾਹਰਣ ਵਜੋਂ ਪੈਸਾ ਮਨੁੱਖ ਨੂੰ ਲੰਮੇਰਾ ਅਤੇ ਤੰਦਰੁਸਤ ਜੀਵਨ ਜਿਊਣ ਦੀ ਸਹੂਲਤ ਦਿੰਦਾ ਹੈ। ਇਸ ਨਾਲ ਚਿੰਤਾ ਅਤੇ ਅਚਾਨਕ ਹੋਣ ਵਾਲੇ ਨੁਕਸਾਨ ਤੋਂ ਬਚਿਆ ਜਾ ਸਕਦਾ ਹੈ।

ਪੈਸਾ ਹੋਣ ਕਾਰਨ ਦੋਸਤਾਂ ਅਤੇ ਪਰਿਵਾਰ ਨਾਲ ਵਧੇਰੇ ਸੁਹਾਵਣਾ ਅਤੇ ਸੁਖਾਵਾਂ ਸਮਾਂ ਗੁਜ਼ਾਰਨ ਦੀ ਸਹੂਲਤ ਮਿਲਦੀ ਹੈ।

ਪੈਸੇ ਨਾਲ ਹੀ ਚੰਗੇਰੀ ਅਤੇ ਉਚੇਰੀ ਸਿੱਖਿਆ, ਚੰਗੇ ਮਕਾਨ ਵਿਚ ਰਹਿਣ ਅਤੇ ਦੂਰ-ਦੁਰਾਡੀਆਂ ਥਾਂਵਾਂ 'ਤੇ ਆਣ-ਜਾਣ ਦੀ ਸਹੂਲਤ ਮਿਲਦੀ ਹੈ।

ਨਿਰਸੰਦੇਹ ਪੈਸੇ ਨਾਲ ਸਾਰੀਆਂ ਸਮੱਸਿਆਵਾਂ ਹੱਲ ਨਹੀਂ ਹੁੰਦੀਆਂ ਪਰ ਪੈਸੇ ਬਿਨਾਂ ਤਾਂ ਕੋਈ ਵੀ ਸਮੱਸਿਆ ਹੱਲ ਨਹੀਂ ਹੁੰਦੀ।

ਤਸਵੀਰ ਦਾ ਦੂਜਾ ਪਾਸਾ ਵੀ ਵੇਖ ਲੈਣਾ ਚਾਹੀਦਾ ਹੈ। ਜਿਉਂ-ਜਿਉਂ ਕਿਸੇ ਕੋਲ ਪੈਸਾ ਵੱਧਦਾ ਹੈ, ਲਾਲਚ ਵੱਧਣ ਕਾਰਨ ਉਸ ਦਾ ਹੱਸਣਾ ਘੱਟਦਾ ਜਾਂਦਾ ਹੈ।

ਚੀਜ਼ ਕੋਈ ਹੋਵੇ, ਉਹ ਖਰੀਦਣ ਤੋਂ ਪਹਿਲਾਂ ਹੀ ਵਿਸ਼ੇਸ਼ ਹੁੰਦੀ ਹੈ, ਉਹ ਸਾਡੀ ਬਣਦਿਆਂ ਹੀ ਸਧਾਰਨ ਹੋ ਜਾਂਦੀ ਹੈ।

ਦੂਜਿਆਂ ਦੇ ਪੈਸੇ ਨਾਲ ਖਰੀਦੀ ਚੀਜ਼ ਦੀ ਸਹੀ ਵਰਤੋਂ ਨਹੀਂ ਕੀਤੀ ਜਾਂਦੀ, ਜਿਸ ਕਾਰਨ ਉਸ ਵਿਚੋਂ ਮਿਲਣ ਵਾਲੀ ਪ੍ਰਸੰਨਤਾ ਦੀ ਪੱਧਰ ਉੱਚੀ ਨਹੀਂ ਹੁੰਦੀ।

ਕਿਸੇ ਮਹਿੰਗੇ ਯੰਤਰ ਦੇ ਖ਼ਰਾਬ ਹੁੰਦਿਆਂ ਹੀ, ਉਸ ਵਿਚੋਂ ਮਿਲਣ ਵਾਲੀ ਪ੍ਰਸੰਨਤਾ, ਪਰੇਸ਼ਾਨੀ ਬਣ ਜਾਂਦੀ ਹੈ।

ਇੱਛਾਵਾਂ ਪੂਰੀਆਂ ਕਰਨ ਦੀ ਮਾਇਕ ਯੋਗਤਾ ਅਮੀਰੀ ਦੀ ਨਿਸ਼ਾਨੀ ਹੁੰਦੀ ਹੈ ਪਰ ਇੱਛਾਵਾਂ ਪੂਰੀਆਂ ਕਰਨ ਦੀ ਸਮਰੱਥਾ ਅਤੇ ਸਾਰੀਆਂ ਸਹੂਲਤਾਂ ਹੋਣ ਦੇ ਬਾਵਜੂਦ, ਸਾਦਾ ਅਤੇ ਸਰਲ ਜੀਵਨ ਖੁਸ਼ਹਾਲੀ ਦੀ ਨਿਸ਼ਾਨੀ ਹੁੰਦਾ ਹੈ।

ਅਮੀਰ ਆਪਣੇ ਆਪ 'ਤੇ ਪੈਸਾ ਖਰਚ ਕਰਦੇ ਹਨ, ਖੁਸ਼ਹਾਲ ਵਿਅਕਤੀ ਆਪਣੀ ਦੌਲਤ ਨਾਲ ਸਮਾਜ ਦਾ ਪੱਧਰ ਉੱਚਾ ਚੁੱਕਦੇ ਹਨ।

ਜ਼ਿੰਦਗੀ ਦੀਆਂ ਅਣਗਿਣਤ ਪਰਤਾਂ ਹਨ। ਢੇਰ ਪੈਸੇ ਕਮਾਉਣ-ਖਰਚਣ ਮਗਰੋਂ ਹੀ ਪਤਾ ਲੱਗਦਾ ਹੈ ਕਿ ਕੇਵਲ ਪੈਸਾ ਨਾ ਸੰਤੁਸ਼ਟ ਕਰਦਾ ਹੈ ਨਾ ਪ੍ਰਸੰਨ। ਕਿਸੇ ਚੀਜ਼ ਦੀ ਮਾਲਕੀ ਬੜੀ ਤਸੱਲੀ ਦਿੰਦੀ ਹੈ ਪਰ ਤਸੱਲੀ ਅਤੇ ਪ੍ਰਸੰਨਤਾ ਦਾ ਸੁਭਾਓ ਵੱਖਰਾ ਹੁੰਦਾ ਹੈ। ਇਹ ਸਮਝ ਹੀ ਸਾਨੂੰ ਪ੍ਰਸੰਨ ਕਰਨ ਲਈ ਕਾਫੀ ਹੈ।

ਪ੍ਰਸੰਨਤਾ ਆਪਣੇ ਅੰਦਰੋਂ ਅਤੇ ਸਮਾਜ ਵਿਚੋਂ ਉਪਜਦੀ ਹੈ।

ਉਦਾਹਰਣ ਵਜੋਂ ਤੁਸੀਂ ਪੜ੍ਹੇ ਲਿਖੇ ਹੋ, ਕਿਤਨੇ ਪੈਸੇ ਮਿਲ ਜਾਣ ਕਿ ਤੁਸੀਂ ਅਨਪੜ੍ਹਾਂ ਵਿਚ ਰਹਿਣਾ ਪਸੰਦ ਕਰੋਗੇ। ਤੁਹਾਡੇ ਕੋਲ ਦੋ ਗੁਰਦੇ ਅਤੇ ਦੋ ਅੱਖਾਂ ਹਨ, ਇਕ ਵੇਚਣ ਨਾਲ ਲੱਖਾਂ ਰੁਪਏ ਮਿਲ ਸਕਦੇ ਹਨ, ਕੀ ਇਹ ਪੈਸੇ ਪ੍ਰਸੰਨਤਾ ਦੇਣਗੇ? ਸੋਚ ਕੇ ਪ੍ਰਸੰਨ ਹੋਵੋ ਕਿ ਕਿਤਨੀਆਂ ਮਹਿੰਗੀਆਂ ਚੀਜ਼ਾਂ ਕੁਦਰਤ ਨੇ ਮੁਫ਼ਤ ਦਿੱਤੀਆਂ ਹੋਈਆਂ ਹਨ। ਕੋਈ ਇਸਤਰੀ ਕਿਤਨੇ ਪੈਸੇ ਲੈ ਕੇ ਆਪਣੇ ਆਪ ਨੂੰ ਮਾਂ ਬਣਨ ਤੋਂ ਵਿਰਵਾ ਰੱਖਣ ਲਈ ਤਿਆਰ ਹੋ ਜਾਵੇਗੀ? ਰਾਜਧਾਨੀ ਦਾ ਵਾਸੀ ਕਿਤਨੇ ਪੈਸੇ ਲੈ ਕੇ ਕਿਸੇ ਦੂਰ-ਦੁਰਾਡੇ ਪੱਛੜੇ ਪਿੰਡ ਵਿਚ ਰਹਿਣਾ ਪਸੰਦ ਕਰੇਗਾ? ਕੋਈ ਵਿਦਵਾਨ ਕਿਤਨੇ ਪੈਸੇ ਪ੍ਰਾਪਤ ਕਰਕੇ ਮੰਨ ਜਾਵੇਗਾ ਕਿ ਉਹ ਰਹਿੰਦੀ ਜ਼ਿੰਦਗੀ ਦੌਰਾਨ ਕੋਈ ਪੁਸਤਕ ਨਹੀਂ ਪੜ੍ਹੇਗਾ?

ਕੁਝ ਨਵਾਂ ਖਰੀਦਣ-ਪ੍ਰਾਪਤ ਕਰਨ ਸਮੇਂ ਆਪਣੀ ਖਰੀਦ-ਸਮਰੱਥਾ ਦੇ ਵੱਧ ਜਾਣ ਦਾ ਅਹਿਸਾਸ ਪ੍ਰਸੰਨਤਾ ਦਿੰਦਾ ਹੈ, ਮਗਰੋਂ ਉਸ ਤੋਂ ਤਸੱਲੀ ਹੀ ਮਿਲਦੀ ਹੈ। ਜਦੋਂ ਚੀਜ਼ ਪੁਰਾਣੀ ਹੋ ਜਾਵੇ ਤਾਂ ਤਸੱਲੀ ਵੀ ਲੋਪ ਹੋ ਜਾਂਦੀ ਹੈ। ਜੇ ਆਪਣੀ ਕਿਸੇ ਜਾਇਦਾਦ ਦੀ ਕੀਮਤ ਵੱਧ ਜਾਵੇ ਤਾਂ ਤਸੱਲੀ ਹੀ ਵੱਧਦੀ ਹੈ, ਪ੍ਰਸੰਨਤਾ ਨਹੀਂ।

ਪ੍ਰਸੰਨਤਾ ਨਵੇਂ ਅਨੁਭਵਾਂ ਵਿਚ ਹੁੰਦੀ ਹੈ, ਪੁਰਾਣੀਆਂ ਚੀਜ਼ਾਂ ਵਿਚ ਨਹੀਂ।

ਪ੍ਰਸੰਨਤਾ, ਅਕਸਰ ਜਗਿਆਸਾ ਅਤੇ ਦਿਲਚਸਪੀ ਵਿਚ ਹੁੰਦੀ ਹੈ।

ਨਵੀਆਂ ਚੀਜ਼ਾਂ ਵਿਚ ਦਿਲਚਸਪੀ ਪ੍ਰਸੰਨ ਕਰੇਗੀ।

ਨਿਰਸੰਦੇਹ ਪੈਸਾ ਸਾਨੂੰ ਮਨਮਰਜ਼ੀ ਕਰਨ ਦੀ ਸਹੂਲਤ ਦਿੰਦਾ ਹੈ ਪਰ ਪੈਸੇ ਨਾਲ

ਖਰਚਣ ਦੀ ਹੀ ਮਨਮਰਜ਼ੀ ਕੀਤੀ ਜਾ ਸਕਦੀ ਹੈ। ਮਨਮਰਜ਼ੀ ਨਾਲ ਜਦੋਂ ਅਸੀਂ ਕੋਈ ਮਹਿੰਗੀ ਚੀਜ਼ ਖਰੀਦਦੇ ਹਾਂ ਤਾਂ ਵੇਖਣ ਵਿਚ ਆਉਂਦਾ ਹੈ ਕਿ ਇਹ ਤਾਂ ਪਹਿਲਾਂ ਹੀ ਅਨੇਕਾਂ ਲੋਕਾਂ ਕੋਲ ਹੈ, ਸੋ ਉਸ ਚੀਜ਼ ਤੋਂ ਕਿਆਸੀ ਪ੍ਰਸੰਨਤਾ ਫਿੱਕੀ ਪੈ ਜਾਂਦੀ ਹੈ ਅਤੇ ਉਹ ਚੀਜ਼ ਸਾਨੂੰ ਅਕਾਉਣ ਲੱਗ ਪੈਂਦੀ ਹੈ।

ਪ੍ਰਸੰਨਤਾ ਇਸ ਲਈ ਵੀ ਨਹੀਂ ਵੱਧਦੀ ਕਿਉਂਕਿ ਸਾਡੀ ਪ੍ਰਸੰਨ ਹੋਣ ਦੀ ਸਮਰੱਥਾ ਬੜੀ ਸੀਮਤ ਹੁੰਦੀ ਹੈ। ਸਾਡੀ ਪ੍ਰਸੰਨਤਾ ਵਿਚ ਵੰਨ-ਸੁਵੰਨਤਾ ਦੀ ਘਾਟ ਹੋਣ ਕਾਰਨ ਅਸੀਂ ਕੁਝ ਹੀ ਚੀਜ਼ਾਂ ਦੀਆਂ ਅਨੇਕ ਵੰਨਗੀਆਂ ਖਰੀਦਣ ਲੱਗ ਪੈਂਦੇ ਹਾਂ ਅਤੇ ਫਿਰ ਖਰੀਦਿਆ ਸਭ ਕੁਝ, ਕਬਾੜ ਲੱਗਣ ਲੱਗ ਪੈਂਦਾ ਹੈ।

ਕਈ ਵਾਰ ਕੋਈ ਮਹਿੰਗੀ ਚੀਜ਼ ਕੇਵਲ ਇਸ ਲਈ ਖਰੀਦੀ ਜਾਂਦੀ ਹੈ ਕਿ ਉਹ ਸਾਲੇ, ਸਾਂਢੂ ਜਾਂ ਗਵਾਂਢੀ ਨੇ ਖਰੀਦੀ ਹੋਈ ਹੈ।

ਜਿਨ੍ਹਾਂ ਕੋਲ ਪ੍ਰਸੰਨਤਾ ਦਾ ਕੋਈ ਸੰਕਲਪ ਨਹੀਂ ਹੁੰਦਾ, ਉਹ ਢੇਰ ਪੈਸਾ ਖਰਚ ਕੇ ਲੋਕਾਂ ਦੀ ਵਾਹ-ਵਾਹ ਕਮਾਉਣ ਦੀ ਥਾਂ ਈਰਖਾ ਭਰੀ ਅਪ੍ਰਵਾਨਗੀ ਹੀ ਕਮਾਉਂਦੇ ਹਨ। ਲੋਕ ਪੈਸਾ ਠੀਕ ਢੰਗ ਨਾਲ ਇਸ ਲਈ ਨਹੀਂ ਖਰਚਦੇ ਕਿਉਂਕਿ ਪੈਸਾ ਖਰਚਣ ਦਾ ਕੋਈ ਸਰਵ-ਪ੍ਰਵਾਨਿਤ ਠੀਕ ਢੰਗ ਹੈ ਹੀ ਨਹੀਂ।

ਹਰ ਕੋਈ ਆਪਣੀ ਸਿਆਣਪ ਅਤੇ ਮੂਰਖਤਾ ਅਨੁਸਾਰ ਪੈਸਾ ਖਰਚਦਾ ਹੈ।

ਪੈਸੇ ਬਾਰੇ ਧਾਰਮਿਕ ਦ੍ਰਿਸ਼ਟੀਕੋਣ ਵੀ ਜਾਣ ਲੈਣਾ ਚਾਹੀਦਾ ਹੈ।

ਭਾਰਤੀ ਧਰਮਾਂ ਨੇ ਪੈਸੇ ਨੂੰ ਨਿੰਦ-ਨਿੰਦ ਕੇ ਇਸ ਦਾ ਲਾਲਚ ਵਧਾ ਦਿੱਤਾ ਹੈ। ਭਾਰਤ ਲਈ ਜੋ ਪਾਪ ਅਤੇ ਮਾਇਆ ਹੈ, ਅਮਰੀਕਾ ਲਈ ਉਹ ਤਾਕਤ ਅਤੇ ਸਰਮਾਇਆ ਹੈ। ਧਰਮ ਦੀ ਦ੍ਰਿਸ਼ਟੀ ਤੋਂ ਪੈਸਾ ਪਾਪ ਨਾਲ ਜੁੜਿਆ ਹੋਇਆ ਹੈ ਪਰ ਇਹੀ ਪੈਸਾ ਜੇ ਧਾਰਮਿਕ ਸਥਾਨ 'ਤੇ ਚੜ੍ਹਾਵਾ ਬਣ ਜਾਵੇ ਤਾਂ ਇਹ ਪੁੰਨ ਬਣ ਜਾਂਦਾ ਹੈ। ਕੀ ਪੈਸੇ ਨਾਲ ਚੰਗਾ ਇਨਸਾਨ ਬਣਿਆ ਜਾ ਸਕਦਾ ਹੈ? ਧਰਮ ਲਈ ਪ੍ਰਸੰਨਤਾ ਨਹੀਂ, ਨੇਕ ਵਿਹਾਰ ਵਧੇਰੇ ਮਹੱਤਵਪੂਰਨ ਹੁੰਦਾ ਹੈ। ਨੇਕ ਵਿਹਾਰ ਨੂੰ ਹੀ ਧਰਮ ਕਿਹਾ ਜਾਂਦਾ ਹੈ। ਧਰਮ ਮਨੁੱਖ ਨੂੰ ਲਾਲਚ ਤੋਂ ਵਰਜਦਾ ਹੈ ਅਤੇ ਤਰਕ ਦਿੰਦਾ ਹੈ ਕਿ ਇਕ ਵੇਲੇ ਇਕ ਹੀ ਘਰ ਵਿਚ ਰਿਹਾ ਜਾ ਸਕਦਾ ਹੈ, ਇਕ ਵੇਲੇ ਕੱਪੜਿਆਂ ਦਾ ਇਕ ਹੀ ਜੋੜਾ ਪਾਇਆ ਜਾ ਸਕਦਾ ਹੈ। ਭਾਰਤੀ ਧਰਮਾਂ ਨੇ ਪੈਸੇ ਨੂੰ ਸਮੂਹਿਕ ਵਿਕਾਸ ਲਈ ਸਰੋਤ ਵਜੋਂ ਵੇਖਿਆ ਹੀ ਨਹੀਂ।

ਪੈਸੇ ਸਬੰਧੀ ਸੰਕਲਪ ਸੰਕੀਰਣ ਹੋਣ ਕਾਰਨ, ਅਸੀਂ ਪੈਸੇ ਨੂੰ ਵਿਕਾਸ ਨਾਲ ਨਹੀਂ ਜੋੜਿਆ, ਇਸ ਨੂੰ ਬੇਈਮਾਨੀ ਅਤੇ ਭ੍ਰਿਸ਼ਟਾਚਾਰ ਦਾ ਅੰਗ ਬਣਾ ਦਿੱਤਾ ਹੈ।

ਧਰਮ ਅਨੁਸਾਰ ਪੈਸਾ ਵਿਅਕਤੀਗਤ ਪੱਧਰ 'ਤੇ ਜੀਵਨ-ਲੋੜਾਂ ਪੂਰੀਆਂ ਕਰਨ ਦਾ ਸਾਧਨ ਹੈ ਪਰ ਜਦੋਂ ਪੈਸਾ ਹੀ ਹਰ ਚੀਜ਼ ਦਾ ਮਾਪ-ਤੋਲ ਅਤੇ ਜੀਵਨ ਦਾ ਇਕ-ਮਾਤਰ ਉਦੇਸ਼ ਬਣ ਜਾਵੇ ਤਾਂ ਇਹ ਵਿਅਕਤੀ ਨੂੰ ਭ੍ਰਿਸ਼ਟ ਬਣਾ ਦਿੰਦਾ ਹੈ ਅਤੇ ਇਹ ਮਨੁੱਖ ਵਿਚ ਵਿਨਾਸ਼ਕਾਰੀ ਆਦਤਾਂ ਨੂੰ ਜਨਮ ਦਿੰਦਾ ਹੈ। ਪੈਸੇ ਨਾਲ ਆਪਣੇ ਵਿਸ਼ੇਸ਼ ਹੋਣ ਦਾ ਭਰਮ ਉਪਜਦਾ ਹੈ। ਧਰਮ, ਪਦਾਰਥਕ ਨਹੀਂ, ਰੂਹਾਨੀ

ਵਿਕਾਸ ਦਾ ਪੱਖ ਪੂਰਦਾ ਹੈ। ਧਰਮ ਦੀ ਦ੍ਰਿਸ਼ਟੀ ਤੋਂ ਪੈਸਾ ਪ੍ਰਸੰਨ ਨਹੀਂ, ਪਰੇਸ਼ਾਨ ਕਰਦਾ ਹੈ। ਇਹ ਨੇਕੀ ਨਹੀਂ, ਬਦੀ ਫੈਲਾਉਂਦਾ ਹੈ।

ਪੈਸੇ ਤੋਂ ਪ੍ਰਸੰਨਤਾ ਪ੍ਰਾਪਤ ਕਰਨ ਬਾਰੇ ਨਿਰਣੇ ਤਾਂ ਆਪ ਕਰਨੇ ਪੈਣਗੇ ਪਰ ਕੁਝ ਸੁਝਾਓ ਦਿੱਤੇ ਅਤੇ ਵਿਚਾਰੇ ਜਾ ਸਕਦੇ ਹਨ।

ਮਹਿੰਗੀਆਂ ਚੀਜ਼ਾਂ ਖਰੀਦਣ ਦੀ ਪ੍ਰਵਿਰਤੀ, ਦਿਖਾਵੇ ਤੋਂ ਪ੍ਰੇਰਿਤ ਹੋਣ ਕਾਰਨ ਪ੍ਰਸੰਨਤਾ ਨਹੀਂ ਦਿੰਦੀ, ਸਾੜਾ ਉਪਜਾਉਂਦੀ ਹੈ।

ਲੋੜ ਚੀਜ਼ਾਂ ਖਰੀਦਣ ਦੀ ਨਹੀਂ, ਅਨੁਭਵ ਖਰੀਦਣ ਦੀ ਹੈ। ਸਧਾਰਨ ਲੋਕ ਚੀਜ਼ਾਂ ਖਰੀਦਦੇ ਹਨ, ਸਿਆਣੇ ਲੋਕ ਅਨੁਭਵ ਵੀ ਖਰੀਦਦੇ ਹਨ।

ਕਸਰਤ ਕਰਨ ਦੀ ਮਸ਼ੀਨ ਖਰੀਦਣ ਦੀ ਥਾਂ, ਸੈਰ ਕਰਨ ਦਾ ਅਨੁਭਵ ਵਧੇਰੇ ਪ੍ਰਸੰਨ ਕਰੇਗਾ। ਕਸਰਤ ਦੀ ਮਸ਼ੀਨ ਪ੍ਰਸੰਨਤਾ ਨਹੀਂ ਦਿੰਦੀ, ਕਿਉਂਕਿ ਇਹ ਖਰੀਦੀ ਹੀ ਜਾਂਦੀ ਹੈ ਅਤੇ ਕੁਝ ਦਿਨਾਂ ਮਗਰੋਂ ਵਰਤੀ ਨਹੀਂ ਜਾਂਦੀ। ਘਰ ਦੇ ਅੰਦਰ ਮਸ਼ੀਨ ਦੇ ਸਾਰੇ ਪਾਸੇ ਕੰਧਾਂ ਹੁੰਦੀਆਂ ਹਨ, ਜਿਨ੍ਹਾਂ ਨੂੰ ਲਗਾਤਾਰ ਵੇਖਣਾ ਅਕਾਊ ਹੁੰਦਾ ਹੈ। ਸਰ ਕਰਦਿਆਂ ਭਾਂਤ-ਭਾਂਤ ਦੇ ਲੋਕ ਮਿਲਦੇ ਹਨ, ਦਰੱਖ਼ਤ ਦਿਸਣਗੇ, ਪੰਛੀਆਂ ਦੀਆਂ ਅਵਾਜ਼ਾਂ ਸੁਣਾਈ ਦੇਣਗੀਆਂ, ਤਾਜ਼ੀ ਹਵਾ ਮਿਲੇਗੀ, ਖੁੱਲ੍ਹ ਦਾ ਆਨੰਦ ਆਵੇਗਾ।

ਸੈਰ ਕਰਨ ਨਾਲ ਸਵੈ-ਵਿਸ਼ਵਾਸ ਵੱਧਦਾ ਹੈ।

ਸੈਰ ਕਰਨ ਨਾਲ ਕੋਈ ਤੰਦਰੁਸਤ ਨਹੀਂ ਹੁੰਦਾ, ਸੈਰ ਕਰਦੇ ਹੀ ਤੰਦਰੁਸਤ ਹਨ।

ਚੰਗੀ ਸਿਹਤ ਸੈਰ ਕਰਨ ਦਾ ਫਲ ਨਹੀਂ ਹੁੰਦੀ, ਚੰਗੀ ਸਿਹਤ ਸੈਰ ਕਰਨ ਦਾ ਕਾਰਨ ਹੁੰਦੀ ਹੈ। ਜਿਸ ਦੀ ਸਿਹਤ ਚੰਗੀ ਹੈ, ਮਨ ਤੰਦਰੁਸਤ ਹੈ, ਉਹ ਸੈਰ ਕਰੇਗਾ।

ਸੈਰ ਦੌਰਾਨ ਉਤਸ਼ਾਹ ਉਪਜਦਾ ਹੈ, ਨਵੇਂ ਵਿਚਾਰ ਸੁਝਦੇ ਹਨ, ਕਲਪਨਾ ਜਾਗਦੀ ਹੈ, ਕਈ ਸਾਨੂੰ ਮਿਲਦੇ ਹਨ, ਕਈਆਂ ਨੂੰ ਅਸੀਂ ਮਿਲਦੇ ਹਾਂ।

ਪ੍ਰਸੰਨਤਾ ਦਾ ਸੁਨਹਿਰੀ ਨੇਮ ਹੈ ਕਿ ਇਹ ਵਸਤਾਂ ਵਿਚੋਂ ਨਹੀਂ, ਕੁਦਰਤ ਅਤੇ ਅਨੁਭਵਾਂ ਵਿਚੋਂ ਮਿਲੇਗੀ। ਪੈਸੇ ਨਾਲ ਕੁਦਰਤ ਦੇ ਨਵੇਂ ਨਜ਼ਾਰੇ ਮਾਣੋ, ਨਵੀਆਂ ਧਰਤੀਆਂ, ਨਵੀਆਂ ਥਾਂਵਾਂ ਗਾਹੋ, ਨਵੇਂ ਲੋਕਾਂ ਨੂੰ ਮਿਲੋ, ਨਵੇਂ ਪਹਿਰਾਵੇ ਵੇਖੋ, ਨਵੇਂ ਪਕਵਾਨ ਖਾਓ। ਦੂਰ-ਦੁਰਾਡੇ ਜਾਣ, ਅਜਨਬੀਆਂ ਵਿਚ ਵਿਚਰਨ, ਸੋਹਣੇ ਚਿਹਰੇ ਵੇਖਣ, ਨਵੀਆਂ ਅਵਾਜ਼ਾਂ ਸੁਣਨ, ਨਵੇਂ ਵਰਤਾਰੇ ਮਾਣਨ ਨਾਲ ਪੱਖਪਾਤ ਘਟਣਗੇ। ਅਜਿਹਾ ਕਰਨ ਨਾਲ ਚੜ੍ਹਦੀ-ਕਲਾ ਦਾ ਅਨੁਭਵ ਹੋਵੇਗਾ, ਹਿਰਦੇ ਵਿਚ ਵਿਸ਼ਾਲਤਾ ਅਤੇ ਮਨ ਵਿਚ ਉਦਾਰਤਾ ਆਵੇਗੀ।

ਜਿਤਨਾ ਸੰਸਾਰ ਅਸੀਂ ਵੇਖਦੇ ਹਾਂ, ਉਤਨਾ ਹੀ ਅਸੀਂ ਆਪ ਫੈਲਦੇ ਹਾਂ।

ਆਪਣੇ ਹਰ ਅਨੁਭਵ ਦੇ ਕੇਂਦਰ ਵਿਚ ਅਸੀਂ ਆਪ ਹੁੰਦੇ ਹਾਂ।

ਆਪਣੇ ਅਨੁਭਵ ਬਾਰੇ ਸੋਚ ਕੇ ਵੀ ਪ੍ਰਸੰਨਤਾ ਮਿਲਦੀ ਹੈ, ਜਦੋਂ ਕਿ ਚੀਜ਼ਾਂ ਬਾਰੇ ਸੋਚਣ ਨਾਲ ਕੋਈ ਤਸੱਲੀ ਨਹੀਂ ਮਿਲਦੀ।

ਕੋਈ ਇਕ ਬਹੁਤ ਮਹਿੰਗੀ ਚੀਜ਼ ਖਰੀਦਣ ਦੀ ਥਾਂ, ਨਿੱਕੀਆਂ-ਨਿੱਕੀਆਂ ਕਈ ਚੀਜ਼ਾਂ ਖਰੀਦਣ ਨਾਲ ਪ੍ਰਸੰਨਤਾ ਵੱਧਦੀ ਹੈ। ਗਹਿਣੇ ਬਹੁਤ ਮਹਿੰਗੇ ਹੁੰਦੇ ਹਨ ਪਰ

ਲਿਪਸਟਿਕ ਮਹਿੰਗੀ ਨਹੀਂ ਹੁੰਦੀ ਪਰ ਗਹਿਣਿਆਂ ਨਾਲੋਂ, ਸਲੀਕੇ ਨਾਲ ਲਾਈ ਲਿਪਸਟਿਕ, ਬੁੱਲ੍ਹਾਂ ਨੂੰ ਹੀਰਿਆਂ ਨਾਲੋਂ ਵੀ ਮਹਿੰਗੇ ਗਹਿਣੇ ਬਣਾ ਦਿੰਦੀ ਹੈ।

ਪਤੀ-ਪਤਨੀ ਦੇ ਪਰਸਪਰ ਸੁਖਾਵੇਂ ਸੰਬੰਧ ਪ੍ਰਸੰਨਤਾ ਉਪਜਾਉਂਦੇ ਹਨ, ਇਸ ਨਾਲ ਇਸਤਰੀ ਅਨੁਭਵ ਦੀ ਡੂੰਘਾਈ ਬਣ ਜਾਂਦੀ ਹੈ ਅਤੇ ਪੁਰਸ਼ ਸਿਖ਼ਰ ਹੋ ਨਿਬੜਦਾ ਹੈ। ਬੱਚੇ ਸਾਡੀ ਪ੍ਰਸੰਨਤਾ ਨੂੰ ਗੂੜ੍ਹਾ ਕਰਦੇ ਹਨ।

ਇਵੇਂ ਹੀ ਜਿਤਨੀ ਤੁਹਾਡੀ ਜਾਣ-ਪਛਾਣ ਵਧੇਰੇ ਹੋਵੇਗੀ, ਉਤਨੇ ਤੁਸੀਂ ਵਧੇਰੇ ਪ੍ਰਸੰਨ ਹੋਵੋਗੇ, ਜਿਤਨੇ ਵਧੇਰੇ ਪ੍ਰਸੰਨ ਹੋਵੋਗੇ, ਉਤਨੇ ਵਧੇਰੇ ਤੰਦਰੁਸਤ ਹੋਵੋਗੇ ਅਤੇ ਉਤਨੇ ਬਿਮਾਰ ਘੱਟ ਹੋਵੋਗੇ। ਪ੍ਰਸੰਨ ਅਤੇ ਤੰਦਰੁਸਤ ਵਿਅਕਤੀਆਂ ਦੀ ਜਾਣ-ਪਛਾਣ ਦਾ ਘੇਰਾ ਬੜਾ ਵਿਸ਼ਾਲ ਹੁੰਦਾ ਹੈ।

ਇਸਤਰੀ ਪ੍ਰਤੀ ਸਤਿਕਾਰ ਦੀ ਭਾਵਨਾ ਵੀ ਪ੍ਰਸੰਨਤਾ ਉਪਜਾਉਂਦੀ ਹੈ।

ਇਸਤਰੀ ਆਪ ਰੌਣਕ ਹੈ, ਇਸ ਦੇ ਨੈਣ-ਨਕਸ਼ਾਂ, ਹਰਕਤਾਂ ਅਤੇ ਪਹਿਰਾਵੇ ਵਿਚ ਰੌਣਕ ਹੁੰਦੀ ਹੈ। ਇਹ ਜ਼ਿੰਦਗੀ ਦੀ ਸਿਰਜਕ ਹੈ, ਜਿਥੇ ਜ਼ਿੰਦਗੀ ਹੋਵੇਗੀ, ਉੱਥੇ ਰੌਣਕ ਹੋਵੇਗੀ, ਜਿੱਥੇ ਰੌਣਕ ਹੋਵੇਗੀ, ਉੱਥੇ ਪ੍ਰਸੰਨਤਾ ਵੀ ਹੋਵੇਗੀ।

ਖੇਤਰ ਕੋਈ ਹੋਵੇ, ਸਾਡਾ ਅਨੇਕਾਂ ਹੋਰਾਂ ਨਾਲ ਵਾਹ ਪੈਂਦਾ ਹੈ। ਜਿਨ੍ਹਾਂ ਨਾਲ ਸਾਡਾ ਵਾਹ ਪੈਂਦਾ ਹੈ, ਉਨ੍ਹਾਂ ਦੇ ਵਿਕਾਸ ਵਿਚ ਸਹਾਈ ਹੋਣ ਨਾਲ, ਜੱਦੋ-ਜਹਿਦ ਅਤੇ ਯਤਨ ਕਰਨ ਵਾਲਿਆਂ ਨੂੰ ਸ਼ਾਬਾਸ਼ ਦੇਣ ਨਾਲ, ਰੁਕਿਆਂ ਨੂੰ ਰਵਾਨਾ ਕਰਨ ਨਾਲ, ਹੋਰਾਂ ਨੂੰ ਕੁਝ ਕਰਨ ਲਈ ਪ੍ਰੇਰਨ ਨਾਲ, ਪ੍ਰਸੰਨਤਾ ਮਿਲਦੀ ਹੈ।

ਨਿੱਕੇ-ਨਿੱਕੇ ਤੋਹਫ਼ੇ ਜਾਂ ਇਨਾਮ ਦੇਣ ਨਾਲ ਸ਼ੁੱਭ-ਚਿੰਤਕ ਉਪਜਦੇ ਹਨ, ਜਿਹੜੇ ਸਾਡੀ ਪ੍ਰਸੰਨਤਾ ਦਾ ਸਰੋਤ ਬਣਦੇ ਹਨ।

ਜਿਸ ਵਿਅਕਤੀ ਨੂੰ ਆਪਣੇ ਕੰਮ, ਪਰਿਵਾਰ ਅਤੇ ਰੋਜ਼ਗਾਰ ਵਿਚੋਂ ਤਸੱਲੀ ਨਹੀਂ ਮਿਲਦੀ, ਉਸ ਕੋਲ ਭਾਵੇਂ ਕਿਤਨੀਆਂ ਵੀ ਚੀਜ਼ਾਂ ਹੋਣ, ਭਾਵੇਂ ਕਿਤਨਾ ਵੀ ਪੈਸਾ ਹੋਵੇ, ਉਹ ਪ੍ਰਸੰਨ ਨਹੀਂ ਹੋ ਸਕਦਾ।

ਬਹੁਤ ਲੰਮੀ ਉਮਰ ਵਾਲੀਆਂ, ਮਹਿੰਗੀਆਂ ਚੀਜ਼ਾਂ, ਉਵੇਂ ਹੀ ਜੰਜਾਲ ਬਣ ਜਾਂਦੀਆਂ ਹਨ, ਜਿਵੇਂ ਨਵ-ਜਨਮੇ ਬੱਚੇ ਲਈ ਵੱਡਾ ਅਤੇ ਮਹਿੰਗਾ ਪੰਘੂੜਾ ਇਕ-ਡੇਢ ਸਾਲ ਮਗਰੋਂ, ਕਮਰੇ ਵਿਚ ਰੁਕਾਵਟ ਬਣ ਜਾਂਦਾ ਹੈ।

ਬਹੁਤ ਲੰਮੀਆਂ ਗਰੰਟੀਆਂ ਕਿਸੇ ਕੰਮ ਨਹੀਂ ਆਉਂਦੀਆਂ।

ਜੇ ਬਹੁਤ ਮਹਿੰਗੀਆਂ ਚੀਜ਼ਾਂ ਖਰੀਦੋਗੇ ਤਾਂ ਉਨ੍ਹਾਂ ਦੇ ਖ਼ਰਾਬ ਹੋ ਜਾਣ, ਗੁਆਚ ਜਾਣ ਜਾਂ ਚੋਰੀ ਹੋ ਜਾਣ ਦੀ ਚਿੰਤਾ ਵੀ ਖਰੀਦੀ ਜਾਵੇਗੀ। ਜਦੋਂ ਮਹਿੰਗੀ ਚੀਜ਼ ਦਾ ਨਵਾਂ ਮਾਡਲ ਆਵੇਗਾ, ਤੁਹਾਨੂੰ ਪੁਰਾਣਾ ਮਾਡਲ ਖਰੀਦਣ ਦੇ ਆਪਣੇ ਫੈਸਲੇ ਦਾ ਪਛਤਾਵਾ ਹੋਵੇਗਾ। ਮਹਿੰਗੀਆਂ ਚੀਜ਼ਾਂ ਦੇ ਮਾਡਲ ਜਲਦੀ ਬਦਲਦੇ ਹਨ।

ਅਨੁਭਵਾਂ ਜਾਂ ਤਜਰਬਿਆਂ ਦੀ ਥਾਂ ਅਸੀਂ ਚੀਜ਼ਾਂ ਇਸ ਲਈ ਵਧੇਰੇ ਖਰੀਦਦੇ ਹਾਂ, ਕਿਉਂਕਿ ਸੋਫੇ, ਕਾਲੀਨ, ਕੰਪਿਊਟਰ ਆਦਿ ਚੀਜ਼ਾਂ ਨਾਲ ਇਕ-ਸੁਰ ਹੋਣਾ ਸੌਖਾ ਹੁੰਦਾ ਹੈ ਪਰ ਇਹ ਚੀਜ਼ਾਂ ਕੁਝ ਦਿਨਾਂ ਵਿਚ ਹੀ ਸਧਾਰਨ ਬਣ ਜਾਂਦੀਆਂ ਹਨ।

ਅਨੁਭਵ ਅਤੇ ਵਿਅਕਤੀ ਸਾਨੂੰ ਚੀਜ਼ਾਂ ਨਾਲੋਂ ਵਧੇਰੇ ਪ੍ਰਸੰਨ ਕਰਦੇ ਹਨ।

ਇਹ ਯਾਦ ਰੱਖਣਾ ਜ਼ਰੂਰੀ ਹੈ ਕਿ ਕੋਈ ਵੀ ਪ੍ਰਸੰਨਤਾ ਖਾਲਸ ਨਹੀਂ ਹੁੰਦੀ।

ਲੱਖਾਂ ਰੁਪਏ ਦੀ ਖਰੀਦੀ ਘੜੀ ਨਾਲ ਵਕਤ ਕੀਮਤੀ ਨਹੀਂ ਹੋ ਜਾਂਦਾ।

ਝੀਲ ਦੇ ਕਿਨਾਰੇ ਮਕਾਨ ਦਾ ਬੜਾ ਸੁੰਦਰ ਨਜ਼ਾਰਾ ਹੋਵੇਗਾ ਪਰ ਮੱਛਰਾਂ ਦੀ ਭਰਮਾਰ ਵੀ ਹੋਵੇਗੀ।

ਮੋਟਾ ਕਰਨ ਵਾਲੀਆਂ ਚੀਜ਼ਾਂ ਨੂੰ ਖਰੀਦਣਾ ਮੁਲਤਵੀ ਕਰਨਾ ਚਾਹੀਦਾ ਹੈ ਕਿਉਂਕਿ ਅਜਿਹੀਆਂ ਚੀਜ਼ਾਂ ਮੋਟਾਪਾ ਬਣ ਕੇ ਜੀਵਨ ਭਰ ਪਰੇਸ਼ਾਨ ਕਰਦੀਆਂ ਹਨ।

ਕੋਈ ਚੀਜ਼ ਖਰੀਦਣ ਤੋਂ ਪਹਿਲੇ ਸੋਚੋ ਕਿ ਕੀ ਇਹ ਤੁਹਾਡੀ ਕਾਰਜ-ਕੁਸ਼ਲਤਾ ਵਧਾਏਗੀ ਕਿ ਸਾੜਾ ਉਪਜਾਏਗੀ। ਜੇ ਤੁਸੀਂ ਕੋਈ ਚੀਜ਼ ਦਿਖਾਵੇ ਲਈ ਖਰੀਦ ਰਹੇ ਹੋ ਤਾਂ ਸਭ ਨੂੰ ਦਿਸਣ ਵਾਲੀ ਲੰਮੀ ਕਾਰ, ਤੰਗ ਰਸਤੇ 'ਤੇ, ਵੱਧ ਥਾਂ ਘੇਰਨ ਕਰਕੇ, ਗਵਾਂਢੀਆਂ ਨਾਲ ਤੁਹਾਡੇ ਸੰਬੰਧ ਵਿਗਾੜੇਗੀ।

ਵੇਖਿਆ ਗਿਆ ਹੈ ਕਿ ਜੇ ਮਨੁੱਖ ਹੋਰਾਂ ਦੀ ਪ੍ਰਸੰਨਤਾ ਦਾ ਧਿਆਨ ਨਹੀਂ ਰੱਖਦਾ ਤਾਂ ਉਹ ਆਪ ਵੀ ਪ੍ਰਸੰਨ ਨਹੀਂ ਹੁੰਦਾ। ਜੀਵਨ ਵਿਚ ਪ੍ਰਸੰਨਤਾ ਦੇ ਘੱਟਣ ਦਾ ਇਕ ਕਾਰਨ ਇਹ ਹੈ ਕਿ ਬਹੁਤੀਆਂ ਚੀਜ਼ਾਂ ਹੋਰਾਂ ਦੀ ਨਕਲ ਕਰਕੇ ਲਈਆਂ ਜਾਂਦੀਆਂ ਹਨ। ਕਿਸੇ ਚੀਜ਼ ਦੀ ਲਾਲਸਾ ਕਰਨ ਤੋਂ ਪਹਿਲਾਂ ਵੇਖ ਲੈਣਾ ਚਾਹੀਦਾ ਹੈ ਕਿ ਜਿਨ੍ਹਾਂ ਕੋਲ ਇਹ ਚੀਜ਼ ਹੈ, ਉਹ ਕਿਤਨੇ ਕੁ ਪ੍ਰਸੰਨ ਹਨ?

ਜਿਹੜੀ ਚੀਜ਼ ਕਦੇ ਵਰਤੀ ਨਹੀਂ, ਵਰਤਣੀ ਆਉਂਦੀ ਨਹੀਂ, ਵਰਤਣ ਦੀ ਲੋੜ ਨਹੀਂ, ਉਹ ਭਾਵੇਂ ਮੁਫ਼ਤ ਮਿਲੇ ਨਾ ਲਓ। ਕਈ ਜੂਸ ਕੱਢਣ ਜਾਂ ਕੌਫ਼ੀ ਬਣਾਉਣ ਦੀ ਮਸ਼ੀਨ ਖਰੀਦ ਲੈਂਦੇ ਹਨ ਪਰ ਵਰਤਣ ਉਪਰੰਤ ਇਨ੍ਹਾਂ ਨੂੰ ਸਾਫ ਕਰਨ ਦਾ ਝੰਜਟ ਇਨ੍ਹਾਂ ਨੂੰ ਵਰਤਣ ਦਾ ਉਤਸ਼ਾਹ ਮਾਰ ਦਿੰਦਾ ਹੈ। ਕੁਝ ਲੋਕ ਕੁਝ ਖਰੀਦਣ ਤੋਂ ਪਹਿਲਾਂ ਕਈ ਦੁਕਾਨਾਂ 'ਤੇ ਜਾਂਦੇ ਹਨ, ਅਜਿਹੇ ਲੋਕ ਕੁਝ ਵੀ ਖਰੀਦ ਲੈਣ, ਖਰੀਦਣ ਉਪਰੰਤ ਸੋਚਣਗੇ, ਇਹ ਨਹੀਂ, ਉਹ ਖਰੀਦਣੀ ਚਾਹੀਦੀ ਸੀ। ਇਹ ਵਾਸਤਵ ਵਿਚ ਬਹੁਤਾਤ ਦਾ ਪਛਤਾਵਾ ਹੁੰਦਾ ਹੈ। ਜਿਨ੍ਹਾਂ ਚੀਜ਼ਾਂ ਦੀ ਬਜ਼ਾਰ ਵਿਚ ਵੰਨਗੀਆਂ ਦੇ ਪੱਖੋਂ ਭਰਮਾਰ ਹੁੰਦੀ ਹੈ, ਉਨ੍ਹਾਂ ਵਿਚੋਂ ਸਹੀ ਚੀਜ਼ ਖਰੀਦੀ ਹੀ ਨਹੀਂ ਜਾ ਸਕਦੀ। ਇਕ ਸੂਟ ਖਰੀਦਣ ਜਾਵੋਗੇ, ਤਿੰਨ ਖਰੀਦੋਗੇ, ਤਸੱਲੀ ਫਿਰ ਵੀ ਨਹੀਂ ਹੋਵੇਗੀ। ਬਹੁਤਾਤ ਅਤੇ ਤਸੱਲੀ ਦੋਵੇਂ ਇਕੋ ਵੇਲੇ ਸੰਭਵ ਨਹੀਂ ਹੁੰਦੀਆਂ।

ਪ੍ਰਸੰਨ ਬਿਰਤੀ ਵਾਲੇ ਲੋਕ, ਹੋਰਾਂ ਵਿਚ ਸਾਂਝਾਂ ਵੇਖਦੇ ਹਨ ਅਤੇ ਉਹ, ਉਹ ਚੀਜ਼ਾਂ ਖਰੀਦਦੇ ਹਨ, ਜਿਨ੍ਹਾਂ ਨੂੰ ਵਧੇਰੇ ਲੋਕਾਂ ਨੇ ਖਰੀਦਿਆ ਹੁੰਦਾ ਹੈ।

ਕਈ ਹੋਰਾਂ ਤੋਂ ਨਿਆਰੇ ਹੋਣਾ ਚਾਹੁੰਦੇ ਹਨ, ਅਜਿਹੇ ਲੋਕਾਂ ਦੀ ਕੋਸ਼ਿਸ਼ ਹੁੰਦੀ ਹੈ ਕਿ ਮੈਂ ਉਹ ਚੀਜ਼ ਖਰੀਦਾਂਗਾ, ਜਿਹੜੀ ਕਿਸੇ ਕੋਲ ਨਹੀਂ ਹੋਵੇਗੀ। ਅਜਿਹੇ ਲੋਕਾਂ ਵਿਚ ਹਉਮੈ ਵਧੇਰੇ ਹੁੰਦੀ ਹੈ, ਇਹ ਨਫ਼ਰਤ ਨਾਲ ਭਰੇ ਹੁੰਦੇ ਹਨ, ਇਹ ਹੋਰਾਂ ਨੂੰ ਤਾਂ ਨੀਵੇਂ ਸਿੱਧ ਕਰ ਦਿੰਦੇ ਹਨ ਪਰ ਆਪ ਉੱਚੇ ਸਿੱਧ ਨਹੀਂ ਹੁੰਦੇ। ਇਹ ਕਦੇ ਪ੍ਰਸੰਨ ਨਹੀਂ ਹੁੰਦੇ। ਇਨ੍ਹਾਂ ਦੇ ਘਰ ਸਾਮਾਨ ਨਾਲ ਭਰੇ ਹੁੰਦੇ ਹਨ ਕਿਉਂਕਿ ਇਨ੍ਹਾਂ ਵਿਚ ਪੁਰਾਣੀਆਂ ਚੀਜ਼ਾਂ ਤੋਂ ਖਹਿੜਾ ਛੁਡਾਉਣ ਦੀ ਸਮਰੱਥਾ ਨਹੀਂ ਹੁੰਦੀ।

ਭਿੰਨਤਾ ਦੇ ਅਜਿਹੇ ਅਭਿਲਾਸ਼ੀ ਆਪਣੀ ਔਕਾਤ ਅਤੇ ਲੋੜ ਨਾਲੋਂ ਵਡੇਰੀ ਕੋਠੀ ਉਸਾਰ ਕੇ ਵਿਹਾਰ ਦੇ ਪੱਖੋਂ ਉਭਰਦੇ ਨਹੀਂ, ਨਿਘਰਦੇ ਹਨ।

ਇਹ ਕਿਸੇ ਨਾਲ ਨਹੀਂ ਬੋਲਦੇ, ਇਨ੍ਹਾਂ ਨਾਲ ਕੋਈ ਨਹੀਂ ਬੋਲਦਾ।

ਪਹਿਲਾਂ ਖਰੀਦੋ ਅਤੇ ਮਗਰੋਂ ਅਦਾਇਗੀ ਕਰੋ ਵਾਲੀ ਕਰੈਡਿਟ-ਕਾਰਡ ਵਾਲੀ ਪ੍ਰਣਾਲੀ ਅਨੇਕਾਂ ਦੀ ਬਰਬਾਦੀ ਦਾ ਕਾਰਨ ਬਣ ਰਹੀ ਹੈ। ਇਸ ਨਾਲ ਪ੍ਰਸੰਨਤਾ ਕੁਝ ਪਲ ਹੀ ਮਿਲਦੀ ਹੈ ਪਰ ਅਦਾਇਗੀ ਦੀ ਪੀੜ ਲੰਮਾ ਅਰਸਾ ਰਹਿੰਦੀ ਹੈ।

ਪਹਿਲਾਂ ਕਮਾਓ, ਫਿਰ ਖਰਚੋ ਦੀ ਨੀਤੀ ਪ੍ਰਸੰਨਤਾ ਦਾ ਆਧਾਰ ਹੁੰਦੀ ਹੈ।

ਜੇ ਜੀਵਨ ਦੀਆਂ ਲੋੜਾਂ ਪੂਰੀਆਂ ਕਰਨ ਦੇ ਸਾਧਨ ਹਨ ਤਾਂ ਜਿਊਣਾ ਮੁਲਤਵੀ ਨਾ ਕਰੋ। ਪ੍ਰਸੰਨਤਾ ਚੀਜ਼ਾਂ 'ਤੇ ਨਿਰਭਰ ਨਹੀਂ ਕਰਦੀ, ਮਾਨਸਿਕ ਅਵਸਥਾ 'ਤੇ ਨਿਰਭਰ ਕਰਦੀ ਹੈ। ਪ੍ਰਸੰਨਤਾ ਪੈਸੇ ਦੇ ਜ਼ੋਰ ਨਾਲ ਕਿਸੇ ਥਾਂ ਪਹੁੰਚਣ ਦਾ ਨਾਂ ਨਹੀਂ, ਜਿੱਥੇ ਖਲੋਤੇ ਹੋ, ਉੱਥੇ ਹੀ ਪ੍ਰਸੰਨਤਾ ਪਛਾਣਨ ਦੀ ਕਲਾ ਹੈ।

ਆਪਣੀ ਚੇਤਨਾ ਖੋਲ੍ਹੋ, ਜ਼ਿੰਦਗੀ ਦੇ ਨਵੇਂ ਦਿਸਹੱਦੇ ਦਿਸਣ ਲੱਗ ਪੈਣਗੇ। ਆਪਣੇ ਸੀਮਤ ਘੇਰੇ ਵਿਚੋਂ ਬਾਹਰ ਨਿਕਲੋ, ਵਿਸ਼ਾਲਤਾ ਦੇ ਦੀਦਾਰ ਹੋਣਗੇ।

ਜੋ ਚੀਜ਼ਾਂ ਤੁਹਾਡੇ ਕੋਲ ਹਨ, ਪ੍ਰਸੰਨਤਾ ਲਈ ਉਹ ਕਾਫੀ ਹਨ, ਪ੍ਰਸੰਨਤਾ ਉਨ੍ਹਾਂ ਚੀਜ਼ਾਂ ਤੋਂ ਹੀ ਮਿਲੇਗੀ। ਨਿਰੋਲ ਪੈਸੇ ਦੇ ਬਲ ਨਾਲ ਖਰੀਦੀਆਂ ਨਵੀਆਂ ਚੀਜ਼ਾਂ ਇਨ੍ਹਾਂ ਦਾ ਸੁਧਰਿਆ ਰੂਪ ਹੋ ਸਕਦੀਆਂ ਹਨ ਪਰ ਉਹ ਕੋਈ ਨਵੀਂ ਪ੍ਰਸੰਨਤਾ ਨਹੀਂ ਸਿਰਜ ਸਕਦੀਆਂ, ਪਰੇਸ਼ਾਨੀ ਭਾਵੇਂ ਸਿਰਜ ਦੇਣ ਕਿਉਂਕਿ ਅਕਸਰ ਨਵੇਂ ਯੰਤਰ, ਪੁਰਾਣੇ ਮਾਲਕਾਂ ਨੂੰ ਪਸੰਦ ਨਹੀਂ ਕਰਦੇ।

ਤੁਹਾਡੀ ਬਹੁਤ ਮਹਿੰਗੀ ਕਾਰ ਸਾਰੇ ਜਾਣੂਆਂ ਦੇ ਵਿਹਾਰ ਨੂੰ ਬਨਾਵਟੀ ਬਣਾ ਦੇਵੇਗੀ ਕਿਉਂਕਿ ਉਹ ਅੰਦਰੋਂ ਸਾੜਾ ਅਤੇ ਬਾਹਰੋਂ ਪ੍ਰਸੰਸਾ ਦਾ ਨਾਟਕ ਕਰਨਗੇ।

ਅਜਿਹੇ ਵਿਹਾਰ ਦਾ ਕਾਰਨ ਇਹ ਹੁੰਦਾ ਹੈ ਕਿ ਕਾਰ ਸੁੱਖ ਨੂੰ ਧਿਆਨ ਵਿਚ ਰੱਖ ਕੇ ਨਹੀਂ ਖਰੀਦੀ ਗਈ, ਦਿਖਾਉਣ ਲਈ ਖਰੀਦੀ ਗਈ ਹੈ।

ਕਿਸੇ ਅਧਿਆਪਕ ਜਾਂ ਡਾਕਟਰ ਦੀ ਬਹੁਤ ਵੱਡੀ ਕਾਰ, ਉਸ ਦੇ ਯੋਗ ਅਤੇ ਮਾਹਿਰ ਹੋਣ ਦਾ ਪ੍ਰਭਾਵ ਨਹੀਂ ਪਾਉਂਦੀ, ਉਸ ਦੇ ਹੋਛੇ ਹੋਣ ਦਾ ਪ੍ਰਮਾਣ ਬਣਦੀ ਹੈ ਕਿਉਂਕਿ ਸਮਾਜ ਚਾਹੁੰਦਾ ਹੈ ਕਿ ਡਾਕਟਰ ਅਤੇ ਅਧਿਆਪਕ ਆਦਿ ਸਾਦਾ ਅਤੇ ਸਮਾਜ-ਸੇਵਾ ਵਾਲਾ ਜੀਵਨ ਜਿਊਣ।

ਜਦੋਂ ਤੱਕ ਪੈਸੇ ਪ੍ਰਤੀ ਸਾਡਾ ਦ੍ਰਿਸ਼ਟੀਕੋਣ ਉਸਾਰੂ ਅਤੇ ਸਹੀ ਨਹੀਂ ਹੁੰਦਾ, ਪੈਸੇ ਵਿਚੋਂ ਪ੍ਰਸੰਨਤਾ ਦਾ ਉਪਜਣਾ ਸੰਭਵ ਨਹੀਂ ਹੋਵੇਗਾ। ਪੈਸੇ ਬਾਰੇ ਦ੍ਰਿਸ਼ਟੀਕੋਣ ਸਹੀ ਹੋਣ ਦੀ ਪਰਖ ਇਹ ਹੈ ਕਿ ਕੀ ਸਾਡੇ ਪੈਸੇ ਨਾਲ ਹੋਰਾਂ ਨੂੰ ਪ੍ਰਸੰਨਤਾ ਮਿਲ ਰਹੀ ਹੈ?

+ + +

ਹਮਦਰਦੀ

ਹਮਦਰਦੀ ਕਿਸੇ ਨੂੰ ਸਮਝਣ, ਉਸ ਦੇ ਨੇੜੇ ਹੋਣ, ਪਿਆ ਅਸਹਿ ਘਾਟਾ ਵੰਡਣ ਅਤੇ ਉਸ ਨੂੰ ਆਪਣਾ ਬਣਾਉਣ ਦਾ ਵਸੀਲਾ ਹੁੰਦੀ ਹੈ।

ਪਿਆਰ, ਹਮਦਰਦੀ, ਸੇਵਾ, ਸਹਿਯੋਗ ਆਦਿ ਸਾਰੀਆਂ ਚੰਗੀਆਂ ਅਤੇ ਸਹਿਯੋਗੀ ਭਾਵਨਾਵਾਂ ਆਪਸ ਵਿਚ ਜੁੜੀਆਂ ਹੋਈਆਂ ਹਨ।

ਸਾਨੂੰ ਆਪਣੇ ਆਪ ਬਾਰੇ ਸੋਝੀ ਹੋਰਾਂ ਦੇ ਸੰਪਰਕ ਵਿਚ ਆਉਣ ਰਾਹੀਂ ਮਿਲਦੀ ਹੈ। ਉਨ੍ਹਾਂ ਪ੍ਰਤੀ ਅਤੇ ਉਨ੍ਹਾਂ ਰਾਹੀਂ ਹਮਦਰਦੀ ਦੇ ਭਾਵਾਂ ਨਾਲ ਸਾਡਾ ਉਨ੍ਹਾਂ ਨਾਲ ਰਿਸ਼ਤਾ ਗੂੜ੍ਹਾ ਅਤੇ ਮਿੱਠਾ ਬਣ ਜਾਂਦਾ ਹੈ।

ਹਮਦਰਦੀ ਰਾਹੀਂ ਅਸੀਂ ਦੂਜਿਆਂ ਦੇ ਮਨਾਂ ਵਿਚ ਝਾਕਣ, ਸਾਂਝ ਉਪਜਾਉਣ ਅਤੇ ਆਪਣੇ ਆਪ ਨੂੰ ਨਿਖਾਰਨ ਦਾ ਯਤਨ ਕਰਦੇ ਹਾਂ।

ਯਥਾਰਥ ਬਦਲਦਾ ਰਹਿੰਦਾ ਹੈ ਪਰ ਹਮਦਰਦੀ ਕਾਰਨ, ਰਿਸ਼ਤੇ ਲੰਮੀ ਸੋਚ ਕਰਕੇ ਸਥਿਰ, ਹੰਢਣਸਾਰ ਅਤੇ ਨਿੱਘੇ ਬਣੇ ਰਹਿੰਦੇ ਹਨ।

ਗੱਲਬਾਤ ਰਿਸ਼ਤਿਆਂ ਕਾਰਨ ਨਹੀਂ ਹੁੰਦੀ, ਗੱਲਬਾਤ ਹੀ ਰਿਸ਼ਤਾ ਹੁੰਦੀ ਹੈ। ਅਸੀਂ ਸਾਰੇ ਚਾਹੁੰਦੇ ਹਾਂ ਕਿ ਦੂਜਿਆਂ ਦੀ ਸਾਡੇ ਬਾਰੇ ਰਾਇ ਚੰਗੀ ਹੋਵੇ, ਉਹ ਸਾਡੇ ਅਤੇ ਅਸੀਂ ਉਨ੍ਹਾਂ ਦੇ ਗੁਣਾਂ ਨੂੰ ਵੇਖੀਏ, ਮਾਣੀਏ ਅਤੇ ਇਕ ਦੂਜੇ ਨੂੰ ਪਸੰਦ ਕਰੀਏ।

ਅਸੀਂ ਜਾਣਦੇ ਹਾਂ ਕਿ ਕਿਸੇ ਕੋਲ ਵੀ ਇਤਨੇ ਵਸੀਲੇ ਨਹੀਂ ਹੁੰਦੇ ਕਿ ਉਸ ਨੂੰ ਕਿਸੇ ਹੋਰ ਦੀ ਲੋੜ ਹੀ ਨਾ ਪਏ, ਸੋ ਭਰਪੂਰ ਜੀਵਨ ਜਿਊਣ ਲਈ ਸਾਨੂੰ ਸਾਰਿਆਂ ਦੀ ਅਤੇ ਸਾਰੇ ਸੰਸਾਰ ਦੀ ਲੋੜ ਪੈਂਦੀ ਹੈ।

ਹਮਦਰਦੀ ਰਾਹੀਂ ਅਸੀਂ ਉਹ ਸਾਂਝੇ ਮੁੱਦੇ, ਵਿਚਾਰ ਅਤੇ ਭਾਵਨਾਵਾਂ ਚੁਣਦੇ ਹਾਂ, ਜਿਨ੍ਹਾਂ ਬਾਰੇ ਸਾਡੀ ਸਹਿਮਤੀ ਹੁੰਦੀ ਹੈ। ਸਾਂਝ, ਹਮਦਰਦੀ ਦੀਆਂ ਅਤੇ ਹਮਦਰਦੀ ਸਹਿਯੋਗ ਦੀਆਂ ਭਾਵਨਾਵਾਂ ਉਸਾਰਦੀ ਹੈ। ਉਂਜ ਨਿਰਭਰਤਾ ਤਰਸ ਉਪਜਾਉਂਦੀ ਹੈ ਪਰ ਬਰਾਬਰੀ ਵਾਲੇ ਵਿਹਾਰ ਨਾਲ ਹਮਦਰਦੀ ਉਸਰਦੀ ਹੈ।

ਜਦੋਂ ਕੇਵਲ ਹਮਦਰਦੀ ਨਾਲ ਨਹੀਂ ਸਰਦਾ ਅਤੇ ਬਰਾਬਰੀ ਉਸਾਰਨ ਦੀ ਸੰਭਾਵਨਾ ਨਹੀਂ ਹੁੰਦੀ, ਤਾਂ ਅਜਿਹੇ ਸਮੇਂ ਹਮਦਰਦੀ ਤਰਸ ਬਣ ਜਾਂਦੀ ਹੈ। ਮੰਗਤੇ 'ਤੇ ਅਸੀਂ ਤਰਸ ਕਰਦੇ ਹਾਂ ਪਰ ਗਵਾਂਢੀ ਨਾਲ ਹਮਦਰਦੀ ਪ੍ਰਗਟਾਉਂਦੇ ਹਾਂ।

ਜਦੋਂ ਵੱਡਾ ਸਦਮਾ ਜਾਂ ਅਸਹਿ ਘਾਟਾ ਪਿਆ ਹੋਵੇ ਅਤੇ ਜਦੋਂ ਕੇਵਲ ਹਮਦਰਦੀ ਨਾਲ ਨਹੀਂ ਸਰਦਾ ਤਾਂ ਤਰਸ ਕਾਰਨ ਅਸੀਂ ਮਾਇਕ ਸਹਿਯੋਗ ਵੀ ਦਿੰਦੇ ਹਾਂ। ਮਾਇਕ ਸਹਿਯੋਗ ਅਕਸਰ ਉਸ ਨੂੰ ਦਿੱਤਾ ਜਾਂਦਾ ਹੈ, ਜਿਹੜਾ ਨਿਆਸਰਾ

ਹੋਵੇ ਅਤੇ ਜਿਸ ਕੋਲ ਆਪਣੀਆਂ ਸਮੱਸਿਆਵਾਂ ਜਾਂ ਅਚਾਨਕ ਉਪਜੀਆਂ ਮੁਸ਼ਕਿਲਾਂ ਆਪ ਹੱਲ ਕਰਨ ਦੀ ਸਮਰੱਥਾ ਨਾ ਹੋਵੇ।

ਤਰਸ ਕਰਨ ਲਈ ਸਾਨੂੰ ਕਿਸੇ ਤੋਂ, ਉਸ ਦੇ ਸਾਰੇ ਵੇਰਵੇ ਨਹੀਂ ਸੁਣਨੇ ਪੈਂਦੇ, ਜੋ ਦਿਸ ਰਿਹਾ ਜਾਂ ਦਸਿਆ ਗਿਆ ਹੁੰਦਾ ਹੈ, ਉਹ ਹੀ ਕਾਫ਼ੀ ਹੁੰਦਾ ਹੈ ਪਰ ਹਮਦਰਦੀ ਵਿਚ ਅਸੀਂ ਵੱਧ ਤੋਂ ਵੱਧ ਵੇਰਵੇ ਸੁਣਨੇ ਚਾਹੁੰਦੇ ਹਾਂ ਕਿਉਂਕਿ ਕਿਸੇ ਨੂੰ ਸੁਣਨਾ ਵੀ ਹਮਦਰਦੀ ਪ੍ਰਗਟਾਉਣ ਦਾ ਢੰਗ ਹੁੰਦਾ ਹੈ।

ਹਮਦਰਦੀ ਕਿਸੇ ਦਾ ਦੁੱਖ, ਦਰਦ ਅਤੇ ਸੰਤਾਪ ਘਟਾਉਣ ਵਾਲੀ ਜੁਗਤ ਹੈ, ਜਦੋਂ ਕਿ ਤਰਸ ਮਾਇਕ ਘਾਟਾ ਪੂਰਾ ਕਰਨ ਵਾਲੀ ਵਿਧੀ ਹੈ।

ਕਿਸੇ ਵੱਲੋਂ ਆਪਣੇ ਆਪ ਨੂੰ ਤਰਸ ਦਾ ਪਾਤਰ ਬਣਾਉਣਾ ਇਸ ਗੱਲ ਦਾ ਐਲਾਨ ਹੁੰਦਾ ਹੈ ਕਿ 'ਮੈਂ ਔਸਤ ਨਾਲੋਂ ਨੀਵਾਂ ਹਾਂ ਅਤੇ ਮੈਂ ਆਪਣੀ ਮਦਦ ਆਪ ਕਰਨ ਅਤੇ ਆਪਣੀ ਸਮੱਸਿਆ ਆਪ ਹੱਲ ਕਰਨ ਦੇ ਯੋਗ ਨਹੀਂ।'

ਹੀਣ-ਭਾਵਨਾ ਵਾਲੇ ਲੋਕ ਤਰਸ ਵਾਲੀਆਂ ਹਾਲਤਾਂ ਉਪਜਾਉਂਦੇ ਰਹਿੰਦੇ ਹਨ।

ਕੋਈ ਵੀ ਸਵੈ-ਵਿਸ਼ਵਾਸ ਵਾਲਾ, ਸਮਰੱਥ ਅਤੇ ਰਿਸ਼ਟ-ਪੁਸ਼ਟ ਵਿਅਕਤੀ ਕਿਸੇ ਵਲੋਂ ਤਰਸ ਕੀਤੇ ਜਾਣ ਨੂੰ ਉਵੇਂ ਹੀ ਆਪਣਾ ਅਪਮਾਨ ਸਮਝੇਗਾ, ਜਿਵੇਂ ਕਿਸੇ ਰਜਦੇ-ਪੁਜਦੇ ਵਿਅਕਤੀ ਨੂੰ ਵਿਚਾਰਾ ਕਹਿ ਦਿੱਤਾ ਜਾਵੇ।

ਭੂਚਾਲ ਜਾਂ ਤੂਫ਼ਾਨ ਦੀ ਹਾਲਤ ਵਿਚ ਗਰੀਬ ਮੁਲਕ, ਅਮੀਰ ਮੁਲਕਾਂ ਤੋਂ ਮਦਦ ਮੰਗਦੇ ਅਤੇ ਲੈਂਦੇ ਹਨ ਪਰ ਪਿੱਛੇ ਜਿਹੇ ਜਦੋਂ ਚੀਨ ਵਿਚ ਭੂਚਾਲ ਆਇਆ ਤਾਂ ਚੀਨ ਨੇ ਐਲਾਨ ਕੀਤਾ ਸੀ ਕਿ ਕੋਈ ਬਾਹਰਲੀ ਮਦਦ ਸਵੀਕਾਰ ਨਹੀਂ ਕੀਤੀ ਜਾਵੇਗੀ ਪਰ ਕੁਝ ਸਾਲ ਪਹਿਲੇ ਜਦੋਂ ਗੁਜਰਾਤ ਵਿਚ ਭੂਚਾਲ ਆਇਆ ਤਾਂ ਅਮਰੀਕਾ ਅਤੇ ਹੋਰ ਦੇਸ਼ਾਂ ਨੇ ਭਾਰੀ ਮਦਦ ਭੇਜੀ ਸੀ ਅਤੇ ਉਸ ਵੇਲੇ ਦੂਰ-ਦੁਰਾਡੇ ਸੂਬਿਆਂ ਦੇ ਮੰਗਤੇ ਵੀ ਗੁਜਰਾਤ ਪਹੁੰਚ ਕੇ ਭੂਚਾਲ-ਪੀੜਤ ਬਣ ਗਏ ਸਨ।

ਗਰੀਬ ਮੁਲਕਾਂ ਵਿਚ ਹਮਦਰਦੀ ਘੱਟ ਅਤੇ ਤਰਸ ਦੀ ਭਾਵਨਾ ਵਧੇਰੇ ਹੁੰਦੀ ਹੈ।

ਹਮਦਰਦੀ ਅਤੇ ਤਰਸ ਦਾ ਸਰੋਤ ਧਰਮ ਹੁੰਦਾ ਹੈ।

ਵਿਗਿਆਨ ਦੀ ਦ੍ਰਿਸ਼ਟੀ ਤੋਂ ਹਮਦਰਦੀ ਦੇ ਕੋਈ ਅਰਥ ਨਹੀਂ।

ਭਾਰਤੀ ਧਰਮ ਦਾਨ ਦੇਣ ਨੂੰ ਉਤਸ਼ਾਹ ਦਿੰਦੇ ਹਨ।

ਜੇ ਦਾਨ ਦਿੱਤਾ ਜਾਣਾ ਹੈ ਤਾਂ ਦਾਨ ਲੈਣ ਵਾਲੇ ਵੀ ਹੋਣੇ ਚਾਹੀਦੇ ਹਨ, ਇਸੇ ਲਈ ਭਾਰਤੀ ਧਾਰਮਿਕ ਸਥਾਨਾਂ 'ਤੇ ਮੰਗਤਿਆਂ ਦੀ ਭਰਮਾਰ ਹੁੰਦੀ ਹੈ।

ਤਰਸ ਦੀ ਭਾਵਨਾ ਵਿਕਾਸ ਦੀ ਵਿਰੋਧੀ ਭਾਵਨਾ ਹੈ, ਇਹ ਸਵੈ-ਵਿਸ਼ਵਾਸ ਨੂੰ ਮਾਰਦੀ ਅਤੇ ਚੰਗੇ-ਭਲੇ ਵਿਅਕਤੀਆਂ ਨੂੰ ਮੰਗਤੇ ਬਣਾ ਦਿੰਦੀ ਹੈ।

ਅਸਫਲਤਾ, ਵਿਛੋੜਾ, ਹਾਦਸਾ, ਨੁਕਸਾਨ ਆਦਿ ਹਰ ਕਿਸੇ ਨਾਲ ਵਾਪਰਨ ਵਾਲੇ ਅਜਿਹੇ ਵਰਤਾਰੇ ਹੁੰਦੇ ਹਨ, ਜਿਹੜੇ ਹਮਦਰਦੀ ਦੇ ਭਾਵ ਜਗਾਉਂਦੇ ਹਨ।

ਹਮਦਰਦੀ ਨੂੰ ਮਹਿਸੂਸ ਦਿਲ ਕਰਦਾ ਹੈ ਪਰ ਇਸ ਦੀ ਲੋੜ ਮਨ ਉਪਜਾਉਂਦਾ ਹੈ।

ਹਮਦਰਦੀ ਮਨ ਦੀ ਅਮੀਰੀ ਵਿਚੋਂ ਉਪਜਦੀ ਹੈ।

ਹਮਦਰਦੀ ਨੂੰ ਪ੍ਰਗਟਾਉਣ ਲਈ ਗਿਆਨਵਾਨ ਜਾਂ ਅਨਪੜ੍ਹ ਹੋਣਾ ਕੋਈ ਅਰਥ ਨਹੀਂ ਰੱਖਦਾ। ਇਸ ਦੀ ਲੋੜ ਹਰ ਕਿਸੇ ਨੂੰ ਪੈਂਦੀ ਹੈ, ਇਸ ਨੂੰ ਹਰ ਕੋਈ ਪ੍ਰਗਟਾ ਸਕਦਾ ਹੈ। ਸਮਾਜ ਵਿਚ ਹੋਰਾਂ ਨੂੰ ਸਮਝਣ ਤੋਂ ਬਿਨਾਂ ਆਪ ਮਹੱਤਵਪੂਰਨ ਨਹੀਂ ਬਣਿਆ ਜਾ ਸਕਦਾ।

ਹੋਰਾਂ ਨੂੰ ਸਮਝਣ ਲਈ ਹਮਦਰਦੀ ਬੜਾ ਕਾਰਗਰ ਵਸੀਲਾ ਹੁੰਦੀ ਹੈ।

ਕਿਸੇ ਵਿਚ ਹਮਦਰਦੀ ਜਿਤਨੀ ਵੱਧ ਹੋਵੇਗੀ, ਉਸ ਵਿਚ ਇਨਸਾਨੀਅਤ ਅਤੇ ਸਹਿਯੋਗ ਦੀ ਭਾਵਨਾ ਵੀ ਉਤਨੀ ਵਧੇਰੇ ਹੋਵੇਗੀ।

ਇਨਸਾਨੀਅਤ, ਪਸ਼ੂਆਂ ਪ੍ਰਤੀ ਵਿਹਾਰ ਵਿਚ ਵੀ ਹਮਦਰਦੀ ਭਰ ਦਿੰਦੀ ਹੈ।

ਸਿਧਾਂਤਕ ਸੋਚਾਂ ਵਾਲਿਆਂ ਨਾਲੋਂ, ਹੱਥੀਂ ਕੰਮ ਕਰਨ ਵਾਲਿਆਂ ਵਿਚ ਹਮਦਰਦੀ ਵਧੇਰੇ ਹੁੰਦੀ ਹੈ। ਜੇ ਕਿਸੇ ਵਿਚ ਹਮਦਰਦੀ ਦੀ ਭਾਵਨਾ ਨਹੀਂ ਤਾਂ ਉਸ ਕੋਲ ਕੁਝ ਵੀ ਹੋਵੇ, ਉਸ ਦਾ ਕੋਈ ਮਹੱਤਵ ਨਹੀਂ ਹੁੰਦਾ।

ਹਮਦਰਦੀ, ਮਨੁੱਖ ਦੇ ਮਨੁੱਖ ਹੋਣ ਦੀ ਪਛਾਣ ਹੁੰਦੀ ਹੈ।

ਬਹੁਤੇ ਲੋਕ ਰਸਮੀ ਹਮਦਰਦੀ ਪ੍ਰਗਟਾਉਂਦੇ ਹਨ। ਜੇ ਕੋਈ ਅਫ਼ਸਰ ਹਸਪਤਾਲ ਵਿਚ ਦਾਖਲ ਹੋਵੇ ਤਾਂ ਉਸ ਪ੍ਰਤੀ ਹਮਦਰਦੀ ਰਸਮੀ ਹੀ ਹੋ ਸਕਦੀ ਹੈ ਪਰ ਨਿਰਸਵਾਰਥ ਹਮਦਰਦੀ ਦਾ ਸਥੂਲ ਪ੍ਰਗਟਾਵਾ ਲੰਮਾ ਅਰਸਾ ਯਾਦ ਰਹਿੰਦਾ ਹੈ।

ਇਕ ਵਿਅਕਤੀ ਦੀ ਲੱਤ ਟੁੱਟ ਗਈ। ਉਸ ਦੇ ਦੋਸਤਾਂ-ਮਿੱਤਰਾਂ ਅਤੇ ਸਹਿਕਰਮੀਆਂ ਨੇ ਹਮਦਰਦੀ ਪ੍ਰਗਟਾਈ ਪਰ ਇਕ ਹਮਦਰਦ ਉਸ ਲਈ ਭੁੰਨਿਆ ਹੋਇਆ ਮੁਰਗਾ ਲੈ ਕੇ ਆਇਆ। ਇਹ ਹਮਦਰਦੀ ਦਾ ਸਥੂਲ ਪ੍ਰਗਟਾਵਾ ਸੀ।

ਮਕਾਨ ਪਾ ਰਹੇ ਇਕ ਵਿਅਕਤੀ ਦਾ ਰਾਜ-ਮਿਸਤਰੀ ਕਮਜ਼ੋਰੀ ਕਾਰਨ ਬਿਮਾਰ ਪੈ ਗਿਆ, ਮਕਾਨ-ਮਾਲਕ ਉਸ ਲਈ ਪੰਜਾਹ ਅੰਡੇ ਲੈ ਕੇ ਉਸ ਦਾ ਜਦੋਂ ਹਾਲ-ਚਾਲ ਪੁੱਛਣ ਆਇਆ ਤਾਂ ਮਿਸਤਰੀ ਨੇ ਪ੍ਰਸੰਨ ਹੋ ਕੇ ਕਿਹਾ: ਹੁਣ ਮੇਰੀ ਹੀ ਨਹੀਂ, ਮੇਰੇ ਪਰਿਵਾਰ ਦੀ ਵੀ ਕਮਜ਼ੋਰੀ ਦੂਰ ਹੋ ਜਾਵੇਗੀ।

ਬੇਨੇਮੀ ਜਾਂ ਅਤਿ-ਅਧਿਕ ਹਮਦਰਦੀ ਸ਼ੱਕ ਉਪਜਾਉਂਦੀ ਹੈ।

ਜਿਸ ਨਾਲ ਬਹੁਤ ਅਧਿਕ ਹਮਦਰਦੀ ਪ੍ਰਗਟਾਈ ਜਾਏ ਉਹ ਸੁਚੇਤ ਹੋ ਜਾਂਦਾ ਹੈ, ਜਿਵੇਂ ਉਸ ਨਾਲ ਕੋਈ ਧੋਖਾ ਹੋਣ ਲੱਗਾ ਹੋਵੇ। ਜੇ ਕੋਈ ਪੁਰਸ਼, ਕਿਸੇ ਇਸਤਰੀ ਨਾਲ ਬੇਲੋੜੀ ਹਮਦਰਦੀ ਪ੍ਰਗਟਾਏ ਤਾਂ ਇਸਤਰੀ ਸਾਵਧਾਨ ਹੋ ਜਾਂਦੀ ਹੈ।

ਜਿਹੜਾ ਹਰ ਕਿਸੇ ਨਾਲ ਹਮਦਰਦੀ ਪ੍ਰਗਟਾਉਂਦਾ ਹੈ, ਉਸ ਨੂੰ ਅਯੋਗ ਲਾਭ ਲੈਣ ਵਾਲੇ ਸਵਾਰਥੀ ਅਤੇ ਗਲਤ ਬੰਦੇ ਘੇਰ ਲੈਂਦੇ ਹਨ।

ਉਂਜ ਤਾਂ ਹਮਦਰਦੀ ਸਭ ਵਿਚ ਹੋਣੀ ਚਾਹੀਦੀ ਹੈ ਪਰ ਡਾਕਟਰਾਂ, ਅਧਿਆਪਕਾਂ, ਪੁਰੋਹਿਤਾਂ, ਕਲਾਕਾਰਾਂ, ਕਵੀਆਂ ਆਦਿ ਵਿਚ ਇਹ ਵਧੇਰੇ ਹੁੰਦੀ ਹੈ ਅਤੇ ਹੋਣੀ ਚਾਹੀਦੀ ਹੈ। ਹਮਦਰਦੀ ਮੋਹ ਦਾ ਪ੍ਰਗਟਾਵਾ ਕਰਦੀ ਹੈ।

ਮੋਹ ਸਮੁੱਚੇ ਜੀਵ-ਜੰਤੂ ਜਗਤ ਦੀ ਮੂਲ-ਪ੍ਰਵਿਰਤੀ ਹੈ।

ਪੁਰਸ਼ ਅਤੇ ਇਸਤਰੀ ਵਿਚਕਾਰ ਮੋਹ ਭਰੀ ਹਮਦਰਦੀ ਅਤੇ ਸਾਂਝ ਸੁਭਾਵਕ ਹੁੰਦੀ ਹੈ ਪਰ ਇਹ ਹੁੰਦੀ ਬੜੀ ਗੁੰਝਲਦਾਰ ਅਤੇ ਜਟਿਲ ਹੈ।

ਮਨੁੱਖ ਲਈ ਪਿਆਰ ਅਤੇ ਮੋਹ, ਹਮਦਰਦੀ ਨਾਲੋਂ ਵਡੇਰੀਆਂ ਲੋੜਾਂ ਹਨ।

ਪਿਆਰ ਅਤੇ ਮੋਹ ਅਤੇ ਸਾਥ ਦੀ ਤਾਂਘ ਕਾਰਨ ਇਸਤਰੀ-ਪੁਰਸ਼ ਇਕ-ਦੂਜੇ ਦੀ ਜ਼ਿੰਦਗੀ ਵਿਚ ਪ੍ਰਵੇਸ਼ ਕਰਦੇ ਹਨ ਅਤੇ ਇਕ-ਦੂਜੇ ਤੋਂ ਬਿਨਾਂ ਦੋਵੇਂ ਅਧੂਰੇ, ਸੁਸਤ, ਥੱਕੇ ਹੋਏ, ਸੀਮਤ ਅਤੇ ਨੀਮ-ਪਾਗਲ ਪ੍ਰਤੀਤ ਹੁੰਦੇ ਹਨ।

ਪਿਆਰ ਅਨੇਕਾਂ ਢੰਗਾਂ ਨਾਲ ਸੰਚਾਰ ਦਾ ਰਾਹ ਖੋਲ੍ਹਦਾ ਹੈ। ਇਸ ਨਾਲ ਅਸੀਂ ਵਿਕਾਸ ਵੀ ਕਰਦੇ ਹਾਂ ਅਤੇ ਵਿਸ਼ਾਲ ਅਤੇ ਡੂੰਘੇ ਵੀ ਹੁੰਦੇ ਹਾਂ। ਜਦੋਂ ਸਾਨੂੰ ਪਿਆਰ ਅਤੇ ਹਮਦਰਦੀ ਮਿਲਦੇ ਹਨ ਤਾਂ ਹੀ ਇਹ ਅਸੀਂ ਹੋਰਾਂ ਨੂੰ ਦੇਣ ਯੋਗ ਹੁੰਦੇ ਹਾਂ।

ਜਿਸ ਨਾਲ ਪਿਆਰ ਹੁੰਦਾ ਹੈ, ਉਸ ਦੇ ਦੁੱਖ-ਸੁੱਖ ਸਾਡੇ ਆਪਣੇ ਹੋ ਨਿਬੜਦੇ ਹਨ। ਪਿਆਰ ਅਤੇ ਹਮਦਰਦੀ ਅਕਸਰ ਇਕੱਠੇ ਹੀ ਹੁੰਦੇ ਹਨ, ਇਹ ਇਕ-ਦੂਜੇ ਨੂੰ ਨਿਰੰਤਰ ਤਾਲ ਅਤੇ ਉਤਸ਼ਾਹ ਦਿੰਦੇ ਹਨ।

ਪਿਆਰ ਵਿਚੋਂ ਹੀ ਪਰਮਾਤਮਾ ਦੀ ਸੋਝੀ ਮਿਲਦੀ ਹੈ।

ਜਦੋਂ ਹਮਦਰਦੀ ਦਾ ਮਹੱਤਵ ਪਤਾ ਲੱਗ ਜਾਂਦਾ ਹੈ ਤਾਂ ਸਮਾਜ ਅਤੇ ਸੰਸਾਰ ਦੇ ਮਹੱਤਵ ਦੀ ਸਮਝ ਵੀ ਆ ਜਾਂਦੀ ਹੈ।

ਦੁੱਖ-ਸੁੱਖ ਰਾਹੀਂ ਅਸੀਂ ਨਫ਼ਰਤ-ਹਮਦਰਦੀ ਦਾ ਅੰਤਰ ਸਮਝਦੇ ਹਾਂ ਅਤੇ ਮਾਪਿਆਂ, ਅਧਿਆਪਕਾਂ, ਦੋਸਤਾਂ, ਸਹੇਲੀਆਂ ਦਾ ਮਹੱਤਵ ਪਛਾਣਦੇ ਹਾਂ।

ਹਮਦਰਦੀ ਨਾਲ ਨਜ਼ਰ ਕੂਲੀ ਹੋ ਜਾਂਦੀ ਹੈ, ਭਾਵ ਸੂਖਮ ਹੋ ਜਾਂਦੇ ਹਨ, ਬੋਲ ਮਿੱਠੇ ਹੋ ਜਾਂਦੇ ਹਨ ਅਤੇ ਸਾਰਾ ਸੰਸਾਰ ਆਪਣਾ ਲੱਗਣ ਲੱਗ ਪੈਂਦਾ ਹੈ।

ਹਮਦਰਦੀ ਦਾ ਆਧਾਰ ਸਨੇਹ ਅਤੇ ਮਮਤਾ ਹਨ। ਹਮਦਰਦ ਵਿਅਕਤੀ ਚੰਗੇ, ਸਹੀ, ਉਦਾਰ, ਨਿਆਂਪੂਰਣ ਅਤੇ ਸਹਿਯੋਗੀ ਹੁੰਦੇ ਹਨ।

ਸਰਬੱਤ ਦੇ ਭਲੇ ਦੀ ਗੱਲ, ਕੋਈ ਨਾਨਕ ਹੀ ਕਰ ਸਕਦਾ ਹੈ।

ਹੋਰਾਂ ਦੇ ਧਰਮ ਦੀ ਰੱਖਿਆ, ਕੋਈ ਤੇਗ ਬਹਾਦਰ ਹੀ ਕਰ ਸਕਦਾ ਹੈ।

ਜਿਨ੍ਹਾਂ ਵਿਚ ਹਮਦਰਦੀ ਦੇ ਭਾਵ ਹੁੰਦੇ ਹਨ, ਉਨ੍ਹਾਂ ਦੇ ਜਜ਼ਬੇ ਉੱਚੇ, ਭਾਵਨਾਵਾਂ ਪਵਿੱਤਰ ਅਤੇ ਤੱਕਣੀ ਵਿਚ ਮਮਤਾ ਹੁੰਦੀ ਹੈ।

ਪੁਰਸ਼ ਸਮਾਜ ਦੀਆਂ ਸਮੱਸਿਆਵਾਂ ਸੁਲਝਾਉਣ ਵਿਚ ਮਾਹਿਰ ਹੁੰਦੇ ਹਨ, ਇਸਤਰੀਆਂ ਹਮਦਰਦੀ ਪ੍ਰਗਟਾਉਣ ਵਿਚ ਨਿਪੁੰਨ ਹੁੰਦੀਆਂ ਹਨ।

ਮਦਰ ਟਰੇਸਾ ਨੇ ਆਪਣਾ ਦੇਸ਼ ਅਤੇ ਪਰਿਵਾਰ ਤਿਆਗ ਕੇ ਜਦੋਂ ਕਲਕੱਤੇ ਵਿਚ, ਕਾਲੀ ਮੰਦਰ ਦੇ ਨੇੜੇ ਆਪਣਾ ਆਸ਼ਰਮ ਖੋਲ੍ਹਿਆ ਤਾਂ ਮੰਦਰ ਦੇ ਪੁਰੋਹਿਤਾਂ ਨੇ ਵਿਰੋਧ ਕੀਤਾ ਅਤੇ ਭਾਂਤ-ਭਾਂਤ ਦੀਆਂ ਸਮੱਸਿਆਵਾਂ ਅਤੇ ਮੁਸ਼ਕਿਲਾਂ ਉਪਜਾਈਆਂ ਪਰ ਜਦੋਂ ਇਕ ਪੁਰੋਹਿਤ ਨੂੰ ਤਪਦਿਕ ਹੋ ਗਈ ਤਾਂ ਉਸ ਦੇ ਸਾਥੀ ਪੁਰੋਹਿਤ ਵੀ ਉਸ ਤੋਂ ਦੂਰ ਹੋ ਗਏ ਪਰ ਜਦੋਂ ਮਦਰ ਨੇ ਉਸ ਨੂੰ ਆਪਣੇ ਆਸ਼ਰਮ ਵਿਚ ਦਾਖਲ ਕਰਕੇ ਉਸ ਦੀ ਸੇਵਾ ਕੀਤੀ ਤਾਂ ਮਦਰ ਦੇ ਆਸ਼ਰਮ ਦੀ ਸਥਾਪਤੀ ਵਿਚ ਵਿਘਨ ਪਾਉਣ ਵਾਲੇ ਇਹੀ ਪੁਰੋਹਿਤ, ਉਸ ਦੇ ਪ੍ਰਸੰਸਕ ਬਣ ਗਏ।

ਹਿੰਦੂ, ਹਿੰਦੂਆਂ ਲਈ; ਮੁਸਲਮਾਨ ਮੁਸਲਮਾਨਾਂ ਲਈ ਪਰਉਪਕਾਰ ਕਰਦੇ ਹਨ ਪਰ ਈਸਾਈ ਧਰਮ ਦੀ ਮਦਰ ਟਰੇਸਾ ਨੇ ਆਪਣੇ ਆਸ਼ਰਮ ਦੇ ਦਰਵਾਜ਼ੇ ਸਾਰੇ ਧਰਮਾਂ ਦੇ ਪੀੜਤਾਂ ਲਈ ਖੋਲ੍ਹੇ ਹੋਏ ਸਨ।

ਜਦੋਂ ਅਤੇ ਜਿੱਥੇ ਭੂਚਾਲ ਆਉਂਦਾ ਹੈ, ਹੜ੍ਹਾਂ ਨਾਲ ਤਬਾਹੀ ਮੱਚਦੀ ਹੈ ਤਾਂ ਉੱਥੇ ਸਿੱਖ ਲੰਗਰ ਲਾਉਂਦੇ ਹਨ ਅਤੇ ਇਹ ਲੰਗਰ ਕਾਮਯਾਬੀ ਨਾਲ ਚੱਲਦੇ ਹਨ।

ਉਂਜ ਹਰ ਥਾਂ ਚੌਧਰ ਦੇ ਝਗੜੇ ਹੁੰਦੇ ਹਨ ਪਰ ਮੁਸੀਬਤ ਵਿਚ ਘਿਰੇ ਲੋਕਾਂ ਪ੍ਰਤੀ ਹਮਦਰਦੀ ਵਿਚ ਲਾਏ ਲੰਗਰ ਵਿਚ, ਇਸ ਕਰਕੇ ਕੋਈ ਵਿਘਨ ਨਹੀਂ ਪੈਂਦਾ, ਕਿਉਂਕਿ ਇਹ ਕਿਸੇ ਵਿਅਕਤੀ ਦਾ ਨਹੀਂ, ਗੁਰੂ ਦਾ ਲੰਗਰ ਬਣ ਜਾਂਦਾ ਹੈ, ਜਿਸ ਵਿਚ ਨਾ ਕੋਈ ਵਿਘਨ ਪਾਉਂਦਾ ਹੈ ਅਤੇ ਨਾ ਹੀ ਕੋਈ ਵਿਘਨ ਪੈਣ ਦਿੱਤਾ ਜਾਂਦਾ ਹੈ। ਸਭ ਪਾਸੇ ਹਮਦਰਦੀ ਅਤੇ ਸੇਵਾ ਦਾ ਬੋਲਬਾਲਾ ਹੁੰਦਾ ਹੈ।

ਬੱਚਿਆਂ ਵਿਚ ਹਮਦਰਦੀ ਨਹੀਂ ਹੁੰਦੀ। ਉਹ ਕਿਸੇ ਦੇ ਨੁਕਸ ਨੂੰ ਆਪਣੇ ਮਨੋਰੰਜਨ ਦਾ ਬਹਾਨਾ ਬਣਾ ਲੈਂਦੇ ਹਨ। ਬੱਚਿਆਂ ਵਿਚ ਹਮਦਰਦੀ ਉਦੋਂ ਉਪਜਦੀ ਹੈ, ਜਦੋਂ ਉਹ ਆਪ ਮੁਸ਼ਕਿਲਾਂ ਵਿਚੋਂ ਲੰਘਦੇ ਹਨ।

ਬਜ਼ੁਰਗਾਂ ਕੋਲ ਆਪਣੀਆਂ ਹੀ ਸਮੱਸਿਆਵਾਂ ਇਤਨੀਆਂ ਹੁੰਦੀਆਂ ਹਨ ਕਿ ਉਹ ਆਪ ਹਮਦਰਦੀ ਦੇ ਤਾਂਘਵਾਨ ਹੁੰਦੇ ਹਨ।

ਬਹੁਤ ਸੋਹਣੀਆਂ ਇਸਤਰੀਆਂ ਅਤੇ ਬਹੁਤ ਉੱਚੇ ਅਹੁਦਿਆਂ 'ਤੇ ਲੱਗੇ ਵਿਅਕਤੀਆਂ ਵਿਚ ਕਿਸੇ ਪ੍ਰਤੀ ਹਮਦਰਦੀ ਪ੍ਰਗਟਾਉਣ ਜਾਂ ਧਿਆਨ ਦੇਣ ਦੀ ਯੋਗਤਾ ਘੱਟ ਹੁੰਦੀ ਹੈ, ਧਿਆਨ ਪ੍ਰਾਪਤ ਕਰਨ ਦੀ ਹੀ ਆਦਤ ਹੁੰਦੀ ਹੈ। ਇਨ੍ਹਾਂ ਦੀ ਹਮਦਰਦੀ ਫੋਟੋਆਂ ਖਿਚਵਾਉਣ ਅਤੇ ਖ਼ਬਰਾਂ ਲਵਾਉਣ ਲਈ ਹੁੰਦੀ ਹੈ।

ਸ਼ਹਿਰਾਂ ਦੇ ਮੁਕਾਬਲੇ ਪਿੰਡਾਂ ਵਿਚ, ਪੁਰਸ਼ਾਂ ਦੇ ਮੁਕਾਬਲੇ ਮਹਿਲਾਵਾਂ ਵਿਚ, ਅਮੀਰਾਂ ਦੇ ਮੁਕਾਬਲੇ ਗਰੀਬਾਂ ਵਿਚ, ਮੈਦਾਨੀ ਇਲਾਕਿਆਂ ਦੇ ਮੁਕਾਬਲੇ ਪਹਾੜੀ ਲੋਕਾਂ ਵਿਚ ਹਮਦਰਦੀ ਵਧੇਰੇ ਹੁੰਦੀ ਹੈ।

ਹਮਦਰਦੀ ਦਾ ਗਰੀਬੀ ਨਾਲ ਵੀ ਸਿੱਧਾ ਸੰਬੰਧ ਹੈ।

ਜਿਉਂ ਜਿਉਂ ਲੋਕਾਂ ਦੀ ਆਰਥਿਕ ਹਾਲਤ ਸੁਧਰਦੀ ਹੈ, ਤਿਉਂ-ਤਿਉਂ ਕਿਸੇ ਦੀ ਮਦਦ ਅਤੇ ਹਮਦਰਦੀ ਦੀ ਲੋੜ ਘੱਟਦੀ ਹੈ।

ਮਾਇਕ ਸਹਾਇਤਾ ਰਿਸ਼ਤੇਦਾਰਾਂ ਤੋਂ ਨਹੀਂ, ਬੈਂਕਾਂ ਤੋਂ ਲਈ ਜਾਂਦੀ ਹੈ, ਜਿਸ ਨਾਲ ਨਿਰਭਰਤਾ ਵਾਲੇ ਵਿਹਾਰ ਦੀ ਥਾਂ ਸੁਤੰਤਰ ਵਿਹਾਰ ਦਾ ਬੋਲਬਾਲਾ ਹੁੰਦਾ ਹੈ।

ਮਹਾਂਨਗਰਾਂ ਵਿਚ ਵਿਸ਼ਾਲ ਸਾਧਨਾਂ ਵਾਲੇ ਸਮਰੱਥ ਲੋਕ ਰਹਿੰਦੇ ਹਨ, ਇਸੇ ਕਰਕੇ ਇਨ੍ਹਾਂ ਨੂੰ ਰੁੱਖੇ ਅਤੇ ਨਿਰਮੋਹੀ ਸ਼ਹਿਰ ਕਿਹਾ ਜਾਂਦਾ ਹੈ, ਜਿਥੇ ਹੋਰਾਂ ਨਾਲ ਹਮਦਰਦੀ ਨਹੀਂ ਪ੍ਰਗਟਾਈ ਜਾਂਦੀ ਸਗੋਂ ਨਫ਼ਰਤ ਕੀਤੀ ਜਾਂਦੀ ਹੈ।

ਸ਼ਹਿਰ ਵਿਚ ਅਜਨਬੀ ਨੂੰ ਸ਼ੱਕ ਦੀ ਨਜ਼ਰ ਨਾਲ ਵੇਖਿਆ ਜਾਂਦਾ ਹੈ।

ਪਿੰਡ ਵਿਚ ਅਜਨਬੀ ਨੂੰ ਖਾਣਾ ਹੀ ਨਹੀਂ ਖੁਆਇਆ ਜਾਂਦਾ, ਉਸ ਦੇ ਰਹਿਣ ਦਾ ਪ੍ਰਬੰਧ ਵੀ ਕੀਤਾ ਜਾਂਦਾ ਹੈ।

ਜਿਉਂ-ਜਿਉਂ ਜੀਵਨ ਦੀ ਰਫ਼ਤਾਰ ਤੇਜ਼ ਅਤੇ ਪਰਸਪਰ ਨਿਰਭਰਤਾ ਘੱਟਦੀ ਹੈ, ਤਿਉਂ-ਤਿਉਂ ਜੀਵਨ ਵਿਚ ਹਮਦਰਦੀ ਲੋਪ ਹੁੰਦੀ ਜਾਂਦੀ ਹੈ। ਭੀੜ-ਭੜੱਕੇ ਵਾਲੀਆਂ ਥਾਂਵਾਂ ਤੇ ਹਰ ਕੋਈ ਧੱਕੇ ਮਾਰ ਰਿਹਾ ਪ੍ਰਤੀਤ ਹੁੰਦਾ ਹੈ।

ਧਨ ਅਤੇ ਅਹੁਦਾ ਵਧਣ ਨਾਲ ਮਨੁੱਖ ਨਰਮ ਨਹੀਂ ਰਹਿੰਦਾ, ਸਖ਼ਤ ਹੋ ਜਾਂਦਾ ਹੈ। ਇਕ ਵਾਰੀ ਸ਼ਹਿਰੀ ਸਵਾਰੀਆਂ ਨਾਲ ਭਰੀ ਬੱਸ ਸ਼ਿਮਲੇ ਜਾ ਰਹੀ ਸੀ। ਸਾਫ਼ ਕਮੀਜ਼-ਪਜਾਮੇ ਵਾਲੀ ਇਕ ਬਜ਼ੁਰਗ ਸਵਾਰੀ ਬੱਸ ਵਿਚ ਚੜ੍ਹੀ, ਸਭ ਪਾਸੇ ਮੁਸਕਰਾ ਕੇ ਵੇਖਿਆ ਅਤੇ ਕੋਈ ਖਾਲੀ ਸੀਟ ਲੱਭਣ ਦਾ ਯਤਨ ਕੀਤਾ ਪਰ ਸਾਰੇ ਉਸ ਦੇ ਆਗਮਨ ਨਾਲ ਨਰਾਜ਼ ਸਨ। ਕਲੋਲਾਂ ਕਰ ਰਹੇ ਇਕ ਨਵੇਂ ਵਿਆਹੇ ਜੋੜੇ ਨੇ ਬਜ਼ੁਰਗ ਸਵਾਰੀ ਵੱਲ ਪਰੇਸ਼ਾਨੀ ਨਾਲ ਵੇਖਿਆ। ਉਹ ਦੋ ਸਨ ਪਰ ਉਹ ਤਿੰਨ ਸੀਟਾਂ 'ਤੇ ਖੁੱਲ੍ਹੇ ਹੋ ਕੇ ਬਹਿ ਗਏ ਤਾਂ ਕਿ ਬਜ਼ੁਰਗ ਸਵਾਰੀ ਉੱਥੇ ਨਾ ਬਹਿ ਸਕੇ। ਇਨ੍ਹਾਂ ਦੀਆਂ ਕਲੋਲਾਂ ਨਾਲ ਚਿੜ੍ਹੀ ਹੋਈ, ਇਕ ਜ਼ਨਾਨਾ ਸਵਾਰੀ ਨੇ ਉਸ ਬਜ਼ੁਰਗ ਨੂੰ ਘੂਰਵੀਂ ਨਜ਼ਰ ਨਾਲ ਆਪਣੇ ਨਾਲ ਦੀ ਸੀਟ 'ਤੇ ਬੈਠਣ ਤੋਂ ਰੋਕਿਆ। ਇਕ ਹੋਰ ਆਦਮੀ ਨੇ ਆਪਣੇ ਨਾਲ ਦੀ ਸੀਟ 'ਤੇ ਆਪਣਾ ਸੂਟਕੇਸ ਰੱਖ ਕੇ ਉਸ 'ਤੇ ਕਬਜ਼ਾ ਕਰ ਲਿਆ। ਇਕ ਹੋਰ ਅਖ਼ਬਾਰ ਫੈਲਾ ਕੇ ਨਾਲ ਦੀ ਸੀਟ ਦੇ ਭਰੀ ਹੋਣ ਦਾ ਵਿਖਾਵਾ ਕਰ ਰਿਹਾ ਸੀ। ਇਕ ਇਸਤਰੀ ਨੇ ਗੋਦੀ ਵਿਚ ਚੁੱਕੇ ਆਪਣੇ ਬੱਚੇ ਨੂੰ, ਖਾਲੀ ਸੀਟ 'ਤੇ ਬੈਠਾ ਕੇ ਦੋਵੇਂ ਸੀਟਾਂ ਭਰ ਦਿੱਤੀਆਂ।

ਉਹ ਬਜ਼ੁਰਗ ਸਾਰੀਆਂ ਸਵਾਰੀਆਂ ਦੇ ਉਪਰਾਲੇ ਵੇਖ ਰਿਹਾ ਸੀ ਅਤੇ ਸਾਰੀਆਂ ਸਵਾਰੀਆਂ ਉਸ ਨੂੰ ਆਪਣੇ ਨਾਲ ਬੈਠਣ ਤੋਂ ਰੋਕਣ ਵਿਚ ਰੁਝੀਆਂ ਹੋਈਆਂ ਸਨ।

ਉਸ ਬਜ਼ੁਰਗ ਦਾ ਨੁਕਸ ਕੇਵਲ ਇਹ ਸੀ ਕਿ ਆਪਣੇ ਆਪ ਨੂੰ ਅਮੀਰ ਸਮਝਣ ਵਾਲੇ ਸ਼ਹਿਰੀਆਂ ਦੀ ਭਰੀ ਬੱਸ ਵਿਚ ਉਹ ਇਕੱਲਾ ਪੇਂਡੂ ਸੀ ਅਤੇ ਸਾਰਿਆਂ ਨੇ ਉਸ ਨੂੰ ਬੱਸ ਵਿਚ ਚੜ੍ਹਨ ਦੀ ਸਜ਼ਾ ਸੁਣਾ ਦਿੱਤੀ ਸੀ। ਇਸ ਬੱਸ ਦੀਆਂ ਸ਼ਹਿਰੀ ਸਵਾਰੀਆਂ ਕੋਲ ਸਭ ਕੁਝ ਸੀ ਪਰ ਹਮਦਰਦੀ ਨਹੀਂ ਸੀ।

ਕਿਸੇ ਪ੍ਰਤੀ ਹਮਦਰਦੀ ਕਿਸੇ ਕੋਲ ਕੁਝ ਨਾ ਹੋਣ ਕਾਰਨ ਨਹੀਂ, ਕਿਸੇ ਦਾ ਕੁਝ ਮਹੱਤਵਪੂਰਨ ਅਤੇ ਕੀਮਤੀ ਚੀਜ਼ ਗੁਆਚ ਜਾਣ ਨਾਲ ਉਪਜਦੀ ਹੈ।

ਅਕਸਰ ਬਹੁਤਿਆਂ ਨੂੰ ਮਦਦ ਦੀ ਨਹੀਂ, ਹਮਦਰਦੀ ਦੀ ਲੋੜ ਹੁੰਦੀ ਹੈ।

ਇਕੱਲੇ ਅਤੇ ਨਿਆਸਰੇ ਵਿਅਕਤੀ ਨੂੰ ਅਜੋਕਾ ਸੰਸਾਰ ਢਾਹ ਲੈਂਦਾ ਹੈ ਪਰ ਆਪਣਿਆਂ ਅਤੇ ਅਜਨਬੀਆਂ ਦੀ ਹਮਦਰਦੀ ਮਿਲਣ ਨਾਲ ਉਹ ਉੱਠ ਖਲੋਂਦਾ ਹੈ।

ਪਰਿਵਾਰ ਵਿਚ ਹਮਦਰਦੀ ਦੀ ਪਰਸਪਰ ਭਾਵਨਾ ਕਾਰਨ ਇਕ ਦਾ ਦੁੱਖ, ਹਰ ਕਿਸੇ ਦਾ ਦੁੱਖ ਹੋ ਨਿਬੜਦਾ ਹੈ ਅਤੇ ਦੁੱਖ ਵੰਡਿਆ ਜਾਂਦਾ ਹੈ।

ਹੋਰਾਂ ਦੇ ਦੁੱਖ ਵਿਚ ਸ਼ਾਮਲ ਹੋਣ ਨਾਲ ਸਾਡਾ ਆਪਣਾ ਦੁੱਖ ਵੀ ਘੱਟ ਜਾਂਦਾ ਹੈ।

ਉਂਜ ਇਸਤਰੀ, ਪੁਰਸ਼ ਨਾਲੋਂ ਕਮਜ਼ੋਰ ਹੁੰਦੀ ਹੈ ਪਰ ਉਸ ਕੋਲ ਹਮਦਰਦੀ ਦੀ ਤਾਕਤ ਵਧੇਰੇ ਹੁੰਦੀ ਹੈ, ਜਿਸ ਨੂੰ ਮਮਤਾ ਕਿਹਾ ਜਾਂਦਾ ਹੈ। ਇਸ ਮਮਤਾ ਨਾਲ ਹੀ ਮਕਾਨ, ਘਰ ਬਣਦਾ ਹੈ ਅਤੇ ਪਰਿਵਾਰ, ਉਸਰਦਾ ਅਤੇ ਜੁੜਿਆ ਰਹਿੰਦਾ ਹੈ।

ਇਕ ਵਾਰੀ ਇਕ ਹਮਦਰਦ ਨੇ ਵੱਖ ਰਹਿ ਰਹੇ ਪਤੀ-ਪਤਨੀ ਦੀ ਇਕ ਹੋਟਲ

ਵਿਚ ਮਿਲਣੀ ਦਾ ਪ੍ਰਬੰਧ ਕੀਤਾ। ਕੁਝ ਮਿੰਟਾਂ ਦੀ ਗੱਲਬਾਤ ਉਪਰੰਤ, ਪਤਨੀ ਨੇ ਪੁਰਾਣੀਆਂ ਵਧੀਕੀਆਂ ਨੂੰ ਦੁਹਰਾਂਦਿਆਂ ਕਿਹਾ: ਮੈਂ ਜਾ ਰਹੀ ਹਾਂ।

ਪਤੀ ਨੂੰ ਪਤਾ ਸੀ ਕਿ ਇਸ ਮਗਰੋਂ ਉਹ ਕਦੇ ਨਹੀਂ ਆਏਗੀ। ਜਦੋਂ ਪਤਨੀ ਜਾਣ ਲੱਗੀ ਤਾਂ ਪਤੀ ਨੇ ਕਿਹਾ: ਕੋਈ ਚੰਗੀ ਗੱਲ ਕਹਿ ਕੇ ਜਾਹ। ਜਦੋਂ ਪਤਨੀ ਰੁਕ ਗਈ ਪਰ ਚੁੱਪ ਹੀ ਰਹੀ ਤਾਂ ਪਤੀ ਨੇ ਕਿਹਾ: ਮੈਨੂੰ ਤੇਰੀ ਹਮਦਰਦੀ ਦੀ ਲੋੜ ਹੈ। ਮੈਂ ਜਾਣਦਾ ਹਾਂ ਅਤੇ ਮੰਨਦਾ ਹਾਂ ਕਿ ਮੈਂ ਤੇਰੀਆਂ ਆਸਾਂ 'ਤੇ ਪੂਰਾ ਨਹੀਂ ਉਤਰਿਆ ਪਰ ਹੁਣ ਮੈਂ ਆਪਣੇ ਯਤਨਾਂ ਨਾਲ ਚੰਗਾ ਇਨਸਾਨ ਬਣਾਂਗਾ, ਤੂੰ ਮੈਨੂੰ ਚੰਗਾ ਪਤੀ ਅਤੇ ਚੰਗਾ ਪਿਤਾ ਬਣਨ ਵਿਚ ਸਹਿਯੋਗ ਦੇਹ।

ਪਤਨੀ ਨੂੰ ਪਹਿਲੀ ਵਾਰ ਪਤੀ ਦੇ ਬੋਲਾਂ ਵਿਚੋਂ ਸੁਹਿਰਦਤਾ ਸੁਣਾਈ ਦਿੱਤੀ। ਜਦੋਂ ਪਤਨੀ ਦੇ ਮਨ ਵਿਚੋਂ ਨਫ਼ਰਤ ਪਿਘਲ ਗਈ ਤਾਂ ਹਮਦਰਦੀ ਜਾਗ ਪਈ।

ਜਿਹੜੀ ਪਤਨੀ ਜਾਣ ਵਾਸਤੇ ਖਲੋਤੀ ਹੋਈ ਸੀ, ਉਹ ਬਹਿ ਗਈ। ਹਮਦਰਦੀ ਅਤੇ ਲੰਮੀ ਸੋਚ ਉਭਰਨ ਕਾਰਨ, ਟੁੱਟਿਆ ਹੋਇਆ ਰਿਸ਼ਤਾ ਜੁੜ ਗਿਆ।

ਬੱਸ, ਗੱਡੀ, ਹਵਾਈ ਜਹਾਜ਼ ਦੀ ਯਾਤਰਾ ਵਿਚ ਸਵਾਰੀਆਂ ਦਾ ਦਰਜਾ, ਜਿਉਂ-ਜਿਉਂ ਉੱਚਾ ਹੁੰਦਾ ਜਾਂਦਾ ਹੈ, ਤਿਉਂ-ਤਿਉਂ ਹਮਦਰਦੀ ਘੱਟਦੀ ਜਾਂਦੀ ਹੈ।

ਅਜੋਕੇ ਸਮਿਆਂ ਵਿਚ ਭਾਵੇਂ ਸਾਡੀ ਦ੍ਰਿਸ਼ਟੀ ਆਲਮੀ ਹੋ ਗਈ ਹੈ ਪਰ ਸਾਡੀਆਂ ਸੋਚਾਂ ਸੁੰਗੜ ਗਈਆਂ ਹਨ। ਜੀਵਨ ਵਧੇਰੇ ਮਾਣਨਯੋਗ ਹੋ ਗਿਆ ਹੈ ਪਰ ਜੀਵਨ ਦੀਆਂ ਤਸੱਲੀਆਂ ਗੁਆਚ ਗਈਆਂ ਹਨ।

ਹੁਣ ਪੰਜਾਬ ਦਾ ਗਵਾਂਢ ਹਰਿਆਣਾ, ਹਿਮਾਚਲ, ਕਸ਼ਮੀਰ ਜਾਂ ਰਾਜਸਥਾਨ ਨਹੀਂ ਰਹੇ, ਹੁਣ ਸਾਡਾ ਗਵਾਂਢ ਅਮਰੀਕਾ, ਕੈਨੇਡਾ, ਇੰਗਲੈਂਡ ਅਤੇ ਆਸਟਰੇਲੀਆ ਬਣ ਗਏ ਹਨ। ਹਰ ਕੋਈ ਨਵੇਂ ਗਵਾਂਢ ਵੱਲ ਦੌੜ ਰਿਹਾ ਹੈ।

ਮੁਕਾਬਲੇ ਦੀ ਦੌੜ ਵਾਲੇ ਅਜੋਕੇ ਦੌਰ ਵਿਚ ਹੁਣ ਜੇ ਕਿਸੇ ਨੂੰ ਤੁਸੀਂ ਆਪਣੇ ਦਰਦ ਦੱਸੋਗੇ ਤਾਂ ਅੱਗੋਂ ਦੁਗਣੇ-ਤਿਗਣੇ ਸੁਣਨੇ ਪੈਣਗੇ।

ਪ੍ਰਤੀਤ ਹੁੰਦਾ ਹੈ ਕਿ ਹੁਣ ਹਮਦਰਦੀ ਵਾਲੇ ਬੰਦੇ ਜੰਮਣੇ ਹੀ ਬੰਦ ਹੋ ਗਏ ਹਨ।

ਹੁਣ ਹਮਦਰਦੀ ਪ੍ਰਗਟਾਉਣਾ ਵਪਾਰ ਬਣ ਗਿਆ ਹੈ। ਹਮਦਰਦੀ, ਹਮਦਰਦੀ ਹੀ ਰਹਿਣੀ ਚਾਹੀਦੀ ਹੈ, ਇਹ ਸੌਦਾ ਜਾਂ ਅਧਿਕਾਰ ਨਹੀਂ ਬਣਨੀ ਚਾਹੀਦੀ।

ਹਮਦਰਦੀ ਸੰਬੰਧੀ ਕੋਈ ਭੁਲੇਖਾ ਨਹੀਂ ਹੋਣਾ ਚਾਹੀਦਾ। ਹਮਦਰਦੀ ਦੀ ਉਮਰ ਲੰਮੀ ਨਹੀਂ ਹੁੰਦੀ ਅਤੇ ਇਹ ਬਾਰ-ਬਾਰ ਨਹੀਂ ਮਿਲਦੀ।

ਹਮਦਰਦੀ ਦਾ ਅਸਲੀ ਉਦੇਸ਼ ਡਿੱਗੇ ਨੂੰ ਉਠਾਉਣਾ ਅਤੇ ਰੁਕੇ ਨੂੰ ਰਵਾਨਾ ਕਰਨਾ ਹੁੰਦਾ ਹੈ ਪਰ ਖਲੋਣਾ ਅਤੇ ਚੱਲਣਾ ਸਾਨੂੰ ਆਪਣੇ ਪੈਰਾਂ ਨਾਲ ਪਏਗਾ।

+ + +

ਸੁਗੰਧੀਆਂ ਦਾ ਸੌਦਾਗਰ: ਨੱਕ

ਸਾਹ ਦੀ ਮਾਲਰੋਡ ਹੋਣ ਅਤੇ ਸੁੰਘਣ ਦਾ ਮੁੱਖ ਸੰਦ ਹੋਣ ਕਾਰਨ, ਨੱਕ ਸਰੀਰ ਦਾ ਸਭ ਤੋਂ ਵਧੇਰੇ ਮਹੱਤਵਪੂਰਨ ਅੰਗ ਤਾਂ ਹੈ ਹੀ, ਇਹ ਚਿਹਰੇ ਦਾ ਪਹਿਰੇਦਾਰ ਵੀ ਹੈ। ਸਾਹ ਲੈਣ ਦੇ ਨਾਲ-ਨਾਲ ਚਿਹਰੇ 'ਤੇ ਲੱਗਣ ਵਾਲੀਆਂ ਸੱਟਾਂ ਅਤੇ ਮੌਸਮ ਦੇ ਹੋਣ ਵਾਲੇ ਹਮਲਿਆਂ ਲਈ ਇਹ ਰਖਵਾਲੇ ਦਾ ਕਾਰਜ ਵੀ ਕਰਦਾ ਹੈ।

ਮੂੰਹ ਦੇ ਉੱਪਰ, ਅੱਖਾਂ ਦੇ ਥੱਲੇ ਅਤੇ ਚਿਹਰੇ ਦੇ ਵਿਚਕਾਰ ਅਤੇ ਉਭਰਿਆ ਹੋਣ ਕਾਰਨ, ਇਹ ਸਾਡੀ ਸ਼ਕਲ-ਸੂਰਤ, ਨੁਹਾਰ ਅਤੇ ਹਾਵ-ਭਾਵ ਸਿਰਜਦਾ ਹੈ।

ਨੱਕ ਦਾ ਬਾਹਰ ਨਿਕਲਿਆ ਹੋਣਾ, ਇਸ ਦੀ ਕਾਰਗੁਜ਼ਾਰੀ ਨੂੰ ਵਧਾਉਂਦਾ ਹੈ।

ਸਮੁੱਚੇ ਪਸ਼ੂ-ਪੰਛੀ-ਮਾਨਵ ਜਗਤ ਵਿਚ ਸਰੀਰ ਦੇ ਆਕਾਰ ਅਤੇ ਸਾਹ ਦੀ ਘੱਟ-ਵੱਧ ਲੋੜ ਅਨੁਸਾਰ, ਨੱਕ ਛੋਟਾ-ਵੱਡਾ ਹੁੰਦਾ ਹੈ।

ਸਰੀਰਕ ਬਣਤਰ ਛੋਟੀ-ਵੱਡੀ ਹੋਣ ਕਾਰਨ ਪੁਰਸ਼ਾਂ ਦਾ ਨੱਕ ਵੱਡਾ ਅਤੇ ਇਸਤਰੀਆਂ ਦਾ ਛੋਟਾ ਹੁੰਦਾ ਹੈ। ਜੇ ਇਸਤਰੀ ਦਾ ਨੱਕ ਵੱਡਾ ਅਤੇ ਪੁਰਸ਼ ਦਾ ਨੱਕ ਛੋਟਾ ਹੋਵੇ ਤਾਂ ਦੋਵੇਂ ਕਰੂਪ ਲੱਗਣਗੇ।

ਨੱਕ ਸਾਹ ਲੈਣ ਦਾ ਹੀ ਯੰਤਰ ਨਹੀਂ, ਇਹ ਸਵਾਦ ਪਰਖਣ, ਖਾਣ-ਪੀਣ ਲਈ ਚੀਜ਼ਾਂ ਪ੍ਰਵਾਨ ਅਤੇ ਰੱਦ ਕਰਨ ਦਾ ਸੰਦ ਵੀ ਹੈ, ਇਵੇਂ ਇਹ ਸਵਾਦ ਦੀ ਅਦਾਲਤ ਦਾ ਜੱਜ ਹੁੰਦਾ ਹੈ। ਖਾਣ-ਪੀਣ ਵਾਲੀ ਜਿਹੜੀ ਚੀਜ਼ ਨੂੰ ਨੱਕ ਸੁੰਘ ਨਹੀਂ ਸਕਦਾ, ਉਹ ਅਕਸਰ ਬੇਸੁਆਦੀ ਅਤੇ ਹਾਨੀਕਾਰਕ ਹੁੰਦੀ ਹੈ।

ਸਾਡੀ ਜੀਭ ਮਿੱਠਾ, ਲੂਣਾ, ਕੌੜਾ, ਖੱਟਾ ਅਤੇ ਫਿੱਕਾ ਸਵਾਦ ਹੀ ਪਰਖ ਸਕਦੀ ਹੈ, ਬਾਕੀ ਸਾਰੇ ਸਵਾਦ ਨੱਕ ਰਾਹੀਂ ਜਾਣੇ ਜਾਂਦੇ ਹਨ।

ਕਾਮ-ਖੇਡ ਵਿਚ ਵੀ ਨੱਕ ਫੈਸਲਾਕੁੰਨ ਰੋਲ ਨਿਭਾਉਂਦਾ ਹੈ।

ਜਦੋਂ ਨੱਕ ਬੰਦ ਹੋਵੇ ਤਾਂ ਸਾਰੇ ਸਵਾਦ ਗੜਬੜਾ ਜਾਂਦੇ ਹਨ।

ਉਮਰ ਦੇ ਵਧਣ ਨਾਲ ਸੁੰਘਣ ਸ਼ਕਤੀ ਦੇ ਮਾਂਦ ਪੈ ਜਾਣ ਕਾਰਨ, ਖਾਣ-ਪੀਣ ਵਾਂਗ ਹੀ ਕਾਮ ਦੀ ਇੱਛਾ ਵੀ ਕਮਜ਼ੋਰ ਪੈ ਜਾਂਦੀ ਹੈ।

ਮਨੁੱਖ ਨੇ ਨੱਕ ਦੀ ਢੁਕਵੀਂ ਅਤੇ ਬਣਦੀ ਕਦਰ ਨਹੀਂ ਪਾਈ।

ਬਹੁਤੇ ਲੋਕ ਇਸ ਬਾਰੇ ਗੱਲ ਵੀ ਨਹੀਂ ਕਰਦੇ।

ਕੋਈ-ਕੋਈ ਹੁੰਦਾ ਹੈ, ਜਿਹੜਾ ਆਪਣੇ ਨੱਕ ਨਾਲ ਸੰਤੁਸ਼ਟ ਹੋਵੇ ਪਰ ਹਵਾ ਦੀ ਘਾਟ ਅਤੇ ਹਵਾ ਦੇ ਗਰਮ-ਠੰਡੀ ਹੋਣ ਦੇ ਸੰਕਟ ਵੇਲੇ, ਨੱਕ ਵਲੋਂ ਕੀਤੀ ਮਿਹਨਤ ਕਾਰਨ, ਹਰ ਕੋਈ ਇਸ ਦਾ ਪ੍ਰਸ਼ੰਸਕ ਅਤੇ ਧੰਨਵਾਦੀ ਹੋ ਗੁਜ਼ਰਦਾ ਹੈ।

ਸਾਹ ਲੈਣ ਵਿਚ ਖੁਸ਼ਕ ਅਤੇ ਗਰਮ ਹਵਾ ਉੱਤੇ ਨੱਕ, ਨਮੀ ਦਾ ਛਿੜਕਾਓ ਕਰਦਾ ਹੈ। ਸਰਦੀ ਵਿਚ ਇਹ ਠੰਡੀ ਹਵਾ ਨੂੰ ਨਿੱਘੀ ਬਣਾ ਕੇ ਸਾਡੇ ਫੇਫੜਿਆਂ ਦੀ ਰੱਖਿਆ ਕਰਦਾ ਹੈ। ਅੰਦਰਲੇ ਪਾਸੇ ਤੋਂ ਸਰੀਰ ਵਿਚੋਂ ਪ੍ਰਾਪਤ ਹੋਣ ਵਾਲੇ ਤੇਲ ਅਤੇ ਗਰੀਸ ਰਾਹੀਂ, ਇਹ ਚਿਹਰੇ ਨੂੰ ਖੁਸ਼ਕ ਹੋਣ ਤੋਂ ਬਚਾਉਂਦਾ ਹੈ।

ਗਰਮੀ-ਸਰਦੀ ਦਾ ਅਸਰ ਨੱਕ 'ਤੇ ਇਸ ਲਈ ਵਧੇਰੇ ਹੁੰਦਾ ਹੈ ਕਿਉਂਕਿ ਇਸ ਦਾ ਸਿਰ ਬਾਹਰ ਨਿਕਲਿਆ ਹੁੰਦਾ ਹੈ।

ਮਨੁੱਖ ਦੇ ਸਮਾਜਿਕ ਵਿਕਾਸ ਦੇ ਲੰਮੇ ਇਤਿਹਾਸ ਵਿਚ, ਪ੍ਰਕਿਰਤੀ ਵਿਚੋਂ ਭੋਜਨ ਲੱਭਣ ਵਿਚ, ਮਨੁੱਖ ਲਈ ਸਭ ਤੋਂ ਵੱਧ ਸਹਾਈ ਨੱਕ ਹੋਇਆ ਹੈ।

ਨੱਕ ਦੀ ਭੋਜਨ ਲੱਭਣ ਦੀ ਇਸ ਯੋਗਤਾ ਕਾਰਨ ਹੀ ਮਨੁੱਖ ਜੰਗਲਾਂ, ਮਾਰੂਥਲਾਂ ਅਤੇ ਪਹਾੜਾਂ ਵਿਚ ਰਹਿਣ ਅਤੇ ਜਿਊਣ ਦੇ ਯੋਗ ਬਣਿਆ ਹੈ।

ਦੁੱਖ-ਦਰਦ ਵਿਚ ਮਨੁੱਖ ਅੱਖਾਂ ਨਾਲ ਹੀ ਨਹੀਂ, ਨੱਕ ਰਾਹੀਂ ਵੀ ਰੋ ਕੇ, ਦਬਾਓ-ਤਣਾਓ ਨੂੰ ਬਰਦਾਸ਼ਤ ਕਰਦਾ ਹੈ।

ਪੁਰਸ਼ ਅਕਸਰ ਰੋਣ ਤੋਂ ਸ਼ਰਮਾਉਂਦਾ ਹੈ, ਸੋ ਉਹ ਜ਼ੁਕਾਮ ਸਹੇੜ ਕੇ ਨੱਕ ਰਾਹੀਂ ਰੋਂਦਾ ਹੈ। ਜਦੋਂ ਇਸਤਰੀ ਰੋਂਦੀ ਹੈ ਤਾਂ ਰੋਣ ਵਿਚ ਉਸ ਦਾ ਨੱਕ ਵੀ ਸਾਥ ਦਿੰਦਾ ਹੈ, ਇਸੇ ਕਰਕੇ ਰੋਣ ਉਪਰੰਤ, ਉਹ ਆਪਣਾ ਨੱਕ ਜ਼ਰੂਰ ਪੂੰਝਦੀ ਹੈ।

ਨੱਕ, ਗਲਾ, ਕੰਨ ਅੰਦਰੋਂ ਆਪਸ ਵਿਚ ਜੁੜੇ ਹੋਏ ਹਨ।

ਸੰਕਟ ਵਿਚ ਅੱਗੜ-ਪਿੱਛੜ ਇਹ ਤਿੰਨੇ ਪ੍ਰਭਾਵਿਤ ਹੁੰਦੇ ਹਨ। ਪਹਿਲਾਂ ਗਲਾ ਖ਼ਰਾਬ ਹੁੰਦਾ ਹੈ, ਫਿਰ ਨੱਕ ਵਗਦਾ ਹੈ, ਜਿਸ ਮਗਰੋਂ ਕੰਨ ਬੰਦ ਹੋ ਜਾਂਦੇ ਹਨ।

ਸਾਹ ਲੈਣਾ ਨੱਕ ਦਾ ਮੁੱਢਲਾ ਕਾਰਜ ਹੈ।

ਦੂਜਾ ਕਾਰਜ ਇਸ ਦੀ ਸੁੰਘਣ-ਯੋਗਤਾ ਹੈ। ਕੁਝ ਸੜ ਰਿਹਾ ਹੋਵੇ, ਅਨਾਜ-ਭੋਜਨ ਖ਼ਰਾਬ ਹੋ ਰਿਹਾ ਹੋਵੇ, ਬਿਸਤਰੇ ਗਿੱਲੇ ਹੋਣ, ਕਿਸੇ ਪ੍ਰਕਾਰ ਦੀ ਬਦਬੂ ਆ ਰਹੀ ਹੋਵੇ ਤਾਂ ਨੱਕ ਸੁਚੇਤ ਕਰਦਾ ਹੈ ਕਿ ਸਭ ਕੁਝ ਠੀਕ ਨਹੀਂ ਹੈ। ਜਿੱਥੇ ਸਲ੍ਹਾਬ ਹੋਵੇ, ਕੋਈ ਪਸ਼ੂ ਮਰਿਆ ਹੋਵੇ, ਉੱਥੇ ਨੱਕ ਹਾਲ-ਦੁਹਾਈ ਪਾ ਦਿੰਦਾ ਹੈ।

ਇਕ ਮਨੁੱਖੀ ਨੱਕ ਵਿਚ ਲਗਭਗ ਪੰਜਾਹ ਲੱਖ ਸੈੱਲ ਹੁੰਦੇ ਹਨ। ਪਸ਼ੂਆਂ ਵਿਚ ਇਹ ਗਿਣਤੀ ਚਾਰ ਗੁਣਾਂ ਹੁੰਦੀ ਹੈ। ਮਨੁੱਖੀ ਨੱਕ ਦਸ ਕੁ ਸਾਲ ਦੀ ਉਮਰ ਤੱਕ ਵਿਕਸਿਤ ਹੋ ਜਾਂਦਾ ਹੈ ਅਤੇ ਅਠਾਰ੍ਹਾਂ ਕੁ ਸਾਲ ਦੀ ਉਮਰ ਮਗਰੋਂ ਇਸ ਦਾ ਵੱਧਣਾ ਰੁਕ ਜਾਂਦਾ ਹੈ। ਇਹ ਰੂਪ ਦੇ ਪੱਖੋਂ ਗੋਲ, ਮੋਟਾ, ਉਭਰਿਆ, ਪਿੱਚਕਿਆ ਆਦਿ ਚੌਦਾਂ ਕਿਸਮਾਂ ਦਾ ਮੰਨਿਆ ਗਿਆ ਹੈ। ਨੱਕ ਵਿਚਲੇ ਵਾਲ ਬਾਹਰਲੀਆਂ ਚੀਜ਼ਾਂ ਅਤੇ ਮਿੱਟੀ-ਘੱਟੇ ਨੂੰ ਫੇਫੜਿਆਂ ਵਿਚ ਜਾਣ ਤੋਂ ਰੋਕਦੇ ਹਨ।

ਆਪਣੇ ਚਿਹਰੇ ਨਾਲ ਅਸੰਤੁਸ਼ਟ ਕਈ ਲੋਕ ਆਪਣੇ ਨੱਕ ਦਾ ਆਕਾਰ ਅਤੇ ਰੂਪ ਬਦਲਣ ਦਾ ਯਤਨ ਕਰਦੇ ਹਨ ਅਤੇ ਕੁਦਰਤ ਦੀ ਰਚਨਾ ਵਿਚ ਦਖ਼ਲ-ਅੰਦਾਜ਼ੀ ਕਰਨ ਵਾਲੇ, ਸੌ ਵਿਚੋਂ ਨੱਬੇ ਪਛਤਾਉਂਦੇ ਹੀ ਹਨ।

ਰੁਮਾਲ ਦੀ ਕਾਢ ਹੱਥ ਪੂੰਝਣ ਨਾਲੋਂ ਵਧੇਰੇ, ਨੱਕ ਸਾਫ਼ ਰੱਖਣ ਲਈ ਨਿਕਲੀ ਸੀ।

ਹਵਾਈ ਜਹਾਜ਼ ਦੇ ਅਗਲੇ ਹਿੱਸੇ ਨੂੰ ਵੀ ਨੱਕ ਰਹਿੰਦੇ ਹਨ, ਜਿਸ ਦੇ ਰੰਗ-ਰੋਗਨ ਤੋਂ ਜਹਾਜ਼-ਕੰਪਨੀ ਦਾ ਪਤਾ ਚੱਲਦਾ ਹੈ।

ਜੇ ਮਨੁੱਖ ਨੂੰ ਆਪਣੇ ਸਰੀਰ ਦੇ ਅੰਗ ਇਧਰ-ਉਧਰ ਕਰਨ ਦੀ ਖੁੱਲ੍ਹ ਹੁੰਦੀ ਤਾਂ ਸਭ ਤੋਂ ਵਧੇਰੇ ਛੇੜ-ਛਾੜ, ਉਸ ਨੇ ਆਪਣੇ ਨੱਕ ਨਾਲ ਕਰਨੀ ਸੀ।

ਨੱਕ ਵਿਚੋਂ ਚੂਹਾ ਕੱਢ ਕੇ, ਅੰਗੂਠੇ ਅਤੇ ਪਹਿਲੀ ਉਂਗਲ ਨਾਲ ਇਸ ਨੂੰ ਗੁੰਨ੍ਹਣਾ, ਵਿਸ਼ਵ-ਵਿਆਪੀ ਪੱਧਰ 'ਤੇ, ਸਮੁੱਚੀ ਮਾਨਵਜਾਤੀ ਦਾ, ਲੁਕਾ ਕੇ ਕੀਤਾ ਗੁੱਝਾ ਅਤੇ ਦਿਲਚਸਪ ਮਨੋਰੰਜਨ ਹੁੰਦਾ ਹੈ।

ਆਪਣੇ ਜੀਵਨ ਵਿਚ, ਹਰ ਕੋਈ ਔਸਤ ਸੱਤ ਕਿਲੋ ਚੂਹੇ ਕਢਦਾ ਹੈ।

ਹਰ ਕਿਸੇ ਦੀ ਸੁੰਘਣ-ਸ਼ਕਤੀ ਅਤੇ ਸੁੰਘਣ-ਢੰਗ ਵੱਖਰਾ ਹੁੰਦਾ ਹੈ।

ਵੇਖਣ, ਸੁਣਨ, ਮਹਿਸੂਸਣ ਅਤੇ ਚੱਖਣ ਵਾਂਗ, ਇਸਤਰੀ ਦੀ ਸੁੰਘਣ-ਸ਼ਕਤੀ, ਪੁਰਸ਼ ਦੀ ਸੁੰਘਣ-ਸ਼ਕਤੀ ਨਾਲੋਂ ਇਸ ਕਾਰਨ ਬਹੁਤ ਤਿੱਖੀ ਅਤੇ ਜਟਿਲ ਹੁੰਦੀ ਹੈ, ਕਿਉਂਕਿ ਇਸਤਰੀ ਦਾ ਭੋਜਨ ਦੀਆਂ ਖੁਸ਼ਬੂਆਂ ਅਤੇ ਵਰਤੀਆਂ, ਲਾਹੀਆਂ ਅਤੇ ਤਿਆਗੀਆਂ ਚੀਜ਼ਾਂ ਦੀਆਂ ਬਦਬੂਆਂ ਨਾਲ ਵਾਹ ਵਧੇਰੇ ਪੈਂਦਾ ਹੈ।

ਸੁੰਘਣ-ਸ਼ਕਤੀ ਦੇ ਤਿੱਖੇ ਹੋਣ ਕਾਰਨ ਹੀ ਇਸਤਰੀ ਵਿਚ ਸਫ਼ਾਈ ਕਰਨ, ਸਾਫ਼ ਰਹਿਣ, ਸਫ਼ਾਈ ਰੱਖਣ, ਸੈਂਟ ਅਤੇ ਸੁਗੰਧੀਆਂ ਵਰਤਣ ਅਤੇ ਜਵਾਨ ਦਿਸਣ ਦੀ ਇੱਛਾ ਅਤੇ ਲੋੜ ਵਧੇਰੇ ਹੁੰਦੀ ਹੈ।

ਸਫ਼ਾਈ ਦੇ ਅੰਤਮ ਪੈਮਾਨੇ ਗੁਸਲਖਾਨਾ ਅਤੇ ਰਸੋਈ ਹੁੰਦੇ ਹਨ।

ਅਮਰੀਕਾ ਵਿਚ ਇਕ ਵਾਰੀ ਸਰਵੇਖਣ ਕਰਵਾਇਆ ਗਿਆ ਕਿ ਘਰ ਵਿਚ ਭੋਜਨ ਖਾਣ ਲਈ ਸਭ ਤੋਂ ਸਾਫ਼ ਥਾਂ ਕਿਹੜੀ ਹੈ?

ਸਰਵੇਖਣ ਤੋਂ ਪਤਾ ਲੱਗਿਆ ਕਿ ਜਰਾਸੀਮਾਂ ਅਤੇ ਕੀਟਾਣੂਆਂ ਤੋਂ ਸਭ ਤੋਂ ਵਧੇਰੇ ਮੁਕਤ ਥਾਂ ਗੁਸਲਖਾਨਾ ਅਤੇ ਸਭ ਤੋਂ ਵਧ ਗੰਦੀ ਥਾਂ ਰਸੋਈ ਹੁੰਦੀ ਹੈ।

ਜਿਹੜੀ ਇਸਤਰੀ ਸਫ਼ਾਈ ਵਧੇਰੇ ਰੱਖਦੀ ਹੈ, ਉਹ ਹੋਵੇ ਨਾ ਹੋਵੇ ਪਰ ਉਹ ਆਪਣੇ ਆਪ ਨੂੰ ਸਮਝਦੀ ਸੋਹਣੀ ਅਤੇ ਜਵਾਨ ਹੈ।

ਉਹ ਪੁਰਸ਼ ਨੂੰ ਸੁੰਘ ਕੇ ਪ੍ਰਵਾਨ ਜਾਂ ਰੱਦ ਕਰਦੀ ਹੈ। ਬੱਚੇ ਨੂੰ ਨ੍ਹਾ ਅਤੇ ਪੂੰਝ ਕੇ, ਮਾਂ ਬੱਚੇ ਨੂੰ ਜ਼ਰੂਰ ਸੁੰਘਦੀ ਹੈ। ਜਿਸ ਪੁਰਸ਼ ਤੋਂ ਇਸਤਰੀ ਨੂੰ ਗੰਦੇ ਸਰੀਰ ਜਾਂ ਭੈੜੇ ਵਿਹਾਰ ਦੀ ਬਦਬੂ ਆਵੇ, ਉਹ ਆਪਣੇ ਚਿਹਰੇ ਦੇ ਹਾਵਾਂ-ਭਾਵਾਂ ਨਾਲ ਹੀ, ਉਸ ਬਾਰੇ ਆਪਣੀ ਰਾਇ, ਬਿਨਾਂ ਬੋਲੇ ਪ੍ਰਗਟਾ ਦਿੰਦੀ ਹੈ।

ਇਕ ਵਾਰੀ ਪਹਾੜ 'ਤੇ ਚੜ੍ਹਨ ਦੇ ਕਈ ਦਿਨਾਂ ਦੇ ਅਭਿਆਸ ਉਪਰੰਤ, ਇਕ ਪੁਰਸ਼ ਜਦੋਂ ਨੇੜਲੇ ਸ਼ਹਿਰ, ਇਕੱਲੀ ਰਹਿੰਦੀ ਆਪਣੀ ਸਾਬਕਾ ਪ੍ਰੇਮਿਕਾ ਨੂੰ ਮਿਲਣ ਉਸਦੇ ਘਰ ਗਿਆ ਤਾਂ ਉਸ ਪੁਰਸ਼ ਨੇ ਮੇਲ-ਮਿਲਾਪ ਤੋਂ ਇਹ ਕਹਿ ਕੇ ਸੰਕੋਚ ਕੀਤਾ ਕਿ ਮੈਂ ਆਪਣੀ ਪਤਨੀ ਪ੍ਰਤੀ ਵਫ਼ਾਦਾਰ ਹਾਂ, ਜਦੋਂ ਕਿ ਅਸਲ ਕਾਰਨ ਇਹ ਸੀ ਕਿ ਜੇ ਉਹ ਆਪਣੇ ਬੂਟ-ਜੁਰਾਬਾਂ ਅਤੇ ਅੰਦਰਲੇ ਕੱਪੜੇ ਲਾਹੁੰਦਾ ਤਾਂ ਉਨ੍ਹਾਂ ਦੀ ਬਦਬੂ ਕਾਰਨ, ਪ੍ਰੇਮਿਕਾ ਨੇ ਧੱਕੇ ਮਾਰ ਕੇ ਉਸ ਨੂੰ ਕੱਢ ਦੇਣਾ ਸੀ।

ਇਸਤਰੀ ਤੱਲਣ, ਤੜਕਣ ਅਤੇ ਭੁੰਨਣ ਦੇ ਹੁਨਰ ਨਾਲ, ਬੱਚਿਆਂ ਅਤੇ ਪਤੀ ਦੇ ਨੱਕ ਦੇ ਮਨੋਰੰਜਨ ਰਾਹੀਂ, ਉਨ੍ਹਾਂ ਨੂੰ ਘਰ ਨਾਲ ਜੋੜਦੀ ਹੈ।

ਮਸਾਲੇ ਹਰ ਕਿਸੇ ਦੀ ਮਾਨਸਿਕ ਅਤੇ ਸਰੀਰਕ ਅਵਸਥਾ ਨੂੰ ਪ੍ਰਭਾਵਿਤ ਕਰਦੇ ਹਨ। ਮਸਾਲਿਆਂ ਦਾ ਸਿੱਧਾ ਸੰਬੰਧ ਨੱਕ ਨਾਲ ਹੁੰਦਾ ਹੈ।

ਮਨੁੱਖ ਦੀ ਸੁੰਘਣ ਸ਼ਕਤੀ ਨੇ ਭਾਂਤ-ਭਾਂਤ ਦੇ ਕੰਮ-ਧੰਦੇ ਸਿਰਜੇ ਹਨ।

ਸੰਸਾਰ ਵਿਚ ਕਈਆਂ ਦਾ ਰੋਜ਼ਗਾਰ ਹੀ ਨੱਕ ਰਾਹੀਂ ਚਲਦਾ ਹੈ।

ਅਜੋਕੇ ਵਪਾਰ ਵਿਚ ਚਾਹ, ਕਾਫੀ, ਸੈਂਟ, ਸ਼ਰਾਬ ਆਦਿ ਸੁੰਘ ਕੇ ਇਨ੍ਹਾਂ ਦੀ ਦਰਜੇਬੰਦੀ ਕਰਨਾ, ਅੰਤਰ-ਰਾਸ਼ਟਰੀ ਪੱਧਰ ਦਾ ਵੱਡੀਆਂ ਉਜਰਤਾਂ ਵਾਲਾ, ਬੜਾ ਸਤਿਕਾਰਯੋਗ ਕਿੱਤਾ ਬਣ ਗਿਆ ਹੈ।

ਇਨ੍ਹਾਂ ਵਸਤਾਂ ਨੂੰ ਪਰਖਣ ਵਾਸਤੇ ਅਤੇ ਨੱਕ ਦੀ ਯੋਗਤਾ ਅਤੇ ਕਾਰਗੁਜ਼ਾਰੀ ਵਧਾਉਣ ਲਈ, ਇਕ ਘੰਟਾ ਪਹਿਲਾਂ ਤੋਂ ਖਾਣ, ਰੱਜ ਕੇ ਖਾਣ ਅਤੇ ਸ਼ਰਾਬ-ਸਿਗਰਟ ਆਦਿ ਵਰਤਣ ਦੀ ਸਖਤ ਮਨਾਹੀ ਹੁੰਦੀ ਹੈ।

ਸ਼ਰਾਬਾਂ ਨੂੰ ਪਰਖਣ ਦਾ ਕਾਰਜ ਅਕਸਰ ਪੁਰਸ਼ ਕਰਦੇ ਹਨ ਅਤੇ ਚਾਹ, ਕਾਫ਼ੀ ਅਤੇ ਸੈਂਟਾਂ ਦੀ ਪਰਖ ਅਕਸਰ ਇਸਤਰੀਆਂ ਕਰਦੀਆਂ ਹਨ।

ਪੂਰਬੀ ਦੇਸ਼ਾਂ ਦੇ ਮੁਸਲਿਮ ਬਾਦਸ਼ਾਹਾਂ ਨੇ ਇੱਤਰ-ਫੁਲੇਲਾਂ ਦੀ ਕਾਢ ਨੂੰ ਉਤਸਾਹਿਤ ਕੀਤਾ ਸੀ, ਜਿਨ੍ਹਾਂ ਨੂੰ ਬਾਦਸ਼ਾਹ, ਬੇਗਮਾਂ ਅਤੇ ਅਹਿਲਕਾਰ ਵਰਤਦੇ ਸਨ। ਯੋਰਪ ਦੇ ਈਸਾਈ ਹਾਕਮਾਂ ਅਤੇ ਸ਼ਾਹੀ ਪਰਿਵਾਰਾਂ ਨੇ ਸੈਂਟਾਂ ਦੀ ਕਾਢ ਕਢਣ ਅਤੇ ਪੱਧਰ ਸੁਧਾਰਨ ਵਿਚ ਸਰਪ੍ਰਸਤੀ ਪ੍ਰਦਾਨ ਕੀਤੀ ਹੈ।

ਯੋਰਪ ਵਿਚ ਸੈਂਟਾਂ ਦੀ ਕਾਢ ਇਸ ਲਈ ਨਿਕਲੀ ਕਿਉਂਕਿ ਬਰਫ਼ ਅਤੇ ਠੰਡ ਕਾਰਨ ਯੋਰਪੀਨ ਲੋਕ ਕਈ ਹਫ਼ਤੇ ਨਹਾਉਂਦੇ ਨਹੀਂ ਸਨ, ਸੋ ਸਰੀਰ ਤੋਂ, ਚਮੜੇ ਦੇ ਬੂਟਾਂ ਅਤੇ ਦਸਤਾਨਿਆਂ ਦੀ ਬਦਬੂ ਦਬਾਉਣ ਲਈ ਸੈਂਟ ਵਰਤੇ ਜਾਂਦੇ ਸਨ।

ਰਾਣੀਆਂ ਸੈਂਟਾਂ ਨਾਲ ਆਪਣਾ ਸਰੀਰ ਅਤੇ ਲਿਬਾਸ ਸੁਗੰਧਿਤ ਕਰਕੇ ਰਾਜਿਆਂ, ਬਾਦਸ਼ਾਹਾਂ ਨੂੰ ਖਿੱਚ ਪਾਉਂਦੀਆਂ ਸਨ।

ਇਸਤਰੀਆਂ ਅਤੇ ਪੁਰਸ਼ਾਂ ਦੀਆਂ ਤਰਜੀਹਾਂ ਦੇ ਵਖਰੇਵੇਂ ਕਾਰਨ, ਇਸਤਰੀਆਂ ਨੂੰ ਹੋਰ ਸੈਂਟ ਪ੍ਰਭਾਵਿਤ ਕਰਦੇ ਹਨ, ਪੁਰਸ਼ਾਂ ਨੂੰ ਹੋਰ।

ਸੈਂਟ ਨਾਲ ਇਸਤਰੀ, ਪੁਰਸ਼ ਦੀ ਚਾਲ ਅਤੇ ਵਿਹਾਰ ਬਦਲ ਸਕਦੀ ਹੈ।

ਯੋਰਪ ਵਿਚ ਜੇ ਇਸਤਰੀਆਂ ਲਈ ਸੈਂਟ ਬਣੇ ਤਾਂ ਪੁਰਸ਼ਾਂ ਲਈ ਸ਼ਰਾਬਾਂ ਬਣੀਆਂ।

ਸੈਂਟਾਂ ਅਤੇ ਸ਼ਰਾਬਾਂ ਦਾ ਨੱਕ ਨਾਲ ਸਿੱਧਾ ਸੰਬੰਧ ਹੈ।

ਇਸਤਰੀ ਲਈ ਸੈਂਟ, ਸਭ ਤੋਂ ਵੱਧ ਖੁਸ਼ੀ ਨਾਲ ਪ੍ਰਵਾਨ ਕੀਤਾ ਜਾਣ ਵਾਲਾ ਤੋਹਫ਼ਾ ਮੰਨਿਆ ਜਾਂਦਾ ਹੈ। ਇਸ ਨੂੰ ਪਿਆਰ ਦੀ ਨਿਸ਼ਾਨੀ ਕਿਹਾ ਜਾਂਦਾ ਹੈ, ਜਿਸ ਵਿਚ ਮਿਲਾਪ ਲਈ ਸੁਨੇਹਾ ਅਤੇ ਮਿਲਣ ਦਾ ਵਾਅਦਾ ਹੁੰਦਾ ਹੈ।

ਸ਼ਰਾਬ ਜੋਸ਼, ਜਿੱਤ, ਸਫਲਤਾ ਅਤੇ ਜਸ਼ਨ ਦਾ ਸਾਧਨ ਹੁੰਦੀ ਹੈ।

ਸੈਂਟਾਂ ਅਤੇ ਸ਼ਰਾਬਾਂ ਦੀਆਂ ਸ਼ੀਸ਼ੀਆਂ ਅਤੇ ਬੋਤਲਾਂ ਦਾ ਆਕਾਰ, ਰੂਪ ਅਤੇ

ਦਿੱਖ ਦਿਲਕਸ਼ ਬਣਾਈ ਜਾਂਦੀ ਹੈ ਤਾਂਕਿ ਨੱਕ ਦੇ ਨਾਲ ਅੱਖਾਂ ਵੀ ਪ੍ਰਸੰਨ ਹੋਣ।

ਮੇਰੇ ਵਿਦਿਆਰਥੀ ਜੀਵਨ ਦੌਰਾਨ, ਮੇਰੇ ਸ਼ਹਿਰ ਦੇ ਸਿਨੇਮੇ ਵਿਚ ਹਰ ਵੀਰਵਾਰ ਨੂੰ ਵਿਚਕਾਰਲਾ ਸ਼ੋਅ ਅੰਗਰੇਜ਼ੀ ਫਿਲਮ ਦਾ ਹੁੰਦਾ ਸੀ, ਜਿਸ ਵਿਚ ਸ਼ਹਿਰ ਦੀਆਂ ਫੈਸ਼ਨਦਾਰ ਇਸਤਰੀਆਂ ਸੁਗੰਧੀਆਂ ਨਾਲ ਮਾਲੋਮਾਲ ਹੋ ਕੇ ਆਉਂਦੀਆਂ ਸਨ।

ਮੈਂ ਫਿਲਮ ਵੇਖਣ ਦੇ ਬਹਾਨੇ, ਅਸਲ ਵਿਚ ਇਨ੍ਹਾਂ ਪਰੀਆਂ ਨੂੰ ਨਿਹਾਰਨ ਅਤੇ ਉਨ੍ਹਾਂ ਦੇ ਸੈਂਟ ਸੁੰਘਣ ਜਾਂਦਾ ਸਾਂ ਅਤੇ ਪ੍ਰਸੰਨ ਹੋ ਕੇ ਮੁੜਦਾ ਸਾਂ।

ਸਾਰੇ ਸੈਂਟ ਵੱਖਰੇ ਅਤੇ ਸੁਤੰਤਰ ਹੁੰਦੇ ਹਨ। ਸੈਂਟ ਆਪਸ ਵਿਚ ਸਮਝੌਤਾ ਜਾਂ ਲੈਣ-ਦੇਣ ਨਹੀਂ ਕਰਦੇ। ਇਕ ਮਿਆਨ ਵਿਚ ਦੋ ਤਲਵਾਰਾਂ ਅਸੰਭਵ ਹੋਣ ਵਾਂਗ, ਸਰੀਰ ਉੱਤੇ ਇਕੋ ਵੇਲੇ ਦੋ ਸੈਂਟ ਨਹੀਂ ਟਿਕਦੇ।

ਪੈਰਿਸ, ਸੈਂਟਾਂ ਅਤੇ ਸ਼ਰਾਬਾਂ ਦੇ ਪੱਖੋਂ ਵਿਸ਼ਵ ਦੀ ਰਾਜਧਾਨੀ ਹੈ, ਜਿੱਥੇ ਹਰ ਰੋਜ਼ ਹੁਸਨ ਅਤੇ ਜਵਾਨੀ, ਇਸ਼ਕ ਅਤੇ ਮੁਹੱਬਤ, ਸੋਹਜ ਅਤੇ ਸਵਾਦ ਦੇ ਮੇਲੇ ਲੱਗਦੇ ਹਨ।

ਇਥੇ ਭੋਜਨ ਖਾਧਾ ਘੱਟ ਜਾਂਦਾ ਹੈ, ਸੁੰਘਿਆ ਅਤੇ ਮਾਣਿਆ ਵਧੇਰੇ ਜਾਂਦਾ ਹੈ।

ਸੰਸਾਰ ਵਿਚ ਜਿਨ੍ਹਾਂ ਦੀਆਂ ਲੋੜਾਂ ਪੂਰੀਆਂ ਹੋ ਜਾਂਦੀਆਂ ਹਨ, ਪੈਰਿਸ ਉਨ੍ਹਾਂ ਦੀਆਂ ਇੱਛਾਵਾਂ ਪੂਰੀਆਂ ਕਰਦਾ ਹੈ। ਇਥੇ ਖੁਸ਼ੀ ਅਤੇ ਖ਼ੂਬਸੂਰਤੀ ਦਾ ਵਪਾਰ ਹੁੰਦਾ ਹੈ। ਜੋ ਇੱਥੇ ਨਹੀਂ ਹੈ, ਉਹ ਕਿਧਰੇ ਵੀ ਨਹੀਂ ਹੈ। ਇਥੇ ਸੈਂਟ ਵੇਚੇ ਹੀ ਨਹੀਂ ਜਾਂਦੇ, ਇਨ੍ਹਾਂ ਨੂੰ ਵਰਤਣ ਦੀ ਜਾਚ ਵੀ ਸਿਖਾਈ ਜਾਂਦੀ ਹੈ।

ਜਦੋਂ ਮੈਂ ਦੂਜੀ ਵਾਰ ਪਤਨੀ ਨਾਲ, ਪੈਰਿਸ ਗਿਆ ਤਾਂ ਸੈਂਟਾਂ ਦੇ ਇਕ ਸਟੋਰ ਵਿਚ ਇਕ ਮਾਹਿਰ ਕਰਮਚਾਰਨ ਖਰੀਦੇ ਗਏ ਸੈਂਟ ਨੂੰ ਵਰਤਣ ਬਾਰੇ ਮੇਰੀ ਪਤਨੀ ਨੂੰ ਦਸ ਰਹੀ ਸੀ ਕਿ ਇਹ ਉੱਥੇ ਲਾਉਣਾ ਹੈ, ਜਿੱਥੇ ਨਬਜ਼ ਮਹਿਸੂਸ ਕੀਤੀ ਜਾ ਸਕਦੀ ਹੈ ਕਿਉਂਕਿ ਇਹ ਸੈਂਟ ਇਤਨਾ ਸੂਖਮ ਸੀ ਕਿ ਇਹ ਪੁੜਪੁੜੀ ਦੀ ਨਰਮ ਜਿਹੀ ਹਰਕਤ ਨਾਲ ਫੈਲਦਾ ਸੀ।

ਹਰ ਕੋਈ ਹਰੇਕ ਸੈਂਟ ਨਾਲ ਇਕਸੁਰ ਨਹੀਂ ਹੁੰਦਾ। ਕੁਝ ਸੈਂਟ ਨੱਕ ਨੂੰ ਪਰੇਸ਼ਾਨ ਕਰਦੇ ਹਨ ਅਤੇ ਨਿੱਛਾਂ ਆਉਣ ਲੱਗ ਜਾਂਦੀਆਂ ਹਨ।

ਹਿੰਦੂ ਧਰਮ ਨੇ ਧੂਫ ਅਤੇ ਅਗਰਬਤੀ ਦੀ ਕਾਢ ਵੀ ਕੱਢੀ ਹੈ ਅਤੇ ਇਨ੍ਹਾਂ ਦੀ ਭਰਪੂਰ ਵਰਤੋਂ ਵੀ ਕੀਤੀ ਹੈ। ਜਿਥੇ ਸੈਂਟ ਕਾਮੁਕ ਭਾਵਨਾਵਾਂ ਨੂੰ ਉੱਤੇਜਿਤ ਕਰਦੇ ਹਨ, ਉੱਥੇ ਧੂਫ-ਅਗਰਬਤੀ ਸੰਤੁਸ਼ਟਤਾ ਅਤੇ ਸ਼ਾਂਤੀ ਉਪਜਾਉਂਦੀ ਹੈ।

ਭਾਰਤ ਦੇ ਹਰੇਕ ਧਰਮ ਦੀ ਹਰੇਕ ਧਾਰਮਿਕ ਰਹੁ-ਰੀਤ, ਪੂਜਾ-ਪਾਠ, ਭਜਨ, ਕੀਰਤਨ ਅਤੇ ਪ੍ਰਾਰਥਨਾ ਵਿਚ ਅਗਰਬਤੀ ਸ਼ਾਮਲ ਹੁੰਦੀ ਹੈ। ਅਗਰਬਤੀ ਦਾ ਸ਼ਰਧਾਲੂਆਂ ਦੀ ਮਾਨਸਿਕ ਸਥਿਤੀ 'ਤੇ ਡੂੰਘਾ ਪ੍ਰਭਾਵ ਪੈਂਦਾ ਹੈ।

ਪਹਿਲਾਂ ਜਦੋਂ ਬਰਾਤ ਆਉਂਦੀ ਸੀ ਤਾਂ ਉਸ ਉੱਤੇ ਇੱਤਰ-ਫੁਲੇਲ ਛਿੜਕਿਆ ਜਾਂਦਾ ਸੀ, ਜਿਸ ਨਾਲ ਵਾਤਾਵਰਣ ਸੁਖਾਵਾਂ ਅਤੇ ਸੁਗੰਧਿਤ ਹੋ ਜਾਂਦਾ ਸੀ।

ਫੁੱਲ, ਅੱਖਾਂ ਦੇ ਵੇਖਣ ਅਤੇ ਨੱਕ ਦੇ ਸੁੰਘਣ ਲਈ ਹੁੰਦੇ ਹਨ।

ਇਕ ਕਿਲੋ ਇੱਤਰ ਤਿਆਰ ਕਰਨ ਲਈ ਸੱਤ ਟਨ ਫੁੱਲ ਲੱਗਦੇ ਹਨ, ਜਿਨ੍ਹਾਂ ਨੂੰ ਚਾਰ ਸੌ ਪੰਜਾਹ ਏਕੜ ਵਿਚ ਉਗਾਉਣ ਲਈ, ਚਾਰ ਸੌ ਕਾਮਿਆਂ ਦੀ ਲੋੜ ਪੈਂਦੀ ਹੈ।

ਪਹਿਲਾਂ ਅਗਰਬਤੀਆਂ ਵੀ ਫੁੱਲਾਂ ਤੋਂ ਤਿਆਰ ਕੀਤੀਆਂ ਜਾਂਦੀਆਂ ਸਨ। ਅਗਰਬਤੀ ਨਾਲ ਪੂਜਾ ਦਾ ਸਥਾਨ ਅਤੇ ਵਾਤਾਵਰਨ ਪਵਿੱਤਰ ਹੋ ਜਾਂਦਾ ਹੈ।

ਇਕ ਵਾਰੀ ਇਕ ਪੱਤਰਕਾਰ ਨੇ ਭਾਰਤ ਦੀ ਪ੍ਰਸਿੱਧ ਅਗਰਬਤੀ ਕੰਪਨੀ ਦੇ ਮਾਲਕ ਨੂੰ ਸਾਲ ਵਿਚ ਉਨ੍ਹਾਂ ਵਲੋਂ ਬਣਾਈਆਂ ਜਾਣ ਵਾਲੀਆਂ ਅਗਰਬਤੀਆਂ ਦੀ ਗਿਣਤੀ ਪੁੱਛੀ ਤਾਂ ਮਾਲਕ ਨੇ ਕਿਹਾ: ਅਸੀਂ ਹਰ ਸਾਲ ਦੋ ਅਰਬ ਪ੍ਰਾਰਥਨਾਵਾਂ ਵਿਚ ਆਪਣੀਆਂ ਅਗਰਬਤੀਆਂ ਰਾਹੀਂ ਸ਼ਾਮਲ ਹੁੰਦੇ ਹਾਂ।

ਸੰਸਾਰ ਵਿਚ ਹੁਣ ਸੁਗੰਧੀਆਂ ਨਾਲ ਕਈ ਰੋਗਾਂ ਦਾ ਇਲਾਜ ਕੀਤਾ ਜਾਂਦਾ ਹੈ।

ਅਜੋਕੇ ਸਾਬਣਾਂ, ਤੇਲਾਂ ਆਦਿ ਵਾਂਗ ਹਰੇਕ ਵਸਤ ਵਿਚ ਹੁਣ ਕੋਈ ਨਾ ਕੋਈ ਸੁਗੰਧੀ ਵਰਤੀ ਜਾਂਦੀ ਹੈ।

ਮਨੁੱਖ ਆਪਣੇ ਨੱਕ ਰਾਹੀਂ ਲਗਭਗ ਇਕ ਹਜ਼ਾਰ ਸੁਗੰਧੀਆਂ ਦਾ ਨਿਖੇੜਾ ਕਰ ਸਕਦਾ ਹੈ। ਕਈ ਸੂਖਮ ਅਤੇ ਬਹੁਤ ਬਰੀਕ ਸੁਗੰਧੀਆਂ ਪ੍ਰਤੀ ਪੁਰਸ਼ ਅਤੇ ਇਸਤਰੀਆਂ ਦੋਵੇਂ ਅਨਪੜ੍ਹਾਂ ਵਾਂਗ ਵਿਹਾਰ ਕਰਦੇ ਹਨ।

ਕਿਸੇ ਚੀਜ਼ ਨੂੰ ਲਗਾਤਾਰ ਨਹੀਂ ਸੁੰਘਿਆ ਜਾ ਸਕਦਾ, ਦਿਮਾਗ ਥੱਕ ਜਾਂਦਾ ਹੈ।

ਪੰਛੀਆਂ ਦੇ ਗੀਤਾਂ ਅਤੇ ਝਰਨੇ ਦੇ ਸੰਗੀਤ ਵਾਂਗ ਕੇਵਲ ਫੁੱਲਾਂ ਦੀ ਸੁਗੰਧ ਬੜੀ ਸੁਖਾਵੀਂ ਹੁੰਦੀ ਹੈ, ਜਿਹੜੀ ਥਕਾਵਟ ਲਾਹੁੰਦੀ ਅਤੇ ਅਕੇਵਾਂ ਦੂਰ ਕਰਦੀ ਹੈ।

ਸੁਗੰਧੀ ਕਿਹੋ ਜਿਹੀ ਵੀ ਹੋਵੇ, ਉਸਦਾ ਅਸਰ ਕੁਝ ਮਿੰਟ ਹੀ ਰਹਿੰਦਾ ਹੈ, ਫਿਰ ਉਹ ਸੁਗੰਧੀ ਵਾਤਾਵਰਨ ਵਿਚ ਘੁਲ ਕੇ ਸਧਾਰਨ ਲੱਗਣ ਲੱਗ ਪੈਂਦੀ ਹੈ।

ਹਰ ਕਮਰੇ, ਹਰ ਘਰ, ਹਰੇਕ ਵਿਅਕਤੀ, ਮੰਦਰ, ਗੁਰਦੁਆਰੇ, ਚਰਚ, ਮਸਜਿਦ ਆਦਿ ਦੀ ਸੁਗੰਧ-ਦੁਰਗੰਧ ਵੱਖਰੀ ਹੁੰਦੀ ਹੈ।

ਲੋੜੀਂਦਾ ਪ੍ਰਭਾਵ ਪਾਉਣ ਵਾਸਤੇ, ਵਰਤਣ ਦੇ ਪੱਖੋਂ ਹਰ ਸੈਂਟ ਲਈ ਸਰੀਰ ਦਾ ਕੋਈ ਵਿਸ਼ੇਸ਼ ਭਾਗ ਨਿਸਚਿਤ ਹੁੰਦਾ ਹੈ।

ਗਾਇਕ ਦਾ ਗਲਾ ਅਤੇ ਨੱਕ ਬੜੇ ਕੀਮਤੀ ਹੁੰਦੇ ਹਨ, ਇਸ ਲਈ ਇਨ੍ਹਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਹੈ।

ਕਿਸੇ ਸੁਗੰਧੀ ਨੂੰ ਮਾਣਨ ਲਈ ਨੱਕ ਦਾ ਸਾਫ ਹੋਣਾ ਜ਼ਰੂਰੀ ਹੁੰਦਾ ਹੈ।

ਆਯੁਰਵੇਦ ਵਿਚ ਨੱਕ ਦੀ ਸਫਾਈ ਲਈ ਜਲਨੀਤੀ ਪ੍ਰਚਲਿਤ ਹੈ।

ਮਿਥਿਹਾਸ-ਇਤਿਹਾਸ ਵਿਚ ਵੀ ਨੱਕ ਦਾ ਵਿਆਪਕ ਉਲੇਖ ਹੋਇਆ ਹੈ।

ਰਾਮਾਇਣ, ਲੱਛਮਣ ਵਲੋਂ ਸਰੂਪਨਖਾਂ ਦੇ ਨੱਕ ਕੱਟਣ ਨਾਲ ਘਟਨਾਵਾਂ ਦਾ ਲੰਮਾ ਸਿਲਸਿਲਾ ਬਣਦੀ ਹੈ। ਕਲੀਓਪੇਟਰਾ ਦੇ ਨੱਕ ਨੇ ਵਿਸ਼ਾਲ ਯੁੱਧ ਨੂੰ ਜਨਮ ਦੇ ਕੇ ਯੋਰਪ ਦਾ ਨਕਸ਼ਾ ਬਦਲ ਦਿੱਤਾ ਸੀ। ਕੁਝ ਸਾਲ ਪਹਿਲਾਂ ਤਾਲਿਬਾਨ ਨਾਲ ਸੰਬੰਧਤ ਇਕ ਜਹਾਦੀ ਨੇ ਆਪਣੀ ਪਤਨੀ ਦਾ ਨੱਕ ਵੱਢ ਦਿੱਤਾ ਸੀ, ਜਿਸ ਦੀ ਵਿਸ਼ਵ ਭਰ ਵਿਚ ਨਿੰਦਾ ਹੋਈ ਸੀ ਅਤੇ ਫੋਟੋ ਛਪੀ ਸੀ।

ਸਮਾਜਿਕ ਅਤੇ ਸਭਿਆਚਾਰਕ ਜੀਵਨ ਵਿਚ ਨੱਕ ਬੜਾ ਮਹੱਤਵਪੂਰਨ ਹੈ।

ਵਸ ਲੱਗਦੇ ਕੋਈ ਕਿਸੇ ਨੂੰ ਆਪਣਾ 'ਨੱਕ' ਕੱਟਣ ਨਹੀਂ ਦਿੰਦਾ ਕਿਉਂਕਿ ਜੇ ਨੱਕ ਕੱਟ ਜਾਵੇ ਤਾਂ ਇੱਜ਼ਤ ਦਾ ਬਾਕੀ ਕੁਝ ਬਚਦਾ ਨਹੀਂ।

ਜਦੋਂ ਮਨੁੱਖ ਮੁਸਕਰਾਉਂਦਾ ਹੈ ਤਾਂ ਉਸਦੇ ਸਮੁੱਚੇ ਚਿਹਰੇ ਉੱਤੇ ਨੱਕ ਹੀ ਸੁਖਾਵਾਂ ਵਾਤਾਵਰਨ ਉਸਾਰਦਾ ਹੈ।

ਕਈ ਵੇਖਦੇ ਹੀ ਨੱਕ ਨਾਲ ਹਨ, ਉਹ ਕੇਵਲ ਸਿੱਧੇ ਜਾ ਸਕਦੇ ਹਨ ਅਤੇ ਮੂਰਖ ਕਹੇ ਜਾਂਦੇ ਹਨ, ਕਿਉਂਕਿ ਉਨ੍ਹਾਂ ਨੂੰ ਆਲੇ-ਦੁਆਲੇ ਕੁਝ ਨਹੀਂ ਦਿਸਦਾ।

ਭਾਵੇਂ ਨੱਕ ਅੱਖਾਂ ਦੇ ਥੱਲੇ ਹੁੰਦਾ ਹੈ ਪਰ ਸਾਨੂੰ ਇਹ ਦਿਸਦਾ ਨਹੀਂ, ਸੋ ਸਾਡੇ ਨੱਕ ਨੂੰ ਦੂਜੇ ਹੀ ਵੇਖਦੇ-ਨਿਹਾਰਦੇ ਹਨ। ਕਈਆਂ ਦੀ ਜ਼ਿੰਦਗੀ ਵਿਚ ਮੌਕੇ ਕਈ ਆਉਂਦੇ ਹਨ ਪਰ ਇਹ ਉਨ੍ਹਾਂ ਦੇ ਨੱਕ ਥੱਲੋਂ ਹੀ ਲੰਘ ਜਾਂਦੇ ਹਨ।

ਜੇ ਇਸਤਰੀ, ਆਪਣੇ ਸਾਹਮਣੇ ਬੈਠੇ ਕਿਸੇ ਪੁਰਸ਼ ਦਾ ਨੱਕ ਮਰੋੜੇ ਤਾਂ ਉਹ ਅਸਲ ਵਿਚ ਕਹਿ ਰਹੀ ਹੁੰਦੀ ਹੈ: ਕੁਝ ਸਮਝੇਂਗਾ ਵੀ ?

ਨੱਕ 'ਚੋਂ ਬੋਲਣ ਵਾਲੇ ਜ਼ਿੰਦਗੀ ਦੀ ਥੱਲਵੀਂ ਪੌੜੀ 'ਤੇ ਹੀ ਰਹਿੰਦੇ ਹਨ।

ਲੰਮੇ ਨੱਕ ਵਾਲੇ ਪੁਰਸ਼ ਨਾਲ ਕੋਈ ਇਸਤਰੀ ਵਿਆਹ ਕਰਾਉਣ ਲਈ ਤਿਆਰ ਨਹੀਂ ਹੁੰਦੀ ਅਤੇ ਲੰਮੇ ਨੱਕ ਵਾਲੀ ਇਸਤਰੀ ਦਾ ਵਿਆਹ ਹੁੰਦਾ ਹੀ ਨਹੀਂ।

ਕਈ ਵਾਰ ਧਾਰਮਿਕ ਸਥਾਨ, ਬੱਸ ਜਾਂ ਗੱਡੀ ਵਿਚ ਭੀੜ ਇਤਨੀ ਹੁੰਦੀ ਹੈ ਕਿ ਲੋਕਾਂ ਦੇ ਨੱਕ ਆਪਸ ਵਿਚ ਭਿੜਨ ਲੱਗ ਪੈਂਦੇ ਹਨ।

ਲੰਮੇ ਨੱਕ ਵਾਲੇ ਪੁਰਸ਼ ਅਕਸਰ ਮਿਲਾਪੜੇ, ਸਹਿਯੋਗੀ, ਚੁਸਤ, ਹੱਸਮੁਖ, ਉਦਾਰ, ਨਿਮਰ ਅਤੇ ਅਜ਼ਾਦ ਬਿਰਤੀ ਵਾਲੇ ਹੁੰਦੇ ਹਨ।

ਰੋਮਨ ਸਭਿਅਤਾ ਵਿਚ ਲੰਮੇ ਨੱਕ ਵਾਲਿਆਂ ਦਾ ਬੜਾ ਸਤਿਕਾਰ ਸੀ।

ਨੈਪੋਲੀਅਨ ਕਹਿੰਦਾ ਸੀ ਕਿ ਲੰਮੇ ਨੱਕ ਵਾਲਿਆਂ ਦਾ ਦਿਮਾਗ ਵੱਡਾ ਹੁੰਦਾ ਹੈ, ਸੋ ਉਹ ਲੰਮੇ ਨੱਕ ਵਾਲੇ ਫੌਜੀਆਂ ਨੂੰ ਉੱਚੇ ਅਹੁਦਿਆਂ 'ਤੇ ਹੀ ਲਾਉਂਦਾ ਸੀ।

ਸੋਹਣੀ ਇਸਤਰੀ ਮੂਰਖ ਨੂੰ ਉਸ ਦੇ ਨੱਕ ਰਾਹੀਂ ਪਛਾਣਦੀ ਹੈ।

ਨਾਟਕ-ਫਿਲਮ ਵਿਚ ਲੰਮਾ ਨੱਕ ਹਾਸਰਸ ਉਪਜਾਉਂਦਾ ਹੈ।

ਨੱਕ ਤੋਂ ਬਿਨਾਂ ਕਾਰਟੂਨ ਨਹੀਂ ਬਣਦਾ। ਕਾਰਟੂਨ ਵਿਚ ਨੱਕ ਨੂੰ ਵਿਗਾੜ ਕੇ ਉਸ ਵਿਅਕਤੀ ਨੂੰ ਮੂਰਖ ਅਤੇ ਹਾਸੋਹੀਣਾ ਸਿੱਧ ਕੀਤਾ ਜਾਂਦਾ ਹੈ।

ਕਈਆਂ ਨੂੰ ਵੇਖ ਕੇ ਹੀ, ਵੇਖਣ ਵਾਲਿਆਂ ਦਾ ਨੱਕ ਵਗਣ ਲੱਗ ਪੈਂਦਾ ਹੈ।

ਗਰਭਵਤੀ ਇਸਤਰੀ ਦੀ ਨੱਕ-ਸ਼ਕਤੀ ਵੱਧ ਜਾਂਦੀ ਹੈ ਅਤੇ ਉਹ ਤਿੱਖੇ ਸਵਾਦ ਵਾਲੀਆਂ ਚੀਜ਼ਾਂ ਖਾਣੀਆਂ ਪਸੰਦ ਕਰਦੀ ਹੈ।

ਪਸ਼ੂ-ਜਗਤ ਵਿਚ ਨੱਕ ਅਤੇ ਕੰਨ ਪਸ਼ੂ ਦੀ ਰਖਵਾਲੀ ਕਰਦੇ ਹਨ ਅਤੇ ਇਨ੍ਹਾਂ ਰਾਹੀਂ ਪਸ਼ੂ, ਮਨੁੱਖਾਂ ਨੂੰ ਪਛਾਣਦੇ ਹਨ।

ਨੱਕ ਬੜਾ ਸੰਵੇਦਨਸ਼ੀਲ ਹੁੰਦਾ ਹੈ। ਨੱਕ 'ਤੇ ਲੱਗਿਆ ਇਕ ਮੁੱਕਾ, ਪਿੱਠ ਤੇ ਲੱਗੇ ਵੀਹ ਮੁੱਕਿਆਂ ਨਾਲੋਂ ਵੀ ਵਧੇਰੇ ਦੁਖਦਾਈ ਹੁੰਦਾ ਹੈ।

ਇਕ ਵਿਅਕਤੀ ਪਿੱਠ ਵਿਖਾ ਜਾਣ ਦੀ ਤੋਹਮਤ ਤੋਂ ਬਚਣ ਵਾਸਤੇ, ਆਪਣੇ ਨੱਕ 'ਤੇ ਲਗਾਤਾਰ ਮੁੱਕੇ ਖਾਂਦਾ ਰਿਹਾ।

ਮੁੱਕੇਬਾਜ਼ੀ ਦੀ ਖੇਡ ਵਿਚ ਨੱਕ ਨੂੰ ਨਿਸ਼ਾਨਾ ਬਣਾਇਆ ਜਾਂਦਾ ਹੈ।

ਜਿਸ ਲੜਕੀ ਨੂੰ ਵਹਿਮ ਹੋ ਜਾਵੇ ਕਿ ਉਸ ਦਾ ਨੱਕ ਵੱਡਾ ਹੈ ਤਾਂ ਉਹ ਇਹੀ ਸੋਚਦੀ ਰਹਿੰਦੀ ਹੈ ਕਿ ਸਾਰੇ ਉਸ ਦੇ ਨੱਕ ਦੀਆਂ ਗੱਲਾਂ ਕਰਦੇ ਰਹਿੰਦੇ ਹਨ।

ਬੱਚੇ ਕਿਸੇ ਦਾ ਨੱਕ ਜ਼ਰੂਰ ਵੇਖਦੇ ਹਨ ਅਤੇ ਜੇ ਨੱਕ ਵਿਚ ਕੁਝ ਅਜੀਬ ਪ੍ਰਤੀਤ ਹੋਵੇ ਤਾਂ ਟਿੱਪਣੀ ਜ਼ਰੂਰ ਕਰਦੇ ਹਨ।

ਇਕ ਘਰ ਵਿਚ ਲੰਮੇ ਨੱਕ ਵਾਲਾ ਇਕ ਰਿਸ਼ਤੇਦਾਰ ਆਇਆ ਅਤੇ ਬੱਚੇ ਨੇ ਉਸ ਦਾ ਨੱਕ ਵੇਖ ਕੇ ਕਿਹਾ: ਮੰਮੀ, ਤੁਸੀਂ ਤਾਂ ਕਹਿੰਦੇ ਸੀ, ਅੰਕਲ ਦਾ ਨੱਕ ਪਕੌੜੇ ਵਰਗਾ ਹੈ ਪਰ ਇਹ ਤਾਂ ਸਮੋਸੇ ਵਰਗਾ ਹੈ।

ਜਿਨ੍ਹਾਂ ਇਸਤਰੀਆਂ ਨੇ ਆਪਣੇ ਨੱਕ ਵਿਚ ਕੁਝ ਪਾਇਆ ਹੁੰਦਾ ਹੈ, ਉਨ੍ਹਾਂ ਨੂੰ ਅਕਲ ਦੇ ਪੱਖੋਂ ਸਿਆਣੀਆਂ ਅਤੇ ਮਹੱਤਵਪੂਰਨ ਨਹੀਂ ਸਮਝਿਆ ਜਾਂਦਾ।

ਇਸਤਰੀਆਂ ਨੱਕ ਵਿਚ ਨੱਥ ਜਾਂ ਕੋਕਾ, ਨੱਕ ਤੋਂ ਧਿਆਨ ਹਟਾਉਣ ਅਤੇ ਚਿਹਰੇ ਦਾ ਪ੍ਰਭਾਵ ਵਧਾਉਣ ਲਈ ਵਰਤਦੀਆਂ ਹਨ।

ਇਕ ਲੜਕੀ ਨੇ ਵਿਆਹ ਲਈ ਵੇਖਣ ਆਏ ਲੜਕੇ ਨੂੰ ਇਸ ਕਰਕੇ ਰੱਦ ਕਰ ਦਿੱਤਾ, ਕਿਉਂਕਿ ਉਹ ਸਾਰਾ ਸਮਾਂ ਆਪਣਾ ਨੱਕ ਮਰੋੜਦਾ ਰਿਹਾ ਸੀ।

ਜਿਹੜੇ ਨੱਕ ਰਾਹੀਂ ਸਾਹ ਨਹੀਂ ਲੈਂਦੇ, ਉਹ ਘੁਰਾੜੇ ਮਾਰਦੇ ਹਨ। ਸੌਂਦੇ ਕੇਵਲ ਘੁਰਾੜੇ ਮਾਰਨ ਵਾਲੇ ਹੀ ਹਨ, ਬਾਕੀ ਸਾਰਿਆਂ ਨੂੰ ਜਾਗਣਾ ਪੈਂਦਾ ਹੈ। ਘੁਰਾੜੇ ਮਾਰਨ ਵਾਲੇ ਨੂੰ ਕੋਈ ਪਸੰਦ ਨਹੀਂ ਕਰਦਾ, ਭਾਵੇਂ ਉਹ ਪਤੀ ਹੀ ਹੋਵੇ।

ਨੱਕ ਨਾਲ ਸੰਬੰਧਤ ਹਰੇਕ ਭਾਸ਼ਾ ਵਿਚ ਅਨੇਕਾਂ ਅਖਾਣ-ਮੁਹਾਵਰੇ ਹਨ।

ਨੱਕ ਨਾਲ ਚਣੇ ਚਬਾਉਣੇ ਅਤੇ ਕਿਸੇ ਦੇ ਨਕੇਲ ਪਾਉਣੀ ਆਮ ਗੱਲ ਹੈ।

ਕਈ ਵੱਡੇ ਅਤੇ ਸਫਲ ਲੇਖਕ, ਕਲਾਕਾਰ, ਚਿੱਤਰਕਾਰ ਆਦਿ ਆਪਣਾ ਰਚਨਾਤਮਕ ਕਾਰਜ ਕਰਨ ਲਈ ਅਤੇ ਢੁੱਕਵੀਂ ਮਾਨਸਿਕ ਸਥਿਤੀ ਉਸਾਰਨ ਵਾਸਤੇ ਆਪਣੇ ਕਮਰੇ ਵਿਚ ਸੇਬ, ਚੀਕੂ ਜਾਂ ਕੇਲਾ ਆਦਿ ਕੱਟ ਕੇ ਰੱਖਦੇ ਹਨ, ਜਿਸ ਦੀ ਸੁਗੰਧੀ ਉਨ੍ਹਾਂ ਨੂੰ ਉਤਸ਼ਾਹ ਦਿੰਦੀ ਹੈ।

ਜੇ ਮਹਿਮਾਨ ਦੇ ਆਉਣ ਤੋਂ ਪਹਿਲਾਂ ਘਰ ਨੂੰ ਅਗਰਬੱਤੀ ਨਾਲ ਸੁਗੰਧਿਤ ਕੀਤਾ ਜਾਵੇ ਤਾਂ ਹੋਣ ਵਾਲੀ ਗੱਲਬਾਤ ਦੇ ਸਫਲ ਹੋਣ ਦੀ ਸੰਭਾਵਨਾ ਵੱਧ ਜਾਂਦੀ ਹੈ ਕਿਉਂਕਿ ਜੇ ਨੱਕ ਪ੍ਰਸੰਨ ਹੋਵੇਗਾ ਤਾਂ ਮਹਿਮਾਨ ਦੀ ਸੋਚ ਹਾਂ-ਪੱਖੀ ਹੋ ਜਾਵੇਗੀ।

+ + +

ਵਰਤੋਂ-ਵਿਹਾਰ

ਜ਼ਿੰਦਗੀ ਤਾਂ ਭੈੜੇ ਵਿਹਾਰ ਨਾਲ ਵੀ ਗੁਜ਼ਰ ਜਾਵੇਗੀ ਪਰ ਚੰਗੇ ਵਿਹਾਰ ਨਾਲ ਇਹ ਸੌਖੀ, ਸੁਖਾਵੀਂ ਅਤੇ ਚੰਗੇਰੀ ਗੁਜ਼ਰੇਗੀ।

ਪਹਿਲੇ ਸਮਿਆਂ ਵਿਚ ਭੈੜੇ ਬੰਦਿਆਂ ਦੇ ਵੀ ਅਸੂਲ ਹੁੰਦੇ ਸਨ, ਹੁਣ ਵੱਡੇ ਬੰਦੇ ਵੀ ਬੇਅਸੂਲੇ ਹੋ ਗਏ ਹਨ। ਅਜੋਕੇ ਯੁੱਗ ਦੇ ਬੱਚੇ ਚੰਗਾ ਵਿਹਾਰ ਸਿੱਖ ਨਹੀਂ ਰਹੇ, ਕਿਉਂਕਿ ਉਨ੍ਹਾਂ ਨੂੰ ਕੋਈ ਚੰਗਾ ਵਿਹਾਰ ਕਰਦਾ ਦਿਸਦਾ ਹੀ ਨਹੀਂ।

ਬੱਚਿਆਂ ਨੂੰ ਭਾਸ਼ਣ ਅਤੇ ਉਪਦੇਸ਼ ਜਿਤਨੇ ਮਰਜ਼ੀ ਦਿਓ ਪਰ ਉਹ ਕਰਨਗੇ ਓਵੇਂ, ਜਿਵੇਂ ਉਨ੍ਹਾਂ ਦੇ ਮਾਪੇ ਕਰਦੇ ਹਨ।

ਚੰਗਾ ਵਿਹਾਰ ਮਨੁੱਖ ਨੂੰ ਉੱਥੇ ਲੈ ਜਾਂਦਾ ਹੈ, ਜਿੱਥੇ ਪੈਸਾ ਨਹੀਂ ਲੈ ਜਾ ਸਕਦਾ। ਚੰਗੇ ਵਿਹਾਰ ਨਾਲ ਚੰਗੇ ਅਵਸਰ ਉਪਜਦੇ ਹਨ।

ਜੇ ਕਿਸੇ ਦਾ ਵਿਹਾਰ ਚੰਗਾ ਹੈ ਤਾਂ ਉਸ ਦੀਆਂ ਡਿਗਰੀਆਂ ਜਾਣਨ ਦੀ ਲੋੜ ਨਹੀਂ ਪੈਂਦੀ। ਉਂਜ ਜ਼ਿੰਦਗੀ ਬਹੁਤ ਛੋਟੀ ਹੈ ਪਰ ਜੇ ਚੰਗੀ ਤਰ੍ਹਾਂ ਬਤੀਤ ਕੀਤੀ ਜਾਵੇ ਤਾਂ ਇਹ ਬੜੀ ਚੰਗੀ ਅਤੇ ਉੱਚੀ ਵੀ ਹੋ ਜਾਂਦੀ ਹੈ।

ਭੈੜਾ ਵਿਹਾਰ ਕਮਜ਼ੋਰ ਬੰਦੇ ਵਲੋਂ ਬਹਾਦਰ ਹੋਣ ਦਾ ਉਪਰਾਲਾ ਹੁੰਦਾ ਹੈ।

ਕਿਸੇ ਦੀ ਬੇਇਜ਼ਤੀ ਕਰਨ ਵਾਸਤੇ ਤਿਆਰੀ ਨਹੀਂ ਕਰਨੀ ਪੈਂਦੀ।

ਕਿਸੇ ਦੇ ਅਸਹਿਮਤ ਹੋਣ ਵੇਲੇ, ਕਈ ਉਸ ਨਾਲ ਬੜੇ ਗੁਸਤਾਖ਼ ਹੋ ਜਾਂਦੇ ਹਨ। ਅਜਿਹਾ ਵਿਹਾਰ ਮਾਨਸਿਕ ਗਰੀਬੀ ਦਾ ਲੱਛਣ ਹੁੰਦਾ ਹੈ।

ਕਈ ਬੇਨਾਮ ਚਿੱਠੀਆਂ ਹੀ ਲਿਖਣ ਦੇ ਮਾਹਿਰ ਹੁੰਦੇ ਹਨ। ਬੇਨਾਮ ਚਿੱਠੀਆਂ ਦਾ ਉਦੇਸ਼ ਕੇਵਲ ਅਤੇ ਕੇਵਲ ਅਪਮਾਨ ਕਰਨਾ ਹੁੰਦਾ ਹੈ।

ਜਿਹੜਾ ਸਮਾਜ ਮਨੁੱਖ ਨੂੰ ਚੰਗਾ ਵਿਹਾਰ ਕਰਨਾ ਨਹੀਂ ਸਿਖਾਉਂਦਾ, ਉਹ ਸਮਾਜ ਗਰੀਬ ਅਤੇ ਪੱਛੜਿਆ ਹੀ ਰਹਿੰਦਾ ਹੈ।

ਅਜਿਹੇ ਸਮਾਜ ਦੇ ਲੋਕਾਂ ਨੂੰ ਜ਼ਿੰਦਗੀ ਉਹੀ ਮੌਕੇ ਦਿੰਦੀ ਹੈ, ਜਿਨ੍ਹਾਂ ਨੂੰ ਚੰਗੇ ਵਿਹਾਰ ਵਾਲੇ ਸਮਾਜਾਂ ਨੇ, ਨੀਵੇਂ ਸਮਝ ਕੇ ਤਿਆਗਿਆ ਹੁੰਦਾ ਹੈ।

ਗਰੀਬ, ਅਨਪੜ੍ਹ ਅਤੇ ਪੱਛੜੇ ਵਿਅਕਤੀ ਕੋਲ ਸੰਸਾਰ ਦਾ ਵਿਸ਼ਾਲ ਸੰਕਲਪ ਨਹੀਂ ਹੁੰਦਾ, ਉਸ ਵਿਚ ਪਰਿਵਰਤਨ ਦੀ ਸੋਝੀ ਅਤੇ ਹਿੰਮਤ ਵੀ ਨਹੀਂ ਹੁੰਦੀ।

ਉਸ ਨੂੰ ਪਤਾ ਹੀ ਨਹੀਂ ਲੱਗਦਾ ਕਿ ਬਾਕੀ ਸੰਸਾਰ ਵਿਚ ਕੀ ਹੋ ਰਿਹਾ ਹੈ, ਉਹ ਜਾਣ ਹੀ ਨਹੀਂ ਸਕਦਾ ਕਿ ਚੰਗੇ ਵਿਹਾਰ ਦੇ ਕੀ ਲਾਭ ਹੁੰਦੇ ਹਨ।

ਚੰਗੇ ਵਿਹਾਰ ਤੋਂ ਬਿਨਾਂ ਅਜੋਕੇ ਸੰਸਾਰ ਵਿਚ ਮਨੁੱਖ ਦਾ ਗੁਜ਼ਾਰਾ ਸੰਭਵ ਨਹੀਂ

ਹੈ। ਚੰਗਾ ਵਿਹਾਰ ਇਸ ਲਈ ਲੋੜੀਂਦਾ ਅਤੇ ਜ਼ਰੂਰੀ ਹੈ ਕਿਉਂਕਿ ਹਰ ਕੋਈ ਸਮਾਜਿਕ ਅਤੇ ਆਰਥਿਕ ਪੱਖੋਂ ਵੀ ਸਫਲ ਹੋਣਾ ਚਾਹੁੰਦਾ ਹੈ।

ਇਤਿਹਾਸਕ ਦ੍ਰਿਸ਼ਟੀ ਤੋਂ ਜਿਸ ਦਿਨ ਮਨੁੱਖ ਨੇ ਜੰਗਲ ਤਿਆਗਿਆ, ਉਸੇ ਦਿਨ ਸਮਾਜਿਕ ਜੀਵਨ ਦਾ ਅਰੰਭ ਹੋਇਆ ਅਤੇ ਮਨੁੱਖ ਪਰਿਵਾਰ, ਕਬੀਲੇ ਅਤੇ ਸਮਾਜ ਨੂੰ ਉਸਾਰਨ ਦੇ ਰਾਹ ਪਿਆ।

ਇਸ ਪ੍ਰਕਿਰਿਆ ਵਿਚ ਉਹ ਜੀਵਨ ਦੇ ਹਰ ਖੇਤਰ ਵਿਚ, ਵਰਤੋਂ-ਵਿਹਾਰ ਦੇ ਨੇਮ ਸਥਾਪਤ ਕਰਦਾ ਹੋਇਆ, ਵਿਕਾਸ ਕਰਦਾ ਗਿਆ ਹੈ।

ਹੁਣ ਅਸੀਂ ਜਦੋਂ ਵੀ ਕਿਸੇ ਦੇ ਸੰਪਰਕ ਵਿਚ ਆਉਂਦੇ ਹਾਂ ਤਾਂ ਸਾਡੇ ਵਿਚਕਾਰ ਸੁਨੇਹਿਆਂ ਜਾਂ ਵਸਤਾਂ ਦਾ ਵਟਾਂਦਰਾ ਹੁੰਦਾ ਹੈ।

ਵਰਤੋਂ-ਵਿਹਾਰ ਦੇ ਸੁਖਾਲੇ ਨੇਮਾਂ ਕਾਰਨ, ਵਟਾਂਦਰੇ ਦੇ ਸੁਖਾਵੇਂ ਹੋਣ ਨਾਲ ਵਿਕਾਸ ਵਾਪਰਦਾ ਹੈ ਅਤੇ ਵਿਰੋਧ ਅਤੇ ਵੱਖਰੇਵੇਂ ਦੁਸ਼ਮਣੀ ਜਾਂ ਲੜਾਈ ਨਹੀਂ ਬਣਦੇ, ਸਗੋਂ ਇਨ੍ਹਾਂ ਨਾਲ ਨਵੀਆਂ ਸੰਭਾਵਨਾਵਾਂ ਅਤੇ ਸਾਂਝਾਂ ਉਪਜਦੀਆਂ ਹਨ।

ਵਰਤੋਂ-ਵਿਹਾਰ ਦਾ ਅਰਥ ਹੈ: ਦੂਜੇ ਦਾ ਮਹੱਤਵ ਪਛਾਣ ਕੇ, ਆਪਣਾ ਅਤੇ ਉਸ ਦਾ ਧਿਆਨ ਰੱਖ ਕੇ, ਸਾਂਝੀ ਭਲਾਈ ਦੇ ਉਦੇਸ਼ ਨਾਲ ਵਰਤਾਓ ਕਰਨਾ। ਸੰਖੇਪ ਵਿਚ ਚੰਗੇ ਵਿਹਾਰ ਦਾ ਅਰਥ ਹੈ: ਸਰਬ-ਪ੍ਰਵਾਨਿਤ ਅਤੇ ਸੁਖਾਵਾਂ ਵਿਹਾਰ।

ਮਨੁੱਖ ਨੇ ਆਪਣੇ ਅਨੁਭਵ ਨਾਲ ਸਿੱਖਿਆ ਹੈ ਕਿ ਹੋਰਾਂ ਨਾਲ ਸਹਿਯੋਗ ਕਰਨ ਅਤੇ ਹੋਰਾਂ ਦੇ ਸਹਿਯੋਗ ਨੂੰ ਪ੍ਰਾਪਤ ਕਰਨ ਨਾਲ ਜੀਵਨ ਵਧੇਰੇ ਉਪਯੋਗੀ, ਸੁਰੱਖਿਅਤ ਅਤੇ ਮਾਣਨਯੋਗ ਬਣਦਾ ਹੈ। ਆਪਣੇ ਤਜਰਬੇ ਨਾਲ ਮਨੁੱਖ ਨੇ ਇਹ ਵੀ ਸਿੱਖਿਆ ਹੈ ਕਿ ਸੁਖਾਵੇਂ, ਸਾਵੇਂ ਅਤੇ ਉਸਾਰੂ ਮੁਕਾਬਲੇ ਨਾਲ ਸਾਰਿਆਂ ਵਿਚ ਵਿਕਾਸ ਵਾਪਰਦਾ ਹੈ ਅਤੇ ਹਰ ਕਿਸੇ ਨੂੰ ਲਾਭ ਹੁੰਦਾ ਹੈ।

ਵਰਤੋਂ-ਵਿਹਾਰ ਦੀ ਮੁੱਢਲੀ ਜਾਚ ਅਸੀਂ ਪਰਿਵਾਰ ਵਿਚ ਸਿੱਖਦੇ ਹਾਂ, ਜਿੱਥੇ ਮਾਂ ਬੱਚਿਆਂ ਨੂੰ ਸਹਿਯੋਗ ਦੇਣਾ ਅਤੇ ਲੈਣਾ ਸਿਖਾਉਂਦੀ ਹੈ ਅਤੇ ਪਿਤਾ ਚੰਗੀ ਕਾਰਗੁਜ਼ਾਰੀ ਅਤੇ ਮੁਕਾਬਲੇ ਰਾਹੀਂ ਅੱਗੇ ਵੱਧ ਕੇ ਵਿਕਾਸ ਕਰਨਾ ਸਿਖਾਉਂਦਾ ਹੈ।

ਸਹਿਯੋਗ ਅਤੇ ਮੁਕਾਬਲਾ ਜ਼ਿੰਦਗੀ ਦੇ ਦੋ ਬੁਨਿਆਦੀ ਆਧਾਰ ਹਨ। ਅਸੀਂ ਜਦੋਂ ਵੀ ਕਿਸੇ ਨੂੰ ਮਿਲਦੇ ਹਾਂ ਤਾਂ ਸਭ ਤੋਂ ਪਹਿਲਾਂ ਇਹ ਫੈਸਲਾ ਹੁੰਦਾ ਹੈ ਕਿ ਉਸ ਨੂੰ ਸਹਿਯੋਗ ਦੇਣਾ ਹੈ ਜਾਂ ਮੁਕਾਬਲਾ ਕਰਨਾ ਹੈ। ਸਹਿਯੋਗ ਦੌਰਾਨ ਸਹਿਯੋਗ ਵਾਲੇ ਅਤੇ ਮੁਕਾਬਲੇ ਦੌਰਾਨ ਮੁਕਾਬਲੇ ਵਾਲੇ ਨੇਮ ਲਾਗੂ ਹੁੰਦੇ ਹਨ।

ਜੇ ਨੇਮਾਂ ਅਨੁਸਾਰ ਵਿਹਾਰ ਕੀਤਾ ਜਾਵੇ ਤਾਂ ਸਮੁੱਚਾ ਸਮਾਜ ਲਾਭ ਉਠਾਉਂਦਾ ਹੈ।

ਚੰਗਾ ਵਿਹਾਰ ਹਰੇਕ ਖੇਤਰ ਵਿਚ ਚੰਗੀ ਸਭਿਅਤਾ, ਉਸਾਰੂ ਸਮਾਜ ਅਤੇ ਉਦਾਰ ਸਭਿਆਚਾਰ ਦਾ ਸਬੂਤ ਹੁੰਦਾ ਹੈ। ਬਾਦਸ਼ਾਹੀ ਜਾਂ ਆਪਣੀ ਹਕੂਮਤ ਤੋਂ ਬਿਨਾਂ ਨਾ ਸਭਿਅਤਾ ਦੀ ਉਸਾਰੀ ਹੁੰਦੀ ਹੈ, ਨਾ ਹੀ ਰੱਖਿਆ।

ਚੰਗਾ ਵਰਤੋਂ-ਵਿਹਾਰ, ਉਨ੍ਹਾਂ ਸਮਾਜਾਂ ਵਿਚ ਹੀ ਮਿਲਦਾ ਹੈ, ਜਿਨ੍ਹਾਂ ਨੂੰ ਲੰਮਾ ਅਰਸਾ ਆਪ ਰਾਜ ਕਰਨ ਅਤੇ ਅਜ਼ਾਦੀ ਮਾਣਨ ਦਾ ਅਵਸਰ ਮਿਲਿਆ ਹੋਵੇ।

ਆਪਣੇ ਦੇਸ਼ ਵਿਚ ਸਾਨੂੰ ਕਈ ਸਦੀਆਂ ਗੁਲਾਮੀ ਹੰਢਾਉਣੀ ਪਈ ਹੈ। ਸਾਨੂੰ ਆਪ ਰਾਜ ਕਰਨ ਦਾ ਅਵਸਰ ਨਹੀਂ ਮਿਲਿਆ ਅਤੇ ਹਾਕਮਾਂ ਦਾ ਵਰਤੋਂ-ਵਿਹਾਰ ਅਸੀਂ ਅਪਣਾਇਆ ਨਹੀਂ। ਜਿਸ ਕਾਰਨ ਲੰਮਾ ਅਰਸਾ ਕਿਸੇ ਚੰਗੀ ਜੀਵਨ-ਜਾਚ ਤੋਂ ਵਿਰਵੇ ਰਹਿਣ ਕਾਰਨ ਸਾਡੀ ਜੀਵਨ-ਪੱਧਰ ਨੀਵੀਂ ਹੀ ਰਹੀ ਹੈ ਅਤੇ ਵਰਤੋਂ-ਵਿਹਾਰ ਦੀ ਅਣਦੇਖੀ ਹੋਣ ਕਾਰਨ ਆਰਥਿਕ ਮੰਦਹਾਲੀ ਦਾ ਦੌਰ ਹੀ ਰਿਹਾ ਹੈ।

ਕੁਝ ਖੇਤਰਾਂ ਵਿਚ, ਅਸੀਂ ਆਪਣੇ ਧਾਰਮਿਕ ਸਥਾਨਾਂ ਵਾਲਾ ਵਰਤੋਂ-ਵਿਹਾਰ ਅਪਣਾ ਕੇ ਕੰਮ ਭਾਵੇਂ ਚਲਾਉਂਦੇ ਰਹੇ ਹਾਂ ਪਰ ਆਪਣੀ ਕੋਈ ਨਿਵੇਕਲੀ ਅਤੇ ਮਾਣ ਕਰਨਯੋਗ ਪਛਾਣ ਅਸੀਂ ਉਸਾਰ ਨਹੀਂ ਸਕੇ।

ਅਜੋਕੇ ਸੰਸਾਰ ਵਿਚ ਅਸੀਂ ਕਿਸੇ ਪ੍ਰਾਂਤ ਜਾਂ ਦੇਸ਼ ਦੇ ਵਾਸੀ ਨਹੀਂ, ਅਸੀਂ ਹੁਣ ਸਮੁੱਚੇ ਸੰਸਾਰ ਦੇ ਨਾਗਰਿਕ ਹਾਂ। ਅਸੀਂ ਮੁਕਾਬਲੇ ਵਾਲੇ ਸੰਸਾਰ ਵਿਚ ਰਹਿ ਰਹੇ ਹਾਂ, ਜਿੱਥੇ ਉਲੰਪਿਕਸ ਵਾਂਗ, ਸਾਡਾ ਅਤੇ ਹਰੇਕ ਦੇਸ਼ ਦਾ ਸਾਰੀ ਦੁਨੀਆਂ ਨਾਲ ਮੁਕਾਬਲਾ ਹੈ ਅਤੇ ਸਾਰੀ ਦੁਨੀਆਂ ਇਹ ਮੁਕਾਬਲਾ ਵੇਖ ਰਹੀ ਹੈ।

ਅਜੋਕੇ ਸੰਸਾਰ ਦਾ ਮੁੱਖ ਵਰਤਾਰਾ ਵਪਾਰ ਹੈ। ਵਪਾਰਕ ਲਾਭ, ਕੁਸ਼ਲਤਾ ਅਤੇ ਚੰਗੇ ਵਰਤੋਂ-ਵਿਹਾਰ ਦੇ ਘੇਰੇ ਵਿਚ ਰਹਿ ਕੇ ਹੀ ਸੰਭਵ ਹੁੰਦਾ ਹੈ। ਹੁਣ ਹਰ ਚੀਜ਼ ਦਾ ਮੁੱਲ ਪਾਉਣ ਤੋਂ ਪਹਿਲਾਂ, ਉਹ ਨਿਰਖੀ-ਪਰਖੀ ਜਾਂਦੀ ਹੈ।

ਹੁਣ ਵਪਾਰ ਵਿਚ ਸਭ ਤੋਂ ਵਧੀਆ ਵਸਤ ਹੀ ਟਿਕੇਗੀ। ਵਧੀਆ ਸਾਮਾਨ ਵੇਚਣ ਵਾਲਿਆਂ ਦਾ ਵਿਹਾਰ ਵੀ ਚੰਗਾ ਹੋਣਾ ਲਾਜ਼ਮੀ ਹੈ।

ਵਪਾਰ ਵਾਸਤਵ ਵਿਚ ਵਪਾਰੀਆਂ ਅਤੇ ਗਾਹਕਾਂ ਵਿਚਕਾਰ ਖੇਡੀ ਜਾਣ ਵਾਲੀ ਖੇਡ ਹੁੰਦੀ ਹੈ, ਇਹ ਖਿਡਾਰੀਆਂ ਵਾਂਗ ਹੀ ਖੇਡੀ ਜਾਣੀ ਚਾਹੀਦੀ ਹੈ।

ਹੁਣ ਸਾਰੀਆਂ ਦੁਕਾਨਾਂ 'ਤੇ ਲਗਭਗ ਇਕੋ ਜਿਹੀਆਂ ਚੀਜ਼ਾਂ ਮਿਲਦੀਆਂ ਹਨ, ਸੋ ਸਫਲ ਵਪਾਰ ਦੀ ਪਹਿਲੀ ਲੋੜ ਵਪਾਰੀ ਦਾ ਚੰਗਾ ਵਿਹਾਰ ਹੁੰਦੀ ਹੈ।

ਇਕ ਬਜ਼ਾਰ ਵਿਚ ਦੋ ਭਰਾਵਾਂ ਦੀਆਂ ਇਕੋ ਜਿਹੇ ਸਾਮਾਨ ਵਾਲੀਆਂ ਦੋ ਦੁਕਾਨਾਂ ਸਨ, ਇਕ ਖ਼ੂਬ ਚੱਲਦੀ ਸੀ, ਦੂਜੀ ਨਹੀਂ ਸੀ ਚੱਲਦੀ। ਜਿਸ ਭਰਾ ਦੀ ਦੁਕਾਨ ਚੱਲਦੀ ਸੀ, ਉਹ ਇਕ ਦਿਨ ਦੂਜੇ ਭਰਾ ਦੀ ਦੁਕਾਨ 'ਤੇ, ਉਸ ਦੀ ਦੁਕਾਨ ਦੇ ਨਾ ਚੱਲਣ ਦਾ ਕਾਰਨ ਜਾਣਨ ਲਈ ਬੈਠ ਗਿਆ। ਇਤਨੇ ਵਿਚ ਇਕ ਗਾਹਕ ਨੇ ਆ ਕੇ ਪੰਜ ਕਿਲੋ ਚੀਨੀ ਮੰਗੀ ਪਰ ਅਸਫਲ ਦੁਕਾਨਦਾਰ-ਭਰਾ ਇਕ ਵੱਡੇ ਲਿਫ਼ਾਫ਼ੇ ਵਿਚ ਲਗਭਗ ਸੱਤ ਕਿਲੋ ਚੀਨੀ ਪਾ ਕੇ ਤੋਲਣ ਲੱਗ ਪਿਆ ਅਤੇ ਵਾਧੂ ਚੀਨੀ ਕੱਢਣ ਲੱਗ ਪਿਆ। ਜਦੋਂ ਉਸ ਨੇ ਲਿਫ਼ਾਫ਼ੇ ਵਿਚੋਂ ਕਈ ਵਾਰ ਚੀਨੀ ਕੱਢੀ ਤਾਂ ਗਾਹਕ ਬੋਲ ਪਿਆ: ਹੁਣ ਬਸ ਵੀ ਕਰ, ਤੂੰ ਤਾਂ ਕੱਢੀ ਹੀ ਜਾ ਰਿਹਾ ਹੈਂ।

ਸਫਲ ਦੁਕਾਨਦਾਰ-ਭਰਾ ਨੇ ਕਿਹਾ: ਤੂੰ ਇਹੀ ਗਲਤੀ ਕਰਦਾ ਹੈਂ। ਜੇ ਗਾਹਕ ਨੇ ਪੰਜ ਕਿਲੋ ਚੀਨੀ ਮੰਗੀ ਹੈ ਤਾਂ ਲਿਫ਼ਾਫ਼ੇ ਵਿਚ ਚਾਰ ਸਾਢੇ-ਚਾਰ ਕਿਲੋ ਪਾ ਕੇ ਤੋਲ ਅਤੇ ਜਦੋਂ ਪੰਜ ਕਿਲੋ ਪੂਰੀ ਕਰਨ ਵਾਸਤੇ ਤੂੰ ਲਿਫ਼ਾਫ਼ੇ ਵਿਚ ਹੋਰ ਚੀਨੀ ਪਾਵੇਂਗਾ ਤਾਂ ਗਾਹਕ ਨੂੰ ਲੱਗੇਗਾ ਕਿ ਉਸ ਨੂੰ ਵੱਧ ਚੀਨੀ ਮਿਲ ਰਹੀ ਹੈ। ਜੇ ਤੂੰ ਭਰੇ ਹੋਏ ਲਿਫ਼ਾਫ਼ੇ ਵਿਚੋਂ ਚੀਨੀ ਕੱਢੇਂਗਾ ਤਾਂ ਗਾਹਕ ਨੂੰ ਲੱਗੇਗਾ ਕਿ ਤੂੰ ਉਸ ਦੀ ਚੀਨੀ

ਨੂੰ ਘਟਾ ਰਿਹਾ ਹੈ। ਗਾਹਕ ਕੋਲ ਚੀਨੀ ਤਾਂ ਦੋਵੇਂ ਢੰਗਾਂ ਨਾਲ ਪੰਜ ਕਿਲੋ ਹੀ ਜਾਵੇਗੀ ਪਰ ਉਸਦੀ ਤਸੱਲੀ, ਦੋ ਵੱਖਰੇ ਢੰਗਾਂ ਕਾਰਨ ਵੱਖਰੀ ਹੋਵੇਗੀ।

ਗਾਹਕ ਨਾਲ ਉਵੇਂ ਵਿਹਾਰ ਕਰਨਾ ਹੈ, ਜਿਵੇਂ ਉਸ ਨੂੰ ਚੰਗਾ ਲੱਗੇ।

ਸਫਲ ਵਪਾਰ ਦਾ ਇਹ ਨੇਮ ਹੈ ਕਿ ਗਾਹਕ ਚੀਜ਼ ਖਰੀਦੇ, ਨਾ ਖਰੀਦੇ, ਦੁਕਾਨਦਾਰ ਦਾ ਚੰਗਾ ਵਿਹਾਰ ਗਾਹਕ ਦਾ ਅਧਿਕਾਰ ਹੁੰਦਾ ਹੈ।

ਗਾਹਕ ਜੋ ਕੁਝ ਖਰੀਦਣ ਆਉਂਦਾ ਹੈ, ਉਸ ਨੇ ਉਹ ਕੁਝ ਹੀ ਨਹੀਂ ਖਰੀਦਣਾ ਹੁੰਦਾ, ਉਸ ਨੇ ਉਸ ਵਪਾਰੀ ਦਾ ਪੱਕਾ ਗਾਹਕ ਵੀ ਬਣਨਾ ਹੁੰਦਾ ਹੈ।

ਗਾਹਕ ਆਵੇਗਾ ਤਾਂ ਪਿੱਛੇ-ਪਿੱਛੇ ਮੁਨਾਫ਼ਾ ਵੀ ਆਵੇਗਾ। ਸੰਤੁਸ਼ਟ ਗਾਹਕ ਦੱਸ ਵਿਅਕਤੀਆਂ ਨੂੰ ਆਪਣਾ ਅਨੁਭਵ ਦੱਸਦਾ ਹੈ, ਜਦੋਂ ਕਿ ਅਸੰਤੁਸ਼ਟ ਗਾਹਕ ਤੀਹ ਵਿਅਕਤੀਆਂ ਨਾਲ ਆਪਣਾ ਕੌੜਾ ਅਨੁਭਵ ਸਾਂਝਾ ਕਰਦਾ ਹੈ।

ਘੱਟ ਤੋਲਣ ਵਾਲੇ, ਮਿਲਾਵਟ ਕਰਨ ਵਾਲੇ ਅਤੇ ਬੇਈਮਾਨੀ ਕਰਨ ਵਾਲੇ, ਗਾਹਕਾਂ ਦੀ ਅਸੰਤੁਸ਼ਟਤਾ ਕਾਰਨ, ਵੱਡੇ ਵਪਾਰੀ ਨਹੀਂ ਬਣਦੇ।

ਵੱਡੀਆਂ ਕੰਪਨੀਆਂ, ਆਪਣੇ ਚੰਗੇ ਮਾਲ ਅਤੇ ਚੰਗੇ ਵਿਹਾਰ ਕਾਰਨ ਵੱਡੀਆਂ ਬਣਦੀਆਂ ਹਨ। ਭੈੜਾ ਵਿਹਾਰ ਕਿਸੇ ਵੀ ਪੱਖੋਂ ਕਿਸੇ ਦੀ ਪਸੰਦ ਨਹੀਂ ਬਣਦਾ।

ਚੰਗੇ ਲਿਬਾਸ ਦਾ ਪ੍ਰਭਾਵ ਪੈਂਦਾ ਹੈ, ਨੀਵੀਂ ਅਵਾਜ਼ ਦੀ ਤਾਕਤ ਹੁੰਦੀ ਹੈ।

ਮਨੁੱਖ ਦਾ ਵਿਹਾਰ ਕੇਵਲ ਲਾਭ-ਹਾਨੀ ਨਾਲ ਹੀ ਸੰਬੰਧਤ ਨਹੀਂ ਹੁੰਦਾ।

ਚੰਗਾ ਲਿਬਾਸ, ਸੋਹਣੀ ਲਿਖਾਈ, ਚੰਗੀ ਸਿਹਤ ਸਭ ਥਾਂਵਾਂ 'ਤੇ ਆਪ-ਮੁਹਾਰੇ ਸਤਿਕਾਰ ਪ੍ਰਾਪਤ ਕਰਦੀ ਹੈ। ਚੰਗਾ ਵਿਹਾਰ, ਬੰਦ ਬੂਹੇ ਖੋਲ੍ਹਦਾ, ਨਵੇਂ ਰਿਸ਼ਤੇ ਸਿਰਜਦਾ ਅਤੇ ਕਾਮਯਾਬੀ ਦਾ ਵਾਤਾਵਰਣ ਉਸਾਰਦਾ ਹੈ।

ਚੰਗਾ ਦੁਕਾਨਦਾਰ ਉਹ ਹੁੰਦਾ ਹੈ, ਜਿੱਥੋਂ ਗਾਹਕ ਇਕ ਚੀਜ਼ ਖਰੀਦਣ ਜਾਵੇ ਅਤੇ ਉਸ ਮਗਰੋਂ ਹਰ ਚੀਜ਼ ਉਥੋਂ ਖਰੀਦਣ ਲੱਗ ਪਏ।

ਚੰਗਾ ਸਕੂਲ ਉਹ ਹੁੰਦਾ ਹੈ, ਜਿੱਥੇ ਪਿਤਾ ਆਪ ਪੜ੍ਹਿਆ ਹੋਵੇ ਅਤੇ ਆਪਣੇ ਬੱਚਿਆਂ ਨੂੰ ਵੀ ਮਾਣ ਨਾਲ, ਉਸੇ ਸਕੂਲ ਵਿਚ ਦਾਖਲ ਕਰਵਾਏ।

ਚੰਗੇ ਵਰਤੋਂ-ਵਿਹਾਰ ਅਤੇ ਅਸੂਲ ਵਾਲਾ ਅਦਾਰਾ, ਕੰਪਨੀ ਜਾਂ ਵਿਅਕਤੀ, ਡੂੰਘੇ ਸੰਕਟ ਵਿਚ ਹੋਣ ਦੇ ਬਾਵਜੂਦ ਹਰਮਨ ਪਿਆਰਾ ਬਣਿਆ ਰਹਿੰਦਾ ਹੈ ਅਤੇ ਆਪਣੇ ਚੰਗੇ ਵਿਹਾਰ ਦੀ ਤਾਕਤ ਨਾਲ, ਮੁੜ ਲੀਹ ਉੱਤੇ ਆ ਜਾਂਦਾ ਹੈ।

ਦੂਜੇ ਵਿਸ਼ਵਯੁੱਧ ਦੌਰਾਨ ਭਾਰਤ ਦੀ ਇਕ ਪ੍ਰਸਿੱਧ ਕੰਪਨੀ ਜਰਮਨੀ ਤੋਂ ਆਯਾਤ ਕੀਤੇ ਜਨਰੇਟਰ ਵੇਚਦੀ ਸੀ ਪਰ ਸਪਲਾਈ ਘੱਟਦੀ-ਘੱਟਦੀ ਆਖ਼ਰ ਬੰਦ ਹੀ ਹੋ ਗਈ ਸੀ। ਹੋਰ ਕੰਪਨੀਆਂ ਸਪਲਾਈ ਦੇ ਘਟਣ ਦੌਰਾਨ, ਜਨਰੇਟਰ ਦੁਗਣੀ-ਤਿਗਣੀ ਕੀਮਤ 'ਤੇ ਵੇਚਣ ਲੱਗ ਪਈਆਂ ਸਨ ਪਰ ਇਸ ਪ੍ਰਸਿੱਧ ਕੰਪਨੀ ਦੇ ਮਾਲਕਾਂ ਨੇ ਪਹਿਲੇ ਵਾਲੀ ਸਹੀ ਕੀਮਤ 'ਤੇ ਹੀ ਜਨਰੇਟਰ ਵੇਚਣੇ ਜਾਰੀ ਰੱਖੇ।

ਸਪਲਾਈ ਬੰਦ ਹੋਣ ਕਰਕੇ ਇਹ ਕੰਪਨੀ ਕੰਗਾਲ ਹੋ ਗਈ ਪਰ ਯੁੱਧ ਉਪਰੰਤ ਜਦੋਂ ਜਨਰੇਟਰਾਂ ਦੀ ਸਪਲਾਈ ਬਹਾਲ ਹੋਈ ਤਾਂ ਦੁਗਣੀ-ਤਿਗਣੀ ਕੀਮਤ 'ਤੇ

ਵੇਚਣ ਵਾਲੀਆਂ ਕੰਪਨੀਆਂ ਬੰਦ ਹੋ ਗਈਆਂ ਪਰੰਤੂ ਚੰਗੇ ਵਿਹਾਰ ਕਾਰਨ, ਇਸ ਕੰਪਨੀ ਦਾ ਵਪਾਰ ਇਸ ਹੱਦ ਤੱਕ ਵੱਧ ਗਿਆ ਕਿ ਪਹਿਲਾਂ ਇਸ ਨੇ ਜਰਮਨ ਭਾਈਵਾਲੀ ਨਾਲ ਜਨਰੇਟਰ ਬਣਾਏ ਅਤੇ ਫਿਰ ਇਹ ਕੰਪਨੀ ਆਪਣੇ ਜਨਰੇਟਰ ਬਣਾਉਣ ਲੱਗ ਪਈ। ਹੁਣ ਇਸ ਦੇ ਜਨਰੇਟਰ ਸੱਠ ਦੇਸ਼ਾਂ ਵਿਚ ਪਹਿਲੀ ਪਸੰਦ ਹਨ।

ਬਹੁਤ ਮਹਿੰਗੀਆਂ ਕਾਰਾਂ ਅਤੇ ਸਾਮਾਨ ਵੇਚਣ ਵਾਲੀਆਂ ਕੰਪਨੀਆਂ ਆਪਣੇ ਸ਼ੋਅ-ਰੂਮਾਂ ਦੀ ਦਿਖ ਅਤੇ ਵਾਤਾਵਰਣ ਅਜਿਹਾ ਬਣਾਉਂਦੀਆਂ ਹਨ ਕਿ ਸਧਾਰਨ ਵਸੀਲਿਆਂ ਵਾਲਾ ਗਾਹਕ ਆ ਕੇ ਕੰਪਨੀ ਦਾ ਸਮਾਂ ਖ਼ਰਾਬ ਨਾ ਕਰੇ ਅਤੇ ਆਪ ਨਿਰਾਸ਼ਾ ਦਾ ਸ਼ਿਕਾਰ ਨਾ ਹੋਵੇ ਪਰ ਫਿਰ ਵੀ ਜਿਹੜੇ ਸਧਾਰਨ ਗਾਹਕ ਸ਼ੋਅ-ਰੂਮਾਂ ਵਿਚ ਆ ਜਾਂਦੇ ਹਨ, ਉਨ੍ਹਾਂ ਨਾਲ ਕੰਪਨੀ ਦੀ ਚੰਗੀ ਮਰਯਾਦਾ ਅਨੁਸਾਰ, ਇਨ੍ਹਾਂ ਨੂੰ ਭਵਿੱਖ ਦੇ ਗਾਹਕ ਮੰਨ ਕੇ, ਬੜੇ ਸਲੀਕੇ ਵਾਲਾ ਵਿਹਾਰ ਕੀਤਾ ਜਾਂਦਾ ਹੈ।

ਰਿਸ਼ਤੇਦਾਰਾਂ ਨਾਲ ਵਿਗੜੀ ਹੋਣ ਦੇ ਬਾਵਜੂਦ ਜ਼ਿੰਦਗੀ ਗੁਜ਼ਾਰੀ ਜਾ ਸਕਦੀ ਹੈ ਪਰ ਗਵਾਂਢੀ ਨਾਲ ਵਿਗਾੜ ਕੇ ਜ਼ਿੰਦਗੀ ਸੌਖੀ ਨਹੀਂ ਹੋਵੇਗੀ।

ਚੰਗੇ ਵਰਤੋਂ-ਵਿਹਾਰ ਵਾਲਾ ਵਿਅਕਤੀ ਕਿਸੇ ਨਾਲ ਲੜਦਾ ਨਹੀਂ, ਕਿਸੇ ਨੂੰ ਆਪਣੇ ਨਾਲ ਲੜਨ ਨਹੀਂ ਦਿੰਦਾ। ਕਿਸੇ ਦੇ ਚੰਗੇ ਵਿਹਾਰ ਦੀ ਪਰਖ ਉਦੋਂ ਹੁੰਦੀ ਹੈ ਜਦੋਂ ਕੋਈ, ਸਭ ਦੇ ਸਾਹਮਣੇ ਉਸ ਦਾ ਅਪਮਾਨ ਕਰ ਰਿਹਾ ਹੋਵੇ।

ਸਾਰਿਆਂ ਦੇ ਸਾਹਮਣੇ ਗਾਲ੍ਹਾਂ ਖਾਣ ਵਾਲੇ ਪਰ ਸਲੀਕੇ ਵਾਲੇ ਇਕ ਵਿਅਕਤੀ ਨੇ, ਗਾਲ੍ਹਾਂ ਕੱਢਣ ਵਾਲੇ ਨੂੰ ਕਿਹਾ: ਮੁਆਫ਼ ਕਰਨਾ, ਤੁਹਾਡੀ ਤਬੀਅਤ ਠੀਕ ਨਹੀਂ ਲੱਗਦੀ, ਗੱਲਬਾਤ ਲਈ ਜਦੋਂ ਤੁਸੀਂ ਬੁਲਾਓਗੇ, ਮੈਂ ਫਿਰ ਆ ਜਾਵਾਂਗਾ ਪਰ ਜਦੋਂ ਉਸ ਨੂੰ ਹੋਰ ਗਾਲ੍ਹਾਂ ਸੁਣਨੀਆਂ ਪਈਆਂ ਤਾਂ ਉਸ ਨੇ ਕਿਹਾ: ਮੁਆਫ਼ ਕਰਨਾ, ਮੈਂ ਜਾਣਾ ਹੈ, ਮੇਰੇ ਕੋਲ ਤੁਹਾਡੀਆਂ ਗਾਲ੍ਹਾਂ ਦਾ ਜਵਾਬ ਦੇਣ ਦਾ ਸਮਾਂ ਨਹੀਂ ਹੈ ਅਤੇ ਇਹ ਕਹਿ ਕੇ ਉਹ ਉਥੋਂ ਸਹਿਜ-ਭਾਵ ਨਾਲ ਚਲਿਆ ਗਿਆ। ਉਸ ਨੇ ਭੈੜੇ ਵਿਹਾਰ ਦਾ ਭੈੜੇ ਵਿਹਾਰ ਨਾਲ ਜਵਾਬ ਦੇਣਾ, ਠੀਕ ਨਹੀਂ ਸੀ ਸਮਝਿਆ।

ਜੇ ਕਿਸੇ ਦਾ ਲਿਬਾਸ ਚੰਗਾ ਹੋਵੇ, ਦਿੱਖ ਰੋਅਬਦਾਰ ਹੋਵੇ, ਸ਼ਕਲ-ਸੂਰਤ ਵੀ ਚੰਗੀ ਹੋਵੇ ਅਤੇ ਉਹ ਪੜ੍ਹਿਆ ਲਿਖਿਆ ਵੀ ਪ੍ਰਤੀਤ ਹੋਵੇ ਤਾਂ ਅਜਿਹੇ ਵਿਅਕਤੀ ਦਾ ਭੈੜਾ ਵਿਹਾਰ, ਦੁੱਗਣਾ ਭੈੜਾ ਲੱਗਦਾ ਹੈ।

ਭੈੜਾ ਵਿਹਾਰ ਇਸ ਲਈ ਭੈੜਾ ਕਿਹਾ ਜਾਂਦਾ ਹੈ ਕਿਉਂਕਿ ਇਸ ਨਾਲ ਦੋਵੇਂ ਧਿਰਾਂ ਪਰੇਸ਼ਾਨ ਹੁੰਦੀਆਂ ਹਨ। ਅਕਸਰ ਅਪਮਾਨਿਤ ਵਿਅਕਤੀ ਨੂੰ ਜਦੋਂ ਵੀ ਮੌਕਾ ਮਿਲਦਾ ਹੈ, ਉਹ ਅਪਮਾਨ ਕਰਨ ਵਾਲੇ ਦੇ ਰਾਹ ਦਾ ਰੋੜਾ ਨਹੀਂ, ਪੱਥਰ ਬਣਦਾ ਹੈ।

ਅਧਿਆਪਕ ਜਾਂ ਡਾਕਟਰ ਦਾ ਭੈੜਾ ਵਿਹਾਰ ਸਮਾਜ ਸਹਿਣ ਨਹੀਂ ਕਰਦਾ।

ਕਈ ਵਿਅਕਤੀ ਹੋਰਾਂ ਦੀ ਝੱਟ ਬੇਇਜ਼ਤੀ ਕਰ ਦਿੰਦੇ ਹਨ।

ਕਈ ਬੜੇ ਯੋਗ ਅਤੇ ਕੁਸ਼ਲ ਵਿਅਕਤੀ, ਗਾਲ੍ਹਾਂ ਕੱਢਣ ਦੀ ਆਦਤ ਅਤੇ ਭੈੜੇ ਵਿਹਾਰ ਕਾਰਨ, ਪਿੱਛੇ ਰਹਿ ਜਾਂਦੇ ਹਨ ਅਤੇ ਉਨ੍ਹਾਂ ਤੋਂ ਛੋਟੇ ਅਤੇ ਘੱਟ ਯੋਗਤਾ ਵਾਲੇ, ਆਪਣੇ ਚੰਗੇ ਵਿਹਾਰ ਕਾਰਨ, ਅੱਗੇ ਲੰਘ ਜਾਂਦੇ ਹਨ।

ਮੁਸ਼ਕਿਲਾਂ ਹਰ ਕਿਸੇ ਦੀ ਜ਼ਿੰਦਗੀ ਵਿਚ ਆਉਂਦੀਆਂ ਹਨ ਪਰ ਅਨੇਕਾਂ ਆਪਣੇ ਭੈੜੇ ਵਿਹਾਰ ਕਾਰਨ, ਇਨ੍ਹਾਂ ਨੂੰ ਸੰਕਟ ਬਣਾ ਲੈਂਦੇ ਹਨ।

ਜਦੋਂ ਕੋਈ ਵਿਅਕਤੀ ਮੁਅੱਤਲ ਹੁੰਦਾ ਹੈ ਤਾਂ ਉਹ ਜਾਂਚ ਕਮੇਟੀ ਦੇ ਸਾਹਮਣੇ ਜੇ ਗੁਸਤਾਖ਼ੀ ਭਰੇ ਢੰਗ ਨਾਲ ਪੇਸ਼ ਆਵੇ ਤਾਂ ਉਸ ਲਈ ਅਕਸਰ ਸਖ਼ਤ ਸਜ਼ਾ ਤਜਵੀਜ਼ ਕੀਤੀ ਜਾਂਦੀ ਹੈ ਪਰ ਜੇ ਮੁਅੱਤਲ ਵਿਅਕਤੀ ਕਮੇਟੀ ਸਾਹਮਣੇ ਸਲੀਕੇ ਅਤੇ ਸਤਿਕਾਰ ਨਾਲ ਪੇਸ਼ ਆਵੇ ਤਾਂ ਕਮੇਟੀ ਅਜਿਹੇ ਵਿਅਕਤੀ ਨੂੰ, ਕੋਈ ਸਜ਼ਾ ਦੇਣ ਵਿਚ ਝਿਜਕਦੀ ਹੈ।

ਇਕ ਤਲਾਕ ਦੇ ਮੁਕੱਦਮੇ ਵਿਚ, ਇਕ ਪਤਨੀ, ਅਦਾਲਤ ਵਿਚ ਜੱਜ, ਵਕੀਲ ਅਤੇ ਆਪਣੇ ਪਤੀ ਨੂੰ ਜੋ ਕੁਝ ਭੈੜਾ ਅਤੇ ਗੰਦਾ ਕਿਹਾ ਜਾ ਸਕਦਾ ਸੀ, ਕਹਿ ਕੇ, ਗੁੱਸੇ ਵਿਚ ਅਦਾਲਤ ਵਿਚੋਂ ਬਾਹਰ ਨਿਕਲ ਗਈ।

ਉਸ ਸਮੇਂ ਪਤੀ ਨੇ ਜੱਜ ਨੂੰ ਮੁਖ਼ਾਤਬ ਹੋ ਕੇ, ਕੇਵਲ ਇਤਨਾ ਕਿਹਾ: ਜੱਜ ਸਾਹਿਬ, ਕੀ ਤੁਸੀਂ ਅਜਿਹੀ ਇਸਤਰੀ ਦਾ ਪਤੀ ਬਣਨਾ ਪਸੰਦ ਕਰੋਗੇ?

ਜਿਨ੍ਹਾਂ ਦਾ ਗੁਜ਼ਾਰਾ ਮੁਸ਼ਕਿਲ ਨਾਲ ਹੁੰਦਾ ਹੋਵੇ, ਉਹ ਆਪਣੀ ਜਾਂ ਕਿਸੇ ਹੋਰ ਦੀ ਇਜ਼ਤ ਦੀ ਪ੍ਰਵਾਹ ਨਹੀਂ ਕਰਦੇ। ਹਰ ਵੇਲੇ ਸ਼ਿਕਾਇਤਾਂ ਲਾਉਣ ਵਾਲੀ ਪਤਨੀ ਅਤੇ ਹਰ ਢੰਗ ਨਾਲ ਪਤਨੀ ਨੂੰ ਨਿੰਦਣ ਵਾਲਾ ਪਤੀ, ਚੰਗੇ ਮਾਪੇ ਨਹੀਂ ਬਣਦੇ।

ਘਰ ਭੋਜਨ ਅਤੇ ਆਰਾਮ ਲਈ ਹੁੰਦਾ ਹੈ, ਵਿਰੋਧ ਅਤੇ ਸੰਗ੍ਰਾਮ ਲਈ ਨਹੀਂ।

ਬੱਚੇ ਜਿਸ ਸਰੀਰਕ ਅਤੇ ਮਾਨਸਿਕ ਅਵਸਥਾ ਨਾਲ ਸਕੂਲ ਜਾਂਦੇ ਹਨ, ਉਸ ਅਨੁਸਾਰ ਹੀ ਉਹ ਜ਼ਿਮੇਵਾਰ ਜਾਂ ਲਾਪ੍ਰਵਾਹ, ਲਾਇਕ ਜਾਂ ਨਲਾਇਕ ਬਣਦੇ ਹਨ।

ਬੱਚਿਆਂ ਦੇ ਸਵੇਰੇ ਸਕੂਲ ਜਾਣ ਸਮੇਂ ਜੇ ਆਲਸੀ ਪਿਤਾ ਸੁੱਤਾ ਰਹੇ ਤਾਂ ਅਜਿਹੇ ਬੱਚੇ, ਪਿਤਾ ਦਾ ਕਿਹਾ ਨਹੀਂ ਮੰਨਣਗੇ। ਬੱਚਿਆਂ ਦੇ ਸਕੂਲ ਜਾਣ ਸਮੇਂ ਸੁੱਤਾ ਹੋਇਆ ਪਿਤਾ, ਬੜਾ ਭੈੜਾ ਅਤੇ ਲਾਪ੍ਰਵਾਹ ਲੱਗਦਾ ਹੈ।

ਸਕੂਲ ਦਾ ਮੁੱਖ ਕੰਮ ਤਾਂ ਸਿੱਖਿਆ ਦੇਣਾ ਹੁੰਦਾ ਹੈ ਪਰ ਜਿਹੜਾ ਸਕੂਲ ਕੇਵਲ ਸਿੱਖਿਆ ਹੀ ਦਿੰਦਾ ਹੈ ਅਤੇ ਸੁਖਾਵਾਂ ਅਤੇ ਚੰਗਾ ਵਰਤੋਂ-ਵਿਹਾਰ ਨਹੀਂ ਸਿਖਾਉਂਦਾ, ਉਹ ਚੰਗਾ ਸਕੂਲ ਨਹੀਂ ਕਿਹਾ ਜਾ ਸਕਦਾ।

ਭੈੜੇ ਅਧਿਆਪਕ ਆਪਸ ਵਿਚ ਵਿਦਿਆਰਥੀਆਂ ਸਾਹਮਣੇ ਲੜਦੇ ਹਨ ਅਤੇ ਵਿਦਿਆਰਥੀਆਂ ਨੂੰ ਆਪਣੀ ਲੜਾਈ ਦੇ ਭਾਈਵਾਲ ਬਣਾ ਕੇ, ਉਨ੍ਹਾਂ ਨੂੰ ਪੜ੍ਹਾਈ ਤੋਂ ਬੇਮੁਖ ਅਤੇ ਸਕੂਲ, ਕਾਲਜ ਨੂੰ ਬਦਨਾਮ ਕਰਦੇ ਹਨ।

ਹਰ ਵਿਅਕਤੀ ਆਪਣੇ ਘਰ ਵਿਚ ਮੇਜ਼ਬਾਨ ਅਤੇ ਹੋਰਾਂ ਦੇ ਘਰ ਵਿਚ ਮਹਿਮਾਨ ਹੁੰਦਾ ਹੈ। ਕੁਝ ਮਹਿਮਾਨ ਆ ਜਾਂਦੇ ਹਨ, ਬਹੁਤੇ ਬੁਲਾਏ ਜਾਂਦੇ ਹਨ। ਮਹਿਮਾਨ ਹੋਣ ਦੀ ਸੂਰਤ ਵਿਚ ਮੇਜ਼ਬਾਨ ਦੇ ਘਰ ਦਾ ਨਿਤਨੇਮ ਮੰਨਣਾ ਚਾਹੀਦਾ ਹੈ।

ਸਕੂਲ, ਹਸਪਤਾਲ, ਫੌਜ ਆਦਿ ਵਿਚ ਵਰਤੋਂ-ਵਿਹਾਰ ਦੇ ਨੇਮ ਹੁੰਦੇ ਵੀ ਸਖ਼ਤ ਹਨ ਅਤੇ ਇਹ ਲਾਗੂ ਵੀ ਸਖ਼ਤੀ ਨਾਲ ਕੀਤੇ ਜਾਂਦੇ ਹਨ।

ਜੇ ਤੁਹਾਨੂੰ ਕਿਸੇ ਸਮਾਗਮ 'ਤੇ ਸਤਿਕਾਰ ਅਤੇ ਸਨੇਹ ਨਾਲ ਬੁਲਾਇਆ

ਗਿਆ ਹਵੇ ਤਾਂ ਉਸ ਸਮਾਗਮ ਵਿਚ ਪ੍ਰਸੰਨ ਹੋ ਕੇ ਸਰਗਰਮ ਹੋਣ ਅਤੇ ਉਸ ਨੂੰ ਸਫਲ ਬਣਾਉਣ ਦੀ ਜ਼ਿਮੇਵਾਰੀ ਤੁਹਾਡੀ ਵੀ ਹੁੰਦੀ ਹੈ।

ਕਿਸੇ ਸਮਾਗਮ ਵਿਚ ਕੁਝ ਅਣਸੁਖਾਵਾਂ ਵਾਪਰਨ ਦੀਆਂ, ਰਿਸ਼ਤੇਦਾਰਾਂ ਨਾਲ ਬਾਰ-ਬਾਰ ਗੱਲਾਂ ਕਰਨੀਆਂ, ਚੰਗਾ ਵਿਹਾਰ ਨਹੀਂ ਮੰਨਿਆ ਜਾਂਦਾ।

ਕਿਸੇ ਸਮਾਗਮ ਵਿਚ ਆਪਣੇ ਸਕੂਲ, ਕਾਲਜ ਜਾਂ ਅਦਾਰੇ ਨੂੰ ਭੰਡਣਾ ਅਤੇ ਆਪਣੇ ਦੇਸ਼ ਨੂੰ ਨਿੰਦਣਾ ਭੈੜਾ ਵਿਹਾਰ ਹੁੰਦਾ ਹੈ।

ਕਿਸੇ ਵੀ ਥਾਂ ਜੇ ਤੁਹਾਡੀ ਠਹਿਰ ਲੋੜ ਨਾਲੋਂ, ਲੰਮੀ ਹੋ ਜਾਵੇਗੀ ਤਾਂ ਉਥੇ ਤੁਹਾਡੇ ਪ੍ਰਤੀ ਲਾਪ੍ਰਵਾਹੀ ਦਾ ਉਪਜਣਾ ਸੁਭਾਵਕ ਹੋਵੇਗਾ।

ਪ੍ਰੀਤੀ-ਭੋਜ ਸਮੇਂ ਵਰਤੋਂ-ਵਿਹਾਰ ਵਿਚ ਉਚੇਚ ਵੀ ਹੁੰਦਾ ਹੈ ਅਤੇ ਖੁੱਲ੍ਹ ਵੀ ਹੁੰਦੀ ਹੈ। ਇਸ ਰਾਹੀਂ ਕਿਸੇ ਨੂੰ ਆਪਣੇ ਘਰ ਬੁਲਾਉਣ ਅਤੇ ਕਿਸੇ ਵਲੋਂ ਆਪਣੇ ਘਰ ਬੁਲਾਏ ਜਾਣ ਦੀ ਪ੍ਰਸੰਨਤਾ ਮਾਣੀ ਜਾਂਦੀ ਹੈ। ਧਿਆਨ ਰਖੋ, ਜੇ ਮਹਿਮਾਨਾਂ ਨੂੰ ਦੁਪਹਿਰ ਦੇ ਖਾਣੇ 'ਤੇ ਬੁਲਾਓਗੇ ਤਾਂ ਉਨ੍ਹਾਂ ਨੂੰ ਜਾਣ ਦੀ ਕਾਹਲ ਹੋਵੇਗੀ।

ਕਿਸੇ ਪ੍ਰੀਤੀ-ਭੋਜ ਸਮੇਂ ਖਲੋ ਕੇ ਭੋਜਨ ਖਾਣ ਸਮੇਂ, ਲੋੜ ਪੈਣ 'ਤੇ, ਆਪਣੀ ਮਨਪਸੰਦ ਚੀਜ਼, ਦੂਜੀ-ਤੀਜੀ ਵਾਰ ਵੀ ਲਈ ਜਾ ਸਕਦੀ ਹੈ ਪਰ ਆਪਣੀ ਪਲੇਟ ਵਿਚ, ਮੁੱਢ ਵਿਚ ਹੀ ਤੌਸਲੇ ਜਿਤਨਾ ਸਾਮਾਨ ਪਾ ਲੈਣਾ ਚੰਗਾ ਵਿਹਾਰ ਨਹੀਂ ਹੋਵੇਗਾ ਕਿਉਂਕਿ ਇਹ ਬਦਤਮੀਜ਼ੀ ਦੀ ਹੀ ਨਿਸ਼ਾਨੀ ਹੁੰਦੀ ਹੈ।

ਅਜਿਹੇ ਮੌਕਿਆਂ 'ਤੇ ਕਿਸੇ ਨਾਲ ਬਹਿਸਣਾ ਕੁਚੱਜਾ ਵਿਹਾਰ ਹੁੰਦਾ ਹੈ।

ਸਮਾਜਿਕ ਸਮਾਗਮਾਂ ਵਿਚ ਮਹੱਤਵਪੂਰਨ ਮਹਿਮਾਨ ਬਹੁਤਾ ਬੈਠਦੇ ਨਹੀਂ ਅਤੇ ਬੈਠੇ ਰਹਿਣ ਵਾਲੇ ਮਹਿਮਾਨ ਮਹੱਤਵਪੂਰਨ ਨਹੀਂ ਹੁੰਦੇ।

ਸਮਾਗਮ ਕੋਈ ਹੋਵੇ, ਰੌਣਕ ਇਸਤਰੀਆਂ ਨਾਲ ਹੀ ਲੱਗਦੀ ਹੈ। ਸਮਾਗਮਾਂ 'ਤੇ ਇਸਤਰੀਆਂ ਨੂੰ ਜਾਣ ਦੇਣਾ ਅਤੇ ਲੈ ਜਾਣਾ ਚੰਗਾ ਫੈਸਲਾ ਹੀ ਸਾਬਤ ਹੁੰਦਾ ਹੈ।

ਇਸਤਰੀ-ਪੁਰਸ਼ ਵਿਚਕਾਰ ਬਰਾਬਰੀ ਦਾ ਸੰਕਲਪ ਬੜਾ ਚੰਗਾ ਹੈ ਪਰ ਬਰਾਬਰੀ ਕਿਧਰੇ ਲਾਗੂ ਨਹੀਂ ਹੁੰਦੀ। ਜੇ ਪਤੀ ਅਤੇ ਪਤਨੀ ਦੋਹਾਂ ਦੀਆਂ ਯੋਗਤਾਵਾਂ ਅਤੇ ਕਿੱਤੇ ਵੱਖਰੇ ਹਨ ਤਾਂ ਬਰਾਬਰੀ ਦੀ ਜ਼ਿੱਦ ਨਹੀਂ ਕਰਨੀ ਚਾਹੀਦੀ।

ਸਹੀ ਨੀਤੀ ਪਰਸਪਰ ਸਤਿਕਾਰ ਦੀ ਹੁੰਦੀ ਹੈ ਅਤੇ ਇਕ-ਦੂਜੇ ਦੇ ਕੰਮ ਨੂੰ ਘੱਟ ਮਹੱਤਵਪੂਰਨ ਸਮਝਣ ਨਾਲ ਸਮੱਸਿਆਵਾਂ ਉਪਜਣਗੀਆਂ। ਯਾਦ ਰੱਖਣਾ ਚਾਹੀਦਾ ਹੈ ਕਿ ਹਰ ਕਿਸੇ ਲਈ, ਆਪਣੇ ਕੰਮ ਜਾਂ ਰੋਜ਼ਗਾਰ ਦਾ ਮਹੱਤਵ ਹੁੰਦਾ ਹੈ, ਸੋ ਕਿਸੇ ਦੇ ਕੰਮ ਨੂੰ ਛੁਟਿਆਉਣਾ ਚੰਗੇ ਵਿਅਕਤੀ ਦਾ ਲੱਛਣ ਨਹੀਂ ਹੁੰਦਾ।

ਵਰਤੋਂ-ਵਿਹਾਰ ਦੇ ਅਨੇਕਾਂ ਖੇਤਰ ਹਨ ਪਰ ਸਭ ਤੋਂ ਵਧੇਰੇ ਧਿਆਨ ਦੇਣਯੋਗ ਅਤੇ ਧਿਆਨ ਖਿੱਚਣ ਵਾਲਾ ਖੇਤਰ, ਇਸਤਰੀ-ਪੁਰਸ਼ ਦਾ ਪਰਸਪਰ ਰਿਸ਼ਤਾ ਹੁੰਦਾ ਹੈ।

ਜਦੋਂ ਵਿਆਹ ਹੋ ਜਾਂਦਾ ਹੈ ਤਾਂ ਸਿਧਾਂਤ, ਪ੍ਰਯੋਗ ਬਣ ਜਾਂਦਾ ਹੈ ਅਤੇ ਕਲਪਨਾ, ਯਥਾਰਥ ਬਣ ਜਾਂਦੀ ਹੈ। ਇਕ-ਦੂਜੇ ਪ੍ਰਤੀ ਅਣਗਹਿਲੀ ਕਾਰਨ, ਜਦੋਂ ਪਤੀ-ਪਤਨੀ ਵਿਚਕਾਰ ਗੱਲ ਮੁਆਫ਼ੀਆਂ ਮੰਗਣ 'ਤੇ ਆ ਜਾਵੇ ਤਾਂ ਰਿਸ਼ਤੇ ਦੀ ਮਰਿਆਦਾ, ਖਿੱਚ ਅਤੇ ਆਪਸੀ ਨਿੱਘ ਮੁੱਕ ਜਾਂਦਾ ਹੈ।

ਪੁਰਸ਼ ਦਾ ਉਹ ਵਿਹਾਰ ਚੰਗਾ ਹੁੰਦਾ ਹੈ, ਜਿਹੜਾ ਇਸਤਰੀ ਨੂੰ ਵੀ ਪਸੰਦ ਆਵੇ। ਇਸਤਰੀ ਦਾ ਉਹ ਵਿਹਾਰ ਪਸੰਦ ਕੀਤਾ ਜਾਂਦਾ ਹੈ, ਜਿਹੜਾ ਪੁਰਸ਼ ਦੇ ਮਨ ਵਿਚ ਇਸਤਰੀ ਪ੍ਰਤੀ ਸਨੇਹ ਅਤੇ ਸਤਿਕਾਰ ਜਗਾਵੇ।

ਦਰੋਪਦੀ ਦੇ ਨਾਰੀਤਵ ਦਾ ਅਪਮਾਨ ਹੋਣ ਕਾਰਨ ਹੀ ਭਾਰਤ ਵਿਚ, ਮਹਾਂਭਾਰਤ ਪੂਜਣਯੋਗ ਗ੍ਰੰਥ ਨਹੀਂ ਬਣਿਆ। ਜਿੱਥੇ ਨਾਰੀ ਦਾ ਅਪਮਾਨ ਹੁੰਦਾ ਹੈ, ਉੱਥੇ ਜੀਵਨ ਦੀਆਂ ਤਸੱਲੀਆਂ ਅਤੇ ਖੁਸ਼ੀਆਂ ਨਹੀਂ ਹੁੰਦੀਆਂ। ਜਿੱਥੇ ਪੁਰਸ਼ ਦਾ ਸਤਿਕਾਰ ਨਹੀਂ ਹੁੰਦਾ, ਉੱਥੇ ਵਸੀਲਿਆਂ ਦੀ ਅਮੀਰੀ ਅਤੇ ਖੁਸ਼ਹਾਲੀ ਨਹੀਂ ਹੁੰਦੀ।

ਜੀਵਨ ਵਿਚੋਂ ਗੁਜ਼ਰਦਿਆਂ, ਭਾਂਤ-ਭਾਂਤ ਦੇ ਅਨੁਭਵ ਹੰਢਾਉਂਦਿਆਂ, ਬੜੀ ਦੇਰ ਮਗਰੋਂ ਪਤਾ ਲੱਗਦਾ ਹੈ ਕਿ ਜ਼ਿੰਦਗੀ ਜਿਊਣੀ ਸੌਖੀ ਨਹੀਂ ਹੈ।

ਜਿਹੜੇ ਸੌਖੀ ਸਮਝ ਕੇ, ਵਰਤੋਂ-ਵਿਹਾਰ ਪ੍ਰਤੀ ਲਾਪ੍ਰਵਾਹੀ ਨਾਲ ਜਿਊਣ ਦਾ ਯਤਨ ਕਰਦੇ ਹਨ, ਉਹ ਆਪਣੀ ਜ਼ਿੰਦਗੀ ਨੂੰ ਹੋਰ ਔਖੀ ਬਣਾ ਲੈਂਦੇ ਹਨ।

ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਜਾਗਣ ਵਾਲੇ ਯਥਾਰਥ ਅਤੇ ਮੁਸ਼ਕਿਲਾਂ ਦਾ ਸਾਹਮਣਾ ਕਰਦੇ ਹਨ, ਬਾਕੀ ਸਭ ਆਲਸੀਆਂ ਵਾਂਗ ਵਿਹਾਰ ਕਰਦੇ ਹਨ।

ਜੇ ਤੁਹਾਡਾ ਵਰਤੋਂ-ਵਿਹਾਰ ਚੰਗਾ ਹੈ ਤਾਂ ਕੋਈ ਤੁਹਾਡੇ ਰਸਤੇ ਦੀ ਰੁਕਾਵਟ ਨਹੀਂ ਬਣੇਗਾ। ਜ਼ਿੰਦਗੀ ਵਿਚ ਤਕੜਿਆਂ ਨਾਲ ਤਕੜੇ ਹੋ ਕੇ ਅਤੇ ਕਮਜ਼ੋਰਾਂ ਨਾਲ ਬਰਾਬਰ ਹੋ ਕੇ ਵਰਤਣ ਨਾਲ, ਰਸਤੇ ਬਣਦੇ ਹਨ ਅਤੇ ਸ਼ਕਤੀ ਵਧਦੀ ਹੈ।

ਭੈੜੇ ਕਾਰਜਾਂ ਨੂੰ ਕਰਨ ਤੋਂ ਨਾਂਹ ਕਹਿਣ ਦੀ ਜਾਚ ਸਿੱਖਣ ਦੀ ਲੋੜ ਹੈ ਪਰ ਇਹ ਨਾਂਹ ਕਹਿਣੀ ਰਾਮ ਵਾਂਗ ਹੈ, ਰਾਵਣ ਵਾਂਗ ਨਹੀਂ।

ਚੰਗਾ ਜੀਵਨ ਗੁਜ਼ਾਰਨ ਵਾਸਤੇ ਕਿਸੇ ਧਰਮ ਦੀ ਲੋੜ ਨਹੀਂ ਪੈਂਦੀ, ਚੰਗਾ ਜੀਵਨ ਆਪਣੇ ਆਪ ਵਿਚ ਧਰਮ ਹੁੰਦਾ ਹੈ।

ਚੰਗੇ ਵਿਹਾਰ ਵਾਲੇ ਵਿਅਕਤੀ ਘੱਟ ਬਿਮਾਰ ਪੈਂਦੇ ਹਨ, ਘੱਟ ਛੁੱਟੀਆਂ ਲੈਂਦੇ ਹਨ, ਤਣਾਓ ਵਿਚ ਘੱਟ ਰਹਿੰਦੇ ਹਨ ਕਿਉਂਕਿ ਉਨ੍ਹਾਂ ਨੂੰ ਆਪਣੇ ਜੀਵਨ ਦੇ ਅਰਥਪੂਰਨ ਅਤੇ ਮੁੱਲਵਾਨ ਹੋਣ ਦਾ ਵਿਸ਼ਵਾਸ ਹੁੰਦਾ ਹੈ।

ਉਹ ਕਿਸੇ ਲਈ ਸਮੱਸਿਆ ਨਹੀਂ ਬਣਦੇ, ਉਹ ਸਮੱਸਿਆਵਾਂ ਸੁਲਝਾਉਂਦੇ ਹਨ। ਉਹ ਅੱਗ ਲਾਉਣ ਵਾਲੇ ਨਹੀਂ ਹੁੰਦੇ, ਉਹ ਅੱਗ ਬੁਝਾਉਣ ਵਾਲੇ ਬਣਦੇ ਹਨ।

+ + +



ਬੁਨਿਆਦਾਂ

- ਸੁੰਦਰਤਾ ਦੀ ਖਿਚ ਪੈਣੀ, ਇਸ ਗੱਲ ਦਾ ਸਬੂਤ ਹੈ ਕਿ ਤੁਸੀਂ ਤੰਦਰੁਸਤ ਹੋ।
- ਔਖੇ ਸਬਕ ਅਤੇ ਔਖੇ ਹੋ ਕੇ ਸਿਖੇ ਸਬਕ, ਔਖੇ ਸਮਿਆਂ ਵਿਚ ਕੰਮ ਆਉਂਦੇ ਹਨ।
- ਦਰੋਪਦੀ ਦੇ ਅਪਮਾਨ ਕਾਰਨ, ਮਹਾਂਭਾਰਤ ਪੂਜਣਯੋਗ ਗ੍ਰੰਥ ਨਹੀਂ ਬਣਿਆ।
- ਕਾਮ ਨੂੰ ਕੁੱਚਲਣ ਵਾਲਾ ਸੰਤ ਜਾਂ ਸਨਿਆਸੀ ਤਾਂ ਹੋ ਸਕਦਾ ਹੈ, ਕਲਾਕਾਰ ਨਹੀਂ।
- ਹਾਰਿਆਂ ਦੀ ਕਿਸਮਤ ਹੁੰਦੀ ਹੈ, ਜੇਤੂਆਂ ਦੀ ਜਿੱਤ ਹੁੰਦੀ ਹੈ।
- ਸਮਾਗਮ ਕੋਈ ਹੋਵੇ, ਉਥੇ ਰੌਣਕ ਇਸਤਰੀਆਂ ਨਾਲ ਹੀ ਲਗਦੀ ਹੈ।
- ਝੂਠ ਬੋਲਣ ਤੋਂ ਬਿਨਾਂ 'ਸੱਚਾ' ਪਿਆਰ ਨਹੀਂ ਕੀਤਾ ਜਾ ਸਕਦਾ।
- ਬਾਲਮੀਕ ਦੀ ਰਾਮਾਇਣ ਬ੍ਰਾਹਮਣਾਂ ਨੇ ਵੀ ਪੂਜੀ ਪਰ ਬਾਲਮੀਕ ਸ਼ੂਦਰ ਹੀ ਰਿਹਾ।
- ਸ਼ੀਸ਼ੇ ਰਾਹੀਂ ਅਸੀਂ ਲਭਦੇ ਆਪਨੇ ਦੋਸ਼ ਹਾਂ, ਵਿਖਾਉਂਦੇ ਆਪਨੇ ਗੁਣ ਹਾਂ।
- ਜੇ ਮੋਢੇ ਮਜ਼ਬੂਤ ਹੋਣ ਤਾਂ ਜ਼ਿਮੇਵਾਰੀ ਵੀ ਮਨੋਰੰਜਨ ਬਣ ਜਾਂਦੀ ਹੈ।
- ਪੁਰਸ਼ ਵਿਚ ਪਿਤਾ ਵਾਲੇ ਗੁਣ, ਧੀ ਉਪਜਾਉਂਦੀ ਹੈ।
- ਭੈੜੀ ਆਦਤ, ਭੈੜੀ ਆਦਤ ਨੂੰ ਛੱਡਣ ਦੀ ਹਿਮਤ ਖੋਹ ਲੈਂਦੀ ਹੈ।
- ਲਾਲਚ ਕਦੇ ਬੁੱਢਾ ਨਹੀਂ ਹੁੰਦਾ, ਲਾਲਚ ਕਦੇ ਹਾਰ ਨਹੀਂ ਮੰਨਦਾ।
- ਬਦਲ ਤਾਂ ਅਸੀਂ ਆਪ ਜਾਂਦੇ ਹਾਂ ਪਰ ਕਹਿਦੇ ਹਾਂ ਜ਼ਮਾਨਾ ਹੀ ਬਦਲ ਗਿਆ ਹੈ।
- ਟਿਊਸ਼ਨਾਂ ਪੜ੍ਹਾਉਣ ਵਾਲੇ, ਸਤਿਕਾਰਯੋਗ ਅਧਿਆਪਕ ਨਹੀਂ ਬਣਦੇ।
- ਘਰ, ਭੋਜਨ ਅਤੇ ਆਰਾਮ ਲਈ ਹੁੰਦਾ ਹੈ, ਵਿਰੋਧ ਅਤੇ ਸੰਗ੍ਰਾਮ ਲਈ ਨਹੀਂ।
- ਹਮਦਰਦੀ ਦੀ ਉਮਰ ਲੰਮੀ ਨਹੀਂ ਹੁੰਦੀ ਅਤੇ ਇਹ ਬਾਰ-ਬਾਰ ਨਹੀਂ ਮਿਲਦੀ।
- ਜਿਤਨਾ ਸੰਸਾਰ ਅਸੀਂ ਵੇਖਦੇ ਹਾਂ, ਉਤਨਾ ਹੀ ਅਸੀਂ ਆਪ ਫੈਲਦੇ ਹਾਂ।
- ਆਪਨੇ ਸੈਂਟ ਨਾਲ ਇਸਤਰੀ, ਪੁਰਸ਼ ਦੀ ਚਾਲ ਅਤੇ ਵਿਹਾਰ ਬਦਲ ਦਿੰਦੀ ਹੈ।
- ਸਾਡੇ ਦੇਸ਼ ਵਿਚ ਕਨੂੰਨ ਦੀ ਹਕੂਮਤ ਨਹੀਂ ਰਹੀ, ਜਾਤ-ਪਾਤ ਦਾ ਰਾਜ ਰਿਹਾ ਹੈ।
- ਅਫ਼ਸਰ, ਚਿੰਤਕ, ਸੰਤ ਅਤੇ ਜੱਜ ਦੀ ਚੁੱਪ, ਉਨ੍ਹਾਂ ਦੇ ਪ੍ਰਭਾਵ ਨੂੰ ਵਧਾਉਂਦੀ ਹੈ।
- ਸਫਲ ਵਿਆਹ ਉਹ ਹੁੰਦਾ ਹੈ, ਜਿਥੇ ਪਤੀ-ਪਤਨੀ ਦੋਵੇਂ ਇਕ ਹੀ ਸਿਰਹਾਣਾ ਵਰਤਣ।
- ਸਹਿਯੋਗ ਅਤੇ ਮੁਕਾਬਲਾ ਜ਼ਿੰਦਗੀ ਦੇ ਦੋ ਬੁਨਿਆਦੀ ਆਧਾਰ ਹਨ।

Forever Learning

ISBN 978-93-5068-904-2

9 789350 689042

www.unistarbooks.com ₹ 150/-